# ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਕਿਰਤ ਦਾ ਸੰਕਲਪ

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ
ਦੀ ਫ਼ੈਕਲਟੀ ਆਫ਼ ਲੈਂਗੁਏਜਿਜ਼ ਵਿੱਚ
ਪੀ. ਐਚ. ਡੀ. ਦੀ ਡਿਗਰੀ ਲਈ
ਪ੍ਰਸਤੁਤ ਕੀਤਾ ਗਿਆ

## ਸ਼ੋਧ ਪ੍ਰਬੰਧ

1980

ਨਿਰਦੇਸ਼ਕ :
**ਡਾ: ਕੇ. ਸੀ. ਗੁਪਤਾ**
ਐਮ.ਏ.ਪੀ.ਐਚ.ਡੀ.
ਵਾਇਸ ਪ੍ਰਿੰਸੀਪਲ,
ਆਰੀਆ ਕਾਲਜ,
ਲੁਧਿਆਣਾ ।

ਪ੍ਰਸਤੁਤ ਕਰਤਾ :
**ਦੇਵਿੰਦਰ ਬੀਰ ਸਿੰਘ**
ਪੰਜਾਬੀ ਵਿਭਾਗ,
ਗੌਰਮਿੰਟ ਰਾਜਿੰਦਰਾ ਕਾਲਜ,
ਬਠਿੰਡਾ ।

# ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਕਿਰਤ ਦਾ ਸੰਕਲਪ

## ਵਿਸ਼ੇ - ਸੂਚੀ


ਪਰਵੇਸ਼ਿਕਾ ੳ - ੲ

ਅਧਿਆਇ ਪਹਿਲਾ

ਮੁੱਢਲੀ ਜਾਣਕਾਰੀ 1 - 28

(ੳ) ਕਿਰਤ ਦੇ ਅਰਥ ਅਤੇ ਭਾਵ 2

(ਅ) ਕਿਰਤ ਦੀ ਪਰਿਭਾਸ਼ਾ 10

(ੲ) ਕਿਰਤ ਦੀ ਰੂਪ-ਭਿੰਨਤਾ 13

(ਸ) ਕਿਰਤ ਦੀ ਆਵੱਸ਼ਕਤਾ 17

(ਹ) ਕਿਰਤ ਦਾ ਮਹੱਤਵ 23

ਅਧਿਆਇ ਦੂਜਾ

ਕਿਰਤ ਦੇ ਪ੍ਰੇਰਣਾ-ਸ੍ਰੋਤ 29 - 42

(ੳ) ਦੈਵੀ ਵਿਧਾਨਤਾ ਉਤੇ ਵਿਸ਼ਵਾਸ 30

(ਅ) ਪਰਉਪਕਾਰੀ ਜੀਵਨ ਆਦਰਸ਼ 32

(ੲ) ਸੰਤੁਲਿਤ ਸੁਭਾਅ 35

(ਸ) ਸੰਪੂਰਣ ਵਿਅਕਤਿਤਵ 40

ਅਧਿਆਇ ਤੀਜਾ

ਕਿਰਤ ਦੇ ਖੇਤਰ 43 - 89

(ੳ) ਬਹੁ-ਪਸਾਰੀ ਖੇਤਰ 44

(ਅ) ਕਿਰਤ-ਖੇਤਰਾਂ ਦੇ ਅਧਿਕਾਰੀ 83

ਅਧਿਆਇ ਚੌਥਾ

ਗੁਰੂ ਨਾਨਕ ਦੇਵ ਜੀ ਦੀ ਸਮੁੱਚੀ ਬਾਣੀ ਵਿੱਚ ਕਿਰਤ-ਸੰਕਲਪ ਦਾ ਅਧਿਐਨ 90 - 206

(ੳ) ਲੰਮੀ ਆਕਾਰ ਵਾਲੀਆਂ ਬਾਣੀਆਂ 91

(ਅ) ਤਿੰਨ ਵਾਰਾਂ ਵਿੱਚ ਕਿਰਤ-ਸੰਕਲਪ 162

(ੲ) ਛੋਟੇ ਆਕਾਰ ਵਾਲੇ ਸ਼ਬਦਾਂ ਵਿੱਚ ਕਿਰਤ-ਸੰਕਲਪ 191

# ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਕਿਰਤ ਦਾ ਸੰਕਲਪ

## ਅਧਿਆਇ ਪੰਜਵਾਂ


| | |
|---|---|
| ਗੁਰੂ ਨਾਨਕ ਦੇਵ ਜੀ ਦੇ ਕਿਰਤ-ਸੰਕਲਪ ਦੀ ਵਿਲੱਖਣਤਾ (ਤੁਲਨਾਤਮਕ ਦ੍ਰਿਸ਼ਟੀਕੋਣ) | 209 - 252 |
| ਸਾਰੰਸ਼ | 253 |
| ਸਹਾਇਕ ਪੁਸਤਕਾਂ ਦੀ ਸੂਚੀ | 255 - 260 |
| - ਪੰਜਾਬੀ ਸਹਾਇਕ ਪੁਸਤਕਾਂ | 255 |
| - ਅੰਗਰੇਜ਼ੀ ਸਹਾਇਕ ਪੁਸਤਕਾਂ | 259 |
| - ਹਿੰਦੀ ਸਹਾਇਕ ਪੁਸਤਕਾਂ | 260 |

## ਪਰਵੇਸ਼ਿਕਾ

ਹਰੇਕ ਯੁੱਗ ਵਿੱਚ ਕੋਈ ਅਜਿਹਾ ਯੁੱਗ-ਪੁਰਸ਼ ਅਵਤਾਰ ਧਾਰਦਾ ਹੈ, ਜਿਹੜਾ ਉਸ ਯੁੱਗ ਦੀਆਂ ਵਿਸ਼ੇਸ਼ ਆਵੱਸ਼ਕਤਾਵਾਂ ਨੂੰ ਮੁੱਖ ਰੱਖਦਿਆਂ, ਸਭ ਲੋਕਾਂ ਦੀ ਉਚਿਤ ਅਗਵਾਈ ਕਰ ਕੇ ਵਿਖਾਉਂਦਾ ਹੈ। ਉਹ ਆਪਣੇ ਕ੍ਰਿਆਤਮਕ ਜੀਵਨ ਅਤੇ ਸਿਧਾਂਤਕ ਵਿਚਾਰਾਂ ਰਾਹੀਂ ਉਸ ਯੁੱਗ ਦੀਆਂ ਅਯੋਗਤਾਈਆਂ ਨੂੰ ਦੂਰ ਕਰਨ ਲਈ ਮਾਨਵਤਾ ਨੂੰ ਠੀਕ ਸੇਧ ਪ੍ਰਦਾਨ ਕਰਦਾ ਹੈ, ਪਰ ਵਾਸਤਵ ਵਿੱਚ, ਉਸ ਦੀ ਪ੍ਰਦਾਨ ਕੀਤੀ ਹੋਈ ਸੇਧ ਕੇਵਲ ਉਸ ਯੁੱਗ ਦੀ ਮਾਨਵਤਾ ਲਈ ਹੀ ਨਹੀਂ; ਸਗੋਂ ਆਣ ਵਾਲੇ ਸਭ ਯੁੱਗਾਂ ਦੀ ਮਾਨਵਤਾ ਲਈ ਇਕੋ ਜਿਹੀ ਕਲਿਆਣਕਾਰੀ ਹੁੰਦੀ ਹੈ।

ਗੁਰੂ ਨਾਨਕ ਦੇਵ ਜੀ ਇਕ ਇਹੋ ਜਿਹੇ ਯੁੱਗ-ਪੁਰਸ਼ ਸਨ, ਜਿਨ੍ਹਾਂ ਨੇ, ਆਪਣੇ ਯੁੱਗ ਦੀਆਂ ਆਵੱਸ਼ਕਤਾਵਾਂ ਨੂੰ ਮੁੱਖ ਰੱਖਦਿਆਂ, ਮਾਨਵ-ਅਗਵਾਈ ਰਾਹੀਂ; ਉਸ ਯੁੱਗ ਦੀ 'ਧਰਤਿ ਲੁਕਾਈ' ਨੂੰ 'ਸੋਧ' ਕੇ ਵਿਖਾਇਆ। ਪਰ, ਇਉਂ ਕਰਦਿਆਂ, ਆਪ ਜੀ ਨੇ ਆਣ ਵਾਲੇ ਸਭ ਯੁੱਗਾਂ ਦੀਆਂ 'ਧਰਤਿ ਲੁਕਾਈਆਂ' ਨੂੰ ਸੋਧਣ ਦਾ ਪਰਉਪਕਾਰ ਕਮਾਇਆ।

ਯੁੱਗ-ਪੁਰਸ਼ ਆਪਣੇ ਯੁੱਗ ਦੇ ਲੋਕਾਂ ਨੂੰ ਜੋ ਜੀਵਨ-ਅਗਵਾਈ ਪ੍ਰਦਾਨ ਕਰਦਾ ਹੈ, ਉਹ ਦੋ ਪੱਖੋਂ ਸਰਬ-ਵਿਆਪਕ ਹੁੰਦੀ ਹੈ - ਇਕ ਸਮੇਂ ਸੰਬੰਧੀ, ਦੂਜੇ ਸਥਾਨ ਸੰਬੰਧੀ। ਉਸ ਦੀ ਸਮੇਂ ਸੰਬੰਧੀ ਸਰਬ-ਵਿਆਪਕਤਾ ਦਾ ਵਰਣਨ ਉਪਰ ਕੀਤਾ ਜਾ ਚੁੱਕਾ ਹੈ। ਉਸ ਦੀ ਸਥਾਨ-ਸੰਬੰਧੀ ਸਰਬ-ਵਿਆਪਕਤਾ ਇਸ ਢੰਗ ਵਿੱਚ ਹੁੰਦੀ ਹੈ ਕਿ ਉਹ ਵਿਸ਼ਵ ਦੇ ਸਭ ਸਥਾਨਾਂ ਉਤੇ ਇਕੋ ਜਿਹੀ ਲਾਗੂ ਹੋ ਕੇ ਵਿਖਾਉਂਦੀ ਹੈ। ਗੁਰੂ ਨਾਨਕ ਦੇਵ ਜੀ ਵਲੋਂ ਕੀਤੀ ਹੋਈ ਲੋਕ-ਅਗਵਾਈ ਇਹਨਾਂ ਦੋਹਾਂ ਪੱਖੋਂ ਸਰਬ-ਵਿਆਪਕ ਹੈ। ਉਹ ਕਿਸੇ ਇਕ ਸਮੇਂ ਜਾਂ ਸਥਾਨ ਲਈ ਨਹੀਂ, ਸਗੋਂ ਸਭ ਸਮਿਆਂ ਅਤੇ ਸਥਾਨਾਂ ਲਈ ਇਕੋ ਜਿਹੀ ਕਲਿਆਣਕਾਰੀ ਹੈ। ਅੱਜ ਦੇ ਸਮੇਂ ਵੀ ਸਮੁੱਚੇ ਸੰਸਾਰ ਦੇ ਹਰ ਕੋਨੇ ਵਿੱਚ ਵਸਦੇ ਲੋਕ ਆਪ ਜੀ ਦੀ ਬਾਣੀ ਵਿਚੋਂ ਆਤਮਕ ਅਤੇ ਮਾਨਸਿਕ ਸ਼ਾਂਤੀ ਪ੍ਰਦਾਨ ਕਰਨ ਵਾਲੀ ਅਗਵਾਈ ਪ੍ਰਾਪਤ ਕਰ ਸਕਦੇ ਹਨ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਯੁੱਗ ਅਤੇ ਆਣ ਵਾਲੇ ਸਭ ਯੁੱਗਾਂ ਦੀ ਮਾਨਵਤਾ ਨੂੰ ਇਹ ਜੀਵਨ-ਅਗਵਾਈ ਪ੍ਰਦਾਨ ਕੀਤੀ ਹੈ ਕਿ ਮਨੁੱਖ ਨਾਮ-ਸਿਮਰਨ ਅਤੇ ਕਿਰਤ ਕਰਨ

# ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਕਿਰਤ ਦਾ ਸੰਕਲਪ



ਰਾਹੀਂ ਆਪਣਾ ਲੋਕ ਅਤੇ ਪਰਲੋਕ ਦੋਵੇਂ ਸੰਵਾਰ ਸਕਦਾ ਹੈ। ਆਪ ਇਨ੍ਹਾਂ ਦੋਹਾਂ ਕਾਰਜਾਂ ਨੂੰ ਪ੍ਰਸਪਰ ਵਿਰੋਧੀ ਨਹੀਂ; ਸਗੋਂ ਇਕ ਦੂਜੇ ਦੇ ਪੂਰਕ ਸਮਝਦੇ ਹਨ ਅਤੇ ਇਨ੍ਹਾਂ ਦੋਹਾਂ ਨੂੰ ਵਿਅਕਤੀ-ਉੱਨਤੀ ਦੇ ਰਾਹ ਦੇ ਪੰਧ-ਪਰਦਰਸ਼ਕ ਬਣਾ ਦਿੰਦੇ ਹਨ।

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਕਾਰਜਸ਼ੀਲਤਾ ਅਤੇ ਗਤੀਸ਼ੀਲਤਾ ਦੇ ਗੁਣ ਆਪ ਜੀ ਦੀ ਬਾਣੀ ਵਿਚਲੇ ਕਿਰਤ-ਸੰਕਲਪ ਤੋਂ ਹੀ ਉਪਜੇ ਹਨ। ਇਸ ਲਈ, ਇਸ ਸ਼ੋਧ-ਪ੍ਰਬੰਧ ਦੇ ਵਿਸ਼ੇ, ਅਰਥਾਤ,"ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਕਿਰਤ ਦਾ ਸੰਕਲਪ" ਨੂੰ ਗੁਰੂ ਜੀ ਦੀ ਬਾਣੀ ਦਾ ਉੱਤਮ ਗੁਣ ਸਮਝ ਕੇ ਅਧਿਐਨ-ਸੇਧ ਬਣਾਇਆ ਗਿਆ ਹੈ।

ਗੁਰੂ ਨਾਨਕ ਦੇਵ ਜੀ ਨੇ, ਸਰਬ ਮਨੁੱਖਤਾ ਦੀ ਅਗਵਾਈ ਕਰਦਿਆਂ, ਕਿਰਤ ਦੇ ਸਿਧਾਂਤਕ ਪੱਖ ਨਾਲੋਂ ਇਸ ਦੇ ਕ੍ਰਿਆਤਮਕ ਅਤੇ ਵਿਹਾਰਕ ਪੱਖ ਉੱਤੇ ਵਧੇਰੇ ਬਲ ਦਿੱਤਾ ਹੈ। ਇਸ ਗੱਲ ਨੂੰ ਮੁੱਖ ਰੱਖਦਿਆਂ ਇਸ ਸ਼ੋਧ-ਪ੍ਰਬੰਧ ਵਿੱਚ ਗੁਰੂ ਜੀ ਦੀ ਬਾਣੀ ਵਿਚਲੇ ਕਿਰਤ-ਸੰਕਲਪ ਦੇ ਸਿਧਾਂਤਕ ਪੱਖ ਨਾਲੋਂ ਇਸ ਦੇ ਕ੍ਰਿਆਤਮਕ ਅਤੇ ਵਿਹਾਰਕ ਪੱਖ ਦੀ ਵਿਆਖਿਆ ਕਰਨ ਦਾ ਵਧੇਰੇ ਜਤਨ ਕੀਤਾ ਗਿਆ ਹੈ।

ਇਸ ਸ਼ੋਧ-ਪ੍ਰਬੰਧ ਵਿੱਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚਲੇ ਕਿਰਤ-ਸੰਕਲਪ ਦਾ ਕਈ ਪੱਖੀ ਅਧਿਐਨ ਕਰਨ ਦਾ ਜਤਨ ਕੀਤਾ ਗਿਆ ਹੈ। ਇਸ ਦੇ ਪਹਿਲੇ ਅਧਿਆਇ ਵਿੱਚ, ਇਸ ਸੰਕਲਪ ਸੰਬੰਧੀ ਮੁੱਢਲੀ ਜਾਣਕਾਰੀ ਦਿੱਤੀ ਗਈ ਹੈ, ਜਿਹੜੀ, ਵਧੇਰੇ ਕਰਕੇ, ਪੁਰਾਤਨ ਮਹਾਨਕੋਸ਼ਾਂ ਅਤੇ ਹਵਾਲਾ-ਪੁਸਤਕਾਂ ਦੇ ਅਧਿਐਨ ਉੱਤੇ ਆਧਾਰਿਤ ਹੈ। ਇਸੇ ਅਧਿਆਇ ਵਿੱਚ ਕਿਰਤ ਦੇ ਭਿੰਨ ਭਿੰਨ ਰੂਪਾਂ ਦੀ ਵਿਆਖਿਆ ਕੀਤੀ ਗਈ ਹੈ ਅਤੇ ਇਹ ਸਿੱਧ ਕਰਨ ਦਾ ਜਤਨ ਕੀਤਾ ਗਿਆ ਹੈ ਕਿ ਗੁਰੂ ਨਾਨਕ ਦੇਵ ਜੀ ਹੱਥ ਨਾਲ ਕੀਤੀ ਹੋਈ ਕਿਰਤ, ਅਰਥਾਤ ਸਰੀਰਕ ਕਿਰਤ, ਨੂੰ ਸਭ ਤੋਂ ਵੱਧ ਮਹਾਨਤਾ ਪ੍ਰਦਾਨ ਕਰਦੇ ਹਨ।

ਦੂਜੇ ਅਧਿਆਇ ਵਿੱਚ, ਗੁਰੂ ਜੀ ਦੀ ਬਾਣੀ ਦੇ ਆਧਾਰ ਉੱਤੇ, ਕਿਰਤ ਦੇ ਉਨ੍ਹਾਂ ਪ੍ਰੇਰਣਾ-ਸੋਮਿਆਂ ਦਾ ਵਰਣਨ ਕੀਤਾ ਗਿਆ ਹੈ, ਜਿਹੜੇ ਕਿਰਤ ਕਰਨ ਲਈ ਵੱਧ ਤੋਂ ਵੱਧ ਉਤਸ਼ਾਹ ਅਤੇ ਪ੍ਰੇਰਣਾ ਪ੍ਰਦਾਨ ਕਰਦੇ ਹਨ।

ਤੀਜੇ ਅਧਿਆਇ ਵਿੱਚ, ਕਿਰਤ ਦੇ ਵੱਖ ਵੱਖ ਖੇਤਰਾਂ, ਅਰਥਾਤ ਨੈਤਿਕ, ਪਰਵਾਰਕ ਅਤੇ ਸਮਾਜਕ ਆਦਿ, ਖੇਤਰਾਂ, ਵਿੱਚ ਗੁਰੂ ਨਾਨਕ ਦੇਵ ਜੀ ਦੇ ਕਿਰਤ-ਸੰਕਲਪ ਨੂੰ ਵਿਚਾਰਿਆ ਗਿਆ ਹੈ।

ਚੌਥਾ ਅਧਿਆਇ ਇਸ ਸ਼ੋਧ-ਪ੍ਰਬੰਧ ਦਾ ਕੇਂਦਰੀ ਅਧਿਆਇ ਹੈ। ਇਸ ਵਿੱਚ ਗੁਰੂ ਜੀ ਦੀ ਸਮੁੱਚੀ ਬਾਣੀ ਵਿੱਚ ਕਿਰਤ-ਸੰਕਲਪ ਦਾ ਸਵਿਸਥਾਰ ਅਧਿਐਨ ਕੀਤਾ ਗਿਆ ਹੈ। ਇਸ ਮੰਤਵ ਲਈ ਇਸ ਨੂੰ ਤਿੰਨ ਭਾਗਾਂ, ਅਰਥਾਤ ਵੱਡੇ ਆਕਾਰ ਵਾਲੀਆਂ ਬਾਣੀਆਂ, ਵਾਰਾਂ ਅਤੇ ਛੋਟੇ ਆਕਾਰ ਵਾਲੇ ਸ਼ਬਦਾਂ ਵਿੱਚ ਵੰਡਿਆ ਗਿਆ ਹੈ।

ਪੰਜਵੇਂ ਅਧਿਆਇ ਵਿੱਚ, ਗੁਰੂ ਨਾਨਕ ਦੇਵ ਜੀ ਦੇ ਕਿਰਤ-ਸੰਕਲਪ ਨੂੰ ਹੋਰ ਧਰਮਾਂ ਦੇ ਕਿਰਤ-ਸੰਕਲਪਾਂ ਨਾਲ ਤੁਲਨਾਇਆ ਗਿਆ ਹੈ ਅਤੇ ਇਸ ਦੀ ਵਿਸ਼ੇਸ਼-ਵਿਲੱਖਣਤਾ ਪਰਗਟਾਣ ਦਾ ਜਤਨ ਕੀਤਾ ਗਿਆ ਹੈ। ਇਸ ਅਧਿਆਇ ਵਿੱਚ ਵੱਖ ਵੱਖ ਧਰਮਾਂ ਦੇ ਸਿਧਾਂਤਕ ਪੱਖਾਂ ਦਾ ਅਧਿਐਨ ਕਰਨ ਦੇ ਨਾਲ ਉਨ੍ਹਾਂ ਵਿਚਲੇ ਕਿਰਤ-ਸੰਕਲਪ ਦੇ ਵਿਹਾਰਕ ਪੱਖ ਨੂੰ ਵੀ ਦ੍ਰਿਸ਼ਟੀਗੋਚਰ ਰੱਖਿਆ ਗਿਆ ਹੈ।

ਭਾਵੇਂ, ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਪਰਗਟਾਇਆ ਹੋਇਆ ਕਿਰਤ-ਸੰਕਲਪ ਬੜਾ ਮਹੱਤਵਪੂਰਣ ਸੰਕਲਪ ਹੈ, ਪਰ ਅਜੇ ਤੱਕ ਇਸ ਵਿਸ਼ੇ ਉਤੇ ਕਿਸੇ ਵਿਦਵਾਨ ਵੱਲੋਂ, ਪੰਜਾਬੀ ਜਾਂ ਅੰਗਰੇਜ਼ੀ ਵਿੱਚ, ਕੋਈ ਪੁਸਤਕ ਨਹੀਂ ਲਿਖੀ ਗਈ। ਇਸ ਸੰਬੰਧੀ, ਕਈ ਵਿਦਵਾਨਾਂ ਵੱਲੋਂ ਲੇਖ ਪ੍ਰਕਾਸ਼ਿਤ ਹੋਏ ਹਨ, ਜਿਨ੍ਹਾਂ ਵਿੱਚਲੇ ਵਿਚਾਰਾਂ ਤੋਂ ਮੈਨੂੰ ਬੜੀ ਸਹਾਇਤਾ ਪ੍ਰਾਪਤ ਹੋਈ ਹੈ।

ਇਸ ਸ਼ੋਧ-ਪ੍ਰਬੰਧ ਦੀ ਤਿਆਰੀ ਸੰਬੰਧੀ ਕਈ ਵਿਦਵਾਨਾਂ, ਜਿਵੇਂ ਮੇਰੇ ਸਨੇਹਸ਼ੀਲ ਨਿਰਦੇਸ਼ਕ, ਡਾ: ਕੇ.ਸੀ.ਗੁਪਤਾ, ਡਾ: ਸੁਰਿੰਦਰ ਸਿੰਘ ਕੋਹਲੀ, ਡਾ: ਵਿਸ਼ਵਾਨਾਥ ਤਿਵਾੜੀ, ਡਾ: ਦੀਵਾਨ ਸਿੰਘ, ਡਾ: ਕੁਲਦੀਪ ਕੌਰ, ਡਾ: ਧਰਮਿੰਦਰ ਸਿੰਘ, ਡਾ: ਪ੍ਰੇਮ ਪ੍ਰਕਾਸ਼ ਸਿੰਘ ਅਤੇ ਡਾ: ਕਾਹਨ ਸਿੰਘ ਬੇਦੀ ਦੇ ਅਮੁੱਲੇ ਵਿਚਾਰਾਂ ਨੇ ਮੇਰੀ ਬਹੁਤ ਅਗਵਾਈ ਕੀਤੀ ਹੈ, ਜਿਸ ਕਰਕੇ ਮੈਂ ਇਨ੍ਹਾਂ ਸੁਹਿਰਦ ਵਿਦਵਾਨਾਂ ਦਾ ਅਤੀ ਰਿਣੀ ਹਾਂ।

ਅੰਤ ਵਿੱਚ ਮੈਂ ਆਪਣੇ ਪਰਮ-ਮਾਨਨੀਯ ਨਿਰਦੇਸ਼ਕ, ਡਾ: ਕੇ.ਸੀ.ਗੁਪਤਾ ਜੀ ਦਾ ਇਸ ਲਈ ਹਾਰਦਿਕ ਧੰਨਵਾਦ ਕਰਦਾ ਹਾਂ ਕਿ ਉਨ੍ਹਾਂ ਨੇ ਆਪਣੇ ਮਹੱਤਵਪੂਰਣ ਰੁਝੇਵਿਆਂ ਵਿਚੋਂ ਸਮਾਂ ਕੱਢ ਕੇ ਮੇਰੀ ਪ੍ਰੇਰਨਾਤਮਿਕ ਅਗਵਾਈ ਕੀਤੀ ਹੈ। ਵਾਸਤਵ ਵਿੱਚ, ਇਸ ਅਗਵਾਈ ਸਦਕੇ ਹੀ ਮੈਂ ਆਪਣੇ ਜਤਨ ਮਾਰਗ ਉਤੇ ਚਲਣ ਦੇ ਯੋਗ ਹੋ ਸਕਿਆ ਹਾਂ।

ਇਹ ਜਤਨ ਗੁਰੂ ਨਾਨਕ ਦੇਵ ਜੀ ਦੇ ਇਸ ਮਹਾਂ-ਵਾਕ ਨੂੰ ਅਰਪਿਤ ਹੈ:-

ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ ਤੇਰੀ ਸਭ ਅਸਨਾਈ॥
ਤੇਰਾ ਅੰਤੁ ਨ ਜਾਣਾ ਮੇਰੇ ਸਾਹਿਬ ਮੈ ਅੰਧੁਲੇ ਕਿਆ ਚਤੁਰਾਈ॥

ਦੇਵਿੰਦਰ ਬੀਰ ਸਿੰਘ

ਅਪਰੈਲ, 1980

ਦੇਵਿੰਦਰ ਬੀਰ ਸਿੰਘ

# ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਕਿਰਤ ਦਾ ਸੰਕਲਪ

## ਅਧਿਆਇ ਪਹਿਲਾ

## ਮੁੱਢਲੀ ਜਾਣਕਾਰੀ

(ੳ) ਕਿਰਤ ਦੇ ਅਰਥ ਅਤੇ ਭਾਵ

(ਪ੍ਰਮਾਣਿਕ ਅਰਥ ਅਤੇ ਸੰਕੇਤ; ਸਮਾਨ ਸ਼ਬਦਾਂ ਨਾਲੋਂ ਅਰਥ-ਭੇਦ; ਅੰਗਰੇਜ਼ੀ ਸਮਾਨਾਰਥਕ ਰੂਪ)

(ਅ) ਕਿਰਤ ਦੀ ਪਰਿਭਾਸ਼ਾ

(ਕਿਰਤ ਸੰਬੰਧੀ ਭਾਵ-ਪੂਰਤ ਕਥਨ; ਸੰਖੇਪ ਪਰਿਭਾਸ਼ਾ)

(ੲ) ਕਿਰਤ ਦੀ ਰੂਪ-ਭਿੰਨਤਾ

(ਸਰੀਰਕ ਅਤੇ ਮਾਨਸਿਕ; ਵਿਅਕਤੀਗਤ ਅਤੇ ਸਮੂਹਕ; ਅਭਿਮਾਨੀ ਅਤੇ ਅਭਿਮਾਨ-ਰਹਿਤ; ਹੁਕਮ ਰਜਾਈ ਅਤੇ ਹੁਕਮ ਵਿਰੋਧੀ)

(ਸ) ਕਿਰਤ ਦੀ ਆਵਸ਼ਕਤਾ

(ਸਵੈ-ਨਿਰਭਰਤਾ; ਸਿਮਰਨ ਯੋਗਤਾ; ਸਮਾਜਕ ਉਪਯੋਗਤਾ)

(ਹ) ਕਿਰਤ ਦਾ ਮਹੱਤਵ

(ਮਹੱਤਵ ਦੀ ਪਛਾਣ; ਸਮੁੱਚਾ ਮਹੱਤਵ)

# ਅਧਿਆਇ ਪਹਿਲਾ

## ਮੁੱਢਲੀ ਜਾਣਕਾਰੀ

ਪੰਜਾਬੀ ਲੋਕ-ਹਿਰਦਿਆਂ ਵਿੱਚ 'ਕਿਰਤ' ਸ਼ਬਦ ਲਈ ਵਿਸ਼ੇਸ਼ ਸਨਮਾਨ ਅਤੇ ਸ਼ਰਧਾ ਭਰਪੂਰ ਹੈ, ਕਿਉਂਜੋ ਗੁਰੂ ਨਾਨਕ ਦੇਵ ਜੀ ਨੇ ਇਸ ਨੂੰ ਗੁਰਮਤਿ ਵਿੱਚ ਰਚੇ ਹੋਏ ਜੀਵਨ ਦਾ ਆਧਾਰ ਬਣਾ ਦਿੱਤਾ ਹੈ। ਆਪ ਜੀ ਨੇ ਆਪਣੇ ਜੀਵਨ-ਅਨੁਭਵਾਂ ਅਤੇ ਗੁਰਬਾਣੀ-ਉਪਦੇਸ਼ਾਂ ਵਿੱਚ ਕਿਰਤ ਨੂੰ ਬੜਾ ਆਦਰਯੋਗ ਸਥਾਨ ਪ੍ਰਦਾਨ ਕੀਤਾ ਹੈ। ਇਸ ਤਰ੍ਹਾਂ ਆਪ ਜੀ ਨੇ ਪੰਜਾਬੀ ਜੀਵਨ ਅਤੇ ਕਿਰਤ ਦਾ ਪ੍ਰਸਪਰ ਅਨਿੱਖੜ ਸੰਬੰਧ ਸਥਾਪਤ ਕਰ ਦਿੱਤਾ ਹੈ।

ਉਪਰੋਕਤ ਸੰਬੰਧ ਦੇ ਸਾਰੇ ਪੱਖਾਂ ਉੱਤੇ ਵਿਚਾਰ ਕਰਨ ਲਈ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਕਿਰਤ ਦੇ ਸੰਕਲਪ ਦਾ ਸਵਿਸਥਾਰ ਅਧਿਐਨ ਕਰਨ ਦੀ ਆਵੱਸ਼ਕਤਾ ਹੈ। ਪਰ, ਉਸ ਤੋਂ ਪਹਿਲਾਂ 'ਕਿਰਤ' ਸ਼ਬਦ ਸੰਬੰਧੀ ਮੁੱਢਲੀ ਜਾਣਕਾਰੀ ਪ੍ਰਾਪਤ ਕਰਨ ਦੀ ਆਵੱਸ਼ਕਤਾ ਵੀ ਪ੍ਰਤੀਤ ਹੁੰਦੀ ਹੈ। ਇਸ ਲਈ ਸਭ ਤੋਂ ਪਹਿਲੇ 'ਕਿਰਤ' ਦੇ ਅਰਥ, ਭਾਵ ਅਤੇ ਪਰਿਭਾਸ਼ਾ ਸੰਬੰਧੀ ਵਿਆਖਿਆ ਕਰਨ ਦਾ ਜਤਨ ਕੀਤਾ ਜਾਂਦਾ ਹੈ।

### (ੳ) ਕਿਰਤ ਦੇ ਅਰਥ ਅਤੇ ਭਾਵ

'ਕਿਰਤ' ਦੇ ਅਰਥ ਅਤੇ ਭਾਵ ਸਮਝਣ ਲਈ ਇਸ ਸੰਬੰਧੀ ਪੁਰਾਤਨ ਹਵਾਲਾ-ਪੁਸਤਕਾਂ ਵਿੱਚ ਦਿੱਤੇ ਹੋਏ ਪ੍ਰਮਾਣਿਕ ਅਰਥ ਅਤੇ ਸੰਕੇਤ ਬੜੇ ਲਾਭਦਾਇਕ ਸਿੱਧ ਹੋ ਸਕਦੇ ਹਨ।

#### ਪ੍ਰਮਾਣਿਕ ਅਰਥ ਅਤੇ ਸੰਕੇਤ

'ਸ੍ਰੀ ਗੁਰੂ ਗ੍ਰੰਥ ਕੋਸ਼' (ਸੰਕਲਿਤ ਡਾ: ਭਾਈ ਵੀਰ ਸਿੰਘ) ਅਨੁਸਾਰ, 'ਕਿਰਤ' ਸ਼ਬਦ ਸੰਸਕ੍ਰਿਤ ਦੇ 'ਕ੍ਰਿਤ' ਸ਼ਬਦ ਦਾ ਪੰਜਾਬੀ ਰੂਪਾਂਤਰ ਹੈ।[1] ਇਸੇ ਕੋਸ਼ ਅਨੁਸਾਰ ਇਸ ਦਾ ਪਰੰਪਰਕ ਅਰਥ ਹੈ, 'ਬੀਤੇ ਹੋਏ ਕਰਮ' ਅਤੇ ਪਰਚੱਲਤ ਅਰਥ ਹੈ, 'ਉਹ ਮਿਹਨਤ ਜਿਸ ਨਾਲ ਰੋਜ਼ੀ ਕਮਾਈ ਜਾਏ।'[2]

'ਗੁਰਸ਼ਬਦ ਰਤਨਾਕਰ-ਮਹਾਨ ਕੋਸ਼' (ਸੰਕਲਿਤ ਭਾਈ ਕਾਨ੍ਹ ਸਿੰਘ ਨਾਭਾ) ਅਨੁਸਾਰ, 'ਕਿਰਤ' ਦਾ ਸੋਮਾ ਸੰਸਕ੍ਰਿਤ ਦਾ 'ਕ੍ਰਿਤ' ਸ਼ਬਦ ਹੈ ਅਤੇ ਇਹ ਕਈ ਕਾਰਜਾਂ

---

1. 'ਸ੍ਰੀ ਗੁਰੂ ਗ੍ਰੰਥ ਕੋਸ਼', ਪੰਨਾ 33(ਅੰਮ੍ਰਿਤਸਰ, ਖਾਲਸਾ ਟ੍ਰੈਕਟ ਸੁਸਾਇਟੀ, 1927.
2. -ਉਹੀ- ,ਪੰਨਾ-ਉਹੀ-

ਨਾਲ ਸੰਬੰਧਤ ਹੈ ਜਿਵੇਂ 'ਕੰਮ', 'ਕਰਨੀ', 'ਕੀਤਾ ਹੋਇਆ ਕਰਮ' ਆਦਿ।[3] ਇਸੇ ਮਹਾਨ ਕੋਸ਼ ਅਨੁਸਾਰ 'ਕਿਰਤ' ਨੂੰ 'ਕਿਰਤਿ' ਵੀ ਲਿਖਿਆ ਜਾਂਦਾ ਹੈ ਅਤੇ ਇਨ੍ਹਾਂ ਦੋਹਾਂ ਰੂਪਾਂ ਵਿੱਚ ਇਸ ਦਾ ਪਰਚੱਲਤ ਅਰਥ ਹੈ, 'ਮਿਹਨਤ ਜਾਂ ਘਾਲ'।[4]

ਗੁਰੂ ਨਾਨਕ ਦੇਵ ਜੀ ਨੇ ਸੰਸਾਰ ਦੇ ਕੋਨੇ ਕੋਨੇ ਉਤੇ ਜਾ ਕੇ ਸਭ ਲੋਕਾਂ ਨੂੰ ਜੀਵਨ-ਸੇਧ ਦਿੰਦਿਆਂ 'ਸਿਮਰਨ' ਅਤੇ 'ਕਿਰਤ' ਦਾ ਜੋ ਗਾਡੀ-ਰਾਹ ਵਿਖਾਇਆ, ਉਸ ਵਿੱਚ 'ਕਿਰਤ' ਦੇ ਇਸੇ ਪਰਚੱਲਤ ਅਰਥ 'ਮਿਹਨਤ' ਜਾਂ 'ਘਾਲ' ਨੂੰ ਹੀ ਸਨਮੁੱਖ ਰੱਖਿਆ। ਗੁਰੂ ਜੀ ਨੇ ਆਪਣੀ ਸਮੁੱਚੀ ਬਾਣੀ ਵਿੱਚ ਸਫਲ ਮਨੁੱਖੀ ਜੀਵਨ ਬਿਤਾਣ ਲਈ ਕਿਰਤ ਦੀ ਆਵੱਸ਼ਕਤਾ ਉਤੇ ਬਲ ਦਿੰਦਿਆਂ ਇਸ ਸ਼ਬਦ ਦੇ ਉਪਰੋਕਤ ਅਰਥ ਨੂੰ ਹੀ ਉਜਾਗਰ ਕੀਤਾ ਹੈ। ਇਸ ਤੋਂ ਉਪਰੰਤ ਗੁਰੂ ਨਾਨਕ ਦੇਵ ਜੀ ਦਾ ਜੀਵਨ ਬ੍ਰਿਤਾਂਤ ਦਰਸਾਣ ਵਾਲੀਆਂ ਸਭ ਪੁਰਾਤਨ ਜਨਮ-ਸਾਖੀਆਂ ਗੁਰੂ ਜੀ ਦੇ ਉਪਦੇਸ਼ ਹਵਾਲਿਆਂ ਰਾਹੀਂ 'ਕਿਰਤ' ਸ਼ਬਦ ਦੇ ਪਰਚੱਲਤ ਅਰਥ ਨੂੰ ਹੀ ਪਰਗਟਾਉਂਦੀਆਂ ਹਨ। ਇਹ ਜਨਮ ਸਾਖੀਆਂ ਇਸ ਗੱਲ ਦੀ ਪੁਸ਼ਟੀ ਕਰਦੀਆਂ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਕਿਰਤ-ਹੀਣ ਮਨੁੱਖਾਂ ਨੂੰ ਕਿਰਤ ਦੀ ਪ੍ਰੇਰਨਾ ਦਿੰਦਿਆਂ ਅਜਿਹੀ ਮਿਹਨਤ ਕਰਨੀ ਸਿਖਾਈ, ਜਿਸ ਤੋਂ ਭਲੀ ਭਾਂਤ ਰੋਜ਼ੀ ਕਮਾਈ ਜਾ ਸਕੇ।

ਜਨਮ ਸਾਖੀਆਂ ਦੇ ਅਧਿਐਨ ਤੋਂ ਇਹ ਵੀ ਪਤਾ ਲਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਵਿਸ਼ੇਸ਼ ਕਰਕੇ ਉਨ੍ਹਾਂ ਕੁਕਰਮੀ ਲੋਕਾਂ ਨੂੰ ਕਿਰਤ ਕਰਨ ਦਾ ਉਪਦੇਸ਼ ਦਿੰਦੇ ਸਨ ਜਿਹੜੇ ਨੇਕ ਸਾਧਨਾਂ ਰਾਹੀਂ ਕਮਾਈ ਕਰਨ ਦੇ ਥਾਂ, ਛਲ, ਕਪਟ, ਫਰੇਬ, ਚੋਰੀ, ਠੱਗੀ ਅਤੇ ਡਾਕੇ ਦੀ ਕਮਾਈ ਕਰਦੇ ਸਨ, ਜਿਵੇਂ ਸੱਜਣ ਠੱਗ, ਕੌਡਾ ਰਾਕਸ਼, ਭੂਮੀਆ ਡਾਕੂ ਅਤੇ ਇਹੋ ਜਿਹੇ ਕਈ ਹੋਰ ਰਾਹਮਾਰ ਲੁਟੇਰੇ। ਇਸ ਤੋਂ ਸਿੱਧ ਹੁੰਦਾ ਹੈ ਕਿ ਠੱਗਾਂ, ਡਾਕੂਆਂ ਅਤੇ ਲੁਟੇਰਿਆਂ ਨੂੰ ਭਲੇ ਪੁਰਸ਼ ਬਣਾਨ ਲਈ ਆਪ ਜੀ ਨੇ ਕਿਰਤ ਨੂੰ 'ਸ਼ੁਭ-ਕਿਰਤ' ਦੇ ਰੂਪ ਵਿਚ ਵਰਤਣ ਦਾ ਆਦੇਸ਼ ਦਿੱਤਾ। ਆਪ ਜੀ ਨੇ ਹਰੇਕ ਮਨੁੱਖ ਨੂੰ ਨਿਰੋਲ ਸੱਚੀ ਅਤੇ ਸੁੱਚੀ ਕਿਰਤ ਕਮਾਣ ਦੀ ਪ੍ਰੇਰਨਾ ਪ੍ਰਦਾਨ ਕੀਤੀ ਅਤੇ ਆਪਣੀ 'ਕਿਰਤ-ਸ਼ਕਤੀ' ਨੂੰ ਮੰਦੇ ਪਾਸੇ ਲਗਾਣ ਤੋਂ ਵਰਜਿਆ। ਪੁਰਾਤਨ ਜਨਮ ਸਾਖੀ (ਸੰਪਾਦਿਤ ਡਾ: ਭਾਈ ਵੀਰ ਸਿੰਘ) ਵਿੱਚ ਲਿਖਿਆ ਮਿਲਦਾ ਹੈ ਕਿ ਇਸ ਕਿਰਤ-ਸ਼ਕਤੀ ਨੂੰ ਮੰਦੇ ਪਾਸੇ ਲਗਾਣ ਵਾਲੇ ਠੱਗਾਂ ਅਤੇ ਲੁਟੇਰਿਆਂ ਨੂੰ ਗੁਰੂ ਜੀ ਨੇ ਇਉਂ ਉਪਦੇਸਿਆ,

---

3. ਗੁਰੂ ਸ਼ਬਦ ਰਤਨਾਕਰ-ਮਹਾਨ ਕੋਸ਼,' ਪੰਨਾ 320(ਪਟਿਆਲਾ, ਭਾਸ਼ਾ ਵਿਭਾਗ, ਪੰਜਾਬ), 1974
4. -ਉਹੀ- , ਪੰਨਾ 330

"ਤੁਮਾਰੇ ਪਾਪ ਤਬ ਹੀ ਖਿਨਾਸੁ ਹੋਵਨਿ, ਜਾ ਇਹੁ ਕਿਰਤਿ ਛੋਡਹੁ ਅਤੇ ਕਿਰਸਾਣੀ ਕਰਹੁ, ਅਤੇ ਜੋ ਕੁਛੁ ਵਸਤ ਰਖਦੇ ਹੋ, ਸੋ ਪਰਮੇਸਰ ਕੇ ਨਾਇ ਦਿਹੁ"।[5]

ਮਿ: ਮੈਕਾਲਫ ਕਈ ਪੁਰਾਤਨ ਜਨਮ ਸਾਖੀਆਂ ਦੇ ਅਧਿਐਨ ਪਿਛੋਂ ਇਸ ਗੱਲ ਤੋਂ ਬੜਾ ਪ੍ਰਭਾਵਿਤ ਹੋਇਆ ਕਿ ਗੁਰੂ ਨਾਨਕ ਦੇਵ ਜੀ ਨੇ ਸੁਚੀ ਕਿਰਤ ਦੀ ਪ੍ਰੇਰਣਾ ਰਾਹੀਂ ਕਈ ਠੱਗਾਂ ਅਤੇ ਡਾਕੂਆਂ ਦਾ ਕਾਇਆ-ਕਲਪ ਕਰ ਕੇ ਰੱਖ ਦਿੱਤਾ। ਉਹ ਗੁਰੂ ਜੀ ਦੀ ਸਭ ਤੋਂ ਵੱਡੀ ਕਰਾਮਾਤ ਇਹ ਮੰਨਦਾ ਹੈ ਕਿ ਉਨ੍ਹਾਂ ਨੇ ਆਪਣੇ ਸੰਪਰਕ ਵਿੱਚ ਆਏ ਸਭ ਰਾਹਮਾਰ ਡਾਕੂਆਂ ਨੂੰ ਲੁੱਟ ਮਾਰ ਦਾ ਸਾਰਾ ਮਾਲ ਗਰੀਬਾਂ ਵਿੱਚ ਵੰਡ ਕੇ ਖੇਤੀ ਦੀ ਕਿਰਤ ਕਰਨ ਉਤੇ ਲਗਾ ਦਿੱਤਾ।[6] ਨਿਰਸੰਦੇਹ, ਜਨਮ ਸਾਖੀਆਂ ਵਿੱਚ ਦਰਸਾਈਆਂ ਹੋਈਆਂ ਗੁਰੂ ਜੀ ਦੀਆਂ ਹੋਰ ਕਰਾਮਾਤਾਂ ਵਿਚੋਂ ਇਹ ਕਰਾਮਾਤ ਮਨੁੱਖੀ ਜੀਵਨ ਵਿੱਚ ਵਧੇਰੇ ਪਰਿਵਰਤਨ ਲਿਆਣ ਦੀ ਸਮਰਥਾ ਰੱਖਦੀ ਹੈ।

ਜਨਮ ਸਾਖੀਆਂ ਤੋਂ ਉਪਰੰਤ ਕਈ ਹੋਰ ਧਾਰਮਕ ਪੋਥੀਆਂ, ਜਿਹੜੀਆਂ ਗੁਰੂ ਨਾਨਕ ਦੇਵ ਜੀ ਦੇ ਜੀਵਨ-ਇਤਿਹਾਸ ਅਤੇ ਗੁਰਬਾਣੀ-ਸੰਦੇਸ਼ ਉਤੇ ਪ੍ਰਕਾਸ਼ ਪਾਉਂਦੀਆਂ ਹਨ, 'ਕਿਰਤ' ਸ਼ਬਦ ਨੂੰ ਇਸ ਦੇ ਉਪਰੋਕਤ ਭਾਵ ਵਿੱਚ ਹੀ ਅਪਣਾਉਂਦੀਆਂ ਹਨ। ਉਦਾਹਰਣ ਵਜੋਂ, ਭਾਈ ਗੁਰਦਾਸ ਜੀ ਰਚਿਤ 'ਵਾਰਾਂ' ਹਰੇਕ ਗੁਰਸਿਖ ਨੂੰ ਕਿਰਤ ਕਰਨ ਸੰਬੰਧੀ ਗੁਰੂ ਨਾਨਕ ਦੇਵ ਜੀ ਦਾ ਇਹ ਉਪਦੇਸ਼ ਦ੍ਰਿੜ ਕਰਵਾਉਂਦੀਆਂ ਹਨ :-

1) ਦਸੀ ਕਾਰ ਕਮਾਵਣੀ, ਪੈਰੀਂ ਪਵਿ ਸਤਿ ਸੰਗ ਮਿਲੇਹੀ।
ਕਿਰਤ ਵਿਰਤ ਕਰਿ ਧਰਮ ਦੀ, ਖੱਟ ਖਵਾਲਣ ਕਾਰ ਕਰੇਹੀ।[7]

2) ਕਿਰਤ ਵਿਰਤ ਕਰ ਧਰਮ ਦੀ, ਹੱਥਹੁੰ ਦੇ ਕੇ ਭਲਾ ਮਨਾਵੈ।
ਪਾਰਸ ਪਰਸ ਅਪਰਸ ਹੋਏ, ਪਰ ਤਨ ਪਰ ਧਨ ਹੱਥ ਨ ਲਾਵੈ।[8]

---

5. "ਪੁਰਾਤਨ ਜਨਮ ਸਾਖੀ", ਪੰਨਾ 72(ਸੰਪਾਦਿਤ ਡਾ: ਭਾਈ ਵੀਰ ਸਿੰਘ) - (ਅੰਮ੍ਰਿਤਸਰ, ਖਾਲਸਾ ਸਮਾਚਾਰ), 1971.

6. The Guru gave them (Thugs and Robbers) spiritual instruction and said that their sins should be wiped out when they had abandoned their evil career, turned to agriculture, and bestowed charity out of the spoils in their possession"– (The Sikh Religion Vol. 1, p. 71) New Delhi, S. Chand & Co.), 1978.
7. 'ਵਾਰਾਂ ਭਾਈ ਗੁਰਦਾਸ', ਪੰਨਾ 4, ਵਾਰ ਪਹਿਲੀ, ਪਉੜੀ 3 (ਅੰਮ੍ਰਿਤਸਰ, ਖਾਲਸਾ ਸਮਾਚਾਰ), 1938.
8. -ਉਹੀ- , ਪੰਨਾ 120, ਵਾਰ ਛੇਵੀਂ, ਪਉੜੀ 12.

3) ਗੁਰਮੁਖ ਕਿਰਤ ਕਮਾਵਣੀ, ਨਮਸਕਾਰ ਡੰਡਉਤ ਸਿਧਾਈ।
ਗੁਰਮੁਖ ਮਾਰਗ ਚਲਣਾ, ਪਰਦਖਣਾ ਪੈਰ ਧਰਤਾਈ।।[9]

ਭਾਈ ਗੁਰਦਾਸ ਜੀ ਦੀਆਂ ਵਾਰਾਂ ਤੋਂ ਉਪਰੰਤ 'ਪ੍ਰੇਮ ਸੁਮਾਰਗ ਗ੍ਰੰਥ' ਦੀ ਪੁਰਾਤਨ ਧਾਰਮਕ ਪੋਥੀ ਮਿਲਦੀ ਹੈ। ਇਸ ਦੇ ਆਰੰਭ ਵਿੱਚ 'ਸ੍ਰੀ ਮੁਖਵਾਕ ਪਾਤਸ਼ਾਹੀ 10' ਲਿਖਿਆ ਹੋਇਆ ਹੈ, ਪਰ ਆਧੁਨਿਕ ਖੋਜ ਲੇਖੀ ਤੋਂ ਇਹ ਪਰਤੱਖ ਰੂਪ ਵਿੱਚ, ਕਿਸੇ ਅਗਿਆਤ ਗੁਰਸਿੱਖ ਲਿਖਾਰੀ ਦੀ ਰਚਨਾ ਪਰਤੀਤ ਹੁੰਦੀ ਹੈ, ਜਿਸ ਨੇ ਅਤਿਅੰਤ ਨਿਰਮਾਣਤਾ ਕਾਰਨ, ਆਪਣਾ ਨਾਂ ਦੱਸਣਾ ਠੀਕ ਨਹੀਂ ਸਮਝਿਆ। ਇਸ ਪੋਥੀ ਵਿੱਚ ਪੂਰਨ ਗੁਰਮਤਿ ਰਹੁ-ਰੀਤ ਦਰਸਾਈ ਹੋਈ ਹੈ ਅਤੇ ਸਭ ਸਿੱਖਾਂ ਨੂੰ ਇਸ ਰਹੁ-ਰੀਤ ਅਨੁਸਾਰ ਜੀਵਨ ਬਿਤਾਣ ਦਾ ਆਦੇਸ਼ ਦਿੱਤਾ ਹੋਇਆ ਹੈ। ਇਸ ਵਿੱਚ, ਕਿਰਤ ਨੂੰ ਜੀਵਨ ਲਈ ਜ਼ਰੂਰੀ ਸਮਝਦਿਆਂ ਹਰੇਕ ਗੁਰਸਿੱਖ ਨੂੰ 'ਧਰਮ ਦੀ ਕਿਰਤ' ਰਾਹੀਂ ਉਪਜੀਵਕਾ ਕਮਾਣ ਲਈ ਕਈ ਸਥਾਨ ਉਪਦੇਸ਼ ਦਿੱਤੇ ਹੋਏ ਹਨ, ਜਿਵੇਂ :-

1) "ਅਬ ਕਿਰਤ ਬੁਹਾਰ ਕੀ ਬਿਧਿ ਲਿਖੀਅਤਿ ਹੈ।
ਜੈਸੀ ਕਿਰਤ ਜੋ ਕਰੈ, ਸੋ ਧਰਮ ਦੀ ਕਰੈ।
ਬਚਨਿ ਪਾਤਸ਼ਾਹਾਂ ਗੁਰੂ ਬਾਬਾ ਹੈ।।'[10]

2) "ਰਾਜਾ ਕਉ ਚਾਹੀਏ ਜੋ ਬਿਨਾਂ ਕਿਰਤ-ਬੁਹਾਰ
ਕੋਈ ਪ੍ਰਾਣੀ ਨਾ ਰਹੇ।
ਅਵਰ ਪ੍ਰਜਾ ਕੀ ਨੇਤਾ ਰਖੈ, ਜਾਉ ਜਾਉ ਕੀ।"[11]

ਇਸ ਮਗਰੋਂ ਭਾਈ ਸੰਤੋਖ ਸਿੰਘ ਕ੍ਰਿਤ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਦੇ ਰੂਪ ਵਿੱਚ ਗੁਰ-ਇਤਿਹਾਸ ਸੰਬੰਧੀ ਪ੍ਰਮਾਣਿਕ ਪੋਥੀ-ਰਚਨਾ ਮਿਲਦੀ ਹੈ। 'ਸ੍ਰੀ ਗੁਰੂ ਨਾਨਕ ਪ੍ਰਕਾਸ਼' ਇਸ ਰਚਨਾ ਦੀ ਪ੍ਰਥਮ ਪੋਥੀ ਹੈ। ਇਸ ਵਿੱਚ ਗੁਰੂ ਨਾਨਕ ਦੇਵ ਜੀ ਦਾ ਜੀਵਨ-ਉਪਦੇਸ਼ ਵਰਣਨ ਕਰਦਿਆਂ ਕਿਰਤ ਕਰਨ ਉਤੇ ਵਿਸ਼ੇਸ਼ ਜ਼ੋਰ ਦਿੱਤਾ ਹੋਇਆ ਹੈ। ਇਸ ਪੋਥੀ ਵਿੱਚ ਲਿਖਿਆ ਹੋਇਆ ਹੈ ਕਿ ਜਦ ਇਕ ਸਿੱਖ ਗੁਰੂ ਨਾਨਕ ਦੇਵ ਜੀ ਤੋਂ ਗ੍ਰਿਹਸਤ ਵਿੱਚ ਮੁਕਤੀ ਪ੍ਰਾਪਤ ਕਰਨ ਦੀ ਜੁਗਤ ਪੁੱਛਣ ਆਇਆ ਤਾਂ ਗੁਰੂ ਜੀ ਨੇ ਉਸ ਨੂੰ ਗ੍ਰਿਹਸਤ ਦੇ ਸਾਰੇ ਕਰਮ ਨਿਭਾਉਂਦਿਆਂ ਮੁਕਤੀ ਪ੍ਰਾਪਤ ਕਰਨ ਦੀ ਇਹ ਜੁਗਤ ਦਰਸਾਈ-

---

9. 'ਵਾਰਾਂ ਭਾਈ ਗੁਰਦਾਸ', ਪੰਨਾ 128, ਵਾਰ ਛੇਵੀਂ; ਪਉੜੀ 18.
10. 'ਪ੍ਰੇਮ ਸੁਮਾਰਗ ਗ੍ਰੰਥ', ਪੰਨਾ 73(ਜਲੰਧਰ/ਨਿਊ ਬੁੱਕ ਕੰਪਨੀ), 1965.
11. -ਉਹੀ- , ਪੰਨਾ 122.

"ਰਚੈ ਨਿਸ਼ਕਪਟ ਧਰਮ ਕ੍ਰਿਤ ਕਰਾਏ।
ਗਰਬ ਰਿਦੇ ਕੋ ਸਭ ਪਰਹਰਾਏ।"[12]

ਭਾਈ ਸੰਤੋਖ ਸਿੰਘ 'ਸ੍ਰੀ ਗੁਰੂ ਨਾਨਕ ਪ੍ਰਕਾਸ਼' ਵਿੱਚ ਇਹ ਵੀ ਲਿਖਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਵਿਖੇ ਖੇਤੀ ਦੀ ਕਿਰਤ ਕਰਨ ਵਾਲੇ ਗੁਰਸਿਖਾਂ ਨੂੰ ਇਹ ਕਹਿ ਕੇ ਨਿਵਾਜਿਆ ਸੀ :-

"ਤੁਮਰੀ ਖਾਨ ਪਣੀ ਸਭ ਬਾਣੀ ।
ਜੋ ਗੁਰ ਕੇ ਹਿਤ ਕ੍ਰਿਤ ਕਮਾਣੀ ।"[13]

## ਸਮਾਨ ਸ਼ਬਦਾਂ ਨਾਲੋਂ ਅਰਥ-ਭੇਦ

ਉਪਰਲੇ ਸੰਕੇਤਾਂ ਤੋਂ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਸ਼ਰਧਾਲੂ ਪੁਰਾਤਨ ਗੁਰਸਿੱਖ ਲਿਖਾਰੀਆਂ ਨੇ ਮਨੁੱਖ ਵਲੋਂ ਰੋਜ਼ੀ ਕਮਾਣ ਖਾਤਰ, ਕੀਤੇ ਹੋਏ ਕਾਰਜ ਲਈ ਕਿਸੇ ਹੋਰ ਸ਼ਬਦ, ਜਿਵੇਂ 'ਕਰਮ' ਜਾਂ 'ਕੰਮ' ਦੇ ਥਾਂ 'ਕਿਰਤ' (ਜਾਂ ਕ੍ਰਿਤ) ਸ਼ਬਦ ਦੀ ਵਰਤੋਂ ਕੀਤੀ ਹੈ। ਇਸ ਲਈ, ਇਥੇ 'ਕਿਰਤ' ਦਾ ਹੋਰ ਸਮਾਨ ਸ਼ਬਦਾਂ ਨਾਲੋਂ ਅਰਥ-ਭੇਦ ਜਾਣਨਾ ਉਚਿਤ ਰਹੇਗਾ। ਇਸ ਸੰਬੰਧੀ ਇਹ ਵੇਖਣ ਦਾ ਜਤਨ ਕੀਤਾ ਜਾਂਦਾ ਹੈ ਕਿ 'ਕਰਮ', 'ਕੰਮ' ਅਤੇ 'ਕਿਰਤ' ਸ਼ਬਦਾਂ ਵਿੱਚ ਕੀ ਅਰਥ-ਭੇਦ ਹਨ।

ਡਾ: ਕਾਲਾ ਸਿੰਘ ਬੇਦੀ ਨੇ 'ਕਰਮ' ਸ਼ਬਦ ਦੀ ਵਿਆਖਿਆ ਕਰਦਿਆਂ ਲਿਖਿਆ ਹੈ, " ਕਰਮ (ਕ੍ਰਿ) ਧਾਤੂ ਤੋਂ ਨਿਕਲਿਆ ਹੈ। ਸੰਸਾਰ ਦੇ ਸਾਰੇ ਕਾਰਜ ਕਰਮ ਦੇ ਅੰਤਰ ਰੱਖੇ ਜਾ ਸਕਦੇ ਹਨ।"[14]

ਇਸ ਤੋਂ ਸਿੱਧ ਹੁੰਦਾ ਹੈ ਕਿ 'ਕਰਮ' ਅਤੇ 'ਕਿਰਤ' ਸ਼ਬਦ ਵਿੱਚ ਬੜਾ ਵੱਡਾ ਅੰਤਰ ਹੈ। 'ਕਰਮ' ਦਾ ਘੇਰਾ 'ਕਿਰਤ' ਨਾਲੋਂ ਕਈ ਗੁਣਾ ਵਧੇਰੇ ਵਿਸ਼ਾਲ ਹੈ, ਕਿਉਂਕਿ ਸੰਸਾਰ ਦੇ ਸਾਰੇ ਕਾਰਜ ਇਸ ਵਿੱਚ ਸਮਾ ਸਕਦੇ ਹਨ ਅਤੇ ਇਨ੍ਹਾਂ ਕਾਰਜਾਂ ਦੀ ਕੋਈ ਸੀਮਾ ਨਿਸ਼ਚਿਤ ਨਹੀਂ ਕੀਤੀ ਜਾ ਸਕਦੀ। ਡਾ: ਕਾਲਾ ਸਿੰਘ ਬੇਦੀ ਨੇ 'ਕਰਮ' ਦੀ ਵਿਸ਼ਾਲਤਾ

---

12. 'ਸ੍ਰੀ ਗੁਰੂ ਨਾਨਕ ਪ੍ਰਕਾਸ਼', ਉਤਰਾਰਧ, ਪੰਨਾ 1144, ਅਧਿਆਇ 46 - (ਅੰਮ੍ਰਿਤਸਰ, ਖਾਲਸਾ ਸਮਾਚਾਰ), 1962.
13. -ਉਹੀ- , ਪੰਨਾ 1178, ਅਧਿਆਇ 50.
14. ਗੁਰੂ ਨਾਨਕ ਦਰਸ਼ਨ' ਪੰਨਾ 150, (ਦਿੱਲੀ, ਪੰਜਾਬੀ ਪ੍ਰਕਾਸ਼ਕ), 1965.

ਪਰਗਟਾਉਂਦਿਆਂ ਇਸ ਦੀਆਂ ਕਈ ਸੀਮਾ-ਰਹਿਤ ਕਿਰਿਆਵਾਂ ਗਿਣ ਸੁਣਾਈਆਂ ਹਨ, ਜਿਵੇਂ :-

"ਕੁਲੀ ਪ੍ਰਕਾਰ ਦਾ ਕਰਮ ਸ੍ਰਿਸ਼ਟੀ ਦੇ ਸਮੁੱਚੇ ਕਰਮ ਤੋਂ ਭਾਵ ਹੈ। ਗ੍ਰਹਿ ਨਖਤਰਾਂ, ਚੰਦ, ਸੂਰਜ ਆਦਿ ਦਾ ਘੜਨਾ, ਵਿਚਰਨਾ, ਬ੍ਰਹਮਾ, ਵਿਸ਼ਨੂੰ, ਮਹੇਸ਼ ਦੀ ਉਤਪਤੀ ਅਤੇ ਨੈ ਵਹਿਣਾ, ਹਵਾ ਦਾ ਚਲਣਾ, ਅਗਨੀ ਦਾ ਤਪਣਾ, ਸੂਰਜ ਦਾ ਚਮਕਣਾ ਆਦਿ ਸਮਿਸ਼ਟ ਕਰਮ ਹਨ।"[15]

'ਕਰਮ' ਦੇ ਇਸੇ ਵਿਸ਼ਾਲ ਘੇਰੇ ਦੇ ਟਾਕਰੇ ਉਤੇ 'ਕਿਰਤ' ਦਾ ਘੇਰਾ ਬੜਾ ਸੀਮਤ ਹੈ। ਇਸ ਵਿੱਚ ਨਾ ਤਾਂ ਸੰਸਾਰੀ ਜੀਵਾਂ ਦੇ ਸਾਰੇ ਕਾਰਜ, ਨਾ ਹੀ ਸ੍ਰਿਸ਼ਟੀ ਅਤੇ ਹੋਰ ਗ੍ਰਹਿ ਨਖਤਰਾਂ ਦੇ ਕਾਰਜ ਸਮਾ ਸਕਦੇ ਹਨ। ਇਸ ਵਿੱਚ ਮਨੁੱਖ ਦੀ ਉਪਜੀਵਕਾ ਕਮਾਣ ਖਾਤਰ ਕੀਤੇ ਹੋਏ ਕਾਰਜ ਹੀ ਸਮਾ ਸਕਦੇ ਹਨ ਅਤੇ ਉਨ੍ਹਾਂ ਵਿਚੋਂ ਵੀ ਕੇਵਲ ਉਹ ਕਾਰਜ ਸੱਚੇ ਅਰਥਾਂ ਵਿੱਚ 'ਕਿਰਤ' ਅਖਵਾਉਂਦੇ ਹਨ, ਜਿਹੜੇ ਨੇਕ ਕਮਾਈ ਨਾਲ ਸੰਬੰਧਿਤ ਹੁੰਦੇ ਹਨ।

ਇਸ ਮਗਰੋਂ 'ਕੰਮ' ਅਤੇ 'ਕਿਰਤ' ਸ਼ਬਦਾਂ ਦੇ ਭਾਵਾਂ ਦਾ ਟਾਕਰਾ ਕੀਤਾ ਜਾਂਦਾ ਹੈ। ਇਨ੍ਹਾਂ ਦੋਹਾਂ ਵਿਚੋਂ ਕੁਝ ਸਮਾਨ ਅਤੇ ਕੁਝ ਅੰਤਰ-ਭਰਪੂਰ ਅੰਸ਼ ਵਿਦਮਾਨ ਹਨ। ਇਨ੍ਹਾਂ ਦਾ ਪਹਿਲਾ ਸਮਾਨ ਅੰਸ਼ ਦੋਹਾਂ ਵਿਚਲੀ ਭਰਪੂਰ ਗਤੀਸ਼ੀਲਤਾ ਹੈ, ਕਿਉਂਕਿ ਇਸ ਤੋਂ ਬਿਨਾਂ ਨਾ ਤਾਂ ਕੋਈ 'ਕੰਮ' ਹੋ ਸਕਦਾ ਹੈ ਨਾ ਹੀ 'ਕਿਰਤ'। ਪਰ 'ਗਤੀਸ਼ੀਲਤਾ', ਕੇਵਲ ਇੱਕ ਜੀਵ-ਵਿਗਿਆਨਕ ਕਿਰਿਆ ਹੈ। ਇਹ ਆਪਣੇ ਆਪ ਵਿੱਚ ਕਿਸੇ ਮਨੋਰਥ-ਪੂਰਤੀ ਦੇ ਭਾਵ ਦੀ ਸਮਰਥਾ ਨਹੀਂ ਰੱਖਦੀ। ਇਸ ਲਈ, ਇਨ੍ਹਾਂ ਦੋਹਾਂ ਦਾ ਦੂਜਾ ਸਮਾਨ ਅੰਸ਼ ਇਸ 'ਗਤੀਸ਼ੀਲਤਾ' ਨੂੰ ਮਨੁੱਖੀ ਲੋੜਾਂ ਦੀ ਪੂਰਤੀ ਵੱਲ ਵਧਾਣ ਦਾ ਉੱਦਮ ਹੈ। ਇਸ ਤੋਂ ਉਪਰੰਤ ਇਨ੍ਹਾਂ ਦਾ ਤੀਜਾ ਸਮਾਨ ਅੰਸ਼ ਇਨ੍ਹਾਂ ਲੋੜਾਂ ਦੀ ਪੂਰਤੀ ਵਿਚੋਂ ਆਰਥਕ ਲੋੜਾਂ ਦੀ ਪੂਰਤੀ ਨੂੰ ਸਭ ਤੋਂ ਵੱਧ ਮਹਾਨਤਾ ਪ੍ਰਦਾਨ ਕਰਨਾ ਹੈ।

ਜਿਥੋਂ ਤੱਕ ਤਾਂ 'ਕੰਮ' ਅਤੇ 'ਕਿਰਤ' ਦੇ ਅੰਸ਼ ਇਕ ਸਮਾਨ ਹਨ, ਪਰ ਇਸ ਤੋਂ ਅੱਗੇ ਚੱਲ ਕੇ ਇਨ੍ਹਾਂ ਦੋਹਾਂ ਵਿੱਚ ਅੰਤਰ ਆ ਜਾਂਦਾ ਹੈ। ਇਨ੍ਹਾਂ ਵਿੱਚ ਪਹਿਲਾ ਅੰਤਰ ਨੈਤਿਕਤਾ ਦੀ ਹੱਦ ਨਿਸ਼ਚਿਤ ਕਰਨ ਅਤੇ ਉਸ ਦੀ ਪਾਲਣਾ ਕਰਨ ਸਬੰਧੀ ਹੈ। 'ਕੰਮ'

---

1. 'ਗੁਰੂ ਨਾਨਕ ਦਰਸ਼ਨ', ਪੰਨਾ 150.

ਵਿੱਚ ਨੈਤਿਕਤਾ ਦੀ ਬਹੁਤ ਉਚੀ ਹੱਦ ਨਿਸਚਿਤ ਕਰਨ ਅਤੇ ਉਸ ਦੀ ਪਾਲਣਾ ਕਰਨ ਸੰਬੰਧੀ [illegible] ਬਹੁਤ ਕਠੋਰਤਾਈ ਨਹੀਂ ਵਰਤੀ ਜਾਂਦੀ। ਪਰ 'ਕਿਰਤ' ਵਿੱਚ ਜਿਥੇ ਨੈਤਿਕਤਾ ਦੀ ਹੱਦ ਬਹੁਤ ਉਚੀ ਨਿਸਚਿਤ ਕੀਤੀ ਜਾਂਦੀ ਹੈ, ਉਥੇ ਇਸ ਦੀ ਪਾਲਣਾ ਕਰਨ ਸੰਬੰਧੀ ਬੜੀ ਕਠੋਰਤਾਈ ਵਰਤੀ ਜਾਂਦੀ ਹੈ। ਇਸ ਤਰ੍ਹਾਂ 'ਕਿਰਤ' ਦਾ ਉਚ-ਨੈਤਿਕਤਾ ਨਾਲ ਸੰਬੰਧ ਜੋੜਨਾ ਜ਼ਰੂਰੀ ਬਣ ਜਾਂਦਾ ਹੈ, ਪਰ 'ਕੰਮ' ਵਿੱਚ ਇਹੋ ਜਿਹਾ ਸੰਬੰਧ ਜੋੜਨਾ ਜ਼ਰੂਰੀ ਨਹੀਂ ਸਮਝਿਆ ਜਾਂਦਾ।

ਇਸ ਤੋਂ ਉਪਰੰਤ ਇਨ੍ਹਾਂ ਦੋਹਾਂ ਵਿੱਚ ਸਭ ਤੋਂ ਵੱਡਾ ਅੰਤਰ ਇਹ ਹੈ ਕਿ 'ਕਿਰਤ' ਸਦਾ ਉਸਾਰੂ ਹੁੰਦੀ ਹੈ, ਪਰ 'ਕੰਮ' ਲਈ ਇਹ ਗੁਣ ਧਾਰਨਾ ਅਨੁਸਾਰੀ ਨਹੀਂ ਹੈ। 'ਕੰਮ' ਮਨੁੱਖ ਦੀਆਂ ਆਰਥਕ ਲੋੜਾਂ ਦੀ ਪੂਰਤੀ ਵੱਲ ਵਧਦਾ ਹੋਇਆ ਉਸ ਲਈ ਉਪਜੀਵਕਾ ਕਮਾਣ ਦਾ ਸਾਧਨ ਜ਼ਰੂਰ ਹੈ, ਪਰ ਉਸ ਤੋਂ ਉਪਰ ਉਠ ਕੇ ਉਹ ਆਪਣੇ ਅੰਦਰ ਕੋਈ ਉਸਾਰੂ ਗੁਣ ਉਤਪੰਨ ਨਹੀਂ ਕਰਦਾ। ਇਸ ਦੇ ਵਿਪਰੀਤ, 'ਕਿਰਤ' ਜਿਥੇ ਮਨੁੱਖ ਲਈ ਉਪਜੀਵਕਾ ਕਮਾਣ ਦਾ ਸਾਧਨ ਹੈ, ਉਥੇ ਮਾਨਵ ਵਿਅਕਤਿਤਵ ਅਤੇ ਸਮੁੱਚੇ ਸਮਾਜਕ ਢਾਂਚੇ ਨੂੰ ਉਚਿਤ ਰੂਪ ਵਿੱਚ ਉਸਾਰਨ ਦਾ ਵਿਸ਼ੇਸ਼ ਸਾਧਨ ਵੀ ਹੈ। ਇਉਂ ਕਿਹਾ ਜਾ ਸਕਦਾ ਹੈ ਕਿ ਜਿਥੇ 'ਕੰਮ' ਲਈ ਆਰਥਕ ਲਾਭ ਪਹੁੰਚਾਣ ਉਪਰੰਤ, ਉਸਾਰੂ ਕਿਰਿਆ ਬਣ ਕੇ ਵਿਖਾਣਾ ਜ਼ਰੂਰੀ ਨਹੀਂ ਹੈ, ਉਥੇ 'ਕਿਰਤ' ਲਈ ਇਹੋ ਜਿਹੇ ਲਾਭ ਪਹੁੰਚਾਣ ਦੇ ਨਾਲ ਨਾਲ, ਉਸਾਰੂ ਕਿਰਿਆ ਬਣ ਕੇ ਵਿਖਾਣਾ ਵੀ ਅਤਿਅੰਤ ਜ਼ਰੂਰੀ ਹੈ। 'ਕੰਮ' ਅਤੇ 'ਕਿਰਤ' ਦੇ ਇਸੇ ਮੁੱਖ-ਅੰਤਰ ਨੂੰ ਸਵੀਕਾਰ ਕਰਦਿਆਂ ਪ੍ਰੋ. ਕਿਰਪਾਲ ਸਿੰਘ ਕਸੇਲ ਨੇ ਲਿਖਿਆ ਹੈ :-

"ਕੰਮ ਤੇ ਕਿਰਤ ਵਿੱਚ ਵੱਡਾ ਅੰਤਰ ਕਿਰਤ ਦੇ ਉਸਾਰੂ ਤੇ ਉਪਜਾਊ ਹੋਣ ਵਿੱਚ ਹੈ, ਅਰਥਾਤ ਕਿਰਤ ਮਨੁੱਖੀ ਸਮਾਜ ਦੇ ਆਰਥਿਕ ਵਿਧਾਨ ਦਾ ਮੁੱਖ ਭਾਗ ਹੈ ਅਤੇ ਵਿਅਕਤੀਗਤ ਉਪਜੀਵਕਾ ਦਾ ਵਿਸ਼ੇਸ਼ ਸਾਧਨ ।"[16]

ਗੁਰੂ ਨਾਨਕ ਦੇਵ ਜੀ ਨੇ 'ਕਿਰਤ' ਸ਼ਬਦ ਦੀ ਵਰਤੋਂ ਕਰਦਿਆਂ ਇਸ ਨੂੰ ਹਰ ਹਾਲਤ ਵਿੱਚ ਉਸਾਰੂ ਕਾਰਜ ਦੇ ਭਾਵ ਵਿੱਚ ਵਰਤ ਕੇ ਵਿਖਾਇਆ। ਗੁਰੂ ਜੀ ਨੇ ਮਾਨਵ ਵਿਕਾਸ ਦੀ ਪੂਰਨਤਾ ਲਈ ਕਿਰਤ ਦਾ ਇੱਕ ਅਜਿਹਾ ਸੰਕਲਪ ਅਪਣਾਇਆ ਸੀ, ਜਿਸ ਰਾਹੀਂ ਮਨੁੱਖ ਸਹਿਜੇ ਹੀ ਵਿਅਕਤੀਗਤ ਅਤੇ ਸਮਾਜਕ ਸੰਪੂਰਣਤਾ ਵੱਲ ਵੱਧ ਕੇ ਵਿਖਾ ਸਕਦਾ ਹੈ। ਪ੍ਰੋ. ਜੋਗਿੰਦਰ ਸਿੰਘ ਨੇ ਇਸ ਗੱਲ ਦੀ ਪੁਸ਼ਟੀ ਕਰਦਿਆਂ ਲਿਖਿਆ ਹੈ :-

---

16. 'ਇੰਦ੍ਰ-ਧਨੁਸ਼'-ਪੰਨਾ 24, (ਜਲੰਧਰ, ਨਿਊ ਬੁੱਕ ਕੰਪਨੀ), 1965.

"ਕਿਰਤ ਸ਼ਬਦ ਦੀ ਵਰਤੋਂ ਭਾਵੇਂ ਕਿਸੇ ਕੰਮ ਵਾਸਤੇ ਵੀ ਹੋਈ ਹੈ, ਪਰ ਗੁਰੂ ਨਾਨਕ ਦੇਵ ਜੀ ਦੇ ਸੰਕਲਪ ਵਿੱਚ 'ਕਿਰਤ' ਦਾ ਭਾਵ-ਅਰਥ ਕਿਸੇ ਕਰਤਾਰੀ ਕਰਤੱਬ ਤੋਂ ਹੀ ਹੈ। 'ਕਿਰਤ ਹਮੇਸ਼ਾ ਕਰਤਾਰੀ ਹੀ ਹੁੰਦੀ ਹੈ। ਜਿਹੜਾ ਕੰਮ ਜਾਂ ਕਰਤਬ ਅਣ-ਉਸਾਰੂ ਹੈ, ਉਸ ਵਿੱਚ ਆਤਮਕ ਨਾਤ ਜਿਨ੍ਹਾਂ ਮਰਜ਼ੀ ਹੋਵੇ, ਗੁਰੂ ਨਾਨਕ ਦੀ ਦ੍ਰਿਸ਼ਟੀ ਵਿੱਚ ਉਸ ਨੂੰ ਕਿਰਤ ਨਹੀਂ ਆਖਿਆ ਜਾ ਸਕਦਾ।"[17]

'ਕੰਮ' ਨੂੰ ਫ਼ਾਰਸੀ ਸ਼ਬਦਾਵਲੀ ਅਨੁਸਾਰ 'ਕਾਰ' ਕਿਹਾ ਜਾਂਦਾ ਹੈ, ਪਰ ਇਹ ਸ਼ਬਦ ਵੀ ਗੁਰੂ ਨਾਨਕ ਦੇਵ ਜੀ ਵੱਲੋਂ ਅਪਣਾਏ 'ਕਿਰਤ' ਦੇ ਸੰਕਲਪ ਤੱਕ ਨਹੀਂ ਪੁੱਜ ਸਕਦਾ। ਇਸ ਲਈ ਗੁਰੂ ਜੀ ਇਸ ਸ਼ਬਦ ਨੂੰ 'ਕਿਰਤ' ਦੇ ਭਾਵ ਵਿੱਚ ਵਰਤਣ ਲਈ ਕੇਵਲ 'ਕਾਰ' ਨਹੀਂ; ਸਗੋਂ ਸੱਚ ਦੀ 'ਕਾਰ' ਦੇ ਰੂਪ ਵਿੱਚ ਵਰਤਦੇ ਹਨ ਜਿਵੇਂ :-

'ਕਾਰ ਕਮਾਵਹਿ ਸਚ ਕੀ ਲਾਹਾ ਮਿਲੈ ਰਜਾਇ ॥'[18]

ਇਉਂ, ਗੁਰੂ ਨਾਨਕ ਦੇਵ ਜੀ ਨੇ 'ਕਿਰਤ' ਨੂੰ ਸੱਚ ਕੀ ਕਾਰ ਮੰਨਦਿਆਂ ਇਸ ਨੂੰ ਸੰਪੂਰਣ ਸੱਚ ਦਾ ਉਸਾਰੂ ਰੂਪ ਪ੍ਰਦਾਨ ਕਰ ਦਿੱਤਾ ਹੈ। ਇਸ ਰੂਪ ਵਿੱਚ ਵਰਤੇ ਜਾਣ ਨਾਲ ਇਹ ਸ਼ਬਦ ਵਿਅਕਤੀ ਅਤੇ ਸਮਾਜ ਦੀ ਆਤਮਕ ਉਸਾਰੀ ਦਾ ਲਖਾਇਕ ਬਣ ਜਾਂਦਾ ਹੈ ਅਤੇ 'ਕਰਮ', 'ਕੰਮ' ਜਾਂ 'ਕਾਰ' ਨਾਲੋਂ ਕਈ ਗੁਣਾ ਉਚੇਰੀ ਪਦਵੀ ਧਾਰ ਲੈਂਦਾ ਹੈ।

ਅੰਗਰੇਜ਼ੀ ਸਮਾਨਾਰਥਕ ਰੂਪ

'ਕਿਰਤ' ਦੇ ਅਰਥ ਅਤੇ ਭਾਵ ਸਪਸ਼ਟ ਮਗਰੋਂ ਇਸ ਦਾ ਅੰਗਰੇਜ਼ੀ ਸਮਾਨਾਰਥਕ ਰੂਪ ਸਪਸ਼ਟ ਦਾ ਜਤਨ ਕਰਨਾ ਉਚਿਤ ਰਹੇਗਾ।

ਅੰਗਰੇਜ਼ੀ ਦਾ ਕੋਈ ਇਕ ਸ਼ਬਦ 'ਕਿਰਤ' ਦਾ ਪੂਰਾ ਭਾਵ ਨਹੀਂ ਪਰਗਟਾ ਸਕਦਾ। ਫਿਰ ਵੀ ਅੰਗਰੇਜ਼ੀ ਦੇ ਸ਼ਬਦ 'Work/Toil' ਅਤੇ 'Labour' ਆਪਣੇ ਆਪਣੇ ਭਾਵ ਵਜੋਂ 'ਕਿਰਤ' ਨਾਲ ਮਿਲਦੇ ਜੁਲਦੇ ਸ਼ਬਦ ਹਨ। ਅੰਗਰੇਜ਼ੀ ਦੀ ਇਕ ਪ੍ਰਮਾਣਿਕ ਡਿਕਸ਼ਨਰੀ ਅਨੁਸਾਰ ਇਨ੍ਹਾਂ ਤਿੰਨਾਂ ਸ਼ਬਦਾਂ ਦੇ ਅਰਥ ਇਸ ਪ੍ਰਕਾਰ ਹਨ :-

---

17. 'ਗੁਰੂ ਨਾਨਕ ਦਾ ਸਰੂਪ' - ਪੰਨਾ 60-61, (ਨਵੀਂ ਦਿੱਲੀ, ਪੂਰੀ ਪ੍ਰਕਾਸ਼ਨ), 1969.
18. 'ਸ੍ਰੀ ਰਾਗੁ ਮਹਲਾ ਪਹਿਲਾ', ਆਦਿ ਗ੍ਰੰਥ, ਪੰਨਾ 59.

i) "Work---"Bodily or mental effort exerted to do or make something."[19]

ii) Toil'---"To make or accomplish with great effort."[20]

iii) Labour"--- "To exert oneself to get or do something; to strive; to take pains."[21]

ਇਨ੍ਹਾਂ ਅਰਥਾਂ ਤੋਂ ਪ੍ਰਤੀਤ ਹੁੰਦਾ ਹੈ ਕਿ 'ਕਿਰਤ' ਦਾ ਅੰਗਰੇਜ਼ੀ ਸਮਾਨਾਰਥਕ ਰੂਪ ਦੇਣ ਲਈ 'Work' ਜਾਂ 'Toil' ਨਾਲੋਂ 'Labour' ਵਧੇਰੇ ਢੁਕਵਾਂ ਸ਼ਬਦ ਹੈ।

ਪਰ ਵਾਸਤਵ ਵਿੱਚ, Labour ਸ਼ਬਦ ਵੀ, ਬਾਕੀ ਦੋਹਾਂ ਸ਼ਬਦਾਂ ਵਾਂਗ, ਕੇਵਲ ਕੰਮ ਕਰਕੇ ਰਿਜ਼ਕ ਜਾਂ ਰੋਜ਼ੀ ਕਮਾਣ ਦਾ ਭਾਵ ਹੀ ਪ੍ਰਗਟਾ ਸਕਦਾ ਹੈ, ਭਾਵੇਂ ਉਹ ਕੰਮ ਕਿਸੇ ਵੀ ਆਸ਼ੇ ਨਾਲ ਕੀਤਾ ਜਾਏ ਅਤੇ ਉਹ ਰੋਜ਼ੀ ਕਿਸੇ ਵੀ ਸਾਧਨ ਨਾਲ ਕਮਾਈ ਜਾਏ। ਇਸ ਦੇ ਵਿਪਰੀਤ, 'ਕਿਰਤ' ਰਾਹੀਂ ਕੀਤਾ ਹੋਇਆ 'ਕੰਮ' ਜਾਂ ਕਮਾਈ ਹੋਈ ਰੋਜ਼ੀ ਹਰ ਹਾਲਤ ਵਿੱਚ ਨੇਕ ਆਸ਼ੇ ਅਤੇ ਨੇਕ ਸਾਧਨ ਨਾਲ ਸੰਬੰਧਿਤ ਹੁੰਦੀ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ 'ਕਿਰਤ' ਦਾ ਅੰਗਰੇਜ਼ੀ ਸਮਾਨਾਰਥਕ ਰੂਪ ਦੇਣ ਲਈ Labour ਸ਼ਬਦ ਭਾਵੇਂ ਬਾਕੀ ਸ਼ਬਦਾਂ ਨਾਲੋਂ ਵਧੇਰੇ ਢੁਕਵਾਂ ਹੈ, ਪਰ ਫਿਰ ਵੀ ਇਹ ਉਸ ਦਾ ਪੂਰਾ ਭਾਵ ਪ੍ਰਗਟਾਣ ਤੋਂ ਅਸਮਰੱਥ ਹੈ। ਇਸ ਲਈ, ਅੰਗਰੇਜ਼ੀ ਦਾ ਕੋਈ ਇੱਕ ਸ਼ਬਦ 'ਕਿਰਤ' ਦਾ ਸਮਾਨਾਰਥਕ ਰੂਪ ਨਹੀਂ ਮੰਨਿਆ ਜਾ ਸਕਦਾ ਅਤੇ ਇਹੋ ਜਿਹਾ ਅੰਗਰੇਜ਼ੀ ਰੂਪ ਪ੍ਰਗਟਾਣ ਲਈ "Labour for honest living" ਦਾ ਵਾਕੰਸ਼ ਵਰਤਣਾ ਵਧੇਰੇ ਉਚਿਤ ਹੈ।

## (ਅ) ਕਿਰਤ ਦੀ ਪਰਿਭਾਸ਼ਾ

'ਕਿਰਤ' ਸ਼ਬਦ ਨੂੰ ਕਈ ਪੱਖਾਂ ਤੋਂ ਘੋਖਣ ਅਤੇ ਵਿਚਾਰਨ ਮਗਰੋਂ ਇਸ ਦੀ ਪਰਿਭਾਸ਼ਾ ਪ੍ਰਸਤੁਤ ਕਰਨ ਦਾ ਯਤਨ ਕੀਤਾ ਜਾਂਦਾ ਹੈ। 'ਕਿਰਤ' ਦੀ ਹਰ ਤਰ੍ਹਾਂ ਪੂਰੀ ਪਰਿਭਾਸ਼ਾ ਦੇਣਾ ਬੜਾ ਕਠਨ ਕੰਮ ਹੈ, ਕਿਉਂ ਜੋ ਕਿਸੇ ਵਿਦਵਾਨ ਨੇ ਇਸ ਦੀ ਅਜਿਹੀ ਪਰਿਭਾਸ਼ਾ ਦੇਣ ਦਾ ਯਤਨ ਨਹੀਂ ਕੀਤਾ, ਜਿਹੋ ਜਿਹੀ ਕਿਸੇ ਵਿਦਿਅਕ ਕੋਸ਼ ਵਿੱਚ ਵਰਤੇ ਗਏ ਤਕਨੀਕੀ ਸ਼ਬਦ ਦੀ ਦਿੱਤੀ ਜਾਂਦੀ ਹੈ। ਪਰ, ਫਿਰ ਵੀ ਕਈ ਵਿਦਵਾਨਾਂ ਨੇ 'ਕਿਰਤ' ਸੰਬੰਧੀ ਜਾਣਕਾਰੀ ਦੇਣ ਵਾਲੇ ਬੜੇ ਸੁੰਦਰ ਅਤੇ ਭਾਵਪੂਰਤ ਕਥਨ ਪੇਸ਼ ਕੀਤੇ ਹਨ, ਜਿਨ੍ਹਾਂ ਤੋਂ ਜਾਣੂ ਹੋਣਾ ਬੜਾ ਲਾਭਦਾਇਕ ਹੋ ਸਕਦਾ ਹੈ।

---

19. "Webster's New Twentieth Century Dictionary of the Eng. Lang." P. 2107 (Collins) 1977
20. "Ibid, P. 1918
21. Ibid, P. 1010

'ਕਿਰਤ' ਸੰਬੰਧੀ ਭਾਵ-ਪੂਰਤ ਕਥਨ

ਡਾ. ਭਾਈ ਵੀਰ ਸਿੰਘ ਨੇ ਭਲੀ ਤਰ੍ਹਾਂ ਕੀਤੇ ਹੋਏ ਸਭ 'ਕਮਾਮ' (ਕੰਮਾਂ) ਨੂੰ 'ਕਿਰਤ' ਮੰਨਿਆ ਇਸ ਸੰਬੰਧੀ ਦਰਸਾਇਆ ਹੈ:-

"ਸਭ ਕਮਾਮ ਸਭ ਜ਼ਿੰਮੇਵਾਰੀਆਂ ਸਾਰੇ ਕਿਰਤ ਹਨ, ਸਾਰੇ ਕਸਬ ਹੁਨਰਾਂ ਦੀ ਕਮਾਈ ਹਨ; ਜੋ ਜੋ ਕੁਛ ਕਿੱਤਾ ਮਿਲਿਆ ਹੈ ਜਾਂ ਆਪ ਚਾਹਿਆ ਹੈ, ਉਸ ਨੂੰ ਭਲੀ ਤਰ੍ਹਾਂ ਕਰੇ।"[22]

ਪ੍ਰੋ. ਪੂਰਨ ਸਿੰਘ ਨੇ 'ਕਿਰਤ' ਨੂੰ ਪੂਜਾ ਮੰਨਿਆ ਇਸ ਦੀ ਇਹ ਵਿਸ਼ੇਸ਼ਤਾ ਪਰਗਟਾਈ ਹੈ :-

"ਸੱਚੀ ਕਿਰਤ ਜ਼ਰੂਰ ਰੱਬ ਦੀ ਪੂਜਾ ਹੈ, ਕਿਉਂਕਿ ਸਾਧ ਤੇ ਕਿਰਤੀ ਹੀ ਨੰਦਣ ਮਿਲਦੇ ਹਨ।"[23]

ਡਾ. ਦੀਵਾਨ ਸਿੰਘ ਨੇ ਕਈ ਹੋਰ ਸਦ-ਗੁਣਾਂ ਨਾਲ ਸੁੱਚੀ ਕਿਰਤ ਨੂੰ ਵੀ ਜ਼ਰੂਰੀ 'ਧਾਰਮਿਕ ਸਾਧਨ' ਮੰਨਿਆ ਹੈ।:-

"ਸੇਵਾ, ਸਿਮਰਨ, ਸੁੱਚੀ ਕਿਰਤ, ਦਾਨ, ਦਇਆ, ਸ਼ੁਭ ਕਰਮ, ਸਭ ਜ਼ਰੂਰੀ ਧਾਰਮਿਕ ਸਾਧਨ ਹਨ।"[24]

ਡਾ. ਕੁਲਦੀਪ ਕੌਰ ਨੇ ਕਿਰਤ ਨੂੰ ਆਰਥਕ ਸੁਤੰਤਰਤਾ ਦਾ ਸਾਧਨ ਮੰਨਿਆ ਹਰ ਪ੍ਰਕਾਰ ਦੀ ਨੇਕ ਕਿਰਤ ਨੂੰ ਇਕੋ ਜਿਹਾ ਮਹਾਨ ਦਰਸਾਇਆ ਹੈ:-

"ਆਰਥਕ ਤੌਰ ਤੇ ਸੁਤੰਤਰ ਹੋਣ ਲਈ ਉਸ ਨੂੰ (ਮਨੁੱਖ ਨੂੰ) ਕਿਰਤ ਕਰਨ ਦੀ ਯੋਗਤਾ ਪ੍ਰਦਾਨ ਕੀਤੀ ਜਾਵੇ। ਨੇਕ ਨੀਤੀ ਨਾਲ ਕੀਤੇ ਸਾਰੇ ਕੰਮ ਵੱਡੇ ਹੁੰਦੇ ਹਨ; ਕੋਈ ਕਿਰਤ ਨੀਵੀਂ ਨਹੀਂ; ਕਿਰਤ ਦੇ ਅਧਾਰ ਤੇ ਕਿਸੇ ਨੂੰ ਉਚਾ ਜਾਂ ਨੀਵਾਂ ਨਹੀਂ ਆਖਿਆ ਜਾਣਾ ਚਾਹੀਦਾ।"[25]

"ਪ੍ਰੋ. ਕਿਰਪਾਲ ਸਿੰਘ ਕਸੇਲ ਨੇ ਕਿਰਤ ਨੂੰ ਨਿੱਜੀ ਉਪਜਾਇਕਤਾ ਅਤੇ ਅਰਥ-ਪ੍ਰਬੰਧ ਦੇ ਸਮਾਜਕ ਸਾਧਨਾਂ ਨਾਲ ਸੰਬੰਧਿਤ ਕੀਤਾ ਹੈ:-

---

22. 'ਸ੍ਰੀ ਗੁਰ ਨਾਨਕ ਚਮਤਕਾਰ, ਪੂਰਬਾਰਧ,' ਪੰਨਾ 141, (ਅੰਮ੍ਰਿਤਸਰ, ਖਾਲਸਾ ਸਮਾਚਾਰ), 1937.
23. 'ਖੁੱਲ੍ਹੇ ਲੇਖ', ਪੰਨਾ 111-112 (ਲੁਧਿਆਣਾ, ਲੋਕ ਗੀਤ ਪ੍ਰਕਾਸ਼ਨ), 1971.
24. 'ਗੁਰੂ ਨਾਨਕ ਦੀ ਸਾਹਿਤਕ ਪ੍ਰਤਿਭਾ ਤੇ ਹੋਰ ਲੇਖ', ਪੰਨਾ 39 (ਅੰਮ੍ਰਿਤਸਰ, ਨਵਯੁਗ ਪਬਲਿਸ਼ਰਜ਼), 1970.
25. 'ਗੁਰੂ ਨਾਨਕ ਤੇ ਸਿੱਖਿਆ', ਪੰਨਾ 8 Reproduced from The Punjab Journal of Education (Vol.I, No.3) Oct. 1969.

"ਕਿਰਤ ਜਿਥੇਂ ਇੱਕ [illegible] ਦੀ ਨਿੱਜੀ ਉਪਜੀਵਿਕਾ ਦਾ ਸਾਧਨ ਹੈ, ਉਥੇ ਕੌਮ ਦੀ ਅਰਥ-ਪ੍ਰਬੰਧ ਦੇ ਸਮਾਜਕ ਸਾਧਨਾਂ ਨਾਲ ਵੀ ਸੰਬੰਧਿਤ ਹੈ।"[26]

ਪ੍ਰੋ. ਸੁਰਿੰਦਰ ਸਿੰਘ ਨੇ ਕਿਰਤ ਨੂੰ ਆਤਮ-ਨਿਰਭਰਤਾ ਵਾਲੇ ਨਰੋਏ ਜੀਵਨ ਦਾ ਆਧਾਰ ਕਰ ਮੰਨਿਆ ਹੈ:-

"ਨਰੋਏ ਜੀਵਨ ਦਾ ਆਧਾਰ ਆਤਮ-ਨਿਰਭਰਤਾ ਹੀ ਹੈ ਅਤੇ ਆਤਮ ਨਿਰਭਰ ਹੋਣ ਲਈ ਆਪਣੇ ਥੀਂ ਕਮਾਉਣ ਦੀ ਆਵਸ਼ਕਤਾ ਹੈ .......... ਇਸੇ ਦਾ ਨਾਮ ਕਿਰਤ ਹੈ, ਘਾਲ ਹੈ, ਕਮਾਈ ਹੈ।"[27]

'ਵਿਗਾਸ'

[illegible] ਡਾ. ਪ੍ਰੋ. ਜੋਗਿੰਦਰ ਸਿੰਘ ਨੇ ਕਿਰਤ ਦੇ ਸੰਕਲਪ ਨੂੰ 'ਭਗਤੀ' ਵਾਲੇ 'ਵਿਕਾਸ' ਨਾਲ ਸੰਬੰਧਿਤ ਕੀਤਾ ਹੈ:-

"ਕਿਰਤ ਦਾ ਸੰਕਲਪ ਹਮੇਸ਼ਾਂ 'ਵਿਕਾਸ' ਦਾ ਸੰਕਲਪ ਹੈ। ਕਿੰਤੂ ਉਹੀ ਕਿਰਤ ਹੈ ਜਿਹੜਾ 'ਵਿਕਾਸ' ਦਿੰਦਾ ਹੈ; 'ਵਿਕਾਸ' (ਵਿਗਾਸ) ਵਾਲਾ ਹਿਰਦਾ ਸਦਾ ਭਗਤ-ਹਿਰਦਾ ਹੁੰਦਾ ਹੈ।"[28]

'ਕਿਰਤ' ਸੰਬੰਧੀ ਵੱਖ ਵੱਖ ਵਿਦਵਾਨਾਂ ਦੇ ਉਪਰੋਕਤ ਕਥਨਾਂ ਵਿਚੋਂ ਇਹ ਮਹੱਤਵਪੂਰਣ ਤੱਥ ਪ੍ਰਾਪਤ ਹੁੰਦੇ ਹਨ:-

1. "ਕਿਰਤ" ਮਨੁੱਖ ਵਲੋਂ ਕੀਤੀ ਹੋਈ ਮਿਹਨਤ ਜਾਂ ਘਾਲ ਹੈ।
2. ਇਹ ਮਿਹਨਤ ਉਪਜੀਵਿਕਾ ਕਮਾਣ ਖਾਤਰ ਕੀਤੀ ਜਾਂਦੀ ਹੈ।
3. ਮਨੁੱਖ ਨੂੰ ਸਵੈ-ਨਿਰਭਰ ਰਹਿਣ ਲਈ ਉਪਜੀਵਿਕਾ ਜ਼ਰੂਰ ਕਮਾਣੀ ਚਾਹੀਦੀ ਹੈ।
4. 'ਕਿਰਤ' ਰਾਹੀਂ ਕੀਤੀ ਹੋਈ ਕਮਾਈ ਨੇਕ ਸਾਧਨਾਂ ਨਾਲ ਸੰਬੰਧ ਰੱਖਦੀ ਹੈ।
5. 'ਕਿਰਤ' ਰਾਹੀਂ ਮਨੁੱਖੀ ਵਿਅਕਤਿਤਵ ਅਤੇ ਸਮੁੱਚੇ ਸਮਾਜ ਦੀ ਉਚਿਤ ਉਸਾਰੀ ਹੁੰਦੀ ਹੈ।

ਵਿਦਵਾਨਾਂ ਦੇ ਉਪਰੋਕਤ ਭਾਵ-ਪੂਰਤ ਕਥਨਾਂ ਅਤੇ ਉਨ੍ਹਾਂ ਵਿਚੋਂ ਪ੍ਰਾਪਤ ਹੋਏ ਮਹੱਤਵ-ਪੂਰਨ ਤੱਥਾਂ ਨੂੰ ਸਾਹਮਣੇ ਰੱਖਦਿਆਂ 'ਕਿਰਤ' ਦੀ ਨਿਮਨ ਲਿਖਤ ਸੰਖੇਪ ਪਰਿਭਾਸ਼ਾ ਪ੍ਰਸਤੁਤ ਕੀਤੀ ਜਾਂਦੀ ਹੈ:-

---

26. 'ਇੰਦ੍ਰ-ਧਨੁਸ਼', ਪੰਨਾ 31.
27. 'ਸਿੱਖ ਧਰਮ ਵਿੱਚ 'ਕਿਰਤ'( ਗੁਰਮਤਿ ਪ੍ਰਕਾਸ਼, ਪੰਨਾ 21( ਅੰਮ੍ਰਿਤਸਰ, ਅਪ੍ਰੈਲ 1974
28. 'ਗੁਰੂ ਨਾਨਕ ਦਾ ਸਰੂਪ', ਪੰਨਾ 62.

ਸੰਕਲਪ [redacted] ਪਰਿਭਾਸ਼ਾ

"ਕਿਰਤ" ਮਨੁੱਖ ਵਲੋਂ ਕੀਤੀ ਹੋਈ ਉਹ ਮਿਹਨਤ ਜਾਂ ਘਾਲ ਹੈ, ਜਿਸ ਰਾਹੀਂ ਉਹ ਸਵੈ-ਨਿਰਭਰ ਰਹਿਣ ਲਈ ਨੇਕ ਸਾਧਨਾਂ ਦੁਆਰਾ ਉਪਜੀਵਕਾ ਕਮਾਉਂਦਾ ਹੈ ਅਤੇ ਇਉਂ ਕਰਦਿਆਂ ਆਪਣੇ ਵਿਅਕਤਿਤਵ ਅਤੇ ਸਮੁੱਚੇ ਸਮਾਜ ਦੀ ਉਚਿਤ ਉਸਾਰੀ ਕਰ ਕੇ ਵਿਖਾਉਂਦਾ ਹੈ।

(ਅ) ਕਿਰਤ ਦੀ ਰੂਪ-ਭਿੰਨਤਾ

ਮਨੁੱਖੀ ਕਿਰਤ ਦੇ ਅਨੇਕ ਭਿੰਨ ਭਿੰਨ ਰੂਪ ਹਨ। ਵਾਸਤਵ ਵਿੱਚ, ਇਸ ਦੇ ਰੂਪ, ਮਾਨਵ ਸਮਾਜ ਦੇ ਨਿਰੰਤਰ ਵਿਕਾਸ ਅਤੇ ਵੱਖ ਵੱਖ ਸਮੇਂ ਉਤੇ ਮਨੁੱਖ ਵਲੋਂ ਵਰਤੇ ਗਏ ਭਿੰਨ ਭਿੰਨ ਕੰਮ-ਸਾਧਨਾਂ ਅਨੁਸਾਰ, ਸਦਾ ਪਰਿਵਰਤਨਸ਼ੀਲ ਰਹਿੰਦੇ ਹਨ। ਇਸ ਲਈ, ਇਸ ਦੀ ਰੂਪ-ਭਿੰਨਤਾ ਦੀ ਕੋਈ ਵਿਸ਼ੇਸ਼ ਸੀਮਾ ਨਿਸ਼ਚਿਤ ਨਹੀਂ ਕੀਤੀ ਜਾ ਸਕਦੀ ਅਤੇ ਇਸ ਦੇ ਸਾਰੇ ਰੂਪਾਂ ਦਾ ਵਰਣਨ ਕਰਨਾ ਅਸੰਭਵ ਹੈ। ਇਸ ਲਈ, ਇਥੇ ਇਸਦੇ ਉਨ੍ਹਾਂ ਰੂਪਾਂ ਦਾ ਹੀ ਵਰਣਨ ਕੀਤਾ ਜਾਂਦਾ ਹੈ, ਜਿਹੜੇ ਗੁਰੂ ਨਾਨਕ ਦੇਵ ਜੀ ਦੇ ਸਮੇਂ ਪ੍ਰਚਲਿਤ ਸਨ ਅਤੇ ਜਿਨ੍ਹਾਂ ਬਾਰੇ ਆਪ ਜੀ ਦੀ ਬਾਣੀ ਵਿੱਚ ਸੰਕੇਤ ਮਿਲਦੇ ਹਨ।

ਸਰੀਰਕ ਅਤੇ ਮਾਨਸਿਕ

ਕਿਰਤ ਹੱਥ ਨਾਲ ਕੀਤੀ ਜਾ ਸਕਦੀ ਹੈ ਅਤੇ ਦਿਮਾਗ ਰਾਹੀਂ ਵੀ। ਪਹਿਲੀ ਵੰਨਗੀ ਦੀ ਕਿਰਤ ਨੂੰ ਸਰੀਰਕ ਅਤੇ ਦੂਜੀ ਨੂੰ ਮਾਨਸਿਕ ਕਿਰਤ ਕਿਹਾ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਦੋਹਾਂ ਵੰਨਗੀਆਂ ਵਾਲੀ ਕਿਰਤ ਨੂੰ ਸਵੀਕਾਰਿਆ ਹੈ। ਵਾਸਤਵ ਵਿੱਚ, ਆਪ ਮਨੁੱਖ ਵਿੱਚ ਸਰੀਰਕ ਅਤੇ ਮਾਨਸਿਕ ਕਿਰਤ ਦਾ ਸੰਤੁਲਨ ਉਤਪੰਨ ਕਰਨ ਦੇ ਸਮਰਥਕ ਹਨ। ਆਪਜੀ ਨੇ ਇਹ ਵੀ ਵੇਖਿਆ ਕਿ ਸਾਧਾਰਣ ਤੌਰ ਉਤੇ ਮਾਨਸਿਕ ਕਿਰਤ ਨੂੰ ਸਰੀਰਕ ਕਿਰਤ ਨਾਲੋਂ ਵਧੇਰੇ ਉੱਤਮ ਮੰਨਿਆ ਜਾਂਦਾ ਹੈ। ਇਸ ਲਈ, ਆਪ ਸਮਝਾਉਂਦੇ ਹਨ ਕਿ ਸਰੀਰਕ ਕਿਰਤ ਨੂੰ ਮਾਨਸਿਕ ਕਿਰਤ ਦੇ ਟਾਕਰੇ ਉਤੇ ਕਿਸੇ ਪੱਖੋਂ ਵੀ ਘਟੀਆ ਪਦਵੀ ਨਾ ਦਿੱਤੀ ਜਾਏ। ਆਪਜੀ ਦਾ ਵਿਚਾਰ ਹੈ ਕਿ ਸਰੀਰਕ ਕਿਰਤ ਤੋਂ ਅਣਗਹਿਲੀ ਕਰਨ ਵਾਲਾ ਮਨੁੱਖ ਆਪਣੇ ਵਿਅਕਤਿਤਵ ਦਾ ਪੂਰਨ ਵਿਕਾਸ ਕਦੇ ਨਹੀਂ ਕਰ ਸਕਦਾ। ਇਉਂ ਕਰਨ ਨਾਲ ਉਸਦਾ ਨਾ ਤਾਂ ਸਰੀਰਕ ਵਿਕਾਸ ਹੋ ਸਕਦਾ ਹੈ, ਨਾ ਹੀ ਮਾਨਸਿਕ, ਕਿਉਂ ਜੋ ਉਹ ਆਪਣੇ ਸਰੀਰ ਅਤੇ ਮਨ ਦੋਹਾਂ ਉਤੇ ਕਾਬੂ ਗਵਾ ਬਹਿੰਦਾ ਹੈ। ਉਸ ਵਿੱਚ ਸਵੈ-ਕਾਬੂ ਪ੍ਰਾਪਤ ਕਰਨ ਵਾਲੇ ਵਿਸ਼ੇਸ਼ ਗੁਣਾਂ, ਜਿਵੇਂ ਧੀਰਜ ਅਤੇ ਸਹਿਣਸ਼ੀਲਤਾ ਦਾ ਅਭਾਵ ਹੋ ਜਾਂਦਾ

ਹੈ। ਉਹ ਆਪਣੇ ਆਪ ਨੂੰ ਬਾਕੀ ਮਨੁੱਖਾਂ ਨਾਲੋਂ ਵਧੇਰੇ ਉੱਤਮ ਸਮਝਦਿਆਂ ਧੀਰਜਹੀਣ ਬਣ ਕੇ ਰਹਿ ਜਾਂਦਾ ਹੈ। ਇਸਦੇ ਫਲ-ਸਰੂਪ ਉਹ ਪੜ੍ਹਿਆ ਲਿਖਿਆ ਹੋਣ ਤੇ ਵੀ ਹਰੇਕ ਨਾਲ ਖਹਿੰਦਾ ਖਿੱਝਦਾ ਰਹਿੰਦਾ ਹੈ। ਇਹੋ ਜਿਹੇ ਪੜ੍ਹੇ ਲਿਖੇ ਪਰ ਆਪਣੇ ਮਾਨਸਿਕ ਅਭਿਮਾਨ ਕਾਰਣ ਧੀਰਜਹੀਣ ਮਨੁੱਖ ਬਾਰੇ ਗੁਰੂ ਜੀ ਫਰਮਾਉਂਦੇ ਹਨ:-

'ਲਿਖ ਲਿਖ ਪੜਿਆ ਤੇਤਾ ਕੜਿਆ'॥[29]

ਇਸ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਮਨੁੱਖ ਨੂੰ ਕੇਵਲ ਮਾਨਸਿਕ ਕਿਰਤ ਵਿੱਚ ਰੁੱਝ ਕੇ ਧੀਰਜਹੀਣ ਬਣਨ ਦੇ ਥਾਂ ਸਰੀਰਕ ਅਤੇ ਮਾਨਸਿਕ ਕਿਰਤ ਦੇ ਸੁਮੇਲ ਰਾਹੀਂ ਧੀਰਜਵਾਨ ਮਨੁੱਖ ਬਣਨ ਦੀ ਸਿੱਖਿਆ ਪ੍ਰਦਾਨ ਕਰਦੇ ਹਨ।

## ਵਿਅਕਤੀਗਤ ਅਤੇ ਸਮੂਹਕ

ਸਰੀਰਕ ਅਤੇ ਮਾਨਸਿਕ ਕਿਰਤ ਨੂੰ ਅੱਗੋਂ ਦੋ ਰੂਪਾਂ ਵਿੱਚ ਵੰਡਿਆ ਜਾ ਸਕਦਾ ਹੈ - ਵਿਅਕਤੀਗਤ ਕਿਰਤ ਅਤੇ ਸਮੂਹਕ ਕਿਰਤ। ਗੁਰੂ ਨਾਨਕ ਦੇਵ ਜੀ ਦੇ ਸਮੇਂ ਵਧੇਰੇ ਕਰਕੇ ਵਿਅਕਤੀਗਤ ਕਿਰਤ ਹੀ ਪ੍ਰਚਲਿਤ ਸੀ। ਹਰੇਕ ਮਨੁੱਖ ਆਪਣੀ ਵਿਅਕਤੀਗਤ ਕਿਰਤ ਰਾਹੀਂ ਕੋਈ ਨਾ ਕੋਈ ਉਪਯੋਗੀ ਪਦਾਰਥ ਉਤਪੰਨ ਕਰਦਿਆਂ ਆਪਣੀ ਰੋਜ਼ੀ ਕਮਾਉਂਦਾ ਸੀ, ਜਿਵੇਂ ਲੁਹਾਰ ਆਪਣੀ ਵਿਅਕਤੀਗਤ ਕਿਰਤ ਰਾਹੀਂ ਲੋਹੇ ਦਾ ਕੋਈ ਸੰਦ ਬਣਾ ਕੇ ਜਾਂ ਜੁਲਾਹਾ ਕੱਪੜਾ ਬੁਣ ਕੇ ਉਪਜੀਵਕਾ ਕਮਾਉਂਦਾ ਸੀ, ਪਰ ਅੱਜਕੱਲ੍ਹ, ਉਦਯੋਗ ਦੇ ਮਸ਼ੀਨੀਕਰਣ ਰਾਹੀਂ, ਵਿਅਕਤੀਗਤ ਕਿਰਤ ਦੇ ਥਾਂ ਸਮੂਹਕ ਕਿਰਤ ਪ੍ਰਧਾਨ ਹੋ ਗਈ ਹੈ। ਜੇ ਲੋਹੇ ਦਾ ਕੋਈ ਸੰਦ ਬਣਾਨਾ ਹੋਵੇ ਤਾਂ ਉਸ ਨੂੰ ਇਕ ਕਾਰੀਗਰ ਨਹੀਂ, ਸਗੋਂ ਕਿਸੇ ਵੱਡੇ ਕਾਰਖਾਨੇ ਦੀਆਂ ਮਸ਼ੀਨਾਂ ਉੱਤੇ ਕੰਮ ਕਰਨ ਵਾਲੇ ਕਈ ਕਾਰੀਗਰ ਮਿਲ ਕੇ ਬਣਾਉਂਦੇ ਹਨ। ਹਰੇਕ ਕਾਰੀਗਰ ਉਸ ਸੰਦ ਦਾ ਕੋਈ ਪੁਰਜ਼ਾ ਬਣਾਨ ਦਾ ਕੰਮ ਕਰਦਾ ਹੈ। ਇਸੇ ਤਰ੍ਹਾਂ, ਜੇ ਕੱਪੜਾ ਬੁਣਨਾ ਹੋਵੇ ਤਾਂ ਉਸ ਨੂੰ ਇੱਕ ਵਿਅਕਤੀ ਨਹੀਂ, ਸਗੋਂ ਕਈ ਵਿਅਕਤੀ ਸਮੂਹਕ ਕਿਰਤ ਰਾਹੀਂ ਬੁਣ ਕੇ ਵਿਖਾਉਂਦੇ ਹਨ। ਇਸ ਨਾਲ ਅੱਜਕੱਲ੍ਹ ਕਾਰਖਾਨੇਦਾਰਾਂ ਅਤੇ ਕਾਮਿਆਂ ਦੇ ਸੰਬੰਧਾਂ ਵਿਚਕਾਰ ਕਈ ਸਮੱਸਿਆਵਾਂ ਖੜ੍ਹੀਆਂ ਹੋ ਗਈਆਂ ਹਨ, ਜਿਹੜੀਆਂ ਗੁਰੂ ਨਾਨਕ ਦੇਵ ਜੀ ਦੇ ਸਮੇਂ ਅਜੇ ਉਤਪੰਨ ਨਹੀਂ ਸਨ ਹੋਈਆਂ ਅਤੇ ਜਿਨ੍ਹਾਂ ਦਾ ਵਰਣਨ ਕਰਨ ਦੀ ਇਥੇ ਕੋਈ ਲੋੜ ਪ੍ਰਤੀਤ ਨਹੀਂ ਹੁੰਦੀ।

---

29. ਆਸਾ ਦੀ ਵਾਰ, ਸਲੋਕ ਮ:1, ਆਦਿ ਗ੍ਰੰਥ, ਪੰਨਾ 467.

ਇਹ ਠੀਕ ਹੈ ਕਿ ਗੁਰੂ ਨਾਨਕ ਦੇਵ ਜੀ ਨੇ, ਆਪਣੇ ਸਮੇਂ ਦੀ ਪਰਕਿਰਤੀ ਅਨੁਸਾਰ, ਵਿਅਕਤੀਗਤ ਕਿਰਤ ਨੂੰ ਵੀ ਸਨਮਾਨਿਆ ਹੈ, ਪਰ ਇਸ ਦਾ ਇਹ ਭਾਵ ਨਹੀਂ ਕਿ ਆਪਜੀ ਨੇ ਸਮੂਹਕ ਕਿਰਤ ਨੂੰ ਮੁੱਢੋਂ ਹੀ ਅਪਰਵਾਨ ਕੀਤਾ ਹੈ। ਵਾਸਤਵ ਵਿੱਚ, ਆਪਜੀ ਨੇ ਕਰਤਾਰਪੁਰ ਵਿਖੇ ਜਿਹੜੀ ਖੇਤੀ ਦੀ ਕਿਰਤ ਸ਼ੁਰੂ ਕੀਤੀ ਹੋਈ ਸੀ, ਉਹ ਸਮੂਹਕ ਕਿਰਤ ਦਾ ਹੀ ਇਕ ਉੱਤਮ ਨਮੂਨਾ ਸੀ। ਭਾਵੇਂ ਉਹ ਅਜੋਕੀ ਸਮੂਹਕ ਕਿਰਤ ਵਾਂਗ ਵਿਸ਼ਾਲ ਪੈਮਾਨੇ ਉੱਤੇ ਆਧਾਰਿਤ ਨਹੀਂ ਸੀ, ਪਰ ਫਿਰ ਵੀ ਉਹ ਕਾਫ਼ੀ ਵੱਡੇ ਖੇਤਰ ਵਿੱਚ ਫੈਲੀ ਹੋਈ ਸੀ ਅਤੇ ਉਥੇ ਰਹਿਣ ਵਾਲੇ ਸਭ ਸੰਗੀਆਂ ਨੂੰ ਕੰਮ ਕਰਨ ਦੇ ਪੂਰੇ ~~ਮੌਕੇ~~ ਅਵਸਰ ਪ੍ਰਦਾਨ ਕਰਦੀ ਸੀ। ਇਸ ਦੇ ਨਾਲ ਹੀ ਉਹ ਇਕ ਅਜਿਹੀ ਸਮੂਹਕ ਕਿਰਤ ਸੀ, ਜਿਸ ਦੀ ਸਮੁੱਚੀ ਉਪਜ ਨੂੰ ਸਮੂਹਕ ਲਾਭ ਲਈ ਵਰਤਿਆ ਜਾਂਦਾ ਸੀ।

ਗੁਰੂ ਨਾਨਕ ਦੇਵ ਜੀ ਨੇ ਜਿਥੇ ਵਿਅਕਤੀਗਤ ਕਿਰਤ ਵਿੱਚ ਸੱਚ ਦੀ ਕਮਾਈ ਕਰਨ ਉੱਤੇ ਜ਼ੋਰ ਦਿੱਤਾ ਹੈ,[30] ਉਥੇ ਸਮੂਹਕ ਕਿਰਤ ਵਿੱਚ ਗੁਣਾਂ ਦੀ ਸਾਂਝ ਕਰਨ ਦਾ ਬਲਵਾਨ ਉਪਦੇਸ਼ ਵੀ ਦਿੱਤਾ ਹੈ। ਗੁਰੂ ਜੀ ਸਮਝਾਉਂਦੇ ਹਨ ਕਿ ਜਦੋਂ ਬਹੁਤ ਸਾਰੇ ਵਿਅਕਤੀ ਕਿਸੇ ਕੰਮ ਲਈ ਇਕੱਤਰ ਹੁੰਦੇ ਹਨ ਤਾਂ ਉਨ੍ਹਾਂ ਵਿਚੋਂ ਅਨੇਕ ਕੋਈ ਨਾ ਕੋਈ ਨਿੱਜੀ ਗੁਣ ਦਿਖਾਉਂਦਾ ਹੈ। ਜੇ ਉਹ ਨਿੱਜੀ ਗੁਣ ਨੂੰ ਕੇਵਲ ਆਪਣੇ ਤੱਕ ਹੀ ਸੀਮਤ ਰੱਖੇ ਤਾਂ ਉਸ ਦਾ ਸਮੂਹਕ ਲਾਭ ਪ੍ਰਾਪਤ ਨਹੀਂ ਹੋ ਸਕਦਾ। ਇਸ ਲਈ ਗੁਰੂ ਜੀ ਇਕ ਥਾਂ ਇਕੱਤਰ ਹੋਏ ਕੰਮ ਕਰਨ ਵਾਲੇ ਵਿਅਕਤੀਆਂ ਨੂੰ ਉਪਦੇਸ਼ਦੇ ਹਨ ਕਿ ਉਹ ਗੁਣਾਂ ਦੀ ਸਾਂਝ ਰਾਹੀਂ ਸਮੂਹਕ ਲਾਭ ਵਿੱਚ ਹਿੱਸਾ ਪਾ ਕੇ ਵਿਖਾਣ। ਆਪ ਸਮੂਹਕ ਕਿਰਤ ਵਿੱਚ ਗੁਣਾਂ ਦੀ ਸਾਂਝ ਕਰਨ ਦੀ ਜਾਚ ਇਉਂ ਸਿਖਾਉਂਦੇ ਹਨ:-

ਗੁਣਾ ਕਾ ਹੋਵੈ ਵਾਸੁਲਾ ਕਢਿ ਵਾਸੁ ਲਈਜੈ।
ਜੇ ਗੁਣ ਹੋਵਨਿ ਸਾਜਨਾ ਮਿਲਿ ਸਾਝ ਕਰੀਜੈ।।[31]

ਇਉਂ, ਗੁਰੂ ਨਾਨਕ ਦੇਵ ਜੀ, ਸਮੇਂ ਦੀ ਮੰਗ ਅਨੁਸਾਰ ਵਿਅਕਤੀਗਤ ਕਿਰਤ ਨੂੰ ਪਰਧਾਨ ਮੰਨਦੇ ਹੋਏ ਵੀ, ਉਸ ਸਮੂਹਕ ਕਿਰਤ ਨੂੰ ਵਿਸ਼ੇਸ਼ ਮਾਣਤਾ ਪ੍ਰਦਾਨ ਕਰਦੇ ਹਨ, ਜਿਸ ਰਾਹੀਂ ਗੁਣਾਂ ਦੀ ਸਾਂਝ ਹੋ ਸਕੇ।

---

30. "ਕੂੜੁ ਬੋਲਿ ਮੁਰਦਾਰੁ ਖਾਇ।।"
ਵਾਰ ਮਾਝ, ਸਲੋਕ ਮ: 1, ਆਦਿ ਗ੍ਰੰਥ, ਪੰਨਾ 139.

31. ਰਾਗੁ ਸੂਹੀ ਮ: 1, ਆਦਿ ਗ੍ਰੰਥ ਪੰਨਾ, 765-66.

## ਅਭਿਮਾਨੀ ਅਤੇ ਅਭਿਮਾਨ-ਰਹਿਤ

ਗੁਰੂ ਨਾਨਕ ਦੇਵ ਜੀ ਨੇ ਕਿਰਤ ਦੇ ਉਪਰੋਕਤ ਦੋ ਰੂਪਾਂ ਉਪਰੰਤ ਅਭਿਮਾਨੀ ਅਤੇ ਅਭਿਮਾਨ-ਰਹਿਤ ਕਿਰਤ ਵੱਲ ਵੀ ਸੰਕੇਤ ਕੀਤਾ ਹੈ। ਆਪਜੀ ਨੇ ਸਦਾ ਅਭਿਮਾਨ-ਰਹਿਤ ਕਿਰਤ ਕਰਨ ਦਾ ਆਦੇਸ਼ ਦਿੱਤਾ ਹੈ, ਪਰ, ਆਪਜੀ ਦੇ ਵਿਚਾਰ ਅਨੁਸਾਰ; ਕਿਰਤ ਵਿੱਚ ਅਭਿਮਾਨ ਦਾ ਅੰਸ਼ ਉਦੋਂ ਆ ਜਾਂਦਾ ਹੈ ਜਦੋਂ ਕੋਈ ਵਿਅਕਤੀ ਆਪਣੇ ਆਪ ਨੂੰ ਕਿਰਤੀਆਂ ਦਾ 'ਸਿਕਦਾਰ' ਜਾਂ ਨਿਗਰਾਣ ਸਮਝਣ ਲੱਗ ਪੈਂਦਾ ਹੈ। ਇਹ ਸਿਕਦਾਰ ਆਪਣੇ ਹੱਥੀਂ ਤਾਂ ਕੋਈ ਕੰਮ ਨਹੀਂ ਕਰਦਾ, ਪਰ ਦੂਜਿਆਂ ਦੀ ਨਿਗਰਾਣੀ ਕਰਨ ਨੂੰ ਹੀ ਬੜਾ ਭਾਰੀ ਕੰਮ ਸਮਝ ਕੇ ਅਭਿਮਾਨੀ ਬਣ ਬਹਿੰਦਾ ਹੈ। ਪਰ, ਗੁਰੂ ਨਾਨਕ ਦੇਵ ਜੀ ਦੇ ਵਿਚਾਰ ਅਨੁਸਾਰ, ਇਹੋ ਜਿਹਾ ਮਨੁੱਖ ਕਿਰਤ ਦਾ ਅਸਲ ਭਾਵ ਹੀ ਨਹੀਂ ਸਮਝਦਾ। ਇਸ ਦੇ ਅਸਲ ਭਾਵ ਅਨੁਸਾਰ ਤਾਂ ਨਿਗਰਾਣ ਦੀ ਕੋਈ ਲੋੜ ਹੀ ਨਹੀਂ ਹੁੰਦੀ, ਕਿਉਂ ਜੋ ਹਰੇਕ ਕਿਰਤੀ ਆਪਣੀ ਨਿਗਰਾਣੀ ਆਪ ਕਰ ਸਕਦਾ ਹੈ। ਕਿਰਤ ਦੇ ਖੇਤਰ ਵਿੱਚ ਤਾਂ ਕੋਈ 'ਚਾਕਰ' ਜਾਂ 'ਸਿਕਦਾਰ' ਹੋ ਹੀ ਨਹੀਂ ਸਕਦਾ। ਗੁਰੂ ਜੀ ਤਾਂ ਇਹ ਵੀ ਦਰਸਾ ਦਿੰਦੇ ਹਨ ਕਿ ਆਪਣੇ ਆਪ ਨੂੰ ਵੱਡਾ ਸਿਕਦਾਰ ਸਮਝਣ ਵਾਲਾ ਅਭਿਮਾਨੀ ਮਨੁੱਖ ਅੰਤ ਵਿੱਚ ਖੁਆਰੀ ਦਾ ਮੂੰਹ ਵੇਖਦਾ ਹੈ, ਕਿਉਂ ਜੋ ਉਸ ਦੇ ਅਭਿਮਾਨ ਤੋਂ ਤੰਗ ਆਏ ਹੋਏ 'ਚਾਕਰ' ਹੀ ਉਸ ਦੇ ਗਲ ਵਿੱਚ ਜ਼ੰਜੀਰ ਪਾ ਕੇ ਉਸ ਨੂੰ ਮਾਰਨ ਉਤੇ ਤੁਲ ਪੈਂਦੇ ਹਨ। ਗੁਰੂ ਜੀ ਇਹੋ ਜਿਹੇ ਅਭਿਮਾਨੀ 'ਸਿਕਦਾਰਾਂ' ਨੂੰ ਆਪਣੇ 'ਚਾਕਰਾਂ' ਹੱਥੀਂ ਮੌਤ ਦਾ ਰਸ ਭੋਗਦਿਆਂ ਇਉਂ ਵਿਖਾਉਂਦੇ ਹਨ:-

> ਜਿਸੁ ਸਿਕਦਾਰੀ ਤਿਸਹਿ ਖੁਆਰੀ ਚਾਕਰ ਕੇਹੇ ਡਰਣਾ।।
> ਜਾ ਸਿਕਦਾਰੈ ਪਵੈ ਜੰਜੀਰੀ ਤਾ ਚਾਕਰ ਹਥਹੁ ਮਰਣਾ।।[32]

ਵਾਸਤਵ ਵਿੱਚ, ਇਸ ਤਾੜਨਾ ਰਾਹੀਂ ਗੁਰੂ ਨਾਨਕ ਦੇਵ ਜੀ ਜਿਥੇ ਸਭ ਕਿਰਤੀਆਂ ਅਤੇ ਨਿਗਰਾਣਾਂ ਨੂੰ ਸਦਾ ਅਭਿਮਾਨ-ਰਹਿਤ ਰਹਿਣ ਦਾ ਉਪਦੇਸ਼ ਦਿੰਦੇ ਹਨ, ਉਥੇ ਇਹ ਉਪਦੇਸ਼ ਵੀ ਦੇ ਦਿੰਦੇ ਹਨ ਕਿ ਦੂਜਿਆਂ ਦੀ ਕਿਰਤ-ਨਿਗਰਾਣੀ ਕਰਨ ਨਾਲੋਂ ਆਪਣੇ ਹੱਥੀਂ ਕਿਰਤ ਕਰਨ ਵਿੱਚ ਹੀ ਮਨੁੱਖ ਦੀ ਅਸਲ ਵਡਿਆਈ ਹੈ।

## 'ਹੁਕਮ ਰਜਾਈ' ਅਤੇ 'ਹੁਕਮ ਵਿਰੋਧੀ',

ਗੁਰੂ ਨਾਨਕ ਦੇਵ ਜੀ ਦੇ ਵਿਚਾਰ ਅਨੁਸਾਰ, ਮਨੁੱਖ ਦੀ ਕਿਰਤ 'ਹੁਕਮ ਰਜਾਈ' ਜਾਂ 'ਹੁਕਮ ਵਿਰੋਧੀ' ਹੋ ਸਕਦੀ ਹੈ। 'ਹੁਕਮ ਰਜਾਈ' ਕਿਰਤ ਉਹ ਹੁੰਦੀ ਹੈ, ਜਿਹੜੀ

---

32. ਰਾਮਕਲੀ ਮ: 1, ਆਦਿ ਗ੍ਰੰਥ ਪੰਨਾ 902-3.

ਪਰਮਾਤਮਾ ਦੇ ਹੁਕਮ ਅਨੁਸਾਰ ਚਲ ਕੇ, ਅਰਥਾਤ, ਉਸ ਦੀ ਰਜ਼ਾ ਵਿੱਚ ਰਹਿ ਕੇ, ਕੀਤੀ ਜਾਏ ਅਤੇ 'ਹੁਕਮ ਵਿਰੋਧੀ' ਕਿਰਤ ਉਹ ਹੁੰਦੀ ਹੈ, ਜਿਹੜੀ ਉਸਦੇ ਹੁਕਮ ਵਿਰੁਧ ਚਲ ਕੇ ਕੀਤੀ ਜਾਏ। ਗੁਰੂ ਜੀ ਦੀ ਪਰਬਲ ਇੱਛਾ ਇਹੋ ਹੈ ਕਿ ਹਰੇਕ ਮਨੁੱਖ ਦੀ ਕਿਰਤ ਪਰਮਾਤਮਾ ਦੇ ਹੁਕਮ ਅਨੁਸਾਰ 'ਹੁਕਮ ਰਜਾਈ' ਹੋਵੇ। ਇਸ ਲਈ ਆਪ ਇਸ ਸੰਬੰਧੀ ਇਹ ਪਰਮ-ਸਚਿਆਈਆਂ ਦ੍ਰਿੜ੍ਹ ਕਰਵਾਉਂਦੇ ਹਨ:-

1) ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ।।[33]
2) ਜਿਵ ਜਿਵ ਹੁਕਮੁ ਤਿਵੈ ਤਿਵ ਕਾਰ।।[34]

'ਹੁਕਮ ਰਜਾਈ', ਕਿਰਤ ਕਰਨ ਵਾਲਾ ਮਨੁੱਖ ਆਪਣੀ ਕਿਰਤ ਵਿੱਚੋਂ ਹੀ ਪਰਮਾਤਮਾ ਦਾ ਹੁਕਮ ਪਛਾਣਦਾ ਹੈ। ਪਰ ਕੋਈ ਅਜਿਹੇ ਮਨੁੱਖ ਵੀ ਹੁੰਦੇ ਹਨ, ਜਿਹੜੇ ਪਰਮਾਤਮਾ ਦੇ ਹੁਕਮ ਵੱਲ ਕੋਈ ਧਿਆਨ ਨਾ ਦੇਂਦਿਆਂ ਕੇਵਲ ਮਾਇਆ ਕਮਾਣ ਵੱਲ ਹੀ ਧਿਆਨ ਦਿੰਦੇ ਹਨ। ਜੇ ਮਾਇਆ ਕਮਾਣ ਲਈ ਉਨ੍ਹਾਂ ਨੂੰ ਪਰਮਾਤਮਾ ਦੇ ਹੁਕਮ ਵਿਰੁਧ ਚਲਣਾ ਪਵੇ ਤਦ ਵੀ ਕੋਈ ਸੰਕੋਚ ਨਹੀਂ ਕਰਦੇ। ਉਹ ਮਾਇਆ-ਪ੍ਰਾਪਤੀ ਦੇ ਲੋਭ ਵਿੱਚ ਆ ਕੇ ਇਹ ਸਮਝਦੇ ਹਨ ਕਿ ਕੇਵਲ ਉਹੀ ਕੰਮ ਚੰਗਾ ਹੈ, ਜਿਹੜਾ ਵੱਧ ਤੋਂ ਵੱਧ ਮਾਇਕ ਲਾਭ ਪਹੁੰਚਾ ਸਕਦਾ ਹੈ। ਪਰ 'ਹੁਕਮ ਰਜਾਈ' ਕਿਰਤ ਕਰਨ ਵਾਲਾ ਮਨੁੱਖ ਕਿਸੇ ਕਿਰਤ ਦੀ ਚੰਗਿਆਈ ਜਾਂਚਣ ਲਈ ਇਹ ਮਾਪ ਨਹੀਂ ਵਰਤਦਾ। ਉਹ ਤਾਂ ਉਸੇ ਕਿਰਤ ਨੂੰ ਚੰਗੀ ਸਮਝਦਾ ਹੈ, ਜਿਹੜੀ ਪਰਮਾਤਮਾ ਨੂੰ ਭਾਉਂਦੀ ਹੈ। ਉਹ ਤਾਂ ਸਦਾ ਇਹ ਮੰਨਦਾ ਹੈ:-

ਜੋ ਤੁਧੁ ਭਾਵੈ ਸਾਈ ਭਲੀ ਕਾਰ।।[35]

ਇਸ ਵਿਚਾਰ ਅਨੁਸਾਰ, ਗੁਰੂ ਨਾਨਕ ਦੇਵ ਜੀ ਇਹ ਸਿੱਧ ਕਰਦੇ ਹਨ ਕਿ ਮਨੁੱਖ ਦੀ ਕਿਰਤ ਤਦ ਹੀ ਚੰਗੀ ਅਖਵਾ ਸਕਦੀ ਹੈ ਜਦੋਂ ਉਹ ਪਰਮਾਤਮਾ ਦੀ ਪਰਵਾਨਗੀ ਨੂੰ ਮੁੱਖ ਰੱਖਦੀ ਹੈ, ਅਰਥਾਤ ਉਸਦੇ ਹੁਕਮ ਅਨੁਸਾਰ ਚਲਦੀ ਹੋਈ 'ਹੁਕਮ ਰਜਾਈ' ਕਿਰਤ ਬਣ ਕੇ ਵਿਖਾਉਂਦੀ ਹੈ।

(ਸ) ਕਿਰਤ ਦੀ ਆਵੱਸ਼ਕਤਾ

ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਜੀਵਨ ਦੀ ਸਫਲਤਾ ਲਈ ਕਿਰਤ ਦੀ ਆਵੱਸ਼ਕਤਾ

---

33. ਜਪੁਜੀ, ਆਦਿ ਗ੍ਰੰਥ, ਪੰਨਾ 1.
34. -ਉਹੀ- , -ਉਹੀ, ਪੰਨਾ 8.
35. -ਉਹੀ- , -ਉਹੀ, ਪੰਨਾ 3.

ਉਤੇ ਅਧਿਕ ਬਲ ਦਿੱਤਾ ਹੈ। ਇਸ ਸੰਬੰਧੀ ਆਪਜੀ ਨੇ ਕਿਰਤ ਦੀਆਂ ਤਿੰਨ ਮੁੱਖ ਆਕਾਂਖਿਆਵਾਂ, ਅਰਥਾਤ ਸਵੈ-ਨਿਰਭਰਤਾ, ਸਿਮਰਨ ਚੇਤਨਾ ਅਤੇ ਸਮਾਜਕ ਉਪਯੋਗਤਾ ਦਾ ਵਿਸ਼ੇਸ਼ ਵਰਣਨ ਕੀਤਾ ਹੈ।

<u>ਸਵੈ-ਨਿਰਭਰਤਾ</u>

ਗੁਰੂ ਨਾਨਕ ਦੇਵ ਜੀ ਨੇ ਹਰੇਕ ਮਨੁੱਖ ਲਈ ਸਵੈ-ਨਿਰਭਰਤਾ ਪ੍ਰਾਪਤ ਕਰਨਾ ਜ਼ਰੂਰੀ ਦਰਸਾਇਆ ਹੈ। ਗੁਰੂ ਜੀ ਅਨੁਸਾਰ, ਮਨੁੱਖ ਦਾ ਸੰਸਾਰ ਵਿੱਚ ਸਤਿਕਾਰ ਜਾਂ 'ਪਤ' ਨਾਲ ਜੀਊਣਾ ਹੀ ਅਸਲ ਜੀਊਣਾ ਹੈ ਅਤੇ ਇਹ ਕੇਵਲ ਸਵੈ-ਨਿਰਭਰਤਾ ਰਾਹੀਂ ਸੰਭਵ ਹੋ ਸਕਦਾ ਹੈ। ਸਵੈ-ਨਿਰਭਰਤਾ ਤੋਂ ਬਿਨਾਂ 'ਪਤ' ਨਾਲ ਜੀਊਣਾ ਤਾਂ ਕੀ ਮਨੁੱਖ 'ਪਤ' ਨਾਲ ਖਾਣਾ ਵੀ ਨਹੀਂ ਖਾ ਸਕਦਾ। ਇਸ ਸੰਬੰਧੀ ਗੁਰੂ ਜੀ ਇਹ ਵੀ ਦਰਸਾ ਦਿੰਦੇ ਹਨ ਕਿ 'ਪਤ' ਗੁਆ ਕੇ ਖਾਣਾ ਕਿਸੇ ਅਰਥ ਨਹੀਂ ਹੈ ਕਿਉਂ ਜੋ :-

ਜੇ ਜੀਵੈ ਪਤ ਲਥੀ ਜਾਇ ॥
ਸਭੁ ਹਰਾਮੁ ਜੇਤਾ ਕਿਛੁ ਖਾਇ ॥[36]

ਵਾਸਤਵ ਵਿੱਚ, ਗੁਰੂ ਜੀ ਇਵੇਂ ਇਹ ਦਰਸਾਉਂਦੇ ਹਨ ਕਿ ਆਪਣੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਮਨੁੱਖ ਨੂੰ ਦੂਜਿਆਂ ਦੀ ਕਮਾਈ ਵੱਲ ਕਦੀ ਨਹੀਂ ਤਾਕਣਾ ਚਾਹੀਦਾ। ਪ੍ਰੋ. ਸੁਰਿੰਦਰ ਸਿੰਘ ਨੇ ਇਸ ਸੰਬੰਧੀ ਲਿਖਿਆ ਹੈ :-

"ਜੋ ਸਿਖ ਧਰਮ ਦਾ ਪ੍ਰਮੁੱਖ ਨਿਯਮ ਹੀ ਵ੍ਯਕਤਿਗਤ ਮਾਣ ਨੂੰ ਧਾਰਨ ਕਰਨ ਦਾ ਹੈ, ਸਵੈ-ਸਤਿਕਾਰ ਨਾਲ ਜੀਉਣ ਦਾ ਹੈ, ਉਸ ਧਰਮ ਦੇ ਅਨੁਯਾਈਆਂ ਲਈ ਆਪਣੀਆਂ ਮੁਖੀ ਲੋੜਾਂ, ਖੁਰਾਕ, ਪੁਸ਼ਾਕ ਤੇ ਮਕਾਨ ਆਦਿ ਨੂੰ ਪੂਰਿਆਂ ਕਰਨ ਲਈ ਕਿਰਤ ਤੋਂ ਪਰੇ ਰਹਿਣਾ ਨਿਰਾਰਥਕ ਹੈ।"[37]

ਸੰਸਾਰ ਵਿੱਚ ਰਹਿੰਦਿਆਂ ਮਨੁੱਖ ਨੂੰ ਆਪਣੀਆਂ ਮੁੱਖ ਲੋੜਾਂ ਜ਼ਰੂਰ ਪੂਰੀਆਂ ਕਰਨੀਆਂ ਪੈਂਦੀਆਂ ਹਨ। ~~ਜੇ ਇਹ ਲੋੜਾਂ ਪੂਰੀਆਂ ਕਰਨੀਆਂ ਪੈਂਦੀਆਂ ਹਨ।~~ ਜੇ ਇਹ ਲੋੜਾਂ ਪੂਰੀਆਂ ਕਰਨ ਲਈ ਉਹ ਦੂਜਿਆਂ ਦੀ ਕਮਾਈ ਵੱਲ ਤਾਕਦਾ ਰਹੇਗਾ ਤਾਂ ਕਿਸੇ ਦੇ ਸਾਹਮਣੇ ਅੱਖਾਂ ਉਚੀਆਂ ਕਰ ਕੇ ਨਹੀਂ ਵੇਖ ਸਕੇਗਾ। ਪਰ ਜੇ ਇਨ੍ਹਾਂ ਕਰਨ ਲਈ ਉਹ ਆਪਣੀ

36. ਸਲੋਕ ਮਹਲਾ 1, 'ਵਾਰ ਮਾਝ ਕੀ' ਆਦਿ ਗ੍ਰੰਥ, ਪੰਨਾ 142.
37. 'ਸਿੱਖ ਧਰਮ ਵਿੱਚ ਕਿਰਤ ਤੇ ਸੇਵਾ' -(ਗੁਰਮਤਿ ਪ੍ਰਕਾਸ਼), ਪੰਨਾ 20 (ਅਪ੍ਰੈਲ-1974)

ਕਿਰਤ ਕਮਾਈ ਉਤੇ ਨਿਰਭਰ ਰਹੇਗਾ ਤਾਂ ਸਦਾ ਉਚੀਆਂ ਅੱਖਾਂ ਰੱਖ ਕੇ ਜੀਵਨ ਬਿਤਾ ਸਕੇਗਾ। ਇਸੇ ਗੱਲ ਨੂੰ ਮੁੱਖ ਰੱਖਦਿਆਂ ਡਾ: ਅਜੀਤ ਸਿੰਘ ਸਿੱਕਾ ਨੇ ਇਉਂ ਲਿਖਿਆ ਹੈ :-

> " ਆਪਣੇ ਦੋਹਾਂ ਹੱਥਾਂ ਅਤੇ ਬੁੱਧੀ ਰਾਹੀਂ ਕੰਮ ਕਰਨ ਦਾ ਉਦੇਸ਼ ਇਹ ਹੈ ਕਿ ਸਮਾਜ ਵਿੱਚ ਆਦਰ ਜੋਗ ਜੀਵਨ ਬਿਤਾਇਆ ਜਾ ਸਕੇ। ਇਸ ਲਈ ਹਰੇਕ ਮਨੁੱਖ ਨੂੰ ਆਪਣੀ ਕਮਾਈ ਰਾਹੀਂ ਜੀਵਨ-ਨਿਰਬਾਹ ਕਰਨ ਦਾ ਉਪਦੇਸ਼ ਦਿੱਤਾ ਗਿਆ ਹੈ ......... ਇਸੇ ਕਾਰਨ ਕਰ ਕੇ ਗੁਰੂ ਨਾਨਕ ਦੇਵ ਜੀ ਨੇ ਕਿਰਤ ਨੂੰ ਆਪਣੇ ਧਾਰਮਕ ਸਿਧਾਂਤਾਂ ਵਿੱਚ ਵਿਸ਼ੇਸ਼ ਸਥਾਨ ਪ੍ਰਦਾਨ ਕੀਤਾ ਹੈ।[38]

ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਜੀਵਨ ਲਈ ਕਿਰਤ ਦਾ ਕੇਵਲ ਸਿਧਾਂਤਕ ਪਰਚਾਰ ਹੀ ਨਹੀਂ ਕੀਤਾ ਸਗੋਂ ਇਸ ਨੂੰ ਆਪਣੇ ਜੀਵਨ ਦਾ ਅਮਲੀ ਭਾਗ ਵੀ ਬਣਾ ਕੇ ਵਿਖਾਇਆ ਹੈ। ਆਪਜੀ ਨੇ ਕਰਤਾਰਪੁਰ ਵਿਖੇ ਆਪਣੇ ਜੀਵਨ ਦਾ ਅੰਤਲਾ ਪੜਾ ਕਿਰਤ ਦੇ ਲੇਖੇ ਲਾਉਂਦਿਆਂ ਇਸ ਨੂੰ ਆਪਣੇ ਜੀਵਨ ਦਾ ਵਿਸ਼ੇਸ਼ ਅੰਗ ਬਣਾ ਦਿੱਤਾ।

<u>ਸਿਮਰਨ-ਏਕਤਾ</u>

ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ ਕਿ ਮਨੁੱਖ ਲਈ ਜਿਥੇ ਕਿਰਤ ਕਰ ਕੇ ਰੋਜ਼ੀ ਕਮਾਉਣਾ ਜ਼ਰੂਰੀ ਹੈ, ਉਥੇ ਉਸ ਲਈ ਇਹ ਵੀ ਜ਼ਰੂਰੀ ਹੈ ਕਿ ਉਹ ਰੋਜ਼ੀ ਕਮਾਈ ਦੇ ਸਾਧਨ ਪ੍ਰਦਾਨ ਕਰਨ ਵਾਲੇ ਦਾਤਾਰ ਦਾ ਧੰਨਵਾਦ ਕਰ ਕੇ ਵਿਖਾਏ। ਉਸ ਨੂੰ ਚਾਹੀਦਾ ਹੈ ਕਿ ਉਹ ਹਰ ਵੇਲੇ ਉਸ ਦਾਤੇ ਦਾ ਧੰਨਵਾਦ ਕਰਦਾ ਰਹੇ, ਜਿਹੜਾ ਉਸਨੂੰ ਲੋੜੀਦੀਆਂ ਵਸਤਾਂ ਉਤਪੰਨ ਕਰਨ ਦੇ ਯੋਗ ਬਣਾਉਂਦਾ ਹੈ। ਸੱਚੇ ਦਿਲੋਂ ਕੀਤਾ ਹੋਇਆ ਇਹ ਧੰਨਵਾਦ ਨਾਮ ਸਿਮਰਨ ਦਾ ਰੂਪ ਧਾਰ ਲੈਂਦਾ ਹੈ। ਗੁਰੂ ਜੀ ਇਹ ਵੀ ਫਰਮਾਉਂਦੇ ਹਨ ਕਿ ਕੇਵਲ ਕਿਰਤੀ ਮਨੁੱਖ ਹੀ ਪਰਮਾਤਮਾ ਦਾ ਸੱਚੇ ਦਿਲੋਂ ਧੰਨਵਾਦ ਕਰਦਾ ਹੋਇਆ ਨਾਮ ਸਿਮਰਨ ਦੀ ਪੂਰੀ ਏਕਤਾ ਪ੍ਰਾਪਤ ਕਰ ਸਕਦਾ ਹੈ। ਇਉਂ, ਗੁਰੂ ਜੀ ਇਹ ਨਿਰਣਾ ਕਰ ਕੇ ਦਸ ਦਿੰਦੇ ਹਨ ਕਿ ਚਿਤ ਲਾ ਕੇ ਕੀਤੀ ਹੋਈ 'ਕਿਰਤ' ਹੀ 'ਭਗਤੀ' ਦਾ ਰੂਪ ਧਾਰ ਲੈਂਦੀ ਹੈ ਅਤੇ ਇਨ੍ਹਾਂ ਦੋਹਾਂ ਵਿੱਚ ਕੋਈ ਅੰਤਰ ਨਹੀਂ ਰਹਿੰਦਾ। ਆਪ ਹਰੇਕ ਮਨੁੱਖ ਨੂੰ 'ਕਿਰਤ' ਅਤੇ

---

38. The aim of doing honest-work with his both hands and intellect is to lead an honourable life in society. Therefore, everyone is urged to live on his own livings.... It was the reason that Guru Nanak assigned labour a special place among his religious tenets."- 'Facets of Guru Nanak's Thought', P.111 ( Ludhiana, Bee Kay Publications), 1972.

'ਕਿਰਤ' ਦਾ ਸਾਂਝਾ ਕਰਤੱਵ ਨਿਭਾਣ ਦਾ ਇਹ ਉਪਦੇਸ਼ ਦਿੱਤੇ ਹਨ :-

ਲਾਇ ਚਿਤੁ ਕਰਿ ਚਾਕਰੀ ਮੰਨਿ ਨਾਮੁ ਕਰਿ ਕੰਮੁ॥[39]

ਗੁਰੂ ਨਾਨਕ ਦੇਵ ਜੀ ਦਾ ਵਿਚਾਰ ਹੈ ਕਿ ਜਿਵੇਂ ਕਿਰਤੀ ਮਨੁੱਖ ਰੋਟੀ ਆਦਿਕ ਹਰੇਕ ਗਰਾਹੀ ਮੂੰਹ ਵਿੱਚ ਪਾਣ ਵੇਲੇ ਉਸ ਪਾਲਣਹਾਰ ਦਾ ਧੰਨਵਾਦ ਕਰਦਾ ਹੈ, ਉਥੇ ਕਿਰਤਚੋਰ ਮਨੁੱਖ ਇਸ ਧੰਨਵਾਦ ਦਾ ਵਿਚਾਰ ਤੱਕ ਆਪਣੇ ਮਨ ਵਿੱਚ ਨਹੀਂ ਲਿਆ ਸਕਦਾ, ਕਿਉਂਕਿ ਉਹ ਆਪਣੇ ਆਪ ਨੂੰ ਹੀ ਪਾਲਣਹਾਰ ਸਮਝਦਾ ਹੋਇਆ ਪ੍ਰਭੂ-ਧੰਨਵਾਦ ਤੋਂ ਸੱਖਣਾ ਰਹਿੰਦਾ ਹੈ।

ਗੁਰੂ ਨਾਨਕ ਦੇਵ ਜੀ ਦਾ ਇਹ ਦ੍ਰਿੜ੍ਹ ਵਿਸ਼ਵਾਸ ਹੈ ਕਿ ਜਦੋਂ ਤੱਕ ਮਨੁੱਖੀ ਹਿਰਦੇ ਵਿੱਚ ਹਉਮੈ ਦਾ ਅੰਸ਼ ਟਿਕਿਆ ਰਹਿੰਦਾ ਹੈ, ਉਦੋਂ ਤੱਕ ਉਹ ਸੱਚੇ ਦਿਲੋਂ ਸਿਮਰਨ ਨਹੀਂ ਕਰ ਸਕਦਾ, ਕਿਉਂਕਿ ਹਉਮੈ ਹੀ ਮਨੁੱਖ ਅਤੇ ਪਰਮਾਤਮਾ ਵਿਚਕਾਰ ਕੂੜ ਦੀ ਦੀਵਾਰ ਉਸਾਰ ਕੇ ਵਿੱਥ ਪਾਈ ਰੱਖਦਾ ਹੈ। ਇਸ ਕੂੜ ਦੀ ਦੀਵਾਰ ਨੂੰ ਤੋੜਨ ਲਈ ਹਉਮੈ ਤਿਆਗ ਕੇ ਰੱਬੀ ਹੁਕਮ ਅਨੁਸਾਰ ਚੱਲਣ ਦੀ ਲੋੜ ਹੈ।[40]

ਕੇਵਲ ਇਕ ਕਿਰਤੀ ਹੀ ਪ੍ਰਭੂ ਦੇਣ ਤੇ ਹਉਮੈ-ਰਹਿਤ ਹੋ ਕੇ ਕੂੜ ਦੀ ਦੀਵਾਰ ਤੋੜਦਿਆਂ ਨਾਮ-ਸਿਮਰਨ ਵਿੱਚ ਲੀਨ ਰਹਿ ਸਕਦਾ ਹੈ। ਇਸ ਦੇ ਵਿਪਰੀਤ, ਕਿਰਤ-ਚੋਰ ਮਨੁੱਖ ਹਉਮੈ ਦਾ ਤਿਆਗ ਕਦੀ ਨਹੀਂ ਕਰ ਸਕਦਾ। ਉਸ ਨੂੰ ਇਸ ਗੱਲ ਦਾ ਅਭਿਮਾਨ ਹੁੰਦਾ ਹੈ ਕਿ ਮੈਂ ਬਿਨਾਂ ਉਦਮ ਕੀਤਿਆਂ ਹਰ ਪ੍ਰਕਾਰ ਦੇ ਸੰਸਾਰੀ ਅਨੰਦ ਮਾਣ ਰਿਹਾ ਹਾਂ। ਇਸ ਅਭਿਮਾਨ ਵਿੱਚ ਫਸ ਕੇ ਉਹ ਆਪਣੇ ਅਤੇ ਪਰਮਾਤਮਾ ਵਿਚਕਾਰ ਪਈ ਹੋਈ ਕੂੜ ਦੀ ਦੀਵਾਰ ਨੂੰ ਹੋਰ ਪੱਕਿਆਂ ਕਰੀ ਜਾਂਦਾ ਹੈ ਅਤੇ ਨਾਮ ਸਿਮਰਨ ਦੀ ਬਰਕਤ ਤੋਂ ਵਾਂਝਾ ਰਹਿ ਜਾਂਦਾ ਹੈ।

ਇਉਂ ਗੁਰੂ ਨਾਨਕ ਦੇਵ ਜੀ ਸਿੱਧ ਕਰ ਦਿੰਦੇ ਹਨ ਕਿ ਜਿਥੇ ਕਿਰਤੀ ਮਨੁੱਖ ਆਪਣੀ ਸਿਮਰਨ-ਬਰਕਤ ਸਦਾ ਵਧਾਉਂਦਾ ਰਹਿੰਦਾ ਹੈ, ਉਥੇ ਕਿਰਤ-ਚੋਰ ਮਨੁੱਖ ਆਪਣੀ ਇਹ ਬਰਕਤ ਸਦਾ ਘਟਾਉਂਦਾ ਰਹਿੰਦਾ ਹੈ। ਇਸ ਲਈ ਨਾਮ-ਸਿਮਰਨ ਦੀ ਪੂਰੀ ਬਰਕਤ ਪ੍ਰਾਪਤ ਕਰਨ ਲਈ ਕਿਰਤ ਦੀ ਬੜੀ ਆਵੱਸ਼ਕਤਾ ਹੈ।

---

39. ਸੋਰਠ ਮਹਲਾ 1, ਆਦਿ ਗ੍ਰੰਥ, ਪੰਨਾ 595.

40. "ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥, ਜਪੁਜੀ, ਆਦਿ ਗ੍ਰੰਥ, ਪੰਨਾ 1.

## ਸਮਾਜਕ ਉਪਯੋਗਤਾ

ਕਿਰਤ ਦੀ ਸਮਾਜਕ ਉਪਯੋਗਤਾ ਇਸਦੀ ਸਾਰਥਕਤਾ ਵਿੱਚ ਬਹੁਤ ਵਾਧਾ ਕਰਦੀ ਹੈ। ਇਹ ਸਮਾਜ ਲਈ ਹਰ ਪੱਖੋਂ ਉਪਯੋਗੀ ਹੁੰਦੀ ਹੈ, ਕਿਉਂਕਿ ਇਹ ਉਸ ਦੇ ਵਿਕਾਸ ਦੇ ਹਰ ਖੇਤਰ ਵਿੱਚ ਸਹਾਇਤਾ ਕਰਦੀ ਹੈ। ਇਸ ਪੱਖੋਂ ਹਰੇਕ ਕਿਰਤੀ ਸਮਾਜ ਦਾ ਵਿਸ਼ੇਸ਼ ਉਪਯੋਗੀ ਅੰਗ ਬਣ ਕੇ ਵਿਖਾਉਂਦਾ ਹੈ। ਉਸ ਨੂੰ ਹਰ ਸਮੇਂ ਆਪਣੇ ਬਾਰੇ ਇਹ ਅਨੁਭਵ ਰਹਿੰਦਾ ਹੈ ਕਿ ਮੈਂ ਸਮਾਜ ਦਾ ਇਕ ਉਪਯੋਗੀ ਅੰਗ ਹਾਂ ਅਤੇ ਇਹ ਅਨੁਭਵ ਉਸ ਨੂੰ ਵੱਧ ਤੋਂ ਵੱਧ ਉਦਮ-ਸ਼ੀਲ ਬਣਾਈ ਰੱਖਦਾ ਹੈ। ਇਸ ਤੋਂ ਉਪਰੰਤ ਉਸ ਦਾ ਇਹ ਅਨੁਭਵ ਉਸ ਨੂੰ ਪੂਰਾ ਮਾਨਸਿਕ ਸੰਤੁਲਨ ਵੀ ਪ੍ਰਦਾਨ ਕਰਦਾ ਹੈ। ਉਹ ਸਮਾਜ ਵਿੱਚ ਆਪਣੀ ਉਪਯੋਗਤਾ ਪਛਾਣ ਕੇ ਮਾਨਸਿਕ ਤੌਰ ਉੱਤੇ ਹਰ ਤਰ੍ਹਾਂ ਨਾਲ ਅਰੋਗ ਰਹਿੰਦਾ ਹੈ। ਇਸ ਅਨੁਭਵ ਰਾਹੀਂ ਉਹ ਹਰ ਕੰਮ ਵਿੱਚ ਚੰਗੇ ਜਾਂ ਮੰਦੇ ਦੀ ਠੀਕ ਪਛਾਣ ਕਰ ਕੇ ਆਪਣਾ ਨੈਤਿਕ ਆਚਾਰ ਉੱਚਾ ਰੱਖਦਾ ਹੈ ਅਤੇ ਕੋਈ ਅਜਿਹਾ ਕੰਮ ਨਹੀਂ ਕਰਦਾ, ਜਿਹੜਾ ਸਮਾਜ ਦੀਆਂ ਨਜ਼ਰਾਂ ਵਿੱਚ ਨੀਵਾਂ ਗਿਣਿਆ ਜਾਵੇ। ਉਹ ਆਪਣੇ ਸਮਾਜਕ ਕਰਤੱਵਾਂ ਦਾ ਠੀਕ ਪਾਲਣ ਕਰਦਾ ਹੋਇਆ ਆਪਣੀ ਉੱਚੀ ਆਤਮਕ ਪਦਵੀ ਨੂੰ ਸਦਾ ਸਥਿਰ ਰੱਖਣ ਦਾ ਜਤਨ ਕਰਦਾ ਹੈ।

ਇਸ ਦੇ ਵਿਪਰੀਤ, ਕਿਰਤ-ਹੀਣ ਮਨੁੱਖ ਆਪਣੇ ਆਪ ਨੂੰ ਸਮਾਜ ਵਿੱਚ ਅਣ-ਉਪਯੋਗੀ ਅਨੁਭਵ ਕਰਦਾ ਹੈ। ਇਸ ਅਨੁਭਵ ਦੇ ਪ੍ਰਤਿਕਰਮ ਵਜੋਂ ਉਹ ਆਪਣਾ ਮਾਨਸਿਕ ਸੰਤੁਲਨ ਗਵਾ ਬਹਿੰਦਾ ਹੈ ਅਤੇ ਇਕ ਪ੍ਰਕਾਰ ਨਾਲ ਮਾਨਸਿਕ ਰੋਗੀ ਬਣ ਜਾਂਦਾ ਹੈ। ਇਸ ਸੰਬੰਧੀ ਪ੍ਰਸਿੱਧ ਮਨੋਵਿਗਿਆਨੀ ਜੈਨਲਡ ਸਕਾਟ ਲਿਖਦਾ ਹੈ :-

> "ਲਗਭਗ ਹਰੇਕ ਮਨੁੱਖ ਲਈ ਕੰਮ ਕਰਨਾ ਜ਼ਰੂਰੀ ਹੈ। ਇਸ ਲਈ, ਸਾਡੇ ਸਭਿਆਚਾਰਕ ਢਾਂਚੇ ਵਿੱਚ, ਜਿਹੜਾ ਵਿਅਕਤੀ ਕੋਈ ਕੰਮ ਨਹੀਂ ਕਰਦਾ, ਉਸ ਨੂੰ ਰੋਗੀ, ਪਾਗਲ ਜਾਂ ਕੁਕਰਮੀ ਸਮਝਿਆ ਜਾਂਦਾ ਹੈ ਅਤੇ, ਵਾਸਤਵ ਵਿੱਚ, ਹੁੰਦਾ ਵੀ ਇਵੇਂ ਹੀ ਹੈ।"[41]

ਅੱਜਕੱਲ੍ਹ ਦੇ ਮਨੋ-ਵਿਗਿਆਨੀ ਤਾਂ ਇਥੋਂ ਮੰਨਦੇ ਹਨ ਕਿ ਜੇ ਮਾਨਸਿਕ ਰੋਗੀ ਨੂੰ ਕਿਸੇ ਲਾਭਦਾਇਕ ਕੰਮ ਉੱਤੇ ਲਗਾ ਦਿੱਤਾ ਜਾਵੇ ਤਾਂ ਉਸ ਦਾ ਮਾਨਸਿਕ ਰੋਗ ਆਪੇ ਦੂਰ ਹੋ ਜਾਂਦਾ ਹੈ।

---

41. "Almost everyone is under an obligation to work. Therefore, in our cultural setting, some one who does not work is conside and may in fact be, either sick, mad or bad."- "Psychology of Work', Page 206 (Gerald Duck Worth & Co., London)1972.

ਇਸ ਇਲਾਜ ਨੂੰ ਕੰਮ-ਇਲਾਜ ਕਿਹਾ ਜਾਂਦਾ ਹੈ। ਅੱਜ ਕੱਲ੍ਹ ਕਈ ਮਾਨਸਿਕ ਹਸਪਤਾਲਾਂ ਵਿੱਚ ਇਸ ਕੰਮ-ਇਲਾਜ ਨੂੰ ਵਰਤੋਂ ਵਿੱਚ ਲਿਆਇਆ ਜਾਂਦਾ ਹੈ। ਕਈ ਮਨੋਵਿਗਿਆਨਕ ਵਿਸ਼ੇਸ਼ੱਗਾਂ ਦਾ ਵਿਚਾਰ ਹੈ ਕਿ ਇਸ ਇਲਾਜ ਰਾਹੀਂ ਮਾਨਸਿਕ ਰੋਗੀਆਂ ਨੂੰ ਅਰੋਗ ਬਣਾਨ ਵਿੱਚ ਹੋਰ ਸਭ ਪ੍ਰਕਾਰ ਦੇ ਇਲਾਜਾਂ ਨਾਲੋਂ ਵਧੇਰੇ ਸ਼ੀਘਰ ਸਫਲਤਾ ਪ੍ਰਾਪਤ ਹੁੰਦੀ ਹੈ। ਲੈਨਰਡ ਸਕਾਟ ਇਸ ਵਿਚਾਰ ਦੀ ਪ੍ਰੋੜ੍ਹਤਾ ਕਰਦਿਆਂ ਲਿਖਦਾ ਹੈ :-

> "ਕੰਮ ਕਈ ਮਾਨਸਿਕ ਰੋਗਾਂ ਨੂੰ ਦੂਰ ਕਰ ਸਕਦਾ ਹੈ..... ਮਨੋਵਿਗਿਆਨਕ ਰੋਗ ਬਾਰੇ ਤਾਂ ਅੱਜ ਕੱਲ੍ਹ ਬੜੀ ਆਸ਼ਾਵਾਦੀ ਦ੍ਰਿਸ਼ਟੀ ਧਾਰੀ ਜਾਂਦੀ ਹੈ। ਇਹ ਇਸ ਅਸੂਲ ਉੱਤੇ ਆਧਾਰਿਤ ਹੈ ਕਿ ਜਿੰਨਾ ਰੋਗੀ ਮਨੁੱਖ ਸਮਾਜ ਵਿੱਚ ਆਪਣੇ ਦੈਨਿਕ ਕਰਤੱਵਾਂ ਦੇ ਜਿੰਨਾ ਨੇੜੇ ਹੋਵੇਗਾ, ਉਹ ਉਨੀ ਛੇਤੀ ਅਰੋਗ ਅਤੇ ਸਾਧਾਰਣ ਜੀਵਨ ਵੱਲ ਪਰਤ ਆਵੇਗਾ।"[42]

ਗੁਰੂ ਨਾਨਕ ਦੇਵ ਜੀ ਇਕ ਨਿਪੁੰਨ ਮਨੋਵਿਗਿਆਨੀ ਵਾਂਗ ਮਾਨਸਿਕ ਰੋਗ ਨੂੰ ਕਿਰਤ-ਚੇਤਨਤਾ ਨਾਲ ਜੋੜਦੇ ਹਨ। ਆਪ ਆਪਣੀ ਬਾਣੀ ਵਿੱਚ ਫੁਰਮਾਉਂਦੇ ਹਨ ਕਿ ਜਿਹੜੇ ਕਿਰਤਚੋਰ ਮਨੁੱਖ 'ਨਾਗੇ' ਜਾਂ 'ਭੁੱਖੇ' ਰਹਿ ਕੇ ਸਮਾਜ ਲਈ ਸਦਾ ਅਣਉਪਯੋਗੀ ਬਣੇ ਰਹਿੰਦੇ ਹਨ, ਉਹ, ਵਾਸਤਵ ਵਿੱਚ, ਮਾਨਸਕ ਰੋਗੀ ਹੀ ਹੁੰਦੇ ਹਨ। ਇਸ ਰੋਗੀ ਅਵਸਥਾ ਵਿੱਚ ਉਹ ਮਨੁੱਖੀ ਜੀਵਨ ਨਾਲ ਸੰਬੰਧ ਰੱਖਣ ਵਾਲੀ ਕਿਸੇ ਗੱਲ ਦੀ ਠੀਕ ਪਛਾਣ ਨਹੀਂ ਕਰ ਸਕਦੇ। ਉਹ ਕਦੇ ਮੰਦੇ ਜਾਂ 'ਗਤਿ ਅਵਿਗਤ' ਦੀ ਸਾਰ ਨਹੀਂ ਜਾਣ ਸਕਦੇ। ਉਹ ਇਸ ਮਾਨਸਿਕ ਅਵਸਥਾ ਵਿੱਚ ਨਾਮ-ਸਿਮਰਨ ਰਾਹੀਂ ਸ਼ਬਦ ਨਾਲ ਵੀ ਨਹੀਂ ਜੁੜ ਸਕਦੇ। ਇਸ ਲਈ ਉਨ੍ਹਾਂ ਦਾ ਮਾਨਸਿਕ ਰੋਗ ਹੋਰ ਵਧਦਾ ਜਾਂਦਾ ਹੈ। ਗੁਰੂ ਜੀ ਇਨ੍ਹਾਂ ਮਾਨਸਕ ਰੋਗੀਆਂ ਬਾਰੇ ਫਰਮਾਉਂਦੇ ਹਨ:-

> ਇਕਿ ਨਾਗੇ ਭੂਖੇ ਭਵਹਿ ਭਵਾਏ॥
> ਇਕਿ ਹਠੁ ਕਰਿ ਮਰਹਿ ਨ ਕੀਮਤਿ ਪਾਏ॥
> ਗਤਿ ਅਵਿਗਤ ਕੀ ਸਾਰ ਨ ਜਾਣੈ ਬੂਝੈ ਸਬਦੁ ਕਮਾਈ ਹੇ॥[43]

---

42. "Work can cure many mental ailments....There is now much more optimistic approach to psychiatric illness, which also has the rationale that the closer the ill patient is to his usual functions in society, the better and the easier will be his return to normal life." - Ibid.p.216.

43. ਮਾਰੂ ਸੋਲਹੇ ਮ: 1, ਆਦਿ ਗ੍ਰੰਥ, ਪੰਨਾ 1025.

ਗੁਰੂ ਨਾਨਕ ਦੇਵ ਜੀ ਦਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਜੇ ਇਹੋ ਜਿਹੇ ਮਾਨਸਿਕ ਰੋਗੀਆਂ ਨੂੰ ਕਿਰਤ ਕਰਨ ਅਤੇ ਸਮਾਜਕ ਕੰਮਾਂ ਉੱਤੇ ਲਗਾ ਦਿੱਤਾ ਜਾਏ ਤਾਂ ਉਹ ਅਨੁਭਵ ਕਰਨ ਲੱਗ ਜਾਣਗੇ ਕਿ ਸਾਡੀ ਵੀ ਕੋਈ ਸਮਾਜਕ ਉਪਯੋਗਤਾ ਹੈ ਅਤੇ ਇਸ ਅਨੁਭਵ ਨਾਲ ਹੀ ਉਹ ਮਾਨਸਿਕ ਤੌਰ ਉੱਤੇ ਅਰੋਗ ਹੋ ਕੇ ਸੱਭ ਸੁੱਖ ਦੇ ਉਪਯੋਗੀ ਮਨੁੱਖ ਬਣ ਜਾਣਗੇ।

ਇਹ ਵੀ ਇਕ ਮਨੋਵਿਗਿਆਨਕ ਸੱਚਿਆਈ ਹੈ ਕਿ ਜਿਹੜਾ ਵਿਅਕਤੀ ਆਪਣੇ ਆਪ ਨੂੰ ਸਮਾਜਕ ਤੌਰ ਉੱਤੇ ਉਪਯੋਗੀ ਸਮਝਦਾ ਹੈ, ਉਹ ਇਸ ਗੱਲ ਦਾ ਪੂਰਾ ਜਤਨ ਕਰਦਾ ਹੈ ਕਿ ਉਸ ਦਾ ਆਚਰਣਕ ਵਿਹਾਰ ਸਮਾਜ ਦੇ ਬਣਾਏ ਹੋਏ ਨੈਤਿਕ ਨੇਮਾਂ ਦੀ ਸਦਾ ਪਾਲਣਾ ਕਰੇ। ਪਰ ਇਸ ਦੇ ਵਿਪਰੀਤ, ਜਿਹੜਾ ਮਨੁੱਖ ਆਪਣੇ ਆਪ ਨੂੰ ਸਮਾਜਕ ਤੌਰ ਉੱਤੇ ਅਣ-ਉਪਯੋਗੀ ਸਮਝਦਾ ਹੈ, ਉਹ ਸਮਾਜ ਦੇ ਨੈਤਿਕ ਨੇਮਾਂ ਦੀ ਕਦੀ ਪਾਲਣਾ ਨਹੀਂ ਕਰਦਾ। ਉਹ ਆਪਣੇ ਦੈਨਿਕ ਵਿਹਾਰ ਵਿੱਚ ਸਮਾਜ ਦੇ ਨੈਤਿਕ ਨੇਮਾਂ ਤੋਂ ਵਿਦਰੋਹੀ ਬਣ ਦਿਖਾਉਂਦਾ ਹੈ। ਇਸੇ ਲਈ ਸਾਧਾਰਣ ਤੌਰ ਉੱਤੇ ਕਿਰਤਹੀਣ ਮਨੁੱਖ ਹੀ ਅਪਰਾਧੀ, ਕੁਕਰਮੀ ਅਤੇ ਪੀੜਕ ਵਿਅਕਤੀ ਹੁੰਦੇ ਹਨ। ਆਪਣੀਆਂ ਜਗਤ-ਫੇਰੀਆਂ ਵਿੱਚ ਗੁਰੂ ਨਾਨਕ ਦੇਵ ਜੀ ਨੂੰ ਇਹੋ ਜਿਹੇ ਕਈ ਸਮਾਜਕ ਅਪਰਾਧੀਆਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਦਾ ਸੁਧਾਰ ਕਰਨ ਲਈ ਆਪ ਜੀ ਨੇ ਸਭ ਤੋਂ ਪਹਿਲੇ ਉਨ੍ਹਾਂ ਨੂੰ ਕਿਰਤ ਕਰਨ ਉੱਤੇ ਲਗਾਇਆ। ਇਸ ਤਰ੍ਹਾਂ ਆਪ ਜੀ ਨੇ ਉਨ੍ਹਾਂ ਨੂੰ ਸਮਾਜਕ ਤੌਰ ਉੱਤੇ ਉਪਯੋਗੀ ਮਨੁੱਖ ਬਣਾ ਕੇ ਸਮਾਜ ਦੇ ਨੈਤਿਕ ਨੇਮਾਂ ਦੀ ਪਾਲਣਾ ਕਰਨ ਦੀ ਜਾਚ ਸਿਖਾ ਦਿੱਤੀ। ਆਪ ਜੀ ਨੇ ਉਨ੍ਹਾਂ ਦੇ ਚੰਗੇ ਆਚਰਣ ਸੰਬੰਧੀ ਭਵਿੱਖਤ ਲਈ ਵੀ ਪੂਰੀ ਯੋਜਨਾ ਬਣਾ ਦਿੱਤੀ। ਆਪ ਜੀ ਨੇ ਇਹ ਪੱਕਾ ਪ੍ਰਬੰਧ ਕਰ ਦਿੱਤਾ ਕਿ ਉਹ ਕਿਰਤ ਵਿੱਚ ਲੱਗੇ ਰਹਿਣ ਤਾਂ ਜੋ ਅੱਗੇ ਤੋਂ ਸਮਾਜਕ ਅਪਰਾਧ ਕਮਾਣ ਦੇ ਨੇੜੇ ਵੀ ਨਾ ਜਾਣ।

ਇਸ ਤਰ੍ਹਾਂ, ਕਿਰਤ ਦੀ ਸਮਾਜਕ ਉਪਯੋਗਤਾ ਉੱਤੇ ਬਲ ਦਿੰਦਿਆਂ ਗੁਰੂ ਨਾਨਕ ਦੇਵ ਜੀ ਨੇ ਇਸ ਦੀ ਆਵੱਸ਼ਕਤਾ ਨੂੰ ਸਭ ਲੋਕਾਂ ਦੇ ਦਿਲਾਂ ਵਿਚ ਚੰਗੀ ਤਰ੍ਹਾਂ ਦ੍ਰਿੜ੍ਹ ਕਰਵਾ ਦਿੱਤਾ।

### (ਹ) ਕਿਰਤ ਦਾ ਮਹੱਤਵ ( ਮਹੱਤਵ ਦੀ ਪਛਾਣ)

ਗੁਰੂ ਨਾਨਕ ਦੇਵ ਜੀ ਕਿਰਤ ਦਾ ਮਹੱਤਵ ਪੂਰੀ ਤਰ੍ਹਾਂ ਪਛਾਣਦਿਆਂ ਇਸ ਨੂੰ ਮਨੁੱਖੀ ਜੀਵਨ ਦਾ ਸਭ ਤੋਂ ਕੀਮਤੀ ਪਦਾਰਥ ਮੰਨਦੇ ਹਨ। ਆਪ ਇਸ ਨੂੰ ਇਕ ਅਜਿਹਾ ਬਹੁ-ਮੁੱਲਾ ਰਤਨ ਸਮਝਦੇ ਹਨ, ਜਿਹੜਾ ਜੀਵ-ਰੂਪੀ ਇਸਤ੍ਰੀ ਲਈ ਪਤੀ-ਪਰਮਾਤਮਾ ਨੂੰ ਰੀਝਾਣ ਦਾ ਸਭ ਤੋਂ ਉੱਤਮ ਸਾਧਨ ਹੈ। ਇਸ ਲਈ, ਆਪ ਸੁੱਚੀ ਕਿਰਤ ਨੂੰ 'ਕਰਣੀ' ਕਹਿੰਦਿਆਂ ਇਸ ਦੇ ਮਹੱਤਵ ਦੀ ਪਛਾਣ ਇਉਂ ਕਰਵਾਉਂਦੇ ਹਨ :-

ਕਰਣੀ ਕਾਮਣ ਜੇ ਥੀਐ ਜੇ ਮਨੁ ਧਾਗਾ ਹੋਇ।।
ਮਾਣਕੁ ਮੁਲਿ ਨ ਪਾਇਐ ਲੀਜੈ ਚਿਤਿ ਪਰੋਇ।।[44]

ਇਸ ਰਾਹੀਂ ਗੁਰੂ ਜੀ ਸਿੱਧ ਕਰਦੇ ਹਨ ਕਿ ਮਨੁੱਖ ਸੁੱਚੀ ਕਿਰਤ ਕਰਦਿਆਂ ਆਪ ਵੀ ਇਕ ਅਮੋਲਕ ਰਤਨ ਬਣ ਜਾਂਦਾ ਹੈ। ਇਸ ਤਰ੍ਹਾਂ ਆਪ ਸਪਸ਼ਟ ਕਰ ਦਿੰਦੇ ਹਨ ਕਿ ਮਨੁੱਖ ਦਾ ਵਿਅਕਤਿਤਵ ਉਸ ਵੱਲੋਂ ਕੀਤੇ ਜਾ ਰਹੇ ਕੰਮਾਂ ਅਨੁਸਾਰ ਹੀ ਉਸਰਦਾ ਹੈ। ਇਉਂ ਸਮਝੋ, ਮਨੁੱਖ ਦੇ ਕਮਾਏ ਹੋਏ ਕੰਮਾਂ ਅਤੇ ਉਸ ਦੇ ਵਿਅਕਤਿਤਵ ਵਿੱਚ ਅਨਿੱਖੜ ਸੰਬੰਧ ਹੈ। ਗੁਰੂ ਜੀ ਇਸ ਸੰਬੰਧ ਨੂੰ ਇਉਂ ਪਰਗਟਾਉਂਦੇ ਹਨ:-

ਜੇਹੇ ਕਰਮ ਕਮਾਇ ਤੇਹਾ ਹੋਇਸੀ।।[45]

ਗੁਰੂ ਜੀ ਦੇ ਵਿਚਾਰ ਅਨੁਸਾਰ, ਕਿਸੇ ਮਨੁੱਖ ਦੇ ਸਰੀਰਕ, ਮਾਨਸਿਕ ਅਤੇ ਆਤਮਕ ਗੁਣਾਂ ਦਾ ਅਨੁਮਾਨ ਉਸ ਵੱਲੋਂ ਕੀਤੀ ਜਾ ਰਹੀ ਕਿਰਤ ਤੋਂ ਲਗਾਇਆ ਜਾ ਸਕਦਾ ਹੈ। ਵਾਸਤਵ ਵਿੱਚ, ਮਨੁੱਖ ਦੀ ਸੁੱਚੀ ਕਿਰਤ ਹੀ ਉਸ ਨੂੰ ਸਭ ਚੰਗੇ ਗੁਣਾਂ ਦਾ ਮਾਲਕ ਬਣਾ ਦਿੰਦੀ ਹੈ। ਇਸ ਲਈ ਗੁਰੂ ਜੀ ਦਰਸਾਉਂਦੇ ਹਨ ਕਿ ਸ਼ੁੱਭ ਕਿਰਤ ਜਾਂ 'ਕਰਣੀ' ਹੀ ਮਨੁੱਖ ਨੂੰ ਪੂਰੀ ਅਕਲ ਵਾਲਾ ਵਿਅਕਤੀ ਬਣਾਉਂਦੀ ਹੈ। ਇਸ ਦੇ ਨਾਲ ਹੀ ਆਪ ਇਹ ਸਮਝਾ ਦਿੰਦੇ ਹਨ ਕਿ 'ਕਰਣੀ' ਤੋਂ ਸੱਖਣੇ ਮਨੁੱਖ ਦੀ ਅਕਲ ਜਾਂ 'ਮੱਤ' ਘਟਦੀ ਚਲੀ ਜਾਂਦੀ ਹੈ:-

ਜਾਂਹਿ ਕਰਣੀ ਤਹਿ ਪੂਰੀ ਮਤਿ।
ਕਰਣੀ ਬਾਝਹੁ ਘਟੇ ਘਟਿ।।[46]

ਇਸ ਵਿਚਾਰ ਰਾਹੀਂ ਆਪ ਕਿਰਤ ਦਾ ਮਹੱਤਵ ਸਮਝਾਣ ਲਈ ਇਹ ਸਿੱਧ ਕਰਦੇ ਹਨ ਕਿ ਜੀਵਨ ਦੇ ਹਰ ਖੇਤਰ ਵਿੱਚ ਪੂਰਣਤਾ ਪ੍ਰਾਪਤ ਕਰਨ ਦੇ ਅਭਿਲਾਸ਼ੀ ਮਨੁੱਖ ਲਈ ਸ਼ੁੱਭ ਕਿਰਤ ਰਾਹੀਂ ਅਕਲ ਦਾ ਵਾਧਾ ਕਰਨਾ ਬੜਾ ਜ਼ਰੂਰੀ ਹੈ। ਇਹ ਠੀਕ ਹੈ ਕਿ ਜੀਵਨ ਦੇ ਧਾਰਮਕ ਜਾਂ ਆਤਮਕ ਖੇਤਰ ਵਿੱਚ ਉਚਤਾ ਪ੍ਰਾਪਤ ਕਰਨ ਲਈ ਵਿਸ਼ਵਾਸ ਬੜਾ ਉੱਤਮ ਗੁਣ ਹੈ,

---

44. ਰਾਗੁ ਵਡਹੰਸੁ ਮ: 1, ਆਦਿ ਗ੍ਰੰਥ, ਪੰਨਾ 557.
45. ਸੂਹੀ ਮ: 1, -ਉਹੀ- , ਪੰਨਾ 730.
46. ਸਿਰੀ ਰਾਗੁ ਮ: 1, -ਉਹੀ- , ਪੰਨਾ 25.

ਪਰ ਇਸ ਖੇਤਰ ਵਿੱਚ ਵੀ ਅਕਲ ਤੋਂ ਕੰਮ ਲਏ ਬਿਨਾਂ ਕੁਝ ਨਹੀਂ ਬਣ ਸਕਦਾ। ਇਸ ਲਈ ਧਰਮ ਵਿੱਚ ਪੱਕਾ ਵਿਸ਼ਵਾਸ ਰੱਖਣ ਵਾਲੇ ਮਨੁੱਖਾਂ ਨੂੰ ਵੀ ਆਪਣੇ ਕਾਰ ਵਿਹਾਰ ਵਿੱਚ ਪੂਰੀ ਸਿਆਣਪ ਅਤੇ ਸਾਵਧਾਨੀ ਵਿਖਾਣੀ ਪੈਂਦੀ ਹੈ। ਇਸ ਸੰਬੰਧੀ ਡਾ: ਦੀਵਾਨ ਸਿੰਘ ਨੇ ਇਹ ਦਰਸਾਇਆ ਹੈ:-

> "ਗੁਰੂ ਨਾਨਕ ਨੇ ਸਭ ਮਨੁੱਖਾਂ ਨੂੰ ਬਲਵਾਨ ਕਾਰਜਸ਼ੀਲਤਾ ਰਾਹੀਂ ਆਪਣੇ ਸਭ ਕਰਤਵ ਪਾਲਣ ਦਾ ਦ੍ਰਿੜ ਉਪਦੇਸ਼ ਦਿੱਤਾ ਹੈ। ਇਹ ਉਪਦੇਸ਼ ਉਨ੍ਹਾਂ ਮਨੁੱਖਾਂ ਉਤੇ ਵੀ ਲਾਗੂ ਹੁੰਦਾ ਹੈ, ਜਿਹੜੇ ਪੂਰੇ ਨਿਸਚੇ ਸਹਿਤ ਧਰਮ ਕਮਾਉਂਦੇ ਹਨ।"[47]

## ਸਮੁੱਚਾ ਮਹੱਤਵ

ਕਿਰਤ ਦੇ ਸਮੁੱਚੇ ਮਹੱਤਵ ਉਤੇ ਬਲ ਦਿੰਦਿਆਂ ਗੁਰੂ ਨਾਨਕ ਦੇਵ ਜੀ ਨੇ ਸਭ ਮਨੁੱਖਾਂ ਲਈ ਕਿਰਤ ਕਰਨਾ ਇਕੋ ਜਿਹਾ ਅਨਿਵਾਰੀ ਦਰਸਾਇਆ ਹੈ। ਇਸ ਦੇ ਨਾਲ ਹੀ ਆਪ ਜੀ ਨੇ ਸਭ ਮਨੁੱਖਾਂ ਨੂੰ ਦ੍ਰਿੜ ਕਰਵਾ ਦਿੱਤਾ ਹੈ ਕਿ ਉਹ ਆਪਣੇ ਹਿਰਦਿਆਂ ਵਿੱਚ ਹਰੇਕ ਕਿਰਤੀ ਲਈ ਆਦਰ ਪੂਰਣ ਸਥਾਨ ਰੱਖਣ।

ਗੁਰੂ ਨਾਨਕ ਦੇਵ ਜੀ ਤੋਂ ਪਹਿਲੇ ਕਿਰਤੀ ਨੂੰ ਇਸ ਲਈ ਨੀਵੇਂ ਦਰਜੇ ਦਾ ਮਨੁੱਖ ਸਮਝਿਆ ਜਾਂਦਾ ਸੀ ਕਿ ਉਸ ਨੂੰ ਕੰਮ ਦੇ ਰੁਝੇਵਿਆਂ ਵਿਚੋਂ ਪੂਜਾ ਪਾਠ ਕਰਨ ਦੀ ਵਿਹਲ ਨਹੀਂ ਸੀ ਮਿਲ ਸਕਦੀ, ਪਰ ਗੁਰੂ ਜੀ ਨੇ ਲੋਕਾਂ ਦੇ ਹਿਰਦਿਆਂ ਵਿਚੋਂ ਇਹ ਭੁਲੇਖਾ ਦੂਰ ਕਰ ਦਿੱਤਾ। ਆਪ ਜੀ ਨੇ ਭਾਈ ਲਾਲੋ ਵਰਗੇ ਗਰੀਬ ਕਿਰਤੀ ਨੂੰ ਸਭ ਤੋਂ ਉਚੀ ਪਦਵੀ ਪ੍ਰਦਾਨ ਕਰਕੇ ਇਹ ਸਿੱਧ ਕਰ ਦਿੱਤਾ ਕਿ ਇਕ ਕਿਰਤੀ ਹੀ ਸਾਡੇ ਪੂਰੇ ਸਤਿਕਾਰ ਦਾ ਅਸਲ ਪਾਤਰ ਹੈ। ਭਾਈ ਲਾਲੋ ਸਾਰਾ ਦਿਨ ਤਰਖਾਣਾ ਕੰਮ ਕਰਦਾ ਰਹਿੰਦਾ ਸੀ, ਇਸ ਲਈ ਉਹ ਆਪਣੀ ਕਿਰਤ ਵਿਚੋਂ ਭਗਤੀ ਲਈ ਬਹੁਤ ਘੱਟ ਸਮਾਂ ਕੱਢ ਸਕਦਾ ਸੀ। ਪਰ ਗੁਰੂ ਨਾਨਕ ਦੇਵ ਜੀ ਨੇ ਉਸ ਦੀ 'ਕਿਰਤ' ਵਿਚੋਂ ਹੀ ਉਸ ਦੀ ਭਗਤੀ ਪਛਾਣ ਕੇ ਉਸ ਦੀਆਂ ਆਤਮਕ ਉਚਿਆਈਆਂ ਦਾ ਥਹੁ ਪਾ ਲਿਆ ਸੀ। ਇਸ ਲਈ ਆਪ ਜੀ ਨੇ ਵੱਡੇ ਤੋਂ ਵੱਡੇ ਅਮੀਰ ਜਾਂ ਮਲਕ ਦੇ ਟਾਕਰੇ ਉਤੇ ਉਸ ਦਾ ਵਧੇਰੇ ਸਤਿਕਾਰ ਕਰ ਕੇ ਵਿਖਾਇਆ ਸੀ।

---

47. Guru Nanak has strongly advocated the need for dynamic activity and strict adherence to duty among all men, including those who profess religion zealously and intensely."- 'Mysticism of Guru Nanak" P.167 (Unpublished Thesis for Ph.D., Panjab University, Chandigarh 1973.

ਇਸ ਤੋਂ ਗੁਰੂ ਜੀ ਨੇ ਸਿੱਧ ਕਰ ਦਿੱਤਾ ਕਿ ਜੇ ਇਕ ਕਿਰਤੀ ਨੂੰ ਸੰਸਾਰੀ ਕਿਰਤ ਕਰਦਿਆਂ ਧਾਰਮਿਕ ਕਰਤਵ ਨਿਭਾਣ ਲਈ ਪੂਰਾ ਸਮਾਂ ਨਹੀਂ ਮਿਲਦਾ ਤਾਂ ਉਸ ਦੀ ਪਦਵੀ ਨੂੰ ਕਿਸੇ ਤਰ੍ਹਾਂ ਵੀ ਘਟਾਣ ਦਾ ਜਤਨ ਨਾ ਕੀਤਾ ਜਾਏ। ਵਾਸਤਵ ਵਿੱਚ, ਗੁਰੂ ਨਾਨਕ ਦੇਵ ਜੀ ਉਹ ਪਹਿਲੇ ਧਾਰਮਿਕ ਆਗੂ ਸਨ, ਜਿਨ੍ਹਾਂ ਨੇ ਕੰਮ ਦੀ ਵਡਿਤੱਣ ਦਾ ਨਾਅਰਾ ਲਗਾਇਆ। ਗੁਰਬਖਸ਼ ਸਿੰਘ ਸੰਚਾਲਕ 'ਪ੍ਰੀਤ ਲੜੀ' ਨੇ ਇਸ ਗੱਲ ਦੀ ਪੁਸ਼ਟੀ ਕਰਦਿਆਂ ਲਿਖਿਆ ਹੈ:-

"ਕਿਸਾਨਾਂ ਨੂੰ ਬਹੁਤ ਘੱਟ ਔਰ ਕਿਸੇ ਰਹਿਬਰ ਨੇ ਏਡੀ ਤਸੱਲੀ ਦਿੱਤੀ ਹੋਵੇਗੀ। ਕਾਮਿਆਂ ਦੀ ਮੁਸ਼ੱਕਤ ਭਰੀ ਜ਼ਿੰਦਗੀ ਨੂੰ ਹਰ ਕੋਈ ਔਰ ਪਿੱਛੇ ਦੀਆਂ ਆਸਾਂ ਨਾਲ ਹੋਰ ਬੋਝਲਦਾਰ ਬਣਾਈ ਰੱਖਦਾ ਸੀ। ਪਰ ਗੁਰੂ ਸਾਹਿਬ (ਗੁਰੂ ਨਾਨਕ ਦੇਵ) ਨੇ ਕੰਮ ਦੀ ਵਡਿੱਤਣ ਦਾ ਨਾਅਰਾ ਜਨਤਾ ਦੇ ਕੰਨੀਂ ਪਾਇਆ। ਔਸੇ ਤੱਕ ਜ਼ਿੰਦਗੀ ਦੇ ਕੰਮਾਂ ਨੂੰ ਇਬਾਦਤ ਦੇ ਰਾਹ ਵਿੱਚ ਇਕ ਜ਼ਰੂਰੀ ਜਿਹੀ ਅੜਚੱਣ ਹੀ ਖਿਆਲ ਕੀਤਾ ਜਾਂਦਾ ਸੀ ਤੇ ਤਿਆਗੀ ਹੋ ਕੇ ਸਮਾਧੀ ਵਿੱਚ ਮਗਨ ਰਹਿ ਸਕਣਾ ਅਤਿ ਉੱਚਾ ਆਦਰਸ਼ ਖਿਆਲ ਕੀਤਾ ਜਾਂਦਾ ਸੀ। ਪਰ, ਗੁਰੂ ਨਾਨਕ ਸਾਹਿਬ ਨੇ ਦਿਆਨਤਦਾਰ ਪਦਾਰਥਕ ਖੁਸ਼ਹਾਲੀ ਨੂੰ ਬੜਾ ਉੱਚਾ ਰੁਤਬਾ ਦਿੱਤਾ।"[48]

ਵਾਸਤਵ ਵਿੱਚ, ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਭਿਖਿਆ ਮੰਗਣ ਦੀ ਬਿਰਤੀ ਤੋਂ ਛੁਟਕਾਰਾ ਦਿਵਾਣ ਲਈ ਕਿਰਤ ਦਾ ਉੱਚਾ ਮਹੱਤਵ ਦਰਸਾਇਆ। ਡਾ: ਸੀਤਾ ਰਾਮ ਬਾਹਰੀ ਨੇ ਇਸ ਗੱਲ ਨੂੰ ਮੰਨਦਿਆਂ ਲਿਖਿਆ ਹੈ," ਗੁਰੂ ਨਾਨਕ ਸਾਹਿਬ ਨੇ ਭਿਖਿਆ ਮੰਗਣ ਦੀ ਬਿਰਤੀ ਨੂੰ ਇਕ ਸਮਾਜਕ ਬੁਰਾਈ ਕਹਿ ਕੇ ਉਸ ਦੀ ਨਿਖੇਧੀ ਕੀਤੀ ਹੈ। ਉਹਨਾਂ ਨੇ ਆਪਣੇ ਸਾਧਾਂ ਸੰਤਾਂ ਆਦਿ ਨੂੰ ਇਸ ਲਈ ਫਿਟਕਾਰਿਆ ਹੈ ਕਿ ਉਹ ਲੋਕਾਂ ਤੋਂ ਲਈ ਹੋਈ ਭਿਖਿਆ ਤੇ ਜੀਉਂਦੇ ਹਨ। ਉਹਨਾਂ ਨੇ ਲੋਕਾਂ ਨੂੰ ਮਿਹਨਤ ਦਾ ਆਦਰ ਕਰਨਾ ਸਿਖਾਇਆ।"[49]

ਸਰ ਗੋਕਲ ਚੰਦ ਨਾਰੰਗ ਨੇ ਆਪਣੀ ਅੰਗਰੇਜ਼ੀ ਪੁਸਤਕ "ਟ੍ਰਾਂਸਫਾਰਮੇਸ਼ਨ ਆਫ ਸਿੱਖਇਜ਼ਮ" ਵਿੱਚ ਗੁਰੂ ਨਾਨਕ ਦੇਵ ਜੀ ਦਾ ਸਭ ਤੋਂ ਵੱਡਾ ਪਰਉਪਕਾਰ ਇਹ ਮੰਨਿਆ ਹੈ ਕਿ ਉਹਨਾਂ ਨੇ ਦੇਸ਼-ਵਾਸੀਆਂ ਨੂੰ ਕਿਰਤ ਦਾ ਮਹੱਤਵ ਦਰਸਾ ਕੇ ਸੰਸਾਰ-ਤਿਆਗ ਤੋਂ ਮੋੜਦਿਆਂ ਦੁਨਿਆਵੀ ਕਾਰ ਵਿਹਾਰ ਵੱਲ ਲਗਾ ਦਿੱਤਾ। ਨਾਰੰਗ ਸਾਹਿਬ ਦੇ ਇਸ ਵਿਚਾਰ

---

48. "ਪਰਮ ਮਨੁੱਖ", ਪੰਨਾ 41 (ਅੰਮ੍ਰਿਤਸਰ ਪ੍ਰੀਤ ਨਗਰ ਸ਼ਾਪ), 1976.
49. "ਸਮਾਨਤਾ ਤੇ ਕਿਰਤੀ ਦੇ ਅਲੰਬਰਦਾਰ-ਗੁਰੂ ਨਾਨਕ" 'ਗੁਰੂ ਨਾਨਕ, ਜੀਵਨ, ਯੁੱਗ ਤੇ ਉਪਦੇਸ਼'- ਪੰਨਾ 216 (ਦਿੱਲੀ, ਨਵ ਯੁਗ ਪਬਲਿਸ਼ਰਜ਼), 1969.

ਨੂੰ ਪੰਜਾਬੀ ਰੂਪ ਇਉਂ ਦਿੱਤਾ ਗਿਆ ਹੈ:-

> "ਗੁਰੂ ਨਾਨਕ ਦੀ ਸਿੱਖਿਆ ਦਾ ਇਹ ਪ੍ਰਭਾਵ ਵੀ ਪਿਆ ਕਿ ਉਨ੍ਹਾਂ ਨੇ ਲੋਕਾਂ ਨੂੰ ਦੱਸ ਦਿੱਤਾ ਕਿ ਉਚੀ ਤੋਂ ਉਚੀ ਸਰੀਰਕ ਇੱਛਾ ਵੀ ਸ਼ੁਧ ਤੋਂ ਸ਼ੁਧ ਅਤੇ ਰੱਬੀ ਜੀਵਨ ਦੇ ਵਿਰੁਧ ਨਹੀਂ। ਬੁਧ ਮੱਤ, ਜੈਨ ਮੱਤ, ਅਤੇ ਵੇਦਾਂ ਤੋਂ ਪ੍ਰਭਾਵਿਤ ਹੋਣ ਵਾਲੇ ਹਿੰਦੂ ਧਰਮ ਨੇ ਸਦਾ ਸੰਸਾਰ-ਤਿਆਗ ਨੂੰ ਸਭ ਤੋਂ ਵੱਡਾ ਗੁਣ ਸਮਝਿਆ ਅਤੇ ਸੰਸਾਰਕ ਸੱਤਾ ਅਤੇ ਖੁਸ਼ਹਾਲੀ ਨੂੰ ਘ੍ਰਿਣਾ ਦੀਆਂ ਨਜ਼ਰਾਂ ਨਾਲ ਵੇਖਿਆ। ਇਸ ਨੂੰ ਕੁਝ ਹਾਲਤਾਂ ਵਿੱਚ ਲਾਜ਼ਮੀ ਗੁਨਾਹ ਦੇ ਤੌਰ ਤੇ ਅਪਣਾਇਆ ਗਿਆ। ਗੁਰੂ ਨਾਨਕ ਨੇ ਇਹ ਸਭ ਕੁਝ ਬਦਲ ਦਿੱਤਾ। ਉਨ੍ਹਾਂ ਨੇ ਸੰਸਾਰਕ ਕਾਰ-ਵਿਹਾਰਾਂ ਤੇ ਆਪਣੀ ਪਰਵਾਨਗੀ ਦੀ ਮੋਹਰ ਲਾ ਦਿੱਤੀ।"[50]

"ਇਨਸਾਈਕਲੋਪੀਡੀਆ ਆਫ਼ ਰਿਲਿਜਨ ਐਂਡ ਐਥਿਕਸ" ਵਿੱਚ ਵੀ ਇਹ ਲਿਖਿਆ ਮਿਲਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਉਸ ਸਮੇਂ ਦੇ ਹੋਰ ਧਾਰਮਿਕ ਆਗੂਆਂ ਦੀਆਂ ਮੰਗ ਖਾਣ ਵਾਲੀਆਂ ਪਰੰਪਰਕ ਨੀਤਾਂ ਨੂੰ ਤੋੜਦਿਆਂ ਕਿਰਤ ਦੇ ਮਹੱਤਵ ਨੂੰ ਅਪਣਾਨ ਵਾਲਾ ਨਵਾਂ ਜੀਵਨ-ਸਿਧਾਂਤ ਪੇਸ਼ ਕੀਤਾ :-

> "He (Guru Nanak) reproached his Hindu Compatriots, who lived upon alms wrung from people, and he taught the dignity of labour."[51]

ਕਈ ਤਪੱਸਵੀ ਸਾਧੂ ਇਸ ਲਈ ਸੰਸਾਰੀ ਕੰਮ ਤਿਆਗ ਕੇ ਭਿਖਿਆ ਖਾਣਾ ਪਸੰਦ ਕਰਦੇ ਹਨ ਕਿ ਉਹ ਆਪਣਾ ਸਾਰਾ ਸਮਾਂ ਤਪੱਸਿਆ ਵਿੱਚ ਲਗਾ ਕੇ ਜਨਮ ਮਰਨ ਦੇ ਗੇੜ ਤੋਂ ਮੁਕਤੀ ਪ੍ਰਾਪਤ ਕਰਨਾ ਚਾਹੁੰਦੇ ਹਨ। ਪਰ, ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਚੰਗੀ ਤਰ੍ਹਾਂ ਦ੍ਰਿੜ ਕਰਵਾ ਦਿੱਤਾ ਹੈ ਕਿ ਇਨ੍ਹਾਂ ਝੂਠੀਆਂ ਗੱਲਾਂ ਨਾਲ ਮੁਕਤੀ ਪ੍ਰਾਪਤ ਨਹੀਂ ਹੋ ਸਕਦੀ ਜਦ ਤੱਕ ਮਨੁੱਖ ਸੰਸਾਰ ਵਿੱਚ ਰਹਿੰਦਿਆਂ ਕਿਰਤ ਕਰਨ ਵਾਲੀ ਉਚੀ 'ਰਹਿਣੀ' ਧਾਰ ਕੇ ਨਹੀਂ ਵਿਖਾਉਂਦਾ, ਉਦੋਂ ਤੱਕ ਉਹ ਜਨਮ ਮਰਨ ਦੇ ਗੇੜ ਵਿੱਚ [illegible] ਭੌਂਦਾ

---

50. "ਸਿੱਖ ਮਤ ਦਾ ਪਰਿਵਰਤਨ", ਪੰਨਾ 93 - ਮੂਲ ਲੇਖਕ, ਗੋਕਲ ਚੰਦ ਨਾਰੰਗ, ਅਨੁਵਾਦਕ, ਗੁਰਚਰਨ ਸਿੰਘ (ਪੰਜਾਬੀ ਯੂਨੀਵਰਸਿਟੀ, ਪਟਿਆਲਾ), 1973.
51. Encyclo paedia of Religion and Ethics Vol.XI, P.507, Edited by James Hastings (Edinburgh & New York), 1954.

ਫਿਰਦਾ ਰਹੇਗਾ। ਇਸ ਲਈ, ਗੁਰੂ ਜੀ ਸੰਸਾਰੀ ਕਾਰ-ਵਿਹਾਰ ਨਾਲ ਸੰਬੰਧਿਤ ਰਹਿਣੀ ਨੂੰ ਮੁੱਖ ਰੱਖਦਿਆਂ ਸਮਝਾਉਂਦੇ ਹਨ :-

ਕਥਨੀ ਝੂਠੀ ਜਗੁ ਭਵੈ, ਰਹਣੀ ਸਬਦੁ ਸੁ ਸਾਰ॥[52]

ਨਿਰਸੰਦੇਹ, ਗੁਰੂ ਨਾਨਕ ਦੇਵ ਜੀ ਨੇ ਮਨੁੱਖ ਦੀ ਚੰਗੀ 'ਰਹਿਣੀ' ਉਤੇ ਬਲ ਦਿੰਦਿਆਂ ਉਸ ਦੀ ਚੰਗੀ ਕਾਰਜਸ਼ੀਲਤਾ ਜਾਂ ਸ਼ੁੱਭ ਕਿਰਤ ਨੂੰ ਸੰਸਾਰਕ ਅਤੇ ਪਰਮਾਰਥਕ ਉਨਤੀ ਦਾ ਸਫਲ ਸਾਧਨ ਦਰਸਾਇਆ ਹੈ। ਇਸ ਤਰ੍ਹਾਂ ਆਪਜੀ ਨੇ ਸਭ ਮਨੁੱਖਾਂ ਦੇ ਹਿਰਦਿਆਂ ਵਿੱਚ ਕਿਰਤ ਦਾ ਮਹੱਤਵ ਚੰਗੀ ਤਰ੍ਹਾਂ ਦ੍ਰਿੜ ਕਰਵਾ ਦਿੱਤਾ ਹੈ।

******
****
**

52. ਸਿਰੀ ਰਾਗੁ ਮ: 1, ਆਦਿ ਗ੍ਰੰਥ, ਪੰਨਾ 56.

# ਅਧਿਆਇ ਦੂਜਾ

## ਕਿਰਤ ਦੇ ਪ੍ਰੇਰਣਾ-ਸੋਮੇ

(ੳ) ਦੈਵੀ ਵਿਧਾਨਤਾ ਉਤੇ ਵਿਸ਼ਵਾਸ

(ਮਿਹਨਤ ਵਿਚ ਬਰਕਤ; ਕੰਮ ਵਿਚ ਸਫ਼ਲਤਾ)

(ਅ) ਪਰਉਪਕਾਰੀ ਜੀਵਨ-ਆਦਰਸ਼

(ਪਰਸੁਆਰਥੀ ਬਿਰਤੀ; ਸਰਬਤ ਦਾ ਭਲਾ)

(ੲ) ਸੰਤੁਲਿਤ ਸਮਾਜ

(ਮਾਨਵ ਸਮਾਜ ਦੇ ਰੂਪ; ਗੁਰੂ ਨਾਨਕ ਦੇਵ ਦਾ ਸਮਾਜ;
ਭਾਰਤੀ ਚਿੰਤਕਾਂ ਦਾ ਸਮਾਜ)

(ਸ) ਸੰਪੂਰਣ ਵਿਅਕਤਿਤਵ

(ਸੰਪੂਰਣ ਵਿਅਕਤਿਤਵ ਦੀ ਪ੍ਰਾਪਤੀ; ਸੰਪੂਰਣ ਵਿਅਕਤਿਤਵ
ਦੇ ਲੱਛਣ)

## ਅਧਿਆਇ ਦੂਜਾ

## ਕਿਰਤ ਦੇ ਪ੍ਰੇਰਣਾ-ਸ੍ਰੋਤ

ਕਿਰਤ ਦੇ ਕਈ ਪ੍ਰੇਰਣਾ-ਸ੍ਰੋਤ ਹਨ, ਜਿਹੜੇ ਇਸ ਦੇ ਉਤਸ਼ਾਹ-ਕੇਂਦਰ ਬਣ ਕੇ ਇਸ ਨੂੰ ਸਦੀਵੀ ਬਲ ਅਤੇ ਨਰੋਆਪਣ ਪ੍ਰਦਾਨ ਕਰਦੇ ਰਹਿੰਦੇ ਹਨ। ਗੁਰੂ ਨਾਨਕ ਦੇਵ ਜੀ ਨੇ ਕਿਰਤ ਦੇ ਇਨ੍ਹਾਂ ਪ੍ਰੇਰਣਾ-ਸ੍ਰੋਤਿਆਂ ਤੋਂ ਲਾਭ ਉਠਾਣ ਦੀ ਆਵੱਸ਼ਕਤਾ ਉਤੇ ਬੜਾ ਬਲ ਦਿੱਤਾ ਹੈ। ਆਪ ਜੀ ਨੇ ਸਭ ਕਿਰਤੀਆਂ ਨੂੰ ਉਪਦੇਸ਼ਿਆ ਹੈ ਕਿ ਉਹ ਇਨ੍ਹਾਂ ਕਿਰਤ-ਸ੍ਰੋਤਿਆਂ ਨਾਲ ਸਦੀਵੀ ਸੰਬੰਧ ਜੋੜ ਕੇ ਆਪਣੀ ਕਿਰਤ ਨੂੰ ਨਰੋਈ ਅਤੇ ਸ਼ਕਤੀਸ਼ਾਲੀ ਬਣਾਈ ਰੱਖਣ।

ਸਾਧਾਰਣ ਤੌਰ ਉਤੇ ਕਿਰਤ ਦੇ ਕਈ ਪ੍ਰੇਰਣਾ-ਸ੍ਰੋਤ ਮੰਨੇ ਜਾ ਸਕਦੇ ਹਨ, ਪਰ ਇਥੇ ਕੇਵਲ ਉਨ੍ਹਾਂ ਦਾ ਹੀ ਵਰਣਨ ਕੀਤਾ ਜਾਂਦਾ ਹੈ, ਜਿਹੜੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਦਰਸਾਏ ਹੋਏ ਹਨ।

### (੧) ਦੈਵੀ ਦਿਆਲਤਾ ਉਤੇ ਵਿਸ਼ਵਾਸ

ਗੁਰੂ ਨਾਨਕ ਦੇਵ ਜੀ ਦੀ ਬਾਣੀ ਦਰਸਾਉਂਦੀ ਹੈ ਕਿ ਮਨੁੱਖ ਦੈਵੀ ਦਿਆਲਤਾ ਉਤੇ ਪੂਰਨ ਵਿਸ਼ਵਾਸ ਰੱਖ ਕੇ ਹੀ ਆਪਣੀ ਕਿਰਤ ਲਈ ਸਦੀਵੀ ਪ੍ਰੇਰਣਾ ਪ੍ਰਾਪਤ ਕਰ ਸਕਦਾ ਹੈ। ਇਸ ਲਈ ਹਰੇਕ ਕਿਰਤੀ ਨੂੰ ਇਹ ਵਿਸ਼ਵਾਸ ਹੋਣਾ ਚਾਹੀਦਾ ਹੈ ਕਿ ਪਰਮਾਤਮਾ ਮਨੁੱਖ ਵਲੋਂ ਕੀਤੀ ਹੋਈ ਕਿਰਤ ਵਿੱਚ ਸਦਾ ਬਰਕਤ ਪਾਉਂਦਾ ਹੈ।

### ਮਿਹਨਤ ਵਿੱਚ ਬਰਕਤ

ਇਹ ਆਸ਼ਾਵਾਦੀ ਵਿਸ਼ਵਾਸ ਹਰੇਕ ਕਿਰਤੀ ਲਈ ਸਦੀਵੀ ਪ੍ਰੇਰਣਾ-ਸ੍ਰੋਤ ਹੋ ਨਿਬੜਦਾ ਹੈ। ਕਿਸਾਨ ਇਸੇ ਵਿਸ਼ਵਾਸ ਸਦਕੇ ਧਰਤੀ ਉਤੇ ਕੱਢੀਆਂ ਸਿਆੜਾਂ ਵਿੱਚ ਬੀਜ ਖਲੇਰ ਕੇ ਭਰਪੂਰ ਫਸਲ ਚੁਕਣ ਦੀ ਆਸ ਵਿੱਚ ਅਣਥੱਕ ਮਿਹਨਤ ਕਰਦਾ ਰਹਿੰਦਾ ਹੈ। ਉਹ ਸਦਾ ਇਹ ਸਮਝਦਾ ਹੈ ਕਿ ਕਿਸਾਨ ਦਾ ਕੰਮ ਤਾਂ ਖੇਤਾਂ ਵਿੱਚ ਆਪਣਾ ਪਸੀਨਾ ਡੋਲ੍ਹਣਾ ਹੈ, ਉਹ ਫੱਲ-ਦਾਤਾ ਆਪੇ ਇਸ ਮਿਹਨਤ ਦਾ ਫੱਲ ਦੇਵੇਗਾ। ਇਹ ਵਿਸ਼ਵਾਸ ਵੱਡੀ ਤੋਂ ਵੱਡੀ ਆਫਤ ਵਿੱਚ ਵੀ ਉਸ ਦੇ ਸਿਦਕ ਨੂੰ ਡੋਲਣ ਤੋਂ ਬਚਾਈ ਰੱਖਦਾ ਹੈ। ਉਹ ਆਪਣੇ ਦਿਲ ਵਿੱਚ ਪੱਕਾ ਨਿਸ਼ਚਾ ਰੱਖਦਾ ਹੈ ਕਿ ਪਰਮਾਤਮਾ ਕਿਸੇ ਮਨੁੱਖ ਦੀ ਕੀਤੀ ਹੋਈ ਮਿਹਨਤ

ਨੂੰ ਅੰਦਾਈ ਨਹੀਂ ਜਾਣ ਦਿੰਦਾ। ਇਸ ਲਈ ਉਹ ਮੌਸਮ ਦੀਆਂ ਅਤਿ-ਵਿਰੋਧੀ ਹਾਲਤਾਂ ਵਿੱਚ ਵੀ, ਜਿਵੇਂ ਹਨੇਰੀ, ਝੱਖੜ ਅਤੇ ਗੜੇ ਪੈਣ ਤੇ ਵੀ, ਵਿਸ਼ਵਾਸ ਦਾ ਪੱਲਾ ਨਹੀਂ ਛੱਡਦਾ ਅਤੇ ਸਮਝਦਾ ਹੈ ਕਿ ਉਹ ਦਿਆਲੂ ਅੰਨ-ਦਾਤਾ ਇਸੇ ਵਿੱਚ ਹੀ ਬਰਕਤ ਪਾ ਕੇ ਵਿਖਾਏਗਾ। ਪ੍ਰੋ. ਪੂਰਨ ਸਿੰਘ ਨੇ ਕਿਰਤੀ ਕਿਸਾਨ ਦੇ ਇਸ ਦ੍ਰਿੜ ਵਿਸ਼ਵਾਸ ਨੂੰ ਇਉਂ ਪਰਗਟਾਇਆ ਹੈ:-

> "ਐਸੇ, ਕਿਰਤੀ ਦਾ ਇਕ ਇਹ ਵੀ ਸੁਭਾ ਹੁੰਦਾ ਹੈ ਕਿ ਉਹ ਨਿਰਮਾਣ ਹੋ ਕੇ ਨੀਵਾਂ ਰਹਿੰਦਾ ਹੈ ਤੇ ਉਹਦੇ ਕੰਮ ਵਿੱਚ ਬਰਕਤ ਪਾਣ ਵਾਲਾ ਕੋਈ ਹੋਰ ਹੁੰਦਾ ਹੈ। ਸੁਚੀ ਕਿਰਤ ਕਰਨ ਵਾਲੇ ਦਾ ਸਹਿਜ-ਸੁਭਾ ਇਹ ਅਨੁਭਵ ਹੁੰਦਾ ਹੈ ਕਿ ਮੇਰਾ ਕੰਮ ਕਰਨਾ ਹੀ ਬਣਦਾ ਹੈ, ਫੱਲ ਦੇਣ ਵਾਲਾ ਕੋਈ ਹੋਰ ਹੈ।"[1]

ਕਿਸਾਨ ਤੋਂ ਉਪਰੰਤ ਹੋਰ ਵੀ ਹਰ ਪ੍ਰਕਾਰ ਦਾ ਕਿਰਤੀ ਆਪਣੀ ਮਿਹਨਤ ਤੋਂ ਉਪਜਣ ਵਾਲੇ ਫੱਲ ਬਾਰੇ ਪਰਮਾਤਮਾ ਦੀ ਸਹਾਇਤਾ ਉਤੇ ਪੂਰਾ ਵਿਸ਼ਵਾਸ ਰੱਖਦਾ ਹੈ। ਉਹ ਸਮਝਦਾ ਹੈ ਕਿ ਪਰਮਾਤਮਾ ਨੇ ਹੀ ਹਰੇਕ ਮਨੁੱਖ ਨੂੰ ਆਪਣੇ ਆਪਣੇ ਕੰਮ ਧੰਦੇ ਉਤੇ ਲਗਾਇਆ ਹੋਇਆ ਹੈ। ਇਸ ਲਈ ਉਹ ਹਰੇਕ ਦੀ ਮਿਹਨਤ ਨੂੰ ਨਜ਼ਰ ਥੱਲੇ ਰੱਖਦਿਆਂ ਬਰਕਤ ਵਾਲੇ ਪਾਸੇ ਹੀ ਢਾਲ ਕੇ ਵਿਖਾਏਗਾ। ਗੁਰੂ ਨਾਨਕ ਦੇਵ ਜੀ ਨੇ ਕਿਰਤੀ ਦੇ ਇਸ ਵਿਸ਼ਵਾਸ ਨੂੰ ਮੁੱਖ ਰੱਖਦਿਆਂ ਉਸ ਬਰਕਤ ਪਾਣ ਵਾਲੇ ਦਾ ਇਉਂ ਧੰਨਵਾਦ ਕੀਤਾ ਹੈ:-

> ਤੁਧੁ ਸੰਸਾਰੁ ਉਪਾਇਆ ॥
> ਸਿਰੇ ਸਿਰਿ ਧੰਧੇ ਲਾਇਆ ॥
> ਵੇਖਹਿ ਕੀਤਾ ਆਪਣਾ ਕਰਿ ਕੁਦਰਤਿ ਪਾਸਾ ਢਾਲਿ ਜੀਉ ॥[2]

## ਕੰਮ ਵਿੱਚ ਸਫਲਤਾ

ਇਸ ਦੇ ਨਾਲ ਹੀ ਗੁਰੂ ਜੀ ਹਰੇਕ ਕਿਰਤੀ ਨੂੰ ਇਹ ਉਪਦੇਸ਼ਦੇ ਹਨ ਕਿ ਉਹ ਕਿਰਤ ਕਰਦਿਆਂ ਆਪਣੇ ਕੰਮ ਦੇ ਸੰਪੂਰਣ ਹੋਣ ਬਾਰੇ ਨਿਸ਼ਚਿੰਤ ਰਹਿ ਕੇ ਵਿਖਾਏ। ਜਦ ਉਹ ਸਮਝਦਾ ਹੈ ਕਿ ਪਰਮਾਤਮਾ ਆਪ ਹੀ ਮੇਰੇ ਕੋਲੋਂ ਇਹ ਕੰਮ ਕਰਵਾ ਰਿਹਾ ਹੈ ਤਾਂ ਉਸ ਨੂੰ ਇਸ ਗੱਲ ਉਤੇ ਵੀ ਪੂਰਾ ਵਿਸ਼ਵਾਸ ਹੋਣਾ ਚਾਹੀਦਾ ਹੈ ਕਿ ਉਹ ਮੇਰੇ ਕੰਮ ਨੂੰ ਕਦੀ ਅਧੂਰਾ ਨਹੀਂ ਰਹਿਣ ਦੇਵੇਗਾ। ਗੁਰੂ ਨਾਨਕ ਦੇਵ ਜੀ ਦੇ ਵਿਚਾਰ ਅਨੁਸਾਰ, ਇਕ ਕਿਰਤੀ

1. 'ਖੁੱਲ੍ਹੇ ਲੇਖ', ਪੰਨਾ 112.
2. ਸਿਰੀ ਰਾਗੁ ਮ: 1, ਆਦਿ ਗ੍ਰੰਥ, ਪੰਨਾ 71.

ਨੂੰ ਆਪਣੇ ਕੰਮ ਵਿੱਚ ਸਫਲ ਜਾਂ ਅਸਫਲ, ਪੂਰਾ ਜਾਂ ਅਧੂਰਾ ਰਹਿਣ ਬਾਰੇ ਕੋਈ ਚਿੰਤਾ ਨਹੀਂ ਕਰਨੀ ਚਾਹੀਦੀ, ਕਿਉਂਕਿ ਸਭ ਦੇ ਕੰਮਾਂ ਬਾਰੇ ਪਰਮਾਤਮਾ ਨੂੰ ਆਪ ਹੀ ਚਿੰਤਾ ਹੈ:-

'ਜੀਅ ਜੰਤ ਸਭਿ ਸਰਣਿ ਤੁਮਾਰੀ ਸਰਬ ਚਿੰਤ ਤੁਧੁ ਪਾਸੇ॥
ਜੋ ਤੁਧੁ ਭਾਵੈ ਸੋਈ ਚੰਗਾ ਇਕ ਨਾਨਕ ਕੀ ਅਰਦਾਸੇ॥[3]

ਕਿਰਤੀ ਦੀ ਇਹ ਨਿਸਚਿੰਤ ਬਿਰਤੀ ਉਸ ਦੇ ਕੰਮ ਵਿੱਚ ਬੇਅੰਤ ਉਤਸਾਹ ਭਰਪੂਰ ਕਰ ਦਿੰਦੀ ਹੈ, ਪਰ ਉਹ ਇਹੋ ਜਿਹੀ ਬਿਰਤੀ ਤਦ ਹੀ ਧਾਰ ਸਕਦਾ ਹੈ, ਜਦ ਪਰਮਾਤਮਾ ਦੀ ਦਿਆਨਤਾ ਉਤੇ ਪੂਰਾ ਵਿਸ਼ਵਾਸ ਰੱਖ ਕੇ ਵਿਖਾਏ।

(ਅ) ਪਰਉਪਕਾਰੀ ਜੀਵਨ-ਆਦਰਸ਼

ਗੁਰੂ ਨਾਨਕ ਦੇਵ ਜੀ ਪਰਉਪਕਾਰੀ ਜੀਵਨ-ਆਦਰਸ਼ ਨੂੰ ਕਿਰਤੀ ਦਾ ਪ੍ਰੇਰਣਾ-ਸੋਮਾ ਮੰਨ ਕੇ ਕਿਰਤ ਅਤੇ ਪਰਉਪਕਾਰ ਦਾ ਸਦੀਵੀ ਸੁਮੇਲ ਕਰ ਦਿੰਦੇ ਹਨ। ਇਉਂ, ਆਪ ਕਿਰਤ ਨੂੰ ਸਰਬ-ਹਿਤਕਾਰੀ ਬਣਾ ਕੇ ਅਸਲ ਅਰਥਾਂ ਵਿੱਚ ਸ਼ਕਤੀਸ਼ਾਲੀ ਬਣਾ ਦਿੰਦੇ ਹਨ। ਆਪ ਫੁਰਮਾਉਂਦੇ ਹਨ ਕਿ ਜਿਥੇ ਮਨੁੱਖ ਲਈ ਕਿਰਤ ਰਾਹੀਂ ਆਪਣੀ ਰੋਜ਼ੀ ਕਮਾਉਣਾ ਜ਼ਰੂਰੀ ਹੈ, ਉਥੇ ਉਸ ਲਈ ਇਹ ਸਮਝਣਾ ਵੀ ਜ਼ਰੂਰੀ ਹੈ ਕਿ ਕੇਵਲ ਰੋਜ਼ੀ ਕਮਾਉਣਾ ਹੀ ਕਿਰਤ ਦਾ ਇਕੋ ਇਕ ਉਦੇਸ਼ ਨਹੀਂ ਹੈ। ਆਪਜੀ ਦੇ ਵਿਸ਼ਵਾਸ ਅਨੁਸਾਰ ਜੇ ਕਿਰਤੀ ਆਪਣੀ ਕਿਰਤ ਰਾਹੀਂ ਦੁਖੀਆਂ ਦਾ ਦੁੱਖ ਦੂਰ ਕਰਨ ਅਤੇ ਲੋੜਵੰਦਾਂ ਦੀ ਲੋੜ ਪੂਰੀ ਕਰਨ ਲਈ ਹਰ ਵੇਲੇ ਤਤਪਰ ਨਹੀਂ ਰਹਿੰਦਾ ਤਾਂ ਉਸਦੀ ਕਿਰਤ ਅਸਲ ਸ਼ਕਤੀ ਪ੍ਰਦਾਨ ਕਰਨ ਵਾਲੇ ਪ੍ਰੇਰਣਾ-ਸੋਮੇ ਤੋਂ ਟੁੱਟ ਕੇ ਭ੍ਰਿਸ਼ਟ ਬਣ ਜਾਏਗੀ।

ਪਰਸੁਆਰਥੀ ਬਿਰਤੀ

ਗੁਰੂ ਨਾਨਕ ਦੇਵ ਜੀ ਮਨੁੱਖੀ ਕਿਰਤ ਨੂੰ ਸੁਆਰਥ ਦੇ ਸੁੰਗੜਵੇਂ ਘੇਰੇ ਵਿਚੋਂ ਕੱਢ ਕੇ ਪਰਸੁਆਰਥ ਦੇ ਵਿਸ਼ਾਲ ਘੇਰੇ ਵਿੱਚ ਲਿਆ ਖਲਾਰਦੇ ਹਨ। ਇਸ ਤਰ੍ਹਾਂ ਆਪ ਗੁਰਮਤਿ ਦੇ ਕਿਰਤ-ਸੰਕਲਪ ਵਿੱਚ ਬੜਾ ਵਿਸ਼ਾਲ ਉਦੇਸ਼ ਭਰਪੂਰ ਕਰ ਦਿੰਦੇ ਹਨ। ਪ੍ਰੋ: ਸੁਰਿੰਦਰ ਸਿੰਘ ਨੇ

3. ਰਾਗੁ ਬਿਲਾਵਲੁ ਮ: 1, ਆਦਿ ਗ੍ਰੰਥ, ਪੰਨਾ 795.

ਸਿੱਖ ਧਰਮ ਵਿੱਚ ਕਿਰਤ ਦੇ ਵਿਸ਼ਾਲ ਖੇਤਰ ਬਾਰੇ ਲਿਖਿਆ ਹੈ:-

> "ਸਿੱਖ ਧਰਮ ਵਿੱਚ ਕਿਰਤ ਦਾ ਉਦੇਸ਼ ਵਿਸ਼ਾਲ ਰੱਖਿਆ ਗਿਆ ਹੈ। ਮਨੋਰਥ ਸੰਕੁਚਿਤ ਨਹੀਂ ਹੋਣਾ ਚਾਹੀਦਾ, ਭਾਵ ਕਿਰਤ ਸੁਆਰਥ ਲਈ ਜਾਂ ਆਪਣੇ ਲਈ ਹੀ ਨਾ ਕੀਤੀ ਜਾਵੇ।"[4]

ਗੁਰੂ ਨਾਨਕ ਦੇਵ ਜੀ ਹਰੇਕ ਮਨੁੱਖ ਅੰਦਰ ਕਿਰਤ, ਸਿਮਰਨ ਅਤੇ ਸੇਵਾ ਦਾ ਤ੍ਰੈਕੋਣੀ ਸੰਜੋਗ ਉਤਪੰਨ ਕਰਨਾ ਚਾਹੁੰਦੇ ਸਨ। ਇਸ ਲਈ, ਨਾਮ ਸਿਮਰਨ ਤੋਂ ਉਪਰੰਤ ਆਪ ਸੇਵਾ ਜਾਂ ਪਰਉਪਕਾਰ ਨੂੰ ਵੀ ਕਿਰਤ ਦਾ ਪ੍ਰੇਰਣਾ-ਸ੍ਰੋਤ ਮੰਨਦੇ ਸਨ। ਵਾਸਤਵ ਵਿੱਚ, ਆਪ ਸੰਸਾਰ ਦੇ ਸਭ ਮਨੁੱਖਾਂ ਦੇ ਦੁੱਖ ਦੂਰ ਕਰਨ ਲਈ ਸੰਸਾਰ-ਯਾਤਰਾ ਉਤੇ ਨਿਕਲਣ ਵਾਲੇ 'ਦਰਵੇਸ਼' ਬਣੇ ਸਨ। ਸੱਚ ਤਾਂ ਇਹ ਹੈ ਕਿ ਆਪ ਜਗਤ ਵਿੱਚ ਪਰਉਪਕਾਰੀ ਦਰਵੇਸ਼ ਬਣ ਕੇ ਵਿਚਰਨਾ ਚਾਹੁੰਦੇ ਸਨ। ਇਸ ਲਈ, ਆਪ ਇਹੋ ਜਿਹੇ ਦਰਵੇਸ਼ ਦੇ ਇਹ ਲੱਛਣ ਦਰਸਾਉਂਦੇ ਸਨ:-

> ਦੁਖੀਏ ਦਰਦਵੰਦ ਦਰਿ ਤੇਰੈ ਨਾਮਿ ਰਤੇ ਦਰਵੇਸ ਭਏ।।[5]

ਇਹੋ ਜਿਹਾ ਦਰਵੇਸ਼ ਦੁਨੀਆਂ ਦੇ ਲੋਕਾਂ ਤੋਂ ਨਿਵੇਕਲਾ ਰਹਿਣ ਵਾਲਾ ਨਹੀਂ, ਸਗੋਂ ਉਨ੍ਹਾਂ ਵਿੱਚ ਰਹਿ ਕੇ ਪਰਮਾਰਥ ਕਮਾਣ ਵਾਲਾ ਦਰਵੇਸ਼ ਹੁੰਦਾ ਹੈ। ਉਹ ਸੰਸਾਰੀ ਕੰਮਾਂ ਤੋਂ ਮੂੰਹ ਨਹੀਂ ਮੋੜਦਾ, ਸਗੋਂ ਇਨ੍ਹਾਂ ਨੂੰ ਪਰਮਾਰਥ ਵੱਲ ਮੋੜ ਕੇ ਵਿਖਾਉਂਦਾ ਹੈ। ਇਸੇ ਗੱਲ ਨੂੰ ਮੁੱਖ ਰੱਖਦਿਆਂ ਗੁਰੂ ਨਾਨਕ ਦੇਵ ਜੀ ਨੇ ਘਾਲ ਖਾਣ ਅਤੇ ਆਪਣੀ ਘਾਲ ਕਮਾਈ ਵਿਚੋਂ ਲੋੜਵੰਦਾਂ ਨੂੰ ਦੇਣ ਉਤੇ ਬਲ ਦਿੱਤਾ ਹੈ। ਆਪਜੀ ਨੇ ਸੰਸਾਰ ਦੇ ਕੋਨੇ ਕੋਨੇ ਉਤੇ ਜਾ ਕੇ ਲੋਕਾਂ ਦੇ ਘਰਾਂ ਦੇ ਦਰਵਾਜ਼ੇ ਜਾ ਖੜਕਾਏ ਅਤੇ ਉਨ੍ਹਾਂ ਦੇ ਕੰਨੀਂ ਇਹ ਪਰਉਪਕਾਰੀ ਆਵਾਜ਼ ਪਾਈ :-

1) ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ।।[6]
2) ਘਾਲਿ ਖਾਇ ਕਿਛੁ ਹਥਹੁ ਦੇਇ।।
   ਨਾਨਕ ਰਾਹੁ ਪਛਾਣਹਿ ਸੇਇ।।[7]

---

4. 'ਸਿੱਖ ਧਰਮ ਵਿੱਚ ਕਿਰਤ ਤੇ ਸੇਵਾ' - 'ਗੁਰਮਤਿ ਪ੍ਰਕਾਸ਼', ਪੰਨਾ 25, (ਅਪ੍ਰੈਲ, 1974).
5. ਆਸਾ ਮ: 1, ਆਦਿ ਗ੍ਰੰਥ, ਪੰਨਾ 358.
6. ਆਸਾ ਦੀ ਵਾਰ, ਸਲੋਕ ਮ: 1, ਆਦਿ ਗ੍ਰੰਥ, ਪੰਨਾ 472.
7. ਸਾਰੰਗ ਕੀ ਵਾਰ, ਸਲੋਕ ਮ: 1, -ਉਹੀ- , ਪੰਨਾ 1245.

ਇਹ ਸਿਮਰਨ, ਕਿਰਤ ਅਤੇ ਸੇਵਾ ਦਾ ਸੁਮੇਲ ਕਰਨ ਵਾਲੀਆਂ ਆਦਾਤਾਂ ਹਨ। ਇਹ ਆਦਾਤਾਂ ਸੁਣਨ ਵਾਲੇ ਮਨੁੱਖ ਪਰਸੁਆਰਥੀ ਬਿਰਤੀ ਧਾਰ ਕੇ ਬ੍ਰਹਮ ਗਿਆਨੀ ਬਣ ਗਏ। ਉਹ ਆਪਣੇ ਸਭ ਸੰਸਾਰੀ ਕਰਮ ਨਿਭਾਉਂਦੇ ਰਹੇ ਪਰ ਉਨ੍ਹਾਂ ਵਿੱਚ ਪਰਸੁਆਰਥ ਦੇ ਗੁਣ ਵੀ ਭਰਪੂਰ ਹੁੰਦੇ ਗਏ। ਉਨ੍ਹਾਂ ਦੇ ਕਰਮ ਸੰਸਾਰੀ ਕਰਮ ਹੁੰਦੇ ਵੀ ਸਰਬਗੁਣਾਂ ਦੀ ਸੰਪੂਰਣਤਾ ਪ੍ਰਾਪਤ ਕਰ ਗਏ। ਗੁਰੂ ਨਾਨਕ ਦੇਵ ਜੀ ਦੇ ਬਣਾਏ ਹੋਏ ਇਹੋ ਜਿਹੇ ਬ੍ਰਹਮ ਗਿਆਨੀਆਂ ਬਾਰੇ ਡਾ: ਹਰਬੰਸ ਸਿੰਘ ਬਰਾੜ ਨੇ ਲਿਖਿਆ ਹੈ:-

> "ਇਹੋ ਜਿਹੇ ਬ੍ਰਹਮ ਗਿਆਨੀਆਂ ਦੀ ਸੁਰਤ ਇਕ ਪਾਸੇ ਤਾਂ ਸ਼ਬਦ ਨਾਲ ਨਿਰੰਤਰ ਲੱਗੀ ਰਹਿੰਦੀ ਹੈ ਅਤੇ ਦੂਜੇ ਪਾਸੇ ਉਹ ਆਪਣੇ ਸੰਸਾਰਕ ਕਰਮ ਕਰ ਰਹੇ ਹੁੰਦੇ ਹਨ। ਧਰਮ ਅਤੇ ਸੰਸਾਰ ਦੇ ਮੇਲ ਦੀ ਇਸ ਅਖੰਡ ਅਵਸਥਾ ਨੂੰ ਪਾ ਕੇ ਮਨੁੱਖ ਜਦੋਂ ਕਰਮ ਕਰਦਾ ਹੈ ਤਦ ਉਸਦੇ ਕਰਮ ਸਰਬ-ਗੁਣਾਂ ਦੀ ਸੰਪੂਰਣਤਾ ਨੂੰ ਛੂਹ ਲੈਂਦੇ ਹਨ।"[8]

<u>ਸਰਬਤ ਦਾ ਭਲਾ</u>

ਮਨੁੱਖ ਦੇ ਹਰੇਕ ਕੰਮ ਵਿੱਚ ਗੁਣਾਂ ਦੀ ਸੰਪੂਰਣਤਾ ਲਿਆਣ ਲਈ ਗੁਰੂ ਨਾਨਕ ਦੇਵ ਜੀ ਨੇ ਉਸ ਨੂੰ ਸਰਬਤ ਦੇ ਭਲੇ ਲਈ ਘੱਟਣ ਆਨਣ ਦਾ ਰਾਹ ਵਿਖਾਇਆ। ਸਰਬਤ ਦਾ ਭਲਾ ਹੀ ਗੁਰੂ ਜੀ ਦਾ ਜੀਵਨ-ਉਦੇਸ਼ ਹੈ। ਇਹੀ ਆਪ ਜੀ ਦਾ ਦਰਸ਼ਨ ਹੈ, ਜਿਹੜਾ ਛੇਤੀ ਹੀ ਲੋਕ-ਪ੍ਰਿਯ ਬਣ ਗਿਆ। ਗੁਰੂ ਜੀ ਦੇ ਦਰਸ਼ਨ ਦੀ ਲੋਕ-ਪ੍ਰਿਯਤਾ ਦਾ ਕਾਰਨ ਦੱਸਦਿਆਂ ਡਾ:ਸੀਤਾ ਰਾਮ ਬਾਹਰੀ ਨੇ ਲਿਖਿਆ ਹੈ:-

> "ਨਾਨਕ ਦਰਸ਼ਨ ਦੀ ਲੋਕ-ਪ੍ਰਿਯਤਾ ਦਾ ਕਾਰਨ ਇਹ ਸੀ ਕਿ ਉਸ ਨੇ ਸਹਿ-ਭਜਨ ਅਤੇ ਭੋਜਨ ਤੋਂ ਅੱਗੇ ਵੱਧ ਕੇ ਸਹਿ-ਅਸਤਿਤਵ, ਭਾਵ ਏਕਤਾ ਤੇ ਸਰਬਤ ਦੇ ਭਲੇ ਲਈ ਮਹਾਨ ਉਦਮ ਕੀਤਾ।"[9]

ਗੁਰੂ ਨਾਨਕ ਦੇਵ ਜੀ ਨੇ ਕੋਈ ਨਵੇਕਲਾ ਦਰਸ਼ਨ ਪਰਚਾਰਣ ਲਈ ਇਹ ਜੀਵਨ-ਉਦੇਸ਼ ਨਹੀਂ ਦਰਸਾਇਆ। ਪਰ, ਫਿਰ ਵੀ ਇਹ ਸਿੱਖ ਧਰਮ ਦਾ ਆਪਣਾ ਵਿਸ਼ੇਸ਼

8. "ਸਿੱਖ ਮੱਤ ਵਿੱਚ ਕਰਮ ਦਾ ਸਥਾਨ"- 'ਨਾਨਕ ਪ੍ਰਕਾਸ਼ ਪੱਤ੍ਰਿਕਾ', ਪੰਨਾ 152, (ਪਟਿਆਲਾ, ਪੰਜਾਬੀ ਯੂਨੀਵਰਸਿਟੀ), ਜੂਨ 1973.
9. 'ਸਾਹਿਤ ਮੰਥਨ', ਪੰਨਾ 167 (ਜਲੰਧਰ, ਹਿੰਦ ਪਬਲਿਸ਼ਰਜ਼), 1966.

ਦਰਸ਼ਨ ਬਣ ਗਿਆ ਹੈ। ਇਸ ਲਈ, ਪ੍ਰਿੰ. ਤੇਜਾ ਸਿੰਘ ਨੇ ਇਹ ਪੱਖ ਵੀ ਠੀਕ ਸਮਝੀ ਹੈ :-

> "ਜੇ ਅਸੀਂ ਸਿੱਖ ਧਰਮ ਨੂੰ ਆਧੁਨਿਕ ਮਨੁੱਖਤਾ ਦੀਆਂ ਲੋੜਾਂ ਅਨੁਸਾਰ ਪਰਚੱਲਤ ਦਰਸ਼ਨਾਂ ਵਿਚੋਂ ਉਗਮਿਆ ਹੋਇਆ ਇਕ ਸਜੀਵ-ਮੱਤ ਸਮਝੀਏ, ਤਦ ਵੀ ਇਸ ਨੂੰ ਸੌਖੇ ਹੀ ਇੱਕ ਨਵਾਂ ਦਾਰਸ਼ਨਿਕ ਮੱਤ ਪਰਵਾਨਿਆ ਜਾ ਸਕਦਾ ਹੈ।"[10]

ਗੁਰੂ ਨਾਨਕ ਦੇਵ ਜੀ ਦੇ ਪਰਚਾਰੇ ਹੋਏ ਸਰਬ-ਹਿਤਕਾਰੀ ਸਿਧਾਂਤ ਜਾਂ ਸਰਬਤ ਦੇ ਭਲੇ ਵਾਲੇ ਜੀਵਨ-ਦਰਸ਼ਨ ਨੂੰ ਮੁੱਖ ਰੱਖਦਿਆਂ ਹੀ ਸਿੱਖ ਧਰਮ ਦੀ ਸਾਂਝੀ ਅਰਦਾਸ ਨੂੰ ਅੰਤਿਮ ਰੂਪ ਦੇਣ ਲਈ 'ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ' ਵਾਲੀ ਪਰਉਪਕਾਰੀ ਛਾਪ ਲਗਾਈ ਗਈ ਹੈ। ਡਾ. ਜਸਬੀਰ ਸਿੰਘ ਨੇ ਸਿੱਖ ਧਰਮ ਦੀ ਇਸ ਮਾਨਵ-ਹਿਤਕਾਰੀ ਅਰਦਾਸ ਬਾਰੇ ਲਿਖਿਆ ਹੈ:-

> "ਇਸਤਰ੍ਹਾਂ, ਅਸੀਂ ਵੇਖਦੇ ਹਾਂ ਕਿ ਮਨੁੱਖ ਨੂੰ ਦੂਜੇ ਮਨੁੱਖ ਨਾਲ ਜੋੜੀ ਸਦਭਾਵਨਾ ਦੇ ਰਿਸ਼ਤੇ ਵਿਚ ਬੰਨ੍ਹਣ ਵਾਲੀ ਸਿੱਖ-ਨੈਤਿਕਤਾ ਮੂਲ ਰੂਪ ਵਿੱਚ ਮਾਨਵ-ਹਿਤਕਾਰੀ ਹੋ ਨਿਬੜਦੀ ਹੈ। ਇਹ ਨੈਤਿਕਤਾ ਕਰਮ-ਸ਼ੀਲ ਪੱਧਰ ਉਤੇ, ਮਾਨਵ-ਚਰਿੱਤਰ ਅਤੇ ਆਚਾਰ ਵਿੱਚ, ਸਦਭਾਵਨਾ ਵਾਲੇ ਨੈਤਿਕ ਗੁਣ ਧਾਰਣ ਕਰਨ ਦੀ ਪ੍ਰੇਰਣਾ ਜਗਾਉਂਦੀ ਹੈ। ਇਹੀ ਕਾਰਨ ਹੈ ਕਿ ਸਿੱਖ-ਅਰਦਾਸ ਦੇ ਅੰਤਿਮ ਸ਼ਬਦ 'ਸਰਬਤ ਦੇ ਭਲੇ' ਦੀ ਕਾਮਨਾ ਕਰਨ ਵਾਲੇ ਹਨ।"[11]

(ੲ) <u>ਸੰਤੁਲਿਤ ਸੁਭਾ</u>

ਮਨੋਵਿਗਿਆਨ ਅਨੁਸਾਰ, ਮਨੁੱਖੀ ਸੁਭਾ ਤਿੰਨ ਪ੍ਰਕਾਰ ਦਾ ਹੁੰਦਾ ਹੈ - ਇਕ ਅੰਤਰਮੁਖੀ, ਦੂਜਾ ਬਾਹਰਮੁਖੀ, ਤੀਜਾ ਦੋਹਾਂ ਦਾ ਸਮੇਲ ਰੱਖਣ ਵਾਲਾ-ਸੰਤੁਲਿਤ ਸੁਭਾ।

---

10. 'If, however, we were to study Sikhism as a new organic growth evolved from the existing systems of thought to meet the needs of a newly evolving humanity, we should find no difficulty in recognising Sikhism as a distinct system of thought.'-'Sikhism' P.4, (Amritsar, Khalsa Brothers), 1978.

11. 'ਗੁਰਮਤਿ ਦੀ ਨੈਤਿਕਤਾ', "ਸਿੱਖ ਫਿਲਾਸਫੀ ਦੀ ਰੂਪ ਰੇਖਾ", ਪੰਨਾ 193-94 (ਅੰਮ੍ਰਿਤਸਰ, ਗੁਰੂ ਨਾਨਕ ਯੂਨੀਵਰਸਿਟੀ), 1975.

## ਮਾਨਵ ਸੁਭਾ ਤੇ ਕੰਮ

ਅੰਤਰਮੁਖੀ ਸੁਭਾ ਵਾਲਾ ਮਨੁੱਖ ਹਰ ਵੇਲੇ ਆਪਣੇ ਅੰਦਰ ਵੱਲ ਮੂੰਹ ਕੀਤੀ ਰੱਖਦਾ ਹੈ, ਅਰਥਾਤ ਕੇਵਲ ਆਪਣੇ ਬਾਰੇ ਹੀ ਸੋਚਦਾ ਰਹਿੰਦਾ ਹੈ। ਉਹ ਆਪਣੇ ਆਪ ਨੂੰ ਕੇਂਦਰੀ-ਬਿੰਦੂ ਮੰਨ ਕੇ ਆਪਣੇ ਵਿਚਾਰਾਂ ਦਾ ਘੇਰਾ ਆਪਣੇ ਤੱਕ ਜਾਂ ਆਪਣੇ ਆਲੇ ਦੁਆਲੇ ਤੱਕ ਹੀ ਸੀਮਤ ਰੱਖਦਾ ਹੈ। ਇਸ ਤਰ੍ਹਾਂ, ਉਹ ਆਪਣੇ ਆਪ ਵਿੱਚ ਹੀ ਮਗਨ ਰਹਿੰਦਾ ਹੈ ਅਤੇ ਸਮਾਜਕ ਮੇਲ ਮਿਲਾਪ ਤੋਂ ਕੰਨੀਂ ਕਤਰਾਂਦਾ ਰਹਿੰਦਾ ਹੈ। ਉਹ ਸਵੈ-ਚਿੰਤਨ ਵਿੱਚ ਮਗਨ ਰਹਿੰਦਿਆਂ ਕਾਰਜ-ਹੀਣ ਬਣਿਆ ਰਹਿੰਦਾ ਹੈ ਅਤੇ ਜੇ ਕੋਈ ਕੰਮ ਆਰੰਭ ਵੀ ਕਰੇ ਤਾਂ ਉਸ ਨੂੰ ਫੁਰਤੀ ਨਾਲ ਕਰਨ ਦੇ ਥਾਂ ਸੁਸਤੀ ਨਾਲ ਕਰਦਾ ਹੈ।

ਇਸ ਦੇ ਵਿਪਰੀਤ, ਬਾਹਰਮੁਖੀ ਸੁਭਾ ਵਾਲਾ ਮਨੁੱਖ ਕੇਵਲ ਆਪਣੇ ਧਿਆਨ ਵਿੱਚ ਮਗਨ ਰਹਿਣ ਦੇ ਥਾਂ ਦੂਜਿਆਂ ਦਾ ਵੀ ਧਿਆਨ ਰੱਖਦਾ ਹੈ। ਉਹ ਕਿਸੇ ਚਿੰਤਨ ਵਿੱਚ ਲੀਨ ਰਹਿਣ ਦੇ ਥਾਂ ਸਮਾਜਕ ਮੇਲ ਮਿਲਾਪ ਵਿੱਚ ਵਧੇਰੇ ਰੁਚੀ ਵਿਖਾਉਂਦਾ ਹੈ। ਇਸ ਰੁਚੀ ਅਧੀਨ ਉਹ ਹਰੇਕ ਕੰਮ ਬੜੀ ਫੁਰਤੀ ਨਾਲ ਕਰਕੇ ਵਿਖਾਉਂਦਾ ਹੈ। ਉਹ ਹਰੇਕ ਗੱਲ ਦਾ ਅੱਗਾ ਪਿੱਛਾ ਸੋਚਦੇ ਰਹਿਣ ਨਾਲੋਂ ਕੰਮ ਕਰਨ ਦੀ ਤੇਜ਼ ਚਾਲ ਵਿੱਚ ਵਧੇਰੇ ਵਿਸ਼ਵਾਸ ਰੱਖਦਾ ਹੈ।

ਆਮ ਤੌਰ ਉੱਤੇ ਇਹੋ ਸਮਝਿਆ ਜਾਂਦਾ ਹੈ ਕਿ ਕਿਰਤੀ ਮਨੁੱਖ ਲਈ ਅੰਤਰਮੁਖੀ ਨਾਲੋਂ ਬਾਹਰਮੁਖੀ ਸੁਭਾ ਦਾ ਹੋਣਾ ਵਧੇਰੇ ਲਾਭਦਾਇਕ ਹੈ, ਕਿਉਂਕਿ ਇਸ ਸੁਭਾ ਰਾਹੀਂ ਉਹ ਸਵੈ-ਚਿੰਤਨ ਤੋਂ ਬਚ ਕੇ ਕਿਰਿਆ-ਸ਼ੀਲਤਾ ਵਿੱਚ ਸੰਲਗਨ ਰਹਿੰਦਾ ਹੈ। ਇਸ ਪੱਖੋਂ ਬਾਹਰਮੁਖੀ ਸੁਭਾ ਉਸ ਦੇ ਕੰਮ ਵਿੱਚ ਸਫਲਤਾ ਲਿਆਣ ਦਾ ਕਾਰਣ ਬਣ ਜਾਂਦਾ ਹੈ।

ਇਹ ਤਾਂ ਠੀਕ ਹੈ ਕਿ ਨਿਰੋਲ ਬਾਹਰਮੁਖੀ ਸੁਭਾ ਦਾ ਮਨੁੱਖ ਆਪਣੇ ਕੰਮ ਵਿੱਚ ਸਫਲ ਰਹਿ ਕੇ ਵਿਖਾ ਸਕਦਾ ਹੈ, ਪਰ ਇਸ ਰਾਹੀਂ ਉਹ ਆਪਣੇ ਕਿਸੇ ਕੰਮ ਵਿੱਚ ਉੱਚਾ ਆਦਰਸ਼ ਪ੍ਰਾਪਤ ਨਹੀਂ ਕਰ ਸਕਦਾ, ਕਿਉਂਕਿ ਗੰਭੀਰ ਅੰਤਰਮੁਖੀ ਚਿੰਤਨ ਤੋਂ ਬਿਨ੍ਹਾਂ ਕੋਈ ਵੀ ਉੱਚ-ਆਦਰਸ਼ ਧਾਰਨ ਨਹੀਂ ਕੀਤਾ ਜਾ ਸਕਦਾ। ਇਸ ਲਈ, ਇਹ ਗੱਲ ਆਮ ਵੇਖਣ ਵਿੱਚ ਆਉਂਦੀ ਹੈ ਕਿ ਨਿਰੋਲ ਬਾਹਰਮੁਖੀ ਸੁਭਾ ਦਾ ਮਨੁੱਖ ਆਦਰਸ਼-ਹੀਣ ਕਾਰਜਾਂ ਵਿੱਚ ਹੀ ਆਪਣਾ ਸਮਾਂ ਨਸ਼ਟ ਕਰਦਾ ਰਹਿੰਦਾ ਹੈ। ਉਦਾਹਰਣ ਵਜੋਂ, ਜੇ ਉਹ ਸਮਾਜਕ ਮੇਲ ਮਿਲਾਪ ਵਧਾ ਕੇ ਪ੍ਰਸੰਨ ਹੁੰਦਾ ਹੈ ਤਾਂ ਉਹ ਇਸ ਮੇਲ ਮਿਲਾਪ ਨੂੰ ਨਿਪਟ ਮਨੋਰੰਜਨ ਦਾ ਸਾਧਨ ਬਣਾ ਦਿੰਦਾ ਹੈ। ਉਹ ਉੱਚ-ਆਦਰਸ਼ ਵਾਲੀ ਸਮਾਜਕ ਸੇਵਾ ਅਤੇ ਆਦਰਸ਼ਹੀਣ ਮਨੋਰੰਜਨ ਵਿੱਚ ਕੋਈ ਅੰਤਰ ਨਹੀਂ ਪਛਾਣ ਸਕਦਾ।

ਗੁਰੂ ਨਾਨਕ ਦੇਵ ਜੀ ਹਰੇਕ ਕਿਰਤੀ ਤੋਂ ਇਹ ਆਸ ਕਰਦੇ ਹਨ ਕਿ ਉਹ ਨਾ ਤਾਂ ਨਿਰੋਲ ਅੰਤਰਮੁਖੀ, ਨਾ ਹੀ ਨਿਰੋਲ ਬਾਹਰਮੁਖੀ ਸੁਭਾ, ਸਗੋਂ ਇਨ੍ਹਾਂ ਦੋਹਾਂ ਦੇ ਸੁਮੇਲ ਵਾਲੇ ਸੰਤੁਲਿਤ ਸੁਭਾ ਦਾ ਮਾਲਕ ਹੋਵੇ। ਗੁਰੂ ਜੀ ਕਿਰਤੀ ਦੇ ਸੁਭਾ ਵਿੱਚ ਅੰਤਰ-ਮੁਖੀ ਅੰਸ਼ ਇਸ ਲਈ ਜ਼ਰੂਰੀ ਸਮਝਦੇ ਹਨ ਕਿ ਇਸ ਤੋਂ ਬਿਨਾਂ ਉਹ ਗੰਭੀਰ ਚਿੰਤਨ ਅਤੇ ਨਾਮ-ਸਿਮਰਨ ਵਿੱਚ ਲੀਨ ਹੋਣ ਦੀ ਯੋਗਤਾ ਨਹੀਂ ਧਾਰ ਸਕਦਾ। ਪਰ, ਇਸ ਦੇ ਨਾਲ ਹੀ ਆਪ ਉਸ ਦੇ ਸੁਭਾ ਵਿੱਚ ਬਾਹਰਮੁਖੀ ਅੰਸ਼ ਦਾ ਹੋਣਾ ਵੀ ਬੜਾ ਜ਼ਰੂਰੀ ਸਮਝਦੇ ਹਨ, ਕਿਉਂਕਿ ਇਸ ਤੋਂ ਬਿਨਾਂ ਉਹ ਲੋਕਾਂ ਨਾਲ ਮੇਲ ਜੋਲ ਰੱਖਣ ਅਤੇ ਉਨ੍ਹਾਂ ਦੀ ਭਲਾਈ ਕਰਨ ਦੀ ਰੁਚੀ ਨਹੀਂ ਵਿਖਾ ਸਕਦਾ। ਗੁਰੂ ਜੀ ਇਸ ਗੱਲ ਦੀ ਬੜੀ ਆਵੱਸ਼ਕਤਾ ਸਮਝਦੇ ਹਨ ਕਿ ਕਿਰਤੀ ਮਨੁੱਖ ਹਰ ਵੇਲੇ ਸਵੈ-ਸੋਚਣੀ ਵਿੱਚ ਮਗਨ ਰਹਿਣ ਦੇ ਥਾਂ ਲੋਕ-ਹਿਤਕਾਰੀ ਕਾਰਜਸ਼ੀਲਤਾ ਅਪਣਾ ਕੇ ਵਿਖਾਏ।

## ਗੁਰੂ ਨਾਨਕ ਦੇਵ ਦਾ ਸੁਭਾ

ਗੁਰੂ ਨਾਨਕ ਦੇਵ ਜੀ ਆਪ ਅੰਤਰਮੁਖੀ ਅਤੇ ਬਾਹਰਮੁਖੀ ਸੁਭਾ ਦੇ ਵਿਚਕਾਰਲੇ, ਅਰਥਾਤ ਸੰਤੁਲਿਤ ਸੁਭਾ ਦੇ ਮਾਲਕ ਸਨ। ਆਪ ਨਾਮ-ਸਿਮਰਨ ਅਤੇ ਗੰਭੀਰ ਚਿੰਤਨ ਵਾਲਾ ਅੰਤਰਮੁਖੀ ਸੁਭਾ ਰੱਖਦੇ ਹੋਏ ਵੀ ਲੋਕਾਂ ਤੋਂ ਕੰਨੀਂ ਕਤਰਾਣ ਦੇ ਥਾਂ ਉਨ੍ਹਾਂ ਵਿੱਚ ਮਿਲ ਜੁਲ ਕੇ ਰਹਿਣ ਅਤੇ ਉਨ੍ਹਾਂ ਦੀ ਸੇਵਾ ਕਰਨ ਵਾਲੀ ਰੁਚੀ ਰੱਖਦੇ ਸਨ। ਇਸ ਲਈ ਆਪ ਲੋਕਾਂ ਵਿੱਚ ਹੀ ਪਰਮਾਤਮਾ ਦਾ ਵਾਸਾ ਪਛਾਣਦਿਆਂ ਉਨ੍ਹਾਂ ਦੇ ਪੈਰਾਂ ਉਤੇ ਆਪਣਾ ਸਿਰ ਰੱਖਣ ਦੀ ਲਾਲਸਾ ਇਉਂ ਪਰਗਟਾਉਂਦੇ ਹਨ :-

ਸਿਰੁ ਨਾਨਕ ਲੋਕਾ ਪਾਵ ਹੈ॥
ਬਲਿਹਾਰੀ ਜਾਉ ਜੇਤੇ ਤੇਰੇ ਨਾਵ ਹੈ॥ [12]

ਗੁਰੂ ਨਾਨਕ ਦੇਵ ਜੀ ਦੀਆਂ ਜਗਤ-ਫੇਰੀਆਂ ਆਮ ਕਰਕੇ ਉਦਾਸੀਆਂ ਅਖਵਾਉਂਦੀਆਂ ਹਨ, ਪਰ ਵਾਸਤਵ ਵਿੱਚ, ਇਹ ਉਦਾਸੀਆਂ ਨਹੀਂ, ਸਗੋਂ ਲੋਕ-ਮਿਲਣੀਆਂ ਹਨ। ਆਪ ਵਧੇਰੇ ਕਰਕੇ ਅਜਿਹੇ ਅਸਥਾਨਾਂ ਉਤੇ ਗਏ, ਜਿਹੜੇ ਵੱਖ ਵੱਖ ਧਰਮਾਂ ਦੇ ਕੇਂਦਰ ਬਣ ਕੇ ਲੋਕ-ਮੇਲਿਆਂ

---

12. ਰਾਗੁ ਬਸੰਤ ਮ: 1, ਆਦਿ ਗ੍ਰੰਥ, ਪੰਨਾ 1168.

ਜਾਂ ਇਕੱਠਾਂ ਦੇ ਸੋਮੇ ਬਣੇ ਹੋਏ ਸਨ, ਜਿਵੇਂ ਕੁਰੂਕਸ਼ੇਤਰ, ਹਰਦੁਆਰ, ਬਨਾਰਸ, ਜਗਨਨਾਥ ਪੁਰੀ, ਮੱਕਾ, ਬਗਦਾਦ ਆਦਿ। ਇਉਂ ਕਰਨ ਵਿੱਚ ਆਪ ਜੀ ਦਾ ਪ੍ਰਯੋਜਨ ਵੱਧ ਤੋਂ ਵੱਧ ਲੋਕਾਂ ਨੂੰ ਮਿਲਣ ਦਾ ਸੀ। ਆਪਜੀ ਦਾ ਵਿਸ਼ਵਾਸ ਸੀ ਕਿ ਇਨ੍ਹਾਂ ਲੋਕਾਂ ਵਿੱਚ ਹੀ ਗੁਰਮੁਖਾਂ ਦਾ ਮਿਲਾਪ ਹੋ ਸਕਦਾ ਹੈ। ਅਚਲ ਵਟਾਲੇ ਵਿੱਚ ਸਿੱਧਾਂ ਨਾਲ ਹੋਈ 'ਗੋਸਟਿ' ਸਮੇਂ ਜਦ ਸਿੱਧਾਂ ਨੇ ਗੁਰੂ ਜੀ ਤੋਂ ਪੁੱਛਿਆ ਕਿ ਹੋਰਨਾਂ ਨੂੰ ਗ੍ਰਿਹਸਤ ਧਾਰਨ ਦਾ ਉਪਦੇਸ਼ ਦਿੰਦਿਆਂ ਤੁਸੀਂ ਆਪ ਉਦਾਸੀ ਬਣ ਕੇ ਘਰੋਂ ਕਿਉਂ ਨਿਕਲ ਤੁਰੇ ਸੀ ਤਾਂ ਗੁਰੂ ਜੀ ਨੇ ਉਨ੍ਹਾਂ ਨੂੰ ਉੱਤਰ ਦਿੱਤਾ ਕਿ ਇਉਂ ਕਰਨ ਵਿੱਚ ਮੇਰਾ ਉਦੇਸ਼ ਲੋਕਾਂ ਦੇ ਮੇਲ ਮਿਲਾਪ ਰਾਹੀਂ ਗੁਰਮੁਖਾਂ ਦਾ ਦਰਸ਼ਨ ਕਰਨਾ ਸੀ। ਇਸ ਸੰਬੰਧੀ ਸਿੱਧ ਲੋਗ ਗੁਰੂ ਜੀ ਨੂੰ ਪ੍ਰਸ਼ਨ ਕਰਦੇ ਹਨ :-

ਕਿਸੁ ਕਾਰਣਿ ਗ੍ਰਿਹੁ ਤਜਿਓ ਉਦਾਸੀ॥
ਕਿਸੁ ਕਾਰਣਿ ਇਹੁ ਭੇਖੁ ਨਿਵਾਸੀ॥[13]

ਗੁਰੂ ਜੀ ਇਸ ਪ੍ਰਸ਼ਨ ਦਾ ਉੱਤਰ ਇਉਂ ਦਿੰਦੇ ਹਨ:-

ਗੁਰਮੁਖਿ ਖੋਜਤ ਭਏ ਉਦਾਸੀ॥
ਦਰਸਨ ਕੈ ਤਾਈ ਭੇਖ ਨਿਵਾਸੀ॥[14]

ਇਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਜੀ ਦੀਆਂ ਜਗਤ-ਫੇਰੀਆਂ ਕਿਸੇ ਤਰ੍ਹਾਂ ਵੀ ਅੰਤਰਮੁਖੀ ਸੁਭਾ ਨਾਲ ਸੰਬੰਧਿਤ ਨਹੀਂ ਸਨ, ਸਗੋਂ ਬਾਹਰ-ਮੁਖੀ ਸੁਭਾ ਤੋਂ ਉਪਜੀਆਂ ਹੋਈਆਂ ਸਨ। ਇਹ ਗੁਰਮੁਖਾਂ ਦੀ ਖੋਜ ਕਰਨ ਵਾਲੀਆਂ ਜਗਤ ਯਾਤਰਾਵਾਂ ਸਨ। ਇਸ ਦੇ ਨਾਲ ਹੀ ਇਹ ਇਕ ਹੋਰ ਵਿਸ਼ਾਲ ਉਦੇਸ਼ ਵੀ ਰੱਖਦੀਆਂ ਸਨ ਕਿ ਗੁਰਮੁਖਾਂ ਨੂੰ ਲੋਕ-ਆਗੂ ਬਣਾ ਕੇ ਉਨ੍ਹਾਂ ਨੂੰ ਲੋਕ-ਸੇਵਾ ਦੇ ਕੰਮ ਉਤੇ ਲਗਾਦਿਆਂ ਜਗਤ-ਕਲਿਆਣ ਕੀਤਾ ਜਾਏ।

ਭਾਰਤੀ ਚਿੰਤਕਾਂ ਦਾ ਸੁਭਾ

ਕਈ ਪੱਛਮੀ ਲੇਖਕਾਂ ਨੇ ਇਹ ਸਿੱਧ ਕਰਨ ਦਾ ਜਤਨ ਕੀਤਾ ਹੈ ਕਿ ਸਭ ਭਾਰਤੀ ਚਿੰਤਕ ਅੰਤਰ-ਮੁਖੀ ਸੁਭਾ ਦੇ ਮਨੁੱਖ ਸਨ। ਇਸ ਲਈ ਉਹ ਨਿਖੇਧਾਤਮਕ ਦ੍ਰਿਸ਼ਟੀਕੋਣ

---

13. ਰਾਮਕਲੀ ਮ: 1, 'ਸਿਧ ਗੋਸਟਿ', ਆਦਿ ਗ੍ਰੰਥ, ਪੰਨਾ 939.
14. -ਉਹੀ- -ਉਹੀ- , ਪੰਨਾ-ਉਹੀ-

ਅਪਣਾਉਂਦਿਆਂ ਸਵੈ-ਹੋਂਦ ਜਾਂ ਸਵੈ-ਮੁਕਤੀ ਦੇ ਉਦੇਸ਼ ਤੋਂ ਅੱਗੇ ਨਹੀਂ ਵੱਧ ਸਕੇ। ਇਸ ਸੀਮਤ ਦ੍ਰਿਸ਼ਟੀਕੋਣ ਵਿੱਚ ਫਸਕੇ ਉਹ ਸਮਾਜਕ ਸੇਵਾ ਅਤੇ ਮਾਨਵ ਭਲਾਈ ਦਾ ਵਿਸ਼ਾਲ-ਉਦੇਸ਼ ਨਹੀਂ ਪਛਾਣ ਸਕੇ। ਇਹੋ ਜਿਹੇ ਇਕ ਪੱਛਮੀ ਚਿੰਤਕ ਐਲਬਰਟ ਸਵੈਜ਼ਰ ਦੀ ਆਲੋਚਨਾ ਕਰਦਿਆਂ ਡਾ: ਜਗਬੀਰ ਸਿੰਘ ਨੇ ਲਿਖਿਆ ਹੈ :-

> "ਐਲਬਰਟ ਸਵੈਜ਼ਰ ਨੇ ਸਮੁੱਚੇ ਭਾਰਤੀ ਚਿੰਤਨ ਨੂੰ ਵਿਸ਼ਵ ਅਤੇ ਜੀਵਨ ਬਾਰੇ ਨਿਖੇਧਾਤਮਕ ਰਵੱਈਆ ਅਪਣਾਨ ਦਾ ਦੋਸ਼ੀ ਠਹਿਰਾਇਆ ਹੈ। ਉਸ ਦਾ ਵਿਚਾਰ ਹੈ ਕਿ ਪੱਛਮ ਦਾ ਵਿਸ਼ਵ ਦ੍ਰਿਸ਼ਟੀਕੋਣ ਜੀਵਨ ਅਤੇ ਜਗਤ ਦਾ ਸਮਰੱਥਕ ਹੈ, ਕਿਉਂਕਿ ਇਹ ਪ੍ਰਬਲ ਜੀਵਨ ਇੱਛਾ ਦਾ ਧਾਰਨੀ ਹੈ ਤੇ ਮਨੁੱਖ ਨੂੰ ਆਪਣੇ ਸਮਾਜ, ਕੌਮ ਅਤੇ ਮਨੁੱਖ ਜਾਤੀ ਦੀ ਸੇਵਾ ਕਰਨ ਦੀ ਪ੍ਰੇਰਣਾ ਦਿੰਦਾ ਹੈ। ਇਸ ਦੇ ਮੁਕਾਬਲੇ ਤੇ ਭਾਰਤੀ ਨਿਖੇਧਾਤਮਕ ਵਿਸ਼ਵ-ਦ੍ਰਿਸ਼ਟੀਕੋਣ ਮਨੁੱਖੀ ਜੀਵਨ ਨੂੰ ਕੇਵਲ ਰੰਗ ਮੰਚ ਦੀ ਖੇਡ ਸਮਝਦਾ ਹੈ ।...... ਇਹ ਨਿਖੇਧਾਤਮਕ ਵਿਚਾਰਧਾਰਾ ਆਪਣੇ ਅਤਿਵਾਦੀ ਰੂਪ ਵਿੱਚ ਸਭ ਪ੍ਰਕਾਰ ਦੇ ਕਾਰਜ ਦਾ ਨਿਖੇਧ ਕਰਨ ਦੀ ਪ੍ਰੇਰਣਾ ਦਿੰਦੀ ਹੈ।" [15]

ਪਰ ਐਲਬਰਟ ਸਵੈਜ਼ਰ ਵੱਲੋਂ ਸਭ ਭਾਰਤੀ ਚਿੰਤਕਾਂ ਨੂੰ ਨਿਖੇਧਾਤਮਕ ਦ੍ਰਿਸ਼ਟੀਕੋਣ ਅਪਣਾਨ ਦਾ ਦੋਸ਼ੀ ਠਹਿਰਾਣਾ ਅਸਲੀਅਤ ਨੂੰ ਅੱਖੋਂ ਓਹਲੇ ਕਰਨ ਦੇ ਬਰਾਬਰ ਹੈ। ਗੁਰੂ ਨਾਨਕ ਦੇਵ ਜੀ ਦਾ ਦ੍ਰਿਸ਼ਟੀਕੋਣ ਕਿਸੇ ਰੂਪ ਵਿੱਚ ਵੀ ਨਿਖੇਧਾਤਮਕ ਨਹੀਂ ਹੈ। ਇਹ ਪੂਰਨ ਰੂਪ ਵਿੱਚ ਸਕਾਰਾਤਮਕ ਹੈ, ਅਰਥਾਤ, ਸੰਸਾਰੀ ਜੀਵਨ ਵਿੱਚ ਪੂਰਾ ਨਿਸ਼ਚਾ ਰੱਖਦਿਆਂ ਇਸ ਵਿੱਚ ਕਿਰਿਆਸ਼ੀਲ ਭਾਗ ਲੈਣ ਦੀ ਪ੍ਰੇਰਣਾ ਪ੍ਰਦਾਨ ਕਰਦਾ ਹੈ। ਇਹ ਦ੍ਰਿਸ਼ਟੀਕੋਣ ਸਮਾਜਕ ਮੇਲ ਮਿਲਾਪ ਅਤੇ ਮਾਨਵ ਸੇਵਾ ਦੇ ਕਾਰਜਾਂ ਵਿੱਚ ਕਿਸੇ ਪ੍ਰਕਾਰ ਦੀ ਰੁਕਾਵਟ ਨਹੀਂ ਪਾਉਂਦਾ। ਇਹ ਕਿਸੇ ਮਨੁੱਖ ਨੂੰ ਕਿਰਤ ਕਰਨ, ਉਦਮ ਕਰਨ ਜਾਂ ਸਮਾਜਕ ਕਰਤਵ ਨਿਭਾਣ ਤੋਂ ਨਹੀਂ ਵਰਜਦਾ, ਸਗੋਂ ਹਰੇਕ ਮਨੁੱਖ ਨੂੰ ਇਹੋ ਜਿਹੇ ਉਦਮੀ ਰਾਹ ਉਤੇ ਤੁਰਨ ਦੀ ਜਾਚ ਸਿਖਾਉਂਦਾ ਹੈ। ਸੱਚ ਤਾਂ ਇਹ ਹੈ ਕਿ ਕਿਸੇ ਵੀ ਤੋਂ ਵੱਡੇ ਪੱਛਮੀ ਚਿੰਤਕ ਨੇ ਵੀ ਗੁਰੂ ਨਾਨਕ ਦੇਵ ਵਰਗਾ ਸਕਾਰਾਤਮਕ ਦ੍ਰਿਸ਼ਟੀਕੋਣ ਅਪਣਾ ਕੇ ਨਹੀਂ ਵਿਖਾਇਆ।

ਸਮੁੱਚੇ ਤੌਰ ਉਤੇ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਦੇਵ ਜੀ ਹਰੇਕ ਮਨੁੱਖ ਲਈ ਉਦਮੀ ਬਣਨਾ ਅਤੇ ਸੰਤੁਲਿਤ ਸੁਭਾ ਧਾਰਦਿਆਂ ਸਮਾਜਕ ਜੀਵਨ ਵਿੱਚ ਕਿਰਿਆਸ਼ੀਲ ਭਾਗ

---

15. ਦੇਖੋ:- ਐਲਬਰਟ ਸਵੈਜ਼ਰ; 'ਇੰਡੀਅਨ ਥਾਟ ਐਂਡ ਇਟਸ ਡਿਵੈਲਪਮੈਂਟ,ਪੰਨਾ 1 ਹਵਾਲਾ ਸਰੋਤ; 'ਗੁਰੂ ਨਾਨਕ ਬਾਣੀ ਵਿੱਚ ਨੈਤਿਕਤਾ ਦਾ ਸੰਕਲਪ, ਪੰਨਾ 105(ਪਟਿਆਲਾ, ਭਾਸ਼ਾ ਵਿਭਾਗ ਪੰਜਾਬ), 1973.

ਨੇ ਕੇ ਵਿਖਾਣਾ ਅਨੁਵਾਰੀ ਸਮਝਦੇ ਹਨ। ਆਪ ਮਨੁੱਖ ਦੇ ਸੰਤੁਲਿਤ ਸੁਭਾਅ ਨੂੰ ਉਸ ਦੀ ਕਿਰਤ ਦਾ ਪ੍ਰੇਰਣਾ-ਸੋਮਾ ਮੰਨ ਕੇ ਉਸ ਨੂੰ ਉਪਦੇਸ਼ਦੇ ਹਨ ਕਿ ਉਹ ਜੀਵਨ ਪਰਯੰਤ ਇਸ ਸੋਮੇ ਨਾਲ ਜੁੜਿਆ ਰਹੇ ਅਤੇ ਆਪਣੇ ਸੰਸਾਰੀ ਕੰਮਾਂ ਵਿੱਚ ਪੂਰਾ ਲਗਨ ਅਤੇ ਉਤਸ਼ਾਹ ਭਰਪੂਰ ਕਰ ਕੇ ਵਿਖਾਏ।

## (ਸ) ਸੰਪੂਰਨ ਵਿਅਕਤਿਤਵ

ਮਨੁੱਖ ਆਪਣੇ ਜੀਵਨ ਦੇ ਸਰੀਰਕ, ਮਾਨਸਕ, ਮਨੋਭਾਵਕ ਅਤੇ ਆਤਮਕ ਖੇਤਰਾਂ ਵਿੱਚ ਵਿਅਕਤਿਤਵ ਵਿਕਾਸ ਪ੍ਰਾਪਤ ਕਰ ਕੇ ਵਿਖਾ ਸਕਦਾ ਹੈ। ਜੇ ਉਹ ਇਨ੍ਹਾਂ ਸਾਰੇ ਖੇਤਰਾਂ ਵਿੱਚ ਪੂਰੀ ਤਰ੍ਹਾਂ ਵਿਕਾਸ ਪ੍ਰਾਪਤ ਕਰ ਕੇ ਵਿਖਾਏ ਤਾਂ ਉਹ ਸੰਪੂਰਣ ਵਿਅਕਤਿਤਵ ਦਾ ਮਾਲਕ ਅਖਵਾਂਦਾ ਹੈ। ਗੁਰੂ ਨਾਨਕ ਦੇਵ ਜੀ ਮਨੁੱਖ ਦੇ ਇਹੋ ਜਿਹੇ ਸੰਪੂਰਣ ਵਿਅਕਤਿਤਵ ਨੂੰ ਕਿਰਤ ਦਾ ਪ੍ਰੇਰਣਾ-ਸੋਮਾ ਮੰਨਦੇ ਹਨ। ਆਪ ਕਿਰਤੀ ਨੂੰ ਹਰ ਪੱਖੋਂ ਇਕ ਆਦਰਸ਼ਕ ਮਨੁੱਖ ਸਮਝਦੇ ਹਨ। ਇਸ ਲਈ, ਆਪ ਚਾਹੁੰਦੇ ਹਨ ਕਿ ਉਹ ਸੰਪੂਰਣ ਵਿਅਕਤਿਤਵ ਵਿਕਾਸ ਪ੍ਰਾਪਤ ਕਰ ਕੇ ਇਸ ਨੂੰ ਆਪਣੀ ਕਿਰਤ ਦਾ ਪ੍ਰੇਰਣਾ-ਸੋਮਾ ਬਣਾ ਕੇ ਵਿਖਾਏ।

## ਸੰਪੂਰਣ ਵਿਅਕਤਿਤਵ ਦੀ ਪ੍ਰਾਪਤੀ

ਇਹ ਤਾਂ ਹਰ ਕੋਈ ਮੰਨਦਾ ਹੈ ਕਿ ਜੇ ਇਕ ਕਿਰਤੀ ਦਾ ਸਰੀਰ ਅਰੋਗ ਅਤੇ ਬਲਵਾਨ ਹੈ ਤਾਂ ਉਹ ਚੰਗੀ ਤਰ੍ਹਾਂ ਕਿਰਤ ਕਰ ਸਕਦਾ ਹੈ। ਇਸ ਲਈ, ਵਧੇਰੇ ਕਰ ਕੇ ਉਸ ਦੇ ਸਰੀਰਕ ਵਿਕਾਸ ਉਤੇ ਹੀ ਬਲ ਦਿੱਤਾ ਜਾਂਦਾ ਹੈ ਅਤੇ ਉਸ ਦੇ ਵਿਅਕਤਿਤਵ ਵਿਕਾਸ ਦੇ ਹੋਰ ਪੱਖਾਂ ਤੋਂ ਅਣਗਹਿਲੀ ਵਿਖਾਈ ਜਾਂਦੀ ਹੈ। ਪਰ, ਗੁਰੂ ਨਾਨਕ ਦੇਵ ਜੀ ਇਸ ਗੱਲ ਉਤੇ ਜ਼ੋਰ ਦਿੰਦੇ ਹਨ ਕਿ ਇਕ ਸਫਲ ਕਿਰਤੀ ਲਈ ਮਾਨਸਕ, ਮਨੋਭਾਵਕ ਅਤੇ ਆਤਮਕ ਵਿਕਾਸ ਵੀ ਉਨ੍ਹਾਂ ਹੀ ਆਵੱਸ਼ਕ ਹੈ ਜਿੰਨ੍ਹਾਂ ਸਰੀਰਕ। ਉਹ ਸੰਪੂਰਣ ਵਿਅਕਤਿਤਵ ਰਾਹੀਂ ਆਪਣੀ ਕਿਰਤ ਵਿੱਚ ਪਰਪੱਕਤਾ ਭਰਪੂਰ ਕਰ ਸਕਦਾ ਹੈ। ਇਸ ਦੇ ਨਾਲ ਹੀ ਗੁਰੂ ਜੀ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਇਕ ਕਿਰਤੀ ਆਪਣੇ ਸੰਪਰਕ ਵਿੱਚ ਆਣ ਵਾਲੇ ਸਭ ਮਨੁੱਖਾਂ ਲਈ ਆਦਰਸ਼ਕ ਮਨੁੱਖ ਬਣ ਕੇ ਵਿਖਾਏ ਅਤੇ ਆਪਣੇ ਸੰਪੂਰਣ ਵਿਅਕਤਿਤਵ ਰਾਹੀਂ ਉਹਨਾਂ ਦੀ ਠੀਕ ਅਗਵਾਈ ਕਰਨ ਦਾ ਪਰਉਪਕਾਰ ਕਮਾਏ। ਇਸ ਲਈ ਆਪ ਇਕ ਸੱਚੇ ਕਿਰਤੀ ਨੂੰ ਸਰਬ ਗੁਣਾਂ ਵਿੱਚ ਨਿਪੁੰਨ ਬਣਾਨ ਲਈ ਇਹ ਉਪਦੇਸ਼ ਦਿੰਦੇ ਹਨ:-

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥
ਨਾਮੁ ਬੀਜ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸ॥[16]

ਇਸ ਉਪਦੇਸ਼ ਰਾਹੀਂ ਆਪਜੀ ਨੇ ਕਿਸਾਨ ਨੂੰ ਕਿਰਤ ਕਰਦਿਆਂ ਸਰੀਰਕ, ਮਾਨਸਕ ਮਨੋਭਾਵਕ ਅਤੇ ਆਤਮਕ ਵਿਅਕਤਿਤਵ ਵਿਕਾਸ ਪ੍ਰਾਪਤ ਕਰਨ ਦੀ ਜੀਵਨ-ਜਾਚ ਸਿਖਾਈ ਹੈ। ਇਸ ਤਰ੍ਹਾਂ ਆਪ ਇਕ ਸਾਧਾਰਣ ਤਰਖਾਣ, ਲੁਹਾਰ ਜਾਂ ਕਿਸੇ ਹੋਰ ਕਿਰਤੀ ਨੂੰ ਵੀ ਸਰਬ ਗੁਣਾਂ ਵਿਚ ਨਿਪੁੰਨ ਵੇਖਣ ਦੇ ਚਾਹਵਾਨ ਹਨ। ਆਪ ਅਜਿਹੇ ਆਦਰਸ਼ਕ ਕਿਰਤੀ ਨੂੰ ਮਾਨਵਤਾ ਦਾ ਸੱਚਾ ਆਗੂ ਸਮਝਦੇ ਸਨ। ਭਾਈ ਲਾਲੋ, ਇਕ ਗਰੀਬ ਤਰਖਾਣ, ਆਪਜੀ ਨੂੰ ਇਕ ਅਜਿਹਾ ਆਦਰਸ਼ਕ ਕਿਰਤੀ ਦਿਸ ਆਇਆ ਸੀ, ਜਿਹੜਾ ਆਪਣੇ ਸੰਪੂਰਣ ਵਿਅਕਤਿਤਵ ਤੋਂ ਪ੍ਰੇਰਣਾ ਪ੍ਰਾਪਤ ਕਰਦਾ ਸੀ ਅਤੇ ਮਨੁੱਖਤਾ ਦੀ ਸੱਚੀ ਅਗਵਾਈ ਕਰਨ ਲਈ ਹਰ ਤਰ੍ਹਾਂ ਦੀ ਯੋਗਤਾ ਰੱਖਦਾ ਸੀ। ਇਸੇ ਲਈ ਗੁਰੂ ਨਾਨਕ ਦੇਵ ਜੀ ਕਈ ਵਾਰ ਉਸ ਦੇ ਘਰ ਚਲ ਕੇ ਗਏ ਅਤੇ ਮਨੁੱਖਤਾ ਦੀ ਉਚਿਤ ਅਗਵਾਈ ਸੰਬੰਧੀ ਉਸ ਨਾਲ ਬਚਨ ਬਿਲਾਸ ਕਰਦੇ ਰਹੇ।

ਗੁਰੂ ਨਾਨਕ ਦੇਵ ਜੀ ਇਹ ਵੇਖਕੇ ਬੜੇ ਪ੍ਰਸੰਨ ਹੋਏ ਕਿ ਸਰੀਰਕ ਕਿਰਤ ਕਰਦਿਆਂ ਭਾਈ ਲਾਲੋ ਦਾ ਮਨ ਸਦਾ ਅਧਿਆਤਮਕ ਉਚਿਆਈਆਂ ਵਿੱਚ ਟਿਕਿਆ ਰਹਿੰਦਾ ਸੀ। ਇਸ ਤਰ੍ਹਾਂ, ਉਸ ਨੇ ਆਪਣੇ ਮਨ ਦੇ ਟਿਕਾਉ ਰਾਹੀਂ ਸਰਬਾਂਗੀ ਜਾਂ ਸੰਪੂਰਣ ਵਿਕਾਸ ਪ੍ਰਾਪਤ ਕਰ ਲਿਆ ਸੀ। ਗੁਰੂ ਨਾਨਕ ਦੇਵ ਜੀ ਸਭ ਕਿਰਤੀਆਂ ਲਈ ਮਨ ਦਾ ਇਹੋ ਜਿਹਾ ਟਿਕਾਉ ਪ੍ਰਾਪਤ ਕਰਨਾ ਬੜਾ ਜ਼ਰੂਰੀ ਸਮਝਦੇ ਹਨ। ਆਪ ਮਨੁੱਖ ਵੱਲੋਂ ਮਾਨਸਕ ਅਤੇ ਮਨੋਭਾਵਕ ਸੰਤੁਲਨ ਪ੍ਰਾਪਤ ਕਰਨ ਲਈ ਮਨ ਦਾ ਸਭ ਤੋਂ ਵੱਡਾ ਭਾਗ ਸਮਝਦੇ ਹੋਏ ਦਰਸਾਉਂਦੇ ਹਨ :-

ਮਨ ਕਾ ਕਹਿਆ ਮਨਸਾ ਕਰੈ॥
ਇਹੁ ਮਨੁ ਪੁੰਨੁ ਪਾਪੁ ਉਚਰੈ॥[17]

ਗੁਰੂ ਜੀ ਮਨ ਦੇ ਟਿਕਾਉ ਰਾਹੀਂ ਕਿਰਤੀ ਦੀ ਮਨਸਾ ਨੂੰ ਸਦਾ ਚੰਗੇ ਪਾਸੇ ਲਗਾਣਾ ਚਾਹੁੰਦੇ ਹਨ। ਟਿਕਾਉ ਵਾਲੇ ਮਨ ਤੋਂ ਠੀਕ ਸੇਧ ਪ੍ਰਾਪਤ ਕਰਦਿਆਂ ਕਿਰਤੀ ਦੀ ਮਾਨਸਿਕ ਅਵਸਥਾ ਬਲਵਾਨ ਹੋ ਜਾਂਦੀ ਹੈ। ਇਹ ਬਲਵਾਨ ਮਾਨਸਕ ਅਵਸਥਾ ਉਸ ਦੇ ਵਿਅਕਤਿਤਵ

---

16. ਸੋਰਠ ਮ: 1, ਆਦਿ ਗ੍ਰੰਥ, ਪੰਨਾ 595.
17. ਬਿਲਾਵਲ ਮ: 1, -ਉਹੀ-, ਪੰਨਾ 832.

ਦੇ ਹੋਰ ਖੇਤਰਾਂ ਵਿੱਚ ਵੀ ਲੋੜੀਂਦਾ ਬਲ ਭਰਪੂਰ ਕਰ ਦਿੰਦੀ ਹੈ।

## ਸੰਪੂਰਣ ਵਿਅਕਤਿਤਵ ਦੇ ਲੱਛਣ

ਗੁਰੂ ਨਾਨਕ ਦੇਵ ਜੀ ਦੇ ਵਿਚਾਰ ਅਨੁਸਾਰ, ਬਲਵਾਨ ਮਨ ਤੋਂ ਹੀ ਬਲਵਾਨ ਸਰੀਰ ਅਤੇ ਬਲਵਾਨ ਆਤਮਾ ਦਾ ਵਿਕਾਸ ਹੁੰਦਾ ਹੈ। ਇਉਂ, ਮਨ, ਸਰੀਰ ਅਤੇ ਆਤਮਾ ਦਾ ਬਲ ਮਨੁੱਖ ਦੇ ਸਮੁੱਚੇ ਵਿਅਕਤਿਤਵ ਨੂੰ ਬਲਵਾਨ ਬਣਾ ਦਿੰਦਾ ਹੈ ਅਤੇ ਉਹ ਸੰਪੂਰਣਤਾ ਦੀ ਹੱਦ ਨੂੰ ਛੂਹ ਲੈਂਦਾ ਹੈ।

ਜਦੋਂ ਮਾਨਸਿਕ ਬਲ ਰਾਹੀਂ ਕਿਰਤੀ ਦਾ ਵਿਅਕਤਿਤਵ ਸੰਪੂਰਣਤਾ ਤੱਕ ਪੁੱਜ ਜਾਂਦਾ ਹੈ ਤਾਂ ਉਹ ਸ਼ੁਭ ਕਿਰਤ ਕਰਨ ਤੋਂ ਬਿਨਾਂ ਰਹਿ ਹੀ ਨਹੀਂ ਸਕਦਾ। ਉਸ ਦਾ ਸੰਪੂਰਣ ਵਿਅਕਤਿਤਵ ਵਿਕਾਸ ਉਸ ਨੂੰ ਇਹ ਸਦੀਵੀ ਪ੍ਰੇਰਣਾ ਪ੍ਰਦਾਨ ਕਰਦਾ ਰਹਿੰਦਾ ਹੈ ਕਿ ਉਹ 'ਸੁਕ੍ਰਿਤ' ਕਰ ਕੇ ਧਰਮ ਕਮਾਉਂਦਾ ਰਹੇ। ਉਹ ਜਿਵੇਂ ਆਪਣੇ ਵਿਕਸਤ ਸਰੀਰ ਰਾਹੀਂ ਕਰੜੀ ਤੋਂ ਕਰੜੀ ਕਿਰਤ ਕਰਨ ਵਿੱਚ ਸਫਲ ਰਹਿ ਕੇ ਵਿਖਾਉਂਦਾ ਹੈ, ਉਵੇਂ ਆਪਣੇ ਬਲਵਾਨ ਮਨ ਅਤੇ ਬਲਵਾਨ ਆਤਮਾ ਰਾਹੀਂ ਮੰਦੇ ਪਾਸੇ ਪੈਰ ਰੱਖਣੋਂ ਸੰਕੋਚ ਕਰਦਾ ਹੈ। ਉਹ ਆਪਣੇ ਆਪ ਉਤੇ ਪੂਰਾ ਮਾਨਸਿਕ ਅਤੇ ਮਨੋਭਾਵਕ ਕਾਬੂ ਰੱਖਦਿਆਂ ਹਰ ਪ੍ਰਕਾਰ ਦਾ ਸੰਜਮੀ ਜੀਵਨ ਬਤੀਤ ਕਰ ਕੇ ਵਿਖਾਉਂਦਾ ਹੈ। ਇਉਂ, ਉਸ ਦਾ ਸੰਪੂਰਣ ਵਿਅਕਤਿਤਵ ਵਿਕਾਸ ਉਸ ਦੇ ਕੀਤੇ ਹੋਏ ਹਰ ਕੰਮ ਵਿਚੋਂ ਝਲਕਦਾ ਹੈ। ਗੁਰੂ ਜੀ ਇਹੋ ਜਿਹੇ ਸੰਪੂਰਨ ਵਿਅਕਤਿਤਵ ਵਾਲੇ ਕਿਰਤੀਆਂ ਦੀ ਇਹ ਵਿਸ਼ੇਸ਼ਤਾ ਪਰਗਟਾਉਂਦੇ ਹਨ :-

ਸੇਵ ਕੀਤੀ ਸੰਤੋਖੀਈ ਜਿਨ੍ਹੀ ਸਚੋ ਸਚੁ ਧਿਆਇਆ।।
ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ।।
ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ।।[18]

ਇਉਂ ਗੁਰੂ ਨਾਨਕ ਦੇਵ ਜੀ ਆਦਰਸ਼ਕ ਕਿਰਤੀ ਨੂੰ 'ਸੰਤੋਖੀ' ਦੀ ਪਦਵੀ ਪਰਦਾਨ ਕਰਦੇ ਹੋਏ, ਉਸ ਦੇ ਸੰਜਮੀ ਜੀਵਨ ਨੂੰ ਉਸ ਦੇ ਸੰਪੂਰਣ ਵਿਅਕਤਿਤਵ ਦਾ ਆਧਾਰ ਮੰਨਦੇ ਹਨ। ਇਸ ਤਰ੍ਹਾਂ ਆਪ ਹਰੇਕ ਮਨੁੱਖ ਨੂੰ ਸ਼ੁੱਭ ਕਿਰਤ ਕਰਨ ਦੀ ਇਹ ਅਗਵਾਈ ਪ੍ਰਦਾਨ ਕਰਦੇ ਹਨ ਕਿ ਉਹ ਸੰਜਮੀ ਜੀਵਨ ਰਾਹੀਂ ਆਪਣੀ ਕਿਰਤ ਵਿੱਚ ਸ਼ਕਤੀ ਅਤੇ ਧਰਮ ਦਾ ਸੁਮੇਲ ਕਰ ਕੇ ਵਿਖਾਏ।

---

18. ਆਸਾ ਦੀ ਵਾਰ ਮ: 1, ਆਦਿ ਗ੍ਰੰਥ, ਪੰਨਾ, 466-67.

## ਅਧਿਆਇ ਤੀਜਾ

## ਕਿਰਤ ਦੇ ਖੇਤਰ

(ੳ) ਬਹੁ-ਪਸਾਰੀ ਖੇਤਰ

1. ਨੈਤਿਕ ਖੇਤਰ

   (ਨੈਤਿਕ ਉਚਤਾ; ਸ਼ੁੱਭ ਕਰਮਾਂ ਦਾ ਫਲ; ਨੈਤਿਕਤਾ ਦੀ ਪਰਖ; ਕਿਰਤ ਅਤੇ ਪੂਜਾ)

2. ਪਰਿਵਾਰਕ ਖੇਤਰ

   (ਪਰਿਵਾਰ ਪਾਲਣ ਕਰਤਵ; ਪਰਿਵਾਰਕ ਜੀਵਨ ਦੀ ਮਹੱਤਤਾ; ਵਿਹਾਰਕ ਹੱਟ ਵਾਲਾ ਗ੍ਰਿਹਸਤ)

3. ਸਮਾਜਕ ਖੇਤਰ

   (ਸਮਾਜਕ ਸੁਖ; ਸਰਬ ਸਮਾਜ; ਸੰਗਤੀ ਜੀਵਨ; ਸਮਾਜ ਸੁਧਾਰ)

4. ਵਿਦਿਅਕ ਖੇਤਰ

   (ਪੁਸਤਕੀ ਅਤੇ ਪਰਉਪਕਾਰੀ ਵਿਦਿਆ, ਵਿਦਿਆ ਦਾ ਉਦੇਸ਼)

5. ਆਰਥਕ ਖੇਤਰ

   (ਆਰਥਕ ਖੇਤਰ ਦੀ ਮਹੱਤਤਾ; ਵਿਹਾਰਕੀ ਆਰਥਕ ਅਵਸਥਾ)

6. ਰਾਜਸੀ ਖੇਤਰ

   (ਰਾਜਸੀ ਪਾਤਰ; ਰਾਜਸੀ ਭ੍ਰਿਸ਼ਟਾਚਾਰ)

(ਅ) ਕਿਰਤ ਖੇਤਰਾਂ ਦੇ ਅਧਿਕਾਰੀ

   (ਸਭ ਪਦਵੀਆਂ ਦੇ ਮਨੁੱਖ; ਸਭ ਜਾਤਾਂ ਦੇ ਮਨੁੱਖ, ਸਭ ਧਰਮਾਂ ਦੇ ਮਨੁੱਖ)

## ਅਧਿਆਇ ਤੀਜਾ

### ਕਿਰਤ ਦੇ ਖੇਤਰ

ਗੁਰੂ ਨਾਨਕ ਦੇਵ ਜੀ ਸਰਬ ਮਨੁੱਖਤਾ ਦੇ ਅਜਿਹੇ ਅਗਵਾਈਕਾਰ ਹਨ, ਜਿਹੜੇ ਮਨੁੱਖੀ ਜੀਵਨ ਦੇ ਸਭ ਖੇਤਰਾਂ ਵਿੱਚ ਆਦਰਸ਼ਕ ਅਗਵਾਈ ਪ੍ਰਦਾਨ ਕਰਦੇ ਹਨ। ਗੁਰੂ ਜੀ ਦਾ ਆਪਣਾ ਵਿਅਕਤਿਤਵ ਇਕ ਸੰਪੂਰਣ ਮਨੁੱਖ ਦਾ ਆਦਰਸ਼ਕ ਵਿਅਕਤਿਤਵ ਹੈ। ਡਾ: ਦੀਵਾਨ ਸਿੰਘ ਦੇ ਕਥਨ ਅਨੁਸਾਰ, ਆਪ ਆਦਰਸ਼ਕ ਮਨੁੱਖ ਬਾਰੇ ਸੂਫੀ ਚਿੰਤਕਾਂ ਦੇ ਪ੍ਰਸਿੱਧ ਸੰਕਲਪ, ਅਰਥਾਤ 'ਮਰਦਿ ਕਾਮਿਲ' ਸੰਕਲਪ ਉਤੇ ਹਰ ਪੱਖੋਂ ਪੂਰਾ ਉਤਰਨ ਵਾਲੇ ਮਹਾਨ ਵਿਅਕਤੀ ਹਨ। ਡਾ: ਸਾਹਿਬ ਇਸ ਸੰਬੰਧੀ ਦਰਸਾਉਂਦੇ ਹਨ:-

> "ਗੁਰੂ ਸਾਹਿਬ ਦੀ ਸ਼ਖ਼ਸੀਅਤ ਵਿੱਚ ਸਭ ਤੋਂ ਵੱਡਾ ਅੰਸ਼ ਸੰਪੂਰਣਤਾ ਦਾ ਸੀ, ਜਿਸ ਦਾ ਭਾਵ ਇਹ ਹੈ ਕਿ ਹਰ ਪੱਖ ਤੋਂ, ਹਰ ਪਾਸੇ ਤੋਂ, ਪੂਰਣਤਾ ਦੇ ਧਾਰਨੀ ਸਨ। ਡਾਕਟਰ ਇਕਬਾਲ ਨੇ ਸੂਫੀ ਪਰੰਪਰਾ ਦਾ ਇਕ ਪ੍ਰਸਿੱਧ ਸੰਕੇਤ ਜੋ ਇਬਨੁਲ ਅਰਬੀ ਨੇ ਪ੍ਰਕਾਸ਼ਿਤ ਕੀਤਾ ਸੀ, ਗੁਰੂ ਨਾਨਕ ਉਤੇ ਲਾਗੂ ਕੀਤਾ। ਉਹ ਸੀ 'ਮਰਦਿ ਕਾਮਿਲ' ਅਰਥਾਤ ਪੂਰਨ ਮਨੁੱਖ।"[1]

ਗੁਰੂ ਨਾਨਕ ਦੇਵ ਜੀ ਜਿਥੇ ਆਪ ਸੰਪੂਰਣ ਮਨੁੱਖ ਸਨ, ਉਥੇ ਹਰੇਕ ਮਨੁੱਖ ਨੂੰ 'ਸੰਪੂਰਣ ਮਨੁੱਖ' ਬਣਾਨ ਦੀ ਅਗਵਾਈ ਪ੍ਰਦਾਨ ਕਰਦੇ ਹਨ। ਆਪ ਮਨੁੱਖਤਾ ਦੀ ਸੰਪੂਰਣ ਵਿਕਾਸ ਵੱਲ ਪ੍ਰਗਤੀ ਲਈ ਕਿਰਤ ਨੂੰ ਅਤਿਅੰਤ ਆਵੱਸ਼ਕ ਸਮਝਦੇ ਹਨ। ਇਸ ਲਈ ਆਪ ਮਨੁੱਖੀ ਜੀਵਨ ਦੇ ਹਰ ਖੇਤਰ ਨੂੰ ਕਿਰਤ ਦੀ ਭਰਪੂਰਤਾ ਰਾਹੀਂ, ਸੰਪੂਰਣਤਾ ਦੀ ਛੁਹ ਪ੍ਰਦਾਨ ਕਰਨਾ ਚਾਹੁੰਦੇ ਹਨ। ਇਸ ਲਈ ਆਪ ਮਨੁੱਖੀ ਜੀਵਨ ਦੇ ਭਿੰਨ ਭਿੰਨ ਖੇਤਰਾਂ ਅਨੁਸਾਰ ਕਿਰਤ ਦੇ ਵੀ ਭਿੰਨ ਭਿੰਨ ਖੇਤਰ ਪ੍ਰਦਾਨ ਕਰਦੇ ਹਨ।

#### ਸਰਬ-ਪ੍ਰਕਾਰੀ ਖੇਤਰ

ਸਾਧਾਰਣ ਤੌਰ ਉਤੇ, ਮਨੁੱਖੀ ਜੀਵਨ ਦੇ ਅਨੇਕ ਖੇਤਰਾਂ ਵਾਂਗ, ਕਿਰਤ ਦੇ ਵੀ

---

1. "ਗੁਰੂ ਨਾਨਕ ਦੀ ਸਾਹਿੱਤਕ ਪ੍ਰਤਿਭਾ ਤੇ ਹੋਰ ਲੇਖ", ਪੰਨਾ 11.

ਅਨੇਕ ਖੇਤਰ ਮਿਥੇ ਜਾ ਸਕਦੇ ਹਨ, ਪਰ, ਇਥੇ ਕੇਵਲ ਉਨ੍ਹਾਂ ਕਿਰਤ-ਖੇਤਰਾਂ ਦਾ ਹੀ ਵਰਣਨ ਕੀਤਾ ਜਾਂਦਾ ਹੈ, ਜਿਹੜੇ ਗੁਰੂ ਨਾਨਕ ਦੇਵ ਜੀ ਦੇ ਵਿਚਾਰ ਅਨੁਸਾਰ, ਮਨੁੱਖ ਦੇ ਸੰਪੂਰਣ ਵਿਕਾਸ ਲਈ ਅਤਿਅੰਤ ਆਵੱਸ਼ਕ ਹਨ।

1. <u>ਨੈਤਿਕ ਖੇਤਰ</u>

ਗੁਰੂ ਨਾਨਕ ਦੇਵ ਜੀ ਮਨੁੱਖ ਲਈ ਕੇਵਲ ਕਿਰਤ ਕਰਨ ਉਤੇ ਹੀ ਨਹੀਂ; ਸਗੋਂ ਨੈਤਿਕ ਗੁਣਾਂ ਨਾਲ ਭਰਪੂਰ ਕਿਰਤ ਕਰਨ ਉਤੇ ਵੀ ਜ਼ੋਰ ਦਿੰਦੇ ਹਨ। ਇਉਂ, ਆਪ ਕਿਰਤ ਵਿੱਚ ਨੈਤਿਕ ਉਚਤਾ ਭਰਪੂਰ ਕਰਕੇ ਇਸ ਨੂੰ 'ਸੁਕਿਰਤ' ਦੀ ਮਹਾਨ ਪਦਵੀ ਪ੍ਰਦਾਨ ਕਰ ਦਿੰਦੇ ਹਨ। ਕਿਰਤ ਨੂੰ ਇਸ ਪਦਵੀ ਉਤੇ ਲਿਆ ਕੇ ਆਪਜੀ ਨੇ ਇਸ ਨੂੰ ਜੀਵਨ ਦੇ ਉਚ ਲਖਸ਼ਾਂ ਦੀ ਪ੍ਰਾਪਤੀ ਦਾ ਸਾਧਨ ਬਣਾ ਦਿੱਤਾ ਹੈ।

<u>ਨੈਤਿਕ ਉਚਤਾ</u>

ਮਨੁੱਖ ਦੀ ਨੈਤਿਕ ਉਚਤਾ ਨੂੰ ਸੰਪੂਰਣ ਮਾਨਵ ਵਿਕਾਸ ਦਾ ਅਨੁਵਾਰੀ ਅੰਗ ਮੰਨ ਕੇ, ਗੁਰੂ ਜੀ ਨੇ ਮਨੁੱਖ ਦੇ ਹਰ ਛੋਟੇ ਕੰਮ ਨੂੰ ਇਸ ਨਾਲ ਸੰਬੰਧਿਤ ਕਰਨ ਦਾ ਜਤਨ ਕੀਤਾ ਹੈ। ਨੈਤਿਕ ਉਚਤਾ ਤੋਂ ਹੀ ਆਤਮਕ ਉਚਤਾ ਦੀ ਪ੍ਰਾਪਤੀ ਹੁੰਦੀ ਹੈ। ਇਸ ਲਈ ਗੁਰੂ ਜੀ ਨੇ ਮਨੁੱਖੀ ਕਿਰਤ ਨੂੰ ਨੈਤਿਕ ਉਚਤਾ ਰਾਹੀਂ ਆਤਮਕ ਉਚਤਾ ਨਾਲ ਵੀ ਜੋੜ ਦਿੱਤਾ ਹੈ। ਇਉਂ, ਸ਼ੁੱਭ ਕਿਰਤ ਨੈਤਿਕ ਅਤੇ ਆਤਮਕ ਉਚਤਾ ਦਾ ਅਨਿੱਖੜ ਅੰਗ ਬਣ ਜਾਂਦੀ ਹੈ। ਪ੍ਰੋ. ਜੋਗਿੰਦਰ ਸਿੰਘ ਨੇ ਇਹੋ ਜਿਹੀ ਕਿਰਤ ਨੂੰ 'ਚੰਗੀ ਕਿਰਤ' ਮੰਨਦਿਆਂ ਇਸ ਦੀ ਮਹਾਨਤਾ ਇਉਂ ਦਰਸਾਈ ਹੈ:-

> "ਗੁਰੂ ਨਾਨਕ ਦੇਵ ਜੀ ਦੀਆਂ ਨਜ਼ਰਾਂ ਵਿੱਚ ਕੋਈ ਕਿਰਤ ਵੀ ਮਾੜੀ ਜਾਂ ਮੰਦੀ ਨਹੀਂ ਸੀ। ਹਾਂ, ਉਸ ਕਿਰਤ ਨੂੰ ਉਹਨਾਂ ਨੇ ਮਾੜਾ ਜਾਂ ਮੰਦਾ ਜ਼ਰੂਰ ਆਖਿਆ ਹੈ, ਜਿਹੜੀ ਇਕ ਤਾਂ ਮਨੁੱਖੀ ਮਨ ਵਿੱਚ ਇਆਸ਼ੀ ਤੇ ਵਿਕਾਰ-ਭਾਵ ਪੈਦਾ ਕਰੇ, ਦੂਜਾ, ਮਨੁੱਖੀ ਮਨ ਵਿੱਚ ਹੰਕਾਰ ਅਤੇ ਵਿਤਕਰੇ ਪੈਦਾ ਕਰੇ, ਤੀਜਾ ਮਨੁੱਖ ਨੂੰ ਆਤਮਕ ਤੌਰ ਤੇ ਅਮੀਰ ਹੋਣ ਵਿੱਚ ਰੁਕਾਵਟ-ਸ਼ਕਤੀ ਦਾ ਕੰਮ ਕਰੇ। ਗੁਰੂ ਨਾਨਕ ਦੇਵ ਜੀ ਚੰਗੀ ਕਿਰਤ ਦੇ ਅਭਿਲਾਸ਼ੀ ਸਨ। ਜ਼ਿੰਦਗੀ ਦੀ ਹਰ ਹਰਕਤ ਵੇਲੇ ਉਹਨਾਂ ਚੰਗੀ ਕਿਰਤ ਦੇ ਕਰਤਾਰੀ ਪੱਖ ਨੂੰ ਹੀ ਦ੍ਰਿਸ਼ਟੀ-ਗੋਚਰ ਰੱਖਿਆ ਹੈ।"[2]

---

2. 'ਗੁਰੂ ਨਾਨਕ ਦਾ ਸਰੂਪ', ਪੰਨਾ 60.

ਇਸ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਕਿਰਤ ਦੀ ਨੈਤਿਕ ਉਚਤਾ ਉਤੇ ਬਲ ਦਿੰਦਿਆਂ ਇਹ ਦਰਸਾ ਦਿੱਤਾ ਹੈ ਕਿ ਮਨੁੱਖ ਦਾ ਨੈਤਿਕ ਪੱਖੋਂ ਚੰਗਾ ਜਾਂ ਮੰਦਾ ਅਖਵਾਣਾ ਉਸਦੇ ਆਪਣੇ ਕੰਮਾਂ ਉਤੇ ਹੀ ਨਿਰਭਰ ਹੈ। ਇਸ ਸੰਬੰਧੀ ਆਪਜੀ ਦਾ ਫਰਮਾਣ ਹੈ:-

"ਜੇਹਾ ਘਾਲੇ ਘਾਲਣਾ ਤੇਵੇਹੋ ਨਾਉ ਪਚਾਰੀਐ।"[3]

ਗੁਰੂ ਨਾਨਕ ਦੇਵ ਜੀ ਦੇ ਵਿਚਾਰ ਅਨੁਸਾਰ, ਪਰਮਾਤਮਾ ਦੀ ਦਰਗਾਹ ਵਿੱਚ ਮਨੁੱਖ ਦੇ ਸ਼ੁਭ ਅਮਲਾਂ ਵਾਲੇ ਭੰਡਾਰ ਨੂੰ ਉਸ ਦੀ ਵਡਿਆਈ ਪਰਖਣ ਦਾ ਅਸਲ ਮਾਪ ਮੰਨਿਆ ਜਾਂਦਾ ਹੈ। ਭਾਈ ਗੁਰਦਾਸ ਜੀ ਨੇ ਗੁਰੂ ਜੀ ਦੇ ਇਸ ਵਿਚਾਰ ਦੀ ਵਿਆਖਿਆ ਕਰਦਿਆਂ ਆਪਣੀਆਂ ਵਾਰਾਂ ਵਿਚ ਲਿਖਿਆ ਹੈ ਕਿ ਜਦੋਂ ਗੁਰੂ ਜੀ ਮੱਕੇ ਗਏ ਤਾਂ ਉਥੇ ਹੱਜ ਕਰਨ ਆਏ ਕਾਜ਼ੀਆਂ ਨੇ ਆਪਜੀ ਨੂੰ ਪ੍ਰਸ਼ਨ ਕੀਤਾ ਕਿ ਰੱਬੀ ਦਰਗਾਹ ਵਿੱਚ ਹਿੰਦੂ ਵੱਡਾ ਸਮਝਿਆ ਜਾਂਦਾ ਹੈ ਜਾਂ ਮੁਸਲਮਾਨ ਤਾਂ ਆਪਜੀ ਨੇ ਉੱਤਰ ਦਿੱਤਾ ਕਿ ਉਥੇ ਵਡਿਆਈ ਦਾ ਫੈਸਲਾ ਮਨੁੱਖ ਦੇ ਧਰਮ ਅਨੁਸਾਰ ਨਹੀਂ ਸਗੋਂ ਉਸ ਦੇ ਸ਼ੁਭ ਅਮਲਾਂ ਅਨੁਸਾਰ ਕੀਤਾ ਜਾਂਦਾ ਹੈ। ਭਾਈ ਗੁਰਦਾਸ ਜੀ ਨੇ ਇਸ ਪ੍ਰਸ਼ਨੋਤਰੀ ਦਾ ਸਾਰ ਇਉਂ ਦਿੱਤਾ ਹੈ:-

ਪੁਛਣਿ ਫੋਲਿ ਕਿਤਾਬ ਨੋ, ਹਿੰਦੂ ਵਡਾ ਕਿ ਮੁਸਲਮਾਨੋਈ।
ਬਾਬਾ ਆਖੇ ਹਾਜੀਆਂ, ਸ਼ੁਭ ਅਮਲਾਂ ਬਾਝੋਂ ਦੋਵੇ ਰੋਈ।[4]

## ਸ਼ੁੱਭ ਕਰਮਾਂ ਦਾ ਫੱਲ

ਗੁਰੂ ਨਾਨਕ ਦੇਵ ਜੀ ਦੀ ਬਾਣੀ ਇਸ ਗੱਲ ਦੀ ਪੂਰੀ ਸਾਖੀ ਭਰਦੀ ਹੈ ਕਿ ਮਨੁੱਖ ਇਸ ਦੁਨੀਆਂ ਵਿੱਚ ਕਮਾਏ ਹੋਏ ਕਰਮਾਂ ਅਨੁਸਾਰ ਹੀ ਰੱਬੀ ਦਰਗਾਹ ਵਿੱਚ ਸਥਾਨ ਪ੍ਰਾਪਤ ਕਰਦਾ ਹੈ। ਇਉਂ, ਆਪ ਮਨੁੱਖ ਦੇ ਵਰਤਮਾਨ ਕਰਮਾਂ ਦਾ ਸੰਬੰਧ ਉਸ ਨੂੰ ਅੱਗੇ ਮਿਲਣ ਵਾਲੇ ਫੱਲ ਨਾਲ ਜੋੜ ਦਿੰਦੇ ਹਨ। ਇਸ ਲਈ, ਆਪ ਮਨੁੱਖ ਦੇ ਹਰ ਕੰਮ ਨੂੰ ਨੈਤਿਕ ਕਸੌਟੀ ਉਤੇ ਪੂਰਾ ਉਤਰਨ ਦੇ ਯੋਗ ਬਣਾਨ ਦਾ ਜਤਨ ਕਰਦੇ ਹਨ। ਇਉਂ ਸਮਝੋ, ਆਪ ਮਨੁੱਖ ਦੀ ਕਿਰਤ ਨੂੰ ਸ਼ੁਭ ਗੁਣਾਂ ਦੀ ਭੱਠੀ ਵਿੱਚ ਤਪਾ ਕੇ ਸੋਨੇ ਵਾਂਗ ਚਮਕਾਣਾ ਚਾਹੁੰਦੇ ਹਨ। ਉਹ-

---

3. 'ਆਸਾ ਦੀ ਵਾਰ' ਮ: 1, ਆਦਿ ਗ੍ਰੰਥ, ਪੰਨਾ 469.
4. 'ਵਾਰਾਂ ਭਾਈ ਗੁਰਦਾਸ', ਵਾਰ 1, ਪਉੜੀ 33, ਪੰਨਾ 31.

ਨੈਤਿਕਤਾ ਦੇ ਰੰਗ ਵਿੱਚ ਚਮਕਦੇ ਹੋਏ ਸ਼ੁਭ ਕਰਮ ਹੀ ਮਨੁੱਖ ਨੂੰ ਪਰਮਾਤਮਾ ਦੀ ਦਰਗਾਹ ਵਿੱਚ ਚੰਗੇ ਫਲ ਪ੍ਰਾਪਤ ਕਰਨ ਦਾ ਅਧਿਕਾਰੀ ਬਣਾਉਂਦੇ ਹਨ। ਗੁਰੂ ਜੀ ਦੀ ਬਾਣੀ ਕਈ ਥਾਈਂ ਇਸ ਗੱਲ ਦੀ ਪ੍ਰੋੜ੍ਹਤਾ ਕਰਦੀ ਹੈ ਕਿ ਮਨੁੱਖ ਵੱਲੋਂ ਕੀਤੇ ਹੋਏ ਕਰਮਾਂ ਅਤੇ ਉਸ ਨੂੰ ਮਿਲਣ ਵਾਲੇ ਫਲਾਂ ਵਿੱਚ ਅਟੁੱਟ ਸੰਬੰਧ ਹੈ:-

1) ਪੁੰਨੀ ਪਾਪੀ ਆਖਣੁ ਨਾਹਿ॥
ਕਰਿ ਕਰਿ ਕਰਣਾ ਲਿਖਿ ਲੈ ਜਾਹੁ॥[5]

2) ਉਤਮ ਸੇ ਦਰਿ ਉਤਮ ਕਹੀਅਹਿ ਨੀਚ ਕਰਮ ਬਹਿ ਰੋਇ॥[6]

3) ਹੁਕਮਿ ਚਲਾਏ ਆਪਣੈ ਕਰਮੀ ਵਹੈ ਕਲਾਮ॥[7]

4) ਜੇਤੇ ਜੀਅ ਲਿਖੀ ਸਿਰਿ ਕਾਰ॥
ਕਰਮੀ ਉਪਰਿ ਹੋਵਗਿ ਸਾਰ॥[8]

ਇਉਂ ਕਰਮਾਂ ਉਤੇ ਨਬੇੜਾ ਕਰਨ ਵਾਲਾ ਸਿਧਾਂਤ ਦਰਸਾ ਕੇ ਗੁਰੂ ਨਾਨਕ ਦੇਵ ਜੀ ਹਰੇਕ ਮਨੁੱਖ ਨੂੰ ਇਹ ਸਮਝਾਉਂਦੇ ਹ ਕਿ ਜੇ ਇਸ ਜੀਵਨ ਵਿੱਚ ਉਸ ਨੇ ਸ਼ੁਭ ਕਰਮ ਕੀਤੇ ਹਨ ਤਾਂ ਉਸ ਨੂੰ ਰੱਬੀ ਦਰਗਾਹ ਵਿੱਚ ਲੇਖਾ ਦੇਣੋਂ ਜ਼ਰਾ ਵੀ ਡਰਨ ਦੀ ਲੋੜ ਨਹੀਂ ਹੈ। ਇਸ ਲਈ, ਆਪ ਹਰੇਕ ਕਿਰਤੀ ਨੂੰ ਆਪਣੀ ਕਿਰਤ ਵਿੱਚ ਨੈਤਿਕ ਉਚਤਾ ਦੇ ਗੁਣ ਭਰਪੂਰ ਕਰਦਿਆਂ ਰੱਬੀ ਦਰਗਾਹ ਵਿੱਚ ਚੰਗੇ ਤੋਂ ਚੰਗਾ ਫਲ ਪ੍ਰਾਪਤ ਕਰਨ ਦਾ ਅਧਿਕਾਰੀ ਬਣਾ ਦਿੰਦੇ ਹਨ।

## ਨੈਤਿਕਤਾ ਦੀ ਪੱਧਰ

ਗੁਰੂ ਨਾਨਕ ਦੇਵ ਜੀ ਨੈਤਿਕ ਉਚਤਾ ਜਾਂ ਸਚ-ਆਚਾਰ ਵਾਲੀ ਕਿਰਤ ਨੂੰ ਹੀ ਸੁਕਿਰਤ ਮੰਨਦੇ ਹਨ। ਨੈਤਿਕਤਾ ਜਾਂ ਸਚ-ਆਚਾਰ ਦੀ ਪੱਧਰ ਕਿੰਨੀ ਕੁ ਉਚੀ ਹੋਣੀ ਚਾਹੀਦੀ ਹੈ, ਇਸ ਬਾਰੇ ਆਪ ਫਰਮਾਉਂਦੇ ਹਨ :-

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥[9]

---

5. ਜਪੁਜੀ, ਆਦਿ ਗ੍ਰੰਥ, ਪੰਨਾ 4.
6. ਸਿਰੀ ਰਾਗੁ ਮ: 1, ਆਦਿ ਗ੍ਰੰਥ, ਪੰਨਾ 15.
7. ਸਾਰੰਗ ਕੀ ਵਾਰ, ਸਲੋਕ ਮ: 1, ਆਦਿ ਗ੍ਰੰਥ, ਪੰਨਾ 1241.
8. ਬਸੰਤ, ਮ: 1, ਆਦਿ ਗ੍ਰੰਥ, ਪੰਨਾ 1169.
9. ਸਿਰੀ ਰਾਗੁ ਮ: 1, ਆਦਿ ਗ੍ਰੰਥ, ਪੰਨਾ 63.

ਇਸ ਨੈਤਿਕ ਪੱਧਰ ਅਨੁਸਾਰ, ਆਪ ਕਿਰਤ ਲਈ ਨੈਤਿਕਤਾ ਦਾ ਬੜਾ ਉਚਾ ਮਿਆਰ ਮਿਥ ਕੇ ਵਿਖਾਉਂਦੇ ਹਨ। ਇਹ ਪੱਧਰ ਇਸ ਗੱਲ ਦੀ ਮੰਗ ਕਰਦੀ ਹੈ ਕਿ ਮਨੁੱਖੀ ਕਿਰਤ ਹਰ ਪੱਖੋਂ ਨਿਰਕਲੰਕ ਅਤੇ ਪਵਿੱਤਰ ਹੋਵੇ। ਪ੍ਰੋ. ਜੋਗਿੰਦਰ ਸਿੰਘ ਨੇ ਇਸ ਸੰਬੰਧੀ ਇਹ ਦਰਸਾਇਆ ਹੈ:-

> "ਗੁਰੂ ਨਾਨਕ ਦੇਵ ਜੀ ਦਾ ਦ੍ਰਿੜ ਵਿਸ਼ਵਾਸ ਸੀ ਕਿ ਕਿਰਤੀ ਦੀ ਕਮਾਈ ਵਿੱਚ ਦੁੱਧ ਵਰਗਾ ਕਲੰਕ-ਹੀਣ ਚਿੱਟਾ ਤੇ ਸਪਸ਼ਟ ਸੱਚ ਹੁੰਦਾ ਹੈ। ਇਸ ਦੁੱਧ ਵਰਗੇ ਚਿੱਟੇ ਸੱਚ ਵਿੱਚ ਨਾ ਗਰੀਬਾਂ ਦਾ ਖੂਨ ਹੁੰਦਾ ਹੈ ਅਤੇ ਨਾ ਭਰਮ, ਪਾਖੰਡ, ਧੋਖਾ, ਫਰੇਬ ਤੇ ਠੱਗੀ ਦਾ ਕਲੰਕਿਤ ਖੂਨ ਹੁੰਦਾ ਹੈ। ਦੁੱਧ ਜਾਂ ਖੂਨ ਉਹੀ ਚੰਗਾ ਹੈ, ਜਿਹੜਾ ਮਨੁੱਖ ਨੂੰ ਮਾਨਸਿਕ, ਸਰੀਰਕ ਤੇ ਆਤਮਕ ਤੌਰ ਤੇ ਤੰਦਰੁਸਤੀ ਪ੍ਰਦਾਨ ਕਰੇ ਤੇ ਜਿਹੜਾ ਦੁੱਧ ਫਿੱਟ ਜਾਏ, ਖੂਨ ਖਰਾਬ ਹੋ ਜਾਏ, ਉਹ ਮਨੁੱਖ ਨੂੰ ਤੰਦਰੁਸਤੀ ਪ੍ਰਦਾਨ ਕਰਨ ਦੇ ਥਾਂ ਉਸ ਦੀ ਤੰਦਰੁਸਤੀ ਦਾ ਘਾਤਕ ਬਣ ਜਾਂਦਾ ਹੈ।"[10]

ਇਉਂ, ਗੁਰੂ ਨਾਨਕ ਦੇਵ ਜੀ ਕਿਰਤ ਦੇ ਨੈਤਿਕ ਖੇਤਰ ਉਤੇ ਵੱਧ ਤੋਂ ਵੱਧ ਬਲ ਦਿੰਦਿਆਂ ਹਰੇਕ ਮਨੁੱਖ ਨੂੰ ਇਹ ਉਪਦੇਸ਼ਦੇ ਹਨ ਕਿ ਉਹ ਆਪਣੇ ਦੈਨਿਕ ਕੰਮਾਂ ਵਿੱਚ ਔਗੁਣਾਂ ਦਾ ਅੰਸ਼ ਮਿਟਾ ਕੇ ਸਦਗੁਣਾਂ ਦਾ ਅੰਸ਼ ਭਰਪੂਰ ਕਰੇ। ਇਸ ਤਰ੍ਹਾਂ, ਉਸ ਦਾ ਹਰੇਕ ਕੰਮ ਉਸ ਦੀ ਵਿਕਾਰੀ ਬਿਰਤੀ ਦਾ ਨਾਸ਼ ਕਰਦਾ ਹੋਇਆ ਉਸ ਦੀ ਸਦਾਚਾਰੀ ਬਿਰਤੀ ਦਾ ਵਿਕਾਸ ਕਰ ਕੇ ਵਿਖਾਏਗਾ। ਇਸ ਲਈ, ਗੁਰੂ ਜੀ ਇਕ ਆਦਰਸ਼ਕ ਕਿਰਤੀ ਤੋਂ ਇਹ ਮੰਗ ਕਰਦੇ ਹਨ ਕਿ ਉਹ ਉਚ-ਨੈਤਿਕਤਾ ਵਾਲੇ ਚਰਿਤਰ ਦਾ ਸੁਆਮੀ ਬਣ ਕੇ ਵਿਖਾਏ। ਡਾ. ਜਗਬੀਰ ਸਿੰਘ ਨੇ ਇਹੋ ਜਿਹੇ ਚਰਿਤਰ ਦੀ ਵਿਆਖਿਆ ਇਉਂ ਕੀਤੀ ਹੈ:-

> "ਬਾਣੀ ਵਿੱਚ ਅਜਿਹੇ ਚਰਿਤਰ ਦੀ ਰੂਪ-ਰੇਖਾ ਨੈਤਿਕ ਗੁਣਾਂ ਅਤੇ ਔਗੁਣਾਂ ਦੀ ਧਾਰਨਾ ਦੁਆਰਾ ਸਪਸ਼ਟ ਕੀਤੀ ਗਈ ਹੈ। ਨੈਤਿਕ ਔਗੁਣਾਂ ਨੂੰ ਤਿਆਗਣਾ ਹੀ ਕਾਫੀ ਨਹੀਂ; ਸਗੋਂ ਕੁਝ ਨਿਸ਼ਚੇ-ਆਤਮਕ ਸਦਗੁਣਾਂ ਨੂੰ ਧਾਰਨਾ ਵੀ ਜ਼ਰੂਰੀ ਮੰਨਿਆ ਹੈ।"[11]

---

10. 'ਗੁਰੂ ਨਾਨਕ ਦਾ ਸਰੂਪ', ਪੰਨਾ 60.
11. 'ਗੁਰਮਤਿ ਦੀ ਨੈਤਕਤਾ'-'ਸਿੱਖ ਫਲਸਫੇ ਦੀ ਰੂਪ ਰੇਖਾ', ਪੰਨਾ 190 (ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ), 1975.

ਗੁਰੂ ਨਾਨਕ ਦੇਵ ਜੀ ਇਕ ਚਰਿਤ੍ਰਵਾਨ ਮਨੁੱਖ ਨੂੰ 'ਗੁਣਵੰਤੀ' ਦੀ ਪਦਵੀ ਪ੍ਰਦਾਨ ਕਰਦੇ ਹਨ। ਇਸ ਦੇ ਨਾਲ ਹੀ ਆਪ ਹਰੇਕ ਵਿਅਕਤੀ ਨੂੰ 'ਗੁਣਵੰਤੀ' ਬਣਿਆ ਵੇਖਣ ਦੇ ਇਛੁੱਕ ਹਨ, ਤਾਂ ਜੁ ਉਹ ਆਪਣੀ ਕਿਰਤ ਵਿੱਚ ਸਦ-ਗੁਣਾਂ ਦਾ ਸੁਮੇਲ ਕਰ ਕੇ ਪਤੀ-ਪਰਮਾਤਮਾ ਦੇ ਮਿਲਾਪ ਦਾ ਆਨੰਦ ਮਾਣ ਸਕੇ। ਪਰ, ਆਪ ਇਹ ਵੀ ਦਰਸਾ ਦਿੰਦੇ ਹਨ ਕਿ ਜਿਹੜਾ ਮਨੁੱਖ ਆਪਣੇ ਕੰਮਾਂ ਵਿੱਚ ਸਦ-ਗੁਣਾਂ ਦਾ ਅਭਾਵ ਰੱਖਦਾ ਹੈ, ਉਹ ਨਿਰਗੁਣਾ ਰਹਿ ਜਾਏਗਾ ਅਤੇ ਉਸ ਨੂੰ ਵਿਛੋੜੇ ਵਾਲੀ ਨਿਰਾਸ਼ਤਾ ਦਾ ਦੁੱਖ ਸਹਿਣਾ ਪਏਗਾ। ਆਪ ਇਸ ਸੰਬੰਧੀ ਫ਼ਰਮਾਉਂਦੇ ਹਨ:-

ਗੁਣਵੰਤੀ ਸਹੁ ਰਾਵਿਆ, ਨਿਰਗੁਣਿ ਕੂਕੇ ਕਾਇ॥[12]

ਅੱਜ ਕੱਲ੍ਹ ਹਰੇਕ ਕੰਮ ਦੀ ਵਡਿਆਈ ਉਸ ਦੀ ਆਰਥਿਕ ਪ੍ਰਾਪਤੀ ਦੇ ਮਾਪ ਰਾਹੀਂ ਮਾਪੀ ਜਾਂਦੀ ਹੈ। ਇਸ ਲਈ ਇਹੋ ਜਿਹੀ ਪ੍ਰਾਪਤੀ ਲਈ ਉਹ ਹਰ ਜੋਗ ਅਤੇ ਅਜੋਗ ਸਾਧਨਾਂ ਦੀ ਵਰਤੋਂ ਕਰਦਾ ਹੈ। ਪਰ ਜਦ ਫਿਰ ਵੀ ਉਸ ਨੂੰ ਮਨ-ਇੱਛਤ ਆਨੰਦ ਪ੍ਰਾਪਤ ਨਹੀਂ ਹੁੰਦਾ ਤਾਂ ਉਹ ਆਤਮਕ ਟਿਕਾਉ ਤੋਂ ਵਾਂਝਾ ਹੋ ਕੇ ਘੋਰ ਨਿਰਾਸ਼ਾ ਵਿੱਚ ਵਿਆਕੁਲ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ, ਇਹੋ 'ਨਿਰਗੁਣਾ' ਦਾ ਕੂਕਣਾ ਹੈ। ਇਹ ਪਦਾਰਥਕ ਯੁੱਗ ਵਿੱਚ ਅਪਣਾਏ ਹੋਏ ਆਰਥਕ ਪ੍ਰਾਪਤੀ ਵਾਲੇ ਮਾਪ ਦਾ ਹੀ ਦੁਖਦਾਈ ਸਿੱਟਾ ਹੈ। ਇਸ ਲਈ ਗੁਰਮਤਿ ਵਿੱਚ ਇਸ ਮਾਪ ਨੂੰ ਕਿਸੇ ਪੱਖੋਂ ਵੀ ਮਹਾਨਤਾ ਨਹੀਂ ਦਿੱਤੀ ਜਾਂਦੀ। ਇਸ ਸੰਬੰਧੀ ਪ੍ਰੋ. ਕਿਰਪਾਲ ਸਿੰਘ ਕਸੇਲ ਨੇ ਲਿਖਿਆ ਹੈ, -"

"ਕਿਸੇ ਕਿਰਤੀ ਦੀ ਕਿਰਤ ਦੀ ਵੱਡੀ ਸਫਲਤਾ ਭਾਵੇਂ ਉਸ ਦੀ ਆਰਥਕ ਪ੍ਰਾਪਤੀ ਨਾਲ ਮਾਪੀ ਜਾਂਦੀ ਹੈ, ਪਰ ਉਸ ਦੀ ਮਹਾਨਤਾ ਕੇਵਲ ਉਸ ਦੇ ਸੁੱਚੇ ਹੋਣ ਉਤੇ ਹੀ ਆਧਾਰਿਤ ਹੈ।"[13]

ਗੁਰੂ ਨਾਨਕ ਦੇਵ ਜੀ ਕਿਰਤ ਵਿੱਚ ਨਿਰੋਲ ਆਰਥਕ ਪ੍ਰਾਪਤੀ ਦੇ ਮਾਪ ਨੂੰ ਅਸਵੀਕਾਰ ਕਰਦੇ ਹਨ। ਆਪ ਇਸ ਗਲਤ ਮਾਪ ਦੇ ਨਾਲ ਨਾਲ ਨੀਵੇਂ ਦਰਜੇ ਦਾ ਮਾਪ ਵੀ ਦਰਸਾਉਂਦੇ ਹਨ। ਇਸ ਲਈ ਆਪ ਜੀ ਨੇ ਕਿਰਤ ਨੂੰ ਨੈਤਿਕਤਾ ਨਾਲ ਅਤੇ ਅਰਥ ਨੂੰ ਧਰਮ ਨਾਲ ਜੋੜਨ ਦਾ ਯਤਨ ਕੀਤਾ ਅਤੇ ਸੁੱਚੀ ਕਮਾਈ ਨੂੰ ਮਾਨਵ ਉੱਨਤੀ ਦਾ ਅਸਲ ਰਾਹ ਦਰਸਾਇਆ।

---

12. ਰਾਗੁ ਵਡਹੰਸ ਮ: 1, ਆਦਿ ਗ੍ਰੰਥ, ਪੰਨਾ 557.
13. 'ਇੰਦ੍ਰ ਧਨੁਸ਼', ਪੰਨਾ 24.

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਸੱਚੀ ਅਤੇ ਸੁੱਚੀ ਕਿਰਤ ਨੂੰ ਹੀ 'ਸੱਚਾ ਵਣਜ' ਮੰਨ ਕੇ ਵਿਖਾਇਆ। ਇਹੋ ਜਿਹੇ 'ਸੱਚੇ ਵਣਜ' ਵਿੱਚ ਭਾਵੇਂ ਭੌਤਿਕ ਪਦਾਰਥਾਂ, ਜਾਂ ਆਰਥਕ ਲਾਭਾਂ ਦੀ ਪ੍ਰਾਪਤੀ ਥੋੜ੍ਹੀ ਹੁੰਦੀ ਹੈ, ਪਰ ਜੀਵਨ ਦੇ ਅਸਲ ਆਨੰਦ ਦੀ ਅਧਿਕ ਪ੍ਰਾਪਤੀ ਹੁੰਦੀ ਹੈ। ਪ੍ਰੋ. ਜੋਗਿੰਦਰ ਸਿੰਘ ਨੇ ਇਸ ਗੱਲ ਦੀ ਵਿਆਖਿਆ ਇਉਂ ਕੀਤੀ ਹੈ:-

> "ਗੁਰੂ ਨਾਨਕ ਦੇਵ ਜੀ ਸੱਚ ਵਣਜ ਦੇ ਹਾਮੀ ਸਨ। ਕਿਰਤ ਭਾਵੇਂ ਕੋਈ ਹੋਵੇ, ਉਸ ਦਾ 'ਵਣਜ' ਸਚ ਉੱਤੇ ਆਧਾਰਤ ਹੋਣਾ ਚਾਹੀਦਾ ਹੈ। ਜੇ ਕਿਰਤ ਦਾ ਆਧਾਰ ਸੱਚ ਨਹੀਂ ਤਾਂ ਕਿੱਤਾ ਕੋਈ ਹੋਵੇ, ਗੁਰੂ ਨਾਨਕ ਦੇਵ ਜੀ ਦੇ ਮੱਤ ਵਿੱਚ ਨਾ ਤਾਂ ਉਹ ਕਿੱਤਾ 'ਕਿਰਤ' ਅਖਵਾਣ ਦਾ ਅਧਿਕਾਰੀ ਹੈ ਅਤੇ ਨਾ ਹੀ ਉਸ ਕਿੱਤੇ ਦਾ ਉਦੇਸ਼ ਕਦੀ ਵਿਕਾਸ-ਪ੍ਰਾਪਤੀ ਹੋ ਸਕਦਾ ਹੈ। 'ਕਿਰਤ' ਦਾ ਸੰਕਲਪ ਹਮੇਸ਼ਾ ਵਿਕਾਸ ਦਾ ਸੰਕਲਪ ਹੈ, ਕਿੱਤਾ ਉਹੀ ਕਿਰਤ ਹੈ, ਜਿਹੜਾ ਵਿਕਾਸ ਦਿੰਦਾ ਹੈ।"[14]

ਵਾਸਤਵ ਵਿੱਚ, ਗੁਰੂ ਨਾਨਕ ਦੇਵ ਜੀ ਨੇ ਕਿਰਤ ਅਤੇ ਆਤਮਕ ਹੁਲਾਸ ਦਾ ਸੰਬੰਧ ਜੋੜਨ ਲਈ ਹੀ ਕਿਰਤ ਨੂੰ ਸੱਚ ਆਚਾਰ ਉੱਤੇ ਆਧਾਰਿਤ ਕੀਤਾ ਹੈ। ਆਪ ਦਰਸਾਉਂਦੇ ਹਨ ਕਿ ਮਨੁੱਖ ਨੂੰ ਆਪਣੀ ਕਿਰਤ ਰਾਹੀਂ, ਹਰ ਹਾਲਤ ਵਿੱਚ, ਆਤਮਕ ਹੁਲਾਸ ਪ੍ਰਾਪਤ ਕਰਨਾ ਚਾਹੀਦਾ ਹੈ, ਪਰ ਇਹ 'ਹੁਲਾਸ' ਬਹੁਤੀ ਮਾਇਆ ਇਕੱਤਰ ਕਰਨ ਨਾਲ ਨਹੀਂ; ਸਗੋਂ ਮਾਨਵ ਸੇਵਾ ਕਰਨ ਨਾਲ ਪ੍ਰਾਪਤ ਹੁੰਦਾ ਹੈ। ਇਹ ਅਜਿਹੀ ਕਿਰਤ ਕਰਨ ਰਾਹੀਂ ਉਤਪੰਨ ਹੁੰਦਾ ਹੈ, ਜਿਹੜੀ 'ਨਿੱਜ-ਪ੍ਰਸੰਨਤਾ' ਨੂੰ ਨਹੀਂ ਸਗੋਂ 'ਸਰਬ-ਪ੍ਰਸੰਨਤਾ' ਨੂੰ ਮੁੱਖ ਰੱਖਦੀ ਹੋਵੇ। ਕਿਰਤ ਵਿੱਚ ਹੁਲਾਸ ਪ੍ਰਾਪਤ ਕਰਨ ਵਾਲਾ ਮਨੁੱਖ ਕੇਵਲ ਸੁਖੀ ਜੀਵਨ ਹੀ ਨਹੀਂ ਜੀਊਂਦਾ ਸਗੋਂ ਪ੍ਰਕਿਰਤ ਨਾਲ ਸਾਂਝਾ ਜੀਵਨ ਵੀ ਜੀਊਂਦਾ ਹੈ। ਪ੍ਰੋ. ਸਾਹਿਬ ਸਿੰਘ ਨੇ ਇਸ ਗੱਲ ਦੀ ਪੁਸ਼ਟੀ ਕਰਦਿਆਂ ਲਿਖਿਆ ਹੈ:-

> "ਗੁਰੂ ਨਾਨਕ ਪਾਤਸ਼ਾਹ ਨੇ ਜੋ ਜੀਵਨ-ਰਾਹ ਤੋਰਿਆ ਹੈ, ਉਸ ਵਿੱਚ ਸੁਖੀ ਜੀਵਨ ਤੇ ਪ੍ਰਕਿਰਤ ਨਾਲ ਸਾਂਝਾ ਜੀਵਨ ਦੋਹਾਂ ਦੇ ਹੀ ਪਨਪਣ ਤੇ ਜ਼ੋਰ ਦਿੱਤਾ ਹੈ। ਪਰ ਸਤਿਗੁਰੂ ਜੀ ਦਾ ਦੱਸਿਆ ਸੁਖੀ ਜੀਵਨ ਸੁਆਰਥੀ ਜੀਵਨ ਨਹੀਂ। ਮਨੁੱਖ ਨੇ ਮਾਇਆ ਕਮਾਣੀ ਹੈ, ਪਰ ਕਮਾਣੀ ਹੈ ਜੀਵਨ-ਨਿਰਬਾਹ ਦੀ ਖ਼ਾਤਰ ਹੀ। ਮੰਗਾਂ ਨਹੀਂ ਮੰਗਣੀਆਂ, ਦਾਹਵੇ ਨਹੀਂ ਬੰਨ੍ਹਣੇ, ਦੂਜਿਆਂ ਨੂੰ ਕੰਗਾਲ ਬਣਾ

14. 'ਗੁਰੂ ਨਾਨਕ ਦਾ ਸਰੂਪ', ' 62.

ਕੇ ਉਨ੍ਹਾਂ ਦੀ ਮਨੁੱਖਤਾ ਨੂੰ ਕੁਚਲ ਕੇ ਪੈਰਾਂ ਹੇਠ ਨਹੀਂ ਲਿਤਾੜਨਾ।"[15]

ਗੁਰੂ ਨਾਨਕ ਦੇਵ ਜੀ ਨੇ ਜਿਥੇ ਹਰੇਕ ਮਨੁੱਖ ਨੂੰ ਨਿੱਜ-ਪ੍ਰਸੰਨਤਾ ਪ੍ਰਾਪਤ ਕਰਨ ਦਾ ਅਧਿਕਾਰ ਦਿੱਤਾ ਹੈ, ਉਥੇ ਇਹ ਚਿਤਾਵਨੀ ਵੀ ਦੇ ਦਿੱਤੀ ਹੈ ਕਿ ਉਹ ਆਪਣੇ ਕਿਸੇ ਕੰਮ ਵਿੱਚ ਦੂਜੇ ਮਨੁੱਖਾਂ ਦੀ ਪ੍ਰਸੰਨਤਾ ਭੰਗ ਨਾ ਕਰੇ। ਆਪਜੀ ਨੇ ਇਹ ਵੀ ਦਸਿਆ ਦਿੱਤਾ ਹੈ ਕਿ ਦੂਜਿਆਂ ਦੀ ਪ੍ਰਸੰਨਤਾ ਭੰਗ ਕਰਨ ਵਾਲਾ ਮਨੁੱਖ ਆਪਣੀ ਪ੍ਰਸੰਨਤਾ ਵੀ ਗਵਾ ਬਹਿੰਦਾ ਹੈ ਅਤੇ ਆਪਣੀ ਜੀਵਨ-ਬਾਜ਼ੀ ਹਾਰ ਜਾਂਦਾ ਹੈ। ਇਸ ਲਈ, ਉਸ ਨੂੰ ਚਾਹੀਦਾ ਹੈ ਕਿ ਉਹ ਕੋਈ ਅਜਿਹੀ ਚਾਲ ਨਾ ਚਲੇ, ਜਿਸ ਕਰਕੇ ਉਸ ਨੂੰ ਰੱਬੀ ਦਰਗਾਹ ਵਿੱਚ ਹਾਰਨਾ ਪਏ। ਇਸ ਸੰਬੰਧੀ ਆਪ ਫ਼ਰਮਾਉਂਦੇ ਹਨ:-

ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ॥1॥[16]

<u>ਕਿਰਤ ਅਤੇ ਪੂਜਾ</u>

ਗੁਰੂ ਨਾਨਕ ਦੇਵ ਜੀ ਸੁੱਚੀ ਕਿਰਤ ਨੂੰ ਹੀ ਅਸਲ ਪੂਜਾ ਮੰਨਦੇ ਹਨ। ਆਪ ਜੀ ਦੇ ਵਿਸ਼ਵਾਸ ਅਨੁਸਾਰ, ਇੱਕ ਕਿਰਤੀ ਦੇ ਕੰਮ ਰਾਹੀਂ ਪਰਮਾਤਮਾ ਦੀ ਸੱਚੀ ਪੂਜਾ ਸਦਾ ਹੁੰਦੀ ਰਹਿੰਦੀ ਹੈ। ਉਸ ਨੂੰ ਤੁਲਸੀ ਮਾਲਾ ਗਲ ਵਿੱਚ ਪਾ ਕੇ ਵਿਖਾਵੇ ਦੇ ਮਣਕੇ ਫੇਰਨ ਦੀ ਕੋਈ ਲੋੜ ਨਹੀਂ; ਜਦ ਉਸ ਨੇ ਸੁਕ੍ਰਿਤ ਦੀ ਅਸਲੀ ਮਾਲਾ ਹਰ ਵੇਲੇ ਆਪਣੇ ਗਲ ਵਿੱਚ ਪਾਈ ਹੋਈ ਹੈ। ਇਸ ਲਈ ਗੁਰੂ ਜੀ ਕਿਰਤਹੀਣ ਮਨੁੱਖ ਨੂੰ ਕਿਰਤੀ ਬਣਾਨ ਲਈ ਉਸ ਦੇ ਗਲ ਵਿੱਚ ਸੁਕ੍ਰਿਤ ਦੀ ਅਸਲੀ ਮਾਲਾ ਇਉਂ ਪਾ ਕੇ ਵਿਖਾਉਂਦੇ ਹਨ:-

"ਸਾਲਗ੍ਰਾਮ ਬਿਪ ਪੂਜਿ ਮਨਾਵਹੁ ਸੁਕ੍ਰਿਤੁ ਤੁਲਸੀ ਮਾਲਾ॥[17]

ਇਸ ਦੇ ਨਾਲ ਹੀ ਗੁਰੂ ਜੀ ਹਰੇਕ ਮਨੁੱਖ ਨੂੰ ਇਹ ਦੱਸ ਦਿੰਦੇ ਹਨ ਕਿ ਨੈਤਿਕ ਗੁਣਾਂ ਵਾਲੀ ਕਿਰਤ ਵਿੱਚ ਹੀ ਹਰ ਪ੍ਰਕਾਰ ਦੇ ਸੂਖਮ ਸੰਜਮ ਆ ਜਾਂਦੇ ਹਨ, ਇਸ ਲਈ ਉਸ ਨੂੰ ਵਿਖਾਵੇ ਵਾਲੇ ਸੂਖਮ ਸੰਜਮ ਵਿੱਚ ਪੈਣ ਦੀ ਕੋਈ ਲੋੜ ਨਹੀਂ। ਆਪ ਕਿਰਤੀ ਦੀ 'ਕਰਣੀ' ਨੂੰ ਹੀ ਸੁੱਚੀਆਂ 'ਕਾਰਾਂ' ਮੰਨਦੇ ਹੋਏ, ਕਿਰਤ ਦੇ ਨੈਤਿਕ ਗੁਣਾਂ ਨੂੰ ਇਉਂ ਵਡਿਆਉਂਦੇ ਹਨ:-

---

15. 'ਧਰਮ ਤੇ ਸਦਾਚਾਰ', ਪੰਨਾ 32 ( ਅੰਮ੍ਰਿਤਸਰ, ਖਾਲਸਾ ਕਾਲਜ), 1951.
16. 'ਆਸਾ ਦੀ ਵਾਰ ਮ: 1', ਆਦਿ ਗ੍ਰੰਥ, ਪੰਨਾ 469.
17. 'ਬਸੰਤ ਹਿੰਡੋਲ ਮ: 1,' ਆਦਿ ਗ੍ਰੰਥ, ਪੰਨਾ 1170.

ਸਚੁ ਸੰਜਮੁ ਕਰਣੀ ਕਾਰਾਂ, ਨਾਵਣੁ ਨਾਉ ਜਪੇਹੀ॥
ਨਾਨਕ ਅਗੈ ਊਤਮ ਸੇਈ ਜਿ ਪਾਪਾਂ ਪੀੜ ਨ ਦੇਹੀ॥ [18]

ਇਸ ਤਰ੍ਹਾਂ, ਗੁਰੂ ਜੀ ਕਿਰਤ ਦੀ ਨੈਤਿਕ ਉਚਤਾ ਵਿੱਚ ਹੀ ਅਸਲ ਪੂਜਾ ਅਤੇ ਅਸਲ ਸੁੱਚਮ ਸੰਜਮ ਵਿਖਾਉਂਦੇ ਹੋਏ ਮਨੁੱਖ ਨੂੰ ਇਸ ਦੀ ਪਵਿੱਤਰਤਾ ਵਿੱਚ ਪੂਰਨ ਵਿਸ਼ਵਾਸ ਧਾਰਨ ਦੀ ਪ੍ਰੇਰਣਾ ਪ੍ਰਦਾਨ ਕਰਦੇ ਹਨ।

ਗੁਰੂ ਨਾਨਕ ਦੇਵ ਜੀ ਇਹ ਦਰਸਾ ਦਿੰਦੇ ਹਨ ਕਿ ਮਨੁੱਖ ਉੱਚ ਦਰਜੇ ਦੀ ਨੈਤਿਕ ਕਿਰਤ, ਅਰਥਾਤ ਸੱਚ ਉਤੇ ਆਧਾਰਿਤ ਕਿਰਤ ਰਾਹੀਂ, ਇਸ ਦੁਨੀਆ ਅਤੇ ਅਗਲੀ ਦੁਨੀਆ ਵਿੱਚ ਹਰ ਪ੍ਰਕਾਰ ਦੇ ਸੁੱਖ ਪ੍ਰਾਪਤ ਕਰ ਸਕਦਾ ਹੈ। ਇਸੇ ਲਈ ਆਪ ਫਰਮਾਉਂਦੇ ਹਨ:-

ਕਰ ਆਚਾਰ ਸਚੁ, ਸੁੱਖ ਹੋਈ॥ [19]

ਇਉਂ ਗੁਰੂ ਨਾਨਕ ਦੇਵ ਜੀ ਮਨੁੱਖ ਨੂੰ 'ਸਚ ਆਚਾਰ' ਵਾਲੇ ਨੈਤਿਕ ਖੇਤਰ ਵਿੱਚ ਪਰਪੱਕ ਰਹਿਣ ਵਾਲਾ ਆਦਰਸ਼ਕ ਕਿਰਤੀ ਬਣਾਨ ਦਾ ਜਤਨ ਕਰਦੇ ਹਨ। ਇਸ ਲਈ ਆਪ ਕਿਰਤ ਦੇ ਨੈਤਿਕ ਖੇਤਰ ਨੂੰ ਮਨੁੱਖ ਦੀ ਆਚਰਣ-ਉਸਾਰੀ ਦਾ ਬੜਾ ਮਹੱਤਵਪੂਰਨ ਖੇਤਰ ਮੰਨਦੇ ਹਨ।

## (2) ਪਰਵਾਰਕ ਖੇਤਰ

ਗੁਰੂ ਨਾਨਕ ਦੇਵ ਜੀ ਨੇ ਜਿਵੇਂ ਕਿਰਤ ਦੇ ਨੈਤਿਕ ਖੇਤਰ ਨੂੰ ਵਿਸ਼ੇਸ਼ ਰੂਪ ਵਿੱਚ ਵਡਿਆਇਆ ਹੈ, ਉਵੇਂ ਇਸ ਦੇ ਪਰਵਾਰਕ ਖੇਤਰ ਨੂੰ ਵੀ ਪੂਰੀ ਤਰ੍ਹਾਂ ਸਨਮਾਨਿਆ ਹੈ।

### ਪਰਵਾਰ ਪਾਲਣ ਕਰਤਵ

ਮਨੁੱਖ ਨੂੰ ਕਿਰਤ ਕਰ ਕੇ ਇਸ ਲਈ ਉਪਜੀਵਕਾ ਕਮਾਉਣ ਦੀ ਲੋੜ ਹੈ ਕਿ ਉਹ ਆਪਣੇ ਪਰਵਾਰ ਦੀ ਪਾਲਣਾ ਦਾ ਕਰਤਵ ਚੰਗੀ ਤਰ੍ਹਾਂ ਨਿਭਾ ਸਕੇ। ਮਨੁੱਖ ਨੂੰ ਆਪਣੀ ਅਤੇ ਆਪਣੇ ਪਰਵਾਰ ਦੇ ਜੀਆਂ ਦੀ ਆਹਾਰ-ਪੂਰਤੀ ਲਈ ਕਿਸੇ ਅੱਗੇ ਹੱਥ ਅੱਡਣ ਉਤੇ ਮਜਬੂਰ ਨਾ ਹੋਣਾ ਪਏ, ਕਿਉਂਕਿ ਪਰਮਾਤਮਾ ਨੇ ਉਸ ਨੂੰ ਹੱਥ ਅੱਡਣ ਲਈ ਨਹੀਂ; ਸਗੋਂ ਕਮਾ ਕੇ

---

18. ਸਿਰੀ ਰਾਗੁ ਕੀ ਵਾਰ ਸਲੋਕ ਮਹਲਾ 1, ਆਦਿ ਗ੍ਰੰਥ, ਪੰਨਾ 91.
19. ਰਾਗੁ ਰਾਮਕਲੀ ਮ: 1, -ਉਹੀ- , ਪੰਨਾ 531.

ਖਾਣ ਲਈ ਦਿੱਤੇ ਹੋਏ ਹਨ।

ਡਾ:ਸੀਤਾ ਰਾਮ ਬਾਹਰੀ ਨੇ ਭਗਤੀ ਲਹਿਰ ਦੇ ਹੋਰ ਸੰਤਾਂ ਨਾਲੋਂ ਗੁਰੂ ਨਾਨਕ ਦੇਵ ਜੀ ਦੀ ਵਿਸ਼ੇਸ਼ ਵਡਿਆਈ ਇਸੇ ਗੱਲ ਵਿੱਚ ਮੰਨੀ ਹੈ ਕਿ ਉਨ੍ਹਾਂ ਨੇ ਭਿਖਿਆ ਮੰਗਣ ਦੀ ਬਿਰਤੀ ਦੀ ਜ਼ੋਰਦਾਰ ਨਿਖੇਧੀ ਕੀਤੀ ਹੈ ਅਤੇ ਦਰਸਾਇਆ ਹੈ ਕਿ ਉਸ ਸਮੇਂ ਦੇ ਸੰਤਾਂ ਸਾਧੂਆਂ ਨੇ ਭਿਖਿਆ ਮੰਗਣ ਨੂੰ ਹੀ 'ਯੋਗ' ਸਮਝ ਲਿਆ ਸੀ। ਇਉਂ ਸਮਝੋ, ਸੰਸਾਰ-ਤਿਆਗ ਨੂੰ 'ਭਿਖਿਆ ਯੋਗ' ਬਣਾ ਲਿਆ ਸੀ। ਪਰ, ਗੁਰੂ ਨਾਨਕ ਦੇਵ ਨੇ ਇਸ ਨੂੰ ਰੱਦ ਕਰ ਕੇ ਪਰਵਾਰਕ ਜੀਵਨ ਵਾਲਾ 'ਸਹਿਜ-ਯੋਗ' ਪਰਵਾਨਿਆ ਹੈ:-

> "ਇਸ ਦੀ ਥਾਂ 'ਸਹਿਜ-ਯੋਗ' ਵਧੇਰੇ ਉਚੇਰਾ ਹੈ। ਘਰ ਵਿੱਚ ਉਦਾਸੀ ਦੀ ਰੀਤ ਹੀ ਜੀਵਨ ਮੁਕਤੀ ਦਾ ਸੰਕੇਤ ਹੈ।"[20]

ਗੁਰੂ ਨਾਨਕ ਦੇਵ ਜੀ ਨੇ ਕਿਰਤ ਨੂੰ ਪਰਵਾਰ ਦੀ ਉਚਿਤ ਪਾਲਣਾ ਦਾ ਮੂਲ-ਸਾਧਨ ਮੰਨਿਆ ਹੈ ਅਤੇ ਹਰੇਕ ਮਨੁੱਖ ਲਈ ਪਰਵਾਰ-ਪਾਲਣ ਦਾ ਕਰਤੱਵ ਨਿਭਾਣਾ ਜ਼ਰੂਰੀ ਦਰਸਾਇਆ ਹੈ। ਇਸ ਸੰਬੰਧੀ ਆਪਜੀ ਨੇ ਇਹ ਮੁੱਢਲੀ ਗੱਲ ਸਮਝਾਈ ਹੈ ਕਿ ਹਰੇਕ ਮਨੁੱਖ ਲਈ ਪਰਵਾਰਕ ਜੀਵਨ ਬਿਤਾਣਾ ਅਤੇ ਉਸ ਦੀ ਪੂਰਨਤਾ ਵਿੱਚ ਯੋਗਦਾਨ ਪਾਣਾ ਬੜਾ ਆਵੱਸ਼ਕ ਹੈ।

<u>ਪਰਵਾਰਕ ਜੀਵਨ ਦੀ ਮਹੱਤਤਾ</u>

ਗੁਰੂ ਨਾਨਕ ਦੇਵ ਜੀ ਦੇ ਵਿਚਾਰ ਅਨੁਸਾਰ, ਹਰੇਕ ਮਨੁੱਖ ਨੂੰ ਇਹ ਅਸਲੀਅਤ ਪਰਵਾਨ ਕਰਨੀ ਚਾਹੀਦੀ ਹੈ ਕਿ ਕੇਵਲ ਪਰਵਾਰਕ ਜੀਵਨ ਹੀ ਪ੍ਰਕ੍ਰਿਤਕ ਨੇਮਾਂ ਦੇ ਅਨੁਕੂਲ ਹੈ। ਜਿਹੜੇ ਮਨੁੱਖ, ਪਰਵਾਰਕ ਜੀਵਨ ਤਿਆਗ ਕੇ ਉਦਾਸੀ, ਤਿਆਗੀ ਜਾਂ ਜਤੀ ਸਤੀ ਬਣ ਬੈਠਦੇ ਹਨ, ਉਹ ਪ੍ਰਕ੍ਰਿਤਕ ਜੀਵਨ ਮਾਰਗ ਤੋਂ ਟੁੱਟ ਜਾਂਦੇ ਹਨ। ਡਾ:ਭਾਈ ਵੀਰ ਸਿੰਘ ਨੇ ਗੁਰੂ ਨਾਨਕ ਦੇਵ ਜੀ ਦੇ 'ਗ੍ਰਿਹਸਤ ਸੰਨਿਆਸ' ਦਾ ਅਸਲੀ ਤਰੀਕਾ ਇਉਂ ਸਮਝਾਇਆ ਹੈ:-

> "ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗ੍ਰਿਹਸਤੀ ਰਹਿਣਾ, ਗ੍ਰਿਹਸਤ ਵਿੱਚ ਧਰਮ ਅਦਾ ਕਰਨਾ, ਵੰਡਣਾ, ਪਾਲਣਾ, ਮੇਰ ਤੇਰ, ਦੇ ਕੇ ਚਲਣਾ

---

20. ਸਾਹਿਤ ਮੰਥਨ, ਪੰਨਾ 163 (ਜਲੰਧਰ, ਨਿਊ ਪਬਲਿਸ਼ਰਜ਼ ਇੰਡੀਆ)1966.

ਮਨਾਉਣਾ; ਗ੍ਰਿਹਸਤ ਵਿੱਚ ਰਹਿਣਾ ਪਰ ਲਿਪਤ ਨਾ ਹੋਣਾ, ਮਨ ਦੀ ਨਜ਼ਰ ਹਰ ਘੜੀ 'ਬੇਅੰਤ' ਵੱਲ ਰੱਖਣੀ, ਇਹ ਮੱਤ ਦਿੱਤੀ। ਇਸੇ ਕਰਕੇ ਗੁਰੂ ਨਾਨਕ ਦੇਵ ਜੀ ਦੇ ਪੈਦਾ ਕੀਤੇ ਰੱਬੀ ਬੀਜਿਆਂ ਦੀ ਇਕ ਜਾਗਦੀ ਕੌਮ ਬਣ ਗਈ, ਜਿਨ੍ਹਾਂ ਦੇ ਗ੍ਰਿਹਸਤ, ਇਖ਼ਲਾਕ, ਰੂਹਾਨੀਅਤ, ਬੀਰਤਾ ਤੇ ਸਾਰੇ ਗੁਣਾਂ ਦੀ ਕੀਰਤੀ ਜਗਤ ਵਿੱਚ ਫੈਲ ਗਈ। ਗੁਰੂ ਨਾਨਕ ਨੇ 'ਗ੍ਰਿਹਸਤ ਸੰਨਿਆਸ' ਦਾ ਅਸਲੀ ਤਰੀਕਾ ਇਹ ਦੱਸਿਆ ਕਿ ਪਦਾਰਥ ਛੱਡ ਕੇ ਜੰਗਲ ਨਾ ਜਾਓ, ਵਿੱਚੇ ਰਹੋ, ਪਦਾਰਥਾਂ ਦੇ ਦਾਤੇ ਨਾਲ ਜੁੜੇ ਰਹੋ ਤੇ ਉਸ ਦਾ ਸਦਾ ਸ਼ੁਕਰ ਕਰੋ। ਇਸ ਸ਼ੁਕਰ ਦੀ ਬਿਰਤੀ ਵਿੱਚ ਅਸਲੀ ਸੰਨਿਆਸ ਹੈ। ਅਗਰ ਸੁਰਤ ਦਾ ਹੋਵੇ, ਸੁਰਤ ਦੀਆਂ ਪਕੜਾਂ ਛੁਟ ਜਾਣ ਤਾਂ ਸੰਨਿਆਸ ਅੰਦਰ ਆ ਵਸਿਆ।[21]

ਗੁਰੂ ਨਾਨਕ ਦੇਵ ਜੀ ਨੇ, ਨਿਸੰਦੇਹ, ਪ੍ਰਕਿਰਤਕ ਨੇਮਾਂ ਵਾਲਾ ਅੰਦਰਲਾ ਸੰਨਿਆਸ ਸਿਖਾਇਆ ਹੈ, ਜਿਹੜਾ ਪਰਿਵਾਰਕ ਜੀਵਨ ਨੂੰ ਰੱਦ ਨਹੀਂ ਕਰਦਾ ਸਗੋਂ ਕੁਦਰਤੀ ਜੀਵਨ ਸਮਝ ਕੇ ਪਰਵਾਨ ਕਰਦਾ ਹੈ। ਜਿਹੜੇ ਮਨੁੱਖ ਗੈਰ-ਪ੍ਰਕ੍ਰਿਤਕ ਮਾਰਗਾਂ ਉਤੇ ਭਟਕਦੇ ਰਹਿੰਦੇ ਹਨ ਅਤੇ ਪਰਵਾਰਕ ਜੀਵਨ ਤਿਆਗ ਦਿੰਦੇ ਹਨ, ਉਹ ਮਾਂ ਵ ਅਸਲੀਅਤ ਤੋਂ ਕੋਹਾਂ ਦੂਰ ਚਲੇ ਜਾਂਦੇ ਹਨ। ਡਾ: ਦੀਵਾਨ ਸਿੰਘ ਦੇ ਕਥਨ ਅਨੁਸਾਰ ਗੁਰੂ ਨਾਨਕ ਦੇਵ ਜੀ ਰਹੱਸਵਾਦੀ ਅਵੱਸ਼ ਸਨ, ਪਰ ਆਪ ਕਿਸੇ ਹਾਲਤ ਵਿੱਚ ਵੀ ਤਿਆਗੀ ਬਿਰਤੀ ਵਾਲੇ ਸੰਨਿਆਸੀ ਨਹੀਂ ਸਨ:-

> "ਗੁਰੂ ਨਾਨਕ ਦੇਵ ਵਿਰਕਤ ਤਿਆਗੀ ਨਹੀਂ ਸਨ। ਭਾਵੇਂ ਆਪ ਰਹੱਸਵਾਦੀ ਸਨ, ਪਰ ਫਿਰ ਵੀ ਆਪ ਇਕ ਸਮਾਜਕ ਅਤੇ ਨੈਤਿਕ ਚਿੰਤਕ ਸਨ। ਆਪ ਜੀਵਨ ਤੋਂ ਭਾਜ ਖਾਣ ਵਾਲੇ ਤਿਆਗੀਆਂ ਨੂੰ ਕਿਸੇ ਤਰ੍ਹਾਂ ਵੀ ਪਰਵਾਨ ਨਹੀਂ ਸਨ ਕਰਦੇ।"[22]

ਗੁਰੂ ਜੀ ਇਹ ਜੀਵਨ ਅਸਲੀਅਤ ਦ੍ਰਿੜਾਉਂਦੇ ਹਨ ਕਿ ਸੰਸਾਰ ਤਿਆਗੀਆਂ ਨਾਲੋਂ ਗ੍ਰਿਹਸਤੀ ਮਨੁੱਖ ਕਈ ਗੁਣਾਂ ਵਧੇਰੇ ਚੰਗੇ ਹਨ, ਕਿਉਂਕਿ ਉਹ ਕੁਦਰਤੀ ਨੇਮਾਂ ਦੀ ਪਾਲਣਾ ਕਰਦੇ

---

21. 'ਸਭ ਤੋਂ ਵੱਡਾ ਸਤਿਗੁਰੂ ਨਾਨਕ', ਪੰਨਾ 29-30 (ਨਵੀਂ ਦਿੱਲੀ, ਭਾਈ ਸਾਹਿਬ ਭਾਈ ਵੀਰ ਸਿੰਘ ਸਟੱਡੀ ਸਰਕਲ, 1969.

22. "Guru Nanak was no recluse. Though a mystic, he was, withal, a social and ethical thinker. He never gave any quarter to the run-aways from life." 'Mysticism of Guru Nanak' P.165. (Un-published Thesis for Ph.D.).

ਹੋਏ ਪਰਮਾਤਮਾ ਨੂੰ ਪ੍ਰਸੰਨ ਕਰਨ ਵਾਲੇ ਕਾਰਜ ਕਰ ਕੇ ਉਸ ਨਾਲ ਮਿਲਾਪ ਪ੍ਰਾਪਤ ਕਰ ਸਕਦੇ ਹਨ। ਇਸ ਸੰਬੰਧੀ ਸਰ ਜੋਗਿੰਦਰ ਸਿੰਘ ਨੇ ਇਹ ਵਿਚਾਰ ਪਰਗਟਾਇਆ ਹੈ:-

> "ਗੁਰੂ ਜੀ ਨੇ ਸਪਸ਼ਟ ਸ਼ਬਦਾਂ ਵਿੱਚ ਸਾਨੂੰ ਦਰਸਾਇਆ ਕਿ ਅਸੀਂ ਆਪਣੀ ਸੁਤੰਤਰ ਇੱਛਾ ਵਰਤ ਕੇ ਆਪਣੀਆਂ ਘੜੀਆਂ ਹੋਈਆਂ ਬੇੜੀਆਂ ਕਿਵੇਂ ਕੱਟ ਸਕਦੇ ਹਾਂ। ਆਪ ਜੀ ਨੇ ਸਮਝਾਇਆ ਕਿ ਮੁਕਤੀ ਘਰ ਜਾਂ ਪਰਵਾਰ ਛੱਡ ਕੇ ਵਿਅਰਥ ਭ੍ਰਮਣ ਨਾਲ, ਸਰੀਰ ਨੂੰ ਕਸ਼ਟ ਦੇਣ ਨਾਲ, ਤੀਰਥ ਯਾਤਰਾਵਾਂ ਕਰਨ ਨਾਲ, ਤਪਾਂ, ਹੱਠਾਂ ਦੇ ਅਭਿਆਸ ਕਰਨ ਨਾਲ, ਰਸਮਾਂ ਰਵਾਜਾਂ ਦੀ ਪੂਰਤੀ ਕਰਨ ਨਾਲ ਜਾਂ ਯੱਗਾਂ ਦੀਆਂ ਅਗਨੀਆਂ ਵਿੱਚ ਆਹੂਤੀਆਂ ਦੇਣ ਨਾਲ ਪ੍ਰਾਪਤ ਨਹੀਂ ਹੁੰਦੀ। ਇਹ ਤਾਂ ਆਪਣੇ ਅੰਦਰ ਪ੍ਰੇਮਾ-ਭਗਤੀ ਦੀ ਅਗਨੀ ਮਘਾਣ, ਦੈਵੀ ਹੁਕਮ ਅਨੁਸਾਰ ਸੌਂਪੇ ਹੋਏ ਕਾਰਜ ਕਰਨ ਨਾਲ ਅਤੇ ਆਪਾ ਭਾਵ ਮਿਟਾ ਕੇ ਸੱਚਾ ਮਾਰਗ ਅਪਣਾਨ ਨਾਲ ਪ੍ਰਾਪਤ ਹੁੰਦੀ ਹੈ।"[23]

ਇਨ੍ਹਾਂ ਸਾਰੇ ਵਿਚਾਰਾਂ ਦੇ ਅਸਨ ਸੋਮੇ, ਗੁਰੂ ਨਾਨਕ ਦੇਵ ਜੀ, ਨੇ ਆਪਣੀ ਬਾਣੀ ਰਾਹੀਂ ਤਿਆਗੀ ਜੀਵਨ ਦੀ ਨਿਖੇਧੀ ਅਤੇ ਪਰਵਾਰਕ ਜੀਵਨ ਦੀ ਵਡਿਆਈ ਇਉਂ ਕਰ ਕੇ ਵਿਖਾਈ ਹੈ:-

ਇਕ ਤਪਸੀ ਬਨ ਮਹਿ ਤਪੁ ਕਰਹਿ ਨਿਤ ਤੀਰਥ ਵਾਸਾ।।
ਆਪੁ ਨ ਚੀਨਹਿ ਤਾਮਸੀ ਕਾਹੇ ਭਏ ਉਦਾਸਾ।।

---

23. "The Guru in clear lucid language, showed us how to exercise free will and break off the fetters of our own forging. Salvation cannot be obtained, he said by abandoning home or family or by wandering aihlessly, by torturing the body or frequenting holy places, by performances of external austerities, ceremonials or pouring oblation into sacrificial fires. It is by kindling the fire of devotion in the [redacted] se. itself and feeding it by the daily performance of duties, allotted under the divine command that the senge of self is lost and the path of discipleship followed." "The Great Humanist- [redacted] Guru Nanak" Page.1; Foreword; (Patiala, Languages Department, Punjab)1970.

ਇੱਕ ਬਿੰਦੁ ਜਤਨ ਕਰ ਰਾਖਦੇ ਸੇ ਜਤੀ ਕਹਾਵਹਿ।।
ਬਿਨੁ ਗੁਰ ਸਬਦੁ ਨ ਛੂਟਹੀ ਭ੍ਰਮਿ ਆਵਹਿ ਜਾਵਹਿ।।
ਇਕ ਗਿਰਹੀ ਸੇਵਕ ਸਾਧਿਕਾ ਗੁਰਮਤੀ ਲਾਗੇ।।
ਨਾਮੁ ਦਾਨੁ ਇਸਨਾਨੁ ਦ੍ਰਿੜੁ ਹਰਿ ਭਗਤਿ ਸੁਜਾਗੇ।।[24]

ਇਸ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਕਿਰਤ ਕਰਨ ਵਾਲੇ ਗ੍ਰਿਹਸਤੀਆਂ ਨੂੰ ਸੰਸਾਰ-ਤਿਆਗੀਆਂ ਨਾਲੋਂ ਪਰਮਾਤਮਾ ਦੇ ਵਧੇਰੇ ਨੇੜੇ ਸਮਝਦੇ ਹਨ। ਪ੍ਰਸਿੱਧ ਵਿਦਵਾਨ ਅਨਿਲ ਚੰਦਰ ਬੈਨਰਜੀ ਨੇ ਗੁਰੂ ਜੀ ਦਾ ਇਹ ਦ੍ਰਿਸ਼ਟੀਕੋਣ ਇਉਂ ਦਰਸਾਇਆ ਹੈ:-

"ਗੁਰੂ ਨਾਨਕ ਨੇ ਆਪਣੇ ਜੀਵਨ-ਉਦਾਹਰਣ ਅਤੇ ਪਰਚਾਰ-ਮਾਧਿਅਮ ਰਾਹੀਂ ਇਹ ਪੁਰਾਣਾ-ਵਿਚਾਰ ਦੂਰ ਕਰਕੇ ਰੱਖ ਦਿੱਤਾ ਕਿ ਪਰਵਾਰਕ ਜੀਵਨ ਆਤਮਕ ਉਨਤੀ ਦੇ ਰਾਹ ਵਿੱਚ ਬੰਧਨ ਬਣ ਖਲੋਂਦਾ ਹੈ। ਆਪ ਨੇ ਸਗੋਂ ਇਹ ਵਿਚਾਰ ਦ੍ਰਿੜ ਕਰਵਾਇਆ ਕਿ ਪ੍ਰਭੂ-ਪ੍ਰਾਪਤੀ ਦੇ ਚਾਹਵਾਨ ਮਨੁੱਖ ਲਈ ਈਮਾਨਦਾਰ ਕਿਰਤ ਦਾ ਗੁਣ ਧਾਰ ਕੇ ਵਿਖਾਣਾ ਅਨਿਵਾਰੀ ਹੈ।"[25]

ਵਾਸਤਵ ਵਿੱਚ, ਗੁਰੂ ਨਾਨਕ ਦੇਵ ਜੀ ਜੀਵਨ ਦੇ ਪਰਵਿਰਤੀ ਮਾਰਗ ਨੂੰ ਨਿਵਿਰਤੀ ਮਾਰਗ ਦੇ ਟਾਕਰੇ ਉਤੇ ਪਰਮਾਤਮਾ ਦੇ ਬਣਾਏ ਹੋਏ ਕੁਦਰਤੀ ਨੇਮਾਂ ਦੇ ਵਧੇਰੇ ਅਨੁਕੂਲ ਮੰਨ ਕੇ ਸੰਸਾਰ, ਪਰਵਾਰ ਅਤੇ ਕਾਰ-ਵਿਹਾਰ ਨਾਲ ਸੰਬੰਧ ਰੱਖਣ ਵਾਲੇ ਜੀਵਨ ਨੂੰ ਹੀ ਸਫਲ ਜੀਵਨ ਦਰਸਾਉਂਦੇ ਹਨ। ਪ੍ਰੋ. ਸੁਰਿੰਦਰ ਸਿੰਘ ਨੇ ਗੁਰੂ ਨਾਨਕ ਦੇਵ ਜੀ ਦੀ ਇਸ ਸੰਸਾਰੀ ਬਿਰਤੀ ਦੀ ਵਿਸ਼ੇਸ਼ਤਾ ਇਉਂ ਪਰਗਟਾਈ ਹੈ:-

"ਗੁਰੂ ਨਾਨਕ ਦੇਵ ਜੀ ਤਾਂ ਹਮੇਸ਼ਾ ਸੰਸਾਰੀ ਰਹੇ ਹਨ। ਉਹਨਾਂ ਕਦੀ ਵੀ ਸੰਸਾਰ ਤਿਆਗ ਦਾ ਨਾਹਰਾ ਨਹੀਂ ਮਾਰਿਆ ਅਤੇ ਨਾ ਹੀ ਆਪਣੇ ਆਪ ਨੂੰ 'ਧਰਤਿ-ਲੁਕਾਈ' ਤੋਂ ਪਰ੍ਹੇ ਜਾਂ ਵੱਖਰਾ ਰੱਖਿਆ ਹੈ। ਗੁਰੂ

---

24. ਰਾਗ ਆਸਾ ਮ: 1, ਆਦਿ ਗ੍ਰੰਥ, ਪੰਨਾ 418.

25. "Guru Nanak kálled by example and precept the old idea that a house-holder's life was a barrier to spiritual progress. Indeed he emphasized the point that honest labour was a necessary qualification for one who sought the relisation of God" - "Guru Nanak and His Times" P.188 (Patiala, Punjabi University) 1971.

ਨਾਨਕ ਦੇਵ ਜੀ ਸਰਬ ਮਨੁਖਤਾ ਵਾਂਗ ਹੀ ਜੰਮੇ ਪਲੇ ਤੇ ਵਧੇ ਫੁੱਲੇ, ਮਨੁਖਤਾ ਵਾਂਗ ਹੀ ਪਰਵਾਰ ਵਿਚ ਰਹੇ, ਗ੍ਰਿਹਸਤੀ ਬਣੇ, ਕਾਰ-ਵਿਹਾਰ ਕੀਤਾ, ਮਨੁਖਤਾ ਵਾਂਗ ਹੀ ਸੰਸਾਰੀ ਕੱਪੜੇ ਪਾਏ।"[26]

ਗੁਰੂ ਨਾਨਕ ਦੇਵ ਜੀ ਆਪ ਗ੍ਰਿਹਸਤ-ਜੀਵਨ ਬਿਤਾਉਂਦੇ ਹੋਏ ਇਸ ਜੀਵਨ ਨੂੰ ਪ੍ਰਭੂ ਮਿਲਾਪ ਵਾਲਾ ਜੀਵਨ ਮੰਨਦੇ ਹਨ। ਇਸ ਸਬੰਧੀ ਡਾ: ਵਿਸ਼ਵਾਨਾਥ ਤਿਵਾੜੀ ਨੇ ਇਹ ਵਿਚਾਰ ਪਰਗਟਾਇਆ ਹੈ:-

> "ਮੱਧ ਕਾਲੀਨ ਸਮੇਂ ਵਿੱਚ ਇਹ ਵਿਸ਼ਵਾਸ ਪਰਚੱਲਤ ਸੀ ਕਿ ਵਾਹਿਗੁਰੂ ਨਾਲ ਇਕ ਮਿੱਕ ਹੋਣ ਲਈ ਤੱਪ ਕਰਨੇ ਚਾਹੀਦੇ ਹਨ। ਸਿੱਧੀਆਂ ਦੀ ਪ੍ਰਾਪਤੀ ਕਰਨੀ ਚਾਹੀਦੀ ਹੈ, ਤਿਆਗ ਕਰਨਾ ਚਾਹੀਦਾ ਹੈ। ਘਰ ਬਾਰ, ਬੀਵੀ ਬੱਚੇ, ਪਰਵਾਰ ਸਭ ਨੂੰ ਛੱਡਣਾ ਚਾਹੀਦਾ ਹੈ। ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਸੋਚ ਨੂੰ ਪਲਟਾ ਦਿੱਤਾ। ਇਸ ਔਖੇ ਰਾਹ ਨੂੰ ਗੁਰੂ ਜੀ ਨੇ ਬੜਾ ਹੀ ਸੌਖਾ ਬਣਾ ਦਿੱਤਾ। ਉਨ੍ਹਾਂ ਅਨੁਸਾਰ ਵਾਹਿਗੁਰੂ ਨਾਲ ਮਿਲਿਆ ਜਾ ਸਕਦਾ ਹੈ, ਬਿਨਾਂ ਸਰੀਰ ਨੂੰ ਕਸ਼ਟ ਦਿੱਤਿਆਂ, ਸਿਰ ਮੁਨਾਇਆਂ, ਸੰਨਿਆਸ ਲੀਤਿਆਂ। ਵਾਹਿਗੁਰੂ ਨਾਲ ਇੱਕ-ਮਿੱਕ ਹੋ ਸਕਦੇ ਹਾਂ, ਘਰ ਵਿੱਚ ਰਹਿੰਦਿਆਂ, ਮਾਂ-ਬਾਪ ਦੀ ਸੇਵਾ ਕਰਦਿਆਂ, ਬੀਵੀ ਬੱਚਿਆਂ ਨਾਲ ਪਿਆਰ ਕਰਦਿਆਂ, ਹੱਸਦਿਆਂ, ਖੇਡਦਿਆਂ, ਨਾਮ ਸਿਮਰਨ ਕਰਦਿਆਂ। ਵਾਹਿਗੁਰੂ ਦੀ ਮਿਹਰ ਪ੍ਰਾਪਤ ਕਰ ਸਕਦੇ ਹਾਂ, "ਕਿਰਤੀ ਸਾਧ ਉਦਾਸ" ਦਾ ਪਾਠ ਪੜ੍ਹਾਇਆ।"[27]

ਵਾਸਤਵ ਵਿੱਚ, ਗੁਰੂ ਨਾਨਕ ਦੇਵ ਜੀ ਪਰਵਾਰਕ ਜੀਵਨ ਨੂੰ ਧਾਰਮਕ ਜੀਵਨ ਤੋਂ ਨਖੇੜਦੇ ਨਹੀਂ ਹਨ, ਸਗੋਂ ਇਸ ਨੂੰ ਹੀ ਅਸਲ ਧਾਰਮਕ ਜੀਵਨ ਮੰਨਦੇ ਹਨ। ਇਸ ਵਿਚਾਰ ਨੂੰ ਡਾ: ਸੁਰਿੰਦਰ ਸਿੰਘ ਕੋਹਲੀ ਨੇ ਬੜੇ ਸੁਚੱਜੇ ਢੰਗ ਨਾਲ ਇਉਂ ਪਰਗਟਾਇਆ ਹੈ:-

> "ਗੁਰੂ ਨਾਨਕ ਦੇਵ ਦਾ ਧਰਮ ਘਰ ਬਾਰੀਆਂ ਦਾ ਧਰਮ ਹੈ।"[28]

---

26. "ਗੁਰੂ ਨਾਨਕ ਦਾ ਸਰੂਪ", ਪੰਨਾ 99.
27. "ਨਾ ਕੋ ਹਿੰਦੂ ਨਾ ਮੁਸਲਮਾਨ", ਪੰਨਾ 50(ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ) 1971."
28. "The Religion of Guru Nanak is the religion of house holders" "Philosophy of Guru Nanak", P.39 (Chandigarh, Punjab University) 1969.

# ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਕਿਰਤ ਦਾ ਸੰਕਲਪ



ਗੁਰੂ ਨਾਨਕ ਦੇਵ ਜੀ ਨੇ ਪਰਵਾਰਕ ਜੀਵਨ ਦੀ ਬੜੀ ਉਚੀ ਪਦਵੀ ਪਰਵਾਨ ਕਰ ਕੇ ਇਸ ਨੂੰ ਲੋਕਾਂ ਲਈ ਮਾਣ-ਭਰਪੂਰ ਜੀਵਨ ਬਣਾ ਦਿੱਤਾ ਹੈ। ਗੁਰੂ ਜੀ ਤੋਂ ਪਹਿਲੇ ਪਰਵਾਰਕ ਜੀਵਨ ਨਾਲੋਂ ਪਰਵਾਰ-ਤਿਆਗੀ ਜੀਵਨ ਵਧੇਰੇ ਮਾਣ-ਭਰਪੂਰ ਸਮਝਿਆ ਜਾਂਦਾ ਸੀ। ਪਰ, ਗੁਰੂ ਜੀ ਨੇ ਇਸ ਸੰਬੰਧੀ ਲੋਕਾਂ ਦਾ ਦ੍ਰਿਸ਼ਟੀਕੋਣ ਬਦਲ ਕੇ ਰੱਖ ਦਿੱਤਾ।

ਗੁਰੂ ਨਾਨਕ ਦੇਵ ਜੀ ਨੇ ਲੋਕਾਂ ਸਾਹਮਣੇ, ਪਰਵਾਰਕ ਜੀਵਨ ਦੇ ਪੱਖ ਵਿੱਚ, ਇਹ ਠੋਸ ਦਲੀਲ ਰੱਖੀ ਕਿ ਦੁਨੀਆਂ ਦੇ ਘਰਾਂ ਵਿੱਚ ਜਾ ਕੇ ਰੋਟੀ ਟੁਕੜੇ ਦੀ ਸਹਾਇਤਾ ਮੰਗਣ ਨਾਲੋਂ ਲੋੜਵੰਦਾਂ ਦੀ ਇਹੋ ਜਿਹੀ ਸਹਾਇਤਾ ਕਰਨਾ ਵਧੇਰੇ ਮਾਣ ਵਾਲੀ ਗੱਲ ਹੈ ਅਤੇ ਇਕ ਗ੍ਰਿਹਸਤੀ ਮਨੁੱਖ ਹੀ ਆਪ ਕਮਾ ਕੇ ਹੋਰਨਾਂ ਦੀ ਸਹਾਇਤਾ ਕਰ ਸਕਦਾ ਹੈ।

ਗੁਰੂ ਜੀ ਇਸ ਦਲੀਲ ਰਾਹੀਂ ਇਹ ਸਿੱਧ ਕਰਦੇ ਹਨ ਕਿ ਗ੍ਰਿਹਸਤੀ ਮਨੁੱਖ ਲੋੜਵੰਦਾਂ ਦੀ ਸਹਾਇਤਾ ਕਰ ਕੇ ਜਿਥੇ ਕਈ ਮਨੁੱਖ ਹਿਰਦਿਆਂ ਦੀ ਪ੍ਰਸੰਨਤਾ ਪ੍ਰਾਪਤ ਕਰਦਾ ਹੈ, ਉਥੇ ਉਨ੍ਹਾਂ ਦੇ ਰਚਣਹਾਰ ਪਰਮਾਤਮਾ ਦੀ ਪ੍ਰਸੰਨਤਾ ਵੀ ਪ੍ਰਾਪਤ ਕਰ ਲੈਂਦਾ ਹੈ।

ਪਰਮਾਤਮਾ ਕੇਵਲ ਉਸ ਮਨੁੱਖ ਉਤੇ ਪ੍ਰਸੰਨ ਹੁੰਦਾ ਹੈ, ਜਿਹੜਾ ਲੋਕਾਂ ਵਿੱਚ ਹੀ ਪਰਮਾਤਮਾ ਦਾ ਵਾਸਾ ਪਛਾਣ ਕੇ ਉਨ੍ਹਾਂ ਦਾ ਦੁੱਖ ਦੂਰ ਕਰਨ ਲਈ ਸਦਾ ਤੱਤਪਰ ਰਹਿੰਦਾ ਹੈ। ਇਹ ਲੋਕ-ਸੇਵਾ ਵਾਲਾ ਕੰਮ ਕੇਵਲ ਗ੍ਰਿਹਸਤ-ਜੀਵਨ ਜਾਂ ਪਰਵਾਰਕ ਜੀਵਨ ਵਿੱਚ ਹੀ ਰਹਿ ਕੇ ਨਿਭਾਇਆ ਜਾ ਸਕਦਾ ਹੈ। ਇਸ ਲਈ, ਗ੍ਰਿਹਸਤ-ਜੀਵਨ ਸੰਸਾਰੀ ਪ੍ਰਸੰਨਤਾ ਦੇ ਨਾਲ ਨਾਲ ਰੱਬੀ ਪਰਵਾਨਗੀ ਪ੍ਰਾਪਤ ਕਰਨ ਦਾ ਵੀ ਸਾਧਨ ਬਣ ਜਾਂਦਾ ਹੈ। ਇਸ ਤੋਂ ਸਿੱਧ ਹੋ ਜਾਂਦਾ ਹੈ ਕਿ ਮਨੁੱਖ ਦਾ ਪਰਵਾਰਕ ਜੀਵਨ ਉਸ ਦੇ ਤਿਆਗੀ ਜੀਵਨ ਨਾਲੋਂ ਹਰ ਪੱਖੋਂ ਵਧੇਰੇ ਉਤਮ ਹੈ।

ਗੁਰੂ ਨਾਨਕ ਦੇਵ ਜੀ ਨੇ ਵੇਖਿਆ ਕਿ ਭਾਰਤ ਵਿੱਚ ਜਿਹੜੇ ਲੋਕ ਗ੍ਰਿਹਸਤ-ਜੀਵਨ ਨਿਭਾਉਂਦੇ ਹਨ, ਉਹ ਇਸ ਜੀਵਨ-ਮਾਰਗ ਵਿੱਚ ਕੋਈ ਗੌਰਵ ਮਹਿਸੂਸ ਨਹੀਂ ਕਰਦੇ। ਇਸ ਲਈ ਗ੍ਰਿਹਸਤ ਜੀਵਨ ਦੀ ਵਡਿਆਈ ਕਰਦਿਆਂ ਗੁਰੂ ਜੀ ਲੋਕਾਂ ਨੂੰ ਉਪਦੇਸ਼ਦੇ ਹਨ ਕਿ ਉਹ ਇਸ ਵਿੱਚ ਪੂਰਾ ਪੂਰਾ ਮਾਣ ਅਤੇ ਗੌਰਵ ਮਹਿਸੂਸ ਕਰ ਕੇ ਵਿਚਰਣ।

# ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਕਿਰਤ ਦਾ ਸੰਕਲਪ



ਗੁਰੂ ਨਾਨਕ ਦੇਵ ਜੀ ਪਰਵਾਰਕ ਜੀਵਨ ਨੂੰ ਇਸ ਲਈ ਸਰਵੋਤਮ ਜੀਵਨ ਸਮਝਦੇ ਹਨ ਕਿ ਇਸ ਵਿੱਚ ਹੀ ਧਾਰਮਕ ਪਵਿੱਤਰਤਾ ਸਮਾਈ ਹੋਈ ਹੈ। ਇਹ ਪਵਿਤਰਤਾ ਗ੍ਰਿਹਸਤ ਦੇ ਸਮੁੱਚੇ ਆਚਾਰ ਵਿਚੋਂ ਝਲਕਦੀ ਹੈ। ਇਸ ਸੰਬੰਧੀ ਡਾ: ਪ੍ਰੇਮ ਪ੍ਰਕਾਸ਼ ਸਿੰਘ ਨੇ ਦਰਸਾਇਆ ਹੈ ਕਿ ਗੁਰੂ ਨਾਨਕ ਦੇਵ 'ਗ੍ਰਿਹਸਥ ਧਰਮ' ਅਤੇ 'ਗ੍ਰਿਹਸਥ ਆਚਾਰ' ਨੂੰ ਇਕੋ ਜਿਹਾ ਮਹਾਨ ਮੰਨਦੇ ਹਨ:-

> "ਗੁਰੂ ਨਾਨਕ ਬਾਣੀ ਵਿੱਚ ਗ੍ਰਿਹਸਥ ਮਾਰਗ ਦੀ ਭਾਰੀ ਵਡਿਆਈ ਕੀਤੀ ਹੈ। ਇਹੋ 'ਗ੍ਰਿਹਸਥ ਧਰਮ' ਹੈ ਅਤੇ ਇਹੋ 'ਗ੍ਰਿਹਸਥ ਆਚਾਰ' ਹੈ।"[29]

ਗੁਰੂ ਨਾਨਕ ਦੇਵ ਜੀ ਗ੍ਰਿਹਸਥ ਮਾਰਗ ਜਾਂ ਪਰਵਿਰਤੀ ਮਾਰਗ ਨੂੰ ਇਸ ਲਈ ਵੀ ਮਹਾਨ ਪਵਿੱਤਰ ਮੰਨਦੇ ਹਨ ਕਿ ਇਹ ਜੀਵਨ ਦੀ ਕਰਮਸ਼ੀਲਤਾ ਵਿੱਚ ਵਾਧਾ ਕਰਦੀ ਹੈ। ਡਾ: ਪ੍ਰੇਮ ਪ੍ਰਕਾਸ਼ ਸਿੰਘ ਨੇ ਕਰਮਸ਼ੀਲਤਾ ਨਾਲ ਇਸ ਦਾ ਸੰਬੰਧ ਇਉਂ ਦਰਸਾਇਆ ਹੈ:-

"ਪ੍ਰਵਿਰਤੀ ਮਾਰਗ ਮਨੁਖ ਅੰਦਰ ਕਰਨੀ ਪੈਦਾ ਕਰਨ ਲਈ ਪ੍ਰੇਰਣਾ ਦਿੰਦਾ ਹੈ। ਕਰਨੀ ਹੀ ਉੱਦਮ ਹੈ ਅਤੇ ਇਹੋ ਕਰਮਸ਼ੀਲਤਾ ਹੈ। ਇਹੋ ਹੀ 'ਕਰਮ ਯੋਗ' ਹੈ। ਪ੍ਰਵਿਰਤੀ ਮਾਰਗ ਵਿੱਚ ਅਰਥਾਰੀ ਬਣ ਕੇ ਕਾਰਜਸ਼ੀਲ ਹੋਣਾ ਨਿਰਗੁਣ ਕਾਵਿ ਦੇ ਗ੍ਰਿਹਸਥ ਆਚਾਰ ਦੀ ਧੁਨੀ ਹੈ।"[30]

ਡਾ: ਸੁਰਿੰਦਰ ਸਿੰਘ ਕੋਹਲੀ ਨੇ ਵੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਨੂੰ ਕਰਮਸ਼ੀਲਤਾ ਉਤੇ ਆਧਾਰਿਤ ਸਿੱਧ ਕਰਦਿਆਂ ਦਰਸਾਇਆ ਹੈ:-

> "ਕਰਮਸ਼ੀਲਤਾ ਗੁਰੂ ਜੀ ਦੇ ਦਰਸ਼ਨ ਦੀ ਮੁੱਖ-ਧੁਨੀ ਹੈ। ਇਹ ਆਪਜੀ ਦੇ ਸਦਾਚਾਰਕ ਸਿਧਾਂਤ ਦਾ ਆਧਾਰ ਹੈ।"[31]

## ਵਿਕਾਰਹੀਣ ਹੱਦ ਵਾਲਾ ਗ੍ਰਿਹਸਤ

ਗ੍ਰਿਹਸਤ ਮਾਰਗ ਦੀ ਮਹਾਨਤਾ ਨੂੰ ਪੂਰੀ ਤਰ੍ਹਾਂ ਸਵੀਕਾਰਦਿਆਂ, ਗੁਰੂ ਨਾਨਕ ਦੇਵ ਜੀ ਇਸ ਨੂੰ ਵਿਕਾਰਹੀਣ ਹੱਦ ਵਾਲਾ ਜੀਵਨ-ਮਾਰਗ ਬਣਾਨ ਦਾ ਉਪਦੇਸ਼ ਦਿੰਦੇ ਹਨ। ਆਪ ਇਹ ਨਹੀਂ ਚਾਹੁੰਦੇ ਕਿ ਮਨੁੱਖ ਗ੍ਰਿਹਸਥ ਜੀਵਨ ਬਿਤਾਉਂਦਿਆਂ ਸੰਸਾਰੀ ਮੋਹ ਮਾਇਆ ਵਿੱਚ ਬਿਲਕੁਲ ਖਚਿੱਤ ਹੋ ਕੇ ਰਹਿ ਜਾਏ। ਇਸ ਲਈ ਆਪ ਮਨੁੱਖ ਨੂੰ ਸੰਸਾਰ ਵਿੱਚ ਰਹਿੰਦਿਆਂ ਗੁਰਮਤਿ ਸਿੱਖਿਆ ਨੂੰ ਸੁਣ ਕੇ ਉਸ ਨੂੰ ਆਪਣੇ ਜੀਵਨ ਵਿੱਚ ਧਾਰ ਕੇ ਵਿਚਾਰਣ ਦਾ ਉਪਦੇਸ਼ ਦਿੰਦੇ ਹਨ। ਗੁਰਮਤਿ ਸਿੱਖਿਆ ਹੀ ਮਨੁੱਖ ਨੂੰ ਜੀਵਨ ਦੇ ਸਭ ਸੁੱਖ

29. 'ਗੁਰੂ ਨਾਨਕ ਤੇ ਨਿਰਗੁਣ ਧਾਰਾ', ਪੰਨਾ 243(ਪਟਿਆਲਾ, ਭਾਸ਼ਾ ਵਿਭਾਗ ਪੰਜਾਬ) 197
30. - ਉਹੀ - , ਪੰਨਾ 248
31. "Activity is the Key note of the Guru's Philosophy and the basis of his ethics"- 'Philosophy of Guru Nanak, P 35.

ਮਾਣਦਿਆਂ ਸੰਸਾਰੀ ਮੋਹ ਮਾਇਆ ਦੇ ਜਾਲ ਤੋਂ ਬਚਾ ਕੇ ਰੱਖਦੀ ਹੈ। ਇਸ ਸੰਬੰਧੀ ਡਾ: ਕੁਲਦੀਪ ਕੌਰ ਨੇ ਬੜੇ ਸੁਚੱਜੇ ਢੰਗ ਨਾਲ ਦਰਸਾਇਆ ਹੈ:-

> "(ਗੁਰੂ ਜੀ ਅਨੁਸਾਰ) ਜੀਵਨ ਤਿਆਗ ਵਾਸਤੇ ਨਹੀਂ; ਸਗੋਂ ਜੀ ਭਰ ਕੇ ਜੀਉਣ ਵਾਸਤੇ ਹੈ। ਇਸ ਦੀਆਂ ਸਾਰੀਆਂ ਸਮੱਸਿਆਵਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਪਰ ਜੀਵਨ ਨੂੰ ਏਨਾ ਸਰਾਹੁਣ ਨਹੀਂ, ਇਸ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ 'ਮਤਿ ਵਿੱਚ ਰਤਨ ਜਵਾਹਰ ਮਾਣਕ' ਨੂੰ ਖੋਜਣ ਦੀ ਲੋੜ ਹੁੰਦੀ ਹੈ।"[32]

ਇਸ ਤੋਂ ਪਤਾ ਲਗਦਾ ਹੈ ਕਿ ਗੁਰੂ ਨਾਨਕ ਦੇਵ ਮਨੁੱਖ ਨੂੰ ਪਰਵਾਰਕ ਅਤੇ ਪਰਮਾਰਥਕ ਜੀਵਨ ਦਾ ਮਿਲਵਾਂ ਰਾਹ ਅਪਣਾਨ ਦਾ ਉਪਦੇਸ਼ ਦਿੰਦੇ ਸਨ। ਡਾ: ਕਾਨਾ ਸਿੰਘ ਬੇਦੀ ਨੇ ਗੁਰੂ ਜੀ ਵਲੋਂ ਪਰਚਾਰਿਆ ਹੋਇਆ ਇਹ ਜੀਵਨ-ਮਾਰਗ ਇਉਂ ਸਪਸ਼ਟ ਕਰ ਕੇ ਵਿਖਾਇਆ ਹੈ:-

> "ਗੁਰੂ ਨਾਨਕ ਦੇਵ ਨੇ, ਲੋਕਾਂ ਨੂੰ ਰੂਹਾਨੀ ਜ਼ਿੰਦਗੀ ਦਾ ਆਬੇ ਹਯਾਤ (ਅਧਿਆਤਮਕ ਜੀਵਨ ਦਾ ਅੰਮ੍ਰਿਤ) ਪਲਾਇਆ..........ਭਾਵ ਕਰਤਵ ਪਾਲਣ ਉਪਰ ਬਲ ਦਿੱਤਾ, ਪਰ ਸੰਸਾਰਕ ਮੋਹ ਦੇ ਜਾਲ ਵਿੱਚ ਫਸਣ ਲਈ ਨਾ ਕਿਹਾ।"[33]

ਗੁਰੂ ਨਾਨਕ ਦੇਵ ਜੀ ਵਲੋਂ ਵਿਖਾਇਆ ਹੋਇਆ ਇਹ ਜੀਵਨ ਮਾਰਗ ਪਰਵਿਰਤੀ ਅਤੇ ਨਿਵਿਰਤੀ ਮਾਰਗਾਂ ਦਾ ਵਿਚਕਾਰਲਾ ਮਾਰਗ ਹੈ। ਪ੍ਰੋ: ਜੋਗਿੰਦਰ ਸਿੰਘ ਨੇ ਗੁਰਸਿੱਖ ਗ੍ਰਿਹਸਤੀ ਦੇ ਜੀਵਨ ਵਿੱਚ ਇਨ੍ਹਾਂ ਦੋਹਾਂ ਮਾਰਗਾਂ ਦਾ ਸੁਮੇਲ ਇਉਂ ਕਰ ਕੇ ਵਿਖਾਇਆ ਹੈ:-

> "ਗੁਰੂ ਨਾਨਕ ਦੇਵ ਜੀ ਦਾ 'ਗ੍ਰਿਹਸਤੀ' ਪਰਵਿਰਤੀ ਤੇ ਨਿਵਿਰਤੀ ਦੋਹਾਂ ਮਾਰਗਾਂ ਦਾ ਧਾਰਨੀ ਸੀ। ਨਾ ਉਹ ਨਿਰਾ ਪਰਵਿਰਤੀ ਮੰਡਲ ਵਿਚ ਵਸਦਾ ਸੀ ਅਤੇ ਨਾ ਹੀ ਉਹ ਸਿਧਾਂ ਜੋਗੀਆਂ ਵਾਂਗ ਘਰ, ਪਰਵਾਰ ਤੇ ਤੇ ਸਮਾਜ ਛੱਡ ਕੇ ਉਦਾਸ ਹੋਣ ਵਿੱਚ ਵਿਸ਼ਵਾਸ ਰੱਖਦਾ ਸੀ। ਗੁਰੂ ਨਾਨਕ ਜੀ ਦਾ 'ਗ੍ਰਿਹਸਤੀ' ਘਰ ਪਰਵਾਰ ਵਿੱਚ ਵਸਦਾ, ਰਸਦਾ, ਹੱਸਦਾ ਤੇ

---

32. "ਗੁਰੂ ਨਾਨਕ ਤੇ ਸਿੱਖਿਆ", ਪੰਨਾ 7.
33. "ਗੁਰੂ ਨਾਨਕ ਦਰਸ਼ਨ", ਪੰਨਾ 60.

> ਪੂਰੀ ਤਰ੍ਹਾਂ ਵਿਕਸਦਾ ਸੀ। ਉਹ ਕਿਰਤ ਕਰਦਾ ਸੀ ਤੇ ਘਰ ਪਰਵਾਰ ਦੀਆਂ ਮੋਹ ਮਾਇਆ ਵਾਲੀਆਂ ਕੀਮਤਾਂ ਵਿੱਚ ਉਦਾਸ ਵੀ ਰਹਿੰਦਾ ਸੀ।"[34]

ਗੁਰੂ ਨਾਨਕ ਦੇਵ ਜੀ ਨੇ ਆਪ ਪਰਵਾਰਕ ਜੀਵਨ ਬਿਤਾਉਂਦਿਆਂ ਮਨੁੱਖਤਾ ਨੂੰ ਇਕ ਅਜਿਹੇ ਜੀਵਨ-ਮਾਰਗ ਉਤੇ ਚੱਲਣਾ ਸਿਖਾਇਆ, ਜਿਹੜਾ ਪ੍ਰਚਲਿਤ ਦੀਆਂ ਦੋਹਾਂ ਹੱਦਾਂ ਦਾ ਵਿਚਕਾਰਲਾ ਜੀਵਨ ਮਾਰਗ ਹੈ। ਇਸ ਵਿੱਚ ਪ੍ਰਵਿਰਤੀ ਅਤੇ ਨਿਵਿਰਤੀ ਦੋਵੇਂ ਜੀਵਨ-ਮਾਰਗ ਆ ਜਾਂਦੇ ਹਨ। ਗੁਰੂ ਜੀ ਦਾ ਸੁਲਤਾਨਪੁਰ ਲੋਧੀ ਵਿੱਚ ਬਿਤਾਇਆ ਹੋਇਆ ਮੋਦੀ ਵਾਲਾ ਜੀਵਨ ਅਤੇ ਕਰਤਾਰਪੁਰ ਵਿਚਲਾ 'ਕਿਸਾਨ' ਵਾਲਾ ਜੀਵਨ ਇਨ੍ਹਾਂ ਦੋਹਾਂ ਹੱਦਾਂ ਅੰਦਰ ਰਹਿਣ ਵਾਲਾ ਗ੍ਰਿਹਸਤੀ ਜੀਵਨ ਹੀ ਹੈ। ਗੁਰੂ ਜੀ ਦੇ ਵਿਚਾਰ ਅਨੁਸਾਰ, ਨਿਰਾ ਪੂਰਾ ਨਿਵਿਰਤੀ ਮਾਰਗ ਸੰਸਾਰ ਦੀਆਂ ਕੁਦਰਤੀ ਖੁਸ਼ੀਆਂ ਤੋਂ ਮੂੰਹ ਮੋੜਨ ਵਾਲਾ ਨਿਰਾਸ਼ਾਵਾਦੀ ਮਾਰਗ ਹੈ ਅਤੇ ਇਹ ਮਨੁੱਖ ਨੂੰ ਆਤਮਕ ਵਿਕਾਸ ਵਾਲੇ ਪਾਸੇ ਕਦੇ ਨਹੀਂ ਲੈ ਜਾਂਦਾ। ਇਸ ਲਈ, ਆਪ ਮਨੁੱਖ ਨੂੰ ਵਿਚਕਾਰਲੇ ਜੀਵਨ-ਮਾਰਗ ਉਤੇ ਚਲਦਿਆਂ ਆਤਮਕ ਵਿਕਾਸ ਪ੍ਰਾਪਤ ਕਰਨ ਦੀ ਸਰਵੋਤਮ ਜੀਵਨ-ਵਿਧੀ ਦਰਸਾ ਦਿੰਦੇ ਹਨ। ਇਸ ਤਰ੍ਹਾਂ ਆਪ ਕਿਰਤ ਕਮਾਈ ਵਾਲੇ ਪਰਵਾਰਕ ਜੀਵਨ ਨੂੰ ਮਾਨਵ ਵਿਕਾਸ ਦਾ ਅਸਲ ਮਾਰਗ ਪਛਾਣਦਿਆਂ ਇਸ ਰਾਹੀਂ ਮਾਨਵਤਾ ਨੂੰ ਸਦਾ ਪ੍ਰਫੁੱਲਤ ਹੋਣ ਦਾ ਰਾਹ ਵਿਖਾ ਦਿੰਦੇ ਹਨ।

ਗੁਰੂ ਨਾਨਕ ਦੇਵ ਜੀ ਤੋਂ ਪਹਿਲੇ ਭਾਰਤੀ ਚਿੰਤਨ ਅਨੁਸਾਰ ਜੀਵਨ ਦੇ ਪਰਵਿਰਤੀ ਅਤੇ ਨਿਵਿਰਤੀ ਦੇ ਸਿਧਾਂਤ ਅੱਡ ਅੱਡ ਅਤੇ ਪ੍ਰਸਪਰ ਵਿਰੋਧੀ ਜੀਵਨ-ਮਾਰਗ ਮੰਨੇ ਜਾਂਦੇ ਸਨ। ਇਸ ਦੇ ਸਿੱਟੇ ਵਜੋਂ ਇਹ ਦੋਵੇਂ ਨਿਰਜਿੰਦ ਜੀਵਨ-ਮਾਰਗ ਬਣ ਚੁੱਕੇ ਸਨ। ਪਰ, ਗੁਰੂ ਨਾਨਕ ਦੇਵ ਜੀ ਨੇ ਅਜਿਹਾ ਗੁਰਮਤਿ ਜੀਵਨ-ਮਾਰਗ ਵਿਖਾ ਦਿੱਤਾ, ਜਿਹੜਾ ਉਪਰੋਕਤ ਦੋਹਾਂ ਮਾਰਗਾਂ ਦੇ ਸੁਮੇਲ ਰਾਹੀਂ ਇਕ ਜੀਊਂਦਾ ਜਾਗਦਾ, ਵਧਦਾ ਫੁੱਲਦਾ ਜੀਵਨ-ਮਾਰਗ ਬਣ ਗਿਆ। ਇਸੇ ਗੱਲ ਤੋਂ ਪ੍ਰਭਾਵਿਤ ਹੋ ਕੇ ਬੁਧ ਰਾਮ ਤਾਇਰ ਨੇ ਲਿਖਿਆ ਹੈ:-

> "ਗੁਰੂ ਜੀ (ਗੁਰੂ ਨਾਨਕ ਦੇਵ ਜੀ) ਸਮਾਜ ਨੂੰ ਜਿਊਂਦਾ ਜਾਗਦਾ, ਫਲਦਾ ਫੁੱਲਦਾ, ਖੁਸ਼ੀਆਂ ਵਿਚ ਵਿਚਰਦਾ ਅਤੇ ਪਰਵਾਰਿਕ ਮੇਲ ਜੋਲ ਵਿੱਚ ਨੱਚਦਾ ਹੋਇਆ ਵੇਖਣ ਦੇ ਚਾਹਵਾਨ ਸਨ।"[35]

---

34. 'ਗੁਰੂ ਨਾਨਕ ਦਾ ਸਰੂਪ', ਪੰਨਾ 62.
35. 'ਸਮਾਜਕ ਚੇਤਨਾ ਦਾ ਸਰੋਤ - ਸ੍ਰੀ ਗੁਰੂ ਨਾਨਕ ਦੇਵ ਜੀ' (ਪੰਜਾਬੀ ਦੁਨੀਆ 'ਗੁਰੂ ਨਾਨਕ ਵਿਸ਼ੇਸ਼ ਅੰਕ, ਭਾਗ ਪਹਿਲਾ') ਪੰਨਾ 169 (ਨਵੰਬਰ, ਦਸੰਬਰ 1969)

ਗੁਰੂ ਜੀ ਨੇ ਲੋਕਾਂ ਦੇ ਮਨਾਂ ਵਿਚੋਂ ਇਹ ਭੁਲੇਖਾ ਵੀ ਦੂਰ ਕਰ ਦਿੱਤਾ ਕਿ ਗ੍ਰਿਹਸਤ ਧਰਮ ਵਾਲਾ ਪਰਵਾਰਕ ਜੀਵਨ ਮੁਕਤੀ-ਪ੍ਰਾਪਤੀ ਦੇ ਰਾਹ ਵਿੱਚ ਰੁਕਾਵਟ ਸਿੱਧ ਹੁੰਦਾ ਹੈ। ਆਪਜੀ ਨੇ ਮਨੁੱਖ ਨੂੰ ਕਿਰਤ ਅਤੇ ਨਾਮ-ਸਿਮਰਨ ਦੇ ਸੁਮੇਲ ਰਾਹੀਂ ਪਰਵਾਰਕ ਜੀਵਨ ਬਿਤਾਂਦਿਆਂ ਆਤਮਕ-ਵਿਕਾਸ ਦੀਆਂ ਸਿਖਰਾਂ ਨੂੰ ਛੂਹ ਕੇ ਮੁਕਤੀ ਪ੍ਰਾਪਤ ਕਰਨ ਦਾ ਰਾਹ ਵਿਖਾ ਦਿੱਤਾ। ਇਹੀ ਗੁਰਮਤਿ ਜੀਵਨ ਵਾਲਾ ਮਾਰਗ ਹੈ, ਜਿਸ ਨੂੰ ਗੁਰੂ ਜੀ ਨੇ ਬਾਣੀ ਵਿੱਚ ਇਉਂ ਦਰਸਾਇਆ ਹੈ:-

ਸਤਗੁਰ ਕੀ ਐਸੀ ਵਡਿਆਈ॥
ਪੁਤ੍ਰ ਕਲਤ੍ਰ ਵਿਚੇ ਗਤਿ ਪਾਈ॥[36]

ਇਉਂ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ ਪਰਵਾਰਕ ਜੀਵਨ ਬਿਤਾਂਦਿਆਂ, ਕਿਰਤ ਕਰਕੇ ਪਰਵਾਰ ਪਾਲਦਿਆਂ, ਮੁਕਤੀ ਪ੍ਰਾਪਤ ਕਰਨ ਦਾ ਗੁਰਮਤਿ ਰਾਹ ਵਿਖਾ ਦਿੱਤਾ ਹੈ। ਆਪਜੀ ਨੇ ਆਪਣੇ ਜੀਵਨ ਵਿੱਚ ਇਸੇ ਮਾਰਗ ਉਤੇ ਚਲਦਿਆਂ 'ਪੁਤ੍ਰ ਕਲੱਤ੍ਰ ਵਿਚੇ ਗਤਿ ਪਾਈ' ਵਾਲੇ ਸਿਧਾਂਤ ਨੂੰ ਅਮਲੀ ਰੂਪ ਵਿੱਚ ਸਿਧ ਕਰਕੇ ਵਿਖਾ ਦਿੱਤਾ ਅਤੇ ਇਸ ਸੰਬੰਧੀ ਸਭ ਮਨੁੱਖਾਂ ਲਈ ਆਦਰਸ਼ਕ ਪੂਰਨੇ ਪਾ ਕੇ ਉਨ੍ਹਾਂ ਦੀ ਸੱਚੀ ਅਗਵਾਈ ਕੀਤੀ।

(3) ਸਮਾਜਕ ਖੇਤਰ

ਗੁਰੂ ਨਾਨਕ ਦੇਵ ਜੀ ਮਨੁੱਖ ਨੂੰ ਪਰਵਾਰਕ ਜੀਵਨ ਦੀ ਮਹੱਤਤਾ ਦਰਸਾਉਂਦਿਆਂ ਇਹ ਵੀ ਦ੍ਰਿੜ ਕਰਵਾ ਰਹੇ ਹਨ ਕਿ ਉਹ ਕਿਰਤ ਕਰਦਿਆਂ ਪਰਵਾਰਕ ਅਤੇ ਸਮਾਜਕ ਜੀਵਨ ਵਿੱਚ ਕੋਈ ਅੰਤਰ ਨਾ ਵੇਖੇ, ਅਰਥਾਤ ਆਪਣੀ ਕਿਰਤ ਨੂੰ ਹਰ ਸਮੇਂ ਪਰਵਾਰਕ ਲਾਭ ਦੇ ਨਾਲ ਨਾਲ ਸਮਾਜਕ ਲਾਭ ਲਈ ਵੀ ਵਰਤ ਕੇ ਵਿਖਾਏ।

ਸਮਾਜਕ ਸੁਖ

ਵਾਸਤਵ ਵਿੱਚ, ਆਪਣੇ ਜਾਂ ਆਪਣੇ ਪਰਵਾਰ ਦੇ ਜੀਆਂ ਲਈ ਕਿਰਤ ਤਾਂ ਪਸ਼ੂ-ਪੰਛੀ ਵੀ ਕਰਦੇ ਹਨ। ਜਿਹੜੇ ਪਸ਼ੂ ਜੰਗਲਾਂ ਵਿਚ ਘਾਹ ਚਰ ਕੇ ਆਪਣੇ ਬੱਚਿਆਂ ਨੂੰ ਦੁੱਧ ਆ ਪਿਆਉਂਦੇ ਹਨ ਜਾਂ ਜਿਹੜੇ ਪੰਛੀ ਦੂਰ ਦੁਰਾਡਿਓਂ ਚੋਗਾ ਲਿਆ ਕੇ ਆਪਣੇ ਆਲ੍ਹਣੇ ਵਿੱਚ ਉਡੀਕਦੇ ਬੱਚਿਆਂ ਦੇ ਮੂੰਹਾਂ ਵਿੱਚ ਆ ਪਾਉਂਦੇ ਹਨ, ਉਹ ਪਰਵਾਰ-ਪਾਲਣ ਦਾ ਕਰਤੱਵ ਨਿਭਾਣ ਵਾਲੀ ਕਿਰਤ ਹੀ ਕਰਦੇ ਹਨ। ਪਰ ਇਹ ਕਰਤੱਵ ਨਿਭਾਉਂਦਿਆਂ ਉਹ

36. ਧਨਾਸਰੀ ਮ: 1, ਆਦਿ ਗ੍ਰੰਥ, ਪੰਨਾ, 661.

333722

ਪਰਵਾਰਕ ਪੱਧਰ ਤੋਂ ਉਚਾ ਉਠ ਸਕਣ ਦੀ ਸੂਝ ਨਹੀਂ ਰੱਖਦੇ। ਇਸ ਦੇ ਟਾਕਰੇ ਉਤੇ ਇਕ ਮਨੁੱਖ ਸਹੀ ਅਰਥਾਂ ਵਿਚ ਤਦ ਹੀ ਮਨੁਖ ਅਖਵਾਣ ਦਾ ਅਧਿਕਾਰੀ ਹੈ, ਜਦ ਉਹ ਆਪਣੀ ਕਿਰਤ ਨੂੰ ਪਰਵਾਰਕ ਖੇਤਰ ਦੇ ਨਾਲ ਨਾਲ ਸਮਾਜਕ ਖੇਤਰ ਵਿੱਚ ਵਰਤਣ ਦੀ ਸੂਝ ਵੀ ਰੱਖਦਾ ਹੋਵੇ, ਅਰਥਾਤ ਆਪਣੀ ਕਮਾਈ ਨੂੰ ਕੇਵਲ ਆਪਣੇ ਪਰਵਾਰ ਲਈ ਹੀ ਨਹੀਂ; ਸਗੋਂ ਸਮਾਜਕ ਭਲਾਈ ਲਈ ਵਰਤਣ ਦੀ ਜੁਗਤ ਵੀ ਜਾਣਦਾ ਹੋਵੇ। ਮਨੁੱਖ ਨੂੰ ਇਸੇ ਲਈ ਇਕ ਸਮਾਜਕ ਜੀਵ ਮੰਨਿਆ ਗਿਆ ਹੈ ਕਿ ਉਹ ਨਿੱਜ-ਭਲਾਈ ਜਾਂ ਪਰਵਾਰਕ-ਭਲਾਈ ਨੂੰ ਹਰ ਸਮੇਂ ਸਮਾਜਕ ਭਲਾਈ ਵਿੱਚ ਅਭੇਦ ਕਰ ਕੇ ਵੇਖ ਸਕਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ ਸਹੀ ਅਰਥਾਂ ਵਿੱਚ ਸਮਾਜਕ ਜੀਵ ਬਣ ਕੇ ਨਿੱਜ-ਭਲਾਈ ਨੂੰ ਸਮਾਜਕ ਭਲਾਈ ਵਿੱਚ ਅਭੇਦ ਕਰਨ ਦਾ ਉਪਦੇਸ਼ ਦਿੱਤਾ ਹੈ। ਗੁਰੂ ਜੀ ਦੇ ਸਮੇਂ ਮਨੁੱਖ ਕੇਵਲ ਨਿੱਜ-ਭਲਾਈ ਨੂੰ ਮੁੱਖ ਰੱਖਦਿਆਂ ਸਮਾਜਕ ਭਲਾਈ ਦਾ ਕਰੱਤਵ ਨਿਭਾਣ ਨੂੰ ਬਿਲਕੁਲ ਭੁੱਲ ਚੁੱਕਿਆ ਸੀ। ਇਸ ਲਈ, ਆਪ ਜੀ ਦੇ ਸਮਾਜ-ਹਿਤੈਸ਼ੀ ਉਪਦੇਸ਼ ਨੇ ਸਮਕਾਲੀਨ ਮਾਨਵ ਸਮਾਜ ਉਤੇ ਬੜਾ ਮਹੱਤਵਪੂਰਣ ਪ੍ਰਭਾਵ ਪਾਇਆ। ਇਉਂ ਕਿਹਾ ਜਾ ਸਕਦਾ ਹੈ ਕਿ ਗੁਰੂ ਜੀ ਦੇ ਇਸ ਉਪਦੇਸ਼ ਨੇ ਉਸ ਸਮੇਂ ਦੇ ਮਾਨਵ ਸਮਾਜ ਦੀ ਨੁਹਾਰ ਨੂੰ ਬਦਲ ਕੇ ਰੱਖ ਦਿੱਤਾ। ਇਹ ਆਪ ਜੀ ਦੇ ਉਚੇ ਵਿਅਕਤਿਤਵ ਅਤੇ ਉਚੇ ਉਪਦੇਸ਼ ਦਾ ਪ੍ਰਭਾਵ ਸੀ ਕਿ ਉਸ ਸਮੇਂ ਦੇ ਲੋਕ ਆਪ ਜੀ ਤੋਂ ਜੀਵਨ-ਅਗਵਾਈ ਪ੍ਰਾਪਤ ਕਰਨ ਵਿੱਚ ਅਨੋਖਾ ਮਾਣ ਮਹਿਸੂਸ ਕਰਨ ਲੱਗ ਪਏ। ਮਾਨਵ ਸਮਾਜ ਵਿੱਚ ਇਹ ਸਾਰੀ ਤਬਦੀਲੀ ਗੁਰੂ ਜੀ ਦੇ ਇਲਹੀ ਵਿਅਕਤਿਤਵ ਨੇ ਕਰ ਕੇ ਵਿਖਾਈ। ਡਾ. ਵਿਸ਼ਵਾਨਾਥ ਤਿਵਾੜੀ ਨੇ ਇਲਹੀ ਵਿਅਕਤੀ ਦੀ ਇਸ ਜੁਗ-ਪਲਟਾਉ ਸ਼ਕਤੀ ਬਾਰੇ ਲਿਖਿਆ ਹੈ:-

> "ਕੁਝ ਲੋਕ ਇਲਹੀ ਵਿਅਕਤੀ ਦੀ ਜੁਗ-ਪਲਟਾਉ ਸ਼ਕਤੀ ਤੋਂ ਸ਼ਾਇਦ ਇਨਕਾਰੀ ਹੋਣ, ਪਰ ਸੰਸਾਰ ਦੇ ਸਮੁੱਚੇ ਸਮਾਜ ਦਾ ਇਤਿਹਾਸ ਕਹਿੰਦਾ ਹੈ ਕਿ ਸਮਾਜ ਦੀ ਅਧੋਗਤੀ ਵੇਲੇ ਕਿਸੇ ਸਿਰੇ ਕੋਈ ਅਜਿਹਾ ਵਿਅਕਤੀ ਸਾਹਮਣੇ ਆਉਂਦਾ ਹੈ, ਜੋ ਸਮਾਜਕ ਪਰਿਵਰਤਨ ਵਿੱਚ ਵਿਸ਼ੇਸ਼ ਸਹਾਇਕ ਅਤੇ ਮਹਾਨ ਹਿੱਸਾ ਪਾਉਂਦਾ ਹੈ। ਉਸ ਦੀ ਸ਼ਖ਼ਸੀਅਤ ਦਾ ਪ੍ਰਭਾਵ ਸ਼ਕਤੀਸ਼ਾਲੀ ਪ੍ਰਥਾ ਦੇ ਰੂਪ ਵਿੱਚ ਕਾਇਮ ਰਹਿੰਦਾ ਹੈ। ਅਜਿਹੇ ਮਹਾਨ ਆਗੂ ਹਰ ਦੇਸ਼ ਅਤੇ ਹਰ ਧਰਮ ਵਿੱਚ ਹੁੰਦੇ ਰਹੇ ਹਨ। ਸਮਾਜ ਇਨ੍ਹਾਂ ਨੂੰ ਮਸੀਹਾ, ਅਵਤਾਰ, ਪੈਗ਼ੰਬਰ, ਗੁਰੂ ਸਵੀਕਾਰ ਕਰ ਲੈਂਦਾ ਹੈ। ਕ੍ਰਿਸ਼ਨ, ਹਜ਼ਰਤ ਮੁਹੰਮਦ,

ਈਸਾ, ਗੁਰੂ ਨਾਨਕ, ਆਪਣੇ ਆਪਣੇ ਸਮੇਂ ਵਿੱਚ ਲੋਕਾਂ ਲਈ ਇਸ ਪਦ-ਪਦਵੀ ਦੇ ਧਾਰਨੀ ਬਣ ਕੇ ਆਏ।"[37]

## ਸੱਚਾ ਸਮਾਜ

ਮਾਨਵ ਸਮਾਜ ਵਿੱਚ ਉਪਰੋਕਤ ਪਰਿਵਰਤਨ ਲਿਆਉਣ ਲਈ ਗੁਰੂ ਜੀ ਨੇ ਲੋਕਾਂ ਨੂੰ ਸਭ ਤੋਂ ਪਹਿਲੇ ਇਹ ਸੋਝੀ ਕਰਵਾਈ ਕਿ ਮਾਨਵ ਸਮਾਜ ਨਿਰੋਲ ਸੱਚ ਉਤੇ ਆਧਾਰਿਤ ਹੈ। ਇਸ ਸੋਝੀ ਤੋਂ ਬਿਨਾਂ ਮਨੁੱਖ ਸਮਾਜਕ ਭਲਾਈ ਲਈ ਜਤਨ-ਸ਼ੀਲ ਹੋ ਹੀ ਨਹੀਂ ਸਕਦਾ। ਗੁਰੂ ਨਾਨਕ ਦੇਵ ਜੀ ਨੇ ਆਪ ਇਹ ਜੀਵਨ-ਭੇਦ ਸਮਝ ਕੇ ਸਭ ਮਨੁੱਖਾਂ ਨੂੰ ਵੀ ਸਮਝਾ ਦਿੱਤਾ ਕਿ ਜੇ ਤੁਸੀਂ ਮਾਨਵਤਾ ਦੇ ਭਲੇ ਲਈ ਪੂਰੀ ਲਗਨ ਨਾਲ ਕੰਮ ਕਰਨਾ ਚਾਹੁੰਦੇ ਹੋ ਤਾਂ ਮਾਨਵ ਸਮਾਜ ਦੀ ਸਚਿਆਈ ਵਿੱਚ ਪੂਰਨ ਵਿਸ਼ਵਾਸ ਰੱਖ ਕੇ ਵਿਖਾਓ।

ਗੁਰੂ ਨਾਨਕ ਦੇਵ ਜੀ ਤੋਂ ਪਹਿਲੇ ਸੰਸਾਰ ਦੇ ਸਭ ਮਹਾਨ ਚਿੰਤਕ ਇਸ ਜਗਤ ਅਤੇ ਇਸ ਦੀ ਜੀਵ-ਰਚਨਾ ਨੂੰ ਝੂਠਾ ਜਾਂ ਮਿਥਿਆ ਮੰਨਦੇ ਆਏ ਸਨ, ਪਰ ਗੁਰੂ ਨਾਨਕ ਦੇਵ ਜੀ ਨੇ ਜਗਤ ਨੂੰ ਸੱਚਾ ਜਾਂ ਸਤਿਆ ਮੰਨਣ ਵਾਲਾ ਜੀਵਨ-ਦਰਸ਼ਨ ਦ੍ਰਿੜ ਕਰਵਾਇਆ। ਇਹ ਦਰਸ਼ਨ ਜਾਂ ਸਿਧਾਂਤ ਯਥਾਰਥਵਾਦ ਦੇ ਵਧੇਰੇ ਨੇੜੇ ਹੈ। ਡਾ: ਗੁਰਨਦੀਪ ਕੌਰ ਨੇ ਗੁਰੂ ਜੀ ਦੇ ਇਸ ਯਥਾਰਥਵਾਦੀ ਦਰਸ਼ਨ ਬਾਰੇ ਲਿਖਿਆ ਹੈ:-

> "ਯਥਾਰਥਵਾਦ ਦੀ ਦ੍ਰਿਸ਼ਟੀ ਤੋਂ ਵੇਖੀਏ ਤਾਂ ਗੁਰੂ ਨਾਨਕ ਦੇਵ ਜੀ ਦਾ ਦਰਸ਼ਨ ਸੰਪੂਰਣ ਤੌਰ ਤੇ ਯਥਾਰਥਵਾਦੀ ਪ੍ਰਤੀਤ ਹੁੰਦਾ ਹੈ। ਅਧਿਆਤਮਵਾਦੀ ਹੁੰਦਿਆਂ ਹੋਇਆਂ ਵੀ ਆਪ ਮਨੁੱਖ ਦੇ ਯਥਾਰਥਕ ਜੀਵਨ ਨੂੰ ਕਦੇ ਅੱਖੋਂ ਓਹਲੇ ਨਹੀਂ ਕਰਦੇ, ਸਗੋਂ ਉਹਨਾਂ ਦੇ ਦਰਸ਼ਨ ਵਿੱਚ ਅਰਸ਼ ਤੇ ਫਰਸ਼ ਦਾ ਸੰਗਮ ਮਿਲਦਾ ਹੈ।"[38]

ਅਰਸ਼ ਤੇ ਫਰਸ਼ ਦਾ ਸੰਗਮ ਕਰਾਣ ਵਾਲੇ ਇਸ ਜੀਵਨ-ਦਰਸ਼ਨ ਨੇ ਲੋਕਾਂ ਨੂੰ ਵਿਸ਼ਵਾਸ ਦਿਵਾਇਆ ਕਿ ਪਰਮਾਤਮਾ ਦੇ ਰਚੇ ਹੋਏ ਸਾਰੇ ਖੰਡ ਬ੍ਰਹਿਮੰਡ ਅਤੇ ਉਨ੍ਹਾਂ ਵਿੱਚ ਵੱਸਦੇ ਹੋਏ ਜੀਵ ਸੱਚੇ ਹਨ। ਜਗਤ ਦੀ ਇਸ ਵਾਸਤਵਿਕ ਸਚਿਆਈ ਨੂੰ ਮੁੱਖ ਰੱਖਦਿਆਂ ਗੁਰੂ ਨਾਨਕ ਦੇਵ ਉਸ ਰਚਨਹਾਰ ਨੂੰ ਸੰਬੋਧਨ ਕਰ ਕੇ ਇਉਂ ਪਰਵਾਣ ਕਰਦੇ ਹਨ:-

---

37. 'ਨਾ ਕੋ ਹਿੰਦੂ ਨਾ ਮੁਸਲਮਾਨ', ਪੰਨਾ 42.

38. "ਗੁਰੂ ਨਾਨਕ ਤੇ ਸਿੱਖਿਆ", ਪੰਨਾ 7

ਸਭੇ ਤੇਰੇ ਖੰਡ ਸਭੇ ਬ੍ਰਹਿਮੰਡ॥
ਸਭੇ ਤੇਰੇ ਲੋਅ ਸਭੇ ਆਕਾਰ॥
ਸਭੇ ਤੇਰੇ ਕਰਣੇ ਸਰਬ ਬੀਚਾਰ॥[39]

ਇਸ ਸਿਧਾਂਤ ਅਨੁਸਾਰ, ਗੁਰੂ ਜੀ ਨੇ ਭਾਰਤੀ ਮਾਨਵ ਸਮਾਜ ਨੂੰ ਇਕ ਨਵਾਂ ਆਸ਼ਾਵਾਦੀ ਦ੍ਰਿਸ਼ਟੀ-ਕੋਣ ਪ੍ਰਦਾਨ ਕੀਤਾ। ਉਸ ਸਮੇਂ ਦਾ ਦ੍ਰਿਸ਼ਟੀਕੋਣ ਜਗਤ ਤਾਈਂ ਮਿਥਿਆ ਮੰਨਣ ਵਾਲਾ ਨਿਰਾਸ਼ਾਵਾਦੀ ਦ੍ਰਿਸ਼ਟੀਕੋਣ ਸੀ। ਪਰ, ਬੁਧ ਰਾਮ ਤਾਇਰ ਦੇ ਕਥਨ ਅਨੁਸਾਰ, ਗੁਰੂ ਨਾਨਕ ਦੇਵ ਨੇ ਲੋਕਾਂ ਨੂੰ ਇਸ ਨਿਰਾਸ਼ਾਵਾਦੀ ਦ੍ਰਿਸ਼ਟੀਕੋਣ ਤੋਂ ਛੁਟਕਾਰਾ ਦਿਵਾ ਕੇ ਜਗਤ ਤਾਈਂ 'ਸਤਿਆ' ਮੰਨਣ ਵਾਲੇ ਆਸ਼ਾਵਾਦੀ ਦ੍ਰਿਸ਼ਟੀਕੋਣ ਦੇ ਲੜ ਲਗਾ ਦਿੱਤਾ:-

> "ਉਸ ਸਮੇਂ ਜਦ ਕਿ ਜਗਤ-ਮਿਥਿਆ ਅਤੇ ਬਹੁ-ਰੱਬੀ ਸਿੱਖਿਆ ਦੇ ਗੁਮਰਾਹਕੁਨ ਨਾਅਰਿਆਂ ਨੇ ਆਮ ਬਾਹੋਂ ਪਰੇਸ਼ਾਨ ਮਾਨਵ ਨੂੰ ਰਸਾਤਲ ਵਿੱਚ ਸੁੱਟਿਆ ਹੋਇਆ ਸੀ, ਤਿਆਗ ਦੇ ਫੋਕੇ ਫਲਸਫੇ ਨੇ ਕਿਰਤ ਦੀਆਂ ਬਰਕਤਾਂ ਦਾ ਗਲਾ ਘੁੱਟਿਆ ਹੋਇਆ ਸੀ।...ਕ੍ਰਾਂਤੀਕਾਰੀ ਸੁਧਾਰਕ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੱਚ ਅਤੇ ਸਹਿਣਸ਼ੀਲਤਾ ਦੀ ਸੁੰਦਰਤਾ ਵੰਡਦਿਆਂ ਬਹੁ-ਦੇਵ ਪੂਜਾ ਦੇ ਪੈਮਾਨਿਆਂ ਨੂੰ ਤੋੜਦਿਆਂ ਕਿਰਤ ਅਤੇ ਨਾਮ-ਖੁਮਾਰੀ ਦੇ ਜਾਮ ਪਿਲਾਉਂਦਿਆਂ ਸਰਲ ਅਤੇ ਨਿਸ਼ਕਪਟ ਬੋਲੀ ਵਿਚ 'ਜਗਤ ਮਿਥਿਆ' ਦੇ ਥਾਂ 'ਜਗਤ ਸਤਿਆ' ਦਾ ਇਨਕਲਾਬੀ ਨਾਅਰਾ ਲਾਇਆ।"[40]

ਵਾਸਤਵ ਵਿਚ, ਗੁਰੂ ਨਾਨਕ ਦੇਵ ਜੀ ਨੇ ਸਾਰੇ ਜਗਤ ਅਤੇ ਉਸ ਵਿੱਚ ਵਸਦੀ ਲੋਕਾਈ ਨੂੰ ਪਰਮਾਤਮਾ ਦੀ ਕੁਦਰਤ ਦੇ ਰੂਪ ਵਿਚ ਪਛਾਣਿਆ। ਇਉਂ ਕਰਦਿਆਂ, ਆਪ ਜੀ ਨੇ ਇਸ ਬ੍ਰਹਿਮੰਡ ਦੀ ਸਾਰੀ ਕੁਦਰਤ ਨੂੰ ਸੱਚਾ ਮੰਨਿਆ, ਕਿਉਂ ਜੁ ਇਸ ਦਾ ਰਚਨਹਾਰ ਆਪ ਸੱਚਾ ਹੈ। ਆਪ ਜੀ ਨੇ ਉਸ ਸੱਚੀ ਕੁਦਰਤ ਵਾਲੇ ਸੱਚੇ ਰਚਨਹਾਰ ਨੂੰ ਇਉਂ ਨਮਸਕਾਰਿਆ ਹੈ:-

ਸੱਚੀ ਤੇਰੀ ਕੁਦਰਤਿ, ਸਚੇ ਪਾਤਸ਼ਾਹ॥[41]

---

39. ਸਲੋਕ ਮ: 1, ਆਸਾ ਦੀ ਵਾਰ ਮ: 1, ਆਦਿ ਗ੍ਰੰਥ, ਪੰਨਾ 463.
40. 'ਸਮਾਜਕ ਚੇਤਨਤਾ ਦੇ ਸਰਜਕ ਸ੍ਰੀ ਗੁਰੂ ਨਾਨਕ ਦੇਵ ਜੀ'-'ਪੰਜਾਬੀ ਦੁਨੀਆਂ', ਪੰਨਾ 169-70 (ਨਵੰਬਰ-ਦਸੰਬਰ, 1969)
41. 'ਆਸਾ ਦੀ ਵਾਰ', ਸਲੋਕ ਮ: 1, ਆਦਿ ਗ੍ਰੰਥ, ਪੰਨਾ 463.

## ਸੰਗਤੀ ਜੀਵਨ

ਪਰਮਾਤਮਾ ਦੀ ਰਚੀ ਹੋਈ ਸਾਰੀ ਕੁਦਰਤ ਨੂੰ ਸੱਚਾ ਮੰਨਦਿਆਂ, ਗੁਰੂ ਨਾਨਕ ਦੇਵ ਜੀ ਨੇ ਸਮੁੱਚੇ ਮਾਨਵ ਸਮਾਜ ਦੀ ਸੇਵਾ ਕਰਨ ਨੂੰ ਰਚਨਹਾਰ ਦੀ ਸੇਵਾ ਕਰਨ ਦੇ ਬਰਾਬਰ ਮੰਨਿਆ ਹੈ। ਇਸ ਸੰਬੰਧੀ ਡਾ: ਦੀਵਾਨ ਸਿੰਘ ਨੇ ਦਰਸਾਇਆ ਹੈ ਕਿ ਗੁਰੂ ਨਾਨਕ ਦੇਵ ਨੇ ਨਾਮ ਸਿਮਰਨ ਦੇ ਨਾਲ ਨਾਲ ਸਮਾਜ-ਸੇਵਾ ਨੂੰ ਵੀ ਇਕੋ ਜਿਹਾ ਉੱਤਮ ਕਾਰਜ ਮੰਨਿਆ ਹੈ:-

> "ਅਧਿਆਤਮਵਾਦੀ ਹੁੰਦਿਆਂ, ਗੁਰੂ ਨਾਨਕ ਦੇਵ ਨੇ ਆਪਣੇ ਅੰਦਰ ਨਾਮ-ਸਿਮਰਨ ਦੇ ਅੰਤਰੀਵ ਅਨੁਸ਼ਾਸਨ ਅਤੇ ਜੀਵਨ ਦੇ ਸਮਾਜ-ਸੇਵਾ ਵਾਲੇ ਦ੍ਰਿਸ਼ਟੀਕੋਣ ਦਾ ਸੁਮੇਲ ਕਰ ਵਿਖਾਇਆ।"[42]

ਗੁਰੂ ਨਾਨਕ ਦੇਵ ਨੇ ਮਾਨਵ ਸਮਾਜ ਦੀ ਸੇਵਾ ਨੂੰ ਮਨੁੱਖ ਵੱਲੋਂ ਕੀਤੀ ਹੋਈ ਕਿਰਤ ਦਾ ਸਰਵੋਚ ਰੂਪ ਮੰਨਿਆ ਹੈ ਅਤੇ ਗੁਰਬਾਣੀ ਵਿਚ ਇਸ ਦੀ ਵਡਿਆਈ ਇਉਂ ਕੀਤੀ ਹੈ:-

> ਵਿਣੁ ਸੇਵਾ ਫਲੁ ਕਬਹੂ ਨ ਪਾਵਸਿ, ਸੇਵਾ ਕਰਣੀ ਸਾਰ॥[43]

ਇਉਂ, ਗੁਰੂ ਜੀ ਨੇ ਸਮਾਜਕ ਸੇਵਾ ਉਤੇ ਬਲ ਦਿੰਦਿਆਂ ਮਨੁੱਖੀ ਕਿਰਤ ਨੂੰ 'ਨਿੱਜ-ਪਾਲਣ' ਤੋਂ ਉਚਾ ਉਠਾ ਕੇ 'ਪਰ ਪਾਲਣ' ਦੇ ਸਮਾਜਕ ਖੇਤਰ ਵਿੱਚ ਟਿਕਾ ਦਿੱਤਾ ਹੈ। ਇਸ ਸੰਬੰਧੀ ਪ੍ਰੋ: ਜੋਗਿੰਦਰ ਸਿੰਘ ਨੇ ਲਿਖਿਆ ਹੈ:-

> "ਗੁਰੂ ਨਾਨਕ ਦੇਵ ਜੀ ਗਰੀਬ ਨਿਵਾਜ ਸਨ। ਕਿਰਤੀ ਦੀ 'ਕਿਰਤ' 'ਨਿਜ-ਪਾਲਣ' ਤੋਂ 'ਪਰ ਪਾਲਣ' ਵਾਸਤੇ ਹੁੰਦੀ ਹੈ। 'ਨਿਜ' ਤੇ 'ਪਰ' ਵਿੱਚ ਸਾਂਝ ਪੈਦਾ ਕਰਨਾ ਹੀ ਗਰੀਬ-ਨਿਵਾਜ ਦਾ ਉਦੇਸ਼ ਹੁੰਦਾ ਹੈ।"[44]

ਗੁਰੂ ਨਾਨਕ ਦੇਵ ਜੀ ਨੇ ਮਾਨਵ ਸਮਾਜ ਦੀ ਸੇਵਾ ਕਰਨ ਲਈ 'ਪਰ ਪਾਲਣ' ਨਾਲ ਸੰਬੰਧਿਤ 'ਸੰਗਤੀ ਜੀਵਨ' ਜੀਉਣਾ ਸਭ ਤੋਂ ਉੱਤਮ ਮਾਰਗ ਦਰਸਾਇਆ ਹੈ। ਆਪ ਜੀ

---

42. " As a mysitic, he (Guru Nanak)combined in himself an inner discipline (of the Divine Name) and an altruistic attitude towards life)"-'Mysticism of Guru Nanak' p.168. (Un-pub. Thesis for Ph.D.)

43. ਮਾਰੂ ਮ: 1, ਆਦਿ ਗ੍ਰੰਥ, ਪੰਨਾ 992.

44. ਗੁਰੂ ਨਾਨਕ ਦਾ ਸਰੂਪ, ਪੰਨਾ 61.

ਨੇ ਕਰਤਾਰਪੁਰ ਵਿਖੇ ਇਸ 'ਸੰਗਤੀ ਜੀਵਨ' ਦਾ ਮੁੱਢ ਬੰਨ੍ਹਿਆ ਅਤੇ ਉਥੇ ਰਹਿਣ ਵਾਲੇ ਸਾਰੇ ਵਿਅਕਤੀਆਂ ਨੂੰ ਸੰਗਤ ਦੀ ਸੇਵਾ ਕਰਨ ਵਾਲੀ ਕਿਰਤ ਕਰਨ ਦੀ ਜਾਚ ਸਿਖਾਈ। ਇਉਂ, ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਸਾਥੀਆਂ ਦਾ ਜੀਵਨ ਆਰਾਮ ਵਾਲਾ ਜਾਂ ਕਿਰਤਹੀਣ ਜੀਵਨ ਨਹੀਂ ਸੀ, ਸਗੋਂ ਅਣਥੱਕ ਸਮਾਜਕ ਸੇਵਾ ਵਾਲਾ ਜੀਵਨ ਸੀ, ਜਿਸ ਵਿੱਚ ਆਪ ਜੀ ਨੂੰ ਇਕ ਪਲ ਦਾ ਵੀ ਵਿਹਲਾ ਸਮਾਂ ਨਹੀਂ ਸੀ ਮਿਲਦਾ। ਇਹੋ ਜਿਹੇ ਕਰਤਾਰਪੁਰ ਸੰਗਤੀ ਜੀਵਨ ਵਿੱਚ ਜਿਥੇ ਸਮਾਜਕ ਮੇਲ ਮਿਲਾਪ ਲਈ ਕਾਫੀ ਅਵਸਰ ਮਿਲਦੇ ਹਨ, ਉਥੇ ਮਾਨਵ ਸਮਾਜ ਦੀ ਸੇਵਾ ਕਰਨ ਦੇ ਵੀ ਅਨੇਕ ਅਵਸਰ ਪ੍ਰਾਪਤ ਹੋ ਜਾਂਦੇ ਹਨ। ਸੰਗਤੀ ਜੀਵਨ ਵਿੱਚ ਭਾਗ ਲੈਣ ਵਾਲੇ ਸਭ ਵਿਅਕਤੀ ਆਪਣੇ ਜੀਵਨ ਨੂੰ ਸੰਗਤੀ ਲਾਭ ਲਈ ਅਰਪਿਤ ਕਰ ਦਿੰਦੇ ਹਨ। ਇਸੇ ਲਈ ਡਾ: ਦੀਵਾਨ ਸਿੰਘ ਨੇ ਗੁਰੂ ਨਾਨਕ ਦੇਵ ਜੀ ਦੇ ਕਲਿਆਣਕਾਰੀ ਕਾਰਜਾਂ ਬਾਰੇ ਲਿਖਿਆ ਹੈ:-

"ਉਨ੍ਹਾਂ ਦੇ ਜੀਵਨ ਦਾ ਇਕ ਇਕ ਪਲ-ਲੋਕ-ਕਲਿਆਣ ਲਈ ਅਰਪਿਤ ਸੀ।"[45]

ਵਾਸਤਵ ਵਿੱਚ, ਗੁਰੂ ਜੀ ਕੋਲ ਆਪਣੇ ਆਪ ਨੂੰ ਦੇਣ ਲਈ ਇਕ ਪਲ ਵੀ ਨਹੀਂ ਸੀ [illegible] ਕਿਉਂਕਿ ਆਪ ਸੰਗਤੀ ਜੀਵਨ ਤੋਂ ਨਿਛਾਵਰ ਹੁੰਦਿਆਂ ਸਭ ਸਮਾਂ ਸੰਗਤ ਨੂੰ ਅਰਪਿਤ ਕਰ ਦਿੰਦੇ ਸਨ। ਗਿਆਨੀ ਲਾਲ ਸਿੰਘ ਨੇ ਗੁਰੂ ਜੀ ਦੇ ਸੰਗਤੀ ਜੀਵਨ ਦੀ ਮਹੱਤਤਾ ਇਉਂ ਦਰਸਾਈ ਹੈ:-

"ਲੰਮੀਆਂ ਉਦਾਸੀਆਂ ਪਿੱਛੋਂ ਗੁਰੂ ਜੀ ਦਾ ਸੰਗਤੀ ਜੀਵਨ-ਆਰੰਭ ਹੁੰਦਾ ਹੈ। ਇਹ ਸੰਨ 1521 ਤੋਂ 1539 ਈ: ਤੱਕ, ਅਰਥਾਤ 18 ਵਰ੍ਹਿਆਂ ਦਾ ਜੀਵਨ ਹੈ। ਸਮਾਜੀ ਜੀਵਨ ਦੀ ਅਣਹੋਂਦ ਨੂੰ ਵੇਖ ਕੇ ਆਪ ਜੀ ਨੇ ਆਦਰਸ਼ਕ ਸੰਗਤੀ ਜੀਵਨ ਦਾ ਨਮੂਨਾ ਪੇਸ਼ ਕੀਤਾ, ਤਾਂ ਜੁ ਵਿਅਕਤੀ ਤੇ ਸਮਾਜ ਇਕੋ ਸਮੇਂ ਕਲਿਆਣ ਪ੍ਰਾਪਤ ਕਰ ਸਕਣ।"[46]

ਗੁਰੂ ਨਾਨਕ ਦੇਵ ਜੀ ਨੇ ਸੰਗਤੀ ਜੀਵਨ ਦੇ ਸੰਕਲਪ ਰਾਹੀਂ ਕਿਰਤ ਦੇ ਸਮਾਜਕ ਖੇਤਰ ਨੂੰ ਬੜਾ ਮਹੱਤਵ ਪ੍ਰਦਾਨ ਕੀਤਾ ਹੈ। ਆਪ ਜੀ ਨੇ ਕਿਰਤ ਦੇ ਇਸ ਖੇਤਰ ਨੂੰ ਮਾਨਵ ਜੀਵਨ ਦਾ ਆਦਰਸ਼ਕ ਰੂਪ ਮੰਨਿਆਂ ਇਸ ਨੂੰ ਮਾਨਵ ਵਿਕਾਸ ਦਾ ਸਰਵੋਤਮ ਸਾਧਨ ਬਣਾ ਦਿੱਤਾ ਹੈ। ਆਪ ਜੀ ਨੇ ਉਸ ਸਮੇਂ ਸੰਸਾਰ ਅੰਦਰ ਸੰਗਤੀ ਕਿਰਤ ਦੀ ਆਵੱਸ਼ਕਤਾ ਨੂੰ ਪਛਾਣ

---

45. 'ਗੁਰੂ ਨਾਨਕ ਦੀ ਸਾਹਿਤਕ ਪ੍ਰਤਿਭਾ ਤੇ ਹੋਰ ਲੇਖ', ਪੰਨਾ 20.
46. "ਗੁਰੂ ਨਾਨਕ ਦੇਵ"- 'ਪੰਜਾਬੀ ਦੁਨੀਆ' ਗੁਰੂ ਨਾਨਕ ਅੰਕ, ਭਾਗ ਪਹਿਲਾ', ਪੰਨਾ 41. (ਨਵੰਬਰ, ਦਸੰਬਰ 1969)

ਕੇ ਸਭ ਲੋਕਾਂ ਨੂੰ ਸੰਗਤੀ ਦ੍ਰਿਸ਼ਟੀਕੋਣ ਧਾਰਨ ਲਈ ਪ੍ਰੇਰਿਆ ਹੈ। ਇਸ ਦੇ ਨਾਲ ਹੀ ਆਪ ਸੰਗਤੀ ਜਾਂ ਸਮਾਜਕ ਜੀਵਨ ਦੇ ਉਲਟ ਚਲਣ ਵਾਲੇ ਅਸਮਾਜੀ ਵਿਅਕਤੀਆਂ ਦਾ ਡਟਵਾਂ ਖੰਡਨ ਕਰਦੇ ਹਨ। ਇਸ ਸੰਬੰਧੀ ਡਾ: ਦੀਵਾਨ ਸਿੰਘ ਨੇ ਲਿਖਿਆ ਹੈ:-

> "ਅਨੇਮੀ, ਅਸਮਾਜੀ ਅਤੇ ਅਸੰਗਤੀ ਜੋਗੀ ਅਤੇ ਸੂਫ਼ੀ ਆਪ ਜੀ ਨੂੰ (ਗੁਰੂ ਨਾਨਕ ਦੇਵ ਨੂੰ) ਬਿਲਕੁਲ ਚੰਗੇ ਨਹੀਂ ਸਨ ਲਗਦੇ ਅਤੇ ਉਹ ਆਪ ਜੀ ਦੇ ਮਨ ਵਿੱਚ ਬੜਾ ਰੋਹ ਉਤਪੰਨ ਕਰਦੇ ਸਨ। ਆਪ ਉਨ੍ਹਾਂ ਦੀ ਆਲੋਚਨਾ ਅਤੇ ਵਿਰੋਧਤਾ ਕਰਨ ਦੇ ਕੰਮ ਤੋਂ ਕਦੇ ਵੀ ਨਹੀਂ ਸਨ ਥੱਕਦੇ।"[47]

ਇਸ ਤਰ੍ਹਾਂ, ਗੁਰੂ ਨਾਨਕ ਦੇਵ ਜੀ ਹਰ ਸੰਭਵ ਤਰੀਕੇ ਨਾਲ ਲੋਕਾਂ ਵਿੱਚ ਸਮਾਜਕਤਾ ਦਾ ਭਾਵ ਉਤਪੰਨ ਕਰ ਕੇ ਉਨ੍ਹਾਂ ਨੂੰ ਸਮਾਜਕ ਸੇਵਾ ਅਤੇ ਸਮਾਜਕ ਕਿਰਤ ਵੱਲ ਪ੍ਰੇਰ ਕੇ ਸੰਸਾਰ ਵਿੱਚ ਸੰਗਤੀ ਜੀਵਨ ਦਾ ਵਿਕਾਸ ਕਰਦੇ ਹਨ।

## <u>ਸਮਾਜ ਸੁਧਾਰ</u>

ਗੁਰੂ ਨਾਨਕ ਦੇਵ ਜੀ ਮਾਨਵ ਸਮਾਜ ਦੀ ਸੇਵਾ ਕਰਨ ਉਪਰੰਤ ਇਸ ਵਿੱਚ ਲੋੜੀਂਦਾ ਸੁਧਾਰ ਕਰਨਾ ਵੀ ਕਿਰਤ ਦੇ ਸਮਾਜਕ ਖੇਤਰ ਨਾਲ ਸੰਬੰਧਿਤ ਕਰਦੇ ਹਨ। ਇਸ ਪੱਖੋਂ ਆਪ ਸਮਾਜ ਸੁਧਾਰਕ ਵੀ ਹਨ ਅਤੇ ਕ੍ਰਾਂਤੀ-ਕਾਰੀ ਵੀ। ਆਪ ਨਿਜੀ ਪੱਧਰ ਦੇ ਮੋਹ ਬੰਧਨਾਂ ਤੋਂ ਉਚਾ ਉਠ ਕੇ ਸਮੁੱਚੇ ਮਾਨਵ ਸਮਾਜ ਵਿੱਚ ਕ੍ਰਾਂਤੀ ਲਿਆਣਾ ਚਾਹੁੰਦੇ ਹਨ। ਇਸ ਸਬੰਧੀ ਡਾ: ਕੇ.ਸੀ. ਗੁਪਤਾ ਨੇ ਇਹ ਵਿਚਾਰ ਪਰਗਟਾਇਆ ਹੈ:-

> "ਸੋ, ਗੁਰੂ ਨਾਨਕ ਦੇਵ ਜੀ ਅਜਿਹੇ ਕ੍ਰਾਂਤੀਕਾਰੀ ਹਨ, ਜੋ ਪਰਵਾਰ ਦੇ ਮੋਹ ਤੋਂ ਮੁਕਤ ਹਨ, ਸ੍ਰੇਣੀ, ਨਸਲ ਦੇ ਜਾਲ ਤੋਂ ਪਰੇ ਹਨ, ਕਰਮ ਕਾਂਡ ਤੋਂ ਉਚੇ ਹਨ ਅਤੇ ਆਪਣੇ ਕਲਾਵੇ ਵਿੱਚ ਸਭ ਜੀ ਜੰਤੂ ਨੂੰ ਲੈ ਲੈਂਦੇ ਹਨ। ਆਪ ਸੱਚੇ ਅਰਥਾਂ ਵਿੱਚ ਕ੍ਰਾਂਤੀਕਾਰੀ ਹਨ। ਕ੍ਰਾਂਤੀ ਇਤਿਹਾਸ ਵਿੱਚ ਅਚਾਨਕ ਮੋੜ ਲੈ ਆਉਂਦੀ ਹੈ। ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਇਤਿਹਾਸ ਵਿੱਚ ਇਕ ਨਵਾਂ ਮੋੜ ਆਇਆ.......ਸਮਾਜ ਹਲੂਣਿਆ ਗਿਆ, ਜਨਤਾ ਵਿੱਚ ਜਾਗ੍ਰਿਤੀ ਆਈ।"[48]

---

47. "The antinomian, unsocial misogynist Yogis and Sufis were anathema to him (Guru Nanak) and caused extreme aversion to his mind. He was never tired of criticising and Condemning them.)"- Mysticism of Guru Nanak,' P.165. (Un-pub. Thesis for Ph.D.)

48. 'ਪੰਜਾਬੀ ਦੁਨੀਆਂ' - 'ਗੁਰੂ ਨਾਨਕ ਅੰਕ, ਭਾ.ਵ. ਪਟਿਆਲਾ, ਪੰਨਾ 164 (ਨਵੰਬਰ-ਦਸੰਬਰ 1969.

ਗੁਰੂ ਨਾਨਕ ਦੇਵ ਜੀ ਨੇ ਮਾਨਵ ਸਮਾਜ ਵਿੱਚ ਸਭ ਤੋਂ ਵੱਡਾ ਕ੍ਰਾਂਤੀਕਾਰੀ ਵਿਚਾਰ ਇਹ ਦਿੱਤਾ ਸੀ ਕਿ ਕਿਸੇ ਮਨੁੱਖ ਨੂੰ ਕਿਰਤ-ਚੋਰ ਰਹਿ ਕੇ ਸਮਾਜ ਉਤੇ ਬੇਲੋੜਾ ਬੋਝ ਬਣਨ ਦੀ ਆਗਿਆ ਨਾ ਦਿੱਤੀ ਜਾਏ। ਨਾ ਹੀ ਕਿਸੇ ਮਨੁੱਖ ਨੂੰ ਸਮਾਜ ਵਿੱਚ ਬੇਲੋੜੇ ਅਤੇ ਹਾਨੀਕਾਰਕ ਰਸਮੋ-ਰਿਵਾਜ ਪਰਚਲਤ ਕਰਨ ਦੀ ਆਗਿਆ ਦਿੱਤੀ ਜਾਏ।

ਆਪ ਜੀ ਨੇ ਵੇਖਿਆ ਕਿ ਕਈ ਕਿਰਤਚੋਰ ਬ੍ਰਾਹਮਣ ਅਤੇ ਜੋਗੀ, ਨਿਜ-ਸੁਆਰਥ ਖ਼ਾਤਰ, ਮਾਨਵ ਸਮਾਜ ਵਿੱਚ ਕਈ ਪ੍ਰਕਾਰ ਦੇ ਬੇਲੋੜੇ ਰਸਮ ਰਿਵਾਜ ਅਤੇ ਪਾਖੰਡ ਪਰਚਲਤ ਕਰ ਰਹੇ ਹਨ, ਤਾਂ ਜੁ ਉਨ੍ਹਾਂ ਨੂੰ ਬਿਨਾਂ ਹੱਥ ਪੈਰ ਹਿਲਾਏ ਲੋਕਾਂ ਤੋਂ ਰਜਵੀਆਂ ਭੇਟਾਵਾਂ ਮਿਲਦੀਆਂ ਰਹਿਣ। ਗੁਰੂ ਜੀ ਨੇ ਬੜੀ ਨਿਧੜਕਤਾ ਨਾਲ ਇਹੋ ਜਿਹੇ ਪਾਖੰਡਾਂ ਅਤੇ ਰਸਮਾਂ ਰਿਵਾਜਾਂ, ਜਿਵੇਂ ਜਨੇਊ ਪਾਉਣਾ, ਸਰਾਧ ਕਰਨਾ, ਸੂਤਕ ਪਾਤਕ ਮੰਨਣਾ, ਕੰਨ ਪੜਵਾ ਕੇ ਮੁੰਦਰਾਂ ਪਾਉਣਾ ਆਦਿ ਤੋਂ ~~[illegible]~~ ਲੋਕਾਂ ਨੂੰ ਛੁਟਕਾਰਾ ਦਿਵਾਇਆ। ਇਸ ਦੇ ਨਾਲ ਹੀ ਆਪ ਜੀ ਨੇ ਲੋਕਾਂ ਦੇ ਦਿਲਾਂ ਵਿੱਚ ਅਜਿਹੀ ਕ੍ਰਾਂਤੀ ਲੈ ਆਂਦੀ ਕਿ ਉਹ ਇਨ੍ਹਾਂ ਰਸਮਾਂ ਰਿਵਾਜਾਂ ਨੂੰ ਬਿਲਕੁਲ ਨਿਰਰਥ ਸਮਝਣ ਲੱਗ ਪਏ। ਆਪ ਸਭ ਕਿਰਤੀ ਮਨੁੱਖਾਂ ਤੋਂ ਇਹ ਆਸ ਕਰਦੇ ਹਨ ਕਿ ਉਹ ਇਨ੍ਹਾਂ ਪਾਖੰਡਾਂ ਅਤੇ ਰਸਮਾਂ ਰਿਵਾਜਾਂ ਤੋਂ ਉਪਰ ਉਠ ਕੇ ਵਿਖਾਉਣ ਅਤੇ ਹੋਰ ਲੋਕਾਂ ਨੂੰ ਵੀ ਇਨ੍ਹਾਂ ਤੋਂ ਉਪਰ ਉਠਾ ਕੇ ਸਮਾਜ ਵਿੱਚ ਲੋੜੀਂਦਾ ਸੁਧਾਰ ਕਰ ਕੇ ਵਿਖਾਣ। ਗੁਰੂ ਜੀ ਆਪ ਇਕ ਕਿਰਤੀ ਹੋਣ ਦੇ ਨਾਲ ਨਾਲ ਇਕ ਨਿਧੜਕ ਸਮਾਜ ਸੁਧਾਰਕ ਵੀ ਸਨ ਅਤੇ ਹਰੇਕ ਕਿਰਤੀ ਨੂੰ ਇਹੋ ਜਿਹਾ ਨਿਧੜਕ ਸਮਾਜ ਸੁਧਾਰਕ ਬਣਨ ਦੀ ਪ੍ਰੇਰਣਾ ਪ੍ਰਦਾਨ ਕਰਦੇ ਹਨ। ਬੁੱਧ ਰਾਮ ਤਾਹਿਰ ਨੇ ਗੁਰੂ ਜੀ ਦੇ ਸਮਾਜ ਸੁਧਾਰਕ ਪਰਉਪਕਾਰਾਂ ਦਾ ਵਰਣਨ ਕਰਦਿਆਂ ਲਿਖਿਆ ਹੈ:-

> "ਇਸ ਤਰ੍ਹਾਂ ਕ੍ਰਾਂਤੀਕਾਰੀ ਸਮਾਜ ਸੁਧਾਰਕ ਅਤੇ ਸਮਾਜਿਕ ਚੇਤਨਾ ਦੇ ਸੂਰਜ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਮਾਜ ਨੂੰ ਵਹਿਮਾਂ, ਰਸਮਾਂ, ਅਡੰਬਰਾਂ ਅਤੇ ਪਾਖੰਡਾਂ ਰਹਿਤ ਵਾਯੂ ਮੰਡਲ ਵਿੱਚ ਸੱਚ ਅਤੇ ਕਿਰਤ ਦੇ ਸਹਾਰੇ ਜਿਉਂਦਾ ਜਾਗਦਾ ਖ਼ੁਸ਼ੀਆਂ ਵਿੱਚ ਵਿਚਰਦਾ ਅਤੇ ਵੰਡ ਛਕਣ ਦੀ ਸੁੰਦਰਤਾ ਵਿੱਚ ਲਿਸ਼ਕਦਾ ਵੇਖਣ ਲਈ ਕਿਤੇ ਪਰਬਤੀਂ ਲੁਕੇ ਸਿੱਧਾਂ ਅਤੇ ਜੋਗੀਆਂ ਨਾਥਾਂ ਦੀਆਂ ਸਮਾਧੀਆਂ ਨੂੰ ਹਲੂਣਿਆ, ਕਿਤੇ ਰਸਮਾਵਾਦ ਅਤੇ ਕਰਮਕਾਂਡ ਦੀਆਂ ਜ਼ੰਜੀਰਾਂ ਨੂੰ ਮਰੋੜਿਆ।"[49]

---

49. 'ਪੰਜਾਬੀ ਦੁਨੀਆ', ਗੁਰੂ ਨਾਨਕ ਅੰਕ (ਭਾਗ ਪਹਿਲਾ), ਪੰਨਾ 173, (ਨਵੰਬਰ, ਦਸੰਬਰ) 1969.

## (ੲ) ਵਿੱਦਿਅਕ ਖੇਤਰ

ਅੱਜਕੱਲ੍ਹ, 'ਵਿੱਦਿਆ' ਨਾਲੋਂ 'ਸਿੱਖਿਆ' ਸ਼ਬਦ ਵਧੇਰੇ ਪਰਚਲਤ ਹੈ, ਪਰ ਗੁਰੂ ਨਾਨਕ ਦੇਵ ਜੀ ਨੇ 'ਵਿੱਦਿਆ' ਸ਼ਬਦ ਹੀ ਵਰਤਿਆ ਹੈ ਅਤੇ, ਵਾਸਤਵ ਵਿੱਚ, ਇਹ 'ਸਿੱਖਿਆ' ਸ਼ਬਦ ਨਾਲੋਂ ਵਧੇਰੇ ਵਿਸ਼ਾਲ ਅਤੇ ਪ੍ਰਭਾਵਸ਼ਾਲੀ ਸ਼ਬਦ ਹੈ।

## ਪੁਸਤਕੀ ਅਤੇ ਪਰਉਪਕਾਰੀ ਵਿੱਦਿਆ

ਗੁਰੂ ਨਾਨਕ ਦੇਵ ਜੀ ਨੇ ਵਿੱਦਿਆ ਦੇ ਵਿਸ਼ਾਲ ਸੰਕਲਪ ਨੂੰ ਵਧੇਰੇ ਵਿਸ਼ਾਲ ਬਣਾਨ ਦਾ ਯਤਨ ਕੀਤਾ। ਇਸ ਮੰਤਵ ਲਈ ਆਪ ਜੀ ਨੇ ਵਿੱਦਿਆ ਨੂੰ ਸਮਾਜ-ਸੇਵਾ ਦਾ ਸ਼ਕਤੀਸ਼ਾਲੀ ਸਾਧਨ ਬਣਾ ਦਿੱਤਾ। ਆਪਜੀ ਨੇ ਇਸ ਨੂੰ ਮਾਨਵ ਭਲਾਈ ਦਾ ਆਧਾਰ ਮੰਨਿਆ ਇਸ ਦਾ ਇਹ ਲੱਛਣ ਦਰਸਾਇਆ ਹੈ:-

ਵਿਦਿਆ ਵੀਚਾਰੀ ਤਾ ਪਰਉਪਕਾਰੀ॥ [50]

ਇਸ ਮਹਾਂ-ਵਾਕ ਰਾਹੀਂ ਗੁਰੂ ਜੀ ਨੇ ਸਿੱਧ ਕਰ ਦਿੱਤਾ ਹੈ ਕਿ ਵਿੱਦਿਆ ਦਾ ਵਿਚਾਰ ਕਰਨ ਵਾਲੇ ਮਨੁੱਖ ਲਈ ਸਮਾਜ ਸੇਵਕ ਜਾਂ ਪਰਉਪਕਾਰੀ ਮਨੁੱਖ ਬਣ ਕੇ ਵਿਚਰਨਾ ਜ਼ਰੂਰੀ ਹੈ। ਵਾਸਤਵ ਵਿੱਚ, ਗੁਰੂ ਜੀ ਨੇ ਵਿਦਿਆ ਦੇ ਉਦੇਸ਼ ਬਾਰੇ ਲੋਕਾਂ ਦਾ ਸਮੁੱਚਾ ਦ੍ਰਿਸ਼ਟੀਕੋਣ ਬਦਲ ਕੇ ਰੱਖ ਦਿੱਤਾ। ਇਸ ਨਵੇਂ ਦ੍ਰਿਸ਼ਟੀਕੋਣ ਅਨੁਸਾਰ, ਵਿਦਿਆ ਦਾ ਉਦੇਸ਼ ਹਰੇਕ ਮਨੁੱਖ ਨੂੰ ਪਰਉਪਕਾਰੀ ਕਿਰਤੀ ਬਣਾਨਾ ਹੈ ਨਾ ਕਿ ਕਾਰਜਹੀਣ ਪੁਸਤਕ ਪਾਠਕ। ਗੁਰੂ ਨਾਨਕ ਦੇਵ ਉਸ ਪੁਸਤਕੀ ਵਿਦਿਆ ਨੂੰ ਵਿਅਰਥ ਸਮਝਦੇ ਹਨ, ਜਿਹੜੀ ਮਨੁੱਖ ਨੂੰ ਕੇਵਲ ਪੁਸਤਕਾਂ ਪੜ੍ਹਨ ਉਤੇ ਜ਼ੋਰ ਦਿੰਦੀ ਹੈ, ਪਰ ਉਨ੍ਹਾਂ ਵਿਚਲੇ ਉਪਦੇਸ਼ਾਂ ਉਤੇ ਅਮਲ ਕਰਨਾ ਨਹੀਂ ਸਿਖਾਉਂਦੀ। ਆਪ ਇਹੋ ਜਿਹੀ ਪੁਸਤਕੀ ਵਿਦਿਆ ਬਾਰੇ ਫਰਮਾਉਂਦੇ ਹਨ:-

ਪੜਿ ਪੜਿ ਗਡੀ ਲਦੀਅਹਿ, ਪੜਿ ਪੜਿ ਭਰੀਅਹਿ ਸਾਥ॥
ਪੜਿ ਪੜਿ ਬੇੜੀ ਪਾਈਐ, ਪੜਿ ਪੜਿ ਗਡੀਅਹਿ ਖਾਤ॥
ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ॥
ਪੜੀਐ ਜੇਤੀ ਆਰਜਾ, ਪੜੀਅਹਿ ਜੇਤੇ ਸਾਸ॥
ਨਾਨਕ ਲੇਖੈ ਇਕ ਗੱਲ ਹੋਰੁ ਹਉਮੈ ਝਖਣਾ ਝਾਖ॥"[51]

---

50. ਆਸਾ ਮ: 1, ਆਦਿ ਗ੍ਰੰਥ, ਪੰਨਾ 356.
51. ਆਸਾ ਦੀ ਵਾਰ ਮ: 1, ਸਲੋਕ ਮ: 1, ਆਦਿ ਗ੍ਰੰਥ, ਪੰਨਾ 467.

ਇਸ ਵਿਚਾਰ ਰਾਹੀਂ ਗੁਰੂ ਜੀ ਸਿੱਧ ਕਰ ਦਿੰਦੇ ਹਨ ਕਿ ਕੇਵਲ ਪੁਸਤਕਾਂ ਨੂੰ ਪੜ੍ਹਣ ਦਾ ਕੋਈ ਲਾਭ ਨਹੀਂ ਜਦ ਤੱਕ ਉਨ੍ਹਾਂ ਦੇ ਉਪਦੇਸ਼ਾਂ ਤੋਂ ਜੀਵਨ ਸੇਧ ਪ੍ਰਾਪਤ ਨਾ ਕੀਤੀ ਜਾਵੇ। ਡਾ: ਕੁਲਦੀਪ ਕੌਰ ਨੇ ਗੁਰੂ ਜੀ ਦੇ ਇਸ ਵਿਚਾਰ ਤੋਂ ਪ੍ਰਭਾਵਿਤ ਹੋ ਕੇ ਲਿਖਿਆ ਹੈ:-

> "ਗ੍ਰੰਥਾਂ ਦਾ ਪੜ੍ਹਨਾ ਤਾਂ ਜ਼ਰੂਰੀ ਹੈ, ਪਰ ਨਿਰਾ ਪੜ੍ਹ ਲੈਣਾ ਹੀ ਕਾਫ਼ੀ ਨਹੀਂ। ਉਨ੍ਹਾਂ ਨੂੰ ਸਮਝ ਕੇ ਉਨ੍ਹਾਂ ਵਿੱਚ ਦੱਸੇ ਸਿਧਾਂਤਾਂ ਤੇ ਅਮਲ ਕਰਨ ਦੀ ਲੋੜ ਵਧੇਰੇ ਹੈ।"[52]

ਵਾਸਤਵ ਵਿੱਚ, ਗੁਰੂ ਨਾਨਕ ਦੇਵ ਜੀ ਮਨੁੱਖ ਨੂੰ ਪੁਸਤਕੀ ਵਿਦਿਆ ਦੇ ਥਾਂ ਪਰਉਪਕਾਰੀ ਵਿੱਦਿਆ ਪ੍ਰਾਪਤ ਕਰਨ ਦੀ ਪ੍ਰੇਰਣਾ ਪ੍ਰਦਾਨ ਕਰਦੇ ਹਨ। ਆਪ ਜੀ ਨੇ ਹਰੇਕ ਵਿਦਵਾਨ ਲਈ ਪਰਉਪਕਾਰੀ ਬਣਨਾ ਜ਼ਰੂਰੀ ਦਰਸਾ ਕੇ ਵਿਦਿਆ ਤੇ ਪਰਉਪਕਾਰ ਦਾ ਸੁਮੇਲ ਕਰ ਦਿੱਤਾ ਹੈ। ਇਸ ਪਰਉਪਕਾਰੀ ਕਾਰਜ ਵਿੱਚ ਕਿਰਤ ਵੀ ਆ ਜਾਂਦੀ ਹੈ, ਕਿਉਂਕਿ ਕਿਰਤ ਕਰਨ ਤੋਂ ਬਿਨਾਂ ਪਰਉਪਕਾਰ ਕਮਾਇਆ ਹੀ ਨਹੀਂ ਜਾ ਸਕਦਾ। ਇਸ ਲਈ ਗੁਰੂ ਜੀ ਦੀ ਦ੍ਰਿਸ਼ਟੀ ਅਨੁਸਾਰ, ਇਕ ਕਿਰਤੀ ਹੀ ਅਸਲ ਵਿਦਵਾਨ ਬਣ ਸਕਦਾ ਹੈ। ਇਕ ਗਰੀਬ ਕਿਰਤੀ ਹੀ ਕਿਸੇ ਗਰੀਬ ਦਾ ਦੁੱਖ ਅਨੁਭਵ ਕਰ ਕੇ ਉਸ ਦਾ ਦੁੱਖ ਵੰਡਾਣ ਦੀ ਪਰਉਪਕਾਰੀ ਵਿਦਿਆ ਵਿੱਚ ਨਿਪੁੰਨ ਹੋ ਸਕਦਾ ਹੈ। ਇਸ ਲਈ, ਗੁਰੂ ਨਾਨਕ ਦੇਵ ਜੀ ਦੇ ਵਿਚਾਰ ਅਨੁਸਾਰ, ਇਕ ਵਿਦਵਾਨ ਪਰਉਪਕਾਰੀ ਕਿਰਤੀ ਬਣ ਕੇ ਹੀ ਆਪਣੀ ਵਿੱਦਿਆ ਦੀ ਅਮਲੀ ਵਰਤੋਂ ਕਰ ਸਕਦਾ ਹੈ। ਪ੍ਰੋ. ਜੋਗਿੰਦਰ ਸਿੰਘ ਨੇ ਗੁਰੂ ਜੀ ਦੀ ਪਰਉਪਕਾਰੀ ਵਿੱਦਿਆ ਦੇ ਅਮਲੀ ਪੱਖ ਬਾਰੇ ਇਉਂ ਲਿਖਿਆ ਹੈ:-

> "ਉਹ (ਗੁਰੂ ਨਾਨਕ ਦੇਵ) ਵਿਦਿਆ ਵਿਚਾਰ ਦਾ ਉਦੇਸ਼ ਪਰਉਪਕਾਰੀ ਜੀਵਨ ਨੂੰ ਅਪਨਾਣਾ ਹੀ ਦੱਸਦੇ ਹਨ। ਜਿਹੜੀ ਵਿਦਿਆ ਮਨੁੱਖ ਨੂੰ ਪਰਉਪਕਾਰੀ ਜੀਵਨ ਪ੍ਰਦਾਨ ਨਹੀਂ ਕਰਦੀ, ਮਨੁੱਖ ਨੂੰ ਹੋਛਾ ਤੇ ਹੰਕਾਰੀ ਬਣਾਂਦੀ ਹੈ, ਮਨੁੱਖ ਨੂੰ ਦੁਨਿਆਵੀ ਸੀਮਾ ਤੱਕ ਰਖਿਣ ਦਿੰਦੀ ਹੈ, ਉਸ ਵਿਦਿਆ ਨੂੰ ਨਾ ਤਾਂ ਗੁਰੂ ਨਾਨਕ ਦੇਵ ਜੀ ਨੇ ਆਪ ਪੜ੍ਹਿਆ ਹੈ ਅਤੇ ਨਾ ਹੀ ਮਨੁੱਖਤਾ ਨੂੰ ਉਸ ਵਿੱਦਿਆ ਦਾ ਅਨੁਸਾਰੀ ਜਾਂ ਸ਼ਰਧਾਲੂ ਬਣਨ ਵਾਸਤੇ ਪ੍ਰੇਰਿਆ ਹੈ।"[53]

---

52. 'ਗੁਰੂ ਨਾਨਕ ਤੇ ਸਿੱਖਿਆ', ਪੰਨਾ 9.
53. 'ਗੁਰੂ ਨਾਨਕ ਦਾ ਸਰੂਪ', ਪੰਨਾ 28.

ਗੁਰੂ ਨਾਨਕ ਦੇਵ ਜੀ ਦੇ ਵਿਦਿਅਕ ਸਿਧਾਂਤ ਅਨੁਸਾਰ, ਵਿਦਿਆ ਪ੍ਰਦਾਨ ਕਰਨ ਵਾਲੇ ਅਧਿਆਪਕ ਅਤੇ ਇਸ ਨੂੰ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਦੋਵੇਂ ਪਰਉਪਕਾਰੀ ਹੋਣੇ ਚਾਹੀਦੇ ਹਨ, ਤਾਂ ਜੁ ਉਹ ਦੋਵੇਂ ਰਲ ਕੇ ਪਰਉਪਕਾਰੀ ਜੀਵਨ ਨੂੰ ਅੱਗੇ ਤੋਰ ਸਕਣ ਅਤੇ ਆਪਣੇ ਸੰਪਰਕ ਵਿਚ ਆਏ ਸਭ ਲੋਕਾਂ ਨੂੰ ਪਰਉਪਕਾਰੀ ਬਣਾ ਕੇ ਵਿਖਾ ਸਕਣ। ਡਾ. ਅਜੀਤ ਸਿੰਘ ਸਿੱਕਾ ਨੇ ਗੁਰੂ ਜੀ ਦੀ ਪਰਉਪਕਾਰੀ ਵਿਦਿਆ ਦੀ ਵਿਸ਼ੇਸ਼ਤਾ ਇਉਂ ਦਰਸਾਈ ਹੈ:-

> "ਗੁਰੂ ਜੀ ਇਸ ਗੱਲ ਉਤੇ ਜ਼ੋਰ ਦਿੰਦੇ ਹਨ ਕਿ ਵਿਦਿਆ ਦੂਜਿਆਂ ਨੂੰ ਹਾਨੀ ਪਹੁੰਚਾਣ ਜਾਂ ਮਾਰਨ ਲਈ ਨਾ ਵਰਤੀ ਜਾਵੇ। ਆਪ 'ਪਰਉਪਕਾਰੀ' ਸ਼ਬਦ ਦੀ ਵਰਤੋਂ ਕਰਦੇ ਹਨ ਜਿਸ ਦਾ ਭਾਵ ਇਹ ਹੈ ਕਿ ਵਿਦਿਆ ਦੀ ਸ਼ਕਤੀ ਨੂੰ ਦੁਨੀਆਂ ਦੀ ਸੇਵਾ ਕਰਨ ਉਤੇ ਲਗਾਇਆ ਜਾਵੇ, ਤਾਂ ਜੁ ਸਭ ਲੋਕਾਂ ਦੀਆਂ ਭਾਵਨਾਵਾਂ ਨੂੰ ਵਿਸ਼ਾਲ ਬਣਾ ਕੇ ਉਨ੍ਹਾਂ ਨੂੰ ਵਿਸ਼ਵ ਸਮਾਜ ਦੇ ਸਹਿਕਾਰੀ ਸਦੱਸ ਬਣਾਇਆ ਜਾ ਸਕੇ।"[54]

## ਵਿੱਦਿਆ ਦਾ ਉਦੇਸ਼

ਗੁਰੂ ਨਾਨਕ ਦੇਵ ਜੀ ਅਨੁਸਾਰ, ਵਿੱਦਿਆ ਦਾ ਉਦੇਸ਼ ਇਹ ਹੈ ਕਿ ਇਸ ਰਾਹੀਂ ਮਨੁੱਖ ਸੰਪੂਰਣ ਵਿਅਕਤਿਤਵ ਵਿਕਾਸ ਪ੍ਰਾਪਤ ਕਰ ਕੇ ਵਿਖਾਵੇ। ਇਹ ਵਿਕਾਸ ਕੇਵਲ ਇਕ ਪੱਖੀ ਵਿਕਾਸ ਨਹੀਂ ਹੁੰਦਾ, ਸਗੋਂ ਸਰੀਰਕ, ਮਾਨਸਿਕ, ਮਨੋਭਾਵਕ ਅਤੇ ਆਤਮਕ ਵਿਕਾਸ ਹੁੰਦਾ ਹੈ। ਮਨੁੱਖ ਇਨ੍ਹਾਂ ਸਾਰੇ ਖੇਤਰਾਂ ਵਿੱਚ ਵਿਅਕਤਿਤਵ ਵਿਕਾਸ ਪ੍ਰਾਪਤ ਕਰ ਕੇ ਹੀ ਵਿਦਵਾਨ ਅਖਵਾ ਸਕਦਾ ਹੈ। ਡਾ. ਕੁਲਦੀਪ ਕੌਰ ਨੇ ਗੁਰੂ ਨਾਨਕ ਦੇਵ ਦੇ ਇਸ ਵਿਚਾਰ ਦੀ ਪ੍ਰੋੜ੍ਹਤਾ ਕਰਦਿਆਂ ਲਿਖਿਆ ਹੈ:-

> "ਗੁਰੂ ਨਾਨਕ ਦੇ ਜੀਵਨ-ਆਦਰਸ਼ ਸੁਝਾਉ ਦੇਂਦੇ ਹਨ ਕਿ ਸਿੱਖਿਆ (ਵਿਦਿਆ) ਜੀਵਨ ਦੇ ਕਿਸੇ ਇਕ ਪੱਖ ਨਾਲ ਨਹੀਂ; ਸਗੋਂ ਸਾਰੇ ਪੱਖਾਂ ਨਾਲ ਸੰਬੰਧਿਤ ਹੋਣੀ ਚਾਹੀਦੀ ਹੈ।"[55]

ਇਸ ਤੋਂ ਪਤਾ ਲਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਵਿਦਿਆ ਦਾ ਬੜਾ ਵਿਸ਼ਾਲ ਉਦੇਸ਼ ਆਪਣੇ ਸਾਹਮਣੇ ਰੱਖਿਆ ਹੈ। ਇਹੋ ਜਿਹੇ ਉਦੇਸ਼ ਦੀ ਪ੍ਰਾਪਤੀ ਕਿਰਤ

---

54. "Guru Nanak stresses that Vidya should not be used to harm or kill others.... He uses the word 'Parupkari' which means the power of education for the ~~[illegible]~~ service of others, where sympathies may be broadened to make them co-operative members of the world society."....Facets of Guru Nanak's Thought, P.100
55. 'ਗੁਰੂ ਨਾਨਕ ਤੇ ਸਿੱਖਿਆ", ਪੰਨਾ 9.8.

ਨੂੰ ਵਿੱਦਿਆ ਦਾ ਆਧਾਰ ਬਣਾਏ ਬਿਨਾਂ ਨਹੀਂ ਹੋ ਸਕਦੀ, ਕਿਉਂਕਿ ਇਸ ਤੋਂ ਬਿਨਾਂ ਮਨੁੱਖ ਦਾ ਵਿਅਕਤਿਤਵ ਕੇਵਲ ਇੱਕ ਪੱਖੀ ਵਿਕਾਸ ਵੱਲ ਵਧਦਾ ਹੈ ਨਾ ਕਿ ਸੰਪੂਰਣ ਵਿਕਾਸ ਵੱਲ। ਕਿਰਤ ਵਿਅਕਤਿਤਵ ਦੇ ਸਰੀਰਕ ਵਿਕਾਸ ਨੂੰ ਪ੍ਰਮੁੱਖ ਪਦਵੀ ਦਿੰਦੀ ਹੋਈ, ਵਿਕਾਸ ਦੇ ਹੋਰ ਪੱਖਾਂ ਵੱਲ ਵੀ ਵਧਕੇ ਵਿਖਾਉਂਦੀ ਹੈ। ਸਰੀਰ ਨਾਲ ਕੀਤੀ ਹੋਈ ਕਿਰਤ ਜਿਥੇ ਮਨੁੱਖ ਦੇ ਸਰੀਰ ਨੂੰ ਵਿਕਾਸਸ਼ੀਲ ਬਣਾਉਂਦੀ ਹੈ, ਉਥੇ ਉਸ ਦੇ ਮਨ, ਹਿਰਦੇ ਅਤੇ ਆਤਮਾ ਨੂੰ ਵੀ ਉਜਲਾ ਬਣਾ ਕੇ ਉਸ ਨੂੰ ਮਾਨਸਿਕ, ਮਨੋਭਾਵਕ ਅਤੇ ਆਤਮਕ ਵਿਕਾਸ ਪ੍ਰਦਾਨ ਕਰਦੀ ਹੈ। ਪ੍ਰੋ. ਪੂਰਨ ਸਿੰਘ ਨੇ ਇਸ ਗੱਲ ਦੀ ਪ੍ਰੋੜਤਾ ਕਰਦਿਆਂ ਲਿਖਿਆ ਹੈ:-

> "ਮਾਨਸਿਕ ਵਿਕਾਸ ਕਿੰਨਾ ਹੀ ਉਚਾ ਹੋਵੇ, ਰੂਹ ਨੂੰ ਸਾਫ਼ ਨਹੀਂ ਕਰਦਾ, ਮੈਲਾ ਕਰਦਾ ਹੈ। ਪਰ ਸਰੀਰ ਨਾਲ ਕੀਤੀ ਹੋਈ ਕਿਰਤ ਆਪ ਮੁਹਾਰੀ, ਜਿਸ ਤਰ੍ਹਾਂ ਬਿਰਛ ਉਤੇ ਫੁੱਲ ਫਲ ਆਣ ਲੱਗਦੇ ਹਨ, ਸਿਦਕ ਤੇ ਪਿਆਰ ਤੇ ਰੱਬ ਦੀ ਰੱਬਤਾ ਵਿੱਚ ਜਾਣ ਲੱਗ ਜਾਂਦੀ ਹੈ।"[56]

ਵਿਦਵਾਨ ਦੇ ਸੰਪੂਰਣ ਵਿਅਕਤਿਤਵ ਵਿਕਾਸ ਨੂੰ ਮੁੱਖ ਰੱਖ ਕੇ ਹੀ ਗੁਰੂ ਨਾਨਕ ਦੇਵ ਜੀ ਨੇ ਵਿਦਿਆ ਪ੍ਰਾਪਤੀ ਵਿੱਚ ਹੱਥ ਨਾਲ ਕੀਤੇ ਹੋਏ ਕੰਮ ਨੂੰ ਸਭ ਤੋਂ ਵੱਧ ਮਹੱਤਤਾ ਦਿੱਤੀ ਹੈ। ਡਾ: ਅਜੀਤ ਸਿੰਘ ਸਿੱਕਾ ਨੇ ਇਸ ਗੱਲ ਨੂੰ ਗੁਰੂ ਜੀ ਵੱਲੋਂ ਲਿਆਂਦੀ ਹੋਈ ਸਮਾਜਕ ਕ੍ਰਾਂਤੀ ਮੰਨ ਕੇ ਲਿਖਿਆ ਹੈ:-

> "ਗੁਰੂ ਨਾਨਕ ਨੇ ਹੱਥ ਨਾਲ ਕੀਤੇ ਹੋਏ ਕੰਮ ਨੂੰ ਦਿਮਾਗੀ ਕੰਮ ਨਾਲ ਜੋੜ ਕੇ ਚੁੱਪਚੁਪੀਤੇ ਹੀ ਸਮਾਜਕ ਕ੍ਰਾਂਤੀ ਲੈ ਆਂਦੀ।"[57]

ਨਿਰਸੰਦੇਹ, ਇਹ ਵਿਦਿਅਕ ਖੇਤਰ ਵਿੱਚ ਗੁਰੂ ਨਾਨਕ ਦੇਵ ਜੀ ਦਾ ਸਭ ਤੋਂ ਮਹਾਨ ਕਾਰਜ ਹੈ। ਇਸ ਗੱਲ ਨੂੰ ਚੰਗੀ ਤਰ੍ਹਾਂ ਸਪਸ਼ਟ ਕਰਨ ਲਈ ਡਾ: ਅਜੀਤ ਸਿੰਘ ਸਿੱਕਾ ਨੇ ਗੁਰੂ ਜੀ ਦੇ ਵਿਦਿਅਕ ਸਿਧਾਂਤ ਵਿੱਚ ਵਿਅਕਤਿਤਵ ਦੀ ਮਹੱਤਤਾ ਬਾਰੇ ਇਹ ਦੱਸਿਆ ਹੈ:-

> "ਗੁਰੂ ਜੀ, ਵਿੱਦਿਆ ਦਾ ਸਭ ਤੋਂ ਵੱਡਾ ਕੰਮ ਸੰਪੂਰਣ ਵਿਅਕਤਿਤਵ ਦੀ ਉਸਾਰੀ ਹੈ ਅਤੇ ਇਸ ਦਾ ਇਹ ਉਦੇਸ਼ ਸਭ ਤੋਂ ਉੱਤਮ ਸਮਝਿਆ ਜਾਣਾ ਚਾਹੀਦਾ ਹੈ। ਜਾਣਕਾਰੀ ਪ੍ਰਦਾਨ ਕਰਨਾ ਇਕ ਖੁਰਾਕ ਹੈ, ਪਰ ਵਿਅਕਤਿਤਵ ਉਹ

---

56. 'ਖੁੱਲ੍ਹੇ ਲੇਖ', ਪੰਨਾ 111.

57. "Guru Nanak brought a social revolution silently, when he combined manual work with brain work'—"Facets of Guru Nanak's Thought' P.104.

ਜ਼ਰੂਰੀ ਸੁਆਸ ਹੈ, ਜਿਸ ਦਾ ਕੰਮ ਖੁਰਾਕ ਤੋਂ ਪਹਿਲੇ ਸਮੁੱਚੀ ਪਾਚਣ-ਸ਼ਕਤੀ ਨੂੰ ਠੀਕ ਰੱਖਣਾ ਹੈ। ਕੇਵਲ ਸ਼ਬਦਾਂ ਦੀ ਜਾਣਕਾਰੀ ਵਿੱਚ ਵਾਧਾ ਕਰਨਾ ਹੀ ਵਿੱਦਿਆ ਪ੍ਰਾਪਤੀ ਨਹੀਂ ਹੈ, ਸਗੋਂ ਇਹ ਤਾਂ ਉਨ੍ਹਾਂ ਪਿਛੇ ਲੁਕੇ ਵਿਅਕਤਿਤਵ ਦਾ ਵਿਕਾਸ ਕਰਨ, ਸੂਝ ਸ਼ਕਤੀ ਵਧਾਣ, ਨੈਤਿਕ ਗੁਣ ਪ੍ਰਾਪਤ ਕਰਨ, ਸਚਿਆਈ, ਨੇਕੀ ਅਤੇ ਨਿਆਂ ਨਾਲ ਪਿਆਰ ਕਰਨ, ਸਾਦਗੀ ਅਤੇ ਖੁਲ੍ਹਦਿਲੀ ਧਾਰਨ, ਸਹਿਯੋਗ ਅਤੇ ਕਰਤੱਵ ਨਿਭਾਣ ਦੀ ਵਧੀਆ ਜਾਚ ਸਿੱਖਣ ਦਾ ਨਾਂ ਹੈ।"[58]

ਗੁਰੂ ਨਾਨਕ ਦੇਵ ਜੀ ਸਿੱਧ ਕਰ ਦਿੰਦੇ ਹਨ ਕਿ ਉਹੀ ਵਿੱਦਿਆ ਅਸਲ ਅਰਥਾਂ ਵਿੱਚ ਵਿੱਦਿਆ ਅਖਵਾ ਸਕਦੀ ਹੈ, ਜਿਹੜੀ ਮਨੁੱਖ ਨੂੰ ਸੰਪੂਰਣ ਵਿਅਕਤਿਤਵ ਵਿਕਾਸ ਪ੍ਰਦਾਨ ਕਰੇ। ਆਪ ਸਪਸ਼ਟ ਰੂਪ ਵਿੱਚ ਇਹ ਫੁਰਮਾਉਂਦੇ ਹਨ ਕਿ ਜਗਤ ਵਿੱਚ ਆਪਣੇ ਆਪ ਨੂੰ ਗਿਆਨੀ ਜਾਂ ਵਿਦਵਾਨ ਅਖਵਾਣ ਵਾਲੇ ਮਨੁੱਖ ਤਾਂ ਬਥੇਰੇ ਹਨ, ਪਰ ਕੋਈ ਵਿਰਲਾ ਹੀ 'ਆਚਾਰੀ' ਜਾਂ ਸੰਪੂਰਣ ਆਚਾਰ ਵਾਲਾ ਮਨੁੱਖ ਹੁੰਦਾ ਹੈ। ਇਸੇ ਤਰ੍ਹਾਂ, ਆਪਣੇ ਆਪ ਨੂੰ 'ਪੰਡਤ' ਜਾਂ ਪੜ੍ਹਿਆ ਲਿਖਿਆ ਅਖਵਾਣ ਵਾਲੇ ਤਾਂ ਬਥੇਰੇ ਹਨ, ਪਰ ਕੋਈ ਵਿਰਲਾ ਹੀ 'ਵਿਚਾਰੀ' ਅਰਥਾਤ ਪੜ੍ਹੇ ਹੋਏ ਉਤੇ ਵਿਚਾਰ ਕਰਨ ਵਾਲਾ ਹੁੰਦਾ ਹੈ। ਇਹੋ ਜਿਹੇ ਵਿਰਲੇ ਮਨੁੱਖ ਨੂੰ ਸੰਪੂਰਣ ਵਿਅਕਤਿਤਵ ਵਿਕਾਸ ਦੇ ਸੁਆਮੀ ਮੰਨ ਕੇ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:-

ਜਗਿ ਗਿਆਨੀ ਵਿਰਲਾ ਆਚਾਰੀ॥
ਜਗਿ ਪੰਡਿਤੁ ਵਿਰਲਾ ਵਿਚਾਰੀ॥[59]

ਗੁਰੂ ਨਾਨਕ ਦੇਵ ਜੀ ਹਰੇਕ ਪੂਰਨ ਵਿਦਵਾਨ ਤੋਂ ਇਹ ਆਸ ਰੱਖਦੇ ਹਨ ਕਿ ਉਹ ਆਪ ਸੰਪੂਰਣ ਵਿਅਕਤਿਤਵ ਦਾ ਮਾਲਕ ਹੁੰਦਾ ਹੋਇਆ ਹੋਰਨਾਂ ਨੂੰ ਵੀ ਚੰਗੇ ਮੰਦੇ ਦਾ ਠੀਕ

---

58. "Thus the chief concern of education is and ought to be the building of personality in its fullest sense. Imparting information is like food but personality is like the vital breath, thus the aim of it is to keep the digestion tuned up a little advance of food. It is not to get hold of mere words but personality behind them that makes him armed with knowledge, strength of judgement and moral virtues, love of truth, good and justice, simplicity and openness, sense of cooperation and duty well done."–Facets of Guru Nanak's Thought', P.103.

59. ਆਸਾ ਮ: 1, ਆਦਿ ਗ੍ਰੰਥ, ਪੰਨਾ 413.

ਵਿਚਾਰ ਕਰਨਾ ਸਿਖਾ ਕੇ ਇਹੋ ਜਿਹੀ ਸੰਪੂਰਣਤਾ ਵੱਲ ਵਧਾ ਕੇ ਵਿਖਾਏਗਾ। ਇਸ ਲਈ ਆਪ ਸਭ ਲੋਕਾਂ ਨੂੰ ਇਹੋ ਜਿਹੇ ਪੂਰਨ ਵਿਦਵਾਨ ਜਾਂ ਵਿਰਲੇ ਆਚਾਰੀ ਦੀ ਅਗਵਾਈ ਪਰਵਾਨ ਕਰਨ ਦੀ ਜੀਵਨ ਜਾਚ ਸਿਖਾਉਂਦੇ ਹਨ।

ਇਸ ਤਰ੍ਹਾਂ, ਗੁਰੂ ਨਾਨਕ ਦੇਵ ਜੀ ਕਿਰਤ ਨੂੰ ਵਿੱਦਿਆ ਦਾ ਆਧਾਰ ਮੰਨਦਿਆਂ ਹਰੇਕ ਮਨੁੱਖ ਨੂੰ ਅਜਿਹੀ ਵਿੱਦਿਆ ਪ੍ਰਾਪਤ ਕਰਨ ਦਾ ਉਪਦੇਸ਼ ਦਿੰਦੇ ਹਨ, ਜਿਹੜੀ ਸੰਪੂਰਣ ਵਿਅਕਤਿਤਵ ਵਿਕਾਸ ਪ੍ਰਦਾਨ ਕਰਦੀ ਹੈ ਅਤੇ ਜਿਸ ਦੀ ਪ੍ਰਾਪਤੀ ਨਾਲ ਹੋਰ ਮਨੁੱਖਾਂ ਦਾ ਵੀ ਭਲਾ ਕੀਤਾ ਜਾ ਸਕਦਾ ਹੈ।

## (੭) ਆਰਥਕ ਖੇਤਰ

ਮਾਨਵ ਸਮਾਜ ਦਾ ਵਿਕਾਸ ਹਰ ਪੱਖੋਂ ਆਪਣੇ ਆਰਥਕ ਪ੍ਰਬੰਧ ਨਾਲ ਸੰਬੰਧਿਤ ਹੁੰਦਾ ਹੈ। ਇਸ ਲਈ ਮਾਨਵ ਵਿਕਾਸ ਦੇ ਕਿਸੇ ਪੜਾਅ ਉੱਤੇ ਵੀ ਇਸ ਦੇ ਆਰਥਕ ਪ੍ਰਬੰਧ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ।

### ਆਰਥਕ ਖੇਤਰ ਦੀ ਮਹੱਤਤਾ

ਗੁਰੂ ਨਾਨਕ ਦੇਵ ਜੀ ਨੇ ਮਾਨਵ ਸਮਾਜ ਦੇ ਆਰਥਕ ਖੇਤਰ ਦੀ ਮਹੱਤਤਾ ਨੂੰ ਪੂਰੀ ਤਰ੍ਹਾਂ ਸਵੀਕਾਰਿਆ ਹੈ। ਆਪ ਜੀ ਨੇ ਇਸ ਨੂੰ ਸੰਸਾਰਕ ਜੀਵਨ ਦੇ ਯਥਾਰਥਕ ਪ੍ਰਬੰਧ ਦੇ ਰੂਪ ਵਿਚ ਪਛਾਣਿਆ ਹੈ। ਵਾਸਤਵ ਵਿਚ, ਆਪ ਮਨੁੱਖ ਦੇ ਪਰਮਾਰਥਕ ਜੀਵਨ ਉੱਤੇ ਬਲ ਦਿੰਦੇ ਹੋਏ, ਉਸ ਦੇ ਯਥਾਰਥਕ ਜੀਵਨ ਦੀ ਮਹੱਤਤਾ ਨੂੰ ਵੀ ਪੂਰੀ ਤਰ੍ਹਾਂ ਪਰਵਾਨਦੇ ਹਨ। ਡਾ. ਕੁਲਦੀਪ ਕੌਰ ਨੇ ਗੁਰੂ ਜੀ ਦੇ ਯਥਾਰਥਕ ਜੀਵਨ ਦ੍ਰਿਸ਼ਟੀਕੋਣ ਨੂੰ ਮੁੱਖ ਰੱਖਦਿਆਂ ਇਹ ਅਸਲੀਅਤ ਦਰਸਾਈ ਹੈ:-

> "ਸੰਸਾਰਕ ਜੀਵਨ ਅਤੇ ਪਰਮਾਰਥਕ ਜੀਵਨ ਅੱਡ ਅੱਡਰੇ ਨਹੀਂ; ਸਗੋਂ ਦੋਵੇਂ ਇਕ ਦੂਜੇ ਦੇ ਪੂਰਕ ਹੁੰਦੇ ਹਨ। ਪਰਮਾਰਥਕ ਸਿਧਾਂਤ ਸੰਸਾਰਕ ਜੀਵਨ ਲਈ ਸੇਧ ਪ੍ਰਦਾਨ ਕਰਦੇ ਹਨ ਅਤੇ ਸੰਸਾਰਕ ਜੀਵਨ ਜੀਉਣ ਦੇ ਢੰਗ ਤੋਂ ਹੀ ਪਰਮਾਰਥਕ ਸਿਧਾਂਤਾਂ ਦੀ ਵਰਤੋਂ ਦੀ ਪਰਪੱਕਤਾ ਦੀ ਪਰਖ ਕੀਤੀ ਜਾਂਦੀ ਹੈ।"[60]

---

60. 'ਗੁਰੂ ਨਾਨਕ ਤੇ ਸਿੱਖਿਆ', ਪੰਨਾ 9.

ਗੁਰੂ ਨਾਨਕ ਦੇਵ ਜੀ ਨੇ ਬੜੇ ਦੁਖਿਤ ਹਿਰਦੇ ਨਾਲ ਇਹ ਵੇਖਿਆ ਕਿ ਉਸ ਸਮੇਂ ਦੇਸ਼ ਦੀ ਆਰਥਕ ਹਾਲਤ ਬੜੀ ਤਰਸ-ਯੋਗ ਹੋ ਚੁੱਕੀ ਸੀ। ਦੇਸ਼ ਦੀ ਨਵੇਂ ਸਮੇਂ ਦੀ ਗੁਲਾਮੀ ਕਾਰਨ ਇਸ ਦੀ ਆਰਥਕ ਵਿਵਸਥਾ ਬਿਲਕੁਲ ਨਿਘਰ ਗਈ ਸੀ। ਰਾਜ-ਸਤਾ ਦੇ ਵਿਦੇਸ਼ੀ ਅਧਿਕਾਰੀ ਭਾਰਤੀ ਜਨਤਾ ਨੂੰ ਜਾਣ ਬੁਝ ਕੇ ਆਰਥਕ ਮੰਦੇ-ਹਾਲੀ ਵਿੱਚ ਰੱਖਣਾ ਚਾਹੁੰਦੇ ਸਨ, ਇਸ ਲਈ ਉਹ ਗਰੀਬ ਜਨਤਾ ਉਤੇ ਕੀਤੀ ਹੋਈ ਆਰਥਕ ਲੁੱਟ ਖਸੁੱਟ ਨੂੰ ਉਤਸ਼ਾਹਿਤ ਕਰਦੇ ਸਨ। ਪਰਜਾ ਵੀ ਆਪਣੇ ਅਧਿਕਾਰਾਂ ਦੇ ਗਿਆਨ ਤੋਂ ਅਣਜਾਣ ਹੁੰਦੀ ਹੋਈ ਇਸ ਲੁੱਟ ਖਸੁੱਟ ਨੂੰ ਚੁੱਪ ਚੁਪੀਤੇ ਸਹਿਣ ਕਰ ਰਹੀ ਸੀ। ਗੁਰੂ ਨਾਨਕ ਦੇਵ ਜੀ ਨੇ ਦੇਸ਼ ਦੇ ਆਰਥਕ ਪ੍ਰਬੰਧ ਦੀ ਇਸ ਅਧੋਗਤੀ ਵਿਰੁਧ ਬਲਵਾਨ ਅਵਾਜ਼ ਉਠਾਉਂਦਿਆਂ ਗਰੀਬ ਜਨਤਾ ਨੂੰ ਇਹ ਆਰਥਕ ਲੁੱਟ ਸਹਿਣ ਤੋਂ ਇਉਂ ਵਰਜਿਆ ਹੈ:-

ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥[61]

ਇਸ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇਸ਼ ਦੇ ਆਰਥਕ ਪ੍ਰਬੰਧ ਨੂੰ ਸੁਧਾਰ ਕੇ ਇਸ ਦੀ ਸਮੁੱਚੀ ਆਰਥਕ ਵਿਵਸਥਾ ਨੂੰ ਸੁਧਾਰਣਾ ਚਾਹੁੰਦੇ ਹਨ ਅਤੇ ਗਰੀਬ ਜਨਤਾ ਦੀ ਆਰਥਕ ਮੰਦਹਾਲੀ ਨੂੰ ਦੂਰ ਕਰਨ ਉਤੇ ਵਿਸ਼ੇਸ਼ ਬਲ ਦਿੰਦੇ ਹਨ।

## ਵਿਚਕਾਰਲੀ ਆਰਥਕ ਅਵਸਥਾ

ਗੁਰੂ ਨਾਨਕ ਦੇਵ ਜੀ ਸਭ ਲੋਕਾਂ ਨੂੰ ਆਰਥਕ ਤੌਰ ਉਤੇ ਸੁਤੰਤਰ ਵੇਖਣ ਦੇ ਚਾਹਵਾਨ ਸਨ। ਇਸ ਲਈ, ਆਪ ਸਭ ਲੋਕਾਂ ਨੂੰ ਉਪਦੇਸ਼ਦੇ ਸਨ ਕਿ ਕਿਰਤ ਨੂੰ ਆਰਥਕ ਸੁਤੰਤਰਤਾ ਪ੍ਰਾਪਤੀ ਦਾ ਮੁੱਖ ਸਾਧਨ ਸਮਝ ਕੇ ਇਸ ਨੂੰ ਆਪਣੇ ਜੀਵਨ ਵਿੱਚ ਅਪਣਾ ਕੇ ਵਿਖਾਓ। ਗੁਰੂ ਜੀ ਲੋਕਾਂ ਨੂੰ ਇਹ ਵੀ ਦਰਸਾ ਦਿੰਦੇ ਸਨ ਕਿ ਕਿਰਤ ਮਨੁੱਖ ਨੂੰ ਆਰਥਕ ਤੌਰ ਉਤੇ ਸੁਤੰਤਰ ਬਣਾਉਂਦੀ ਹੈ, ਪਰ ਇਹ ਉਸ ਨੂੰ ਬਹੁਤ ਅਮੀਰ ਨਹੀਂ ਬਣਾਉਂਦੀ। ਇਉਂ ਸਮਝੋ, ਇਹ ਉਸ ਨੂੰ ਵਿਚਕਾਰਲੀ ਆਰਥਕ ਅਵਸਥਾ ਵਿੱਚ ਰੱਖਦੀ ਹੈ। ਗੁਰੂ ਜੀ ਦੇ ਵਿਚਾਰ ਅਨੁਸਾਰ, ਇਹੀ ਮਨੁੱਖ ਲਈ ਸਭ ਤੋਂ ਚੰਗੀ ਆਰਥਕ ਅਵਸਥਾ ਹੈ। ਆਪ ਸਭ ਮਨੁੱਖਾਂ ਨੂੰ ਇਸੇ ਆਰਥਕ ਅਵਸਥਾ ਵਿੱਚ ਰੱਖਣ ਦੇ ਸਮਰਥੱਕ ਸਨ। ਆਪ ਚਾਹੁੰਦੇ ਸਨ ਕਿ ਮਨੁੱਖ ਆਰਥਕ ਤੌਰ ਉਤੇ ਸੁਤੰਤਰ ਹੁੰਦੇ ਹੋਏ ਵੀ ਅਮੀਰੀ ਦੀ ਆਰਥਕ ਅਵਸਥਾ ਵਿੱਚ ਕਦੀ ਪਰਵੇਸ਼ ਨਾ ਕਰਨ ਕਿਉਂਕਿ ਇਹ ਔਕੜਾਂ ਨਾਲ ਭਰੀ ਹੋਈ ਅਵਸਥਾ ਹੈ।

---

61. ਆਸਾ ਦੀ ਵਾਰ ਮ: 1, ਆਦਿ ਗ੍ਰੰਥ, ਪੰਨਾ 469.

ਵਾਸਤਵ ਵਿੱਚ, ਗੁਰੂ ਨਾਨਕ ਦੇਵ ਜੀ ਵੱਖ ਵੱਖ ਮਨੁੱਖਾਂ ਵਿੱਚ ਬਹੁਤ ਆਰਥਕ ਪਾੜ ਉਤਪੰਨ ਕਰਨ ਦੇ ਵਿਰੁਧ ਸਨ, ਕਿਉਂਕਿ ਇਸ ਤੋਂ ਹੀ ਸਭ ਪ੍ਰਕਾਰ ਦੇ ਨੈਤਿਕ ਪਾੜ ਉਤਪੰਨ ਹੁੰਦੇ ਸਨ। ਗਰੀਬ ਕਿਰਤੀ ਲੋਕ ਤਾਂ ਵਿਚਾਰਨੀ ਆਰਥਕ ਅਵੱਸਥਾ ਵਿੱਚ ਰਹਿੰਦਿਆਂ ਨੈਤਿਕ ਹੱਦ ਉਲੰਘਣ ਦਾ ਕਦੀ ਜਤਨ ਨਹੀਂ ਕਰਦੇ, ਪਰ ਕਿਰਤਚੋਰ ਅਮੀਰ ਵਿਅਕਤੀ ਆਪਣੀ ਉੱਚੀ ਆਰਥਕ ਅਵਸਥਾ ਦਾ ਅਯੋਗ ਲਾਭ ਉਠਾਉਂਦਿਆਂ ਨੈਤਿਕ ਹੱਦਾਂ ਉਲੰਘਣ ਤੋਂ ਜ਼ਰਾ ਸੰਕੋਚ ਨਹੀਂ ਕਰਦੇ। ਗੁਰੂ ਜੀ ਤਾਂ ਇਹ ਅਸਲੀਅਤ ਵੀ ਦਰਸਾ ਦਿੰਦੇ ਸਨ ਕਿ ਧਨ ਦੌਲਤ ਦੀ ਅਧਿਕ ਪ੍ਰਾਪਤੀ ਨੈਤਿਕ ਹੱਦਾਂ ਉਲੰਘਣ ਜਾਂ ਪਾਪ ਕਮਾਣ ਬਾਝੋਂ ਨਹੀਂ ਹੋ ਸਕਦੀ। ਇਸੇ ਲਈ ਆਪ ਫਰਮਾਉਂਦੇ ਸਨ:-

ਪਾਪਾ ਬਾਝਹੁ ਹੋਵੈ ਨਾਹੀ, ਮੁਇਆ ਸਾਥਿ ਨ ਜਾਈ।।"[62]

ਗੁਰੂ ਨਾਨਕ ਦੇਵ ਜੀ ਦਾ ਦ੍ਰਿੜ੍ਹ ਵਿਸ਼ਵਾਸ ਹੈ ਕਿ ਜਿਵੇਂ ਅਮੀਰ ਬੰਦਾ ਪਾਪ ਕਮਾਏ ਬਿਨਾ ਬਹੁਤ ਦੌਲਤ ਇਕੱਠੀ ਨਹੀਂ ਕਰ ਸਕਦਾ, ਉਵੇਂ ਕਿਰਤੀ ਜਿਹੜਾ ਗੁਜ਼ਾਰੇ ਜੋਗਾ ਧਨ ਕਮਾਉਂਦਾ ਹੈ, ਪਾਪ ਦੇ ਕਦੀ ਨੇੜੇ ਤੇੜ ਨਹੀਂ ਜਾਂਦਾ, ਕਿਉਂਕਿ ਕਿਰਤ ਕਰਦਿਆਂ ਉਸ ਨੂੰ ਬੁਰੇ ਕੰਮਾਂ ਜਾਂ ਬੁਰੇ ਵਿਚਾਰਾਂ ਵੱਲ ਧਿਆਨ ਦੇਣ ਦਾ ਸਮਾਂ ਹੀ ਨਹੀਂ ਮਿਲਦਾ। ਪ੍ਰੋ. ਪੂਰਨ ਸਿੰਘ ਨੇ ਇਸ ਵਿਚਾਰ ਦੀ ਪੁਸ਼ਟੀ ਇਉਂ ਕੀਤੀ ਹੈ:-

> "ਇਕ ਬੰਦਾ, ਜਿਹੜਾ ਸਹਿਜ ਸੁਭਾ ਆਪਣੇ ਕੰਮ ਵਿੱਚ ਅੱਠੇ ਪਹਿਰ ਹੀ ਧਿਆਨ ਨਾਲ ਲੱਗਾ ਹੈ, ਉਸ ਨੂੰ ਮਾੜੇ ਚਿੰਤਨ ਤੇ ਕੰਗਾਲਤਾ ਦੇ ਪਾਮਰ ਕਰਮ ਕਰਨ ਦੀ ਵੇਹਲ ਹੀ ਨਹੀਂ ਲਗਦੀ..... ਸਿਆਣਿਆਂ ਨੇ ਜੋ ਕਿਹਾ ਹੈ ਕਿ ਨਿਕੰਮਾ ਮਨ ਸ਼ੈਤਾਨ ਦੀ ਆਪਣੀ ਟਕਸਾਲ ਹੋ ਜਾਂਦਾ ਹੈ, ਇਸ ਕਥਨ ਵਿੱਚ ਬੜਾ ਸੱਚ ਭਰਿਆ ਪਿਆ ਹੈ।"[63]

ਗੁਰੂ ਨਾਨਕ ਦੇਵ ਜੀ ਦੇ ਵਿਚਾਰ ਅਨੁਸਾਰ, ਅਧਿਕ ਆਰਥਕ ਪਾੜ ਤੋਂ ਹੀ ਅਧਿਕ ਵਿਹਾਰਕ ਪਾੜ ਉਤਪੰਨ ਹੁੰਦਾ ਹੈ। ਜਿਵੇਂ ਕੰਮ ਵਿੱਚ ਲੱਗਾ ਹੋਇਆ ਗਰੀਬ ਕਿਰਤੀ ਨਿਮ੍ਰਤਾ ਅਤੇ ਮਿਹਨਤ ਦਾ ਪੁਤਲਾ ਬਣ ਕੇ ਵਿਖਾਉਂਦਾ ਹੈ, ਉਵੇਂ ਵਿਹਲਾ ਰਹਿਣ ਵਾਲਾ ਅਮੀਰ ਬੰਦਾ ਘਰ ਬੈਠੇ ਹਉਮੈ ਅਤੇ ਹੰਕਾਰ ਦਾ ਅਕਲੀ ਬਾਣ ਬਣਿਆ ਰਹਿੰਦਾ ਹੈ। ਗਰੀਬ ਕਿਰਤੀ ਨੂੰ

---

62. ਰਾਗੁ ਆਸਾ ਮ: 1, ਆਦਿ ਗ੍ਰੰਥ, ਪੰਨਾ 417.
63. 'ਖੁੱਲ੍ਹੇ ਲੇਖ', ਪੰਨਾ 110.

ਉਸ ਦੀ ਨਿਮ੍ਰਤਾ ਸਦਾ ਸ਼ਾਂਤ ਰੱਖਦੀ ਹੈ, ਪਰ ਹੰਕਾਰੀ ਅਮੀਰ ਨੂੰ ਉਸ ਦਾ ਹੰਕਾਰ ਸਾੜ ਸੁਟਦਾ ਹੈ। ਗੁਰੂ ਜੀ ਇਹੋ ਜਿਹੇ ਅਮੀਰ ਨੂੰ ਆਪਣੇ ਅਭਿਮਾਨ ਵਿੱਚ ਸੜਦਿਆਂ ਇਉਂ ਵਿਖਾਉਂਦੇ ਹਨ:-

ਮਹਰ ਮਲੂਕ ਕਹਾਈਐ ਰਾਜਾ ਰਾਉ ਕਿ ਖਾਨੁ।।
ਚਉਧਰੀ ਰਾਉ ਸਦਾਈਐ ਜਲਿ ਬਲੀਐ ਅਭਿਮਾਨ।।"[64]

ਗੁਰੂ ਨਾਨਕ ਦੇਵ ਜੀ ਇਹ ਅਸਲੀਅਤ ਵੀ ਦਰਸਾ ਦਿੰਦੇ ਹਨ ਕਿ ਜੇ ਕੋਈ ਅਮੀਰ ਬੰਦਾ ਧਰਮ ਕਰਮ ਦੀ ਗੱਲ ਕਰਦਾ ਹੈ ਜਾਂ ਪੁੰਨ ਦਾਨ ਕਰਨ ਦੇ ਦਾਅਵੇ ਬੰਨ੍ਹਦਾ ਹੈ ਤਾਂ ਇਸ ਨਾਲ ਇਕ ਤਾਂ ਉਹ ਆਪਣੇ ਅਭਿਮਾਨ ਨੂੰ ਹੋਰ ਚਮਕਾਣ ਦਾ ਜਤਨ ਕਰਦਾ ਹੈ, ਦੂਜੇ ਆਪਣੇ ਕਿਸੇ ਵਿਕਾਰਾਂ ਦੇ ਜਾਲ ਉਤੇ ਪਰਦਾ ਪਾਣ ਦੀ ਚਾਲ ਚਲਦਾ ਹੈ। ਇਹੋ ਜਿਹੇ ਪੁੰਨ ਦਾਨ ਦਾ ਸਭ ਤੋਂ ਵੱਡਾ ਨੁਕਸਾਨ ਇਹ ਹੈ ਕਿ ਇਸ ਨਾਲ ਦਾਨੀ ਅਮੀਰ ਪੁਰਸ਼ ਮਾਨਵ ਸਮਾਜ ਵਿੱਚ ਪਏ ਹੋਏ ਆਰਥਕ ਪਾੜ ਨੂੰ ਜਾਣ ਬੁੱਝ ਕੇ ਹੋਰ ਵਧਾਣ ਦਾ ਜਤਨ ਕਰਦਾ ਹੈ, ਕਿਉਂਕਿ ਉਹ ਜਾਣਦਾ ਹੈ ਕਿ ਪੁੰਨ ਦਾਨ ਉਤੇ ਨਿਰਭਰ ਰਹਿ ਕੇ ਗਰੀਬ ਬੰਦੇ ਆਪਣੀ ਆਰਥਕ ਦਸ਼ਾ ਸੁਧਾਰਣ ਲਈ ਕੋਈ ਉਦੱਮ ਨਹੀਂ ਕਰਦੇ। ਪ੍ਰੋ. ਪੂਰਨ ਸਿੰਘ ਨੇ ਅਮੀਰ ਬੰਦੇ ਦੀ ਇਹੋ ਜਿਹੀ ਹਰ ਚਾਲ ਨੂੰ ਭਾਂਪ ਕੇ ਇਹ ਦਰਸਾਇਆ ਹੈ:-

"ਨਿਕੰਮੇ ਹੋਣ ਕਰਕੇ ਉਨ੍ਹਾਂ ਨੂੰ ਧਰਮ ਕਰਮ ਦੀਆਂ ਗੱਲਾਂ, ਮਸਜਿਦਾਂ, ਮੰਦਰ ਬਣਾਉਣ ਦੇ ਅਹੰਕਾਰੀ ਤੇ ਬਨਾਵਟੀ ਦਾਨ ਤੇ ਖੈਰਾਇਤਾਂ ਸੁਝਦੀਆਂ ਹਨ। ਉਨ੍ਹਾਂ ਨੂੰ ਅਗਰ ਕਿਸੇ ਦੇ ਕਹੇ ਕਿਹਾ ਜਾਏ ਤਦ ਸਾਧਾਰਨ ਉਨ੍ਹਾਂ ਦੀ ਸੁਰਤਿ ਦੀ ਹਾਲਤ ਦਾ ਵਰਣਨ ਹੈ।"[65]

ਗੁਰੂ ਨਾਨਕ ਦੇਵ ਜੀ ਤਾਂ ਇਹੋ ਜਿਹੇ ਅਭਿਮਾਨ ਅਤੇ ਚਤਰਾਈ ਭਰੇ ਦਾਨ ਨੂੰ ਦਾਨ ਸਮਝਦੇ ਹੀ ਨਹੀਂ। ਆਪ ਅਸਲ ਦਾਨ ਕੇਵਲ ਉਸ ਨੂੰ ਸਮਝਦੇ ਹਨ ਜਿਹੜਾ ਘਾਲ ਕਮਾਈ ਕਰਨ ਵਾਲਾ ਕਿਰਤੀ ਆਪਣੇ ਹੱਥੀਂ ਕਮਾ ਕੇ, ਲੋੜਵੰਦਾਂ ਨੂੰ ਸਹਾਇਤਾ ਵਜੋਂ ਦਿੰਦਾ ਹੈ।[66]

ਗੁਰੂ ਜੀ ਅਮੀਰ ਬੰਦਿਆਂ ਨੂੰ ਮਾਇਆ ਕੇ 'ਦੇਵਤੇ', ਕਹਿੰਦੇ ਹਨ, ਅਤੇ

---

64. ਸਿਰੀ ਰਾਗੁ ਮ: 1, ਆਦਿ ਗ੍ਰੰਥ, ਪੰਨਾ 63.
65. ਖੁੱਲ੍ਹੇ ਲੇਖ, ਪੰਨਾ 113.
66. ਘਾਲਿ ਖਾਇ ਕਿਛੁ ਹਥਹੁ ਦੇਇ।। ਨਾਨਕ ਰਾਹੁ ਪਛਾਣਹਿ ਸੇਇ।।
(ਸਾਰੰਗ ਕੀ ਵਾਰ, ਸਲੋਕ ਮ: 1, ਆਦਿ ਗ੍ਰੰਥ, ਪੰਨਾ 1245.

ਦਰਸਾਉਂਦੇ ਹਨ ਕਿ ਇਹੋ ਜਿਹੇ 'ਦੇਵਾਨੇ', ਅਰਥਾਤ ਆਪਣੀ ਅਮੀਰੀ ਵਿੱਚ ਪਾਗਲ ਹੋਏ ਬੰਦੇ ਜੋ ਦਾਨ ਕਰਨ ਦਾ ਦਿਖਾਵਾ ਕਰਦੇ ਹਨ ਤਾਂ ਉਹ ਕੇਵਲ ਝੂਠੀ ਠੱਗੀ ਦਾ ਪਸਾਰਾ ਕਰਦੇ ਹਨ। ਉਨ੍ਹਾਂ ਦਾ ਦਾਨ ਇਸ ਠੱਗੀ ਤੋਂ ਵੱਧ ਕੇ ਹੋਰ ਕੁਝ ਵੀ ਨਹੀਂ। ਗੁਰੂ ਜੀ ਸਭ ਲੋਕਾਂ ਨੂੰ ਇਸ ਤੋਂ ਸਾਵਧਾਨ ਰਹਿਣ ਲਈ ਇਹ ਚਿਤਾਵਨੀ ਦਿੰਦੇ ਹਨ:-

ਮਾਇਆ ਕੇ ਦੇਵਾਨੇ ਪ੍ਰਾਣੀ ਝੂਠਿ ਠਗਉਰੀ ਪਾਈ॥[67]

ਇਸੇ ਲਈ, ਗੁਰੂ ਨਾਨਕ ਦੇਵ ਜੀ ਹਰੇਕ ਮਨੁੱਖ ਨੂੰ ਅਮੀਰ ਬੰਦੇ ਵੱਲੋਂ ਦਾਨ ਵਜੋਂ ਕੀਤੇ ਹੋਏ ਭੋਜ ਜਾਂ ਬ੍ਰਹਿਮ-ਭੋਜ ਤੋਂ ਦੂਰ ਰਹਿਣ ਦਾ ਉਪਦੇਸ਼ ਦਿੰਦੇ ਹਨ। ਇਸੇ ਕਰ ਕੇ ਆਪ ਇੱਕ ਗਰੀਬ ਕਿਰਤੀ ਦੀ ਸੁੱਕੀ ਜਿਹੀ ਰੋਟੀ ਵਿੱਚੋਂ ਦੁੱਧ ਅਤੇ ਅਮੀਰ ਦੇ ਤਲੇ ਹੋਏ ਪਕਵਾਨਾਂ ਵਿਚੋਂ ਲਹੂ ਨਿਕਲਦਾ ਵਿਖਾਉਂਦੇ ਹਨ। ਇਸ ਤਰ੍ਹਾਂ, ਆਪ ਗਰੀਬ ਅਤੇ ਅਮੀਰ ਦੇ ਆਰਥਕ ਪਾੜ੍ਹ ਨੂੰ ਦੁੱਧ ਅਤੇ ਲਹੂ ਦਾ ਪਾੜ੍ਹ ਸਿੱਧ ਕਰ ਕੇ ਵਿਖਾਉਂਦੇ ਹਨ। ਆਪ ਇਸ ਪਾੜ੍ਹ ਨੂੰ ਖ਼ਤਮ ਕਰਨਾ ਚਾਹੁੰਦੇ ਹਨ, ਇਸ ਲਈ ਆਪ ਗਰੀਬ ਲੋਕਾਂ ਨੂੰ ਉਚਾ ਉਠਾਣ ਅਤੇ ਅਮੀਰਾਂ ਨੂੰ ਥੱਲੇ ਲਿਆਣ ਦੀ ਜੁਗਤ ਦਰਸਾ ਕੇ ਮਾਨਵ ਸਮਾਜ ਵਿੱਚ ਇੱਕਸਾਰਨੀ ਆਰਥਕ ਅਵਸਥਾ ਪਰਚਲਤ ਕਰਨ ਦਾ ਪੂਰਾ ਉਦਮ ਕਰ ਕੇ ਵਿਖਾਉਂਦੇ ਹਨ।

## (੭) ਰਾਜਸੀ ਖੇਤਰ

ਗੁਰੂ ਨਾਨਕ ਦੇਵ ਜੀ ਨੇ ਜਿਥੇ ਮਾਨਵ ਸਮਾਜ ਦੇ ਆਰਥਕ ਖੇਤਰ ਵਿੱਚ ਪਏ ਹੋਏ ਪਾੜ੍ਹ ਵਿਰੁਧ ਆਵਾਜ਼ ਉਠਾਈ ਹੈ, ਉਥੇ ਇਸ ਦੇ ਰਾਜਸੀ ਖੇਤਰ ਵਿੱਚਲੇ ਪਾੜ੍ਹ ਵਿਰੁਧ ਵੀ ਬੜੀ ਬਲਵਾਨ ਆਵਾਜ਼ ਉਠਾਈ ਹੈ।

### ਰਾਜਸੀ ਪਾੜ੍ਹ

ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਦੇ ਰਾਜਸੀ ਖੇਤਰ ਵਿੱਚ ਸਭ ਤੋਂ ਵੱਡਾ ਪਾੜ੍ਹ ਇਹ ਵੇਖਿਆ ਕਿ ਜਿਥੇ ਜਨਤਾ ਦੇ ਕਿਰਤੀ ਮਨੁੱਖ ਕਰੜੀ ਮਿਹਨਤ ਕਰ ਕੇ ਮੁਸ਼ਕਲ ਨਾਲ ਦੈਨਿਕ ਆਹਾਰ-ਪੂਰਤੀ ਕਰ ਸਕਦੇ ਹਨ, ਉਥੇ ਰਾਜ-ਸੱਤਾ ਦੇ ਅਧਿਕਾਰੀ ਜਾਂ ਰਾਜਸੀ ਕਰਮਚਾਰੀ ਆਪਣੇ ਚੰਗੀ ਕੋਈ ਕੰਮ ਨਾ ਕਰਦੇ ਹੋਏ ਵੀ ਲੋਕਾਂ ਤੋਂ ਧਿੰਗੋਜ਼ੋਰੀ ਮਾਲ ਦੌਲਤ ਖੋਹ ਕੇ ਬੜਾ ਧਨ ਇਕੱਠਾ ਕਰ ਲੈਂਦੇ ਹਨ। ਇਸ ਤੋਂ ਆਪ ਜੀ ਨੇ ਅਨੁਭਵ ਕੀਤਾ ਕਿ ਉਨ੍ਹਾਂ

---

67. ਰਾਮਕਲੀ ਮ: 1, ਦਖਣੀ ਓਅੰਕਾਰੁ, ਆਦਿ ਗ੍ਰੰਥ, ਪੰਨਾ 930.

ਦੀ ਕਿਰਤਖੋਰ ਰੁੱਚੀ ਅਤੇ ਅਣਕਮਾਈ ਅਮੀਰੀ ਉਨ੍ਹਾਂ ਨੂੰ ਨਿਰਦਈ ਅਤੇ ਅਤਿਆਚਾਰੀ ਬਣਾਈ ਰੱਖਦੀ ਹੈ। ਇਸ ਲਈ ਆਪ ਇਕ ਬੜਾ ਮੌਲਿਕ ਅਤੇ ਨਿਰੋਇਆ ਸਿਧਾਂਤ ਪੇਸ਼ ਕਰਦੇ ਹਨ ਕਿ ਰਾਜਸੀ ਕਰਮਚਾਰੀਆਂ ਜਾਂ ਹਾਕਮ ਸ਼੍ਰੇਣੀ ਦੇ ਵਿਅਕਤੀਆਂ ਨੂੰ ਵੀ ਹੱਥੀਂ ਕਿਰਤ ਕਰਨੀ ਚਾਹੀਦੀ ਹੈ, ਤਾਂ ਜੁ ਉਹ ਗਰੀਬ ਲੋਕਾਂ ਦੀ ਅਸਲ ਹਾਲਤ ਤੋਂ ਜਾਣੂੰ ਹੋ ਕੇ ਉਨ੍ਹਾਂ ਉਤੇ ਅਤਿਆਚਾਰ ਨਾ ਕਰਨ।

ਉਸ ਸਮੇਂ ਦੀ ਰਾਜਸੀ ਹਾਲਤ ਨੂੰ ਵੇਖ ਕੇ ਗੁਰੂ ਨਾਨਕ ਦੇਵ ਜੀ ਨੂੰ ਬੜਾ ਦੁੱਖ ਹੋਇਆ ਕਿ ਦੇਸ਼ ਦੇ ਰਾਜ-ਖੇਤਰ ਵਿੱਚ ਸਭ ਪਾਸੇ ਅਤਿਆਚਾਰ ਦਾ ਹੀ ਬੋਲਬਾਲਾ ਹੈ। ਕੀ ਰਾਜੇ ਤੇ ਕੀ ਰਾਜ-ਕਰਮਚਾਰੀ ਸਭ ਗਰੀਬ ਕਿਰਤੀ ਲੋਕਾਂ ਦਾ ਲਹੂ ਪੀਣ ਲਈ ਵਹਿਸ਼ੀ ਦਰਿੰਦੇ ਬਣੇ ਹੋਏ ਹਨ। ਗੁਰੂ ਜੀ ਉਨ੍ਹਾਂ ਨੂੰ ਪਰਜਾ ਦੀ ਰੱਤ ਚਟਦਿਆਂ ਇਉਂ ਵਿਖਾਉਂਦੇ ਹਨ:-

ਰਾਜੇ ਸੀਹ ਮੁਕਦਮ ਕੁਤੇ॥
ਜਾਇ ਜਗਾਇਨਿ ਬੈਠੇ ਸੁਤੇ॥
ਚਾਕਰ ਨਹਦਾ ਪਾਇਨਿ ਘਾਉ॥
ਰਤੁ ਪਿਤੁ ਕੁਤਿਹੋ ਚਟਿ ਜਾਹੁ॥"[68]

ਗੁਰੂ ਜੀ ਇਸ ਰਾਜਸੀ ਅਤਿਆਚਾਰ ਨੂੰ ਦੂਰ ਕਰਨ ਦੀ ਇਕੋ ਵਿਧੀ ਦਰਸਾਉਂਦੇ ਹਨ ਕਿ ਇਹ ਰਾਜਸੀ ਕਰਮਚਾਰੀ ਵੀ ਲੋਕਾਂ ਵਾਂਗ ਕਿਰਤ ਕਰਨਾ ਅਤੇ ਹੱਥ ਨਾਲ ਕੰਮ ਕਰਨਾ ਸਿੱਖਣ ਤਾਂ ਜੁ ਕਿਰਤੀਆਂ ਨੂੰ ਪਿਆਰ ਕਰ ਸਕਣ। ਆਪਜੀ ਨੇ ਇਥੇ ਇਸ ਗੱਲ ਦੀ ਲੋੜ ਪਰਗਟਾਈ ਹੈ ਕਿ ਇਨ੍ਹਾਂ ਵਹਿਸ਼ੀ ਦਰਿੰਦਿਆਂ ਨੂੰ ਦਰਿੰਦੇ ਨਾ ਰਹਿਣ ਦਿਓ, ਸਗੋਂ ਕਿਰਤ ਕਰਨਾ ਸਿਖਾ ਕੇ ਸਾਧਾਰਣ ਲੋਕਾਂ ਵਿੱਚ ਤਬਦੀਲ ਕਰ ਦਿਓ।

<u>ਰਾਜਸੀ ਭ੍ਰਿਸ਼ਟਾਚਾਰ</u>

ਗੁਰੂ ਨਾਨਕ ਦੇਵ ਜੀ ਨੇ ਬੜੇ ਦੁਖਿਤ ਹਿਰਦੇ ਨਾਲ ਵੇਖਿਆ ਕਿ ਦੇਸ਼ ਦੇ ਰਾਜਸੀ ਖੇਤਰ ਵਿੱਚ ਅਤਿਆਚਾਰ ਦੇ ਨਾਲ ਨਾਲ ਭ੍ਰਿਸ਼ਟਾਚਾਰ ਦਾ ਵੀ ਬੜਾ ਪਸਾਰਾ ਪਸਰਿਆ ਹੋਇਆ ਹੈ। ਇਹ ਭ੍ਰਿਸ਼ਟਾਚਾਰ ਵਧੇਰੇ ਕਰਕੇ ਉਨ੍ਹਾਂ ਰਾਜ-ਕਰਮਚਾਰੀਆਂ

---

68. ਵਾਰ ਮਲਾਰ ਕੀ ਮ: 1, ਆਦਿ ਗ੍ਰੰਥ, ਪੰਨਾ 1288.

ਵਿੱਚ ਵੇਖਿਆ ਹੋਇਆ ਹੈ, ਜਿਹੜੇ ਰਾਜ-ਅਧਿਕਾਰੀ ਦੇ ਨਾਲ ਨਾਲ ਨਿਆਂ-ਅਧਿਕਾਰੀ ਵੀ ਬਣੇ ਹੋਏ ਸਨ। ਗੁਰੂ ਜੀ ਇਨ੍ਹਾਂ ਅਧਿਕਾਰੀਆਂ ਵੱਲੋਂ ਵੱਢੀ ਲੈਣ ਨੂੰ ਗਰੀਬ ਜਨਤਾ ਦਾ ਲਹੂ ਪੀਣ ਦੇ ਬਰਾਬਰ ਸਮਝਦੇ ਸਨ। ਆਪ ਜੀ ਦਾ ਵਿਚਾਰ ਹੈ ਕਿ ਇਨ੍ਹਾਂ ਨਿਆਂ-ਅਧਿਕਾਰੀਆਂ ਨੇ ਕਿਰਤ ਦੀ ਨੇਕ ਕਮਾਈ ਦਾ ਅਸਲ ਸੁਆਦ ਕਦੀ ਨਹੀਂ ਚੱਖਿਆ, ਇਸੇ ਲਈ ਇਹ ਭ੍ਰਿਸ਼ਟਾਚਾਰ ਦਾ ਗੰਦਾ ਰਸ ਲੈਣ ਦੀ ਭੁੱਖ ਮਾਰਦੇ ਰਹਿੰਦੇ ਸਨ। ਗੁਰੂ ਜੀ ਦਰਸਾਉਂਦੇ ਸਨ ਕਿ ਜੇ ਧਾਰਮਕ ਆਗੂ ਜਾਂ ਪਤਵੰਤੇ ਕਾਜ਼ੀ ਰਾਜ-ਸਤਾ ਪ੍ਰਾਪਤ ਕਰ ਕੇ ਨਿਆਂ-ਅਧਿਕਾਰੀ ਬਣ ਜਾਂਦੇ ਸਨ ਤਾਂ ਉਹ ਵੀ ਕਿਰਤ-ਹੀਣ ਰਹਿਣ ਕਰਕੇ ਭ੍ਰਿਸ਼ਟਾਚਾਰੀ ਹੋ ਜਾਂਦੇ ਸਨ ਅਤੇ ਉਨ੍ਹਾਂ ਦਾ ਇਹ ਹਾਲ ਹੋ ਜਾਂਦਾ ਹੈ ਕਿ:-

ਕਾਜ਼ੀ ਹੋਇ ਕੈ ਬਹੈ ਨਿਆਇ॥
ਫੇਰੇ ਤਸਬੀ ਕਰੇ ਖੁਦਾਇ॥
ਵਢੀ ਲੈ ਕੈ ਹਕੁ ਗਵਾਏ॥
ਜੇ ਕੋ ਪੁਛੈ ਤਾ ਪੜਿ ਸੁਣਾਏ॥[69]

ਗੁਰੂ ਜੀ ਨੇ ਇਹ ਵੀ ਵੇਖਿਆ ਕਿ ਜੋ ਕਾਜ਼ੀਆਂ ਤੋਂ ਉਚੀ ਪਦਵੀ ਰੱਖਣ ਵਾਲੇ ਰਾਜੇ ਨਿਆਂਕਾਰ ਬਣੇ ਹੋਏ ਸਨ ਤਾਂ ਉਹ ਵੀ ਕਿਰਤ-ਹੀਣ ਰਹਿੰਦੇ ਹੋਏ ਵੱਢੀ ਲੈਣੋਂ ਬਚ ਨਹੀਂ ਸਕਦੇ। ਉਹ ਵੀ ਕੇਵਲ ਉਸ ਵਿਅਕਤੀ ਲਈ ਠੀਕ ਨਿਆਂ ਕਰਦੇ ਸਨ, ਜਿਸ ਦੇ ਹੱਥ ਪੱਲੇ ਵੱਢੀ ਦੇਣ ਨੂੰ ਕੁਝ ਹੋਵੇ। ਗੁਰੂ ਜੀ ਰਾਜਿਆਂ ਦੇ ਇਸ ਭ੍ਰਿਸ਼ਟਾਚਾਰ ਨੂੰ ਇਉਂ ਉਘਾੜ ਕੇ ਵਿਖਾਉਂਦੇ ਸਨ:-

ਲਏ ਦਿਤੇ ਵਿਣੁ ਰਹੈ ਨ ਕੋਇ॥
ਰਾਜਾ ਨਿਆਉ ਕਰੇ ਹਥਿ ਹੋਇ॥[70]

ਇਸ ਤੋਂ ਪਤਾ ਲਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਰਾਜਸੀ ਖੇਤਰ ਵਿੱਚ ਵੱਡੇ ਤੋਂ ਵੱਡੇ ਬੰਦੇ ਨੂੰ ਵੀ ਭ੍ਰਿਸ਼ਟਾਚਾਰ ਵਿੱਚ ਫਸਿਆ ਵੇਖ ਕੇ ਉਸ ਦੇ ਵਿਰੁਧ ਬਲਵਾਨ ਆਵਾਜ਼ ਉਠਾਣ ਦਾ ਸਾਹਸ ਵਿਖਾਇਆ ਹੈ। ਜੇ ਆਪ ਨੇ ਰਾਜਿਆਂ ਨੂੰ ਵੀ ਇਹ ਅਪਰਾਧ ਕਮਾਉਂਦਿਆਂ ਵੇਖਿਆ ਤਾਂ ਉਨ੍ਹਾਂ ਵਿਰੁਧ ਆਵਾਜ਼ ਉਠਾਣੋਂ ਵੀ ਜ਼ਰਾ ਨਹੀਂ ਝਕੇ। ਆਪ ਇਹ

69. ਰਾਮਕਲੀ ਕੀ ਵਾਰ, ਸਲੋਕ ਮ: 1, ਆਦਿ ਗ੍ਰੰਥ, ਪੰਨਾ 951.
70. ਆਸਾ ਮ: 1, ਆਦਿ ਗ੍ਰੰਥ, ਪੰਨਾ 350.

ਕਦੀ ਵੇਖ ਨਹੀਂ ਸੀ ਸਕਦੇ ਕਿ ਦੇਸ਼ ਦੇ ਰਾਜੇ ਕਿਰਤਚੋਰ ਭ੍ਰਿਸ਼ਟਾਚਾਰੀ ਬਣ ਕੇ ਪਰਜਾ ਦੀ ਮਿਹਨਤ ਉਤੇ ਐਸ਼ ਕਰਦੇ ਰਹਿਣ।

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਇਕ ਇਹ ਕਮਾਲ ਗੁਣ ਵੇਖਣ ਨੂੰ ਆਉਂਦਾ ਹੈ ਕਿ ਇਸ ਵਿੱਚ ਗਰੀਬ ਕਿਰਤੀਆਂ ਦੀ ਤਾਂ ਭਰਪੂਰ ਉਸਤਤ ਕੀਤੀ ਹੋਈ ਹੈ, ਪਰ ਕਿਸੇ ਰਾਜੇ ਜਾਂ ਬਾਦਸ਼ਾਹ ਦੀ ਉਸਤਤ ਨਹੀਂ ਕੀਤੀ ਹੋਈ, ਕਿਉਂਜੁ ਗੁਰੂ ਜੀ ਕਿਰਤਚੋਰ ਭ੍ਰਿਸ਼ਟਾਚਾਰੀਆਂ ਅਤੇ ਵਿਭਚਾਰੀਆਂ ਦੀ ਉਸਤਤ ਕਰਨਾ ਹੀ ਨਹੀਂ ਸਨ ਚਾਹੁੰਦੇ। ਇਸ ਸੰਬੰਧੀ ਡਾ: ਵਿਸ਼ਵਾਨਾਥ ਤਿਵਾੜੀ ਨੇ ਇਹ ਵਿਚਾਰ ਪਰਗਟਾਇਆ ਹੈ:-

> "ਗੁਰੂ ਨਾਨਕ ਸਾਹਿਬ ਦਾ ਸਮਾਂ ਰਾਜਿਆਂ ਦਾ ਸਮਾਂ ਸੀ। ਸਮੁੱਚੀ ਉਪਜ, ਮਾਇਆ ਅਤੇ ਜੀਵਨ ਵਿਸ਼ੇਸ਼ ਵਿਅਕਤੀ ਦੇ ਆਲੇ ਦੁਆਲੇ ਘੁੰਮਦੇ ਸਨ। ਰਾਜ ਦਾ ਸਰਵੋਚ ਪ੍ਰਬੰਧ ਕਰਨ ਵਾਲੇ ਨੂੰ ਸੁਲਤਾਨ ਕਿਹਾ ਜਾਂਦਾ ਸੀ। ਉਹ ਪ੍ਰਭੂ-ਸਤਾ ਦਾ ਧਾਰਨੀ ਹੁੰਦਾ ਸੀ। ਕਾਨੂੰਨ ਉਸ ਦੀ ਇੱਛਾ ਸੀ। ਉਹ ਹਰ ਪ੍ਰਕਾਰ ਦੇ ਕਾਨੂੰਨ ਬਣਾ ਸਕਦਾ ਸੀ। ਜਦ ਚਾਹੇ ਉਨ੍ਹਾਂ ਨੂੰ ਬਦਲ ਸਕਦਾ ਸੀ। ਕੋਈ ਉਸ ਉਤੇ ਕਿੰਤੂ ਨਹੀਂ ਕਰ ਸਕਦਾ ਸੀ। ਮਾਲ, ਹਰਮ, ਤੇਜ਼ ਰਫਤਾਰ ਘੋੜੇ ਉਸ ਦੀ ਸ਼ਖਸੀਅਤ ਨੂੰ ਬਾਕੀਆਂ ਨਾਲੋਂ ਵੱਖਰਿਆਉਂਦੇ ਸਨ। ਲੋਕਾਂ ਦੀ ਮਿਹਨਤ ਰਾਜੇ ਦੀ ਐਸ਼ ਦਾ ਸਾਮਾਨ ਸੀ। ਰਾਜੇ ਦੇ ਵਜ਼ੀਰ, ਚੌਧਰੀ ਅਤੇ ਅਹਿਲਕਾਰ ਰਾਜੇ ਵਾਂਗ ਹੀ ਅਯਾਸ਼ ਸਨ। ਗੁਰੂ ਨਾਨਕ ਦੇਵ ਜੀ ਇਸ ਬਾਰੇ ਤੋਂ ਅਸੰਤੁਸ਼ਟ ਸਨ। ਉਨ੍ਹਾਂ ਤਿੰਨ ਲੋਧੀ ਸੁਲਤਾਨਾਂ, ਬਹਿਲੋਲ ਲੋਧੀ, ਸਿਕੰਦਰ ਲੋਧੀ, ਇਬਰਾਹੀਮ ਲੋਧੀ ਤੇ ਦੋ ਮੁਗਲਾਂ, ਬਾਬਰ ਤੇ ਹਮਾਯੂੰ ਦਾ ਰਾਜ ਤੱਕਿਆ। ਉਨ੍ਹਾਂ ਆਪਣੇ ਜੀਵਨ ਤੇ ਰਚਨਾ ਵਿੱਚ ਕਿਸੇ ਇੱਕ ਰਾਜੇ ਦੀ ਵੀ ਉਸਤਤ ਨਹੀਂ ਕੀਤੀ। ਗੁਰੂ ਜੀ ਜਾਣਦੇ ਸਨ ਕਿ ਰਾਜ-ਸਤਾ ਲੋਕਾਂ ਲਈ ਹਮਦਰਦੀ ਨਹੀਂ ਰੱਖਦੀ ਤੇ ਲੋਕਾਂ ਦੀ ਮਿਹਨਤ ਤੇ ਐਸ਼ ਕਰਦੀ ਹੈ। ਉਹ ਰਾਜਸੀ ਪ੍ਰਬੰਧ ਨੂੰ ਇਕਦਮ ਬਦਲ ਤਾਂ ਨਹੀਂ ਸਨ ਸਕਦੇ, ਪਰ ਲੋਕਾਂ ਵਿੱਚ ਇਨ੍ਹਾਂ ਰਾਜਿਆਂ ਪ੍ਰਤੀ ਘ੍ਰਿਣਾ ਉਨ੍ਹਾਂ ਨੇ ਉਤਪੰਨ ਕੀਤੀ।"[71]

ਇਸ ਤੋਂ ਪਤਾ ਲੱਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਜੀਵਨ ਦੇ ਹਰ ਖੇਤਰ ਵਿੱਚ ਕਿਰਤੀਆਂ ਲਈ ਪੂਰੀ ਪੂਰੀ ਹਮਦਰਦੀ ਵਿਖਾਈ ਹੈ। ਆਪ ਜਾਣਦੇ ਸਨ ਕਿ ਜੀਵਨ

---

71. ਨਾ ਕੋ ਹਿੰਦੂ ਨਾ ਮੁਸਲਮਾਨ, ਪੰਨਾ 42-43.

ਦੇ ਰਾਜ-ਖੇਤਰ ਵਿੱਚ ਕਿਰਤੀਆਂ ਲਈ ਅਤਿਆਚਾਰ ਅਤੇ ਭ੍ਰਿਸ਼ਟਾਚਾਰ ਹੀ ਭਰਪੂਰ ਸੀ, ਇਸ ਲਈ ਆਪਜੀ ਨੇ ਇਸ ਖੇਤਰ ਵਿੱਚ ਕਿਰਤੀਆਂ ਦੇ ਅਧਿਕਾਰਾਂ ਦੀ ਹਰ ਤਰ੍ਹਾਂ ਨਾਲ ਰਾਖੀ ਕਰਨ ਦਾ ਜਤਨ ਕੀਤਾ ਹੈ।

(ਅ) <u>ਕਿਰਤ ਖੇਤਰਾਂ ਦੇ ਅਧਿਕਾਰੀ</u>

ਰਾਜ-ਸਤਾ ਦੇ ਵਿਅਕਤੀਆਂ ਅਤੇ ਪਰਜਾ ਦੇ ਸਾਧਾਰਣ ਲੋਕਾਂ ਵਿੱਚ ਕਿਰਤ ਦੀ ਸਾਂਝ ਉਤਪੰਨ ਕਰਦਿਆਂ ਗੁਰੂ ਨਾਨਕ ਦੇਵ ਜੀ ਨੇ ਇਹ ਅਸੂਲ ਦ੍ਰਿੜ ਕਰਵਾ ਦਿੱਤਾ ਹੈ ਕਿ ਕਿਰਤ ਦੇ ਵੱਖ ਵੱਖ ਖੇਤਰਾਂ ਵਿੱਚ ਕੰਮ ਕਰਨ ਲਈ ਸਭ ਮਨੁੱਖ ਇਕੋ ਜਿਹੇ ਅਧਿਕਾਰੀ ਹਨ।

ਵਾਸਤਵ ਵਿੱਚ ਗੁਰੂ ਨਾਨਕ ਦੇਵ ਜੀ ਸਭ ਮਨੁੱਖਾਂ ਲਈ ਇਕੋ ਜਿਹੇ ਕਿਰਤ-ਅਧਿਕਾਰ ਦਾ ਬੜਾ ਵਿਸ਼ਾਲ ਸੰਕਲਪ ਪੇਸ਼ ਕਰਦੇ ਹਨ। ਆਪਜੀ ਦੇ ਇਸ ਸੰਕਲਪ ਅਨੁਸਾਰ ਹਰੇਕ ਵਿਅਕਤੀ ਨੂੰ ਆਪਣੀ ਮਨ ਮਰਜ਼ੀ ਦੀ ਕਿਰਤ ਕਰਨ ਦਾ ਪੂਰਾ ਪੂਰਾ ਅਧਿਕਾਰ ਪ੍ਰਾਪਤ ਹੈ। ਇਸ ਦਾ ਭਾਵ ਹੈ ਕਿ ਕਿਸੇ ਵਿਅਕਤੀ ਉਤੇ ਕਿਰਤ-ਵੰਨਗੀ ਦੀ ਬੰਦਸ਼ ਲਗਾ ਕੇ ਉਸ ਦੇ ਕਿਰਤ-ਅਧਿਕਾਰ ਨੂੰ ਸੀਮਤ ਨਹੀਂ ਕੀਤਾ ਜਾ ਸਕਦਾ। ਇਸ ਅਸੂਲ ਰਾਹੀਂ ਆਪ ਕਿਰਤ ਕਰਨ ਦੇ ਅਧਿਕਾਰ ਨੂੰ ਸਰਬ-ਸੰਝਕ ਅਧਿਕਾਰ ਬਣਾ ਦਿੰਦੇ ਹਨ, ਅਰਥਾਤ ਇਸ ਨੂੰ ਕੁਝ ਵਿਸ਼ੇਸ਼ ਵਿਅਕਤੀਆਂ ਤੱਕ ਸੀਮਤ ਨਹੀਂ ਰੱਖਦੇ, ਸਗੋਂ ਸਭ ਲੋਕਾਂ ਦਾ ਇਕੋ ਜਿਹਾ ਅਧਿਕਾਰ ਬਣਾ ਦਿੰਦੇ ਹਨ।

ਗੁਰੂ ਜੀ ਕਿਸੇ ਵਿਅਕਤੀ ਦੇ ਕਿਰਤ-ਅਧਿਕਾਰ ਉਤੇ ਇਹ ਬੰਧਨ ਵੀ ਨਹੀਂ ਲਗਾਉਂਦੇ ਕਿ ਉਹ ਇਕ ਵੰਨਗੀ ਦੀ ਕਿਰਤ ਤਿਆਗ ਕੇ ਦੂਜੀ ਵੰਨਗੀ ਦੀ ਕਿਰਤ ਨਹੀਂ ਅਪਣਾ ਸਕਦੇ। ਇਥੇ ਇਸ ਗੱਲ ਨੂੰ ਸਮਝਣ ਦੀ ਬੜੀ ਲੋੜ ਹੈ ਕਿ ਉਸ ਸਮੇਂ ਭਾਰਤੀ ਸਮਾਜ ਵਿੱਚ ਲੋਕਾਂ ਦੇ ਕਿਰਤ-ਅਧਿਕਾਰ ਉਤੇ ਬੜੇ ਕਰੜੇ ਬੰਧਨ ਲੱਗੇ ਹੋਏ ਸਨ। ਉਹ ਆਪਣੀ ਕਿਰਤ ਦੀ ਚੋਣ ਕੇਵਲ ਸੀਮਤ ਵੰਨਗੀਆਂ ਵਿਚੋਂ ਹੀ ਕਰ ਸਕਦੇ ਸਨ ਅਤੇ ਆਪਣੀ ਵਿਸ਼ੇਸ਼ ਕਿਰਤ ਵੰਨਗੀ ਨੂੰ ਕਿਸੇ ਤਰ੍ਹਾਂ ਵੀ ਬਦਲ ਨਹੀਂ ਸਨ ਸਕਦੇ। ਪਰ, ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਸਭ ਬੰਧਨਾਂ ਨੂੰ ਤੋੜ ਕੇ ਮਨੁੱਖੀ ਕਿਰਤ ਨੂੰ ਪੂਰੀ ਤਰ੍ਹਾਂ ਸੁਤੰਤਰ ਬਣਾਨ ਦਾ ਜਤਨ ਕੀਤਾ। ਇਸ ਲਈ ਸਭ ਲੋਕਾਂ ਦੇ ਕਿਰਤ-ਅਧਿਕਾਰ ਨੂੰ ਹਰ ਤਰ੍ਹਾਂ ਨਾਲ ਬੰਧਨ-ਰਹਿਤ ਬਣਾ ਦਿੰਦੇ ਹਨ।

ਇਸ ਦੇ ਨਾਲ ਹੀ ਗੁਰੂ ਨਾਨਕ ਦੇਵ ਜੀ ਕਿਰਤ ਸੰਬੰਧੀ ਕੋਈ ਵਰਗ-ਵੰਡੀ ਸਵੀਕਾਰ ਨਹੀਂ ਕਰਦੇ। ਆਪ ਸਭ ਪ੍ਰਕਾਰ ਦੀ ਕਿਰਤ ਨੂੰ ਇਕੋ ਜਿਹੀ ਮਹਾਨ ਅਤੇ

ਪਵਿੱਤਰ ਸਮਝਦੇ ਹਨ ਅਤੇ ਕਿਸੇ ਵਿਅਕਤੀ ਦੀ ਵਿਸ਼ੇਸ਼ ਕਿਰਤ-ਵੰਨਗੀ ਕਰ ਕੇ ਉਸ ਦੀ ਸਮਾਜਕ ਪਦਵੀ ਨੂੰ ਨੀਵਾਂ ਨਹੀਂ ਮੰਨਦੇ। ਇਸ ਤਰ੍ਹਾਂ, ਆਪ ਕਿਰਤ-ਅਧਿਕਾਰ ਦੇ ਸੰਕਲਪ ਨੂੰ ਇਤਨਾ ਵਿਸ਼ਾਲ ਬਣਾ ਦਿੰਦੇ ਹਨ ਕਿ ਇਸ ਵਿੱਚ ਕਿਸੇ ਪ੍ਰਕਾਰ ਦੇ ਸਮਾਜਕ ਵਿਤਕਰੇ ਨੂੰ ਕੋਈ ਸਥਾਨ ਪ੍ਰਾਪਤ ਨਹੀਂ ਹੋ ਸਕਦਾ। ਇਸ ਸੰਕਲਪ ਰਾਹੀਂ ਆਪ ਸਭ ਪਦਵੀਆਂ, ਜਾਤਾਂ ਅਤੇ ਧਰਮਾਂ ਦੇ ਮਨੁੱਖਾਂ ਨੂੰ ਇਕੋ ਜਿਹੇ ਕਿਰਤ-ਅਧਿਕਾਰ ਪ੍ਰਦਾਨ ਕਰਦੇ ਹਨ ਅਤੇ ਉਨ੍ਹਾਂ ਨੂੰ ਕਿਰਤ ਦੇ ਸਭ ਖੇਤਰਾਂ ਵਿੱਚ ਕੰਮ ਕਰਨ ਦੇ ਇਕੋ ਜਿਹੇ ਅਧਿਕਾਰੀ ਮੰਨਦੇ ਹਨ। ਇਸ ਸੰਬੰਧੀ ਇਥੇ ਸਭ ਤੋਂ ਪਹਿਲੇ ਇਹ ਵੇਖਿਆ ਜਾਂਦਾ ਹੈ ਕਿ ਗੁਰੂ ਜੀ ਦੀ ਦ੍ਰਿਸ਼ਟੀ ਵਿੱਚ ਸਭ ਪਦਵੀਆਂ ਦੇ ਮਨੁੱਖ ਕਿਰਤ ਕਰਨ ਦੇ ਇਕੋ ਜਿਹੇ ਅਧਿਕਾਰੀ ਕਿਵੇਂ ਮੰਨੇ ਗਏ ਹਨ।

## ਸਭ ਪਦਵੀਆਂ ਦੇ ਮਨੁੱਖ

ਗੁਰੂ ਨਾਨਕ ਦੇਵ ਜੀ ਸਭ ਪਦਵੀਆਂ ਦੇ ਮਨੁੱਖਾਂ, ਅਰਥਾਤ ਰਾਜਾ ਅਤੇ ਪਰਜਾ ਦੇ ਮਨੁੱਖਾਂ ਨੂੰ, ਕਿਰਤ-ਖੇਤਰ ਵਿੱਚ ਕੰਮ ਕਰਨ ਦੇ ਇਕੋ ਜਿਹੇ ਅਧਿਕਾਰੀ ਮੰਨਦੇ ਹਨ। ਵਾਸਤਵ ਵਿੱਚ, ਆਪ ਇਸ ਸਿਧਾਂਤ ਦੇ ਸਮਰਥੱਕ ਹਨ ਕਿ ਕੋਈ ਵੀ ਮਨੁੱਖ, ਭਾਵੇਂ ਉਹ ਕਿੰਨੀ ਉਚੀ ਪਦਵੀ ਦਾ ਮਾਲਕ ਕਿਉਂ ਨਾ ਹੋਵੇ, ਕਿਰਤ-ਹੀਣ ਨਹੀਂ ਰਹਿਣਾ ਚਾਹੀਦਾ। ਗੁਰੂ ਜੀ ਦਾ ਵਿਸ਼ਵਾਸ ਹੈ ਕਿ ਰਾਜਾ ਜਾਂ ਰਾਜ-ਸਤਾ ਰੱਖਣ ਵਾਲਾ ਕੋਈ ਵੀ ਉਚ-ਅਧਿਕਾਰੀ ਵਿਹਲਾ ਜਾਂ ਨਿਕੰਮਾ ਰਹਿ ਕੇ ਆਪਣਾ ਕਰਤਵ ਪੂਰੀ ਤਰ੍ਹਾਂ ਨਹੀਂ ਨਿਭਾ ਸਕਦਾ, ਕਿਉਂਕਿ ਇਸ ਤਰ੍ਹਾਂ ਉਹ ਐਸ਼ਵਰਜ ਅਤੇ ਵਿਭਚਾਰ ਵਿੱਚ ਫਸਿਆ ਰਹਿੰਦਾ ਹੈ। ਬਾਬਰ ਦੇ ਹਮਲੇ ਵੇਲੇ ਗੁਰੂ ਜੀ ਭਾਰਤੀ ਰਾਜਿਆਂ ਜਾਂ ਬਾਦਸ਼ਾਹਾਂ ਦੀ ਹਾਰ ਦਾ ਵੱਡਾ ਕਾਰਨ ਇਹੋ ਸਮਝਦੇ ਹਨ ਕਿ ਉਹ ਸਦਾ ਨਿਕੰਮੇ ਰਹਿ ਕੇ ਐਸ਼ਵਰਜ ਵਿੱਚ ਪਏ ਰਹਿੰਦੇ ਸਨ। ਇਸ ਐਸ਼ਵਰਜ ਵਿੱਚ ਉਹ ਆਪਣੀ ਸਾਰੀ ਸੁਰਤ ਗਵਾ ਚੁਕੇ ਸਨ। ਉਨ੍ਹਾਂ ਦੀ ਇਸ ਮਨੋਦਸ਼ਾ ਦਾ ਵਰਣਨ ਕਰਦਿਆਂ ਆਪ ਫਰਮਾਉਂਦੇ ਹਨ:-

ਸਾਹਾ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ॥
ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ॥[72]

ਇਸ ਲਈ ਆਪ ਦੇਸ਼ ਦੇ ਰਾਜਿਆਂ ਅਤੇ ਬਾਦਸ਼ਾਹਾਂ ਤੋਂ ਇਹ ਆਸ ਕਰਦੇ ਹਨ ਕਿ ਉਹ ਸਾਧਾਰਣ ਲੋਕਾਂ ਵਾਂਗ ਕੰਮ ਕਰਦਿਆਂ ਐਸ਼ੀ ਅਤੇ ਵਿਲਾਸੀ ਜੀਵਨ ਤੋਂ ਸਦਾ ਬਚ ਕੇ ਰਹਿਣ ਅਤੇ ਰਾਜ ਕਰਨ ਦੇ ਪੂਰੇ ਜੋਗ ਬਣ ਕੇ ਵਿਖਾਣ।

---

72. ਰਾਗੁ ਆਸਾ ਮ: 1, ਆਦਿ ਗ੍ਰੰਥ, ਪੰਨਾ 417.

## ਸਭ ਜਾਤਾਂ ਦੇ ਮਨੁੱਖ

ਗੁਰੂ ਨਾਨਕ ਦੇਵ ਜੀ ਸਭ ਜਾਤਾਂ ਦੇ ਮਨੁੱਖਾਂ ਨੂੰ ਕਿਰਤ ਕਰਨ ਦੇ ਇਕੋ ਜਿਹੇ ਅਧਿਕਾਰੀ ਮੰਨਦੇ ਹਨ। ਆਪ ਇਸ ਸੰਬੰਧੀ ਧਾਰਮਕ ਪਰੰਪਰਾ ਅਨੁਸਾਰ ਨਿਸਚਿਤ ਕੀਤੇ ਹੋਏ ਜਾਤ ਪਾਤ ਦੇ ਭੇਦਾਂ ਨੂੰ ਸਵੀਕਾਰ ਨਹੀਂ ਕਰਦੇ। ਆਪ ਸਮਝਦੇ ਹਨ ਕਿ ਹਰੇਕ ਜਾਤ ਦੇ ਮਨੁੱਖ ਨੂੰ ਇਹ ਅਧਿਕਾਰ ਪ੍ਰਾਪਤ ਹੈ ਕਿ ਉਹ ਜਿਸ ਪ੍ਰਕਾਰ ਦੀ ਕਿਰਤ ਕਰਨਾ ਚਾਹੇ, ਜਿਨ੍ਹਾਂ ਠੀਕ ਠੀਕ ਕਰਕੇ ਆਪਣਾ ਜੀਵਨ-ਨਿਰਬਾਹ ਕਰ ਸਕਦਾ ਹੈ। ਇਸ ਦੇ ਨਾਲ ਹੀ ਆਪ ਇਹ ਦਰਸਾਂਦੇ ਹਨ ਕਿ ਕਿਸੇ ਮਨੁੱਖ ਦੀ ਅਸਲ ਵਡਿਆਈ ਕਿਸੇ ਵਿਸ਼ੇਸ਼ ਜਾਤ ਨਾਲ ਸੰਬੰਧ ਰੱਖਣ ਕਰਕੇ ਨਹੀਂ; ਸਗੋਂ ਉਸ ਦੇ ਚੰਗੇ ਕੰਮਾਂ ਕਰਕੇ ਹੁੰਦੀ ਹੈ:-

ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ॥
ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥"[73]

ਇਸ ਕਥਨ ਅਨੁਸਾਰ, ਗੁਰੂ ਨਾਨਕ ਦੇਵ ਜੀ ਇਹ ਦਸਣ ਦਾ ਜਤਨ ਕਰਦੇ ਹਨ ਕਿ ਮਨੁੱਖ ਵਲੋਂ ਕੀਤੇ ਹੋਏ ਕੰਮ ਜਾਤਾਂ ਦੇ ਅਧੀਨ ਨਹੀਂ; ਸਗੋਂ ਜਾਤਾਂ ਮਨੁੱਖੀ ਕੰਮਾਂ ਦੇ ਅਧੀਨ ਹੋਣੀਆਂ ਚਾਹੀਦੀਆਂ ਹਨ। ਉਦਾਹਰਣ ਵਜੋਂ; ਜੇ ਇੱਕ ਅਖੌਤੀ ਨੀਚ ਜਾਤ ਦਾ ਮਨੁੱਖ ਆਪਣੇ ਪਹਿਲੇ ਕੰਮ ਦੇ ਨਾਲ ਨਾਲ ਸਮਾਜ-ਸੇਵਾ ਦਾ ਕੰਮ ਵੀ ਕਰਨ ਲੱਗ ਜਾਏ ਤਾਂ ਉਹ ਪੂਜਨੀਕ ਸਮਾਜਕ ਆਗੂ ਬਣ ਜਾਂਦਾ ਹੈ। ਗੁਰੂ ਜੀ ਆਪਣੀ ਬਾਣੀ ਰਾਹੀਂ ਸਪਸ਼ਟ ਰੂਪ ਵਿੱਚ ਦਰਸਾਉਂਦੇ ਹਨ ਕਿ ਜੇ ਕਿਸੇ ਅਖੌਤੀ ਨੀਚ ਜਾਤ ਦਾ ਮਨੁੱਖ ਮਾਨਵ ਸੇਵਾ ਦਾ ਕੰਮ ਕਰਦਿਆਂ 'ਸੇਵਕ' ਬਣ ਜਾਂਦਾ ਹੈ ਤਾਂ ਮੈਂ ਉਸ ਦੇ ਪੈਰਾਂ ਦੀ ਜੁੱਤੀ ਬਣਨ ਨੂੰ ਤਿਆਰ ਹਾਂ:-

ਵਿਚ ਸਨਾਤੀ ਸੇਵਕੁ ਹੋਇ॥
ਨਾਨਕ ਪਣ੍ਹੀਆ ਪਹਿਰੈ ਸੋਇ॥"[74]

ਇਸ ਤਰ੍ਹਾਂ, ਗੁਰੂ ਨਾਨਕ ਦੇਵ ਜੀ ਨੇ ਜਾਤਾਂ ਦੇ ਭੇਦਾਂ ਉਤੇ ਪਾਈਆਂ ਹੋਈਆਂ ਸਮਾਜਕ-ਵੰਡਾਂ ਨੂੰ ਸਮਾਪਤ ਕਰ ਕੇ ਰੱਖ ਦਿੱਤਾ ਹੈ। ਆਪ ਮਨੁੱਖ ਦੀ 'ਜੋਤ', ਅਰਥਾਤ ਨੇਕ ਕੰਮਾਂ ਦੀ ਆਭਾ ਨੂੰ ਹੀ ਸਵੀਕਾਰਦੇ ਹਨ, ਉਸ ਦੀ ਜਾਤ ਨੂੰ ਕਦੀ ਨਹੀਂ ਪੁਛਦੇ। ਇਸੇ ਲਈ ਆਪ ਉਪਦੇਸ਼ਦੇ ਹਨ:-

ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥[75]

---

73. ਰਾਗੁ ਪ੍ਰਭਾਤੀ ਮ: 1, ਆਦਿ ਗ੍ਰੰਥ, ਪੰਨਾ 1330.
74. ਮਲਾਰ ਮ: 1, ਆਦਿ ਗ੍ਰੰਥ, ਪੰਨਾ 1256.
75. ਰਾਗੁ ਆਸਾ ਮ: 1, ਆਦਿ ਗ੍ਰੰਥ, ਪੰਨਾ 349.

ਇਸ ਤੋਂ ਸਿੱਧ ਹੁੰਦਾ ਹੈ ਕਿ ਜਾਤਾਂ ਦੇ ਭੇਦਾਂ ਨੂੰ ਅਸਲੋਂ ਨਿਰਮੂਲ ਸਮਝ ਕੇ ਗੁਰੂ ਨਾਨਕ ਦੇਵ ਜੀ ਸਭ ਮਨੁੱਖਾਂ ਨੂੰ, ਭਾਵੇਂ ਉਹ ਕਿਸੇ ਜਾਤ ਨਾਲ ਸੰਬੰਧ ਰੱਖਦੇ ਹੋਣ, ਕਿਰਤ ਕਰਨ ਦੇ ਇਕੋ ਜਿਹੇ ਅਧਿਕਾਰੀ ਮੰਨਦੇ ਹਨ।

<u>ਸਭ ਧਰਮਾਂ ਦੇ ਮਨੁੱਖ</u>

ਗੁਰੂ ਨਾਨਕ ਦੇਵ ਜੀ, ਸਭ ਜਾਤਾਂ ਤੋਂ ਉਪਰੰਤ, ਸਭ ਧਰਮਾਂ ਦੇ ਮਨੁੱਖਾਂ ਨੂੰ ਵੀ ਕਿਰਤ ਕਰਨ ਦੇ ਸਮਾਨ ਅਧਿਕਾਰੀ ਮੰਨਦੇ ਹਨ। ਆਪ ਜੀ ਦੀ ਦ੍ਰਿਸ਼ਟੀ ਵਿੱਚ ਧਰਮਾਂ ਦੇ ਭੇਦ ਕਿਰਤ ਦੇ ਖੇਤਰ ਵਿੱਚ ਕੋਈ ਅਰਥ ਨਹੀਂ ਰੱਖਦੇ। ਆਪ ਜੀ ਦੇ ਸਮੇਂ ਦੇਸ਼ ਵਿੱਚ ਵਧੇਰੇ ਕਰ ਕੇ ਹਿੰਦੂ ਅਤੇ ਮੁਸਲਮਾਨ ਦੋ ਧਰਮਾਂ ਦੇ ਲੋਕ ਵਸਦੇ ਸਨ ਅਤੇ ਆਪ ਇਨ੍ਹਾਂ ਦੋਹਾਂ ਧਰਮਾਂ ਦੇ ਲੋਕਾਂ ਨੂੰ ਕਿਰਤ ਕਰਨ ਦੇ ਇਕੋ ਜਿਹੇ ਅਧਿਕਾਰੀ ਮੰਨਦੇ ਹਨ। ਜੇ ਆਪ ਇਕ ਮੁਸਲਮਾਨ ਰਬਾਬੀ, ਅਰਥਾਤ ਮਰਦਾਨੇ ਨੂੰ, ਆਪਣਾ ਸਾਥੀ ਸਮਝ ਕੇ ਕੀਰਤਨ ਕਰਨ ਦੀ ਉਚੀ ਕਿਰਤ ਸੌਂਪ ਸਕਦੇ ਹਨ ਤਾਂ ਕਿਸੇ ਹੋਰ ਮੁਸਲਮਾਨ ਨੂੰ ਕਿਸੇ ਪ੍ਰਕਾਰ ਦੀ ਕਿਰਤ ਕਰਨੋਂ ਕਿਵੇਂ ਰੋਕ ਸਕਦੇ ਹਨ?

ਵਾਸਤਵ ਵਿੱਚ, ਗੁਰੂ ਨਾਨਕ ਦੇਵ ਜੀ ਨੇ ਸਭ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਹਰ ਪ੍ਰਕਾਰ ਦੀ ਕਿਰਤ ਕਰਨ ਦੀ ਪੂਰੀ ਖੁੱਲ੍ਹ ਪ੍ਰਦਾਨ ਕੀਤੀ ਹੈ, ਪਰ ਇਸ ਦੇ ਨਾਲ ਹੀ ਆਪ ਇਨ੍ਹਾਂ ਦੋਹਾਂ ਧਰਮਾਂ ਦੇ ਮਨੁੱਖਾਂ ਨੂੰ ਸਮਝਾ ਦਿੰਦੇ ਹਨ ਕਿ ਉਹ ਸਦਾ ਚੰਗੇ ਕੰਮ ਕਰ ਕੇ ਵਿਖਾਣ। ਇਸ ਲਈ ਆਪ ਇਨ੍ਹਾਂ ਦੋਹਾਂ ਧਰਮਾਂ ਦੇ ਲੋਕਾਂ ਨੂੰ ਭੇਖ ਅਤੇ ਪਾਖੰਡਾਂ ਤੋਂ ਬਚ ਕੇ ਰਹਿਣ ਅਤੇ ਸ਼ੁਭ ਕਿਰਤ ਕਰਨ ਦੀ ਪ੍ਰੇਰਣਾ ਪ੍ਰਦਾਨ ਕਰਦੇ ਹਨ। ਇਸ ਸੰਬੰਧੀ ਆਪ ਹਿੰਦੂਆਂ ਨੂੰ ਇਉਂ ਸਮਝਾਉਂਦੇ ਹਨ:-

1) ਹਿੰਦੂ ਕੈ ਘਰਿ ਹਿੰਦੂ ਆਵੈ॥
ਸੂਤੁ ਜਨੇਊ ਪੜਿ ਗਲਿ ਪਾਵੈ॥
ਸੂਤੁ ਪਾਇ ਕਰੇ ਬੁਰਿਆਈ॥
ਨਾਤਾ ਧੋਤਾ ਥਾਇ ਨ ਪਾਈ॥[76]

2) ਖਤ੍ਰੀ ਸੋ ਜੁ ਕਰਮਾ ਕਾ ਸੂਰੁ॥
ਪੁੰਨ ਦਾਨ ਕਾ ਕਰੈ ਸਰੀਰੁ॥

---

76. ਰਾਮਕਲੀ ਕੀ ਵਾਰ, ਸਲੋਕ ਮ: 1, ਆਦਿ ਗ੍ਰੰਥ, ਪੰਨਾ 951.

ਖੇਤੁ ਪਛਾਣੈ ਬੀਜੈ ਦਾਨੁ ॥
ਸੋ ਖੇਤ੍ਰੀ ਦਰਗਹ ਪਰਵਾਣੁ ॥[77]

ਇਸੇ ਤਰ੍ਹਾਂ, ਆਪ ਮੁਸਲਮਾਨਾਂ ਨੂੰ ਨੇਕ 'ਕਰਣੀ' ਵੱਲ ਪ੍ਰੇਰਦਿਆਂ ਇਉਂ ਸਮਝਾਉਂਦੇ ਹਨ:-

1) ਮੁਸਲਮਾਨੁ ਕਰੇ ਵਡਿਆਈ ॥
ਵਿਣੁ ਗੁਰ ਪੀਰੈ ਕੋ ਥਾਇ ਨ ਪਾਈ ॥
ਰਾਹੁ ਦਸਾਇ ਓਥੈ ਕੋ ਜਾਇ ॥
ਕਰਣੀ ਬਾਝਹੁ ਭਿਸਤਿ ਨ ਪਾਇ ॥[78]

2) ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ ॥
ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ ॥[79]

ਇਉਂ, ਗੁਰੂ ਨਾਨਕ ਦੇਵ ਜੀ ਸਭ ਲੋਕਾਂ ਨੂੰ ਦਰਸਾ ਦਿੰਦੇ ਹਨ ਕਿ ਨੇਕ ਕੰਮ ਕੰਮ ਕਰਨ ਵਾਲੇ ਹਿੰਦੂਆਂ ਅਤੇ ਮੁਸਲਮਾਨਾਂ ਦਾ ਇਸ ਦੁਨੀਆਂ ਅਤੇ ਅਗਲੀ ਦੁਨੀਆਂ ਵਿੱਚ ਇੱਕੋ ਜਿਹਾ ਸਤਿਕਾਰ ਹੁੰਦਾ ਹੈ ਅਤੇ ਉਥੇ ਧਰਮ ਦਾ ਕੋਈ ਵਿਤਕਰਾ ਸਵੀਕਾਰ ਨਹੀਂ ਕੀਤਾ ਜਾਂਦਾ। ਇਸ ਲਈ ਆਪ ਇਨ੍ਹਾਂ ਦੋਹਾਂ ਧਰਮਾਂ ਦੇ ਮਨੁੱਖਾਂ ਦੀ ਕਰਣੀ ਨੂੰ ਪਰਧਾਨ ਮੰਨਦੇ ਹੋਏ ਹੋਰ ਸਭ ਪਰਕਾਰ ਦੇ ਵਿਤਕਰਿਆਂ ਨੂੰ ਇਉਂ ਸਮਾਪਤ ਕਰ ਕੇ ਵਿਖਾਉਂਦੇ ਹਨ:-

ਏਥੈ ਜਾਣੈ ਸੁ ਜਾਇ ਸਿਞਾਣੈ ॥
ਹੋਰੁ ਫਕੜੁ ਹਿੰਦੂ ਮੁਸਲਮਾਣੈ ॥
ਸਭਨਾ ਕਾ ਦਰਿ ਲੇਖਾ ਹੋਇ ॥
ਕਰਣੀ ਬਾਝਹੁ ਤਰੈ ਨ ਕੋਇ ॥[80]

ਗੁਰਬਾਣੀ ਦੀਆਂ ਉਪਰਲੀਆਂ ਉਦਾਹਰਣਾਂ ਤੋਂ ਸਿੱਧ ਹੋ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇਸ ਵਿੱਚ ਵਸਦੇ ਹੋਏ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਕਿਰਤ ਦੇ ਖੇਤਰ ਵਿੱਚ

77. ਸਲੋਕ ਵਾਰਾਂ ਤੋਂ ਵਧੀਕ, ਸਲੋਕ ਮ: 1, ਆਦਿ ਗ੍ਰੰਥ, ਪੰਨਾ 1411.
78. ਰਾਮਕਲੀ ਕੀ ਵਾਰ, ਸਲੋਕ ਮ: 1, -ਉਹੀ- , ਪੰਨਾ 951-52.
79. ਵਾਰ ਮਾਝ ਕੀ, ਮ: 1, ਸਲੋਕ ਆਦਿ ਗ੍ਰੰਥ, ਪੰਨਾ 140.
80. ਰਾਮਕਲੀ ਕੀ ਵਾਰ, ਸਲੋਕ ਮ: 1, ਆਦਿ ਗ੍ਰੰਥ, ਪੰਨਾ 952.

ਇਕੋ ਜਿਹਾ ਅਧਿਕਾਰ ਸੌਂਪਦੇ ਹੋਏ ਉਨ੍ਹਾਂ ਦੇ ਕੀਤੇ ਹੋਏ ਕਰਮਾਂ ਅਨੁਸਾਰ ਹੀ ਉਨ੍ਹਾਂ ਦਾ ਸਨਮਾਨ ਕਰਦੇ ਹਨ। ਭਾਵੇਂ ਸਾਧਾਰਨ ਤੌਰ ਉਤੇ ਇਨ੍ਹਾਂ ਦੋਹਾਂ ਦੇ ਰਾਹ ਵੱਖ ਵੱਖਰੇ ਮੰਨੇ ਜਾਂਦੇ ਹਨ, ਪਰ ਗੁਰੂ ਜੀ ਕਿਰਤ ਦੀ ਸਾਂਝ ਰਾਹੀਂ, ਇਨ੍ਹਾਂ ਦਾ ਇਕੋ ਸਾਂਝਾ ਰਾਹ ਬਣਾ ਦਿੰਦੇ ਹਨ। ਆਪ ਇਸ ਸਾਂਝੇ ਰਾਹ ਦੀ ਪਛਾਣ ਇਉਂ ਕਰਵਾਉਂਦੇ ਹਨ:-

ਰਾਹ ਦੋਵੈ ਇਕੁ ਜਾਣੈ ਸੋਈ ਸਿਝਸੀ॥
ਕੁਫਰ ਗੋਅ ਕੁਫਰਾਣੈ ਪਇਆ ਦਝਸੀ॥[81]

ਗੁਰੂ ਨਾਨਕ ਦੇਵ ਜੀ ਇਨ੍ਹਾਂ ਦੋਹਾਂ ਧਰਮਾਂ ਦੇ ਧਾਰਮਿਕ ਆਗੂਆਂ ਨੂੰ ਵੀ ਕਿਰਤ ਕਰਨ ਦੇ ਇਕੋ ਜਿਹੇ ਅਧਿਕਾਰੀ ਮੰਨਦੇ ਹਨ। ਵਾਸਤਵ ਵਿੱਚ, ਆਪ ਕਿਸੇ ਧਾਰਮਿਕ ਆਗੂ ਵਲੋਂ ਕਿਰਤ-ਹੀਣ ਰਹਿ ਕੇ ਆਪਣੇ ਸ਼ਰਧਾਲੂਆਂ ਦੀ ਕਿਰਤ ਉਤੇ ਨਿਰਭਰ ਰਹਿਣਾ ਸਵੀਕਾਰ ਨਹੀਂ ਕਰਦੇ। ਇਉਂ ਸਮਝੋ, ਆਪ ਕਿਸੇ ਗੁਰੂ, ਪੀਰ ਜਾਂ ਫਕੀਰ ਨੂੰ 'ਮਖੱਟੂ' ਰਹਿਣ ਦੀ ਆਗਿਆ ਨਹੀਂ ਦਿੰਦੇ ਅਤੇ ਸਭ ਨੂੰ ਇਸ ਬਾਰੇ ਕਰੜੀ ਚਿਤਾਵਨੀ ਦਿੰਦਿਆਂ ਫਰਮਾਉਂਦੇ ਹਨ:-

ਮਖਟੂ ਹੋਇ ਕੈ ਕੰਨ ਪੜਾਏ॥
ਫਕਰੁ ਕਰੇ ਹੋਰੁ ਜਾਤਿ ਗਵਾਏ॥
ਗੁਰੁ ਪੀਰੁ ਸਦਾਏ ਮੰਗਣ ਜਾਇ॥
ਤਾ ਕੈ ਮੂਲਿ ਨ ਲਗੀਐ ਪਾਇ॥[82]

ਗੁਰੂ ਨਾਨਕ ਦੇਵ ਜੀ ਇਹ ਦਰਸਾਉਂਦੇ ਹਨ ਕਿ ਗੁਰੂ, ਪੀਰ ਜਾਂ ਕਿਸੇ ਪਰਕਾਰ ਦੇ ਧਾਰਮਿਕ ਆਗੂ ਨੇ ਲੋਕਾਂ ਨੂੰ ਪਰਮਾਤਮਾ ਦਾ ਨਾਂ ਅਵੱਸ਼ ਜਪਵਾਣਾ ਹੈ, ਪਰ ਉਸ ਨੇ ਇਹ ਕੰਮ ਨਿਰੋਲ ਪਰਉਪਕਾਰ ਖਾਤਰ ਕਰਨਾ ਹੈ ਨਾ ਕਿ ਕਿਸੇ ਰੂਪ ਵਿੱਚ ਉਸ ਦਾ ਮੁੱਲ ਪ੍ਰਾਪਤ ਕਰ ਕੇ। ਉਸ ਨੂੰ ਪਰਮਾਤਮਾ ਦਾ ਨਾਂ ਵੇਚ ਕੇ ਆਪਣੀ ਪਾਲਨਾ ਕਰਨ ਦਾ ਕੋਈ ਅਧਿਕਾਰ ਨਹੀਂ ਸਗੋਂ ਕਿ ਉਹ ਕਿਰਤ ਕਰ ਕੇ ਬੜੀ ਇਜ਼ਤ ਨਾਲ ਇਉਂ ਕਰ ਕੇ ਵਿਖਾ ਸਕਦਾ ਹੈ। ਗੁਰੂ ਜੀ ਦੇ ਸਮੇਂ ਕਈ ਅਜਿਹੇ ਧਾਰਮਿਕ ਆਗੂ ਵੀ ਸਨ, ਜਿਹੜੇ ਪਰਮਾਤਮਾ ਦਾ ਨਾਂ ਕਾਗਜ਼ ਦੀਆਂ ਪਰਚੀਆਂ ਉਤੇ ਲਿਖ ਕੇ ਲੋਕਾਂ ਨੂੰ ਮੁੱਲ ਵੇਚਦੇ ਸਨ। ਗੁਰੂ ਜੀ ਬੜੇ ਬਲਵਾਨ ਸ਼ਬਦਾਂ ਵਿੱਚ ਇਹੋ ਜਿਹੇ ਕਿਰਤ-ਹੀਣ ਧਾਰਮਿਕ ਆਗੂਆਂ ਦਾ ਖੰਡਨ ਕਰਦੇ ਹਨ, ਭਾਵੇਂ; ਉਹ ਕਿਸੇ

---

81. ਵਾਰ ਮਾਝ ਕੀ, ਮ: 1, ਆਦਿ ਗ੍ਰੰਥ, ਪੰਨਾ 142.

82. ਸਾਰੰਗ ਕੀ ਵਾਰ, ਸਲੋਕ ਮ: 1, ਆਦਿ ਗ੍ਰੰਥ, ਪੰਨਾ 1245.

ਵੀ ਧਰਮ ਨਾਲ ਸੰਬੰਧ ਰੱਖਦੇ ਹੋਣ:-

ਸਲੋਕੁ ਧ੍ਰਿਗੁ ਤਿਨਾ ਕਾ ਜੀਵਿਆ ਜਿ ਲਿਖਿ ਲਿਖਿ ਵੇਚਹਿ ਨਾਉ॥
ਖੇਤੀ ਜਿਨ ਕੀ ਉਜੜੈ ਖਲਵਾੜੇ ਕਿਆ ਥਾਉ॥ [83]

ਇਸ ਤੋਂ ਸਿੱਧ ਹੋ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਕਿਸੇ ਧਾਰਮਿਕ ਆਗੂ ਨੂੰ ਕਿਰਤ ਕਰਨ ਤੋਂ ਛੋਟ ਨਹੀਂ ਦਿੰਦੇ, ਅਰਥਾਤ ਉਸ ਦੀ ਧਾਰਮਿਕ ਪਦਵੀ ਨੂੰ ਉਸ ਦੇ ਕਿਰਤ-ਹੀਣ ਰਹਿਣ ਲਈ ਬਹਾਨਾ ਨਹੀਂ ਬਣਨ ਦਿੰਦੇ। ਆਪ ਜੀ ਨੇ ਕੇਵਲ ਦੂਜੇ ਧਰਮਾਂ ਦੇ ਆਗੂਆਂ ਉੱਤੇ ਹੀ ਨਹੀਂ, ਸਗੋਂ ਆਪਣੇ ਅਤੇ ਆਪਣੇ ਉੱਤਰਾਧਿਕਾਰੀਆਂ ਉੱਤੇ ਵੀ ਕਿਰਤ ਕਰਨ ਦੀ ਇਹ ਸ਼ਰਤ ਪੂਰੀ ਤਰ੍ਹਾਂ ਲਾਗੂ ਕੀਤੀ ਹੈ। ਜੇ ਆਪ ਜੀ ਨੇ ਖੇਤੀ ਦੀ ਕਿਰਤ ਕਰ ਕੇ ਲੋਕਾਂ ਦੀ ਅਗਵਾਈ ਕੀਤੀ ਤਾਂ ਆਪ ਜੀ ਦੇ ਉੱਤਰਾਧਿਕਾਰੀ ਗੁਰੂ ਸਾਹਿਬਾਂ ਨੇ ਵੀ ਕੋਈ ਨਾ ਕੋਈ ਕਿਰਤ ਕਰ ਕੇ ਲੋਕਾਂ ਨੂੰ ਕਿਰਤ ਕਰਨ ਦੀ ਅਮਲੀ ਸਿੱਖਿਆ ਪ੍ਰਦਾਨ ਕੀਤੀ।। ਉਦਾਹਰਣ ਵਜੋਂ, ਗੁਰੂ ਅੰਗਦ ਦੇਵ ਜੀ ਮੁੰਜ ਦੀਆਂ ਰੱਸੀਆਂ ਵੱਟ ਕੇ ਦੈਨਿਕ ਉਪਜੀਵਕਾ ਕਮਾਉਣ ਵਾਲੀ ਕਿਰਤ ਕਰਦੇ ਸਨ। ਇਸ ਸੰਬੰਧੀ ਪ੍ਰੋ. ਪੂਰਨ ਸਿੰਘ ਨੇ ਲਿਖਿਆ ਹੈ:-

"(ਗੁਰੂ) ਅੰਗਦ ਆਪਣੇ ਮਾਲਕ ਦੇ ਅਜਿਹੇ ਸ਼ਬਦ ਗਾਉਂਦਾ ਹੈ,
ਜਿਹੜੇ ਮਰਦ, ਇਸਤ੍ਰੀ ਅਤੇ ਬੱਚੇ ਨੂੰ ਨਵਾਂ ਜੀਵਨ ਪ੍ਰਦਾਨ ਕਰਦੇ ਹਨ
ਅਤੇ ਉਹ ਆਪਣੀ ਦੈਨਿਕ ਰੋਜ਼ੀ ਕਮਾਉਣ ਲਈ ਕਰੜੀ ਘਾਲਿ ਘਾਲਦਿਆਂ
ਪੰਜਾਬ ਦੀ ਸਖ਼ਤ ਮੁੰਜ ਦੀਆਂ ਰੱਸੀਆਂ ਵਟਦਾ ਹੈ।
ਉਹ ਮਿਹਨਤ ਦਾ ਪਸੀਨਾ ਵਹਾਉਂਦਿਆਂ ਸ਼ਬਦ ਗਾਉਂਦਾ ਰਹਿੰਦਾ ਹੈ। [84]

ਇਸ ਤੋਂ ਸਿੱਧ ਹੋ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੇ ਉੱਤਰਾਧਿਕਾਰੀਆਂ ਅਤੇ ਹੋਰ ਸਭ ਧਾਰਮਿਕ ਆਗੂਆਂ ਲਈ ਕਿਰਤ ਕਰਨ ਦੇ ਇਕੋ ਜਿਹੇ ਪੂਰਣੇ ਪਾ ਦਿੱਤੇ ਸਨ ਅਤੇ ਸਭ ਧਰਮਾਂ ਅੰਦਰ ਕਿਰਤ ਕਰਨ ਦੇ ਸਮਾਨ ਅਧਿਕਾਰ ਸਥਾਪਤ ਕਰ ਦਿੱਤੇ ਸਨ।

---

83. ਸਾਰੰਗ ਕੀ ਵਾਰ, ਸਲੋਕ ਮ: 1, ਆਦਿ ਗ੍ਰੰਥ, ਪੰਨਾ 1245.

84. "Angad Sings his Master's songs
Which impart life to man, woman and child.
And he toils for his daily bread,
making ropes out of the coarse fibre of The Punjab,
Sweating, and singing."
'The Ten Masters'- P.75 (Amritsar, Chief Khalsa Diwan), 1975.

## ਅਧਿਆਇ ਦੂਜਾ

## ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਕਿਰਤ-ਸੰਕਲਪ ਦਾ ਸਮੁੱਚਾ ਅਧਿਐਨ

### (ੳ) ਲੰਮੀਆਂ ਬਾਣੀਆਂ ਵਿੱਚ ਕਿਰਤ-ਸੰਕਲਪ

1. ਜਪੁ ਜੀ

(ਕਾਰਜ ਪ੍ਰੇਰਕ ਆਰੰਭ; ਪਰਮਾਤਮਾ ਸਦੀਵੀ ਕਿਰਤੀ; ਕਰਮਾਂ ਦਾ ਫਲ; ਹੁਕਮ ਅਨੁਸਾਰ ਕਾਰ; ਕਾਰਜਸ਼ੀਲ ਪੰਚ; ਉਦਮੀਆਂ ਨਾਲ ਸੰਬੰਧ; ਕਾਰਜ-ਪ੍ਰੇਰਕ ਅੰਤ)

2. ਪਟੀ (ਰਾਗੁ ਆਸਾ)

(ਸਫਲ ਜੀਵਨ ਲਈ ਵਿਦਿਆ; ਕਰਮਾਂ ਦਾ ਫਲ; ਚੰਗੇ ਕਰਮਾਂ ਲਈ ਪ੍ਰੇਰਣਾ)

3. ਓਅੰਕਾਰ (ਦਖਣੀ)

(ਝੂਠ ਕੇ ਜਾਬ੍ਹਣਾ; ਸੱਚ ਉਤੇ ਆਧਾਰਿਤ ਕਿਰਤ; ਆਸ਼ਾਵਾਦੀ ਕਿਰਤੀ)

4. ਸਿਧ ਗੋਸਟਿ

(ਪਰਵਿਰਤੀ ਜੀਵਨ ਮਾਰਗ; ਸਚੀ ਅਤੇ 'ਕਰਣੀ ਕਾਰ'; ਕਾਰਜਹੀਣ ਭੇਖਾਂ ਦਾ ਖੰਡਣ)

5. ਮਾਰੂ ਸੋਹਲੇ

(ਜਾਗ੍ਰਿਤ ਕਾਰਜਸ਼ੀਲ ਬਿਰਤੀ; 'ਗੁਰਮੁਖ ਕਾਰ'; ਆਦਰਸ਼ਕ ਸਿਖ)

6. ਬਾਰਹਮਾਹਾ (ਰਾਗ ਤੁਖਾਰੀ)

(ਕਿਰਤ ਕਰਨ ਦਾ ਵੇਲਾ; ਜੀਵਨ ਅਤੇ ਸਦ-ਗੁਣ; ਚੰਗੇ ਕਰਮਾਂ ਦੀ ਮਹਾਨਤਾ)

### (ਅ) ਤਿੰਨ ਵਾਰਾਂ

1. ਮਾਝ ਦੀ ਵਾਰ

(ਧੁਰੋਂ ਸੌਂਪੀ ਹੋਈ ਕਾਰ; ਹੱਕ ਦੀ ਕਮਾਈ; ਕਿਰਤਹੀਣ ਵਿਹਲੇ ਦਾ ਖੰਡਣ)

2. ਆਸਾ ਦੀ ਵਾਰ

(ਕਰਣੀ ਦਾ ਫਲ; ਚੰਗੀ ਕਿਰਤ ਕਰਨਾ; ਕਿਰਤ ਦਾ ਸਮੁੱਚਾ ਪ੍ਰਭਾਵ-ਵਿਅਕਤੀਗਤ, ਧਾਰਮਕ, ਸਮਾਜਕ, ਆਰਥਕ ਅਤੇ ਰਾਜਸੀ)

3. ਮਲਾਰ ਕੀ ਵਾਰ

(ਕਰਮ ਫਲ; ਕਿਰਤਹੀਣ ਪਾਖੰਡੀਆਂ ਦਾ ਖੰਡਣ)

### (ੲ) ਛੋਟੇ ਸ਼ਬਦਾਂ ਵਿਚ ਕਿਰਤ-ਸੰਕਲਪ

(ਕਿਰਤ ਅਤੇ ਸਿਮਰਨ ਦਾ ਸੁਮੇਲ; ਕਿਰਤੀਆਂ ਬਾਰੇ ਪਰਸੰਸਾ ਗੀਤ; ਕਿਰਤਹੀਣ ਮਨੁੱਖਾਂ ਦੀ ਆਲੋਚਨਾ; ਪ੍ਰਕਿਰਤੀ ਵਿਚ ਕਾਰਜਸ਼ੀਲਤਾ; ਕਿਰਤ ਅਤੇ ਸੰਜਮੀ ਜੀਵਨ-ਖਾਣ, ਪਹਿਰਨ, ਮਨੋਰੰਜਨ, ਸੌਣ ਅਤੇ ਭੋਗ ਵਿਲਾਸ ਵਿਚ ਸੰਜਮ)

# ਅਧਿਆਇ ਦੂਜਾ

## ਗੁਰੂ ਨਾਨਕ ਦੇਵ ਜੀ ਦੀ ਸਮੁੱਚੀ ਬਾਣੀ ਵਿੱਚ ਕਿਰਤ-ਸੰਕਲਪ ਦਾ ਅਧਿਐਨ

ਆਦਿ ਗ੍ਰੰਥ ਵਿੱਚ ਅੰਕਿਤ ਗੁਰੂ ਨਾਨਕ ਦੇਵ ਜੀ ਦੀ ਸਮੁੱਚੀ ਬਾਣੀ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ...... ਲੰਬੇ ਆਕਾਰ ਵਾਲੀਆਂ ਬਾਣੀਆਂ, ਵਾਰਾਂ, ਅਤੇ ਛੋਟੇ ਆਕਾਰ ਵਾਲੇ ਸ਼ਬਦ। ਇਸ ਲਈ ਇਨ੍ਹਾਂ ਤਿੰਨਾਂ ਭਾਗਾਂ ਅਨੁਸਾਰ ਆਪ ਜੀ ਦੀ ਬਾਣੀ ਵਿੱਚ ਕਿਰਤ-ਸੰਕਲਪ ਦਾ ਅਧਿਐਨ ਕਰਨ ਦਾ ਜਤਨ ਕੀਤਾ ਜਾਂਦਾ ਹੈ।

### (ੳ) ਲੰਬੇ ਆਕਾਰ ਵਾਲੀਆਂ ਬਾਣੀਆਂ

ਗੁਰੂ ਨਾਨਕ ਦੇਵ ਜੀ ਦੀਆਂ ਰਚਿਤ ਲੰਬੇ ਆਕਾਰ ਵਾਲੀਆਂ ਬਾਣੀਆਂ ਨਿਮਨ ਲਿਖਤ ਹਨ:-

1) ਜਪੁ ਜੀ
2) ਪਟੀ ( ਰਾਗ ਆਸਾ )
3) ਓਅੰਕਾਰੁ (ਦਖਣੀ)
4) ਸਿਧ ਗੋਸਟਿ
5) ਸੋਹਲੇ (ਰਾਗ ਮਾਰੂ)
6) ਬਾਰਹ ਮਾਹ ( ਰਾਗ ਤੁਖਾਰੀ)

ਇਨ੍ਹਾਂ ਬਾਣੀਆਂ ਦਾ ਉਪਰੋਕਤ ਕ੍ਰਮ ਆਦਿ ਗ੍ਰੰਥ ਵਿਚਲੇ ਕ੍ਰਮ ਅਨੁਸਾਰ ਹੈ। ਇਸ ਲਈ, ਸਭ ਤੋਂ ਪਹਿਲੇ ਜਪੁ ਜੀ ਵਿੱਚ ਕਿਰਤ-ਸੰਕਲਪ ਦਾ ਅਧਿਐਨ ਕੀਤਾ ਜਾਂਦਾ ਹੈ।

### 1) ਜਪੁ ਜੀ ਵਿੱਚ ਕਿਰਤ-ਸੰਕਲਪ

ਜਪੁ ਜੀ ਨਾਮ ਜਪਣ ਉਤੇ ਬਲ ਦੇਣ ਵਾਲੀ ਕਲਿਆਣਕਾਰੀ ਬਾਣੀ ਹੈ ਪਰ ਇਸ ਵਿੱਚ ਨਾਮ ਜਪਣ ਦੇ ਨਾਲ ਨਾਲ ਕਿਰਤ ਕਰਨ ਉਤੇ ਵੀ ਬਲ ਦਿੱਤਾ ਹੋਇਆ ਹੈ, ਕਿਉਂਕਿ ਗੁਰੂ ਨਾਨਕ ਦੇਵ ਜੀ ਦੇ ਵਿਚਾਰ ਅਨੁਸਾਰ, ਨਾਮ ਜਪਣਾ ਅਤੇ ਕਿਰਤ ਕਰਨਾ ਦੋਵੇਂ ਅੰਤਰ-ਸੰਬੰਧਿਤ ਕਾਰਜ ਹਨ।

## ਕਾਰਜ ਪ੍ਰੇਰਕ ਆਰੰਭ

ਜਪੁ ਜੀ ਇਕ ਅਜਿਹੀ ਕਾਰਜ ਪ੍ਰੇਰਕ ਬਾਣੀ ਹੈ, ਜਿਸ ਦਾ ਆਰੰਭ ਕਾਰਜ ਕਰਨ ਦੀ ਭਰਪੂਰ ਪ੍ਰੇਰਣਾ ਰਾਹੀਂ ਹੁੰਦਾ ਹੈ। ਇਸ ਦੇ ਮੂਲ ਮੰਤਰ ਅਤੇ ਪਹਿਲੀ ਪਉੜੀ ਵਿੱਚ ਮਨੁੱਖੀ ਜੀਵਨ ਅੰਦਰ ਕਾਰਜਸ਼ੀਲ ਜਾਗ੍ਰਿਤੀ ਲਿਆਣ ਦਾ ਉਦੇਸ਼ ਭਰਪੂਰ ਹੈ। ਇਸ ਉਦੇਸ਼-ਪੂਰਤੀ ਲਈ ਗੁਰੂ ਨਾਨਕ ਦੇਵ ਜੀ ਜਪੁ ਜੀ ਦੇ ਮੂਲ ਮੰਤਰ ਵਿੱਚ ਅਕਾਲ ਪੁਰਖ ਦੇ ਕਾਰਜਸ਼ੀਲ ਗੁਣਾਂ ਦਾ ਵਰਣਨ ਕਰਦੇ ਹਨ ਅਤੇ ਇਸ ਦੀ ਪਹਿਲੀ ਪਉੜੀ ਵਿੱਚ ਉਸ ਕਾਰਜਸ਼ੀਲ ਅਕਾਲ ਪੁਰਖ ਨਾਲ ਮਿਲਾਪ ਪ੍ਰਾਪਤ ਕਰਨ ਦੀ ਵਿਧੀ ਸਮਝਾਉਂਦੇ ਹਨ।

ਜਪੁ ਜੀ ਦਾ ਮੂਲ-ਮੰਤਰ ਅਕਾਲ ਪੁਰਖ ਦੇ ਕਾਰਜਸ਼ੀਲ ਗੁਣ ਦ੍ਰਿੜਾਉਂਦਾ ਹੋਇਆ ਮਨੁੱਖ ਨੂੰ ਇਹੋ ਜਿਹੇ ਗੁਣ ਧਾਰਣ ਕਰਨ ਦੀ ਪ੍ਰੇਰਣਾ ਪ੍ਰਦਾਨ ਕਰਦਾ ਹੈ। ਵੱਖ ਵੱਖ ਧਰਮਾਂ ਦੇ ਸੰਚਾਲਕਾਂ ਨੇ, ਆਪਣੇ ਆਪਣੇ ਵਿਚਾਰ ਅਨੁਸਾਰ, ਅਕਾਲ ਪੁਰਖ ਦਾ ਸਰੂਪ ਦਰਸਾਇਆ ਹੈ, ਪਰ, ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਦਾ ਅਸਲ ਸਰੂਪ ਆਪਣੀ ਅੱਖੀਂ ਵੇਖ ਕੇ ਠੀਕ ਠੀਕ ਦਰਸਾਇਆ ਹੈ। ਆਪ, ਆਪਣੇ ਪਰਤੱਖ ਅਨੁਭਵ ਰਾਹੀਂ; ਉਸ ਦਾ ਜੋ ਸਰੂਪ ਦਰਸਾਉਂਦੇ ਹਨ, ਉਹ ਸਭ ਤੋਂ ਸੱਚਾ ਅਤੇ ਅੰਤਮ ਸਰੂਪ ਮੰਨਿਆ ਜਾ ਸਕਦਾ ਹੈ। ਡਾ: ਦੀਵਾਨ ਸਿੰਘ ਨੇ ਇਸ ਗੱਲ ਦੀ ਅਨਵਾਨ ਪੁਸ਼ਟੀ ਕਰਦਿਆਂ ਲਿਖਿਆ ਹੈ:-

> "ਇਸ ਲਈ, ਇਹ ਕਹਿਣਾ ਬਿਲਕੁਲ ਪ੍ਰਮਾਣੀਕ ਅਤੇ ਉੱਚਿਤ ਹੈ ਕਿ ਗੁਰੂ ਨਾਨਕ ਦੇਵ ਨੇ ਅਕਾਲ ਪੁਰਖ ਦੇ ਸਰੂਪ ਅਤੇ ਅਸਲੀਅਤ ਬਾਰੇ ਜੋ ਕੁਝ ਦਰਸਾਇਆ ਹੈ, ਉਹ ਮਨੁੱਖੀ ਪੱਧਰ ਉੱਤੇ ਕਹਿਣ ਅਤੇ ਦਰਸਾਣ ਬਾਰੇ ਸ਼ਾਇਦ ਅੰਤਮ ਸ਼ਬਦ ਹੀ ਹੈ।"[1]

ਜਪੁ ਜੀ ਦੇ ਮੂਲ-ਮੰਤਰ ਅਨੁਸਾਰ ਉਹ ਅਕਾਲ ਪੁਰਖ 'ੴ' ਜਾਂ ਇਕੋ ਇਕ ਹੁੰਦਾ ਹੋਇਆ 'ਸਤਿ' ਜਾਂ ਸੱਚ ਦਾ ਮੂਲ-ਸਰੂਪ ਹੈ। ਉਹ 'ਕਰਤਾ' ਹੁੰਦਾ ਹੋਇਆ ਸਾਰੇ ਖੰਡਾਂ ਬ੍ਰਹਿਮੰਡਾਂ ਦੀ ਨਿਰੰਤਰ ਰਚਨਾ ਕਰਨ ਦਾ ਕਰਤਾਰੀ ਕਾਰਜ ਕਰਦਾ ਰਹਿੰਦਾ ਹੈ। ਉਸ ਦੇ 'ਨਿਰਭਉ' ਅਤੇ 'ਨਿਰਵੈਰੁ' ਹੋਣ ਦੇ ਗੁਣ ਵੀ ਕਰਤਾਰੀ ਗੁਣ ਹਨ, ਕਿਉਂਜੁ

---

1. "Therefore, it is very valid and correct to say that what Guru Nanak has been able to express on the nature and reality of God is probably the final word that can possibly be said or expressed on the human level."- "Guru Nanak's Message in Jap Ji', P.21 (Amritsar, Faqir Singh & Sons),1970.

ਭੈ ਅਤੇ ਵੈਰ ਤੋਂ ਉਚਾ ਉਠ ਕੇ ਹੀ ਕਰਤਾਰੀ ਕਾਰਜ ਕੀਤਾ ਜਾ ਸਕਦਾ ਹੈ। ਇਸ ਮੂਲ-ਮੰਤਰ ਵਿੱਚ ਵਾਹਿਗੁਰੂ ਦੇ ਇਨ੍ਹਾਂ ਕਰਤਾਰੀ ਗੁਣਾਂ ਤੋਂ ਉਪਰੰਤ ਉਸ ਦੇ ਤਿੰਨ ਨਿਰੰਕਾਰੀ ਗੁਣ ਵੀ ਦਰਸਾਏ ਹੋਏ ਹਨ, ਅਰਥਾਤ ਉਹ 'ਅਕਾਲ', 'ਅਜੂਨੀ' ਅਤੇ 'ਸੈਭੰ' ਹੈ। ਮਨੁੱਖ ਵਾਹਿਗੁਰੂ ਦੇ ਇਹ ਨਿਰੰਕਾਰੀ ਗੁਣ ਧਾਰਣ ਨਹੀਂ ਕਰ ਸਕਦਾ, ਪਰ ਉਹ ਉਸ ਦੇ ਕਰਤਾਰੀ ਗੁਣ ਧਾਰ ਕੇ ਉਸ ਵਿੱਚ ਅਭੇਦ ਹੋ ਸਕਦਾ ਹੈ।

ਮਨੁੱਖ ਵਲੋਂ ਅਕਾਲ ਪੁਰਖ ਦੇ ਗੁਣ ਧਾਰਣ ਕਰਨ ਦਾ ਉਦੇਸ਼ ਬਿਲਕੁਲ ਸੁਭਾਵਕ ਉਦੇਸ਼ ਹੈ, ਕਿਉਂਜੁ ਪੁੱਤਰ ਸਦਾ ਆਪਣੇ ਪਿਤਾ ਦੇ ਗੁਣ ਧਾਰਣ ਦਾ ਜਤਨ ਕਰਦਾ ਹੈ। ਡਾ: ਕੁਲਦੀਪ ਕੌਰ ਨੇ ਇਸ ਸੰਬੰਧੀ ਇਹ ਵਿਚਾਰ ਪਰਗਟਾਇਆ ਹੈ:-

"ਮਾਤਾ ਪਿਤਾ ਵਿੱਚ ਜੋ ਗੁਣ ਹੁੰਦੇ ਹਨ, ਬੱਚਾ ਉਨ੍ਹਾਂ ਗੁਣਾਂ ਨੂੰ ਧਾਰਣ ਕਰਨ ਵਿੱਚ ਆਪਣੀ ਵਡਿਆਈ ਸਮਝਦਾ ਹੈ। ਗੁਰੂ ਜੀ ਨੇ ਜੀਵ ਰੂਪੀ ਬਾਲਕ ਨੂੰ ਉਸ ਦੇ ਪਿਤਾ ਦਾ ਸਰੂਪ ਦੱਸ ਕੇ ਚੰਗੀ ਤਰ੍ਹਾਂ ਸਮਝਾ ਦਿੱਤਾ ਹੈ ਕਿ ਜੀਵ ਦਾ ਸੰਪੂਰਣ ਸਰੂਪ ਕੀ ਹੋਣਾ ਚਾਹੀਦਾ ਹੈ।"[2]

ਇਥੇ ਇਹ ਵੀ ਸਮਝ ਲੈਣਾ ਉਚਿਤ ਹੈ ਕਿ ਮਨੁੱਖ ਵਲੋਂ ਅਕਾਲ ਪੁਰਖ ਦੇ ਇਹ ਕਰਤਾਰੀ ਗੁਣ ਧਾਰਣ ਕਰਨ ਦਾ ਉਦੇਸ਼ ਉਸ ਵਿੱਚ ਅਭੇਦ ਹੋਣ ਲਈ ਹੈ ਨਾ ਕਿ ਉਸ ਦੇ ਬਰਾਬਰ ਖੜਾ ਹੋ ਕੇ ਵਿਖਾਣ ਲਈ। ਡਾ: ਕੁਲਦੀਪ ਕੌਰ ਨੇ ਇਹ ਗੱਲ ਬੜੀ ਚੰਗੀ ਤਰ੍ਹਾਂ ਸਪਸ਼ਟ ਕੀਤੀ ਹੈ:-

"ਵਾਹਿਗੁਰੂ ਸੱਚ ਸਰੂਪ ਹੋਣ ਦੇ ਨਾਲ ਨਾਲ 'ਨਿਰਭਉ' ਤੇ 'ਨਿਰਵੈਰ' ਵੀ ਹੈ। ਉਸ ਨੂੰ ਕਿਸੇ ਕੋਲੋਂ ਡਰਨ ਦੀ ਲੋੜ ਨਹੀਂ; ਕਿਉਂਕਿ ਉਹ ਸਭ ਦਾ ਰਚਨਹਾਰਾ ਹੈ, ਅਤੇ ਉਸ ਜਿਹਾ ਹੋਰ ਕੋਈ ਨਹੀਂ। ਜੇ ਉਸ ਦੇ ਟਾਕਰੇ ਉਤੇ ਕੋਈ ਖੜਾ ਨਹੀਂ ਹੋ ਸਕਦਾ ਅਤੇ ਕਿਸੇ ਕੋਲੋਂ ਉਸ ਨੂੰ ਕੋਈ ਡਰ ਨਹੀਂ ਤਾਂ ਕਿਸੇ ਨਾਲ ਉਸ ਦਾ ਵੈਰ ਹੋਣਾ ਵੀ ਸੰਭਵ ਨਹੀਂ। ਉਂਜ ਵੀ ਆਪਣੇ ਸਿਰਜੇ ਹੋਏ ਜੀਵਾਂ ਨਾਲ ਵੈਰ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਜੇ ਉਹ ਨਿਰਭਉ ਤੇ ਨਿਰਵੈਰ ਹੈ ਤਾਂ ਮਨੁੱਖ ਕਿਉਂ ਨਾ ਇਨ੍ਹਾਂ ਗੁਣਾਂ ਨੂੰ ਧਾਰਨ ਕਰੇ[3]

---

2. 'ਗੁਰੂ ਨਾਨਕ ਤੇ ਸਿੱਖਿਆ', ਪੰਨਾ 5.
3. -ਉਹੀ- , ਪੰਨਾ 6.

ਮਨੁੱਖ 'ਨਿਰਭਉ' ਅਤੇ 'ਨਿਰਵੈਰ' ਹੋ ਕੇ ਆਪਣੀ ਕਿਰਤ ਅਤੇ ਕਾਰਜਸ਼ੀਲਤਾ ਵਿੱਚ ਸਦੀਵੀ ਸ਼ਕਤੀ ਭਰਪੂਰ ਕਰ ਸਕਦਾ ਹੈ। ਇਸ ਲਈ, ਜਪੁ ਜੀ ਦੇ ਮੂਲ-ਮੰਤਰ ਵਿੱਚ ਮਨੁੱਖ ਨੂੰ ਇਹ ਕਰਤਾਰੀ ਗੁਣ ਧਾਰਨ ਕਰਨ ਦੀ ਪ੍ਰੇਰਣਾ, ਵਾਸਤਵ ਵਿੱਚ, ਕਾਰਜਸ਼ੀਲ ਪ੍ਰੇਰਣਾ ਹੀ ਹੈ ਅਤੇ ਇਹ ਇਸ ਬਾਣੀ ਦੇ ਆਰੰਭ ਨੂੰ ਕਾਰਜਪ੍ਰੇਰਕ ਆਰੰਭ ਬਣਾ ਦਿੰਦੀ ਹੈ।

ਜਪੁ ਜੀ ਦੀ ਪਹਿਲੀ ਪਉੜੀ ਵੀ ਕਾਰਜਸ਼ੀਲ ਪ੍ਰੇਰਣਾ ਨਾਲ ਭਰਪੂਰ ਹੈ। ਇਸ ਵਿੱਚ ਕਿਰਤ-ਹੀਣ ਕਰਮ ਕਾਂਡਾਂ ਦੇ ਖੰਡਣ ਰਾਹੀਂ ਮਨੁੱਖ ਨੂੰ ਕਾਰਜਸ਼ੀਲ ਜਾਗ੍ਰਿਤੀ ਲਈ ਤਿਆਰ ਕੀਤਾ ਗਿਆ ਹੈ। ਗੁਰੂ ਨਾਨਕ ਦੇਵ ਜੀ ਦੇ ਵਿਚਾਰਾਂ ਅਨੁਸਾਰ, ਇਨ੍ਹਾਂ ਕਰਮ-ਕਾਂਡਾਂ ਨੂੰ ਤਿਆਗੇ ਬਿਨਾਂ ਮਨੁੱਖ ਅੰਦਰ ਕਾਰਜਸ਼ੀਲ ਜਾਗ੍ਰਿਤੀ ਕਦੀ ਆ ਹੀ ਨਹੀਂ ਸਕਦੀ। ਇਨ੍ਹਾਂ ਵਿੱਚ ਫੱਸਿਆ ਹੋਇਆ ਮਨੁੱਖ ਸਦਾ ਆਲਸ-ਰੂਪੀ ਨੀਂਦਰ ਵਿੱਚ ਸੁੱਤਾ ਰਹਿੰਦਾ ਹੈ ਅਤੇ ਉਸ ਨੂੰ ਜਾਗ੍ਰਿਤ ਅਵਸਥਾ ਵਿੱਚ ਆਣ ਦੀ ਹੋਸ਼ ਹੀ ਨਹੀਂ ਰਹਿੰਦੀ।

ਵਾਸਤਵ ਵਿੱਚ, ਗੁਰੂ ਨਾਨਕ ਦੇਵ ਜੀ ਮਨੁੱਖੀ ਜੀਵਨ ਵਿੱਚ ਕਾਰਜਸ਼ੀਲਤਾ ਉੱਤੇ ਸਭ ਤੋਂ ਵੱਧ ਬਲ ਦਿੰਦੇ ਹਨ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚਲੀ ਕਾਰਜਸ਼ੀਲ ਪ੍ਰੇਰਣਾ ਤੋਂ ਪ੍ਰਭਾਵਿਤ ਹੋ ਕੇ ਹੀ ਡਾ: ਮੁਹੰਮਦ ਇਕਬਾਲ ਨੇ ਆਪਣੀ ਨੂੰ ਦੇਸ਼ ਵਾਸੀਆਂ ਤਾਈਂ ਗ਼ਫ਼ਲਤ ਦੇ ਖ਼ਾਬ ਨੂੰ ਜਗਾਣ ਵਾਲਾ 'ਮਰਦਿ ਕਾਮਿਲ' ਕਹਿੰਦਿਆਂ ਇਹ ਜ਼ਿਕਰ ਉਚਾਰਿਆ ਸੀ:-

"ਫਿਰ ਉਠੀ ਆਖ਼ਿਰ ਸਦਾ ਤੌਹੀਦ ਕੀ ਪੰਜਾਬ ਸੇ।
ਹਿੰਦ ਕੋ ਇਕ ਮਰਦਿ ਕਾਮਿਲ ਨੇ ਜਗਾਇਆ ਖ਼੍ਵਾਬ ਸੇ।।"[4]

ਡਾ: ਇਕਬਾਲ ਨੇ ਇਹ ਵੀ ਅਨੁਭਵ ਕੀਤਾ ਕਿ ਹਿੰਦੁਸਤਾਨ ਉਨਤੀ ਦੇ ਰਾਹ ਉੱਤੇ ਤੁਰਨੋਂ ਇਸ ਲਈ ਰੁਕ ਗਿਆ ਸੀ ਕਿ ਉਹ ਆਪਣੇ ਪੁਰਾਣੇ 'ਖ਼ਿਆਲੀ ਫ਼ਲਸਫ਼ੇ' ਉੱਤੇ ਨਾਜ਼ ਕਰਦਾ ਹੋਇਆ ਕਾਰਜਹੀਣ ਬਣ ਕੇ ਰਹਿ ਗਿਆ ਸੀ।[5]

ਨਿਰਸੰਦੇਹ, ਦੇਸ਼ ਦਾ ਇਹ ਪੁਰਾਣਾ ਫ਼ਲਸਫ਼ਾ ਦੇਸ਼ ਵਾਸੀਆਂ ਲਈ ਬੜਾ

---

4. ਡਾ: ਮੁਹੰਮਦ ਇਕਬਾਲ ਦੀ ਉਰਦੂ ਕਵਿਤਾ 'ਗੁਰੂ ਨਾਨਕ' ਵਿੱਚੋਂ ਹਵਾਲਾ ਸਹਿਤ; 'ਗੁਰੂ ਨਾਨਕ ਦੀ ਸਾਹਿਤਕ ਪ੍ਰਤਿਭਾ ਤੇ ਹੋਰ ਲੇਖ', ਪੰਨਾ 11.

5. "ਆਸ਼ਕਾਰ ਉਸ ਨੇ ਕੀਆ ਜੋ ਜ਼ਿੰਦਗੀ ਕਾ ਰਾਜ਼ ਥਾ
ਹਿੰਦ ਕੋ ਲੇਕਿਨ ਖ਼ਿਆਲੀ ਫ਼ਲਸਫ਼ੇ ਪਰ ਨਾਜ਼ ਥਾ।"
ਉਸੇ ਉਰਦੂ ਕਵਿਤਾ ਵਿੱਚੋਂ ਹਵਾਲਾ ਸਹਿਤ; 'ਗੁਰੂ ਨਾਨਕ ਦਰਸ਼ਨ', ਪੰਨਾ 71.

ਹਾਨਿਕਾਰਕ ਸਿੱਧ ਹੋਇਆ, ਕਿਉਂਕਿ ਇਹ 'ਧਿਆਨੀ' ਹੁੰਦਾ ਹੋਇਆ ਨਿਰੋਲ ਕਾਰਜਹੀਣ ਸੀ। ਪਰ ਇਸ ਦੇ ਨਾਲ ਹੀ ਡਾ: ਇਕਬਾਲ ਇਸ ਗੱਲ ਉਤੇ ਗੌਰਵ ਅਨੁਭਵ ਕਰਦਾ ਹੈ ਕਿ ਗੁਰੂ ਨਾਨਕ ਦੇਵ ਨੇ ਇਸ 'ਧਿਆਨੀ' ਫਲਸਫੇ ਨੂੰ ਤਿਆਗ ਕੇ ਕਾਰਜਸ਼ੀਲ ਫਲਸਫਾ ਪਰਚਾਰਦਿਆਂ ਦੇਸ਼ਵਾਸੀਆਂ ਦੀ ਸੱਚੀ ਅਗਵਾਈ ਕੀਤੀ।

ਨਿਰਸੰਦੇਹ, ਗੁਰੂ ਨਾਨਕ ਦੇਵ ਜੀ ਨੇ ਜਪੁ ਜੀ ਵਿੱਚ ਕਾਰਜਹੀਣ 'ਧਿਆਨੀ' ਫਲਸਫੇ ਨੂੰ ਕੋਈ ਸਥਾਨ ਨਹੀਂ ਦਿੱਤਾ। ਇਹ ਫਲਸਫਾ ਮਨੁੱਖ ਨੂੰ ਕਰਮ ਕਾਂਡਾਂ ਦੇ ਚੱਕਰ ਵਿੱਚ ਪਾਈ ਰੱਖਦਾ ਹੈ, ਪਰ ਗੁਰੂ ਜੀ ਉਸ ਨੂੰ ਇਹੋ ਜਿਹੇ ਚੱਕਰ ਵਿਚੋਂ ਕੱਢਣਾ ਚਾਹੁੰਦੇ ਹਨ। ਇਸ ਲਈ ਆਪ ਜਪੁ ਜੀ ਦੀ ਪਹਿਲੀ ਪਉੜੀ ਵਿੱਚ ਹੀ ਦਰਸਾ ਦਿੰਦੇ ਹਨ ਕਿ 'ਧਿਆਨੀ' ਫਲਸਫੇ ਉਤੇ ਆਧਾਰਿਤ ਸੁਚੱਮ ਸੰਜਮ ਅਤੇ ਮੋਨ-ਅਭਿਆਸ ਮਨੁੱਖ ਨੂੰ ਕੋਈ ਲਾਭ ਨਹੀਂ ਪਹੁੰਚਾਉਂਦੇ, ਕਿਉਂਜੁ:-

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ॥
ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ॥[6]

ਇਸ ਤਰ੍ਹਾਂ, ਕਈ ਹੋਰ ਕਾਰਜਹੀਣ ਸਿਧਾਂਤਕ ਅਭਿਆਸ, ਜਿਵੇਂ ਵਰਤ-ਅਭਿਆਸ ਵੀ ਮਨੁੱਖ ਨੂੰ ਜੀਵਨ-ਉਦੇਸ਼ ਦੀ ਪ੍ਰਾਪਤੀ ਵਿੱਚ ਕੋਈ ਸਹਾਇਤਾ ਨਹੀਂ ਕਰਦੇ, ਕਿਉਂਜੁ:-

ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ।
ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ॥[7]

ਪੁਰਾਤਨ ਭਾਰਤੀ ਫਲਸਫੇ ਅਨੁਸਾਰ ਵਰਤ ਰੱਖਣ ਜਾਂ ਭੁਖਿਆਂ ਰਹਿਣ ਨੂੰ ਬੜਾ ਉਤਮ ਅਭਿਆਸ ਸਮਝਿਆ ਜਾਂਦਾ ਸੀ, ਪਰ ਗੁਰੂ ਨਾਨਕ ਦੇਵ ਇਸ ਨੂੰ ਕਾਰਜਹੀਣਤਾ ਦਾ ਚਿੰਨ੍ਹ ਸਮਝਦੇ ਹਨ। ਡਾ: ਦੀਵਾਨ ਸਿੰਘ ਨੇ, ਗੁਰੂ ਨਾਨਕ ਦੇਵ ਦੀ ਅਗਵਾਈ ਅਨੁਸਾਰ, ਵਰਤ ਰੱਖਣ ਦੀ ਪਰੰਪਰਾ ਨੂੰ ਇਉਂ ਰੱਦ ਕੀਤਾ ਹੈ:-

"ਕੁਦਰਤੀ ਭੁੱਖ ਸਾਧਾਰਣ ਖਾਣ ਨਾਲ ਹੀ ਮਿੱਟ ਸਕਦੀ ਹੈ - ਲੋੜ ਅਨੁਸਾਰ ਅਤੇ ਸਰੀਰਕ ਅਰੋਗਤਾ ਦੇ ਹਿੱਤ ਅਨੁਸਾਰ ਖਾਣ ਨਾਲ। ਜਿਹੜੇ ਮਨੁੱਖ ਬਹੁਤ ਵਰਤ ਰੱਖਦੇ ਹਨ, ਉਹ ਆਪਣੀ

---

6. ਜਪੁ ਜੀ, ਆਦਿ ਗ੍ਰੰਥ, ਪੰਨਾ 1.
7. -ਉਹੀ-, -ਉਹੀ- , ਪੰਨਾ -ਉਹੀ-

> ਸਰੀਰਕ ਕਮਜ਼ੋਰੀਆਂ ਤੋਂ ਤੰਗ ਪੈ ਜਾਂਦੇ ਹਨ। ਇਸ ਲਈ, ਇਹ ਆਤਮਘਾਤੀ ਰੁਚੀ ਹੈ, ਜਿਸਨੂੰ ਜ਼ਰੂਰ ਰੋਕਣਾ ਚਾਹੀਦਾ ਹੈ।"[8]

ਵਰਤ ਰੱਖਣ ਦਾ ਇਕ ਇਹ ਵੀ ਔਗੁਣ ਹੈ ਕਿ ਇਸ ਨਾਲ ਖਾਣ ਪੀਣ ਵਾਲਿਆਂ ਮਾਨਵਤਾ ਵਿੱਚ ਅਜੇਹੀ ਰੁਚੀ ਉਤਪੰਨ ਹੁੰਦੀ ਹੈ। ਡਾ: ਦੀਵਾਨ ਸਿੰਘ ਨੇ ਇਸ ਅਜੇਹੀ ਰੁਚੀ ਨੂੰ ਮੁੱਖ ਰੱਖਦਿਆਂ ਗੁਰੂ ਨਾਨਕ ਦੇਵ ਦਾ ਦਰਸਾਇਆ ਗਇਆ ਰਾਹ ਹੀ ਸਿੱਧਾ ਰਾਹ ਮੰਨਿਆ ਹੈ ਅਤੇ ਲਿਖਿਆ ਹੈ:-

> "ਸੰਪੂਰਨ ਗੁਰੂ, ਗੁਰੂ ਨਾਨਕ ਦੇਵ, ਨੇ ਨੈਤਿਕ ਅਤੇ ਅਰੋਗ ਜੀਵਨ-ਢੰਗ ਦਰਸਾ ਕੇ ਸਿੱਧਾ ਰਾਹ ਵਿਖਾਇਆ ਹੈ। ਕੀ ਅਸੀਂ ਇਹ ਨਹੀਂ ਵੇਖਦੇ ਕਿ ਵਰਤ ਖੋਲ੍ਹਣ ਮਗਰੋਂ ਲੋਕ ਲਾਲਚ ਨੇ ਖਾਣ ਨੂੰ ਪੈਂਦੇ ਹਨ ਅਤੇ ਵਰਤ ਸਮੇਂ ਵੀ ਭੋਜਨ ਜਾਂ ਭੋਜਨ ਦੀ ਅਣਹੋਂਦ ਬਾਰੇ ਸੋਚਦੇ ਰਹਿ ਜਾਂਦੇ ਹਨ? ਕੇਵਲ ਸਰੀਰਕ ਤੌਰ ਉਤੇ ਸਾਧਾਰਣ ਅਤੇ ਸੰਤੁਸ਼ਟ ਬੰਦਾ ਹੀ ਠੀਕ ਤਰ੍ਹਾਂ ਪ੍ਰਾਰਥਨਾ ਕਰ ਸਕਦਾ ਹੈ। ਭੁੱਖੇ ਤਿਹਾਏ ਬੰਦੇ ਕਦੇ ਠੀਕ ਤਰ੍ਹਾਂ ਪ੍ਰਾਰਥਨਾ ਨਹੀਂ ਕਰ ਸਕਦੇ।"[9]

ਗੁਰੂ ਨਾਨਕ ਦੇਵ ਜੀ ਨੇ ਜਪੁ ਜੀ ਦੀ ਪਹਿਲੀ ਪਉੜੀ ਵਿੱਚ ਸਪਸ਼ਟ ਦਰਸਾ ਦਿੱਤਾ ਹੈ ਕਿ ਇਹੋ ਜਿਹੇ ਕਾਰਜਸਾਧਕ ਅਭਿਆਸ ਮਨੁੱਖ ਨੂੰ ਪਰਮਾਤਮਾ ਨਾਲ ਮਿਲਾਪ ਪ੍ਰਾਪਤ ਕਰਨ ਵਿੱਚ ਕੋਈ ਸਹਾਇਤਾ ਨਹੀਂ ਕਰਦੇ। ਆਪ ਇਸ ਗੱਲ ਦੀ ਤਹਿ ਤੱਕ ਜਾਂਦੇ ਹੋਏ ਦਰਸਾਉਂਦੇ ਹਨ ਕਿ ਮਨੁੱਖ ਨੂੰ ਪਰਮਾਤਮਾ ਤੋਂ ਨਿਖੇੜਨ ਵਾਲੀ ਚੀਜ਼ ਕੂੜ ਦੀ 'ਪਾਲਿ' ਜਾਂ ਦੀਵਾਰ ਹੈ। ਡਾ: ਕੁਲਦੀਪ ਕੌਰ ਨੇ ਗੁਰੂ ਨਾਨਕ ਦੇਵ ਜੀ ਦੇ ਇਸ ਵਿਚਾਰ ਨੂੰ ਇਉਂ ਪਰਗਟਾਇਆ ਹੈ:-

> "ਮਨੁੱਖ ਹੈ ਤਾਂ ਸਚਿਆਰ, ਪਰ ਇਸ ਦਾ ਮਨ ਮਾਇਆ ਰੂਪੀ ਕੂੜ ਦੀ ਪਾਲਿ(ਦੀਵਾਰ) ਵਿੱਚ ਕੈਦ ਹੋਇਆ ਪਿਆ ਹੈ। ਜਿੰਨਾ ਚਿਰ ਇਹ ਪਾਲਿ ਟੁੱਟਦੀ ਨਹੀਂ; ਜੀਵ ਆਪਣੇ ਅੰਦਰ ਲੁਕੇ ਸੱਚ ਨੂੰ, ਆਪਣੇ ਅਸਲੀ ਆਪੇ ਨੂੰ,

---

8. "The natural hunger can be appeased or satisfied by normal eating-by eating what is necessary and useful for physical health. Those who fast too much, end by ruining their health. It is thus a suicidal tendency and must be curbed." "Guru Nanak's Message in Japji"- P. 29.

9. "Guru Nanak, the Perfect Guru, shows the right path by inculcating moral and healthy process of life. Don't we find people eating voraciously after breaking fast or thinking of food or lack of food during the fast? Only a physically normal and satisfied person can pray well. Hungry and thirsty persons cannot pray well."- "Guru Nanak's Message in Japji"- P. 29.

> ਨੱਖ ਨਹੀਂ ਸਕਦਾ। ਸੋ, ਜੀਵਨ ਦਾ ਮੁੱਖ ਉਦੇਸ਼ ਕੂੜ ਦੀ ਇਸ 'ਪਾਲਿ' ਨੂੰ ਤੋੜਨਾ ਹੀ ਹੈ।"[10]

ਗੁਰੂ ਨਾਨਕ ਦੇਵ ਜੀ ਨੇ ਕੂੜ ਦੀ 'ਪਾਲਿ' ਤੋੜਨਾ ਹਰੇਕ ਗੁਰਸਿੱਖ ਲਈ ਅਤਿਅੰਤ ਆਵੱਸ਼ਕ ਦਰਸਾਇਆ ਹੈ, ਕਿਉਂਕਿ ਮਨੁੱਖ ਦੇ ਸਭ ਦੁੱਖਾਂ ਦਾ ਕਾਰਣ ਇਹ ਕੂੜ ਦੀ 'ਪਾਲਿ' ਹੀ ਹੈ। ਡਾ: ਦੀਵਾਨ ਸਿੰਘ ਨੇ ਇਸ ਗੱਲ ਬਾਰੇ ਲਿਖਿਆ ਹੈ:-

> "ਗੁਰੂ ਨਾਨਕ ਨੇ ਮਨੁੱਖ ਦੀ ਇਸ ਭੁੱਲ ਭਰੀ ਦਸ਼ਾ ਨੂੰ 'ਕੂੜ' ਕਿਹਾ ਹੈ ਅਤੇ ਇਸ ਨੂੰ ਚੰਗੀ ਤਰ੍ਹਾਂ ਸਮਝਾਣ ਖ਼ਾਤਰ ਇਸ ਦਸ਼ਾ ਲਈ 'ਪਾਲਿ' ਜਾਂ ਦੀਵਾਰ ਦਾ ਪ੍ਰਤੀਕ ਵਰਤਿਆ ਹੈ। ਇਹੀ ਦੀਵਾਰ ਸੱਚ [illegible] ਅਤੇ ਕੂੜ ਦੇ ਵਿਚਕਾਰ ਖੜੀ ਰਹਿੰਦੀ ਹੈ। ਮਨੁੱਖ ਦੇ ਸਭ ਦੁੱਖ ਇਸ ਕੂੜ ਤੋਂ ਹੀ ਉਪਜਦੇ ਹਨ। ਇਸ ਲਈ, ਇਸ 'ਪਾਲਿ' ਜਾਂ ਦੀਵਾਰ ਨੂੰ ਤੋੜਨ ਦੀ ਅਤਿਅੰਤ ਆਵੱਸ਼ਕਤਾ ਹੈ। ਇਹੀ ਜਪੁ ਜੀ ਵਿੱਚ ਦਿੱਤਾ ਹੋਇਆ ਸਭ ਤੋਂ ਜ਼ਰੂਰੀ ਪ੍ਰਸ਼ਨ ਹੈ। ਇਹ ਸਪਸ਼ਟ ਰੂਪ ਵਿੱਚ ਜਪੁ ਜੀ ਦੇ ਸਾਰੇ ਵਿਸ਼ੇ ਦਾ ਤਾਤ ਪਰਸ਼ਨ ਹੈ। ਇਹੀ ਇਸ ਦੇ ਸਮੁੱਚੇ ਵਿਚਾਰਾਂ ਦਾ ਕੇਂਦਰੀ ਭਾਵ ਹੈ। ਜਪੁ ਜੀ ਦੀ ਪਹਿਲੀ ਪਉੜੀ ਵਿੱਚ ਲੋਕਾਂ ਨੂੰ ਕੁਰਾਹੇ ਪਾਣ ਵਾਲੇ ਗਲਤ ਧਾਰਮਕ ਵਿਸ਼ਵਾਸਾਂ ਅਤੇ ਕਰਮ ਕਾਂਡੀ ਅਭਿਆਸਾਂ ਦਾ ਖੰਡਨ ਕਰਨ ਪਿਛੋਂ ਗੁਰੂ ਨਾਨਕ ਦੇਵ ਇਸ ਸਮੱਸਿਆ ਦੇ ਧੁਰ ਅੰਦਰ ਤੱਕ ਪਹੁੰਚਦੇ ਹਨ ਅਤੇ ਇਸ ਨੂੰ ਨਾ ਕੇਵਲ ਸਪੱਸ਼ਟ ਤੋਂ ਸਪੱਸ਼ਟ ਅਤੇ ਛੋਟੇ ਤੋਂ ਛੋਟੇ ਸ਼ਬਦਾਂ ਵਿਚ ਬਿਆਨ ਕਰਦੇ ਹਨ, ਸਗੋਂ ਇਸ ਦਾ ਠੀਕ ਹੱਲ ਵੀ ਦਰਸਾ ਦਿੰਦੇ ਹਨ। ਗੁਰੂ ਜੀ ਵਲੋਂ ਦਰਸਾਇਆ ਹੋਇਆ ਇਹ ਹੱਲ ਕਿਸੇ ਮਨੁੱਖੀ ਚਿੰਤਕ ਵਲੋਂ ਦਰਸਾਇਆ ਹੋਇਆ ਸਦੀਵ ਕਾਲ ਦਾ ਸਭ ਤੋਂ

---

10. 'ਗੁਰੂ ਨਾਨਕ ਤੇ ਸਿੱਖਿਆ', ਪੰਨਾ 5.

ਵੱਧ ਗੰਭੀਰ ਵਿਚਾਰ ਕਿਹਾ ਜਾ ਸਕਦਾ ਹੈ।"[11]

ਮਨੁੱਖ ਇਹ ਕੂੜ ਦੀ 'ਪਾਲਿ' ਤੋੜ ਕੇ ਸਚਿਆਰਾ ਕਿਵੇਂ ਬਣ ਸਕਦਾ ਹੈ? ਗੁਰੂ ਨਾਨਕ ਦੇਵ ਜੀ ਇਸ ਬਾਰੇ ਕੋਈ 'ਖਿਆਲੀ' ਫਲਸਫਾ ਨਹੀਂ ਦਰਸਾਉਂਦੇ, ਸਗੋਂ ਇਸ ਸਮੱਸਿਆ ਨੂੰ ਹੱਲ ਕਰਨ ਲਈ ਇਕ ਬੜਾ ਕਾਰਜਸ਼ੀਲ ਉਪਾਅ ਦਰਸਾਉਂਦੇ ਹਨ। ਜਪੁ ਜੀ ਵਿੱਚ ਇਹ ਪ੍ਰਸ਼ਨ ਅਤੇ ਉਸਦਾ ਹੱਲ ਇਉਂ ਦਰਸਾਇਆ ਹੋਇਆ ਹੈ:-

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥[12]

ਇਸਤਰ੍ਹਾਂ, ਗੁਰੂ ਨਾਨਕ ਦੇਵ ਜੀ ਮਨੁੱਖ ਨੂੰ ਸੱਚ-ਮਾਰਗ ਦਾ ਪਾਂਧੀ ਬਣਾਨ ਲਈ ਪਰਮਾਤਮਾ ਦੇ ਹੁਕਮ ਅਨੁਸਾਰ ਖੁਸ਼ੀ ਤੋਂ ਖੁਸ਼ੀ ਚਲਣ ਦਾ ਸੰਦੇਸ਼ ਦਿੰਦੇ ਹਨ। ਇਸ ਸੰਦੇਸ਼ ਵਿੱਚ ਆਪ ਮਨੁੱਖ ਨੂੰ ਇੱਕ ਥਾਂ ਉਤੇ ਖਲੋਤੇ ਰਹਿਣ ਦੀ ਆਗਿਆ ਨਹੀਂ ਦਿੰਦੇ, ਸਗੋਂ ਕਾਰਜ ਭਰਪੂਰ ਜੀਵਨ ਜੀਉਣ ਦੀ ਪ੍ਰੇਰਣਾ ਪ੍ਰਦਾਨ ਕਰਦੇ ਹਨ। ਇਸੇ ਲਈ ਡਾ: ਦੀਵਾਨ ਸਿੰਘ ਨੇ ਗੁਰੂ ਨਾਨਕ ਦੇਵ ਜੀ ਦੇ ਸਿੱਖ ਧਰਮ ਬਾਰੇ ਲਿਖਿਆ ਹੈ :-

"ਗੁਰੂ ਨਾਨਕ ਵੱਲੋਂ ਪਰਚਾਰਿਆ ਹੋਇਆ ਸਿੱਖ ਧਰਮ ਕੋਈ ਸਿਧਾਂਤਕ ਜਾਂ ਕੱਟੜ ਧਾਰਮਕ ਧਰਮ ਨਹੀਂ ਹੈ। ਇਹ ਤਾਂ ਇੱਕ ਸਿਖਲਾਈ ਅਤੇ ਕਿਰਿਆਤਮਕਤਾ ਹੈ। ਇਹ ਇੱਕ ਪਰਤੱਖ ਅਨੁਭਵ ਹੈ ਅਤੇ ਇਸੇ ਜੀਵਨ ਵਿੱਚ ਹੋਣ ਵਾਲੀ ਵਾਸਤਵਿਕ ਪ੍ਰਾਪਤੀ ਹੈ।"[13]

---

11. "Guru Nanak called this human state of illusory perception, 'falsehood' and to further illustrate this state he used the metaphar of a wall or a barrier which divides truth from falsehood. All human misery is caused by this falsehood. Hence the imperative need for breaking this wall or barrier. This is the crucial question posed in Japji. This is, in clearest terms, the crux of the matter and the central idea of Japji. In the first stanza of Japji, after rejecting the prevalent religious beliefs and practices which led people astray from the path of truth, Guru Nanak went straight to the heart of the problem and not only stated the problem in the briefest and most exact terms possible but also offered his own solution which is probably the deepest thought ever expressed by a human thinker." - "Guru Nanak's Message in Japji" P-15-16.

12. ਜਪੁ ਜੀ, ਆਦਿ ਗ੍ਰੰਥ, ਪੰਨਾ 1.

13. "Sikhism, as taught by Guru Nanak, is no doctrine or dogma. It is a training and a practice. It is practical experience and actual realisation here in life as life can be." - "Guru Nanak's Message in Japji" - P. 15.

ਡਾ: ਮੁਹੰਮਦ ਇਕਬਾਲ ਜਪੁ ਜੀ ਵਿੱਚ ਭਰਪੂਰ ਕਾਵਿਆਤਮਕਤਾ ਤੋਂ ਇੰਨਾ ਪ੍ਰਭਾਵਿਤ ਹੋਇਆ ਕਿ ਇਸ ਨੂੰ ਕੁਰਾਨ ਦੇ ਸਮੂਹ ਵਿਚਾਰਾਂ ਦਾ ਸਾਰ ਮੰਨਣ ਲੱਗਾ। ਡਾ: ਤਰਲੋਚਨ ਸਿੰਘ ਨੇ ਡਾ: ਇਕਬਾਲ ਦੀ ਜਪੁ ਜੀ ਪ੍ਰਤੀ ਸ਼ਰਧਾ ਦੀ ਸਾਖੀ ਇਉਂ ਭਰੀ ਹੈ:-

"ਡਾ: ਮੁਹੰਮਦ ਇਕਬਾਲ ਨੇ 'ਸਿਆਸਤ' ਲਾਹੌਰ ਦੇ ਐਡੀਟਰ ਸਯੱਦ ਹਬੀਬ ਨੂੰ ਆਖਿਆ, 'ਗੁਰੂ ਨਾਨਕ ਨੇ ਜਪੁ ਜੀ ਵਿੱਚ ਕੁਰਾਨ ਦਾ ਤੱਤ ਦਿੱਤਾ ਹੈ। ਜੇਕਰ ਕੁਝ ਮੁਸਲਮਾਨ ਇਸ ਗੱਲ ਦਾ ਇਕਬਾਲ ਕਰਨੋਂ ਸੰਗ ਸੰਕੋਚ ਕਰਦੇ ਹਨ, ਕਸੂਰ ਉਹਨਾਂ ਦੀ ਇਸਲਾਮ ਬਾਰੇ ਅਗਿਆਨਤਾ ਦਾ ਹੈ।"[14]

ਡਾ: ਮੁਹੰਮਦ ਇਕਬਾਲ ਨੂੰ ਜਿਵੇਂ ਕੁਰਾਨ ਦੇ ਕਾਰਜ ਪ੍ਰੇਰਕ ਸੰਦੇਸ਼ ਉਤੇ ਨਾਜ਼ ਸੀ, ਉਵੇਂ ਜਪੁ ਜੀ ਦੇ ਕਾਰਜ ਪ੍ਰੇਰਕ ਸੰਦੇਸ਼ ਉਪਰ ਵੀ ਉਨ੍ਹਾਂ ਹੀ ਨਾਜ਼ ਸੀ। ਇਸ ਲਈ, ਉਸ ਨੇ 'ਸਿਆਸਤ' ਦੇ ਐਡੀਟਰ, ਸਯੱਦ ਹਬੀਬ ਨੂੰ ਜਪੁ ਜੀ ਦਾ ਤਰਜਮਾ ਕਰਨ ਲਈ ਕਿਹਾ ਅਤੇ ਇਉਂ ਕਰਦਿਆਂ ਇਸ ਦੇ ਮੂਲ ਤੋਂ ਨਾ ਉੱਕਣ ਦੀ ਵਿਸ਼ੇਸ਼ ਪਕਿਆਈ ਕੀਤੀ। ਡਾ: ਤਰਲੋਚਨ ਸਿੰਘ ਨੇ ਇਸ ਬਾਰੇ ਇਉਂ ਲਿਖਿਆ ਹੈ:-

"ਉਹਨਾਂ ਨੇ (ਡਾ: ਮੁਹੰਮਦ ਇਕਬਾਲ ਨੇ) ਸਯੱਦ ਹਬੀਬ ਨੂੰ ਆਖਿਆ ਕਿ ਜਪੁ ਜੀ ਦਾ ਤਰਜਮਾ ਕਰਨ ਲੱਗਿਆਂ ਮੂਲ ਤੋਂ ਬਿਲਕੁਲ ਨਾ ਉੱਕੇ, ਕਿਉਂਕਿ ਗੁਰੂ ਨਾਨਕ ਇਸਲਾਮ ਨੂੰ ਅਨੇਕਾਂ ਅਖੌਤੀ ਮੁਸਲਮਾਨਾਂ ਨਾਲੋਂ ਚੰਗਾ ਸਮਝਦੇ ਸਨ।"[15]

ਵਾਸਤਵ ਵਿੱਚ, ਗੁਰੂ ਨਾਨਕ ਦੇਵ ਜੀ ਨੇ 'ਹੁਕਮ ਰਜਾਈ ਚਲਣਾ' ਦਾ ਆਮਲੀ ਸਿਧਾਂਤ ਦਰਸਾ ਕੇ ਕੇਵਲ ਕੁਰਾਨ ਦਾ ਹੀ ਨਹੀਂ; ਸਗੋਂ ਸਭ ਧਾਰਮਕ ਗ੍ਰੰਥਾਂ ਦਾ ਤੱਤ ਕੱਢ ਕੇ ਦਰਸਾ ਦਿੱਤਾ ਹੈ। ਵਾਹਿਗੁਰੂ ਦੇ ਹੁਕਮ ਅਨੁਸਾਰ ਚਲਣ ਦਾ ਕੀ ਅਰਥ ਹੈ ਇਸ ਬਾਰੇ ਡਾ: ਅਜੀਤ ਸਿੰਘ ਸਿੱਕਾ ਨੇ ਬੜਾ ਸੁਚੱਜਾ ਸਪਸ਼ਟੀਕਰਣ ਕੀਤਾ ਹੈ:-

"ਇਕ ਮਨੁੱਖ ਲੋਕਾਂ ਦੇ ਇਕੱਠਾਂ ਵਿੱਚ ਰਹਿੰਦਿਆਂ ਹੋਇਆਂ ਅਤੇ ਸਾਧਾਰਨ ਪਰਿਵਾਰ ਵਿੱਚ ਵਸਦਿਆਂ ਰਸਦਿਆਂ ਹੋਇਆਂ ਵੀ ਪਰਮਾਤਮਾ ਦੇ ਹੁਕਮ ਅਨੁਸਾਰ ਚਲ ਸਕਦਾ ਹੈ। ਉਹ ਦਫ਼ਤਰਾਂ ਵਿੱਚ ਕੰਮ ਕਰਦਿਆਂ ਇਸ ਹੁਕਮ ਨੂੰ ਪਾ ਸਕਦਾ ਹੈ। ਇਸਤਰੀਆਂ ਰਸੋਈ ਦਾ ਦੈਨਿਕ ਕੰਮ ਕਰਦਿਆਂ, ਆਟਾ ਗੁੰਨ੍ਹਦਿਆਂ, ਸਬਜ਼ੀ ਚਾੜ੍ਹਦਿਆਂ, ਬੱਚਿਆਂ ਨੂੰ ਨੁਹਾਂਦਿਆਂ ਧੁਆਂਦਿਆਂ ਅਤੇ ਉਨ੍ਹਾਂ ਦੇ ਵਾਲਾਂ ਵਿੱਚ ਕੰਘੀ ਕਰਦਿਆਂ

---

14. 'ਗੁਰੂ ਨਾਨਕ ਦਾ ਸਿਖ ਧਰਮ ਅਤੇ ਸਭ ਧਰਮਾਂ ਦਾ ਤੁਲਨਾਤਮਕ ਅਧਿਐਨ', ਪੰਨਾ-15, (ਗੁਰੂ ਨਾਨਕ ਫਾਊਂਡੇਸ਼ਨ, ਦਿੱਲੀ), 1969.
15. -ਉਹੀ- , ਪੰਨਾ -ਉਹੀ-.

ਇਸ ਹੁਕਮ ਅਨੁਸਾਰ ਚੱਲ ਕੇ ਆਪਣਾ ਜਨਮ ਸਫਲ ਕਰ ਸਕਦੀਆਂ ਹਨ। ਇਹੀ ਸੱਚ ਅਤੇ ਜਿੱਤ ਦਾ ਮਾਰਗ ਹੈ। ਇਹੀ ਆਗਿਆਕਾਰੀ ਮਾਰਗ ਹੈ। ਇਸ ਅਨੁਸਾਰ ਚਲਦਿਆਂ ਮਨੁੱਖ ਉਨਤੀ ਅਤੇ ਸਫਲਤਾ ਵੱਲ ਵਧ ਕੇ ਜੀਅ ਸਕਦਾ ਹੈ।...... ਗੁਰੂ ਨਾਨਕ ਦੇਵ ਦਰਸਾਉਂਦੇ ਹਨ ਕਿ ਪਰਮਾਤਮਾ ਨੇ ਇਸਤਰੀਆਂ ਅਤੇ ਪੁਰਸ਼ਾਂ ਨੂੰ ਵਿਸ਼ੇਸ਼ ਇਸ ਲਈ ਪੈਦਾ ਕੀਤਾ ਹੈ ਕਿ ਉਹ ਉਸ ਨੂੰ ਪਛਾਣ ਕੇ ਉਸ ਦੇ ਹੁਕਮ ਅਨੁਸਾਰ ਚਲ ਸਕਣ ਅਤੇ ਇਸ ਤਰ੍ਹਾਂ ਨੇਕ ਜੀਵਨ ਬਿਤਾ ਕੇ ਜੀਅ ਸਕਣ।"[16]

ਜਪੁ ਜੀ ਦੇ ਕਾਰਜਸ਼ੀਲ ਸੰਦੇਸ਼ ਦੀ ਝਲਕ ਇਸ ਦੇ ਆਰੰਭ ਵਿੱਚ ਹੀ ਦ੍ਰਿਸ਼ਟੀਗੋਚਰ ਹੋ ਜਾਂਦੀ ਹੈ। ਗੁਰੂ ਨਾਨਕ ਦੇਵ ਨੇ ਇਸ ਦੀ ਪਹਿਲੀ ਪਉੜੀ ਵਿੱਚ ਚੰਗੀ ਤਰ੍ਹਾਂ ਦਰਸਾ ਦਿੱਤਾ ਹੈ ਕਿ ਗੁਰਸਿੱਖ ਦਾ ਕੰਮ 'ਹੁਕਮਿ ਰਜਾਈ ਚਲਣਾ' ਹੈ। ਉਸ ਨੇ ਇਉਂ ਚਲਦਿਆਂ ਹੀ ਜਾਣਾ ਹੈ, ਕਿਤੇ ਰੁਕਣਾ ਨਹੀਂ। ਉਸ ਨੇ ਸ਼ੁਭ ਕਿਰਤ ਕਰਨੀ ਹੈ ਅਤੇ ਕਰਦਿਆਂ ਹੀ ਰਹਿਣਾ ਹੈ, ਕਿਤੇ ਉਕਣਾ ਨਹੀਂ। ਇਸ ਤਰ੍ਹਾਂ, ਗੁਰੂ ਜੀ ਗੁਰਸਿੱਖ ਨੂੰ ਸੱਚ-ਮਾਰਗ ਦਾ ਪਾਂਧੀ ਬਣਾ ਦਿੰਦੇ ਹਨ। ਡਾ: ਕੁਲਦੀਪ ਕੌਰ ਨੇ ਸੱਚ ਮਾਰਗ ਦੇ ਪਾਂਧੀ ਬਾਰੇ ਇਹ ਵਿਚਾਰ ਪਰਗਟਾਏ ਹਨ:-

> "ਕੂੜ ਦੀ ਪਾਲਿ ਨੂੰ ਤੋੜਨ ਲਈ ਜੀਵ ਵਾਸਤੇ ਸੱਚ ਮਾਰਗ ਦਾ ਪਾਂਧੀ ਬਣਨਾ ਜ਼ਰੂਰੀ ਬਣ ਜਾਂਦਾ ਹੈ। ਉਹ ਆਪ ਸੱਚ ਹੈ ਅਤੇ ਉਸ ਦੇ ਦਰ ਤੇ ਸੱਚੇ ਹੀ ਸੱਚ ਨਿਬੜੇ; ਫਿਰ ਸੱਚ-ਹੀਨ ਆਚਰਣ ਦੀ ਕੀ ਪੁੱਛ ਹੋਣੀ ਹੋਈ?
> ਸੱਚ ਸੱਚੁ ਆਚਾਰ, ਦੀ ਪ੍ਰਾਪਤੀ ਲਈ ਗੁਰੂ ਨਾਨਕ ਨੇ ਹੁਕਮ ਰਜਾਈ ਚੱਲਣ ਦਾ ਉਪਦੇਸ਼ ਦਿੱਤਾ ਹੈ। ਹੁਕਮ ਨਾਲ ਸਾਰੀ ਸ੍ਰਿਸ਼ਟੀ ਦੀ ਸਿਰਜਣਾ ਹੋਈ ਹੈ।

---

16. "Even while living among the masses, a man can act upon Hukam. While residing in an average household, working in offices, he can act according to it; women while doing the common duties of the kitchen, can follow it and also relish it; while kneading flour, cooking vegetables, washing and cleansing their children and combing their hair they can make their lives successful by acting upon it. It is the path of truth, the road to victory and vale of fidelity---- Guru Nanak states that God has created men and woman especially in order that they may know and follow Him and thereby lead a virtuous life"-'Facets of Guru Nanak's Thought"- P.80-81.

> ਅਤੇ ਹੁਕਮ ਹੀ ਇਸ ਨੂੰ ਚਲਾ ਰਿਹਾ ਹੈ। ਵਿਗਿਆਨੀ ਭਾਵੇਂ ਇਸ ਨੂੰ ਕੁਦਰਤ ਦਾ ਨਿਯਮ( Law of Nature ) ਕਹਿ ਲੈਣ ਜਾਂ ਕੁਝ ਹੋਰ, ਪੈ ਇਹ ਸਭ ਹੁਕਮ ਦਾ ਪਸਾਰਾ। ਸੱਚੇ ਦਾ ਹੁਕਮ ਸੱਚਾ ਹੀ ਹੁੰਦਾ ਹੈ। ਇਹ ਹੁਕਮ ਮਨੁੱਖ ਦੇ ਅੰਤਹਕਰਣ ਵਿੱਚ, ਉਸ ਦੀ ਜ਼ਮੀਰ ਵਿੱਚ ਧੁਰ ਤੋਂ ਹੀ ਲਿਖਿਆ ਹੋਇਆ ਆ ਰਿਹਾ ਹੈ। ਜੇ ਮਨੁੱਖ ਜ਼ਮੀਰ ਦੀ ਆਵਾਜ਼ ਸੁਣੇ, ਆਪਣੇ ਅੰਦਰ ਝਾਤੀ ਮਾਰੇ, ਆਪਣਾ ਮੂਲ ਪਛਾਣੇ ਤਾਂ ਉਸਨੂੰ ਹੁਕਮ ਦੀ ਸੋਝੀ ਆਪਣੇ ਆਪ ਹੀ ਹੋ ਜਾਂਦੀ ਹੈ। ਹੁਕਮ ਦੀ ਸੋਝੀ ਹੋਣ ਨਾਲ ਹਉਮੈ ਮਿਟ ਜਾਂਦੀ ਹੈ। ਹਉਮੈ ਦਾ ਨਾਸ਼ ਹੋਣਾ ਕੂੜ ਦੀ ਪਾਲਿ ਟੁੱਟਣ ਦਾ ਚਿੰਨ੍ਹ ਹੈ ਅਤੇ ਕੂੜ ਦੀ ਪਾਲਿ ਟੁਟਿਆਂ ਜੀਵ ਲਈ ਸੱਚ ਮਾਰਗ ਦੇ ਦਰ ਖੁਲ੍ਹ ਜਾਂਦੇ ਹਨ। ਉਹ ਸੱਚ ਦਾ ਪਾਰਖੀ ਹੋ ਕੇ ਸ਼ੁਭ ਕਰਮ ਕਰਨ ਲੱਗ ਪੈਂਦਾ ਹੈ। ਜਿਥੇ ਸੱਚ ਹੈ, ਉਥੇ ਝੂਠ ਨਹੀਂ; ਜਿਥੇ ਝੂਠ ਨਹੀਂ ਉਥੇ ਕੁਕਰਮ ਨਹੀਂ। ਇਸ ਤਰ੍ਹਾਂ ਇਹ ਸਿਧਾਂਤ ਮਨੁੱਖ ਦੀ ਆਚਰਣ ਉਸਾਰੀ ਲਈ ਇੱਕ ਮੂਲ ਆਧਾਰ ਬਣ ਜਾਂਦਾ ਹੈ।"[17]

ਇਸ ਤੋਂ ਸਿੱਧ ਹੋ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਜਪੁ ਜੀ ਦੇ ਆਰੰਭ ਵਿੱਚ ਹੀ ਮਨੁੱਖ ਨੂੰ ਸੱਚ ਮਾਰਗ ਦਾ ਪਾਂਧੀ ਬਣਾ ਕੇ ਪਰਮਾਤਮਾ ਨਾਲ ਮਿਲਾਪ ਪ੍ਰਾਪਤ ਕਰਨ ਵਾਲਾ ਸਚ-ਕਾਰਜਸ਼ੀਲ ਰਾਹ ਵਿਖਾ ਦਿੱਤਾ ਹੈ। ਇਸ ਤਰ੍ਹਾਂ, ਆਪ ਜੀ ਨੇ ਇਸ ਬਾਣੀ ਦੇ ਕਾਰਜ-ਪ੍ਰੇਰਕ ਆਰੰਭ ਰਾਹੀਂ ਮਨੁੱਖ ਨੂੰ ਉਸ ਦੇ ਜੀਵਨ-ਪੰਧ ਵਿੱਚ ਆਣ ਵਾਲੇ ਸਭ ਘੁੰਡੀਆਂ, ਔਕੜਾਂ ਅਤੇ ਉਲਝਣਾਂ ਤੋਂ ਛੁਟਕਾਰਾ ਦਿਵਾ ਦਿੱਤਾ ਹੈ।

<u>ਪਰਮਾਤਮਾ ਸਦੀਵੀ ਕਿਰਤੀ</u>

ਗੁਰੂ ਨਾਨਕ ਦੇਵ ਜੀ ਨੇ ਜਪੁ ਜੀ ਵਿੱਚ ਇਕ ਨਵੀਨ ਅਤੇ ਨਿਰੋਇਆ ਵਿਚਾਰ ਪਰਗਟਾਇਆ ਹੈ ਕਿ ਪਰਮਾਤਮਾ ਇਕ ਸਦੀਵੀ ਕਿਰਤੀ ਹੈ। ਇਹ ਵਿਚਾਰ ਸਪਸ਼ਟ ਕਰਦਿਆਂ ਆਪ ਦਰਸਾਉਂਦੇ ਹਨ ਕਿ ਪਰਮਾਤਮਾ ਇਕ ਅਜਿਹਾ ਕਿਰਤੀ ਹੈ, ਜਿਹੜਾ ਇਕ ਪਲ ਵੀ ਵਿਹਲਾ ਨਹੀਂ ਬਹਿੰਦਾ। ਉਹ ਸੰਸਾਰ ਨੂੰ ਰਚਣ, ਪਾਲਣ ਅਤੇ ਸੰਘਾਰਣ ਦੀ ਤਿਹਰੀ ਕਿਰਤ ਵਿੱਚ ਸਦਾ ਸੰਲਗਨ ਰਹਿੰਦਾ ਹੈ। ਜੇ ਮੰਨ ਲਿਆ ਜਾਏ ਕਿ ਬ੍ਰਹਮਾ,

---

17. "ਗੁਰੂ ਨਾਨਕ ਤੇ ਸਿੱਖਿਆ", ਪੰਨਾ 5-6.

ਵਿਸ਼ਨੂੰ ਅਤੇ ਸ਼ਿਵ ਜੀ ਇਸ ਤ੍ਰਿਹਰੀ ਕਿਰਤ ਵਿੱਚ ਉਸ ਦਾ ਹੱਥ ਵਟਾਉਂਦੇ ਹਨ ਤਾਂ ਇਹ ਵੀ ਮੰਨਣਾ ਪਏਗਾ ਕਿ ਇਸ ਕੰਮ ਵਿੱਚ ਸੁਤੰਤਰ ਇੱਛਾ ਉਸ ਦੀ ਆਪਣੀ ਹੀ ਚਲਦੀ ਹੈ। ਉਹ ਇਸ ਦਾ ਸਾਰਾ ਪ੍ਰਬੰਧ ਆਪਣੇ ਹੱਥ ਵਿੱਚ ਹੀ ਰੱਖਦਾ ਹੈ ਅਤੇ ਆਪਣੀ ਇੱਛਾ ਅਨੁਸਾਰ ਹੀ ਸਾਰਾ ਹੁਕਮ ਚਲਾਉਂਦਾ ਹੈ, ਅਰਥਾਤ :-

ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ ॥
ਜਿਵ ਤਿਸੁ ਭਾਵੈ ਤਿਵੈ ਚਲਾਵੈ ਜਿਵ ਹੋਵੈ ਫੁਰਮਾਣੁ ॥[18]

ਪਰਮਾਤਮਾ ਇਸ ਮਹਾਨ ਕਾਰਜ ਵਿੱਚ ਜਿਥੇ ਆਪਣੀ ਸੁਤੰਤਰ ਇੱਛਾ ਚਲਾਉਂਦਾ ਹੈ, ਉਥੇ ਇਸ ਨੂੰ ਨਿਭਾਉਂਦਿਆਂ ਰੰਚਕ ਮਾਤਰ ਆਲਸ ਨਹੀਂ ਕਰਦਾ। ਉਸ ਵੱਲੋਂ ਇਕ ਪਲ ਦਾ ਵੀ ਆਲਸ ਸੰਸਾਰ ਦੇ ਸਾਰੇ ਪ੍ਰਬੰਧ ਨੂੰ ਉਥਲ ਪੁਥਲ ਕਰ ਕੇ ਰੱਖ ਸਕਦਾ ਹੈ। ਪਰ ਇਉਂ ਕਦੀ ਵੀ ਨਹੀਂ ਹੁੰਦਾ ਅਤੇ ਇਹ ਪ੍ਰਬੰਧ ਸਦਾ ਠੀਕ ਤਰ੍ਹਾਂ ਨਾਲ ਚਲਦਾ ਆ ਰਿਹਾ ਹੈ। ਇਸ ਤੋਂ ਸਿੱਧ ਹੋ ਜਾਂਦਾ ਹੈ ਕਿ ਉਹ ਪਰਮਾਤਮਾ ਸਦਾ ਆਲਸ-ਰਹਿਤ ਅਵਸਥਾ ਵਿੱਚ ਰਹਿੰਦਿਆਂ ਇਹ ਸਾਰਾ ਕਾਰਜ ਚੰਗੀ ਤਰ੍ਹਾਂ ਨਿਭਾ ਰਿਹਾ ਹੈ।

ਗੁਰੂ ਨਾਨਕ ਦੇਵ ਜੀ ਜਪੁ ਜੀ ਵਿੱਚ ਪਰਮਾਤਮਾ ਦੇ ਕੰਮਾਂ ਨੂੰ ਅਸੀਮ ਦਰਸਾਉਂਦੇ ਹਨ, ਕਿਉਂਕਿ ਇਹ ਕਿਸੇ ਗਿਣਤੀ ਜਾਂ ਸ਼ੁਮਾਰ ਵਿੱਚ ਨਹੀਂ ਆ ਸਕਦੇ । ਆਪ ਉਸ ਦੇ ਅਣਗਿਣਤ ਕੰਮਾਂ ਦਾ ਇਨ੍ਹਾਂ ਹੀ ਅਨੁਮਾਨ ਲਗਾ ਕੇ ਦੱਸਦੇ ਹਨ:-

ਕਰਤੇ ਕੈ ਕਰਣੈ ਨਾਹੀ ਸੁਮਾਰੁ ॥[19]

ਗੁਰੂ ਜੀ ਇਥੇ ਇਹ ਵੀ ਦਰਸਾਉਂਦੇ ਹਨ ਕਿ ਪਰਮਾਤਮਾ ਦੇ ਹੋਰ ਕੰਮਾਂ ਵਾਂਗ ਉਸ ਦੇ ਦਾਤਾਂ ਦੇਣ ਦੇ ਕੰਮ ਦਾ ਵੀ ਕੋਈ ਅੰਤ ਨਹੀਂ ਹੈ:-

ਅੰਤੁ ਨ ਕਰਣੈ ਦੇਣਿ ਨ ਅੰਤੁ ॥[20]

ਆਪ ਪਰਮਾਤਮਾ ਦੀਆਂ ਦਾਤਾਂ ਸੰਬੰਧੀ ਇਹ ਵਿਚਾਰ ਪਰਗਟਾਉਂਦੇ ਹਨ ਕਿ ਉਹ ਦਾਤਾਂ ਦੇਣ ਦੇ ਕੰਮ ਨੂੰ ਇਕ ਅਣਥੱਕ ਕਿਰਤੀ ਵਾਂਗ ਕਰ ਰਿਹਾ ਹੈ। ਉਹ ਜੀਵਾਂ ਨੂੰ ਦਾਤਾਂ ਦੇਣ ਦੇ ਨਿਰੰਤਰ ਕੰਮ ਤੋਂ ਕਦੀ ਨਹੀਂ ਰੁਕਦਾ। ਲੈਣ ਵਾਲੇ ਜੀਵ ਜੁਗਾਂ ਜੁਗਾਂਤਰਾਂ ਤੋਂ ਇਹ

---

18. ਜਪੁ ਜੀ, ਆਦਿ ਗ੍ਰੰਥ, ਪੰਨਾ 7.
19. -ਉਹੀ-, -ਉਹੀ- , ਪੰਨਾ 3.
20. -ਉਹੀ-, -ਉਹੀ- , ਪੰਨਾ 5.

ਲੈਦੇ ਥੱਕ ਜਾਂਦੇ ਹਨ, ਪਰ ਦੇਣ ਵਾਲਾ ਕਦੀ ਨਹੀਂ ਥੱਕਦਾ। ਇਸ ਸੰਬੰਧੀ ਗੁਰੂ ਜੀ ਫਰਮਾਉਂਦੇ ਹਨ:-

> ਦੇਦਾ ਦੇ ਲੈਦੇ ਥਕਿ ਪਾਹਿ॥
> ਜੁਗਾ ਜੁਗੰਤਰਿ ਖਾਹੀ ਖਾਹਿ॥"[21]

ਡਾ: ਦੀਵਾਨ ਸਿੰਘ ਨੇ ਗੁਰੂ ਜੀ ਦੇ ਇਸ ਵਿਚਾਰ ਨੂੰ ਇਉਂ ਸਪਸ਼ਟ ਕਰਕੇ ਦਰਸਾਇਆ ਹੈ:-

> " ਭਾਵੇਂ ਗੁਰੂ ਨਾਨਕ ਨੂੰ, ਜਪੁ ਜੀ ਦੇ ਮੂਲ-ਮੰਤਰ ਅਨੁਸਾਰ, ਪਰਮਾਤਮਾ ਅਨੰਤ, ਸੱਚਾ, ਸਿਰਜਣਹਾਰ ਕੇਵਲ ਇਕ ਨਜ਼ਰ ਆਇਆ ਹੈ ਪਰ ਉਹ ਆਪ ਜੀ ਨੂੰ ਦਾਤਾ ਵੀ ਨਜ਼ਰ ਆਇਆ ਹੈ। ਅਜਿਹਾ ਦਾਤਾ, ਜਿਹੜਾ ਸਦਾ ਦਿਆਲੂ ਹੈ, ਜਿਹੜਾ ਸਭ ਨੂੰ ਆਪਣੀ ਕ੍ਰਿਪਾ ਦ੍ਰਿਸ਼ਟੀ ਹੇਠ ਰੱਖਦਾ ਹੈ, ਜਿਹੜਾ ਪਿਆਰ ਅਤੇ ਦਿਆਲਤਾ ਦਾ ਸਾਕਾਰ ਰੂਪ ਹੈ। ਉਹ ਮਨੁੱਖ ਨੂੰ ਦਾਤਾਂ ਅਤੇ ਬਰਕਤਾਂ ਦੇਣ ਤੋਂ ਕਦੀ ਨਹੀਂ ਥੱਕਦਾ, ਪਰ ਮਨੁੱਖ ਆਪ ਥੱਕ ਜਾਂਦੇ ਹਨ।"[22]

ਗੁਰੂ ਨਾਨਕ ਦੇਵ ਜੀ, ਜਪੁ ਜੀ ਵਿੱਚ, ਪਰਮਾਤਮਾ ਨੂੰ ਸਦੀਵੀ ਦਾਤਾ ਦਰਸਾ ਕੇ ਉਸ ਨੂੰ ਸਦੀਵੀ ਕਰਤਵ ਪਾਲਣਹਾਰਾ ਸਿੱਧ ਕਰਨ ਦਾ ਯਤਨ ਕਰਦੇ ਹਨ। ਆਪ ਜੀ ਦਾ ਵਿਚਾਰ ਹੈ ਕਿ ਉਹ ਦਾਤਾਂ ਦੇਣ ਦਾ ਸਦੀਵੀ ਕੰਮ ਇਸ ਲਈ ਕਰਦਾ ਹੈ ਕਿ ਉਹ ਇਸ ਨੂੰ ਆਪਣਾ ਕਰਤੱਵ ਸਮਝ ਕੇ ਕਰਨਾ ਜ਼ਰੂਰੀ ਸਮਝਦਾ ਹੈ। ਉਸ ਵਿੱਚ ਆਪਣਾ ਕਰਤਵ ਪਾਲਣ ਦੀ ਪਰਬਲ ਇੱਛਾ ਹੈ। ਉਹ ਇਸ ਇੱਛਾ ਕਰਕੇ ਹੀ ਸਦਾ ਕਾਰਜਸ਼ੀਲ ਰਹਿੰਦਾ ਹੈ।

ਵਾਸਤਵ ਵਿੱਚ, ਗੁਰੂ ਨਾਨਕ ਦੇਵ ਜੀ, ਇਥੇ ਇਹ ਸਮਝਾਣ ਦਾ ਯਤਨ ਕਰਦੇ ਹਨ ਕਿ ਜੇ ਪਰਮਾਤਮਾ ਆਪਣੇ ਕਰਤਵ ਸਦਾ ਪਾਲਦਾ ਹੈ ਤਾਂ ਮਨੁੱਖ ਨੂੰ ਵੀ ਸਦਾ ਇਵੇਂ ਹੀ ਕਰ

---

21. ਜਪੁ ਜੀ, ਆਦਿ ਗ੍ਰੰਥ, ਪੰਨਾ 2.

22. "To Guru Nanak though He appears as the Eternal, the True, the Creator, the absolutely One, etc., as defined in his Mool Mantar prefixed to Japji, yet to him He also appears as a Bountiful One, One who is ever in bliss, one who encompasses everything, one who is embodiment of love and bounty. He does not tire of giving forth bounties and blisses to human beings but they themselves get satiated."'Guru Nanak's Message in Japji', P.51-52.

ਨੇ ਨਿਭਾਣਾ ਚਾਹੀਦਾ ਹੈ। ਮਨੁੱਖ ਆਪਣਾ ਕਰਤੱਵ ਤਦ ਹੀ ਪਾਲ ਸਕਦਾ ਹੈ ਜਦ ਪਰਮਾਤਮਾ ਵੱਲੋਂ ਸੌਂਪੇ ਹੋਏ ਸਾਰੇ ਕੰਮ ਚੰਗੀ ਤਰ੍ਹਾਂ ਕਰ ਕੇ ਨਿਭਾਏ। ਇਸ ਮੰਤਵ-ਪੂਰਤੀ ਲਈ ਉਸਨੂੰ ਵੀ ਪਰਮਾਤਮਾ ਵਾਂਗ ਸਦਾ ਕਾਰਜਸ਼ੀਲ ਰਹਿ ਕੇ ਨਿਭਾਣਾ ਚਾਹੀਦਾ ਹੈ।

### ਕਰਮਾਂ ਦਾ ਫਲ

ਜਪੁ ਜੀ ਵਿੱਚ ਮਨੁੱਖ ਦੇ ਕਰਮਾਂ ਅਤੇ ਉਨ੍ਹਾਂ ਤੋਂ ਮਿਲਣ ਵਾਲੇ ਫਲ ਉਤੇ ਅਧਿਕ ਬਲ ਦਿੱਤਾ ਹੋਇਆ ਹੈ। ਗੁਰੂ ਨਾਨਕ ਦੇਵ ਜੀ ਦੇ ਵਿਚਾਰ ਅਨੁਸਾਰ, ਮਨੁੱਖ ਪੁੰਨੀ ਜਾਂ ਪਾਪੀ ਆਖਣ ਨਾਲ ਨਹੀਂ, ਸਗੋਂ ਆਪਣੇ ਕੀਤੇ ਹੋਏ ਕਰਮਾਂ ਨਾਲ ਬਣਦਾ ਹੈ। ਉਹ ਆਪਣੇ ਕੀਤੇ ਹੋਏ ਕਰਮਾਂ ਦੇ ਸਮੂਹ ਸੰਗ੍ਰਹਿ ਨੂੰ ਆਪਣੇ ਨਾਲ ਹੀ ਰੱਬੀ ਦਰਬਾਰ ਵਿੱਚ ਲੈ ਜਾਂਦਾ ਹੈ। ਇਸ ਸੰਬੰਧੀ ਗੁਰੂ ਜੀ ਨੇ ਜਪੁ ਜੀ ਵਿੱਚ ਸਪਸ਼ਟ ਤੌਰ ਉਤੇ ਫੁਰਮਾਇਆ ਹੈ:-

ਕਰਿ ਕਰਿ ਕਰਣਾ ਲਿਖਿ ਲੈ ਜਾਹੁ ॥ [23]

ਪਰਮਾਤਮਾ ਮਨੁੱਖ ਦੇ ਸਮੂਹ ਕਰਮਾਂ ਦੀ ਪੂਰੀ ਪੜਤਾਲ ਕਰਦਾ ਹੈ ਅਤੇ ਹਰੇਕ ਮਨੁੱਖ ਨੂੰ ਉਸ ਦੇ ਕਰਮਾਂ ਅਨੁਸਾਰ ਹੀ ਫਲ ਪ੍ਰਦਾਨ ਕਰਦਾ ਹੈ। ਇਉਂ ਸਮਝੋ, ਰੱਬੀ ਦਰਬਾਰ ਦੇ ਖਜ਼ਾਨੇ ਵਿੱਚ ਮਨੁੱਖ ਦੇ ਆਪਣੇ ਕਰਮ ਹੀ ਉਸ ਵੱਲੋਂ ਭੁੱਗੀ ਜਾਣ ਵਾਲੀ ਰਾਸ਼ੀ ਦਾ ਆਧਾਰ ਬਣ ਜਾਂਦੇ ਹਨ।

ਗੁਰੂ ਨਾਨਕ ਦੇਵ ਜੀ ਦਾ ਵਿਚਾਰ ਹੈ ਕਿ ਪਰਮਾਤਮਾ ਹਰੇਕ ਮਨੁੱਖ ਦਾ ਅੰਤਮ ਨਿਆਂ ਕਰਨ ਵੇਲੇ ਆਪਣਾ ਹੀ ਹੁਕਮ ਚਲਾਉਂਦਾ ਹੈ। ਪਰ ਉਸਦਾ ਹੁਕਮ ਮਨੁੱਖ ਦੇ ਕੀਤੇ ਹੋਏ ਕਰਮਾਂ ਅਨੁਸਾਰ ਹੀ ਚਲਦਾ ਹੈ। ਇਸ ਲਈ, ਇਹ ਮੰਨਣਾ ਪੈਂਦਾ ਹੈ ਕਿ ਹਰੇਕ ਮਨੁੱਖ ਆਪਣੇ ਕਰਮਾਂ ਰਾਹੀਂ ਪੁੰਨ ਜਾਂ ਪਾਪ ਬੀਜਦਾ ਹੋਇਆ ਉਨ੍ਹਾਂ ਦਾ ਹੀ ਫਲ ਖਾਂਦਾ ਹੈ। ਇਸ ਬਾਰੇ ਗੁਰੂ ਜੀ ਦਾ ਫ਼ਰਮਾਨ ਹੈ:-

ਆਪੇ ਬੀਜਿ ਆਪੇ ਹੀ ਖਾਹੁ ॥ [24]

ਵਾਸਤਵ ਵਿੱਚ, ਗੁਰੂ ਨਾਨਕ ਦੇਵ ਜੀ ਨੇ ਇਥੇ ਇਹ ਸਿਧਾਂਤ ਪਰਗਟਾਇਆ ਹੈ ਕਿ ਮਨੁੱਖ ਪਰਮਾਤਮਾ ਦੇ ਹੁਕਮ ਅਨੁਸਾਰ ਸਭ ਕੰਮ ਕਰਦਾ ਹੈ ਅਤੇ ਪਰਮਾਤਮਾ ਆਪਣਾ ਹੁਕਮ ਉਸ ਦੇ ਅੰਤਹਕਰਣ ਵਿੱਚ ਸਮਾ ਕੇ ਰੱਖਦਾ ਹੈ। ਇਸ ਲਈ, ਮਨੁੱਖ ਜੋ ਕੁਝ ਕਰਦਾ ਹੈ,

---

23. ਜਪੁ ਜੀ, ਆਦਿ ਗ੍ਰੰਥ, ਪੰਨਾ 4.

24. -ਉਹੀ-, -ਉਹੀ-, ਪੰਨਾ -ਉਹੀ-.

ਆਪਣੇ ਅੰਤਰਿਆਤਮਾ ਦੀ ਆਵਾਜ਼ ਸੁਣ ਕੇ ਕਰਦਾ ਹੈ। ਇਸ ਲਈ, ਉਹ ਆਪਣੇ ਕੀਤੇ ਹੋਏ ਹਰੇਕ ਕੰਮ ਦਾ ਆਪ ਹੀ ਉੱਤਰਦਾਈ ਹੈ।

ਮਨੁੱਖ ਨੂੰ ਆਪਣੇ ਕੀਤੇ ਹੋਏ ਕਰਮਾਂ ਦਾ ਉੱਤਰਦਾਈ ਮੰਨ ਕੇ ਅਤੇ ਉਸ ਦੇ ਕਰਮ-ਸੰਗ੍ਰਹਿ ਨੂੰ ਉਸ ਵੱਲੋਂ ਪ੍ਰਾਪਤ ਹੋਣ ਵਾਲੇ ਫਲ ਦਾ ਆਧਾਰ ਮੰਨ ਕੇ, ਗੁਰੂ ਜੀ ਜਪੁ ਜੀ ਵਿੱਚ ਇਹ ਸਮਝਾਣ ਦਾ ਜਤਨ ਕਰਦੇ ਹਨ ਕਿ ਮਨੁੱਖ ਸਦਾ ਚੰਗੇ ਕਰਮ ਕਰ ਕੇ ਵਿਖਾਏ। ਇਸ ਤਰ੍ਹਾਂ, ਆਪ ਇਸ ਬਾਣੀ ਵਿੱਚ ਮਨੁੱਖ ਦੇ ਕਰਮਾਂ ਸੰਬੰਧੀ ਉਚ-ਨੈਤਿਕਤਾ ਉਤੇ ਬੜਾ ਬਲ ਦਿੰਦੇ ਹਨ। ਇਸ ਸੰਬੰਧੀ ਡਾ: ਦੀਵਾਨ ਸਿੰਘ ਨੇ ਇਹ ਵਿਚਾਰ ਪਰਗਟਾਇਆ ਹੈ:-

> "ਗੁਰੂ ਨਾਨਕ ਦੇਵ ਜੀ ਵੱਲੋਂ ਪਰਚਾਰਿਆ ਹੋਇਆ ਸਿੱਖ ਧਰਮ ਮਹਾਨ ਆਤਮਕ ਉਚਾਈਆਂ ਤੱਕ ਪੁੱਜਣ ਲਈ ਸਦਾਚਾਰਕ ਸਾਧਨਾਂ ਉਤੇ ਬੜਾ ਬਲ ਦਿੰਦਾ ਹੈ।"[25]

ਗੁਰੂ ਨਾਨਕ ਦੇਵ ਜੀ, ਜਪੁ ਜੀ ਵਿੱਚ, ਚੰਗੀ ਤਰ੍ਹਾਂ ਸਮਝਾ ਦਿੰਦੇ ਹਨ ਕਿ ਮਨੁੱਖ ਆਪ ਹੀ ਆਪਣੇ ਕਰਮ ਵਿੱਚ ਚੰਗਿਆਈਆਂ ਜਾਂ ਬੁਰਿਆਈਆਂ ਭਰ ਸਕਦਾ ਹੈ। ਪਰ ਇਨ੍ਹਾਂ ਦਾ ਫਲ ਰੱਬੀ ਦਰਬਾਰ ਵਿੱਚ ਮਿਲਦਾ ਹੈ, ਜਿਥੇ ਇਨ੍ਹਾਂ ਚੰਗਿਆਈਆਂ ਅਤੇ ਬੁਰਿਆਈਆਂ ਬਾਰੇ ਅੰਤਮ ਫੈਸਲਾ ਹੁੰਦਾ ਹੈ। ਇਸ ਲਈ ਮਨੁੱਖ ਨੂੰ ਕੇਵਲ ਚੰਗਿਆਈਆਂ ਭਰੇ ਕਰਮ ਹੀ ਕਰਨੇ ਚਾਹੀਦੇ ਹਨ, ਤਾਂ ਜੁ ਉਸ ਨੂੰ ਰੱਬੀ ਦਰਬਾਰ ਵਿਚ ਚੰਗਾ ਫਲ ਮਿਲੇ ਅਤੇ ਉਹ ਪਰਮਾਤਮਾ ਦੀਆਂ ਨਜ਼ਰਾਂ ਵਿੱਚ ਪਰਵਾਨ ਚੜ੍ਹ ਕੇ ਉਚੀ ਪਦਵੀ ਪ੍ਰਾਪਤ ਕਰ ਸਕੇ। ਇਸੇ ਲਈ, ਗੁਰੂ ਜੀ ਨੇ ਫਰਮਾਇਆ ਹੈ:-

> ਚੰਗਿਆਈਆਂ ਬੁਰਿਆਈਆਂ ਵਾਚੈ ਧਰਮੁ ਹਦੂਰਿ॥
> ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ॥[26]

## ਹੁਕਮ ਅਨੁਸਾਰ ਕਾਰ

[illegible] ਤੋਂ ਗੁਰੂ ਨਾਨਕ ਦੇਵ ਜੀ ਨੇ ਜਪੁ ਜੀ ਵਿੱਚ ਮਨੁੱਖ ਵੱਲੋਂ ਚੰਗਾ ਕਰਮ

---

25. "Sikhism, as Guru Nanak taught it, emphasizes virtuous means for reaching the sublime spirtual altitudes."-Guru Nanak's Message in Japji"-P.35.

26. ਜਪੁ ਜੀ, ਆਦਿ ਗ੍ਰੰਥ, ਪੰਨਾ 8.

ਗਿਆਨ ਉਤੇ ਅਧਿਕ ਬਲ ਦਿੱਤਾ ਹੈ, ਪਰ ਇਥੇ ਇਹ ਵੇਖਣ ਦੀ ਵੀ ਬੜੀ ਲੋੜ ਹੈ ਕਿ ਗੁਰੂ ਜੀ ਦੇ ਵਿਚਾਰ ਅਨੁਸਾਰ ਕਿਹੜਾ ਕਰਮ ਚੰਗਾ ਅਖਵਾ ਸਕਦਾ ਹੈ। ਇਸ ਸੰਬੰਧੀ ਗੁਰੂ ਜੀ ਨੇ ਜਪੁ ਜੀ ਵਿੱਚ ਚੰਗੀ ਤਰ੍ਹਾਂ ਸਮਝਾ ਦਿੱਤਾ ਹੈ ਕਿ ਮਨੁੱਖ ਦੇ ਕਰਨ ਲਈ ਉਹੀ ਕੰਮ ਚੰਗਾ ਹੈ ਜੋ ਪਰਮਾਤਮਾ ਨੂੰ ਭਾਉਂਦਾ ਹੈ:-

ਜੋ ਤੁਧੁ ਭਾਵੈ ਸਾਈ ਭਲੀ ਕਾਰ॥[27]

ਇਸ ਤੋਂ ਅੱਗੇ ਇਹ ਪ੍ਰਸ਼ਨ ਉਠਦਾ ਹੈ ਕਿ ਪਰਮਾਤਮਾ ਨੂੰ ਮਨੁੱਖ ਦੀ ਕਿਹੜੀ 'ਕਾਰ' ਭਾਉਂਦੀ ਹੈ। ਇਸ ਪ੍ਰਸ਼ਨ ਦਾ ਉੱਤਰ ਵੀ ਗੁਰੂ ਜੀ ਨੇ ਜਪੁ ਜੀ ਅੰਦਰ, ਚੰਗੀ ਤਰ੍ਹਾਂ ਦੇ ਦਿੱਤਾ ਹੈ। ਗੁਰੂ ਜੀ ਦੇ ਵਿਚਾਰ ਅਨੁਸਾਰ, ਮਨੁੱਖ ਦਾ ਉਹੀ ਕੰਮ ਪਰਮਾਤਮਾ ਨੂੰ ਭਾਉਂਦਾ ਹੈ, ਜਿਹੜਾ ਹਉਮੈ ਤੋਂ ਰਹਿਤ ਹੋਵੇ। ਹਉਮੈ ਤੋਂ ਰਹਿਤ ਕੰਮ ਹੀ ਚੰਗਾ ਕੰਮ ਅਖਵਾਉਂਦਾ ਹੈ ਅਤੇ ਇਹੀ ਪ੍ਰਮਾਤਮਾ ਦੇ 'ਹੁਕਮ' ਅਨੁਸਾਰ ਹੁੰਦਾ ਹੈ। ਇਸ ਸੰਬੰਧੀ ਗੁਰੂ ਜੀ ਨੇ ਸਪਸ਼ਟ ਰੂਪ ਵਿੱਚ ਦਰਸਾਇਆ ਹੈ ਕਿ 'ਹੁਕਮ' ਬੁਝਣ ਵਾਲੇ ਦੇ ਮਨ ਵਿੱਚ ਕਦੀ ਹਉਮੈ ਨਹੀਂ ਉਪਜਦਾ ਅਤੇ ਉਸਦਾ ਹਰੇਕ ਕੰਮ ਹਉਮੈ-ਰਹਿਤ ਹੁੰਦਾ ਹੈ:-

ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ॥[28]

ਇਸ ਤੋਂ ਇਹ ਵੀ ਸਿੱਧ ਹੋ ਜਾਂਦਾ ਹੈ ਕਿ ਮਨੁੱਖ ਦਾ ਕੰਮ ਤਦ ਹੀ ਹਉਮੈ ਰਹਿਤ ਹੁੰਦਾ ਹੈ, ਜਦੋਂ ਉਹ ਇਹ ਸਮਝੇ ਕਿ ਮੈਂ ਜੋ ਵੀ ਕੰਮ ਕਰ ਰਿਹਾ ਹਾਂ, ਉਹ ਪਰਮਾਤਮਾ ਦੇ 'ਹੁਕਮ' ਅਨੁਸਾਰ 'ਕਾਰ' ਹੈ ਅਤੇ ਇਹ ਇਸ ਲਈ ਭਲੀ ਹੈ ਕਿ ਇਹ ਉਸ ਨੂੰ ਭਾਉਂਦੀ ਹੈ। ਇਸ ਭੇਦ ਨੂੰ ਸਮਝਣ ਵਾਲਾ ਮਨੁੱਖ ਕਿਸੇ ਕੰਮ ਨੂੰ ਨੀਵਾਂ ਨਹੀਂ ਸਮਝਦਾ, ਸਗੋਂ ਉਸ ਨੂੰ, ਪਰਮਾਤਮਾ ਵੱਲੋਂ ਸੌਂਪਿਆ ਹੋਇਆ ਕੰਮ ਸਮਝ ਕੇ, ਬੜਾ ਉਚਾ ਅਤੇ ਪਵਿੱਤਰ ਮੰਨਦਾ ਹੈ। ਇਸ ਰਾਹੀਂ ਉਹ ਕਿਰਤ ਦੀ ਮਹੱਤਤਾ ਨੂੰ ਪਛਾਣਦਿਆਂ, ਅਜਿਹਾ ਕੰਮ ਕਰਨੋ ਵੀ ਕਦੀ ਨਹੀਂ ਝਿਜਕਦਾ, ਜਿਸ ਨਾਲ ਉਸ ਦੇ ਹੱਥ, ਪੈਰ ਅਤੇ ਸਰੀਰ ਮਿੱਟੀ ਜਾਂ ਮੈਲ ਨਾਲ ਭਰ ਜਾਂਦੇ ਹੋਣ, ਕਿਉਂਕਿ ਉਸ ਨੂੰ ਗੁਰੂ ਨਾਨਕ ਦੇਵ ਜੀ ਵੱਲੋਂ ਦਰਸਾਈ ਹੋਈ ਇਹ ਵਿਧੀ ਯਾਦ ਰਹਿੰਦੀ ਹੈ ਕਿ ਕੰਮ ਕਰ ਭੁੱਕਣ ਮਰਦੇਂ ਸਰੀਰਕ ਅੰਗਾਂ ਨੂੰ ਪਾਣੀ ਨਾਲ ਧੋਤਿਆਂ ਸਾਰੀ ਮੈਲ ਉੱਤਰ

---

27. ਜਪੁ ਜੀ, ਆਦਿ ਗ੍ਰੰਥ, ਪੰਨਾ 3.
28. -ਉਹੀ-, -ਉਹੀ- , ਪੰਨਾ 1.

ਜਾਂਦੀ ਹੈ :-

ਭਰੀਐ ਹਥੁ ਪੈਰੁ ਤਨੁ ਦੇਹ ॥
ਪਾਣੀ ਧੋਤੈ ਉਤਰਸੁ ਖੇਹ ॥[29]

ਗੁਰੂ ਜੀ ਦੀ ਦਰਸਾਈ ਹੋਈ ਇਸ ਵਿਧੀ ਨੂੰ ਯਾਦ ਰੱਖਦਿਆਂ ਕੋਈ ਮਨੁੱਖ ਕੰਮ ਕਰਕੇ ਲਿਬੜਿਆਂ ਪੈਰ ਮਿੱਟੀ ਵਿੱਚ ਰੱਖ ਪਾਉਣੋਂ ਸੰਕੋਚ ਨਹੀਂ ਕਰਦਾ। ਇਸ ਤਰ੍ਹਾਂ, ਇੱਕ ਮਾਂ ਆਪਣੇ ਛੋਟੇ ਬੱਚੇ ਦੀ ਪਾਲਣਾ ਕਰਨ ਵਾਲੇ ਕੰਮ ਤੋਂ ਇਸ ਕਰਕੇ ਸੰਕੋਚ ਨਹੀਂ ਕਰਦੀ ਕਿ ਉਸ ਦੇ ਕੱਪੜੇ ਬੱਚੇ ਦੇ ਮਲ ਮੂਤ ਨਾਲ ਪਲੀਤ ਹੋ ਜਾਂਦੇ, ਕਿਉਂਕਿ ਉਹ ਗੁਰੂ ਜੀ ਦੀ ਦਰਸਾਈ ਹੋਈ ਇਹ ਵਿਧੀ ਆਪਣੇ ਸਾਹਮਣੇ ਰੱਖਦੀ ਹੈ:-

ਮੂਤ ਪਲੀਤੀ ਕਪੜੁ ਹੋਇ ॥
ਦੇ ਸਾਬੂਣੁ ਲਈਐ ਓਹੁ ਧੋਇ ॥[30]

ਇਸ ਦੇ ਨਾਲ ਹੀ ਉਸ ਮਾਂ ਨੂੰ ਇਹ ਵਿਸ਼ਵਾਸ ਹੁੰਦਾ ਹੈ ਕਿ ਛੋਟੇ ਬੱਚੇ ਨੂੰ ਪਾਲਣ ਦੀ ਇਹ ਕਾਰਜ ਉਸ ਨੂੰ ਪਰਮਾਤਮਾ ਦੇ ਹੁਕਮ ਅਨੁਸਾਰ ਹੀ ਮਿਲੀ ਹੈ। ਇਹੀ ਉਸ ਮਾਲਕ ਨੂੰ ਭਾਉਂਦੀ ਹੈ, ਇਸ ਲਈ ਇਹੀ ਚੰਗੀ ਕਾਰ ਹੈ।

ਗੁਰੂ ਨਾਨਕ ਦੇਵ ਜੀ ਦਰਸਾਉਂਦੇ ਹਨ ਕਿ ਪਰਮਾਤਮਾ ਦੇ ਹੁਕਮ ਅਨੁਸਾਰ ਕੀਤੀ ਹੋਈ ਕਾਰ ਵਿੱਚ ਮਨੁੱਖ ਦੀ ਮਤਿ ਵੀ ਪਵਿੱਤਰ ਹੋ ਜਾਂਦੀ ਹੈ। ਇਸ ਤਰ੍ਹਾਂ, ਆਪ ਮਨੁੱਖ ਨੂੰ ਨਾ ਕੇਵਲ ਸਰੀਰਕ ਅੰਗ ਜਾਂ ਕੱਪੜਿਆਂ ਤਾਈਂ ਪਵਿੱਤਰ ਬਣਾਨ ਦੀ ਵਿਧੀ ਦਰਸਾਉਂਦੇ ਹਨ, ਸਗੋਂ ਪਾਪਾਂ ਨਾਲ ਭਰੀ ਹੋਈ ਮਤਿ ਤਾਈਂ ਪਵਿੱਤਰ ਬਣਾਨ ਦੀ ਵਿਧੀ ਵੀ ਸਮਝਾ ਦਿੰਦੇ ਹਨ। ਆਪ ਉਸ ਨੂੰ ਇਸ ਸੰਬੰਧੀ ਇਹ ਸਮਝਾਉਂਦੇ ਹਨ ਕਿ ਉਹ ਕਦੀ ਨਿਕੰਮਾ ਨਾ ਬੈਠੇ, ਸਗੋਂ ਹਰ ਵੇਲੇ ਕਿਰਤ ਕਰਦਿਆਂ ਅਤੇ ਨਾਮ ਜਪਦਿਆਂ ਆਪਣੀ ਭਰੀ ਹੋਈ ਮਤਿ ਨੂੰ ਧੋ ਕੇ ਪਵਿੱਤਰ ਬਣਾਈ ਰੱਖੇ:-

ਭਰੀਐ ਮਤਿ ਪਾਪਾ ਕੈ ਸੰਗਿ ॥
ਓਹੁ ਧੋਪੈ ਨਾਵੈ ਕੈ ਰੰਗਿ ॥[31]

ਇਸ ਤਰ੍ਹਾਂ, ਗੁਰੂ ਨਾਨਕ ਦੇਵ ਜੀ ਮਨੁੱਖ ਨੂੰ ਕਿਰਤ ਕਰਦਿਆਂ ਅਤੇ ਹੁਕਮ ਅਨੁਸਾਰ

---

29. ਜਪੁ ਜੀ, ਆਦਿ ਗ੍ਰੰਥ, ਪੰਨਾ 4.
30. -ਉਹੀ-, -ਉਹੀ-, ਪੰਨਾ -ਉਹੀ-.
31. -ਉਹੀ-, -ਉਹੀ-, ਪੰਨਾ -ਉਹੀ-.

ਕਾਰ ਕਰਦਿਆਂ ਉਚੀ ਆਤਮਕ ਅਵਸਥਾ ਵਿੱਚ ਰਹਿਣ ਦੀ ਵਿਧੀ ਸਮਝਾ ਦਿੰਦੇ ਹਨ। ਇਸ ਵਿਧੀ ਅਨੁਸਾਰ ਜੀਵਨ ਬਿਤਾਇਆਂ, ਉਹ ਜਿਥੇ ਪਰਮਾਤਮਾ ਦੀਆਂ ਨਜ਼ਰਾਂ ਵਿੱਚ ਪਰਵਾਨਿਤ ਹੁੰਦਾ ਹੈ, ਉਥੇ ਲੋਕਾਂ ਦੀਆਂ ਨਜ਼ਰਾਂ ਵਿੱਚ ਵੀ ਸਤਿਕਾਰਿਆ ਜਾਂਦਾ ਹੈ। ਗੁਰੂ ਜੀ ਦੇ ਇਸ ਵਿਚਾਰ ਤੋਂ ਪ੍ਰਭਾਵਿਤ ਹੋ ਕੇ ਡਾ. ਦੀਵਾਨ ਸਿੰਘ ਨੇ ਹੁਕਮ ਅਨੁਸਾਰ ਕਾਰ ਕਰਨ ਵਾਲੇ ਮਹਾਂ ਪੁਰਖ ਬਾਰੇ ਇਉਂ ਲਿਖਿਆ ਹੈ:-

> "ਜਿਹੜੇ ਮਨੁੱਖ ਆਤਮਕ ਤੌਰ ਉਤੇ ਉਚੇ ਹੁੰਦੇ ਹਨ, ਉਹ ਸਦਾਚਾਰਕ ਤੌਰ ਉਤੇ ਵੀ ਉਚੇ ਹੁੰਦੇ ਹਨ। ਉਹ ਸਮਾਜਕ ਤੌਰ ਉਤੇ ਵੀ ਪਰਵਾਨੇ ਅਤੇ ਸਤਿਕਾਰੇ ਜਾਂਦੇ ਹਨ। ਗੁਰੂ ਜੀ (ਗੁਰੂ ਨਾਨਕ ਦੇਵ) ਚਾਹੁੰਦੇ ਹਨ ਕਿ ਸਭ ਮਨੁੱਖ ਨਾ ਕੇਵਲ ਕਰਤਾਰ ਦੀਆਂ ਨਜ਼ਰਾਂ ਵਿੱਚ ਸਗੋਂ ਆਪਣੇ ਸੰਸਾਰੀ ਭਰਾਵਾਂ ਦੀਆਂ ਨਜ਼ਰਾਂ ਵਿੱਚ ਵੀ ਉਚੇ ਉਠ ਕੇ ਵਿਖਾਣ। ਇਸ ਮੰਤਵ ਲਈ ਇਸ ਸੰਸਾਰੀ ਜੀਵਨ ਵਿੱਚ, ਗੁਰੂ ਜੀ ਦੀ ਸਹਾਇਤਾ ਅਤੇ ਕਿਰਪਾ ਨਾਲ, ਉਦਮੀ ਸਖ਼ਤ ਕਰਨ ਦੀ ਲੋੜ ਹੈ।"[32]

ਕਾਰਜਸ਼ੀਲ ਪੰਚ

ਜਪੁ ਜੀ ਵਿੱਚ, ਗੁਰੂ ਨਾਨਕ ਦੇਵ ਜੀ, ਜਿਥੇ ਮਨੁੱਖ ਨੂੰ ਪਰਮਾਤਮਾ ਦੀਆਂ ਨਜ਼ਰਾਂ ਅਤੇ ਸੰਸਾਰੀ ਲੋਕਾਂ ਦੀਆਂ ਨਜ਼ਰਾਂ ਵਿੱਚ ਇਕੋ ਜਿਹਾ ਉਚਾ ਉਠਿਆ ਹੋਇਆ ਵੇਖਣ ਦੀ ਇੱਛਾ ਪਰਗਟਾਉਂਦੇ ਹਨ, ਉਥੇ ਉਸ ਨੂੰ ਇਹੋ ਜਿਹੇ ਉਚੇ ਮਹਾਂ ਪੁਰਖ ਦਾ ਆਦਰਸ਼ਕ ਨਮੂਨਾ ਵੀ ਪੇਸ਼ ਕਰ ਦਿੰਦੇ ਹਨ। ਆਪ ਇਹੋ ਜਿਹੇ ਉਚੇ ਮਹਾਂ-ਪੁਰਖ ਨੂੰ 'ਪੰਚ' ਕਹਿ ਕੇ ਨਿਵਾਜਦੇ ਹਨ। ਇਹ ਮਹਾਂ ਪੁਰਖ ਜੀਵਨ ਦੇ ਆਤਮਕ, ਸਦਾਚਾਰਕ, ਸਮਾਜਕ ਅਤੇ ਰਾਜਨੀਤਕ ਖੇਤਰ ਵਿੱਚ ਬੜੀ ਉਚੀ ਪਦਵੀ ਰੱਖਦੇ ਹਨ, ਇਸ ਲਈ ਗੁਰੂ ਜੀ ਇਨ੍ਹਾਂ ਨੂੰ ਮਨੁੱਖਤਾ ਦੇ ਸੱਚੇ ਆਗੂ ਮੰਨਦੇ ਹਨ।

ਗੁਰੂ ਨਾਨਕ ਦੇਵ ਜੀ ਜਪੁ ਜੀ ਦੀ 16ਵੀਂ ਪਉੜੀ ਵਿੱਚ ਫਰਮਾਉਂਦੇ ਹਨ ਕਿ

---

32. "Those who are spiritually advanced, are also morally high and socially acceptable and examplary. The Guru (Guru-Nanak Dev) wants men to rise high not only in the eyes of their Creator but also in the eyes of their fellow beings. For this a great practical effort, right in this work-a-day world, is needed, of course with the help and grace of the Guru"-"Guru Nanak's Message In Japji"-P.64.

ਇਹ 'ਪੰਚ' ਗੁਰੂ ਦੀ ਸਿੱਖਿਆ ਉੱਤੇ ਅਮਲ ਕਰਨ ਨਾਲ ਹੀ ਇੰਨੀ ਉੱਚੀ ਪਦਵੀ ਦੇ ਮਾਲਕ ਬਣ ਜਾਂਦੇ ਹਨ। ਉਹ ਇਸ ਸਿੱਖਿਆ ਉੱਤੇ ਅਮਲ ਕਰਨ ਨਾਲ ਹੀ ਇਸ ਦੁਨੀਆ ਦੇ ਰਾਜ-ਦਰਬਾਰ ਅਤੇ ਪਰਮਾਤਮਾ ਦੇ ਦਰਬਾਰ ਵਿੱਚ ਸੁਭਾਇਮਾਨ ਹੁੰਦੇ ਹਨ ਅਤੇ ਦੋਹਾਂ ਥਾਂ ਉੱਤੇ 'ਪਰਵਾਨ' ਅਤੇ 'ਪਰਧਾਨ' ਬਣ ਜਾਂਦੇ ਹਨ। ਇਸ ਲਈ, ਆਪ ਉਨ੍ਹਾਂ ਬਾਰੇ ਫੁਰਮਾਉਂਦੇ ਹਨ:-

ਪੰਚ ਪਰਵਾਣ ਪੰਚ ਪਰਧਾਨੁ।।
ਪੰਚੇ ਪਾਵਹਿ ਦਰਗਹਿ ਮਾਨੁ।।

ਪੰਚੇ ਸੋਹਹਿ ਦਰਿ ਰਾਜਾਨੁ।।[33]

ਇਹ ਮਹਾਂ ਪੁਰਖ ਦੁਨੀਆ ਵਿੱਚ ਰਹਿੰਦਿਆਂ ਅਤੇ ਗ੍ਰਿਹਸਤ ਦੇ ਸਾਰੇ ਕਰਤੱਵ ਨਿਭਾਉਂਦਿਆਂ ਆਪਣੀਆਂ ਪੰਜ ਇੰਦਰੀਆਂ ਉੱਤੇ ਕਾਬੂ ਪਾ ਕੇ ਰੱਖਦੇ ਹਨ। ਇਸੇ ਲਈ, ਗੁਰੂ ਜੀ ਨੇ ਇਨ੍ਹਾਂ ਲਈ 'ਪੰਚ' ਦਾ ਸ਼ਬਦ ਵਰਤਿਆ ਹੈ। ਡਾ: ਦੀਵਾਨ ਸਿੰਘ ਦੇ ਕਥਨ ਅਨੁਸਾਰ, ਗੁਰੂ ਜੀ ਵੱਲੋਂ ਇਨ੍ਹਾਂ ਮਹਾਂ ਪੁਰਖਾਂ ਲਈ 'ਪੰਚ' ਦਾ ਵਰਤਿਆ ਹੋਇਆ ਸ਼ਬਦ ਬੜਾ ਢੁਕਵਾਂ ਅਤੇ ਮੌਲਿਕ ਹੈ:-

> "ਗੁਰੂ ਜੀ (ਗੁਰੂ ਨਾਨਕ ਦੇਵ) ਨੇ ਇਨ੍ਹਾਂ ਚੋਣਵੇਂ ਮਨੁੱਖਾਂ ਲਈ ਬੜਾ ਮੌਲਿਕ ਸ਼ਬਦ, ਅਰਥਾਤ 'ਪੰਚ' (ਬਹੁ ਵਚਨ) ਘੜ ਕੇ ਵਰਤਿਆ ਹੈ, ਜਿਸ ਦਾ ਭਾਵ ਹੈ ਉਹ ਮਨੁੱਖ ਜਿਨ੍ਹਾਂ ਪੰਜ ਇੰਦਰੀਆਂ ਜਾਂ ਮਨ ਨੂੰ ਜਿੱਤ ਲਿਆ ਹੈ। ਇਹ ਉਹ ਮਨੁੱਖ ਹਨ, ਜਿਹੜੇ ਗੁਰੂ ਦੀ ਸਿੱਖਿਆ ਸੁਣ ਕੇ ਉਸ ਉੱਤੇ ਅਮਲ ਕਰਦੇ ਹਨ।"[34]

ਗੁਰੂ ਜੀ ਇਨ੍ਹਾਂ ਚੋਣਵੇਂ ਮਨੁੱਖਾਂ, ਅਰਥਾਤ 'ਪੰਚ' ਮਨੁੱਖਾਂ ਨੂੰ ਕਿਤੇ ਵੀ ਕਾਰਜ-ਹੀਣ ਰੂਪ ਵਿੱਚ ਨਹੀਂ ਦਿਖਾਉਂਦੇ, ਸਗੋਂ ਹਰ ਸਮੇਂ ਸਪਸ਼ਟ ਕਾਰਜਸ਼ੀਲ ਰੂਪ ਵਿੱਚ

---

33. ਜਪੁ ਜੀ, ਆਦਿ ਗ੍ਰੰਥ, ਪੰਨਾ 3.

34. "The Guru (Guru Nanak) has coined and used a very original name for such chosen ones, i.e. the 'panch' (in plural), which means those who have conquered the five senses or the mind. They are the ones who listened to the word of the Guru and then acted upon the advice contained therein."—'Guru Nanak's Message in Japji'-P.63-64.

ਵੀ ਦਿਖਾਉਂਦੇ ਹਨ। ਇਹ ਚੋਣਵੇਂ ਮਨੁੱਖ ਆਪ ਕਾਰਜਸ਼ੀਲ ਰਹਿੰਦਿਆਂ ਹੋਰ ਲੋਕਾਂ ਨੂੰ ਵੀ ਕਾਰਜਸ਼ੀਲ ਰਹਿਣ ਦੀ ਪ੍ਰੇਰਣਾ ਪ੍ਰਦਾਨ ਕਰਦੇ ਹਨ। ਉਹ ਲੋਕਾਂ ਦੇ ਪਿਆਰੇ ਮਿੱਤਰ ਅਤੇ ਸੱਚੇ ਆਗੂ ਬਣ ਕੇ ਦਿਖਾਉਂਦੇ ਹਨ। ਉਹ ਸਿੱਧ ਜੋਗੀਆਂ ਵਾਂਗ ਵਸੋਂ ਤੋਂ ਦੂਰ ਜਾ ਕੇ 'ਪਰਬਤੀਂ' ਨਹੀਂ ਜਾ ਛੁਪਦੇ, ਸਗੋਂ ਲੋਕਾਂ ਵਿੱਚ ਰਹਿ ਕੇ ਉਨ੍ਹਾਂ ਵਰਗਾ ਜੀਵਨ ਬਿਤਾਉਂਦਿਆਂ ਉਨ੍ਹਾਂ ਦੀ ਠੋਸ ਅਗਵਾਈ ਕਰ ਕੇ ਦਿਖਾਉਂਦੇ ਹਨ।

ਇਸ ਤੋਂ ਪਹਿਲੇ ਗੁਰੂ ਜੀ ਜਪੁ ਜੀ ਦੀ ਛੇਵੀਂ ਤੋਂ ਲੈ ਕੇ 11ਵੀਂ ਪਉੜੀ ਤੱਕ ਇਨ੍ਹਾਂ ਚੋਣਵੇਂ ਮਨੁੱਖਾਂ ਨੂੰ 'ਭਗਤ' ਕਹਿ ਕੇ ਸਨਮਾਨਦੇ ਹਨ ਅਤੇ ਉਨ੍ਹਾਂ ਦੇ ਮਨ ਵਿੱਚ ਸਦਾ 'ਵਿਗਾਸ' ਦੀ ਅਵਸਥਾ ਦਿਖਾਉਂਦੇ ਹਨ। ਗੁਰੂ ਜੀ ਇਹ ਤੱਥ ਵਿਸ਼ੇਸ਼ ਰੂਪ ਵਿਚ ਪਰਗਟਾਉਂਦੇ ਹਨ ਕਿ 'ਭਗਤ' ਅਤੇ 'ਪੰਚ' ਉੱਚੀ ਤੇ ਉੱਚੀ ਆਤਮਕ ਅਵਸਥਾ ਵਿੱਚ ਵਿਗਾਸਦੇ ਹੋਏ ਵੀ ਸਾਰੇ ਸੰਸਾਰੀ ਕਰਤੱਵ ਪੂਰੀ ਤਰ੍ਹਾਂ ਨਿਭਾ ਕੇ ਦਿਖਾਉਂਦੇ ਹਨ। ਇਹ ਵੇਖਣ ਦੀ ਲੋੜ ਹੈ ਕਿ ਇਹੋ ਜਿਹੇ 'ਭਗਤ' ਅਤੇ 'ਪੰਚ' ਆਪਣੀ ਆਤਮਕ ਉਚਾਈ ਵਿੱਚ ਸੰਸਾਰੀ ਕਰਤੱਵ ਕਿਸ ਤਰ੍ਹਾਂ ਨਿਭਾ ਸਕਦੇ ਹਨ। ਇਸ ਬਾਰੇ ਡਾ. ਕੁਲਦੀਪ ਕੌਰ ਨੇ ਬੜੇ ਸੁੰਦਰ ਸ਼ਬਦਾਂ ਵਿੱਚ ਲਿਖਿਆ ਹੈ:-

> "ਲਿਵ ਪ੍ਰਭੂ ਚਰਨਾਂ ਨਾਲ ਜੁੜੀ ਹੋਵੇ, ਮਨ ਸਦਾ ਚੜ੍ਹਦੀ ਕਲਾ ਦੇ ਹੁਲਾਰੇ ਵਿੱਚ ਰਹੇ ਤਾਂ ਜੀਵ ਸਰਬਤ ਦੇ ਭਲੇ ਨੂੰ ਆਦਰਸ਼ ਬਣਾ ਕੇ ਹਉਮੈ ਤੇ ਸੁਆਰਥ ਨੂੰ ਤਿਆਗ, ਨੇਕੀ ਦੀ ਕਾਰ ਕਮਾਉਂਦਾ ਹੈ।"[35]

ਨਿਰਸੰਦੇਹ, ਗੁਰੂ ਨਾਨਕ ਦੇਵ ਜੀ ਇਨ੍ਹਾਂ 'ਪੰਚ' ਅਤੇ 'ਭਗਤ' ਮਨੁੱਖਾਂ ਨੂੰ ਸਦਾ ਚੜ੍ਹਦੀ ਕਲਾ ਵਿੱਚ ਰਹਿੰਦਿਆਂ ਨੇਕੀ ਦੀ ਕਾਰ ਕਮਾਉਂਦਿਆਂ ਦਿਖਾਉਂਦੇ ਹਨ।

ਇਸ ਪਿੱਛੋਂ ਗੁਰੂ ਜੀ ਜਪੁ ਜੀ ਦੀ 34ਵੀਂ ਪਉੜੀ, ਅਰਥਾਤ 'ਧਰਮ ਖੰਡ' ਵਿੱਚ ਵੀ 'ਪੰਚ' ਮਨੁੱਖਾਂ ਲਈ ਸਨਮਾਨ ਪੂਰਤ ਸੰਕੇਤ ਕਰਦੇ ਹਨ। ਆਪ ਉਥੇ ਵੀ ਇਹਨਾਂ ਨੂੰ ਹਰ ਤਰ੍ਹਾਂ ਨਾਲ ਸੋਭਦਿਆਂ ਦਿਖਾਉਂਦੇ ਹੋਏ ਇਹ ਦਰਸਾਉਂਦੇ ਹਨ:-

> ਤਿਥੈ ਸੋਹਨਿ ਪੰਚ ਪਰਵਾਣੁ॥[36]

ਇਸ ਤਰ੍ਹਾਂ, ਗੁਰੂ ਨਾਨਕ ਦੇਵ ਜੀ ਸਿੱਧ ਕਰ ਕੇ ਵਿਖਾ ਦਿੰਦੇ ਹਨ ਕਿ ਗੁਰੂ ਦੀ ਸਿੱਖਿਆ ਉਤੇ ਚੱਲਣ ਵਾਲੇ ਚੋਣਵੇਂ 'ਪੰਚ' ਆਪਣੇ ਜੀਵਨ ਵਿੱਚ ਸਦਾ ਕਾਰਜਸ਼ੀਲ

---

35. "ਰਾਣਾ ਸੂਰਤ ਸਿੰਘ ਦੀ ਸੁਹਜਾਤਮਕ ਕਲਾ", ਪੰਨਾ 250 (ਪੀ.ਐਚ.ਡੀ. ਲਈ ਅਣਛਪਿਆ ਸ਼ੋਧ-ਪ੍ਰਬੰਧ, ਪੰਜਾਬੀ ਯੂਨੀਵਰਸਿਟੀ, ਪਟਿਆਲਾ), 1975.

36. ਜਪੁ ਜੀ, ਆਦਿ ਗ੍ਰੰਥ, ਪੰਨਾ 7.

ਰਹਿੰਦੇ ਹੋਏ ਅਤੇ ਆਪਣੇ ਸਾਰੇ ਸੰਸਾਰੀ ਕਰਤਵ ਨਿਭਾਉਂਦੇ ਹੋਏ ਆਤਮਕ ਸਿੱਖਿਆ ਨੂੰ ਗ੍ਰਹਿਣ ਕਰਦੇ ਹਨ ਅਤੇ ਲੋਕ ਪਰਲੋਕ ਵਿੱਚ ਇੱਕੋ ਜਿਹੀ ਸੋਭਾ ਪਾ ਕੇ ਵਿਖਾਉਂਦੇ ਹਨ।

ਗੁਰੂ ਜੀ ਦੇ ਵਿਚਾਰਅਨੁਸਾਰ, 'ਪੰਚ' ਹਰ ਥਾਂ ਉਤੇ ਇਸ ਲਈ ਸਨਮਾਨ ਪ੍ਰਾਪਤ ਕਰਦੇ ਹਨ ਕਿ ਉਹ ਇਸ ਦੁਨੀਆਂ ਨੂੰ ਮਿਥਿਆ ਨਹੀਂ ਸਮਝਦੇ, ਸਗੋਂ ਕਾਰਜਸ਼ੀਲਤਾ ਦਾ ਸੱਚਾ ਅਖਾੜਾ ਮੰਨਦੇ ਹਨ। ਗੁਰੂ ਨਾਨਕ ਦੇਵ ਦਾ ਸਿੱਖ ਧਰਮ ਇਸ ਦੁਨੀਆਂ ਨੂੰ ਜੀਵਨ-ਅਖਾੜਾ ਸਮਝਣ ਵਾਲਾ ਉਦਮਸ਼ੀਲ ਧਰਮ ਹੈ। ਇਸ ਧਰਮ ਅਨੁਸਾਰ ਦੁਨੀਆਂ ਨੂੰ ਇੱਕ ਝੂਠੀ ਖੇਡ ਮੰਨਣ ਵਾਲੇ ਮਨੁੱਖ ਗੁੰਮਰਾਹ ਸਮਝੇ ਜਾਂਦੇ ਹਨ। ਇਸ ਵਿਚਾਰ ਨੂੰ ਸਪਸ਼ਟ ਕਰਦਿਆਂ ਡਾ: ਦੀਵਾਨ ਸਿੰਘ ਨੇ ਲਿਖਿਆ ਹੈ:-

> "ਜਿਹੜੇ ਮਨੁੱਖ, ਗਲਤ ਧਾਰਮਕ ਵਿਸ਼ਵਾਸ ਕਾਰਨ, ਇਸ ਜੀਵਨ ਨੂੰ ਅਗਲੇ ਜੀਵਨ ਦਾ ਮੁਹਰਾ ਹੀ ਸਮਝਦੇ ਹਨ, ਉਹ, ਸਿੱਖ ਧਰਮ ਅਨੁਸਾਰ, ਠੱਗੇ ਫਿਰਦੇ ਹਨ। ਉਹ ਇਸ ਜੀਵਨ ਦੇ ਨਾਲ ਅਗਲੇ ਜੀਵਨ ਨੂੰ ਵੀ ਗਵਾ ਬਹਿੰਦੇ ਹਨ। ਗੁਰੂ ਜੀ (ਗੁਰੂ ਨਾਨਕ ਦੇਵ) ਉਨ੍ਹਾਂ ਦੇ ਅਧੂਰੇ ਇਕ ਪੱਖੀ ਵਿਕਾਸ ਨੂੰ ਅਪਰਵਾਣ ਕਰਦੇ ਹਨ ਅਤੇ ਉਨ੍ਹਾਂ ਨੂੰ 'ਪੰਚਾਂ' ਤੋਂ ਉਲਟ 'ਮਨਮੁੱਖ' ਸਮਝਦੇ ਹਨ।"[37]

ਨਿਰਸੰਦੇਹ, ਗੁਰੂ ਨਾਨਕ ਦੇਵ ਜੀ ਨੇ ਆਪਣੇ ਚੋਣਵੇਂ ਮਨੁੱਖਾਂ, ਅਰਥਾਤ 'ਪੰਚਾਂ' ਮਨੁੱਖਾਂ ਨੂੰ ਅਜਿਹੇ ਆਦਰਸ਼ਕ ਵਿਅਕਤੀਆਂ ਦੇ ਰੂਪ ਵਿੱਚ ਵਿਖਾਇਆ ਹੈ, ਜਿਹੜੇ ਇਸ ਦੁਨੀਆਂ ਨੂੰ ਅਸਲ ਸਚਖੰਡ-ਅਸਥਾਨ ਜਾਂ ਸੱਚਾ ਅਖਾੜਾ ਸਮਝਦਿਆਂ ਇਸ ਵਿੱਚ ਭਰਪੂਰ ਕਾਰਜਸ਼ੀਲ ਜੀਵਨ ਬਿਤਾਂਦੇ ਹਨ ਅਤੇ ਇਉਂ ਕਰਦਿਆਂ ਇਸ ਜੀਵਨ ਦੇ ਨਾਲ ਅਗਲੇ ਜੀਵਨ ਨੂੰ ਵੀ ਸੰਵਾਰ ਕੇ ਵਿਖਾਉਂਦੇ ਹਨ।

---

37. "Those who, in their fallacious religious ideology, regard this life as a pawn to the life after death, are, according to Sikhism, deceived ones and stand to lose this world as well as the next. The Guru (Guru Nanak) totally rejects such a one-sided (rather a lopsided) human- development. Such people, as opposed to the 'Panchas', are the self-faced ones (Manmukh).-'Guru Nanak's Message in Japji-' P-64.

## ਉਚ-ਖੰਡਾਂ ਨਾਲ ਸੰਬੰਧ

ਜਪੁ ਜੀ ਵਿੱਚ ਪੰਜ ਖੰਡਾਂ ਰਾਹੀਂ ਮਨੁੱਖ ਨੂੰ ਆਤਮਕ ਉਚਿਆਈਆਂ ਦਾ ਦਰਸ਼ਨ ਕਰਾਉਂਦਿਆਂ, ਗੁਰੂ ਨਾਨਕ ਦੇਵ ਜੀ ਕਿਰਤ ਨੂੰ ਆਤਮਕ ਮੰਡਲ ਦੇ ਉਚ-ਖੰਡਾਂ ਨਾਲ ਵੀ ਸੰਬੰਧਿਤ ਕਰਦੇ ਹਨ।

ਗੁਰੂ ਜੀ ਕਿਰਤ ਨੂੰ ਪਹਿਲੇ ਤਾਂ 'ਧਰਮ ਖੰਡ' ਨਾਲ ਸੰਬੰਧਿਤ ਕਰਦੇ ਹਨ। ਆਪ ਫੁਰਮਾਉਂਦੇ ਹਨ ਕਿ ਧਰਮ ਖੰਡ ਧਰਤ-ਮੰਡਲ ਦਾ ਉਹ ਖੰਡ ਹੈ, ਜਿਥੇ ਮਨੁੱਖਾਂ ਦਾ, ਆਪਣੇ ਕੀਤੇ ਹੋਏ ਕਰਮਾਂ ਅਨੁਸਾਰ, ਨਬੇੜਾ ਕਰਦਾ ਹੈ। ਉਥੇ 'ਕਰਮੀ ਕਰਮੀ ਹੋਇ ਵੀਚਾਰੁ'[38] ਵਾਲੀ ਅਵਸਥਾ ਹੁੰਦੀ ਹੈ।[38] ਇਸ ਲਈ, ਮਨੁੱਖ ਜਿਹੜੇ ਵੀ ਕਰਮ ਧਰਤੀ ਉਤੇ ਕਰਦਾ ਹੈ, ਉਨ੍ਹਾਂ ਦਾ ਫਲ ਜਾਂ ਪੱਖ ਉਸ ਖੰਡ ਵਿੱਚ ਪਰਖਿਆ ਜਾਂਦਾ ਹੈ। ਇਸ ਸਮੇਂ, ਉਹ ਇਕ ਅਜਿਹਾ ਖੰਡ ਹੈ ਜਿਥੇ 'ਕਚ ਪਕਾਈ ਓਥੈ ਪਾਇ'[39] ਵਾਲਾ ਨਿਬੇੜਾ ਹੁੰਦਾ ਹੈ। ਇਸ ਲਈ ਇਥੇ ਜਿਥੇ ਖੰਡ ਵਿੱਚ ਮਨੁੱਖ ਵਲੋਂ ਧਰਤੀ ਉਤੇ ਕੀਤੇ ਹੋਏ ਕਰਮਾਂ ਨੂੰ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ ਅਤੇ ਉਸ ਵਲੋਂ ਜੀਵਨ ਵਿੱਚ ਕਮਾਈ ਹੋਈ ਕਿਰਤ ਨੂੰ ਧਰ ਧਾਨਤ ਵਿੱਚ ਸ਼ੁੱਧ ਰੱਖਿਆ ਜਾਂਦਾ ਹੈ।

ਡਾ. ਦੀਵਾਨ ਸਿੰਘ ਨੇ ਇਸ ਖੰਡ ਵਿੱਚ ਮਨੁੱਖਾਂ ਦੀ ਕਰਮਾਂ ਅਨੁਸਾਰ ਕੀਤੀ ਜਾਣ ਵਾਲੀ ਪਰਖ ਬਾਰੇ ਇਉਂ ਸਪਸ਼ਟੀਕਰਣ ਕੀਤਾ ਹੈ:-

> "ਮਨੁੱਖ ਨੂੰ ਉਸ ਵੇਲੇ ਸਮੇਂ ਲਈ ਉਡੀਕਣਾ ਪੈਂਦਾ ਹੈ, ਜਦੋਂ ਉਸ ਦੀ ਪਾਤਸ਼ਾਹ ਦੇ ਦਰਬਾਰ ਵਿੱਚ ਕਰਮਾਂ ਨੂੰ ਤੋਲਿਆ ਅਤੇ ਜਾਂਚਿਆ ਜਾਂਦਾ ਹੈ। ਉਦੋਂ ਪੂਰਾ ਨਿਆਂ ਹੁੰਦਾ ਹੈ ਅਤੇ ਕਰਮਾਂ ਦਾ ਫਲ ਭੋਗਣਾ ਪੈਂਦਾ ਹੈ। ਗੁਰੂ ਜੀ (ਗੁਰੂ ਨਾਨਕ ਦੇਵ) ਕਹਿੰਦੇ ਹਨ ਕਿ ਮਨੁੱਖਾਂ ਦੀ ਚੰਗਿਆਈਆਂ ਜਾਂ ਬੁਰਿਆਈਆਂ, ਕੱਚਿਆਈਆਂ ਜਾਂ ਪਕਿਆਈਆਂ ਦਾ ਉਦੋਂ ਪਤਾ ਲਗਦਾ ਹੈ ਜਦੋਂ ਉਹ ਇਸ ਧਰਤੀ ਉਤੇ ਜੀਵਨ ਭੋਗ ਚੁੱਕੇ ਹਨ। ਉਹ ਆਪਣੀ ਮੌਤ ਪਿਛੋਂ ਹੀ ਆਪਣੇ ਬਾਰੇ ਹੋਏ ਨਿਆਂ ਦਾ ਫੈਸਲਾ ਜਾਣ ਸਕਦੇ ਹਨ।"
>
> " " ਇਹ ਠੀਕ ਹੈ ਕਿ ਮਨੁੱਖ ਆਪਣੇ ਕਰਮ ਓਦੋਂ ਕਰਦੇ ਹਨ,

---

38. ਜਪੁ ਜੀ, ਆਦਿ ਗ੍ਰੰਥ, ਪੰਨਾ 7.
39. -ਉਹੀ-, -ਉਹੀ- , ਪੰਨਾ -ਉਹੀ-.

ਜਦੋਂ ਉਹ ਦੇਹ-ਧਾਰੀ ਹੁੰਦੇ ਹਨ। ਪਰ ਉਨ੍ਹਾਂ ਨੂੰ ਇਸ ਅਵਸਥਾ ਵਿੱਚ ਵੀ ਕਰਮਾਂ ਦੀ ਚੋਣ ਕਰਨੀ ਚਾਹੀਦੀ ਹੈ। ਉਨ੍ਹਾਂ ਨੂੰ ਆਪਣੇ ਕਰਮਾਂ ਦੇ ਪਰਿਣਾਮ ਤਾਈਂ ਸਾਹਮਣੇ ਰੱਖਣਾ ਚਾਹੀਦਾ ਹੈ। ਉਨ੍ਹਾਂ ਨੂੰ ਇਸ ਗੱਲ ਦਾ ਚੰਗੀ ਤਰ੍ਹਾਂ ਪਤਾ ਹੋਣਾ ਚਾਹੀਦਾ ਹੈ ਤਾਂ ਜੁ ਉਹ ਆਪਣੇ ਬੁਰੇ ਕਰਮਾਂ ਦੇ ਬੁਰੇ ਪਰਿਣਾਮ ਤੋਂ ਬਚ ਸਕਣ।"[40]

ਇਸ ਤੋਂ ਸਿੱਧ ਹੁੰਦਾ ਹੈ ਕਿ ਧਰਮ ਖੰਡ ਮਨੁੱਖ ਦੇ ਕਰਮਾਂ ਨੂੰ ਠੀਕ ਠੀਕ ਤੋਲਣ ਵਾਲਾ ਖੰਡ ਹੈ। ਮਨੁੱਖ ਵੱਲੋਂ ਇਸ ਧਰਤੀ ਉਤੇ ਕਮਾਏ ਹੋਏ ਕਰਮਾਂ ਨੂੰ ਤੋਲਣ ਲਈ ਉਥੇ ਜਿਹੜੇ ਮਾਪ ਵਰਤੇ ਜਾਣਗੇ, ਉਹ ਧਰਤੀ ਦੇ ਜੀਵਨ ਉਤੇ ਪੂਰੀ ਤਰ੍ਹਾਂ ਲਾਗੂ ਹੋ ਸਕਣ ਵਾਲੇ ਮਾਪ ਹੋਣਗੇ। ਉਥੇ ਅਜਿਹੇ ਸਦਾਚਾਰਕ ਮਾਪ ਵਰਤੇ ਜਾਣਗੇ ਜਿਹੜੇ ਧਰਤੀ ਦੇ ਮਨੁੱਖਾਂ ਵੱਲੋਂ ਇਥੇ ਵੀ ਉਵੇਂ ਅਤੇ ਸਰਬ-ਵਿਆਪਕ ਮੰਨੇ ਜਾਂਦੇ ਹਨ। ਇਸ ਸੰਬੰਧੀ ਡਾ: ਦੀਵਾਨ ਸਿੰਘ ਨੇ ਬੜੀ ਚੰਗੀ ਤਰ੍ਹਾਂ ਸਮਝਾ ਕੇ ਦਰਸਾਇਆ ਹੈ:-

"ਇਸ ਲਈ ਇਹ ਸਪਸ਼ਟ ਹੈ ਕਿ ਪਹਿਲਾ ਖੰਡ ਮਨੁੱਖੀ ਜੀਵਨ ਵਿੱਚ ਠੀਕ ਕਰਮਾਂ ਦੀ ਆਵੱਸ਼ਕਤਾ ਦ੍ਰਿੜ ਕਰਵਾਉਂਦਾ ਹੈ - ਅਜਿਹੇ ਕਰਮ, ਜਿਹੜੇ ਨਿਸ਼ਕਾਮ ਉਦੇਸ਼ ਅਤੇ ਆਤਮਕ ਸੇਧ ਅਨੁਸਾਰ ਕੀਤੇ ਜਾਂਦੇ ਹਨ।"[41]

ਧਰਮ ਖੰਡ ਤੋਂ ਉਪਰ ਉਠਦਿਆਂ, ਗੁਰੂ ਨਾਨਕ ਦੇਵ ਜੀ ਤੀਜੇ ਖੰਡ, ਅਰਥਾਤ ਸ਼ਰਮ ਖੰਡ, ਵਿੱਚ 'ਕਿਰਤ' ਨੂੰ ਮਹੱਤਵ ਪੂਰਣ ਸਥਾਨ ਦਿੰਦੇ ਹਨ। ਇਸ ਖੰਡ ਦਾ ਮਹੱਤਵ ਇਸ

---

40. "One has to wait for the proper time when the actions will be weighed and valued, in the court of the True Lord. Then the judgement will come and also retribution. The Guru (Guru Nanak) says that the goodness or badness, the rawness or maturity will be determined after men cease their life on earth. They can know of this judgement only after death."

"Men can, of course, choose their course of action while they are bound in the physical limits. But they must choose the right course—they must keep in mind the effects of their actions. They must know and shun the actions leading to bad consequences. 2-'Guru Nanak's Message In Japji'-P.72.

41. "So, it is obvious that the first Region represents the need for right actions in the human life- actions performed with selfless aim and with spirtual direction."- Ibid. P-73.

ਗੱਲ ਤੋਂ ਸਿੱਧ ਹੋ ਜਾਂਦਾ ਹੈ ਕਿ ਗੁਰੂ ਜੀ ਇਸ ਨੂੰ ਦੋ ਖੰਡਾਂ, ਅਰਥਾਤ ਧਰਮ ਖੰਡ ਅਤੇ ਗਿਆਨ ਖੰਡ ਤੋਂ ਉਪਰ ਮੰਨਦੇ ਹਨ। ਇਸ ਰਾਹੀਂ ਆਪ ਸਿੱਧ ਕਰ ਦਿੰਦੇ ਹਨ ਕਿ 'ਸਰਮ' ਜਾਂ ਕਿਰਤ ਕਰਨ ਵਾਲਾ ਮਨੁੱਖ ਪਰਮਾਤਮਾ ਦੀ ਬਖਸ਼ਸ਼ ਭਰੇ-ਖੰਡ, ਅਰਥਾਤ 'ਕਰਮ ਖੰਡ' ਦੇ ਨੇੜੇ ਪਹੁੰਚ ਜਾਂਦਾ ਹੈ। ਇਸ ਤਰ੍ਹਾਂ, ਆਪ ਕਿਰਤੀ ਨੂੰ ਪਰਮਾਤਮਾ ਦੀ ਬਖਸ਼ਸ਼ ਦਾ ਵਿਸ਼ੇਸ਼ ਪਾਤਰ ਬਣਾ ਦਿੰਦੇ ਹਨ।

'ਸਰਮ' ਸੰਸਕ੍ਰਿਤ ਦੇ 'ਸ੍ਰਮ' ਸ਼ਬਦ ਦਾ ਪੰਜਾਬੀ ਰੂਪ ਹੈ। ਇਸ ਦਾ ਅਰਥ ਹੈ ਮਿਹਨਤ, ਕਿਰਤ ਜਾਂ ਘਾਲ।

ਸਰਮ ਖੰਡ ਦਾ ਵਰਣਨ ਕਰਦਿਆਂ ਗੁਰੂ ਜੀ ਫਰਮਾਉਂਦੇ ਹਨ ਕਿ ਮਿਹਨਤ ਜਾਂ ਘਾਲ ਕਰਨ ਵਾਲਾ ਮਨੁੱਖ ਆਪਣੇ ਆਚਰਣ ਦੀ ਬੜੀ ਪਰਪੱਕ ਅਤੇ ਅਨੂਪ ਘਾੜਤ ਘੜ ਲੈਂਦਾ ਹੈ। ਇਸ ਤੋਂ ਆਪ ਇਹ ਸਿੱਟਾ ਕੱਢ ਕੇ ਵਿਖਾਉਂਦੇ ਹਨ ਕਿ ਇਸ ਖੰਡ ਵਿੱਚ ਕਿਰਤ ਦੀ ਬਰਕਤ ਨਾਲ ਮਨੁੱਖ ਦੀ ਸਿਰਜਣਾਤਮਕ ਸ਼ਕਤੀ ਇੰਨੀ ਵਧ ਜਾਂਦੀ ਹੈ ਕਿ ਉਹ ਹਰ ਪ੍ਰਕਾਰ ਦੀ ਸੁੰਦਰ ਘਾੜਤ ਘੜ ਸਕਣ ਦੇ ਸਮਰੱਥ ਹੋ ਜਾਂਦਾ ਹੈ। ਇਸ ਲਈ ਗੁਰੂ ਜੀ ਇਸ ਖੰਡ ਦੀ ਵਡਿਆਈ ਕਰਦਿਆਂ ਫਰਮਾਉਂਦੇ ਹਨ:-

ਸਰਮ ਖੰਡ ਕੀ ਬਾਣੀ ਰੂਪੁ ॥
ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ ॥[42]

ਸਰਮ ਖੰਡ ਦੀ ਮਹਿਮਾ ਦੁਆਰਾ ਗੁਰੂ ਜੀ ਕਿਰਤ ਕਰਨ ਵਾਲੇ ਮਨੁੱਖ ਦਾ ਮਹਾਤਮ ਕਥਨੋਂ ਬਾਹਰਲਾ ਮੰਨਦੇ ਹਨ। ਕਿਰਤ ਰਾਹੀਂ ਮਨੁੱਖ ਅਜਿਹੀ ਆਚਰਣ-ਪਰਪੱਕਤਾ ਪ੍ਰਾਪਤ ਕਰ ਲੈਂਦਾ ਹੈ, ਜਿਹੜੀ ਸੰਪੂਰਣ ਵਿਅਕਤਿਤਵ ਵਿਕਾਸ ਦਾ ਰੂਪ ਧਾਰ ਲੈਂਦੀ ਹੈ। ਕਿਸੇ ਅਪੂਰਣ ਚੀਜ਼ ਨੂੰ ਪੂਰੀ ਤਰ੍ਹਾਂ ਵਰਣਨ ਕਰਨਾ ਸੰਭਵ ਹੈ, ਪਰ ਸੰਪੂਰਣ ਚੀਜ਼ ਨੂੰ ਵਰਣਨ ਕਰਨਾ ਅਸੰਭਵ ਹੈ। ਇਸ ਲਈ ਗੁਰੂ ਜੀ ਫਰਮਾਉਂਦੇ ਹਨ:-

ਤਾ ਕੀਆ ਗਲਾ ਕਥੀਆ ਨਾ ਜਾਹਿ ॥
ਜੇ ਕੋ ਕਹੈ ਪਿਛੈ ਪਛੁਤਾਇ ॥[43]

ਪਰ, ਫਿਰ ਵੀ ਆਪ ਇਸ ਖੰਡ ਦੇ ਮਹਾਤਮ ਦੀ ਬੜੀ ਸੁੰਦਰ ਝਲਕ ਵਿਖਾ ਦਿੰਦੇ ਹਨ ਕਿ ਇਸ ਵਿੱਚ ਮਨੁੱਖ ਦੀਆਂ ਗਿਆਨ-ਇੰਦਰੀਆਂ, ਅਰਥਾਤ ਸੁਰਤਿ, ਮਤਿ,

---

42. ਜਪੁ ਜੀ, ਆਦਿ ਗ੍ਰੰਥ, ਪੰਨਾ 8.

43. -ਉਹੀ-, -ਉਹੀ- , ਪੰਨਾ -ਉਹੀ-.

ਮਨਿ, ਬੁਧਿ ਅਤੇ ਸੁਧਿ ਪੂਰੀ ਤਰ੍ਹਾਂ ਘੜੀਆਂ ਜਾਂਦੀਆਂ ਹਨ:-

ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥
ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥[44]

ਉਪਰ ਦੱਸੀਆਂ ਸਭੇ ਮਾਨਸਿਕ ਸ਼ਕਤੀਆਂ ਸੂਖਮ ਰੂਪ ਵਿੱਚ ਅੰਤਰ-ਸੰਬੰਧਿਤ ਹੁੰਦੀਆਂ ਹੋਈਆਂ ਵੀ ਆਪਣਾ ਭਿੰਨ ਭਿੰਨ ਰੂਪ ਰੱਖਦੀਆਂ ਹਨ। ਇਸੇ ਲਈ ਇਥੇ ਇਹ ਭਾਵ ਪਰਗਟਾਇਆ ਗਿਆ ਹੈ ਕਿ ਕਿਰਤ ਰਾਹੀਂ ਸਭ ਮਾਨਸਿਕ ਸ਼ਕਤੀਆਂ ਦੇ ਘੜੇ ਜਾਣ ਦੇ ਨਾਲ ਮਨੁੱਖ ਸੰਪੂਰਣ ਮਾਨਵ ਵਿਕਾਸ ਪ੍ਰਾਪਤ ਕਰ ਲੈਂਦਾ ਹੈ, ਅਰਥਾਤ ਉਸ ਦੀਆਂ ਸਭੇ ਮਾਨਸਿਕ ਸ਼ਕਤੀਆਂ ਸੰਪੂਰਣਤਾ ਨੂੰ ਛੂਹ ਲੈਂਦੀਆਂ ਹਨ।

ਵਾਸਤਵ ਵਿੱਚ, ਗੁਰੂ ਨਾਨਕ ਦੇਵ ਜੀ ਇਥੇ ਇਹ ਦਰਸਾ ਰਹੇ ਹਨ ਕਿ ਮਨੁੱਖ ਜਦੋਂ ਤੱਕ ਕਿਰਤ ਨਹੀਂ ਕਰਦਾ, ਉਦੋਂ ਤੱਕ ਉਸ ਦੀਆਂ ਮਾਨਸਿਕ ਸ਼ਕਤੀਆਂ ਪੂਰੀ ਤਰ੍ਹਾਂ ਵਿਕਸਿਤ ਨਹੀਂ ਹੁੰਦੀਆਂ। ਕਿਰਤ ਤੋਂ ਬਿਨਾਂ ਉਹ ਅਪੂਰਣ ਰਹਿੰਦਿਆਂ ਹੋਇਆਂ ਸੰਪੂਰਣ ਪਰਮਾਤਮਾ ਨਾਲ ਮਿਲਾਪ ਪ੍ਰਾਪਤ ਕਰਨ ਦੇ ਯੋਗ ਨਹੀਂ ਬਣਦਾ। ਇਸ ਲਈ, ਮੰਨਣਾ ਪੈਂਦਾ ਹੈ ਕਿ ਕਿਰਤ ਮਨੁੱਖ ਅਤੇ ਪਰਮਾਤਮਾ ਵਿਚਕਾਰ ਬੜੀ ਜ਼ਰੂਰੀ ਮੇਲਵੀਂ ਕੜੀ ਹੈ।

ਕਈ ਵਿਦਵਾਨਾਂ ਨੇ, ਜਿਵੇਂ ਡਾ: ਦੀਵਾਨ ਸਿੰਘ ਨੇ, ਸਰਮ ਖੰਡ ਨੂੰ 'ਪਤ' ਦਾ ਖੰਡ ਮੰਨਿਆ ਹੈ, ਕਿਉਂਕਿ ਉਹ ਸਮਝਦੇ ਹਨ ਕਿ ਕਿਰਤ ਦਾ ਖੰਡ ਤਾਂ 'ਧਰਮ ਖੰਡ' ਹੈ। ਇਹ ਸਰਮ ਖੰਡ ਤਾਂ ਪਰਮਾਤਮਾ ਕੋਲੋਂ 'ਪਤ' ਪ੍ਰਾਪਤ ਕਰਨ ਦਾ ਖੰਡ ਹੈ। ਪਰ ਇਹ ਵਿਦਵਾਨ ਇਹ ਵੀ ਮੰਨਦੇ ਹਨ ਕਿ ਮਨੁੱਖਾਂ ਨੂੰ ਇਹ 'ਪਤ' ਸ਼ੁਭ ਕਰਮਾਂ ਦੇ ਸਾਧਨ ਰਾਹੀਂ ਪ੍ਰਾਪਤ ਹੁੰਦੀ ਹੈ। ਉਹ ਇਸ ਰਾਹੀਂ ਪਰਮਾਤਮਾ ਦੇ ਚੋਣਵੇਂ ਮਨੁੱਖ ਬਣ ਜਾਂਦੇ ਹਨ। ਇਸ ਵਿਚਾਰ ਨੂੰ ਮੁੱਖ ਰੱਖਦਿਆਂ ਡਾ: ਦੀਵਾਨ ਸਿੰਘ ਨੇ ਲਿਖਿਆ ਹੈ:-

> "ਇਹ ਉਹ ਖੰਡ ਹੈ, ਜਿਥੇ ਕੇਵਲ ਪ੍ਰਮਾਤਮਾ ਆਪਣੀ ਪੂਰੀ ਪਵਿੱਤਰ ਅਤੇ ਚਮਕੀਲੀ ਸ਼ਾਨ ਨਾਲ ਨਿਵਾਸ ਰੱਖਦਾ ਹੈ। ਉਸ ਦੀ ਕਿਰਪਾ ਅਤੇ ਮਿਹਰ ਭਰੇ ਇਸ ਖੰਡ ਵਿੱਚ ਉਸ ਦੀ ਕਿਰਪਾ ਦੇ ਵਰਸਾਏ ਹੋਏ 'ਚੋਣਵੇਂ ਮਨੁੱਖਾਂ' ਤੋਂ ਸਿਵਾ ਹੋਰ ਕੌਣ ਪਰਵੇਸ਼ ਕਰ ਸਕਦਾ ਹੈ?"[45]

---

44. ਜਪੁ ਜੀ, ਆਦਿ ਗ੍ਰੰਥ, ਪੰਨਾ 8.

45. "This is the Region where God alone in His pristine and refulgent majesty dwells. Who else can be there, in this domin of His boundless grace and bounty, except His Chosen one's whom He has accepted in His favour." – 'Guru Nanak's Message in Japji, P.76.

ਡਾ. ਕੁਲਦੀਪ ਕੌਰ ਨੇ 'ਸਰਮ' ਦਾ ਅਰਥ 'ਆਤਮਕ ਅਨੰਦ' ਦਰਸਾਇਆ ਹੈ ਅਤੇ ਇਸ ਦੇ ਨਾਲ ਇਹ ਵੀ ਮੰਨਿਆ ਹੈ ਕਿ ਮਨੁੱਖ ਇਹ ਅਨੰਦ ਨਿਰੰਤਰ ਘਾਲਣਾ ਰਾਹੀਂ ਪ੍ਰਾਪਤ ਕਰਦਾ ਹੈ:-

> "'ਸਰਮ' ਸ਼ਬਦ ਦੇ ਅਰਥ ਟੀਕਾਕਾਰਾਂ ਨੇ ਦੋ ਤਰ੍ਹਾਂ ਕੀਤੇ ਹਨ:- ਉਹ ਆਤਮਕ ਅਨੰਦ ਅਤੇ ਮਿਹਨਤ, ਅਰਥਾਤ ਘਾਲਣਾ। ਪਰੰਤੂ ਜੇ ਅਰਥਾਂ ਦੀ ਡੂੰਘਾਈ ਵਿੱਚ ਪਹੁੰਚ ਕੇ ਅਤੇ ਗੁਰਮਤਿ ਦਰਸ਼ਨ ਨੂੰ ਮੁੱਖ ਰੱਖ ਕੇ ਵੇਖੀਏ ਤਾਂ 'ਸਰਮ' ਤੋਂ ਭਾਵ ਉਹ ਅਨੰਦ ਹੈ, ਜਿਸ ਨੂੰ ਮਨੁੱਖ ਆਤਮਕ ਮਾਰਗ ਉਤੇ ਚਲਦਿਆਂ ਅਤੇ ਨਿਰੰਤਰ ਘਾਲਣਾ ਘਾਲਦਿਆਂ ਹੋਇਆਂ ਅਨੁਭਵ ਕਰਦਾ ਹੈ। ਘਾਲਣਾ ਭਾਵੇਂ ਸੰਸਾਰਕ ਹੋਵੇ ਜਾਂ ਪਰਮਾਰਥਕ, ਉਸ ਵਿੱਚ ਨਿਰੰਤਰਤਾ ਤੇ ਲਗਾਤਾਰਤਾ ਦਾ ਪ੍ਰਵੇਸ਼ ਤਾਂ ਹੀ ਹੁੰਦਾ ਹੈ ਜੇ ਮਨੁੱਖ ਉਸੇ ਘਾਲਣਾ ਵਿੱਚ ਹੀ ਖ਼ੁਸ਼ੀ ਅਨੁਭਵ ਕਰਨ ਲੱਗ ਜਾਵੇ।"[46]

ਡਾ. ਕੁਲਦੀਪ ਕੌਰ ਨੇ ਆਤਮਕ ਅਨੰਦ ਵਿੱਚ ਮਗਨ ਹੋਣ ਅਤੇ ਸੰਸਾਰਕ ਕਰਤਵ ਨਿਭਾਣ ਨੂੰ ਪਰਸਪਰ ਵਿਰੋਧੀ ਕਾਰਜ ਨਹੀਂ; ਸਗੋਂ ਇਕ ਦੂਜੇ ਦੇ ਪੂਰਕ ਮੰਨਦਿਆਂ ਲਿਖਿਆ ਹੈ:-

> "(ਨਾਦ ਅਨੰਦ ਕੌਤਕ) ਅਨੰਦ ਦਾ ਰਸ ਤਾਂ ਗਿਆਨ ਖੰਡ ਵਿੱਚ ਹੀ ਪ੍ਰਾਪਤ ਹੋ ਜਾਂਦਾ ਹੈ, ਇਸ ਰਸ ਨੂੰ ਸਥਾਈ ਬਣਾਉਣਾ ਅਤੇ ਇਸ ਨੂੰ ਹੋਰ ਪੱਕੇ ਰੰਗ ਵਿੱਚ ਰੰਗਣਾ ਸਰਮ ਖੰਡ ਦਾ ਕਰਤਵ ਹੈ। ਇਸ ਮੰਡਲ ਵਿੱਚ ਵਿਚਰਨ ਵਾਲਾ ਜੀਵ ਹਰ ਵਸਤੂ ਵਿੱਚ ਉਸ ਪਰਮ ਸੁੰਦਰ ਦੀ ਸੁੰਦਰਤਾ ਅਨੁਭਵ ਕਰ ਕੇ ਵਿਸਮਾਦ ਵਿਚ ਲੀਨ ਹੋ ਜਾਂਦਾ ਹੈ; ਲੀਨ ਕਾਹਦਾ ਹੁੰਦਾ ਹੈ, ਆਪਣੇ ਅੰਦਰ ਵੀ ਉਸ ਸੁੰਦਰਤਾ ਨੂੰ ਵਸਾ ਲੈਂਦਾ ਹੈ ਅਤੇ ਫੇਰ ਇਸ ਦੀ ਸੰਭਾਲ ਲਈ ਸਦਾ ਕ੍ਰਿਆਸ਼ੀਲ ਰਹਿ ਕੇ ਸੰਸਾਰਕ ਕਰਤਵ ਨਿਭਾਉਂਦਾ ਹੈ।"[47]

ਨਿਰਸੰਦੇਹ, ਨਾਮ ਸਿਮਰਨ ਵਿੱਚ ਲੀਨ ਰਹਿਣ ਵਾਲਾ ਅਤੇ ਸੰਸਾਰਕ ਕਰਤਵ ਨਿਭਾਣ ਵਾਲਾ ਵਿਅਕਤੀ ਹੀ ਸਦੀਵੀ ਆਤਮਕ ਅਨੰਦ ਮਾਣਦਾ ਹੈ। ਡਾ. ਭਾਈ ਵੀਰ ਸਿੰਘ

---

46. 'ਰਾਣਾ ਸੂਰਤ ਸਿੰਘ ਦੀ ਸਿਰਜਣਾਤਮਕ ਕਲਾ', ਪੰਨਾ 213.
47. -ਉਹੀ- , ਪੰਨਾ -ਉਹੀ-.

ਨੇ ਇਸ ਸੰਬੰਧੀ ਲਿਖਿਆ ਹੈ:-

> "ਇਸ ਅਵਸਥਾ ਵਿੱਚ ਜੀਵ ਖੁਸ਼ੀ, ਰਸ, ਉਮਾਹ ਵਿੱਚ ਪਹੁੰਚਦਾ ਹੈ। ਅੰਤਰ ਆਤਮੇ ਤਾਂ ਜਗਿਆਸੂ 'ਸਰਮ ਖੰਡ' ਵਿੱਚ ਅੱਪੜ ਹੈ, ਪਰ ਬਾਹਰ ਉਹ ਸ੍ਰਮ ਅਰਥਾਤ ਘਾਲ ਵਿੱਚ ਹੀ ਹੈ, ਕਿਉਂਕਿ ਉਹ ਧਰਮ ਖੰਡ ਦੇ ਧਰਮ ਭੀ ਪਾਲ ਰਿਹਾ ਹੈ ਤੇ ਗਿਆਨ ਖੰਡ ਦੀ ਵੀਚਾਰ ਦਾ ਤਾਣ ਭੀ ਸਾਰਾ ਲਾ ਕੇ ਨਾਮ ਜਪ ਰਿਹਾ ਹੈ, ਸੋ ਉਹ 'ਪ੍ਰਤੀਤੀ' ਵਿੱਚ ਤਾਂ ਰਸ ਤੇ ਖੁਸ਼ੀ ਵਿੱਚ ਰਹਿੰਦਾ ਹੈ, ਪਰ ਅਮਲ ਵਿੱਚ 'ਨੇਕੀ' ਤੇ ਨਾਮ ਦੇ ਜਤਨ ਵਿਚ ਹੋਣ ਕਰਕੇ ਘਾਲ (ਸ੍ਰਮ) ਵਿੱਚ ਰਹਿੰਦਾ ਹੈ। ਇਸੇ ਕਰਕੇ ਸਤਿਗੁਰੂ ਨੇ ਇਸ ਖੰਡ ਦਾ ਨਾਮ 'ਸਰਮ ਖੰਡ' ਰੱਖਿਆ ਹੈ।"[48]

ਇਨ੍ਹਾਂ ਵਿਦਵਾਨਾਂ ਦੇ ਉਪਰੋਕਤ ਵਿਚਾਰਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ 'ਸਰਮ ਖੰਡ' ਵਿੱਚ ਕੇਵਲ ਉਨ੍ਹਾਂ ਚੋਣਵੇਂ ਮਨੁੱਖਾਂ ਦਾ ਨਿਵਾਸ ਮੰਨਿਆ ਹੈ, ਜਿਹੜੇ ਨਾਮ ਸਿਮਰਨ ਵਿੱਚ ਲੀਨ ਰਹਿ ਕੇ ਆਤਮਕ ਆਨੰਦ ਮਾਣਦੇ ਹਨ, ਪਰ ਇਸ ਦੇ ਨਾਲ ਹੀ ਸਭ ਸੰਸਾਰਕ ਕਰਤੱਵ ਨਿਭਾਉਂਦਿਆਂ ਉਸ ਅਨੰਦ ਨੂੰ ਸਦੀਵੀ ਨਿਰੰਤਰਤਾ ਵਿੱਚ ਰੱਖ ਕੇ ਵਿਖਾਉਂਦੇ ਹਨ।

## ਕਾਰਜ-ਪ੍ਰੇਰਕ ਅੰਤ

ਜਪੁ ਜੀ ਵਿੱਚ ਕਿਰਤ ਦਾ ਮਹਾਤਮ ਇਸ ਲਈਂ ਪਰਤੱਖ ਰੂਪ ਵਿੱਚ ਪਰਗਟ ਹੋ ਜਾਂਦਾ ਹੈ ਕਿ ਜਿਵੇਂ ਇਸ ਬਾਣੀ ਦਾ ਆਰੰਭ ਕਾਰਜ-ਪ੍ਰੇਰਕ ਹੈ, ਉਵੇਂ ਹੀ ਇਸ ਦਾ ਅੰਤ ਵੀ ਬੜਾ ਕਾਰਜ-ਪ੍ਰੇਰਕ ਹੈ। ਜਪੁ ਜੀ ਦਾ ਅੰਤਮ ਸਲੋਕ ਨਿਰੋਲ ਕਾਰਜ ਪ੍ਰੇਰਣਾ ਵਾਲਾ ਉਪਦੇਸ਼ ਹੈ। ਇਸ ਵਿੱਚ ਗੁਰੂ ਨਾਨਕ ਦੇਵ ਜੀ ਕਲਪਨਾ ਰਾਹੀਂ ਸੰਸਾਰ ਤੋਂ ਕਾਫੀ ਉਚਾ ਉਠ ਕੇ ਉਸ ਉਤੇ ਪੜਤਾਲਵੀਂ ਝਾਤ ਮਾਰਦੇ ਹਨ। ਇਸ ਝਾਤ ਰਾਹੀਂ ਆਪ ਸੰਸਾਰ ਵਿੱਚ ਨਿਰੋਲ ਕਾਰਜਸ਼ੀਲਤਾ ਦਾ ਸਾਗਰ ਠਾਠਾਂ ਮਾਰਦਾ ਹੋਇਆ ਵੇਖਦੇ ਹਨ। ਆਪ ਇਹ ਵੇਖਦੇ ਹਨ ਕਿ ਸੰਸਾਰ ਦੇ ਸਭ ਤੱਤ ਅਤੇ ਸਭ ਵਸਨੀਕ ਆਪਣੇ ਆਪਣੇ ਕਾਰਜ ਵਿੱਚ ਗਲਤਾਨ ਹਨ। ਆਪਜੀ ਨੂੰ ਸੰਸਾਰ ਦਾ ਕੋਈ ਵੀ ਤੱਤ ਜਾਂ ਜੀਵ ਵਿਹਲਾ ਬੈਠਾ ਨਜ਼ਰ ਨਹੀਂ ਆਉਂਦਾ।

---

48. 'ਸ੍ਰੀ ਗੁਰੂ ਨਾਨਕ ਚਮਤਕਾਰ, ਉਤਰਾਰਧ', ਪੰਨਾ 657-58.
(ਅੰਮ੍ਰਿਤਸਰ, ਖਾਲਸਾ ਸਮਾਚਾਰ, ਦੂਜੀ ਵਾਰ), 1938.

ਇਹ ਕਾਰਜਸ਼ੀਲਤਾ ਦਾ ਭਰਪੂਰ ਚਿਤ੍ਰ ਹੈ, ਜਿਹੜਾ ਨਿਰੋਲ ਕਾਰਜਸ਼ੀਲਤਾ ਦਾ ਪਰਭਾਵ ਉਤਪੰਨ ਕਰਦਾ ਹੈ।

ਜਪੁ ਜੀ ਦੇ ਇਸ ਅੰਤਿਮ ਸਲੋਕ ਅਨੁਸਾਰ, ਪਵਨ, ਗੁਰੂ ਵਾਂਗ ਸੁਧਾਈ ਦਾ ਕੰਮ ਕਰ ਰਹੀ ਹੈ, ਕਿਉਂਕਿ ਉਹ ਸਭ ਜੀਵਾਂ ਦੇ ਅੰਦਰ ਜਾ ਕੇ ਉਨ੍ਹਾਂ ਦੇ ਲਹੂ ਵਿਚਲੇ ਅਸ਼ੁੱਧ ਕਣਾਂ ਨੂੰ ਸ਼ੁੱਧ ਕਰਦੀ ਹੈ। ਪਾਣੀ ਅਤੇ ਧਰਤੀ ਰਲ ਕੇ ਨਿਰੰਤਰ ਉਤਪਤੀ ਦਾ ਕੰਮ ਕਰ ਰਹੇ ਹਨ। ਇਸ ਕੰਮ ਵਿੱਚ ਪਾਣੀ ਸਿੰਜਾਈ ਕਰਦਿਆਂ ਪਿਤਾ ਦਾ ਅਤੇ ਧਰਤੀ ਆਪਣੀ ਕੁਖ ਵਿਚੋਂ ਬਨਸਪਤੀ ਉਤਪੰਨ ਕਰਦਿਆਂ ਮਾਤਾ ਦਾ ਕਰਤੱਵ ਨਿਭਾ ਰਹੀ ਹੈ। ਇਸ ਚਿਤ੍ਰ ਵਿੱਚ, ਰਾਤ ਅਤੇ ਦਿਨ ਵੀ ਵਿਹਲੇ ਬੈਠੇ ਹੋਏ ਨਹੀਂ ਵਿਖਾਏ ਗਏ। ਉਹ ਦਾਈ ਅਤੇ ਦਾਇਆ ਬਣ ਕੇ ਸਾਰੇ ਜਗਤ ਦੇ ਜੀਵਾਂ ਨੂੰ ਖਿਡਾਣ ਦਾ ਕੰਮ ਕਰ ਰਹੇ ਹਨ ਅਤੇ ਸਾਰੇ ਜਗਤ-ਜੀਵ ਇਸ ਖੇਡ ਵਿਚ ਆਪਣੇ ਆਪਣੇ ਕੰਮ ਕਾਜ ਵਿੱਚ ਲੱਗੇ ਹੋਏ ਹਨ।

ਇਸ ਸਲੋਕ ਦੇ ਅੰਤ ਵਿੱਚ ਗੁਰੂ ਜੀ ਫਰਮਾਉਂਦੇ ਹਨ ਕਿ ਮਨੁੱਖਾਂ ਵਿਚੋਂ ਮਹਾਂ-ਪੁਰਖ ਉਹੀ ਅਖਵਾ ਸਕਦੇ ਹਨ, ਜਿਹੜੇ ਆਪਣੇ ਜੀਵਨ ਵਿੱਚ ਪਰਮਾਤਮਾ ਦੇ ਨਾਮ-ਸਿਮਰਨ ਦੀ ਪਰਉਪਕਾਰੀ ਮਿਹਨਤ ਜਾਂ 'ਮਸ਼ੱਕਤਿ' ਘਾਲ ਕੇ ਵਿਖਾਉਂਦੇ ਹਨ। ਉਨ੍ਹਾਂ ਦਾ ਇਹ ਕੰਮ 'ਮਸ਼ੱਕਤਿ' ਦੀ ਪਰਪੱਕਤਾ ਤੋਂ ਸਿੱਧ ਹੁੰਦਾ ਹੈ। ਇਹ 'ਮਸ਼ੱਕਤਿ' ਇਸ ਲਈ ਬਣ ਜਾਂਦਾ ਹੈ ਕਿ ਉਹ ਇਸ ਨੂੰ ਆਪਣੇ ਭਲੇ ਲਈ ਨਹੀਂ; ਸਗੋਂ ਸਰਬੱਤ ਦੇ ਭਲੇ ਲਈ ਕਰਦੇ ਹਨ। ਇਉਂ, ਉਨ੍ਹਾਂ ਦਾ ਨਾਮ-ਸਿਮਰਨ ਵਾਲਾ ਕੰਮ ਸਰਬ-ਜਨਕ ਸੇਵਾ ਜਾਂ ਸਰਬ-ਹਿਤਕਾਰੀ ਕਿਰਤ ਦਾ ਰੂਪ ਧਾਰ ਲੈਂਦਾ ਹੈ।

ਇਉਂ, ਗੁਰੂ ਨਾਨਕ ਦੇਵ ਜੀ ਜਪੁ ਜੀ ਦੇ ਆਦਿ ਤੋਂ ਲੈ ਕੇ ਅੰਤ ਤੱਕ ਸਿਮਰਨ ਦੇ ਨਾਲ ਨਾਲ ਕਿਰਤ ਅਤੇ ਕਾਰਜਸ਼ੀਲਤਾ ਦੀ ਪ੍ਰੇਰਣਾ ਪ੍ਰਦਾਨ ਕਰਦੇ ਹਨ। ਆਪ ਇਸ ਬਾਣੀ ਵਿੱਚ ਮਨੁੱਖ ਦੀ ਕਰੜੀ ਘਾਲਣਾ ਨੂੰ ਪੂਰੀ ਤਰ੍ਹਾਂ ਸਨਮਾਨਦੇ ਹਨ ਅਤੇ ਆਪਣੇ ਜੀਵਨ ਵਿੱਚ ਕਰੜੀ ਘਾਲਣਾ ਘਾਲਣ ਵਾਲੇ ਮਹਾਂ ਪੁਰਖ ਦੇ ਮੁੱਖ ਰੱਬੀ ਦਰਬਾਰ ਵਿੱਚ ਉਜਲੇ ਬਣੇ ਹੋਏ ਵਿਖਾਉਂਦੇ ਹਨ। ਇਸ ਦੇ ਨਾਲ ਹੀ ਆਪ ਅਣਗਿਣਤ ਲੋਕਾਂ ਨੂੰ ਉਨ੍ਹਾਂ ਦੀ ਕਰੜੀ ਘਾਲਣਾ ਤੋਂ ਮੁਕਤੀ-ਦਾਇਕ ਲਾਭ ਪ੍ਰਾਪਤ ਹੁੰਦਾ ਵਿਖਾ ਕੇ ਉਨ੍ਹਾਂ ਨੂੰ ਮੁਕਤੀ-ਮਾਰਗ ਦੇ ਸੱਚੇ ਅਗਵਾਈ-ਕਾਰ ਸਿੱਧ ਕਰ ਕੇ ਵਿਖਾ ਦਿੰਦੇ ਹਨ। ਆਪ ਉਨ੍ਹਾਂ ਦੀ ਘਾਲਣਾ ਅਤੇ ਪਰਉਪਕਾਰ ਉਤੇ ਅੰਤਿਮ ਛਾਪ ਇਉਂ ਲਗਾਉਂਦੇ ਹਨ:-

ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥"[49]

---

49. ਜਪੁ ਜੀ, ਅੰਤਿਮ ਸਲੋਕ, ਆਦਿ ਗ੍ਰੰਥ, ਪੰਨਾ 8.

ਡਾ: ਦੀਵਾਨ ਸਿੰਘ ਨੇ ਗੁਰੂ ਜੀ ਵੱਲੋਂ ਨਕਾਰੀ ਹੋਈ ਇਸ ਅੰਤਮ ਛਾਪ ਨੂੰ ਜਪੁ ਜੀ ਦਾ ਸਾਰੰਸ਼ ਮੰਨਿਆ ਇਸ ਬਾਰੇ ਇਹ ਵਿਚਾਰ ਪਰਗਟਾਇਆ ਹੈ:-

> "ਜਪੁ ਜੀ ਦੀਆਂ ਅੰਤਲੀਆਂ ਦੋ ਤੁੱਕਾਂ ਵੀ, ਜਿਹੜੀਆਂ ਇਸ ਦੇ ਸਾਰੰਸ਼ ਵਜੋਂ ਅੰਤਮ ਸਲੋਕ ਦੇ ਅੰਤ ਉਤੇ ਆਉਂਦੀਆਂ ਹਨ, ਉਨ੍ਹਾਂ 'ਭਗਤਾਂ' ਜਾਂ ਰੱਬੀ ਮਨੁੱਖਾਂ ਦੀ ਉਸਤਤ ਕਰਦੀਆਂ ਹਨ, ਜਿਹੜੇ ਅਣਗਿਣਤ ਦੁਖੀ ਭਟਕੇ ਮਨੁੱਖਾਂ ਨੂੰ ਆਪਣੀ ਆਤਮਕ ਛੁਹ ਪ੍ਰਦਾਨ ਕਰ ਕੇ ਨਿਹਾਲ ਕਰਦੇ ਹਨ।"[50]

## (2) ਪਟੀ ( ਰਾਗੁ ਆਸਾ ) ਵਿੱਚ ਕਿਰਤ ਸੰਕਲਪ

ਪਟੀ (ਰਾਗ ਆਸਾ) ਬਾਰੇ ਕਈ ਵਿਦਵਾਨਾਂ ਦਾ ਇਹ ਅਨੁਮਾਨ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਇਹ ਬਾਣੀ ਉਦੋਂ ਉਚਾਰੀ ਜਦੋਂ ਆਪ ਅਜੇ ਸਤ ਸਾਲਾਂ ਦੇ ਬਾਲਕ ਸਨ ਅਤੇ ਪਾਂਧੇ ਪਾਸ ਪੜ੍ਹਨ ਬਿਠਾਏ ਗਏ ਸਨ। ਪਰ ਇਸ ਬਾਣੀ ਵਿੱਚ ਭਰਪੂਰ ਜੀਵਨ-ਅਨੁਭਵਾਂ ਦੀ ਪਰਪੱਕਤਾ ਤੋਂ ਸਿੱਧ ਹੁੰਦਾ ਹੈ ਕਿ ਇਹ ਕਾਫੀ ਪਕੇਰੀ ਉਮਰ ਦੀ ਰਚਨਾ ਹੈ। ਇਸ ਬਾਣੀ ਵਿੱਚ ਗੁਰੂ ਜੀ ਆਪਣੇ ਵਿਸ਼ਾਲ ਅਤੇ ਪਰਪੱਕ ਜੀਵਨ-ਅਨੁਭਵਾਂ ਦੇ ਆਧਾਰ ਉਤੇ ਸਭ ਮਨੁੱਖਾਂ ਨੂੰ ਇਹ ਸੰਦੇਸ਼ ਦਿੰਦੇ ਹਨ ਕਿ ਉਦਮ ਭਰਪੂਰ ਕਿਰਤ ਨਾਲ ਪ੍ਰਭੂ-ਸਿਮਰਨ ਨੂੰ ਜੋੜ ਕੇ ਮਾਨਵ ਜੀਵਨ ਨੂੰ ਸਫਲ ਕਰ ਕੇ ਵਿਖਾਇਆ ਜਾ ਸਕਦਾ ਹੈ।

### ਸਫਲ ਜੀਵਨ ਲਈ ਵਿੱਦਿਆ

ਪਟੀ (ਰਾਗ ਆਸਾ) ਵਿੱਚ ਗੁਰੂ ਨਾਨਕ ਦੇਵ ਜੀ ਨੇ ਗੁਰਮੁਖੀ ਵਰਣਮਾਲਾ ਦੀ ਸਮਕਾਲੀਨ ਤਰਤੀਬ ਅਨੁਸਾਰ ਪੈਂਤੀ ਅੱਖਰਾਂ ਵਿਚੋਂ ਹਰੇਕ ਅੱਖਰ ਲੈ ਕੇ ਉਸ ਰਾਹੀਂ ਸਫਲ ਜੀਵਨ-ਜੁਗਤ ਦ੍ਰਿੜ ਕਰਵਾਈ ਹੈ। ਆਪ ਇਸ ਬਾਣੀ ਦੇ ਆਰੰਭ ਵਿਚ ਹੀ ਨਿਰੰਤਰ ਕਿਰਤ ਰਾਹੀਂ ਮਾਨਵ ਜੀਵਨ ਸਫਲ ਕਰਨ ਦੀ ਵਿਧੀ ਇਉਂ ਦਰਸਾਉਂਦੇ ਹਨ:-

> ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ ॥
> ਸੇਵਤ ਰਹੇ ਚਿਤੁ ਜਿਨ੍ ਕਾ ਲਾਗਾ ਆਇਆ ਤਿਨ ਕਾ ਸਫਲੁ ਭਇਆ ॥[51]

---

50. "The last two lines of Japji, which are in the nature of a summing-up, coming in the end of the Epilogue, also eulogize the 'Bhagtas' of the Godmen, who lend their spiritual contagion to millions of distracted souls." - 'Guru Nanak's Message in Japji'-p.66.
51. ਰਾਗੁ ਆਸਾ ਮ: 1, ਪਟੀ, ਆਦਿ ਗ੍ਰੰਥ, ਪੰਨਾ 432.

ਪਟੀ ( ਰਾਗੁ ਆਸਾ) ਵਿੱਚ ਗੁਰੂ ਨਾਨਕ ਦੇਵ ਜੀ ਨੇ ਉਸ ਵੇਲੇ ਦੀ ਕਾਰਜਹੀਣ ਵਿਦਿਆ ਪ੍ਰਣਾਲੀ ਨੂੰ ਨਿਰਾਰਥਕ ਅਤੇ ਹਾਨੀਕਾਰਕ ਸਮਝ ਕੇ ਰੱਦ ਕੀਤਾ ਹੈ ਅਤੇ ਉਸ ਦੇ ਥਾਂ ਸਾਰਥਕ ਕਾਰਜਸ਼ੀਲ ਵਿਦਿਆ-ਪ੍ਰਣਾਲੀ ਅਪਣਾਨ ਉਤੇ ਜ਼ੋਰ ਦਿੱਤਾ ਹੈ। ਗੁਰੂ ਜੀ ਨੇ ਵੇਖਿਆ ਕਿ ਸਮਕਾਲੀਨ ਵਿਦਿਆ-ਪ੍ਰਣਾਲੀ ਵਿੱਚ ਨਾ ਤਾਂ ਕਿਰਤ ਨੂੰ ਕੋਈ ਸਥਾਨ ਪ੍ਰਾਪਤ ਹੈ, ਨਾ ਹੀ ਪ੍ਰਭੂ-ਸਿਮਰਨ ਦੇ ਕਾਰਜ ਨੂੰ। ਗੁਰੂ ਜੀ ਇਨ੍ਹਾਂ ਦੋਹਾਂ ਕਾਰਜਾਂ ਨੂੰ ਸਫਲ ਜੀਵਨ ਲਈ ਜ਼ਰੂਰੀ ਸਮਝਦੇ ਹਨ। ਇਸ ਲਈ, ਆਪ ਸਭ ਮਨੁੱਖਾਂ ਨੂੰ ਉਪਦੇਸ਼ਦੇ ਹਨ ਕਿ ਵਿਅਰਥ ਕਾਰਜ-ਹੀਣ ਵਿਦਿਆ ਪ੍ਰਾਪਤ ਕਰਨ ਦੇ ਥਾਂ ਅਰਥ-ਭਰਪੂਰ ਕਾਰਜਸ਼ੀਲ ਵਿਦਿਆ ਪ੍ਰਾਪਤ ਕਰ ਕੇ ਮਾਨਵ ਜੀਵਨ ਨੂੰ ਸਫਲ ਬਣਾ ਕੇ ਵਿਖਾਓ। ਆਪ ਇਹੋ ਜਿਹੇ ਅਮਲੀ ਜੀਵਨ ਵਾਲੇ ਮਨੁੱਖ ਨੂੰ ਹੀ ਅਸਲ ਵਿਦਵਾਨ ਸਮਝਦੇ ਹਨ। ਡਾ: ਤਾਰਨ ਸਿੰਘ ਨੇ ਗੁਰੂ ਜੀ ਦੇ ਇਸ ਵਿਚਾਰ ਤੋਂ ਪ੍ਰਭਾਵਿਤ ਹੋ ਕੇ ਲਿਖਿਆ ਹੈ:-

> "ਪੜ੍ਹਿਆ ਹੋਇਆ ਉਹ ਹੈ, ਜਿਸ ਵਿੱਚ ਕੇਵਲ ਕਿਤਾਬੀ ਸੂਝ ਜਾਂ ਪੰਡਤਾਈ ਹੀ ਨਹੀਂ; ਸਗੋਂ ਜੀਵਨ-ਸਿਆਣਪ ਵੀ ਹੈ। ਵਿੱਦਿਆ ਨੇ ਅਮਲੀ ਜੀਵਨ ਜਾਚ ਦੀ ਸ਼ਕਤੀ, ਸਮਰੱਥਾ ਤੇ ਸੂਝ ਪਰਦਾਨ ਕਰਨੀ ਹੈ।"[52]

ਗੁਰੂ ਨਾਨਕ ਦੇਵ ਜੀ ਵੱਲੋਂ ਪਰਚਾਰੀ ਗਈ ਉਦੇਸ਼-ਭਰਪੂਰ ਵਿਦਿਆ-ਪ੍ਰਣਾਲੀ ਅਨੁਸਾਰ ਹਰੇਕ ਆਯੂ ਦਾ ਮਨੁੱਖ ਹਰ ਸਮੇਂ ਅਮਲੀ ਜੀਵਨ ਵਾਲੀ ਵਿਦਿਆ ਪ੍ਰਾਪਤ ਕਰਦਿਆਂ ਨਿਰੰਤਰ ਆਨ ਆਨੰਦ ਦੀ ਜੀਵਨ-ਜੁਗਤ ਸਿੱਖ ਸਕਦਾ ਹੈ। ਉਹ ਅਮਲੀ ਜੀਵਨ ਬਿਤਾਉਂਦਿਆਂ ਸਦਾ ਲੋਕ-ਸੇਵਾ ਕਰਨ ਲਈ ਤੱਤਪਰ ਰਹਿੰਦਾ ਹੋਇਆ ਅਸਲੀ 'ਸੇਵਕ' ਬਣ ਕੇ ਵਿਖਾਉਂਦਾ ਹੈ, ਜਿਹੜਾ ਆਪਣੇ ਬਾਰੇ ਹੋ ਰਹੀ ਬੁਰੀ ਜਾਂ ਭਲੀ ਆਲੋਚਨਾ ਨੂੰ ਇਕ ਸਮਾਨ ਜਾਣਦਾ ਹੈ। ਗੁਰੂ ਜੀ 'ਘਘੈ' ਅੱਖਰ ਦੁਆਰਾ ਇਹੋ ਜਿਹੇ ਵਿਦਵਾਨ 'ਸੇਵਕ' ਦਾ ਇਹ ਲੱਛਣ ਦਰਸਾਉਂਦੇ ਹਨ:-

> ਘਘੈ ਘਾਲ ਸੇਵਕੁ ਜੇ ਘਾਲੈ ਸਬਦਿ ਗੁਰੂ ਕੈ ਲਾਗਿ ਰਹੈ॥
> ਬੁਰਾ ਭਲਾ ਜੇ ਸਮ ਕਰਿ ਜਾਣੈ ਇਨ ਬਿਧਿ ਸਾਹਿਬੁ ਰਮਤੁ ਰਹੈ॥[53]

ਇਸ ਬਾਣੀ ਵਿੱਚ ਗੁਰੂ ਨਾਨਕ ਦੇਵ ਜੀ ਹਰੇਕ ਆਯੂ ਦੇ ਮਨੁੱਖ ਨੂੰ ਜੀਵਨ-ਵਿਦਿਆਲੇ ਦਾ ਨਿਰੰਤਰ ਵਿਦਿਆਰਥੀ ਮੰਨਦੇ ਹਨ। ਆਪ ਇਹੋ ਜਿਹੇ ਵਿਦਿਆਰਥੀ

---

52. 'ਗੁਰੂ ਨਾਨਕ ਚਿੰਤਨ ਤੇ ਕਲਾ', ਪੰਨਾ 151.
53. 'ਆਸਾ' ਮ: 1, ਪਟੀ, ਆਦਿ ਗ੍ਰੰਥ, ਪੰਨਾ 432.

ਦੀ ਵਿੱਦਿਆ ਨੂੰ ਕਿਸੇ ਪਾਠਸ਼ਾਲਾ ਦੀ ਉਪਚਾਰੀ ਵਿਦਿਆ ਤੱਕ ਸੀਮਤ ਨਹੀਂ ਰੱਖਦੇ, ਸਗੋਂ ਸਮੁੱਚੇ ਮਨੁੱਖੀ ਜੀਵਨ ਨੂੰ ਵਿਦਿਆ ਪ੍ਰਾਪਤੀ ਦੀ ਵਿਸ਼ਾਲ ਪਾਠਸ਼ਾਲਾ ਬਣਾ ਦਿੰਦੇ ਹਨ। ਇਸ ਜੀਵਨ ਪਾਠਸ਼ਾਲਾ ਵਿੱਚ ਵਿਦਿਆ ਪ੍ਰਾਪਤ ਕਰਨ ਵਾਲਾ ਵਿਦਿਆਰਥੀ ਆਪਣੀ ਨਿਤਾਪ੍ਰਤੀ ਕਿਰਤ ਕਰਦਿਆਂ ਜੀਵਨ-ਪਰਬਤਿ ਸਭ ਪਾਸਿਓਂ ਨਵੇਂ ਅਨੁਭਵ ਪ੍ਰਾਪਤ ਕਰਦਾ ਰਹਿੰਦਾ ਹੈ ਅਤੇ ਇਉਂ ਆਪਣੇ ਦ੍ਰਿਸ਼ਟੀਕੋਣ ਨੂੰ ਵਧੇਰੇ ਵਿਸ਼ਾਲ ਅਤੇ ਉਦਾਰਵਾਦੀ ਬਣਾਉਂਦਾ ਰਹਿੰਦਾ ਹੈ। ਇਹੋ ਉਸ ਦੀ ਅਸਲ ਅਤੇ ਅਣਉਪਚਾਰੀ ਵਿਦਿਆ ਹੈ। ਇਹ ਵਿਦਿਆ ਪ੍ਰਾਪਤ ਕਰ ਕੇ ਉਹ ਸਮਝ ਲੈਂਦਾ ਹੈ ਕਿ ਪਰਮਾਤਮਾ ਨੇ ਹਰੇਕ ਮਨੁੱਖ ਨੂੰ ਜੀਵਨ ਵਿੱਚ ਕੰਮ ਕਰਨ ਦੇ ਬਹੁ-ਮੁੱਲੇ ਅਵਸਰ ਪ੍ਰਦਾਨ ਕੀਤੇ ਹੋਏ ਹਨ। ਉਹ ਇਹੋ ਜਿਹੇ ਕੰਮ-ਅਵਸਰਾਂ ਤੋਂ ਪੂਰਾ ਪੂਰਾ ਲਾਭ ਉਠਾ ਕੇ ਆਪਣੇ ਜੀਵਨ-ਅਨੁਭਵਾਂ ਨੂੰ ਵਧਾਉਂਦਿਆਂ ਦੂਰ-ਦ੍ਰਿਸ਼ਟੀ ਪ੍ਰਾਪਤ ਕਰਦਾ ਰਹਿੰਦਾ ਹੈ। ਡਾ: ਤਾਰਨ ਸਿੰਘ ਨੇ ਇਸੇ ਦੂਰ ਦ੍ਰਿਸ਼ਟੀ ਨੂੰ ਹੀ ਅਸਲ ਵਿਦਿਆ ਮੰਨਿਆ ਗੁਰੂ ਜੀ ਦੇ ਵਿਚਾਰ ਦੀ ਪੁਸ਼ਟੀ ਇਉਂ ਕੀਤੀ ਹੈ:-

> "ਗੁਰੂ ਜੀ (ਗੁਰੂ ਨਾਨਕ ਦੇਵ) ਦੇ ਵਿਚਾਰ ਅਨੁਸਾਰ ਪੜ੍ਹਿਆ ਉਹ ਸਮਝਣਾ ਚਾਹੀਦਾ ਹੈ ਜੋ ਵਿਦਿਆ ਰਾਹੀਂ ਦੂਰ-ਦ੍ਰਿਸ਼ਟਤਾ ਪ੍ਰਾਪਤ ਕਰਕੇ ਸਦੀਵਤਾ ਤੇ ਸਰਿਬਤਾ ਵਾਲੀਆਂ ਕੀਮਤਾਂ ਨੂੰ ਅਪਣਾਂਦਾ ਹੈ ਤੇ ਥੋੜ-ਚਿਰੀਆਂ ਚੀਜ਼ਾਂ ਦਾ ਜ਼ੋਰ ਤੋਂ ਵੱਧ ਮੁੱਲ ਨਹੀਂ ਪਾਂਦਾ।"[54]

ਇਹੋ ਜਿਹਾ ਵਿਦਵਾਨ ਇਹ ਜੀਵਨ-ਭੇਦ ਵੀ ਜਾਣ ਲੈਂਦਾ ਹੈ ਕਿ ਹਰੇਕ ਮਨੁੱਖ ਲਈ ਵਿਦਿਆ-ਪ੍ਰਾਪਤੀ ਤੋਂ ਉਪਰੰਤ ਜੀਵਨ ਵਿੱਚ ਕੋਈ ਨਾ ਕੋਈ 'ਧੰਧਾ' ਅਪਣਾ ਕੇ ਰੋਜ਼ੀ ਕਮਾਉਣਾ ਵੀ ਬੜਾ ਜ਼ਰੂਰੀ ਹੈ। ਇਸੇ ਢੰਗ ਵਿੱਚ ਸੰਸਾਰ ਦੀ ਸਮੁੱਚੀ ਕਾਰਜਸ਼ੀਲਤਾ ਦਾ ਰਹੱਸ ਛੁਪਿਆ ਹੋਇਆ ਹੈ ਅਤੇ ਹਰੇਕ ਵਿਦਵਾਨ ਲਈ ਇਸ ਰਹੱਸ ਨੂੰ ਸਮਝ ਕੇ ਕਿਰਤ ਨੂੰ ਵਿਦਿਆ ਦਾ ਪੂਰਕ ਮੰਨਣਾ ਜ਼ਰੂਰੀ ਹੈ। ਗੁਰੂ ਜੀ ਇਸ ਲਈ ਵਿਦਿਆ ਨੂੰ ਕਿਰਤ ਨਾਲ ਜੋੜਦੇ ਹਨ ਕਿ ਹਰੇਕ ਵਿਦਵਾਨ ਕਿਰਤ ਕਰਦਿਆਂ ਆਪਣੇ ਪੈਰ ਉਤੇ ਸੁਤੰਤਰ ਹੋ ਕੇ [redacted] ਜੋਗ ਵਿਖਾਏ। ਇਸ ਸੰਬੰਧੀ ਗੁਰੂ ਜੀ ਪਟੀ ਵਿੱਚ ਫੁਰਮਾਉਂਦੇ ਹਨ ਕਿ ਪਰਮਾਤਮਾ ਨੇ ਜਾਣ ਬੁਝ ਕੇ ਸੰਸਾਰੀ ਮੋਹ ਮਾਇਆ ਨੂੰ ਮਿੱਠਾ ਬਣਾਇਆ ਹੋਇਆ ਹੈ ਕਿ ਹਰੇਕ ਮਨੁੱਖ ਇਸ ਵੱਲ ਆਕਰਸ਼ਿਤ ਹੋ ਕੇ ਆਪਣੀ ਨਿਤਾਪ੍ਰਤੀ ਕਿਰਤ

54. 'ਗੁਰੂ ਨਾਨਕ ਚਿੰਤਨ ਤੇ ਕਲਾ', ਪੰਨਾ 150.

ਵਿੱਚ ਲਗਨ ਵਧਾਉਂਦਿਆਂ ਆਪਣੀਆਂ ਜੀਵਨ-ਲੋੜਾਂ ਪੂਰੀਆਂ ਕਰ ਸਕੇ। ਹਰੇਕ ਵਿਦਵਾਨ ਲਈ ਆਪਣੀਆਂ ਜੀਵਨ-ਲੋੜਾਂ ਪੂਰੀਆਂ ਕਰਨਾ ਜ਼ਰੂਰੀ ਹੈ। ਉਹ ਆਪਣੀਆਂ ਜੀਵਨ-ਲੋੜਾਂ ਵੱਡੀਆਂ ਰੱਖੇ, ਪਰ ਉਨ੍ਹਾਂ ਨੂੰ ਪੂਰਾ ਕਰਨਾ ਆਪਣਾ ਪਰਮ ਕਰਤਵ ਸਮਝੇ। ਇਸ ਲਈ, ਗੁਰੂ ਜੀ 'ਲਲੈ' ਅੱਖਰ ਦੁਆਰਾ ਇਹ ਜੀਵਨ-ਭੇਦ ਸਮਝਾਉਂਦੇ ਹਨ।-

ਲਲੈ ਲਾਇ ਧੰਧੈ ਜਿਨਿ ਛੋਡੀ ਮੀਠਾ ਮਾਇਆ ਮੋਹੁ ਕੀਆ।।
ਖਾਣਾ ਪੀਣਾ ਸਮ ਕਰਿ ਸਹਣਾ ਭਾਣੈ ਤਾ ਕੈ ਹੁਕਮੁ ਪਇਆ।।[55]

ਗੁਰੂ ਜੀ ਦੇ ਉਪਰੋਕਤ ਬਚਨ ਰਾਹੀਂ ਮਾਨਵ ਜੀਵਨ ਦੀ ਸਦੀਵੀ ਅਤੇ ਨਿਰੰਤਰ ਕਾਰਜਸ਼ੀਲਤਾ ਨੂੰ ਸਾਰਥਕ ਸੇਧ ਪ੍ਰਾਪਤ ਹੁੰਦੀ ਹੈ, ਜਿਹੜੀ ਪਟੀ (ਰਾਗੁ ਆਸਾ) ਦੀ ਕੇਂਦਰੀ ਜੀਵਨ-ਸੇਧ ਹੈ।

ਗੁਰੂ ਨਾਨਕ ਦੇਵ ਜੀ ਨੇ 'ਪੱਟੀ' ਵਿੱਚ ਵਿਦਿਆ ਨੂੰ ਮਨੁੱਖ ਤਾਈਂ ਠੀਕ ਜੀਵਨ-ਜੁਗਤ ਸਿਧਾਂਤ ਦਾ ਵਿਸ਼ੇਸ਼ ਸਾਧਨ ਦਰਸਾਇਆ ਹੈ। ਆਪਜੀ ਨੇ ਸਿੱਧ ਕੀਤਾ ਹੈ ਕਿ ਸਮੁੱਚੀ ਵਿਦਿਆ ਦਾ ਖਜ਼ਾਨਾ ਤਾਂ ਕੀ ਗੁਰਮੁਖੀ ਵਰਣ-ਮਾਲਾ ਦੇ ਪੈਂਤੀ ਅੱਖਰਾਂ ਵਿਚੋਂ ਹਰੇਕ ਅੱਖਰ ਵੀ ਮਨੁੱਖ ਨੂੰ ਸਫਲ ਜੀਵਨ ਬਿਤਾਣ ਦੀ ਵਿਧੀ ਸਿਖਾ ਸਕਦਾ ਹੈ।

ਗੁਰੂ ਜੀ ਇਸ ਬਾਣੀ ਰਾਹੀਂ ਇਹ ਵੀ ਸੁਚੇਤ ਕਰਵਾ ਦਿੰਦੇ ਹਨ ਕਿ ਵਿਦਿਆ ਮਨੁੱਖ ਨੂੰ ਕੋਈ ਅਜਿਹੀ ਔਖੀ ਜੀਵਨ-ਜੁਗਤ ਨਹੀਂ ਸਿਖਾਉਂਦੀ, ਜਿਹੜੀ ਕਠਨ ਤਪੱਸਿਆ ਜਾਂ ਕਠਨ ਅਭਿਆਸਾਂ ਉਤੇ ਨਿਰਭਰ ਹੋਵੇ। ਇਹ ਤਾਂ ਉਸ ਨੂੰ ਬੜੀ ਸਰਲ ਜੀਵਨ-ਜੁਗਤ ਸਿਖਾਉਂਦੀ ਹੈ ਕਿ ਉਹ ਕਿਰਤ ਕਰਨ ਅਤੇ ਨਾਮ ਸਿਮਰਨ ਰਾਹੀਂ ਆਪਣਾ ਜੀਵਨ ਸਫਲ ਕਰ ਕੇ ਵਿਖਾ ਸਕਦਾ ਹੈ। 'ਸ਼ਬਦਾਰਥ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ' ਵਿੱਚ ਗੁਰੂ ਨਾਨਕ ਦੇਵ ਜੀ ਦੀ 'ਪਟੀ' ਰਾਹੀਂ ਸਿਖਾਈ ਗਈ ਜੀਵਨ-ਜੁਗਤ ਨੂੰ 'ਸਫਲ ਜੀਵਨ ਜੁਗਤੀ' ਕਿਹਾ ਗਿਆ ਹੈ ਅਤੇ ਹਰ ਪ੍ਰਕਾਰ ਦੀ ਵਿਦਿਆ ਤੋਂ ਇਹੋ ਜਿਹੀ ਜੀਵਨ ਜੁਗਤੀ ਸਿਧਾਂਤ ਦੀ ਆਸ ਪਰਗਟਾਈ ਗਈ ਹੈ।-

"ਇਸ ਵਿੱਚ ਗੁਰਮੁਖੀ ਵਰਣ ਮਾਲਾ ਦੇ ਪੈਂਤੀ ਅੱਖਰਾਂ ਦੇ ਆਧਾਰ ਤੇ ਹਰ ਬੰਦ ਨੂੰ ਅੱਖਰ ਨਾਲ ਆਰੰਭ ਕੀਤਾ ਗਿਆ ਹੈ। ਇਉਂ, ਜਿਵੇਂ ਅੱਖਰਾਂ ਦਾ ਵਿਸ਼ੇਸ਼ ਉਚਾਰਣ ਨਿਸ਼ਚਿਤ ਕੀਤਾ ਗਿਆ ਹੈ, ਉਵੇਂ ਵਿਸ਼ੇ ਪੱਖ ਤੋਂ ਜੀਵਨ

---

55. 'ਰਾਗੁ ਆਸਾ' ਮ: 1, ਪਟੀ, ਆਦਿ ਗ੍ਰੰਥ, ਪੰਨਾ 434.

ਦੀਆਂ ਅਟਲ ਸਚਿਆਈਆਂ ਤੇ ਸਫਲ ਜੀਵਨ ਜੁਗਤੀ ਨੂੰ ਦ੍ਰਿੜ੍ਹ ਕਰਵਾਇਆ ਗਿਆ ਹੈ।"[56]

ਗੁਰੂ ਨਾਨਕ ਦੇਵ ਜੀ ਨੇ ਇਸ ਬਾਣੀ ਵਿੱਚ ਇਹ ਸਿੱਧ ਕਰ ਦਿੱਤਾ ਹੈ ਕਿ ਵਿਦਿਆ ਦਾ ਉਦੇਸ਼ ਮਨੁੱਖ ਨੂੰ ਠੀਕ ਜੀਵਨ-ਸੇਧ ਪ੍ਰਦਾਨ ਕਰਨਾ ਹੈ। ਆਪ ਸੇਧ ਹੀਣ ਵਿਦਿਆ ਨੂੰ ਮੂਲੋਂ ਵਿਅਰਥ ਸਮਝਦੇ ਹਨ। ਇਸ ਲਈ, ਆਪ ਹਰੇਕ ਮਨੁੱਖ ਨੂੰ ਉਹ ਵਿਦਿਆ ਪ੍ਰਾਪਤ ਕਰਨ ਦਾ ਉਪਦੇਸ਼ ਦਿੰਦੇ ਹਨ, ਜਿਹੜੀ ਉਸਨੂੰ ਸਫਲ ਜੀਵਨ ਜੁਗਤੀ ਦੀ ਸੇਧ ਪ੍ਰਦਾਨ ਕਰਦੀ ਹੈ। ਆਪ ਜੀ ਨੇ ਆਪਣੇ ਜੀਵਨ ਵਿੱਚ ਇਹੋ ਜਿਹੀ ਵਿਦਿਆ ਪ੍ਰਾਪਤ ਕਰ ਕੇ ਵਿਖਾਈ ਅਤੇ ਇਸ ਨੂੰ ਪ੍ਰਾਪਤ ਕਰਨ ਦਾ ਸਰਬ-ਹਿਤਕਾਰੀ ਉਪਦੇਸ਼ ਦਿੱਤਾ।

## ਕਰਮਾਂ ਦਾ ਫਲ ਅਤੇ ਕਿਰਤ

ਗੁਰੂ ਨਾਨਕ ਦੇਵ ਜੀ ਹਰੇਕ ਮਨੁੱਖ ਨੂੰ ਜੀਵਨ-ਪਾਠਸ਼ਾਲਾ ਦਾ ਕਾਮਯਾਬ ਵਿਦਿਆਰਥੀ ਬਣਾ ਕੇ ਉਸ ਨੂੰ ਕਰਮਾਂ ਦਾ ਫਲ ਖਿੜੇ ਮੱਥੇ ਪ੍ਰਵਾਨ ਕਰਨ ਦੀ ਸਿੱਖਿਆ ਪ੍ਰਦਾਨ ਕਰਦੇ ਹਨ। ਗੁਰੂ ਜੀ ਨੇ ਕਈ ਲੋਕਾਂ ਦਾ ਇਹ ਵਤੀਰਾ ਵੇਖਿਆ ਕਿ ਉਹ ਕੋਈ ਕੰਮ ਵਿਗੜ ਜਾਣ ਸਮੇਂ ਦੂਜਿਆਂ ਉਤੇ ਉਸ ਦਾ ਸਾਰਾ ਦੋਸ਼ ਥੱਪਣ ਦਾ ਜਤਨ ਕਰਦੇ ਹਨ। ਗੁਰੂ ਜੀ ਇਸ ਵਤੀਰੇ ਨੂੰ ਠੀਕ ਨਹੀਂ ਸਮਝਦੇ, ਕਿਉਂਕਿ ਇਸ ਨੂੰ ਅਪਣਾਉਣ ਵਾਲਾ ਮਨੁੱਖ ਕਾਰਜ ਕਰਨ ਦੇ ਥਾਂ ਹੋਰਨਾਂ ਨੂੰ ਦੋਸ਼ੀ ਠਹਿਰਾਣ ਦੇ ਬਹਾਨੇ ਢੂੰਡਦਾ ਹੋਇਆ ਕਾਰਜ-ਹੀਣ ਬਣਿਆ ਰਹਿੰਦਾ ਹੈ। ਗੁਰੂ ਜੀ ਕਿਸੇ ਮਨੁੱਖ ਦਾ ਇਹੋ ਜਿਹਾ ਬਹਾਨਾ ਪਰਵਾਨ ਨਹੀਂ ਕਰਦੇ। ਇਸ ਲਈ, ਆਪ ਦੂਜਿਆਂ ਨੂੰ ਦੋਸ਼ੀ ਠਹਿਰਾਣ ਦੇ ਥਾਂ ਆਪਣੇ ਕਰਮਾਂ ਨੂੰ ਹੀ ਦੋਸ਼ੀ ਠਹਿਰਾਣ ਦੀ ਜੁਗਤ ਸਿਖਾਉਂਦੇ ਹਨ। ਇਸ ਅਨੁਸਾਰ, ਮਨੁੱਖ ਥੱਕੇ ਤੇ ਕਾਰਜ-ਹੀਣ ਬਣਨ ਦੇ ਥਾਂ ਆਪਣੇ ਕਾਰਜਾਂ ਨੂੰ ਸੋਧਣ ਵਾਲਾ ਵਤੀਰਾ ਅਪਣਾ ਕੇ ਵਿਖਾਉਂਦਾ ਹੈ। ਉਹ 'ਜੋ ਮੈਂ ਕੀਆ ਸੋ ਮੈਂ ਪਾਇਆ' ਵਿਚ ਵਿਸ਼ਵਾਸ ਰੱਖਦਿਆਂ ਅੱਗੇ ਤੋਂ ਚੰਗਾ ਕੰਮ ਕਰਨ ਅਤੇ ਚੰਗਾ ਫਲ ਪਾਣ ਦੀ ਜੁਗਤ ਅਪਣਾਉਂਦਾ ਹੈ। ਗੁਰੂ ਜੀ 'ਪਟੀ' ਅੱਖਰ ਰਾਹੀਂ ਇਹ ਜੀਵਨ-ਜੁਗਤ ਇਉਂ ਸਿਖਾਉਂਦੇ ਹਨ:-

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ।।
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ।।[57]

56. 'ਸ਼ਬਦਾਰਥ ਬਾਣੀ ਗੁਰੂ ਨਾਨਕ ਦੇਵ ਜੀ', ਪੰਨਾ 19 (ਪਟਿਆਲਾ, ਭਾਸ਼ਾ ਵਿਭਾਗ, ਪੰਜਾਬ, 1970.
57. ਰਾਗੁ ਆਸਾ ਮ: 1, ਪਟੀ, ਆਦਿ ਗ੍ਰੰਥ, ਪੰਨਾ 435.

ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਅਨੁਸਾਰ ਆਪਣੇ ਕਰਮਾਂ ਦੇ ਫਲ ਉਤੇ ਵਿਸ਼ਵਾਸ਼ ਰੱਖਣ ਵਾਲਾ ਮਨੁੱਖ ਪਰਮਾਤਮਾ ਦੇ ਹੁਕਮ ਵਿੱਚ ਵੀ ਪੂਰਾ ਪੂਰਾ ਵਿਸ਼ਵਾਸ਼ ਰੱਖਦਾ ਹੈ, ਕਿਉਂਕਿ ਉਹ ਜਾਣਦਾ ਹੈ ਕਿ ਪਰਮਾਤਮਾ ਦਾ ਹੁਕਮ ਮਨੁੱਖ ਦੇ ਕਰਮਾਂ ਅਨੁਸਾਰ ਹੀ ਚਲਦਾ ਹੈ। ਇਉਂ, ਗੁਰੂ ਜੀ ਪਰਮਾਤਮਾ ਦੇ ਹੁਕਮ ਅਤੇ ਮਨੁੱਖ ਦੇ ਕਰਮ ਵਿੱਚ ਅਨਿੱਖੜ ਸੰਬੰਧ ਦਿਖਾ ਰਹੇ ਹਨ। ਆਪ ਆਪਣੀ ਬਾਣੀ ਰਾਹੀਂ ਸਭ ਨੂੰ ਇਹ ਅਨੁਭਵ ਕਰਾ ਰਹੇ ਹਨ ਕਿ ਪਰਮਾਤਮਾ ਦਾ ਹੁਕਮ ਮਨੁੱਖ ਦੇ ਕਰਮਾਂ ਤੋਂ ਪ੍ਰਾਪਤ ਹੋਣ ਵਾਲੇ ਫਲ ਨੂੰ ਸਦਾ ਸਨਮੁਖ ਰੱਖਦਾ ਹੈ। ਪਰਮਾਤਮਾ ਸਭ ਜੀਵਾਂ ਦਾ ਪਾਲਣਹਾਰ ਹੁੰਦਾ ਹੋਇਆ ਉਨ੍ਹਾਂ ਦੀ ਪਾਲਣਾ ਉਨ੍ਹਾਂ ਦੇ ਕਰਮਾਂ ਤੋਂ ਉਤਪੰਨ ਹੋਣ ਵਾਲੇ ਫਲ ਅਨੁਸਾਰ ਹੀ ਕਰਦਾ ਹੈ। ਇਉਂ, ਪਰਮਾਤਮਾ ਦਾ ਹੁਕਮ ਅਤੇ ਜੀਵ ਦੇ ਕਰਮਾਂ ਦਾ ਫਲ ਇਕੋ ਸੇਧ ਅਪਣਾਉਂਦਿਆਂ ਇਕੋ ਸਿੱਟਾ ਕੱਢ ਕੇ ਦਿਖਾਉਂਦੇ ਹਨ। ਇਹ 'ਕਰਮੀ ਕਰਮੀ ਹੁਕਮ ਪਇਆ' ਵਾਲਾ ਜੀਵਨ ਸਿਧਾਂਤ ਬਣ ਜਾਂਦਾ ਹੈ। ਜਿਸ ਨੂੰ ਗੁਰੂ ਜੀ ਪਟੀ ( ਰਾਗੁ ਆਸਾ) ਵਿੱਚ ਧਧੇ ਅੱਖਰ ਦੁਆਰਾ ਇਉਂ ਪਰਗਟਾਉਂਦੇ ਹਨ:-

> ਧਧੈ ਧਾਰਿ ਕਲਾ ਜਿਨਿ ਛੋਡੀ ਹਰਿ ਚੀਜੀ ਜਿਨਿ ਰੰਗ ਕੀਆ ॥
> ਤਿਸ ਦਾ ਦੀਆ ਸਭਨੀ ਲੀਆ ਕਰਮੀ ਕਰਮੀ ਹੁਕਮੁ ਪਇਆ ॥[58]

ਇਸ ਸਿਧਾਂਤ ਅਨੁਸਾਰ, ਮਨੁੱਖ ਦੇ ਹਰੇਕ ਕਰਮ ਤੋਂ ਜੋ ਪ੍ਰਤਿਕਰਮ ਉਪਜਦਾ ਹੈ, ਉਸ ਨੂੰ ਮੁੱਖ ਰੱਖਿਆ ਗਿਆ ਹੈ। ਗੁਰੂ ਜੀ ਦੇ ਵਿਚਾਰ ਅਨੁਸਾਰ, ਜਿਹੜੇ ਮਨੁੱਖ ਆਪਣੇ ਕਰਮ ਦੇ ਪ੍ਰਤਿਕਰਮ ਨੂੰ ਮੁੱਖ ਨਹੀਂ ਰੱਖਦੇ, ਉਹ ਕਦੀ ਸੋਚ ਸਮਝ ਕੇ ਕਰਮ ਨਹੀਂ ਕਰਦੇ ਅਤੇ ਆਪਣੇ ਕਰਮਾਂ ਦਾ ਚੰਗਾ ਫਲ ਪ੍ਰਾਪਤ ਕਰਨ ਦੇ ਅਧਿਕਾਰੀ ਕਦੀ ਨਹੀਂ ਬਣ ਸਕਦੇ। ਇਸ ਲਈ ਗੁਰੂ ਨਾਨਕ ਦੇਵ ਜੀ, ਹਰੇਕ ਵਿਦਵਾਨ ਨੂੰ ਆਪਣੇ ਹਰੇਕ ਕਰਮ ਦਾ ਪ੍ਰਤਿਕਰਮ ਮੁੱਖ ਰੱਖਣ ਦਾ ਉਪਦੇਸ਼ ਦਿੰਦੇ ਹਨ। ਡਾ. ਤਾਰਨ ਸਿੰਘ ਨੇ ਗੁਰੂ ਜੀ ਦੇ ਇਸ ਵਿਚਾਰ ਤੋਂ ਪ੍ਰਭਾਵਿਤ ਹੋ ਕੇ ਲਿਖਿਆ ਹੈ:-

> "ਪੜ੍ਹਿਆ ਹੋਇਆ ਉਹ ਸਮਝਣਾ ਚਾਹੀਦਾ ਹੈ ਜੋ ਸੁਚੇਤ ਹੋ ਕੇ ਸੰਸਾਰ ਵਿਚੋਂ ਗੁਜ਼ਰਦਾ ਹੈ। ਜੋ ਕਰਮਾਂ ਨੂੰ ਏਨੀ ਮਹਾਨਤਾ ਨਹੀਂ ਦੇਂਦਾ, ਜਿੰਨੀ ਪ੍ਰਤਿਕਰਮ ਨੂੰ ਦੇਂਦਾ ਹੈ।"[59]

---

58. ਰਾਗੁ ਆਸਾ ਮ: 1, ਪਟੀ, ਆਦਿ ਗ੍ਰੰਥ, ਪੰਨਾ 433.
59. 'ਗੁਰੂ ਨਾਨਕ - ਚਿੰਤਨ ਤੇ ਕਲਾ', ਪੰਨਾ 151.

## ਸ਼ੁੱਭ ਕਰਮਾਂ ਲਈ ਪ੍ਰੇਰਣਾ

ਮਨੁੱਖ ਨੂੰ ਕਰਮਾਂ ਦੇ ਫਲ ਵਾਲਾ ਸਿਧਾਂਤ [illegible] ਕਰਦਾ ਹੈ, ਵਾਸਤਵ ਵਿਚ, ਗੁਰੂ ਨਾਨਕ ਦੇਵ ਜੀ ਉਸ ਨੂੰ ਸ਼ੁੱਭ ਕਿਰਤ ਕਰਨ ਦੀ ਪ੍ਰੇਰਣਾ ਪ੍ਰਦਾਨ ਕਰਦੇ ਹਨ। ਆਪ ਇਸ ਸਿਧਾਂਤ ਨੂੰ ਇਕ ਕੋਰੇ ਸਿਧਾਂਤ ਦੇ ਰੂਪ ਵਿਚ ਨਹੀਂ ਪਰਵਾਨਦੇ, ਸਗੋਂ ਇਸ ਨੂੰ ਮਨੁੱਖੀ ਆਚਾਰ ਵਿਚ ਸ਼ੁੱਧਤਾ ਲਿਆਣ ਦਾ ਅਮਲੀ ਸਾਧਨ ਬਣਾ ਦਿੰਦੇ ਹਨ। ਇਸ ਲਈ, ਆਪ ਉਪਦੇਸ਼ਦੇ ਹਨ ਕਿ ਹਰੇਕ ਮਨੁੱਖ ਕਰਮਾਂ ਦੇ ਫਲ ਵਾਲੇ ਸਿਧਾਂਤ ਉਤੇ ਵਿਸ਼ਵਾਸ ਰੱਖਦਿਆਂ ਸ਼ੁੱਭ ਕਰਮਾਂ ਨੂੰ ਆਪਣੇ ਸਮੁੱਚੇ ਜੀਵਨ ਦਾ ਆਧਾਰ ਬਣਾ ਕੇ ਵਿਖਾਏ। ਉਹ ਇਸ ਗੱਲ ਨੂੰ ਚੰਗੀ ਤਰ੍ਹਾਂ ਪਰਤੀਤ ਕਰੇ ਕਿ ਹਰੇਕ ਮਨੁੱਖ ਨੂੰ ਆਪਣੇ ਕਰਮਾਂ ਦਾ ਲੇਖਾ ਅਵੱਸ਼ ਦੇਣਾ ਪੈਂਦਾ ਹੈ। ਇਸ ਲਈ, ਉਹ ਸਦਾ ਇਹੋ ਜਿਹੇ ਕਰਮ ਕਮਾਏ, ਜਿਨ੍ਹਾਂ ਦਾ ਲੇਖਾ ਦੇਣ ਵਿਚ ਉਸ ਨੂੰ ਕੋਈ ਝਿਜਕ ਅਨੁਭਵ ਨਾ ਹੋਵੇ। ਇਸ ਬਾਣੀ ਵਿਚ ਗੁਰੂ ਜੀ ਵਧੇਰੇ ਕਰਕੇ ਵਿਦਵਾਨਾਂ ਨੂੰ ਸੰਬੋਧਨ ਕਰਦੇ ਹਨ, ਇਸ ਲਈ ਆਪ ਉਨ੍ਹਾਂ ਨੂੰ ਸਮਝਾਉਂਦੇ ਹਨ ਕਿ ਅਸਲ ਵਿਦਵਾਨ ਉਹੀ ਹੈ, ਜਿਹੜਾ ਆਪਣੇ ਕਰਮਾਂ ਦਾ ਲੇਖਾ ਦੇਣ ਲਈ ਸਦਾ ਤਿਆਰ ਰਹਿਣ ਦੀ ਯੋਗਤਾ ਵਿਖਾ ਸਕਦਾ ਹੈ। ਇਸੇ ਲਈ, ਆਪ ਇਸ ਬਾਣੀ ਵਿਚ ਅਸਲ ਵਿਦਵਾਨ ਦੀ ਇਹ ਵਿਸ਼ੇਸ਼ਤਾ ਦਰਸਾਉਂਦੇ ਹਨ:-

ਮਨ ਕਾਹੇ ਭੂਲੇ ਮੂੜ ਮਨਾ॥
ਜਬ ਲੇਖਾ ਦੇਵਹਿ ਬੀਰਾ ਤਉ ਪੜਿਆ॥[60]

ਅਸਲ ਵਿਦਵਾਨ ਦੀ ਇਸ ਵਿਸ਼ੇਸ਼ਤਾ ਨੂੰ ਮੁੱਖ ਰੱਖਦਿਆਂ ਗੁਰੂ ਨਾਨਕ ਦੇਵ ਜੀ ਨੇ ਹਰੇਕ ਮਨੁੱਖ ਨੂੰ ਜੀਵਨ ਭਰ ਸ਼ੁੱਭ ਕਰਮ ਕਰਨ ਅਤੇ 'ਸਚ ਕਮਾਣ' ਦਾ ਉਪਦੇਸ਼ ਦਿੱਤਾ ਹੈ। ਇਹ ਠੀਕ ਹੈ ਕਿ ਮਨੁੱਖ 'ਸੱਚ' ਕਮਾਣ ਸਮੇਂ ਆਪਣੀ ਉਪਜੀਵਕਾ ਲਈ ਧਨ ਕਮਾਉਂਦਾ ਹੈ, ਪਰ ਇੰਜ ਕਰਦਿਆਂ ਉਹ 'ਧਨ' ਨੂੰ ਨਹੀਂ ਸਗੋਂ 'ਸਚ' ਨੂੰ ਮੁੱਖ ਰੱਖਦਾ ਹੈ। ਇਸ ਲਈ ਉਹ ਸੱਚ ਕਮਾਉਂਦਿਆਂ 'ਸੁਆਰਥ' ਨੂੰ ਪਿਛੇ ਪਾ ਕੇ 'ਪਰ-ਸੁਆਰਥ' ਨੂੰ ਅੱਗੇ ਲੈ ਆਉਂਦਾ ਹੈ। ਇਉਂ, ਉਸਦੀ ਕਿਰਤ ਕਮਾਈ, ਸੇਵਾ ਦਾ ਰੂਪ ਧਾਰ ਲੈਂਦੀ ਹੈ। ਫਿਰ ਉਹ ਆਪਣੇ ਕਰਮਾਂ ਦਾ ਲੇਖਾ ਦੇਣੋਂ ਕਦੀ ਨਹੀਂ ਝਕਦਾ, ਕਿਉਂਕਿ ਉਸ ਨੂੰ ਵਿਸ਼ਵਾਸ ਹੁੰਦਾ ਹੈ ਕਿ ਮੇਰਾ ਹਰੇਕ ਕਰਮ ਸਦਾ ਸ਼ੁਭ ਕਿਰਤ ਅਤੇ ਸੇਵਾ

60. ਰਾਗੁ ਆਸਾ ਮ: 1-ਪਟੀ, ਆਦਿ ਗ੍ਰੰਥ, ਪੰਨਾ 432.

ਦੀ ਹੱਦ ਅੰਦਰ ਵੀ ਰਿਹਾ ਹੈ। ਇਸ ਲਈ, ਗੁਰੂ ਜੀ ਸੇਵਾ ਕਰਨ ਅਤੇ ਸੱਚ ਕਮਾਣ ਵਾਲੇ ਮਨੁੱਖ ਦੇ ਉੱਤਮ ਫਲ ਬਾਰੇ 'ਪਟੀ' ਵਿੱਚ ਇਹ ਫੁਰਮਾਉਂਦੇ ਹਨ:-

"ਸੇਵਾ ਕਰਹਿ ਸੇਈ ਫਲੁ ਪਾਵਹਿ ਜਿਨੀ ਸਚੁ ਕਮਾਇਆ॥"[61]

ਇਸ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਪਟੀ ਵਿੱਚ ਹਰੇਕ ਮਨੁੱਖ ਨੂੰ ਅਜਿਹੀ ਵਿਦਿਆ ਪ੍ਰਾਪਤ ਕਰਨ ਦੀ ਜਾਚ ਸਿਖਾਉਂਦੇ ਹਨ, ਜਿਹੜੀ ਸ਼ੁੱਭ ਕਰਮ ਅਤੇ ਮਾਨਵ ਸੇਵਾ ਰਾਹੀਂ ਮਨੁੱਖੀ ਜੀਵਨ ਨੂੰ ਸਫਲ ਬਣਾ ਕੇ ਵਿਖਾ ਸਕਦੀ ਹੈ। ਇਉਂ, ਗੁਰੂ ਜੀ ਇਸ ਬਾਣੀ ਵਿੱਚ ਮਨੁੱਖ ਨੂੰ ਸਦਾ ਕਰਮਸ਼ੀਲ ਰਹਿਣ ਅਤੇ ਆਪਣੇ ਕਰਮ ਨੂੰ ਪਰਮਾਤਮਾ ਦੇ ਹੁਕਮ ਨਾਲ ਜੋੜ ਕੇ ਰੱਖਣ ਦੀ ਪ੍ਰੇਰਨਾ ਪ੍ਰਦਾਨ ਕਰਦੇ ਹਨ।

## (ੲ) ਓਅੰਕਾਰੁ (ਦਖਣੀ) ਵਿੱਚ ਕਿਰਤ-ਸੰਕਲਪ

ਓਅੰਕਾਰੁ (ਦਖਣੀ) ਪਰਮਾਤਮਾ ਦਾ ਏਕਤਵ ਸਰੂਪ ਦਰਸਾਣ ਵਾਲੀ ਬਾਣੀ ਹੈ, ਪਰ ਇਸ ਵਿੱਚ ਸਫਲ ਜੀਵਨ ਬਤੀਤ ਕਰਨ ਦੇ ਮਾਰਗ ਵੀ ਦਰਸਾਏ ਹੋਏ ਹਨ। ਇਸ ਬਾਣੀ ਵਿੱਚ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ ਇਕ ਪਰਮਾਤਮਾ ਨਾਲ ਪਿਆਰ ਕਰਦਿਆਂ ਆਪਣੇ ਸਮੂਹ ਸੰਸਾਰੀ ਕਰਤਵ ਨਿਭਾਣ ਦਾ ਉਪਦੇਸ਼ ਦੇ ਕੇ ਉਸ ਦੀ ਸੱਚੀ ਜੀਵਨ-ਅਗਵਾਈ ਕੀਤੀ ਹੈ।

### ਡੱਟ ਕੇ ਜੂਝਣਾ

ਓਅੰਕਾਰੁ (ਦਖਣੀ) ਵਿੱਚ, ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ ਸੰਸਾਰ ਵਿੱਚ ਡੱਟ ਕੇ ਜੂਝਣ ਦਾ ਬਲਵਾਨ ਉਪਦੇਸ਼ ਦਿੱਤਾ ਹੈ। ਇਸ ਬਾਣੀ ਵਿੱਚ ਗੁਰੂ ਜੀ ਨੇ ਸੰਸਾਰ ਨੂੰ ਰਣ-ਖੇਤਰ ਮੰਨਦਿਆਂ ਹਰੇਕ ਮਨੁੱਖ ਨੂੰ ਇਹ ਉਪਦੇਸ਼ਿਆ ਹੈ ਕਿ ਉਹ ਇਸ ਵਿੱਚ ਡਾਂਵਾਂਡੋਲ ਵਤੀਰਾ ਅਪਣਾਨ ਦੇ ਥਾਂ ਡੱਟ ਕੇ ਜੂਝਣ ਵਾਲਾ ਸੰਗ੍ਰਾਮਵਾਦੀ ਵਤੀਰਾ ਅਪਣਾ ਕੇ ਵਿਖਾਏ। ਇਸ ਲਈ, ਗੁਰੂ ਜੀ ਮਨੁੱਖ ਨੂੰ ਸੰਸਾਰ ਵਿੱਚ ਰਹਿੰਦਿਆਂ ਆਪਣੇ ਮਨ ਉਤੇ ਕਾਬੂ ਪਾਣ ਅਤੇ ਵਿਸ਼ਵ ਰਣ-ਖੇਤਰ ਵਿੱਚ ਡੱਟ ਕੇ ਜੂਝਣ ਦਾ ਉਪਦੇਸ਼ ਇਉਂ ਦਿੰਦੇ ਹਨ:-

ਆਸਣ ਰਾਮ ਰਵੇ ਚਿਤਲਾਗਿ॥
ਰਣ ਮਹਿ ਲੂਝੈ ਮਨੂਆ ਮਾਰਿ॥[62]

---

61. ਰਾਗ ਆਸਾ ਮ: 1 - ਪਟੀ, ਆਦਿ ਗ੍ਰੰਥ, ਪੰਨਾ 432.
62. ਰਾਮਕਲੀ ਮ: 1, ਦਖਣੀ ਓਅੰਕਾਰੁ, ਆਦਿ ਗ੍ਰੰਥ, ਪੰਨਾ 931.

ਗੁਰੂ ਨਾਨਕ ਦੇਵ ਜੀ ਵਿਸ਼ਵ- ਕਰਮਖੇਤਰ ਵਿੱਚ ਨਿਤਰੇ ਹੋਏ ਹਰੇਕ ਮਨੁੱਖ ਨੂੰ ਲਸਕਰੀ ਮੰਨਦੇ ਹੋਏ ਸੰਸਾਰੀ ਜੀਵਨ ਦਾ ਇਹ ਰੂਪ-ਚਿਤ੍ਰ ਵਿਖਾਉਂਦੇ ਹਨ ਕਿ ਇਸ ਕਰਮ-ਖੇਤਰ ਵਿੱਚ ਸਭ ਲਸਕਰੀਆਂ ਜਾਂ ਫੌਜੀਆਂ ਨੇ ਆਪੋ ਆਪਣੇ ਟਿਕਾਣੇ ਸੰਭਾਲੇ ਹੋਏ ਹਨ। ਉਹ ਸਮਝਦੇ ਹਨ ਕਿ ਜਦ ਅਸੀਂ ਆਪਣੀ ਤਨਖਾਹ ਪੂਰੀ ਲਿਖਾ ਲਿਆਏ ਹਾਂ ਤਾਂ ਇਥੇ ਆਪਣਾ ਕਰਤੱਵ ਨਿਭਾਈਏ ਪਿਛੇ ਕਿਉਂ ਹਟੀਏ। ਇਸ ਲਈ ਉਹ ਆਪਣੇ ਮਾਲਕ ਨੂੰ ਸਦਾ ਸਿਰ ਉਤੇ ਖੜਾ ਹੋਇਆ ਵੇਖ ਕੇ ਆਪਣੇ ਆਪਣੇ ਥਾਂ ਉਤੇ ਡੱਟ ਕੇ ਜੂਝਦੇ ਹਨ। ਗੁਰੂ ਜੀ ਗੁਰਬਾਣੀ ਵਿੱਚ ਇਹ ਰੂਪ-ਚਿੱਤਰ ਇਉਂ ਸਾਕਾਰ ਰੂਪ ਵਿੱਚ ਵਿਖਾਉਂਦੇ ਹਨ:-

ਲਸਕਰੀਆ ਘਰਿ ਸੰਮੇਲੇ ਆਏ ਵਜਹੁ ਲਿਖਾਇ॥
ਕਾਰ ਕਮਾਵਹਿ ਸਿਰਿ ਧਣੀ ਲਾਹਾ ਪਲੈ ਪਾਇ॥[63]

ਗੁਰੂ ਜੀ ਇਥੇ ਇਹ ਦਰਸਾ ਰਹੇ ਹਨ ਕਿ ਜੇ ਮਨੁੱਖ ਆਪਣੇ ਸੱਚੇ ਮਾਲਕ ਨੂੰ ਹਰ ਵੇਲੇ ਆਪਣੇ ਸਿਰ ਉਤੇ ਖੜੋਤਾ ਵੇਖੇ ਤਾਂ ਉਸ [illegible] ਦੇ ਦੋ ਵੱਡੇ ਲਾਭ ਪ੍ਰਾਪਤ ਹੋ ਸਕਦੇ ਹਨ। ਇਕ ਤਾਂ ਉਸ ਨੂੰ ਇਹ ਵਿਸ਼ਵਾਸ ਹੋ ਜਾਂਦਾ ਹੈ ਕਿ ਜਦ ਮੇਰਾ ਮਾਲਕ ਸਦਾ ਮੇਰੇ ਸਿਰ ਉਤੇ ਖੜੋਤਾ ਹੈ ਤਾਂ ਮੈਨੂੰ ਕਿਸੇ ਵੈਰੀ ਤੋਂ ਡਰਨ ਦੀ ਲੋੜ ਨਹੀਂ ਹੈ, ਕਿਉਂਕਿ ਮੇਰਾ ਮਾਲਕ ਮੈਨੂੰ ਹਰ ਵੈਰੀ ਦਾ ਟਾਕਰਾ ਕਰਨ ਦਾ ਬਲ ਬਖਸ਼ੇਗਾ। ਇਸ ਦਾ ਦੂਜਾ ਲਾਭ ਇਹ ਹੈ ਕਿ ਮਾਲਕ ਨੂੰ ਸਦਾ ਆਪਣੇ ਸਿਰ ਉਤੇ ਖੜਾ ਹੋਇਆ ਅਨੁਭਵ ਕਰਕੇ ਮਨੁੱਖ ਆਪਣਾ ਕਰਤਵ ਨਿਭਾਣੋਂ ਕਦੀ ਅਵੇਸਲਾ ਨਹੀਂ ਹੋਵੇਗਾ।

ਗੁਰੂ ਜੀ ਇਥੇ ਇਹ ਵੀ ਦਰਸਾ ਰਹੇ ਹਨ ਕਿ ਇਕ ਬਹਾਦਰ ਫੌਜੀ ਸਿਪਾਹੀ ਰਣ-ਖੇਤਰ ਵਿੱਚ ਹਾਰ ਖਾਣ ਦਾ ਵਿਚਾਰ ਕਦੀ ਆਪਣੇ ਮਨ ਵਿਚ ਨਹੀਂ ਲਿਆ ਸਕਦਾ। ਹਾਰ ਖਾਣ ਦਾ ਡਰ ਕੇਵਲ ਉਸ ਲਈ ਹੁੰਦਾ ਹੈ, ਜਿਹੜਾ ਲੋਭ ਲਾਲਚ ਦੇ ਵੱਸ ਹੋ ਕੇ ਬੁਰਿਆਈਆਂ ਵਿੱਚ ਫਸ ਜਾਂਦਾ ਹੈ। ਪਰ ਜਿਹੜਾ ਫੌਜੀ ਸਿਪਾਹੀ ਸਭ ਲਾਲਚ ਤਿਆਗ ਕੇ ਆਪਣੇ ਮਾਲਕ ਦੇ ਗੜ੍ਹ ਜਾਂ ਕਿਲ੍ਹੇ ਉਤੇ ਡੱਟ ਕੇ ਲੜਨਾ ਜਾਣਦਾ ਹੈ, ਉਹ ਹਾਰ ਤੋਂ ਕਦੇ ਨਹੀਂ ਡਰਦਾ। ਗੁਰੂ ਜੀ ਇਹੋ ਜਿਹੇ ਬਹਾਦਰ ਫੌਜੀ ਸਿਪਾਹੀ ਬਾਰੇ ਇਹ ਦਰਸਾਉਂਦੇ ਹਨ:-

ਲਬੁ ਲੋਭੁ ਬੁਰਿਆਈਆ ਛੋਡੇ ਮਨਹੁ ਵਿਸਾਰਿ॥
ਗੜਿ ਦੋਹੀ ਪਾਤਿਸਾਹ ਕੀ ਕਦੇ ਨ ਆਵੈ ਹਾਰਿ॥[64]

---

63. ਦਖਣੀ ਓਅੰਕਾਰੁ, ਰਾਮ ਕਲੀ ਮ: 1, ਆਦਿ ਗ੍ਰੰਥ, ਪੰਨਾ 936.
64. -ਉਹੀ-, -ਉਹੀ- , ਪੰਨਾ -ਉਹੀ-.

ਇਸ ਤੋਂ ਗੁਰੂ ਨਾਨਕ ਦੇਵ ਜੀ ਮਨੁੱਖ ਨੂੰ ਇਹ ਉਪਦੇਸ਼ ਦਿੰਦੇ ਹਨ ਕਿ ਜਿਵੇਂ ਕੋਈ ਸਿਪਾਹੀ ਰਣ-ਖੇਤਰ ਵਿੱਚ ਵੈਰੀਆਂ ਤੋਂ ਨਿਡਰ ਹੋ ਕੇ ਉਨ੍ਹਾਂ ਦਾ ਮਰਦਾਨਾ ਟਾਕਰਾ ਕਰ ਵਿਖਾਉਂਦਾ ਹੈ, ਉਵੇਂ ਹੀ ਮਨੁੱਖ ਜੀਵਨ-ਖੇਤਰ ਵਿੱਚ ਨਿਡਰ ਰਹਿ ਕੇ ਆਪਣੇ ਅੰਦਰ ਵਸਦੇ ਵੈਰੀਆਂ, ਜਿਵੇਂ ਕਾਮ, ਕਰੋਧ ਆਦਿ ਨੂੰ ਪਛਾੜ ਲੈਂਦਾ ਹੈ। ਇਉਂ ਗੁਰੂ ਜੀ ਮਨੁੱਖ ਨੂੰ ਆਪਣੇ ਅੰਦਰ ਵੱਸਦੇ ਵੈਰੀਆਂ ਤੋਂ ਜਾਣੂੰ ਕਰਵਾ ਕੇ ਉਨ੍ਹਾਂ ਦਾ ਡੱਟ ਕੇ ਟਾਕਰਾ ਕਰਨ ਲਈ ਤਿਆਰ ਕਰ ਦਿੰਦੇ ਹਨ। 'ਸ਼ਬਦਾਰਥ ਬਾਣੀ ਗੁਰੂ ਨਾਨਕ ਦੇਵ ਜੀ' ਵਿੱਚ ਲਿਖਿਆ ਹੈ ਕਿ ਮਨੁੱਖ ਦੇ ਹਉਮੈ ਭਾਵ ਤੋਂ ਉਤਪੰਨ ਹੋਣ ਵਾਲੇ ਕੋਝਟ ਹੀ ਉਸ ਦੇ ਵੈਰੀ ਹਨ ਅਤੇ ਇਸ ਬਾਣੀ ਵਿੱਚ ਗੁਰੂ ਜੀ ਉਸ ਨੂੰ ਆਪਣੇ ਅੰਦਰ ਵੱਸਦੇ ਇਨ੍ਹਾਂ ਵੈਰੀਆਂ ਤੋਂ ਸੁਚੇਤ ਕਰ ਦਿੰਦੇ ਹਨ।-

> " ਬ੍ਰਹਮ ਤੇ ਉਸ ਦਾ ਧਿਆਨ ਇਸ ਰਚਨਾ (ਦਖਣੀ ਓਅੰਕਾਰੁ) ਦਾ ਮੂਲ ਵਿਚਾਰ ਹੈ। .... ਜੂਝੇ, ਹਉਮੈ ਭਾਵ ਤੋਂ ਉਤਪੰਨ ਹੋਣ ਵਾਲੇ ਅਹੰਕਾਰ ਤੇ ਮਾਇਆ ਦੀ ਚੋਲਨ ਮੋਹ ਠਗਾਉਲੀ ਦੀ ਨਾਨਾ ਰੂਪਤਾ ਤੇ ਕ੍ਰੋਧ ਦੀਆਂ ਪਸਰੀਆਂ ਅਨੇਕ ਤੰਦਾਂ ਦੇ ਲਟਕਦੇ ਚਿਤਰਾਂ ਤੋਂ ਜਾਣੂੰ ਕਰਵਾ ਕੇ ਗੁਰ ਉਪਦੇਸ਼ ਰਾਹੀਂ ਨਾਮ ਸਿਮਰਣ ਦਾ ਮਾਰਗ ਸੁਝਾਇਆ ਗਿਆ ਹੈ।"[65]

ਵਾਸਤਵ ਵਿੱਚ, ਗੁਰੂ ਨਾਨਕ ਦੇਵ ਜੀ ਮਨੁੱਖ ਨੂੰ ਆਪਣੇ ਅੰਦਰ ਵਸਦੇ ਕੋਝਟਾ ਰੂਪੀ ਵੈਰੀਆਂ ਉਤੇ ਵਿਜੈ ਪ੍ਰਾਪਤ ਕਰ ਕੇ ਇਕ ਬਹਾਦਰ ਕੋਈ ਸਿਪਾਹੀ ਵਾਂਗ ਸੰਸਾਰ ਦੇ ਸਾਰੇ ਕਾਰਵਿਹਾਰ ਭਲੀਭਾਂਤ ਨਿਭਾਣ ਦਾ ਉਪਦੇਸ਼ ਦਿੰਦੇ ਹਨ। ਇਸ ਦੇ ਨਾਲ ਹੀ ਆਪ ਇਹ ਸਮਝਾ ਦਿੰਦੇ ਹਨ ਕਿ ਸੰਸਾਰੀ ਲੋਭ ਲਾਲਚ ਆਦਿ ਵੈਰੀਆਂ ਨੂੰ ਮਾਰ ਕੇ ਆਪਣੇ ਕਾਰ ਵਿਹਾਰ ਨਿਭਾਉਣ ਵਾਲਾ ਮਨੁੱਖ ਜੀਵਨ-ਸੰਗਰਾਮ ਵਿੱਚ ਕਦੀ ਹਾਰ ਦਾ ਮੂੰਹ ਨਹੀਂ ਵੇਖਦਾ।

## ਸੱਚ ਉਤੇ ਆਧਾਰਿਤ ਕਿਰਤ

ਸੰਸਾਰੀ ਕਾਰ ਵਿਹਾਰ ਕਰਦਿਆਂ ਲਬ ਲੋਭ ਆਦਿ ਬੁਰਿਆਈਆਂ ਨੂੰ ਮਾਰਨ ਦਾ ਉਪਦੇਸ਼ ਦੇ ਕੇ ਗੁਰੂ ਨਾਨਕ ਦੇਵ ਜੀ ਦਖਣੀ ਓਅੰਕਾਰੁ ਵਿੱਚ ਮਨੁੱਖ ਨੂੰ

---

65. "ਸ਼ਬਦਾਰਥ ਬਾਣੀ ਗੁਰੂ ਨਾਨਕ ਦੇਵ ਜੀ", ਪੰਨਾ 23.

ਸੱਚ ਉਤੇ ਆਧਾਰਿਤ ਕਿਰਤ ਕਰਨ ਦੀ ਪ੍ਰੇਰਣਾ ਪ੍ਰਦਾਨ ਕਰਦੇ ਹਨ। ਆਪਜੀ ਦੇ ਵਿਚਾਰ ਅਨੁਸਾਰ, ਮਨੁੱਖ ਲਈ ਸੁਖਦਾਈ-ਕਿਰਤ ਉਹੀ ਹੁੰਦੀ ਹੈ, ਜਿਹੜੀ ਸੱਚ ਉਤੇ ਆਧਾਰਿਤ ਹੋਵੇ। ਇਸੇ ਲਈ ਗੁਰੂ ਜੀ ਮਨੁੱਖ ਨੂੰ ਸੱਚ ਉਤੇ ਆਧਾਰਿਤ 'ਆਚਾਰ' ਰਾਹੀਂ ਸਦਾ ਸੁੱਖ ਪ੍ਰਾਪਤ ਕਰਨ ਦਾ ਇਹ ਉਪਦੇਸ਼ ਦਿੰਦੇ ਹਨ:-

ਕਰ ਆਚਾਰੁ ਸਚੁ ਸੁਖੁ ਹੋਈ।।[66]

ਸੱਚ ਉਤੇ ਆਧਾਰਿਤ 'ਆਚਾਰ', ਹਰ ਹਾਲਤ ਵਿੱਚ, ਸੱਚੀ ਕਿਰਤ ਨਾਲ ਸੰਬੰਧ ਰੱਖਦਾ ਹੈ। ਇਸ ਲਈ, ਗੁਰੂ ਨਾਨਕ ਦੇਵ ਜੀ ਇਸ ਬਾਣੀ ਵਿੱਚ ਇਹ ਵਿਚਾਰ ਦ੍ਰਿੜ ਕਰਵਾਉਂਦੇ ਹਨ ਕਿ ਮਨੁੱਖ ਸਦਾ ਸੱਚ ਨਾਲ ਸੰਬੰਧ ਰੱਖਣ ਵਾਲੀ ਕਿਰਤ ਕਰ ਕੇ ਵਿਖਾਏ। ਆਪ ਇਹ ਵੀ ਸਮਝਾਉਂਦੇ ਹਨ ਕਿ ਉਸੇ ਮਨੁੱਖ ਦੀ ਕਿਰਤ ਸੱਚ ਨਾਲ ਸੰਬੰਧ ਰੱਖ ਸਕਦੀ ਹੈ, ਜਿਹੜਾ ਗੁਰੂ ਦੀ ਅਗਵਾਈ ਵਿੱਚ ਕੰਮ ਕਰਦਾ ਹੈ। ਕੇਵਲ ਗੁਰੂ ਹੀ ਅਜਿਹਾ 'ਗੁਣ ਦਾਤਾ' ਹੈ, ਜਿਹੜਾ ਠੀਕ ਅਗਵਾਈ ਰਾਹੀਂ ਮਨੁੱਖ ਨੂੰ ਸੱਚੀ ਕਿਰਤ ਜਾਂ 'ਸਾਚੀ ਕਰਣੀ' ਉਤੇ ਲਗਾ ਸਕਦਾ ਹੈ। ਇਸ ਲਈ, ਗੁਰੂ ਨਾਨਕ ਦੇਵ ਜੀ ਸੱਚੀ ਕਿਰਤ ਲਈ ਗੁਰੂ ਦੀ ਅਗਵਾਈ ਦੀ ਲੋੜ ਨੂੰ ਇਉਂ ਦਰਸਾਉਂਦੇ ਹਨ:-

ਗੁਣ ਦਾਤਾ ਵਿਰਲਾ ਸੰਸਾਰਿ।।
ਸਾਚੀ ਕਰਣੀ ਗੁਰ ਵੀਚਾਰਿ।।[67]

ਗੁਰੂ ਨਾਨਕ ਦੇਵ ਜੀ ਇਥੇ ਇਸ ਗੱਲ ਦੀ ਚਿਤਾਵਨੀ ਕਰ ਦਿੰਦੇ ਹਨ ਕਿ ਆਪਣੇ ਕੰਮ ਨੂੰ ਸੱਚਾ ਜਾਂ ਖਰਾ ਤਾਂ ਹਰ ਕੋਈ ਕਹਿ ਦਿੰਦਾ ਹੈ, ਪਰ ਉਸ ਦੀ ਆਪਣੀ ਪਰਖ ਗਲਤ ਵੀ ਹੋ ਸਕਦੀ ਹੈ। ਕੇਵਲ ਗੁਰੂ ਹੀ ਖੋਟੇ ਜਾਂ ਖਰੇ ਦੀ ਠੀਕ ਪਰਖ ਕਰ ਸਕਦਾ ਹੈ, ਕਿਉਂਜੁ ਉਹ ਕੇਵਲ ਉਸ ਕੰਮ ਨੂੰ ਖਰਾ ਸਮਝਦਾ ਹੈ, ਜਿਹੜਾ ਚਾਰੇ ਜੁਗਾਂ ਵਿੱਚ ਰਤਨ ਵਾਂਗ ਚਮਕ ਕੇ ਵਿਖਾ ਸਕਦਾ ਹੈ:-

ਖਰਾ ਖਰਾ ਆਖੈ ਸਭੁ ਕੋਇ।।
ਖਰਾ ਰਤਨੁ ਜੁਗ ਚਾਰੇ ਹੋਇ।।[68]

ਇਥੇ ਗੁਰੂ ਨਾਨਕ ਦੇਵ ਜੀ ਇਹ ਗੱਲ ਵਿਸ਼ੇਸ਼ ਤੌਰ ਤੇ ਸਮਝਾਣ ਦਾ ਜਤਨ ਕਰਦੇ ਹਨ ਕਿ ਜਦ ਖਰੇ ਕੰਮ ਦੀ ਅਸਲ ਪਛਾਣ ਗੁਰੂ ਹੀ ਕਰ ਸਕਦਾ ਹੈ ਤਾਂ ਹਰੇਕ ਮਨੁੱਖ ਨੂੰ

---

66. ਰਾਮ ਕਲੀ ਮ: 1 - ਦਖਣੀ ਓਅੰਕਾਰ, ਆਦਿ ਗ੍ਰੰਥ, ਪੰਨਾ 931.
67. -ਉਹੀ- , -ਉਹੀ- , ਪੰਨਾ -ਉਹੀ-.
68. -ਉਹੀ- , -ਉਹੀ- , ਪੰਨਾ 932.

ਚਾਹੀਦਾ ਹੈ ਕਿ ਉਹ ਕੇਵਲ ਉਹੀ ਕੰਮ ਕਰੇ, ਜਿਹੜਾ ਗੁਰੂ ਦੀ ਆਗਿਆ ਅਨੁਸਾਰ ਹੋਵੇ, ਅਰਥਾਤ :-

ਗੁਰਿ ਕਹਿਆ ਸਾ ਕਾਰ ਕਮਾਵਹੁ ॥[69]

ਇਸ ਦਾ ਭਾਵ ਇਹ ਨਹੀਂ ਕਿ ਮਨੁੱਖ ਕੋਈ ਕੰਮ ਕਰਨ ਲਈ ਤਿਆਰ ਹੋ ਕੇ ਗੁਰੂ ਕੋਲੋਂ ਇਹ ਪੁੱਛਣ ਲਈ ਭੱਜਦਾ ਜਾਏ ਕਿ ਮੈਂ ਕਿਹੜਾ ਕੰਮ ਕਰਾਂ। ਉਸ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਹ ਇਹੋ ਜਿਹੀ ਅਗਵਾਈ ਗੁਰੂ ਦੇ ਸ਼ਬਦ ਤੋਂ ਹੀ ਪ੍ਰਾਪਤ ਕਰ ਸਕਦਾ ਹੈ। ਜੇ ਗੁਰੂ ਦਾ ਸ਼ਬਦ ਉਸ ਦੇ ਅੰਦਰ ਵਸਦਾ ਹੈ ਤਾਂ ਉਹ ਹਰ ਸਮੇਂ ਆਪਣੇ ਅੰਦਰੋਂ ਹੀ ਇਹ ਅਗਵਾਈ ਪ੍ਰਾਪਤ ਕਰ ਸਕਦਾ ਹੈ।

ਇਸ ਸੰਬੰਧ ਵਿੱਚ ਗੁਰੂ ਨਾਨਕ ਦੇਵ ਜੀ ਮਨੁੱਖ ਨੂੰ ਉਸ ਦੀ ਇਸ ਸੁਭਾਵਕ ਮਾਨਸਿਕ ਕਮਜ਼ੋਰੀ ਤੋਂ ਵੀ ਸੁਚੇਤ ਕਰ ਦਿੰਦੇ ਹਨ ਕਿ ਉਹ ਗੁਰੂ ਦੀ ਅਗਵਾਈ ਤੋਂ ਬਿਨਾਂ ਕਿਸੇ ਵੇਲੇ ਵੀ ਪਾਪਾਂ ਦੀ ਦਲਦਲ ਵਿੱਚ ਤਿਲਕ ਕੇ ਡਿੱਗ ਸਕਦਾ ਹੈ। ਇਸ ਪਾਸੇ ਇਕ ਵਾਰ ਤਿਲਕਿਆ ਹੋਇਆ ਮਨੁੱਖ ਫਿਰ ਸਦਾ ਇਸੇ ਪਾਸੇ ਹੀ ਤਿਲਕਦਾ ਰਹਿੰਦਾ ਹੈ। ਅਤੇ ਅੰਤ ਵਿੱਚ ਉਸ ਦੀ ਇਹ ਮਨੋਦਸ਼ਾ ਹੋ ਜਾਂਦੀ ਹੈ ਕਿ ਜਿਹੜਾ ਪਾਪ ਸਭ ਨੂੰ ਬੁਰਾ ਲਗਦਾ ਹੈ, ਉਹੀ ਉਸ ਨੂੰ ਪਿਆਰਾ ਲਗਣ ਲੱਗ ਜਾਂਦਾ ਹੈ। ਇਸ ਲਈ, ਪਾਪਾਂ ਨਾਲ ਲੱਦ ਕੇ ਵੀ ਉਹ ਪਾਪਾਂ ਦਾ ਹੋਰ ਭਾਰ ਆਪਣੇ ਸਿਰ ਉਤੇ ਲੱਦੀ ਜਾਂਦਾ ਹੈ। ਗੁਰੂ ਜੀ ਉਸ ਦੀ ਇਹ ਮਨੋਦਸ਼ਾ ਇਉਂ ਦਰਸਾਉਂਦੇ ਹਨ:-

ਪਾਪੁ ਬੁਰਾ ਪਾਪੀ ਕਉ ਪਿਆਰਾ ॥
ਪਾਪਿ ਲਦੇ ਪਾਪੇ ਪਾਸਾਰਾ ॥[70]

ਗੁਰੂ ਜੀ ਪਾਪੀ ਦੀ ਇਹ ਮਨੋਦਸ਼ਾ ਦਰਸਾ ਕੇ ਉਸ ਨੂੰ ਪਾਪਾਂ ਦੀ ਦਲਦਲ ਵਿੱਚ ਖੁੱਭਣ ਲਈ ਛੱਡ ਨਹੀਂ ਦਿੰਦੇ, ਸਗੋਂ ਉਸ ਨੂੰ ਬਾਹਰ ਕੱਢਣ ਲਈ ਉਸ ਦੀ ਬਾਂਹ ਜਾ ਫੜਦੇ ਹਨ ਅਤੇ ਉਸ ਨੂੰ ਆਪ ਵੀ ਹੰਭਲਾ ਮਾਰ ਕੇ ਇਸ ਦਲਦਲ ਵਿਚੋਂ ਬਾਹਰ ਨਿਕਲਣ ਦੀ ਵਿਧੀ ਸਿਖਾ ਦਿੰਦੇ ਹਨ। ਆਪ ਉਸ ਨੂੰ ਸਮਝਾਉਂਦੇ ਹਨ ਕਿ ਆਪਣਾ ਅਸਲਾ ਪਛਾਣਦਿਆਂ ਸੁਕਿਰਤ ਦੇ ਰਾਹ ਉਤੇ ਚੱਲ ਕੇ ਵੱਡੇ ਤੋਂ ਵੱਡਾ ਪਾਪੀ ਵੀ ਪਾਪਾਂ ਤੋਂ ਛੁਟਕਾਰਾ ਪ੍ਰਾਪਤ ਕਰ

69. ਰਾਮਕਲੀ ਮ: 1 - ਓਅੰਕਾਰੁ (ਦਖਣੀ), ਆਦਿ ਗ੍ਰੰਥ, ਪੰਨਾ 933.
70. -ਉਹੀ- , -ਉਹੀ- , ਪੰਨਾ 935.

ਸਕਦਾ ਹੈ :-

ਪਰ ਹਰਿ ਪਾਪੁ ਪਛਾਣੈ ਆਪੁ ॥
ਨਾ ਤਿਸੁ ਸੋਗੁ ਵਿਜੋਗੁ ਸੰਤਾਪੁ ॥[71]

ਗੁਰੂ ਨਾਨਕ ਦੇਵ ਮਨੁੱਖ ਨੂੰ ਆਪਣੇ ਪਾਪ ਧੋਣ ਲਈ ਕਿਸੇ ਤੀਰਥ ਉਤੇ ਇਸ਼ਨਾਨ ਕਰਨ ਦਾ ਉਪਦੇਸ਼ ਨਹੀਂ ਦਿੰਦੇ, ਸਗੋਂ ਉਸ ਨੂੰ, ਗੁਰਮੁੱਖ ਦੇ ਉਦਾਹਰਣ ਰਾਹੀਂ; 'ਸਚੁ ਆਚਾਰ' ਦੇ ਤੀਰਥ ਇਸ਼ਨਾਨ ਦੀ ਵਿਧੀ ਸਮਝਾ ਦਿੰਦੇ ਹਨ। ਇਹ 'ਸਚ ਆਚਾਰ' ਦਾ ਇਸ਼ਨਾਨ ਸੱਚ ਉਤੇ ਆਧਾਰਿਤ ਕਿਰਤ ਦਾ ਨਿਤਾਪ੍ਰਤੀ ਇਸ਼ਨਾਨ ਹੀ ਹੈ। ਗੁਰੂ ਜੀ ਦੇ ਵਿਚਾਰ ਅਨੁਸਾਰ, ਇਸ ਇਸ਼ਨਾਨ ਤੋਂ ਬਿਨਾ ਕੋਈ ਹੋਰ ਤੀਰਥ ਇਸ਼ਨਾਨ ਮਨੁੱਖ ਨੂੰ ਸਦੀਵੀ ਪਵਿੱਤਰਤਾ ਪ੍ਰਦਾਨ ਨਹੀਂ ਕਰ ਸਕਦਾ। ਇਸ ਲਈ, ਆਪ ਹਰੇਕ ਮਨੁੱਖ ਨੂੰ ਗੁਰਮੁਖ ਦਾ 'ਸਚੁ ਆਚਾਰ' ਅਪਣਾ ਕੇ ਉਸੇ ਵਰਗਾ ਅਸਲ ਤੀਰਥ-ਇਸ਼ਨਾਨ ਕਰਨਾ ਸਿਖਾਉਂਦੇ ਹਨ:-

ਗੁਰਮੁਖਿ ਨਾਦ ਬੇਦ ਬੀਚਾਰੁ ॥
ਗੁਰਮੁਖਿ ਮਜਨੁ ਚਜੁ ਆਚਾਰੁ ॥[72]

## ਆਸ਼ਾਵਾਦੀ ਕਿਰਤੀ

ਗੁਰੂ ਨਾਨਕ ਦੇਵ ਜੀ ਇਸ ਬਾਣੀ ਵਿੱਚ ਦਰਸਾਉਂਦੇ ਹਨ ਕਿ ਕਿਰਤੀ ਮਨੁੱਖ ਸਦਾ ਆਸ਼ਾਵਾਦੀ ਹੁੰਦਾ ਹੈ। ਉਹ ਕਿਰਤ ਕਰਦਿਆਂ ਇਹ ਵਿਸ਼ਵਾਸ਼ ਰੱਖਦਾ ਹੈ ਕਿ ਪਰਮਾਤਮਾ ਆਪ ਹੀ ਮੇਰਾ ਹਰ ਕੰਮ ਰਾਸ ਕਰੇਗਾ। ਉਹ ਇਕ ਪਰਮਾਤਮਾ ਦਾ ਆਸਰਾ ਰੱਖ ਕੇ ਸਭ ਕੰਮ ਕਰਦਾ ਜਾਂਦਾ ਹੈ ਅਤੇ ਅਸਫਲ ਰਹਿਣ ਦਾ ਵਿਚਾਰ ਕਦੀ ਆਪਣੇ ਨੇੜੇ ਤੱਕ ਨਹੀਂ ਆਣ ਦਿੰਦਾ। ਜਿਥੇ ਕਿਰਤਹੀਣ ਮਨੁੱਖ ਨਿਰਾਸ਼ਾਵਾਦੀ ਬਣ ਕੇ ਜੀਵਨ ਦੇ ਹਰ ਛਿਣ ਵਿੱਚ ਅਸਫਲ ਰਹਿਣ ਦੇ ਡਰੋਂ ਕੰਬਦਾ ਰਹਿੰਦਾ ਹੈ, ਉਥੇ ਕਿਰਤੀ ਮਨੁੱਖ ਆਸ਼ਾਵਾਦੀ ਰਹਿੰਦਾ ਹੋਇਆ ਜੀਵਨ ਦੇ ਹਰ ਪਗ ਉਤੇ ਸਫਲਤਾ ਦੀ ਆਸ ਰੱਖ ਵਿਖਾਉਂਦਾ ਹੈ। ਉਹ ਸਦਾ ਇਹ ਨਿਸ਼ਚਾ ਰੱਖਦਾ ਹੈ ਕਿ ਪਰਮਾਤਮਾ ਦੀ ਕਿਰਪਾ ਨਾਲ ਮੇਰਾ ਹਰ ਸਫਲ

---

71. ਰਾਮਕਲੀ ਮ: 1, ਦਖਣੀ ਓਅੰਕਾਰੁ, ਆਦਿ ਗ੍ਰੰਥ, ਪੰਨਾ 935.

72. -ਉਹੀ- , -ਉਹੀ- , ਪੰਨਾ 932.

ਸਫਲ ਰਹੇਗਾ ਅਤੇ ਮੇਰਾ ਕੋਈ 'ਕਾਜ' ਨਹੀਂ ਵਿਗੜੇਗਾ। ਗੁਰੂ ਜੀ ਇਨ੍ਹਾਂ ਦੋਹਾਂ ਕਿਸਮਾਂ ਦੇ ਮਨੁੱਖਾਂ ਦੀ ਮਨੋਦਸ਼ਾ ਇਉਂ ਦਰਸਾਉਂਦੇ ਹਨ:-

ਥਰ ਥਰ ਕੰਪੈ ਜੀਅੜਾ ਥਾਨ ਵਿਹੂਣਾ ਹੋਇ॥
ਥਾਨਿ ਮਾਨਿ ਸਚੁ ਏਕੁ ਹੈ ਕਾਜੁ ਨ ਫੀਟੈ ਕੋਇ॥[73]

ਇਸ ਤੋਂ ਗੁਰੂ ਜੀ ਸਿੱਧ ਕਰਦੇ ਹਨ ਕਿ ਕਿਰਤੀ ਮਨੁੱਖ ਭਾਵੇਂ ਕੋਈ ਵੀ ਕਿੱਤਾ ਅਪਣਾਏ, ਉਹ ਆਪਣੀ ਕਿਰਤ ਵਿੱਚ ਪਰਮਾਤਮਾ ਦਾ ਸਹਾਇਕ ਹੱਥ ਵੇਖ ਕੇ ਪੂਰੇ ਵਿਸ਼ਵਾਸ ਸਹਿਤ ਉਨੱਤੀ ਦੇ ਰਾਹ ਵੱਲ ਵਧਦਾ ਹੈ ਅਤੇ ਉਸ ਦਾ ਆਸ਼ਾਵਾਦ ਹੀ ਉਸ ਦੀ ਸਦੀਵੀ ਸਫਲਤਾ ਦਾ ਕਾਰਨ ਬਣਦਾ ਹੈ।

ਕਿਰਤੀ ਨੂੰ ਇਕ ਪਰਮਾਤਮਾ ਦਾ ਭਰੋਸਾ ਰੱਖਣ ਦਾ ਸਭ ਤੋਂ ਵੱਡਾ ਲਾਭ ਇਹ ਹੁੰਦਾ ਹੈ ਕਿ ਉਹ ਹਰ ਪ੍ਰਕਾਰ ਦੇ ਹਾਨ ਨੂੰ ਮਾਲਕ ਦਾ ਭਾਣਾ ਮੰਨ ਕੇ ਸਹਿਜੇ ਹੀ ਸਹਾਰ ਲੈਂਦਾ ਹੈ। ਉਹ ਇਸ ਵਿਸ਼ਵਾਸ ਸਦਕੇ ਅਜਿਹੇ ਮਾਨਸਿਕ ਟਿਕਾਉ ਦੀ ਅਵਸਥਾ ਵਿੱਚ ਰਹਿੰਦਾ ਹੈ, ਜਿਹੜੀ ਕਿਸੇ ਮਾਇਕ ਹਾਨ ਨਾਲ ਭੰਗ ਨਹੀਂ ਹੋ ਸਕਦੀ। ਭਾਵੇਂ ਉਹ ਕਿੰਨਾ ਹੀ ਗਰੀਬ ਕਿਉਂ ਨਾ ਹੋਵੇ, ਫਿਰ ਵੀ ਇਹੋ ਜਿਹੇ ਮਾਇਕ ਹਾਨ ਨੂੰ ਤੁੱਛ ਸਮਝਦਾ ਹੋਇਆ ਮਾਨਸਿਕ ਤੌਰ ਉਤੇ ਸਦਾ ਅਡੋਲ ਰਹਿੰਦਾ ਹੈ। ਗੁਰੂ ਨਾਨਕ ਦੇਵ ਜੀ ਉਸ ਦੀ ਸਦੀਵੀ ਮਾਨਸਿਕ ਅਡੋਲਤਾ ਇਉਂ ਪਰਗਟਾਉਂਦੇ ਹਨ:-

ਧਨੁ ਗਇਆ ਤਾ ਜਾਣ ਦੇਹਿ ਜੇ ਰਾਚਹਿ ਰੰਗਿ ਏਕ॥
ਮਨੁ ਦੀਜੈ ਸਿਰੁ ਸਉਪੀਐ ਭੀ ਕਰਤੇ ਕੀ ਟੇਕ॥[74]

ਇਉਂ, ਇਸ ਬਾਣੀ ਵਿੱਚ ਗੁਰੂ ਜੀ ਕਿਰਤੀ ਦੇ ਪ੍ਰਭੂ-ਪਿਆਰ ਨੂੰ ਉਸ ਦੇ ਆਸ਼ਾਵਾਦ ਦਾ ਮੂਲ-ਆਧਾਰ ਸਮਝਦੇ ਹਨ। ਆਪ ਉਸ ਨੂੰ ਪ੍ਰਭੂ-ਪਿਆਰ ਵਿੱਚ ਰੰਗਿਆ ਹੋਇਆ ਅਜਿਹਾ ਆਸ਼ਾਵਾਦੀ ਮਨੁੱਖ ਮੰਨਦੇ ਹਨ, ਜਿਹੜਾ ਜੀਵਨ ਦੀ ਹਰ ਔਕੜ ਨੂੰ ਇਸ ਪਿਆਰ ਰਾਹੀਂ ਨਿਸਚਿੰਤ ਹੋ ਕੇ ਪਾਰ ਕਰ ਲੈਂਦਾ ਹੈ। ਕਿਰਤੀ ਦਾ ਇਹ ਆਸ਼ਾਵਾਦੀ ਜੀਵਨ-ਦ੍ਰਿਸ਼ਟੀਕੋਣ ਉਸ ਲਈ ਜੀਵਨ ਦੇ ਹਰ ਕੰਮ ਵਿੱਚ ਸਫਲਤਾ ਪ੍ਰਾਪਤ ਕਰਨ ਦਾ ਸਹਾਇਕ ਸਾਧਨ ਸਿੱਧ ਹੋ ਕੇ ਵਿਖਾਉਂਦਾ ਹੈ।

---

73. ਰਾਮਕਲੀ ਮ: 1, ਦਖਣੀ ਓਅੰਕਾਰੁ, ਆਦਿ ਗ੍ਰੰਥ, ਪੰਨਾ 934.
74. -ਉਹੀ- , -ਉਹੀ- , ਪੰਨਾ -ਉਹੀ-.

ਇਸ ਤੋਂ ਪਤਾ ਲੱਗਦਾ ਹੈ ਕਿ ੴ ਅੰਕਾਰੁ (ਦਖਣੀ) ਵਿੱਚ ਗੁਰੂ ਨਾਨਕ ਦੇਵ ਜੀ ਨੇ ਜੀਵਨ ਦੇ ਹਰ ਖੇਤਰ ਵਿੱਚ ਮਨੁੱਖ ਨੂੰ ਆਸ਼ਾਵਾਦੀ ਰਹਿ ਕੇ ਪ੍ਰਭੂ ਪਿਆਰ ਦੇ ਬਲ ਨਾਲ ਸਫਲਤਾ ਪ੍ਰਾਪਤ ਕਰਨ ਦਾ ਰਾਹ ਵਿਖਾ ਦਿੱਤਾ ਹੈ। ਵਾਸਤਵ ਵਿੱਚ, ਗੁਰੂ ਜੀ ਨੇ ਇਸ ਬਾਣੀ ਵਿੱਚ ਇਹ ਅਮਲੀ ਸਿਧਾਂਤ ਪਰਚਾਰਿਆ ਹੈ ਕਿ ੴ ਅੰਕਾਰੁ (ਪਰਮਾਤਮਾ) ਨੂੰ ਪੂਰੀ ਤਰ੍ਹਾਂ ਸਮਝਣ ਅਤੇ ਉਸ ਵਿੱਚ ਅਭੇਦਤਾ ਪ੍ਰਾਪਤ ਕਰਨ ਲਈ ਮਨੁੱਖ ਨੂੰ ਉਸ ਦੇ ਚੰਗੇ ਗੁਣ ਧਾਰਨ ਦੀ ਆਵੱਸ਼ਕਤਾ ਹੈ ਅਤੇ ਉਹ ਇਹ ਗੁਣ ਤਦ ਹੀ ਧਾਰ ਸਕਦਾ ਹੈ ਜਦ ਉਹ ਇਸ ਗੱਲ ਉੱਤੇ ਪੂਰਾ ਵਿਸ਼ਵਾਸ ਰੱਖ ਕੇ ਵਿਖਾਏ ਕਿ ਪਰਮਾਤਮਾ ਆਪ ਉਸ ਨੂੰ ਸਾਰੇ ਸ਼ੁਭ ਗੁਣ ਧਾਰਨ ਦਾ ਬਲ ਬਖਸ਼ੇਗਾ। ਇਸ ਲਈ ਉਸ ਨੂੰ ਚਾਹੀਦਾ ਹੈ ਕਿ ਉਹ ਨਿਸ਼ਚਿੰਤ ਹੋ ਕੇ ਆਪਣੇ ਸੰਸਾਰੀ ਕਰਤਵ ਦ੍ਰਿੜ੍ਹਤਾ ਸਹਿਤ ਨਿਭਾਈ ਚੱਲੇ। ਇਸ ਮਗਰੋਂ; ਉਸ ਦੇ ਕੰਮ ਵਿੱਚ ਸਫਲਤਾ ਭਰਪੂਰ ਕਰਨਾ ਪਰਮਾਤਮਾ ਦਾ ਆਪਣਾ ਕੰਮ ਹੈ।

ਇਸ ਬਾਣੀ ਵਿੱਚ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ ਗੁਰਮੁਖਿ ਦੀ ਸਹਾਇਤਾ ਲੈਣ ਦਾ ਵੀ ਉਪਦੇਸ਼ ਦਿੱਤਾ ਹੈ, ਕਿਉਂਕਿ ਇਹ ਸਹਾਇਤਾ ਉਸ ਨੂੰ ਸਫਲਤਾ ਦੇ ਰਾਹ ਵੱਲ ਲੈ ਜਾਂਦੀ ਹੈ। ਗੁਰੂ ਜੀ ਮਨੁੱਖ ਨੂੰ ਸਮਝਾਉਂਦੇ ਹਨ ਕਿ ਉਹ ਗੁਰਮੁਖਿ ਦੀ ਸਹਾਇਤਾ ਰਾਹੀਂ ਸ਼ੁਭ ਗੁਣਾਂ ਦੇ ਸਾਰੇ ਮਾਣਕ ਮੋਤੀ ਇਸੇ ਸੰਸਾਰ-ਸਾਗਰ ਵਿਚੋਂ ਹੀ ਚੁਣ ਸਕਦਾ ਹੈ। ਇਸ ਸੰਬੰਧੀ ਆਪ ਮਨੁੱਖ ਨੂੰ ਇਹ ਆਸ਼ਾਵਾਦੀ ਰਾਹ ਵਿਖਾਉਂਦੇ ਹਨ:-

ਸਸੈ ਸਭੁ ਜਗੁ ਸਹਜਿ ਉਪਾਇਆ ਤੀਨਿ ਭਵਣ ਇਕ ਜੋਤੀ॥
ਗੁਰਮੁਖਿ ਵਸਤੁ ਪਰਾਪਤਿ ਹੋਵੈ ਚੁਣਿ ਲੈ ਮਾਣਕ ਮੋਤੀ॥[75]

ਇਉਂ, ਗੁਰੂ ਨਾਨਕ ਦੇਵ ਜੀ ਦੱਖਣੀ ੴ ਅੰਕਾਰੁ ਵਿੱਚ ਮਨੁੱਖ ਨੂੰ ਗੁਰਮੁਖ ਦੀ ਸੰਗਤ ਅਤੇ ਸਹਾਇਤਾ ਪ੍ਰਾਪਤ ਕਰਨ ਦੀ ਜੀਵਨ-ਜਾਚ ਸਿਖਾ ਕੇ ਅਜਿਹਾ ਆਸ਼ਾਵਾਦੀ ਕਿਰਤੀ ਬਣਾ ਦਿੰਦੇ ਹਨ, ਜਿਹੜਾ ਪੂਰੀ ਦ੍ਰਿੜ੍ਹਤਾ ਸਹਿਤ ਸਾਰੇ ਸੰਸਾਰੀ ਕਰਤੱਵ ਨਿਭਾਣ ਵਿੱਚ ਹੀ ਪ੍ਰਭੂ-ਮਿਲਾਪ ਦੀ ਪ੍ਰਾਪਤੀ ਵਾਲਾ ਮਾਰਗ ਵੇਖ ਲੈਂਦਾ ਹੈ ਅਤੇ ਆਪਣੀ ਮੰਜ਼ਲ ਤੱਕ ਪੁੱਜਣ ਦੀ ਪੂਰੀ ਆਸ ਰੱਖਦਾ ਹੋਇਆ ਆਸ਼ਾਵਾਦੀ ਜੀਵਨ ਧਾਰੀ ਬਣ ਨਿਬੜਦਾ ਹੈ।

## (4) 'ਸਿਧ-ਗੋਸਟਿ' ਵਿੱਚ ਕਿਰਤ-ਸੰਕਲਪ

'ਸਿਧ-ਗੋਸਟਿ' ਵਿੱਚ ਕਿਰਤ-ਸੰਕਲਪ ਦਾ ਅਧਿਐਨ ਕਰਨ ਤੋਂ ਪਹਿਲੇ 'ਗੋਸਟਿ' ਦੇ ਅਰਥ-ਭਾਵ ਅਤੇ ਪਿਛੋਕੜ ਬਾਰੇ ਜਾਣਕਾਰੀ ਪ੍ਰਾਪਤ ਕਰਨੀ ਆਵੱਸ਼ਕ ਹੈ।

---

75. ਰਾਮਕਲੀ ਮ: 1, ਦਖਣੀ ੴ ਅੰਕਾਰੁ, ਆਦਿ ਗ੍ਰੰਥ, ਪੰਨਾ 930.

'ਗੋਸਟਿ' ਦਾ ਸ਼ਬਦੀ ਅਰਥ ਹੈ - ਸੰਵਾਦ, ਬਹਿਸ ਜਾਂ ਵਿਚਾਰ ਚਰਚਾ। ਇਸ ਵਿੱਚ ਕਿਸੇ ਧਾਰਮਕ ਜਾਂ ਅਧਿਆਤਮਕ ਸਿਧਾਂਤ ਉਤੇ ਪ੍ਰਸ਼ਨ-ਉੱਤਰ ਰਾਹੀਂ ਵਿਚਾਰਾਂ ਦੀ ਭਰਪੂਰ ਚਰਚਾ ਕੀਤੀ ਜਾਂਦੀ ਹੈ, ਤਾਂ ਜੁ ਉਸ ਦਾ ਠੀਕ ਅਤੇ ਸਪਸ਼ਟ ਮੁਲਾਂਕਣ ਕੀਤਾ ਜਾ ਸਕੇ।

'ਗੋਸਟਿ' ਦੇ ਪਿਛੋਕੜ ਬਾਰੇ ਕਿਹਾ ਜਾ ਸਕਦਾ ਹੈ ਕਿ ਭਾਰਤ ਦੇ ਧਾਰਮਕ ਅਤੇ ਸਾਹਿਤਕ ਖੇਤਰ ਵਿੱਚ ਇਸ ਦਾ ਬੜਾ ਅਮੀਰ ਅਤੇ ਭਰਪੂਰ ਪਿਛੋਕੜ ਹੈ। ਪ੍ਰੋ. ਪਿਆਰਾ ਸਿੰਘ 'ਪਦਮ' ਨੇ ਇਸ ਦੇ ਪਿਛੋਕੜ ਬਾਰੇ ਇਹ ਜਾਣਕਾਰੀ ਦਿੱਤੀ ਹੈ:-

> "ਪ੍ਰਾਚੀਨ ਹਿੰਦੀ ਤੇ ਪੰਜਾਬੀ ਸਾਹਿਤ ਵਿੱਚ ਕਈ ਗੋਸਟਾਂ ਮਿਲਦੀਆਂ ਸਨ, ਜਿਨ੍ਹਾਂ ਅੰਦਰ ਤਾਰਕਿਕ ਪੱਖ ਤੋਂ ਕਈ ਅਧਿਆਤਮਕ ਸਿਧਾਂਤਾਂ ਤੇ ਮਜ਼੍ਹਬੀ ਅਕੀਦਿਆਂ ਦੀ ਪਰਖ ਪੜਤਾਲ ਕੀਤੀ ਗਈ ਹੈ, ਜਿਵੇਂ ਕਿ ਸਿੱਧ ਸਾਹਿਤ ਵਿੱਚ 'ਮਹਾਦੇਵ-ਗੋਰਖ ਗੋਸਟਿ', 'ਗੋਰਖ-ਗਣੇਸ਼ ਗੋਸਟਿ,' "ਗੋਰਖ-ਦੱਤ ਗੋਸਟਿ" ਇਤਿਆਦਿ। ਭਾਰਤੀ ਦਾਰਸ਼ਨਿਕ ਸਾਹਿਤ ਵਿੱਚ ਇਸ ਦੀ ਪਰੰਪਰਾ ਮੌਜੂਦ ਹੈ। ਪੁਰਾਣੇ ਸ਼ਾਸਤਰਾਂ ਵਿੱਚ ਇਹ ਇਕ ਆਮ ਰੀਤ ਰਹੀ ਹੈ ਕਿ ਕਿਸੇ ਗੁੰਝਲਦਾਰ ਮਸਲੇ ਉਤੇ ਵਾਦੀ, ਪ੍ਰਤਿਵਾਦੀ ਮਿੱਥ ਕੇ ਸ਼ੰਕਾਵਾਂ ਖੜੀਆਂ ਕੀਤੀਆਂ ਜਾਂਦੀਆਂ ਹਨ ਤੇ ਫਿਰ ਉਨ੍ਹਾਂ ਦਾ ਸਮਾਧਾਨ ਕੀਤਾ ਹੁੰਦਾ ਹੈ।...... ਯੂਨਾਨੀ ਫਿਲਾਸਫਰ ਸੁਕਰਾਤ ਦੇ ਸਿਧਾਂਤ ਵੀ ਇਸੇ ਵਾਰਤਾਲਾਪੀ ਸ਼ੈਲੀ ਵਿੱਚ ਅੰਕਿਤ ਹਨ। ਕੁਝ ਚੇਲੇ ਸਵਾਲ ਕਰਦੇ ਹਨ ਤੇ ਸੁਕਰਾਤ ਉਨ੍ਹਾਂ ਦਾ ਨਿਰਣਾ ਕਰ ਕੇ ਵਿਵੇਕਪੂਰਣ ਢੰਗ ਨਾਲ ਉੱਤਰ ਦਿੰਦਾ ਹੈ।"[76]

ਕਿਸੇ ਗੁੰਝਲਦਾਰ ਅਧਿਆਤਮਕ ਸਿਧਾਂਤ ਨੂੰ ਸਪਸ਼ਟ ਕਰਨ ਲਈ ਗੋਸਟਿ ਦਾ ਤਰੀਕਾ ਵਰਤਣਾ ਬੜਾ ਗੁਣਕਾਰੀ ਹੈ। ਪ੍ਰੋ. ਪਿਆਰਾ ਸਿੰਘ ਪਦਮ ਨੇ ਇਸ ਦੇ ਗੁਣ ਇਉਂ ਦਰਸਾਏ ਹਨ:-

> " ਇਸ ਤਰੀਕੇ ਦਾ ਵੱਡਾ ਲਾਭ ਇਹ ਹੈ ਕਿ ਕਿਸੇ ਸਿਧਾਂਤ ਜਾਂ ਮੱਤ ਬਾਰੇ ਬੋਧਿਕ ਦ੍ਰਿਸ਼ਟੀਕੋਣ ਤੋਂ ਸੂਖਮ ਤੋਂ ਸੂਖਮ ਨੁਕਤਿਆਂ ਦਾ ਭਲੀ ਭਾਂਤ

---

76. "ਸਿਧ ਗੋਸਟਿ" - 'ਖੋਜ ਪੱਤ੍ਰਕਾ' - ਗੁਰੂ ਨਾਨਕ ਵਿਸ਼ੇਸ਼ ਅੰਕ, ਪੰਨਾ 126. (ਪਟਿਆਲਾ, ਪੰਜਾਬੀ ਯੂਨੀਵਰਸਿਟੀ, ਨਵੰਬਰ 1969 ).

ਵਿਸ਼ਲੇਸ਼ਣ ਹੋ ਕੇ ਨਿਰਣਾ ਹੋ ਜਾਂਦਾ ਹੈ ਅਤੇ ਜਗਿਆਸੂ ਇਸ ਨਾਲ ਇਕ ਵਿਸ਼ੇਸ਼ ਪ੍ਰਕਾਰ ਦੀ ਤ੍ਰਿਪਤੀ ਅਨੁਭਵ ਕਰਦਾ ਹੈ।"[77]

ਗੁਰੂ ਨਾਨਕ ਦੇਵ ਜੀ ਦੀ ਬਾਣੀ - 'ਸਿਧ ਗੋਸਟਿ'- ਗੁਰੂ ਨਾਨਕ ਦੇਵ ਜੀ ਅਤੇ ਸਿੱਧ ਜੋਗੀਆਂ ਵਿਚਕਾਰ ਹੋਈ ਗੋਸ਼ਟਿ ਹੈ। ਭਾਈ ਗੁਰਦਾਸ ਜੀ ਦੇ ਕਥਨ ਅਨੁਸਾਰ ਇਹ ਗੋਸ਼ਟਿ ਅਚਲ ਵਟਾਲੇ ਦੇ ਅਸਥਾਨ ਉਤੇ ਸ਼ਿਵਰਾਤਰੀ ਦੇ ਮੇਲੇ ਸਮੇਂ ਹੋਈ। ਉਥੇ ਜੁੜੇ ਹੋਏ ਸਿੱਧ ਜੋਗੀ ਗੁਰੂ ਨਾਨਕ ਦੇਵ ਜੀ ਉਤੇ ਵਾਰੋ ਵਾਰੀ ਪ੍ਰਸ਼ਨ ਕਰਦੇ ਹਨ ਅਤੇ ਗੁਰੂ ਜੀ ਉਨ੍ਹਾਂ ਪ੍ਰਸ਼ਨਾਂ ਦੇ ਉੱਤਰ ਦਿੰਦਿਆਂ ਉਨ੍ਹਾਂ ਦੇ ਮਨਾਂ ਵਿੱਚ ਸ਼ਾਂਤੀ ਵਰਤਾ ਕੇ ਵਿਜੈ ਪ੍ਰਾਪਤ ਕਰਦੇ ਹਨ। ਭਾਈ ਗੁਰਦਾਸ ਜੀ ਇਸ ਸੰਬੰਧੀ ਫਰਮਾਉਂਦੇ ਹਨ:-

ਬਾਬੇ ਕੀਤੀ ਸਿਧ ਗੋਸਟਿ, ਸਬਦ ਸਾਂਤਿ ਸਿਧਾਂ ਵਿੱਚ ਆਈ॥
ਜਿਣਿ ਮੇਲਾ ਸ਼ਿਵਰਾਤ ਦਾ, ਖਟ ਦਰਸਨ ਆਦੇਸੁ ਕਰਾਈ॥[78]

"ਸਿਧ ਗੋਸਟਿ' ਵਿੱਚ ਗੁਰੂ ਨਾਨਕ ਦੇਵ ਜੀ ਦਾ ਸਿਧਾਂ ਉਤੇ ਵਿਜੈ ਪ੍ਰਾਪਤ ਕਰਨ ਦਾ ਮੁੱਖ-ਕਾਰਣ ਇਹ ਹੈ ਕਿ ਗੁਰੂ ਜੀ ਦੇ ਉਤਰਾਂ ਵਿੱਚ ਮਨੁੱਖਤਾ ਦੀ ਸੱਚੀ ਅਗਵਾਈ ਕਰਨ ਵਾਲਾ ਉਹ ਕਰਮ-ਯੋਗੀ ਸਿਧਾਂਤ ਭਰਪੂਰ ਹੈ, ਜਿਹੜਾ ਜੀਵਨ ਦੀਆਂ ਕਠਿਨਾਈਆਂ ਨਾਲ ਜੂਝ ਕੇ ਵਿਖਾਉਂਦਾ ਹੈ। ਇਹ ਸਿਧਾਂਤ ਸੰਸਾਰੀ ਕਾਰ ਵਿਹਾਰ ਕਰਨ ਅਤੇ ਗ੍ਰਿਹਸਤ-ਜੀਵਨ ਲਈ ਲੋੜੀਂਦੀ ਕਿਰਤ ਕਰਨ ਉਤੇ ਵਿਸ਼ੇਸ਼ ਬਲ ਦਿੰਦਾ ਹੋਇਆ ਪ੍ਰਵਿਰਤੀ ਜੀਵਨ ਮਾਰਗ ਦਾ ਪ੍ਰਚਾਰ ਕਰਦਾ ਹੈ। ਇਸ ਲਈ ਇਹ ਵੇਖਣ ਦੀ ਲੋੜ ਹੈ ਕਿ ਇਸ ਬਾਣੀ ਵਿੱਚ ਪ੍ਰਵਿਰਤੀ ਜੀਵਨ ਮਾਰਗ ਸੰਬੰਧੀ ਕੀ ਅਗਵਾਈ ਪ੍ਰਦਾਨ ਕੀਤੀ ਗਈ ਹੈ।

## ਪ੍ਰਵਿਰਤੀ ਜੀਵਨ ਮਾਰਗ

ਗੁਰੂ ਨਾਨਕ ਦੇਵ ਜੀ ਨਾਲ ਗੋਸ਼ਟਿ ਕਰਨ ਵਾਲੇ ਸਾਰੇ ਜੋਗੀ ਸੰਸਾਰ-ਤਿਆਗ ਜਾਂ ਨਿਵਿਰਤੀ ਜੀਵਨ-ਮਾਰਗ ਉਤੇ ਬਲ ਦਿੰਦੇ ਹਨ, ਪਰ ਗੁਰੂ ਜੀ ਬੜੀ ਦ੍ਰਿੜ੍ਹਤਾ ਸਹਿਤ ਪ੍ਰਵਿਰਤੀ ਜੀਵਨ-ਮਾਰਗ ਪ੍ਰਚਾਰਦੇ ਹਨ। ਉਸ ਸਮੇਂ ਸਿਧ ਜੋਗੀਆਂ ਤੋਂ ਉਪਰੰਤ ਕਈ ਹੋਰ ਸਮਾਜਕ ਸੰਪਰਦਾਵਾਂ ਵੀ ਨਿਵਿਰਤੀ ਮਾਰਗ ਦਾ ਪ੍ਰਚਾਰ ਕਰਦੀਆਂ ਸਨ। ਇਸ ਲਈ, ਗੁਰੂ ਜੀ ਜੋਗੀਆਂ ਨੂੰ ਇਨ੍ਹਾਂ ਸਾਰੀਆਂ ਸੰਪਰਦਾਵਾਂ ਦਾ ਪ੍ਰਤਿਨਿਧ ਮੰਨ ਕੇ ਉਨ੍ਹਾਂ ਨਾਲ

---

77. "ਸਿਧ ਗੋਸਟਿ", - "ਖੋਜ ਪੱਤ੍ਰਕਾ" - ਗੁਰੂ ਨਾਨਕ ਵਿਸ਼ੇਸ਼ ਅੰਕ, ਪੰਨਾ 126.
78- "ਵਾਰਾਂ ਭਾਈ ਗੁਰਦਾਸ", ਵਾਰ ਪਹਿਲੀ, ਪਉੜੀ-44, ਪੰਨਾ 41.

ਗੋਸਟ ਕਰਦੇ ਹਨ। ਇਸ ਸੰਬੰਧੀ ਪ੍ਰੋ. ਰਾਮ ਸਿੰਘ ਨੇ ਲਿਖਿਆ ਹੈ:-

> "ਸਿੱਧ ਹਿੰਦੂ ਮਤ ਤੇ ਬੁੱਧ ਮੱਤ ਦੋਹਾਂ ਦੀਆਂ ਬੈਦਿਕ ਰਵਾਇਤਾਂ ਦੇ ਵਾਰਸਿ ਸਨ ਤੇ ਆਪਣੇ ਆਪ ਨੂੰ ਭਾਰਤੀ ਦਰਸ਼ਨ ਦੇ ਰਖਵਾਲੇ ਸਮਝਦੇ ਸਨ।"[79]

ਗੁਰੂ ਨਾਨਕ ਦੇਵ ਜੀ ਨੂੰ ਕੇਵਲ ਨਾਥ ਜੋਗੀਆਂ ਦੇ ਜੀਵਨ-ਸਿਧਾਂਤਾਂ ਨਾਲ ਹੀ ਨਹੀਂ ਸਗੋਂ ਉਸ ਵੇਲੇ ਦੇ ਬਹੁਤ ਸਾਰੇ ਹੋਰ ਮੱਤਾਂ ਮਤਾਂਤਰਾਂ ਦੇ ਜੀਵਨ-ਸਿਧਾਂਤਾਂ ਨਾਲ ਵੀ ਟਾਕਰਾ ਲੈਣਾ ਪਿਆ, ਕਿਉਂਕਿ ਉਸ ਵੇਲੇ ਏਸ਼ੀਆ ਵਿੱਚ ਅਤੇ ਵਿਸ਼ੇਸ਼ ਕਰ ਕੇ ਭਾਰਤ ਵਿੱਚ, ਅਜਿਹੇ ਮਤਾਂ ਮਤਾਂਤਰਾਂ ਦਾ ਕੋਈ ਘਾਟਾ ਨਹੀਂ ਸੀ। ਇਸ ਲਈ 'ਸਿਧ ਗੋਸਟਿ' ਉਨ੍ਹਾਂ ਸਾਰੇ ਮਤਾਂ ਮਤਾਂਤਰਾਂ ਦੇ ਅਨੁਯਾਈਆਂ ਨਾਲ ਹੋਈ ਗੋਸਟਿ ਹੈ, ਜਿਹੜੇ ਨਿਵਿਰਤੀ ਮਾਰਗ ਵਿੱਚ ਵਿਸ਼ਵਾਸ਼ ਰੱਖਦੇ ਸਨ।

ਗੁਰੂ ਨਾਨਕ ਦੇਵ ਜੀ 'ਸਿਧ ਗੋਸਟਿ' ਵਿੱਚ ਨਿਵਿਰਤੀ ਜੀਵਨ-ਮਾਰਗ ਨੂੰ ਦੇਸ਼-ਵਾਸੀਆਂ ਲਈ ਹਾਨੀਕਾਰਕ ਸਮਝ ਕੇ ਅਪਰਵਾਨ ਕਰਦੇ ਹਨ। [illegible] ਆਪ ਸਿੱਧਾਂ ਨੂੰ ਸਮਝਾਉਂਦੇ ਹਨ ਕਿ ਮਨੁੱਖ ਪਰਵਿਰਤੀ ਜੀਵਨ-ਮਾਰਗ ਅਪਣਾਉਂਦਾ ਹੋਇਆ ਵੀ ਸੰਸਾਰੀ ਮੋਹ ਮਾਇਆ ਤੋਂ ਨਿਰਲੇਪ ਰਹਿ ਸਕਦਾ ਹੈ। ਇਹ ਭਾਵ ਦਰਸਾਣ ਲਈ ਆਪ ਜਲ ਵਿੱਚ ਰਹਿੰਦਿਆਂ ਜਲ ਤੋਂ ਨਿਰਲੇਪ ਕੰਵਲ ਅਤੇ ਨਦੀ ਵਿੱਚ ਤਰਦਿਆਂ ਨਦੀ ਤੋਂ ਅਭਿੱਜ ਮੁਰਗਾਬੀ ਦੇ ਦ੍ਰਿਸ਼ਟਾਂਤ ਦੇ ਕੇ ਸਮਝਾਉਂਦੇ ਹਨ:-

> ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈਸਾਣੇ॥
> ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥[80]

ਨਿਵਿਰਤੀ ਮਾਰਗ ਵਿੱਚ ਵਿਸ਼ਵਾਸ਼ ਰੱਖਣ ਵਾਲੇ ਸਿੱਧ ਜੋਗੀ ਸੰਸਾਰ ਨੂੰ ਤਿਆਗ ਕੇ ਜੰਗਲਾਂ ਜਾਂ ਪਰਬਤ-ਗੁਫਾਵਾਂ ਵਿੱਚ ਰਹਿੰਦਿਆਂ 'ਇਕਾਂਤੀ' ਬਣਨਾ ਲੋਚਦੇ ਸਨ। ਪਰ, ਗੁਰੂ ਨਾਨਕ ਦੇਵ ਉਨ੍ਹਾਂ ਨੂੰ ਦਸ ਦਿੰਦੇ ਹਨ ਕਿ ਉਹ, ਵਾਸਤਵ ਰੂਪ ਵਿੱਚ, ਇਕਾਂਤੀ ਅਖਵਾ ਹੀ ਨਹੀਂ ਸਕਦੇ, ਕਿਉਂਕਿ 'ਇਕਾਂਤੀ' ਤਾਂ ਉਹ ਹੁੰਦਾ ਹੈ, ਜਿਸ ਦੇ ਮਨ ਵਿੱਚ ਹਰ ਵੇਲੇ ਇਕ ਪਰਮਾਤਮਾ ਦਾ ਧਿਆਨ ਵਸਦਾ ਰਹੇ। ਇਹੋ ਜਿਹੇ ਇਕਾਂਤੀ ਦਾ ਮਨ ਸੰਸਾਰ ਵਿੱਚ

---

79. "ਭਾਈ ਗੁਰਦਾਸ ਦੀ ਪਹਿਲੀ ਵਾਰ ਵਿੱਚ ਗੁਰੂ ਨਾਨਕ ਦਾ ਸਰੂਪ"-'ਆਲੋਚਨਾ' (ਲੁਧਿਆਣਾ), ਪੰਨਾ 60 (ਜਨਵਰੀ-ਦਸੰਬਰ 1969).
80. "ਸਿਧ ਗੋਸਟਿ' ਪਉੜੀ 5, ਆਦਿ ਗ੍ਰੰਥ, ਪੰਨਾ 938.

ਰਹਿੰਦਿਆਂ ਵੀ ਇਕ ਪਰਮਾਤਮਾ ਨੂੰ ਛੱਡ ਕੇ ਹੋਰ ਪਦਾਰਥਾਂ ਵੱਲ ਕਦੀ ਨਹੀਂ ਭਟਕਦਾ। ਇਸ ਲਈ, ਗੁਰੂ ਜੀ ਸਿਧਾਂ ਨੂੰ ਨਕਲੀ ਇਕਾਂਤੀ ਬਣਨ ਦੇ ਥਾਂ ਅਸਲੀ ਇਕਾਂਤੀ ਬਣਨ ਦਾ ਇਹ ਉਪਦੇਸ਼ ਦਿੰਦੇ ਹਨ।-

ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ॥
ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ॥[81]

ਸਿਧ ਜੋਗੀ ਕੇਵਲ ਇਹੋ ਹੀ ਸਮਝਦੇ ਆਏ ਸਨ ਕਿ ਮਨੁੱਖ ਸੰਸਾਰੀ ਵਸੋਂ ਅਤੇ ਰਾਹਾਂ ਵਾਲੇ ਸਥਾਨਾਂ (ਹਾਟੀ ਬਾਟੀ) ਤੋਂ ਦੂਰ ਜੰਗਲਾਂ ਦੇ ਬਿਰਖਾਂ ਥੱਲੇ ਸਮਾਂ ਬਿਤਾਉਂਦਿਆਂ ਅਤੇ ਕੰਦ-ਮੂਲ ਫੁਟ ਖਾਂਦਿਆਂ ਹੀ ਆਪਣਾ ਜੀਵਨ ਸਫਲ ਕਰ ਸਕਦਾ ਹੈ। ਇਸ ਲਈ ਗੋਰਖ ਨਾਥ ਦਾ ਬਾਲਕਾ ਲੋਹਾਰੀਪਾ ਗੁਰੂ ਨਾਨਕ ਦੇਵ ਜੀ ਨੂੰ ਕਹਿੰਦਾ ਹੈ।-

ਹਾਟੀ ਬਾਟੀ ਰਹਹਿ ਨਿਰਾਲੇ ਰੂਖਿ ਬਿਰਖਿ ਉਦਿਆਨੇ॥
ਕੰਦ ਮੂਲੁ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ॥[82]

ਪਰ, ਗੁਰੂ ਜੀ ਉਸ ਨੂੰ ਸਮਝਾਉਂਦੇ ਹਨ ਕਿ ਜੇ ਮਨੁੱਖ ਮਾਨਸਿਕ ਤੌਰ ਉਤੇ ਸਾਵਧਾਨ ਰਹੇ ਤਾਂ ਉਹ ਸੰਸਾਰੀ ਵਸੋਂ ਵਾਲੇ ਸਥਾਨਾਂ ਉਤੇ ਰਹਿ ਕੇ ਵੀ ਮਾਨਵ ਜੀਵਨ ਦਾ ਉਚੇ ਤੋਂ ਉਚਾ ਲਖਸ਼ ਪ੍ਰਾਪਤ ਕਰ ਸਕਦਾ ਹੈ, ਅਰਥਾਤ।-

ਹਾਟੀ ਬਾਟੀ ਨੀਦ ਨ ਆਵੈ ਪਰ ਘਰਿ ਚਿਤੁ ਨ ਡੋਲਾਈ॥
ਬਿਨੁ ਨਾਵੈ ਮਨੁ ਟੇਕ ਨ ਟਿਕਈ, ਨਾਨਕ ਭੂਖ ਨ ਜਾਈ॥[83]

ਸਿਧ ਜੋਗੀ ਜਗਤ ਦੀ ਕਠਿਨਾਈ ਸਾਹਮਣੇ ਗ੍ਰਿਹਸਤ ਨੂੰ ਬੜਾ ਨਿਤਾਣਾ ਮਾਰਗ ਸਮਝਦੇ ਹੋਏ ਗੁਰੂ ਨਾਨਕ ਦੇਵ ਜੀ ਨੂੰ ਕਹਿੰਦੇ ਹਨ ਕਿ ਇਸ ਲੋਹੇ ਵਰਗੇ ਕਰੜੇ ਜਗਤ ਨੂੰ ਮੋਮ ਦੇ ਦੰਦਾਂ, ਅਰਥਾਤ ਗ੍ਰਿਹਸਤ ਦੇ ਸਾਧਨਾਂ ਰਾਹੀਂ ਕਿਵੇਂ ਖਾਧਾ ਜਾ ਸਕਦਾ ਹੈ।-

ਮੈਣ ਕੇ ਦੰਤ ਕਿਉ ਖਾਈਐ ਸਾਰੁ॥[84]

---

81. "ਸਿਧ ਗੋਸਟਿ", ਆਦਿ ਗ੍ਰੰਥ, ਪੰਨਾ 938.
82. -ਉਹੀ- , -ਉਹੀ- , ਪੰਨਾ 938-39.
83. -ਉਹੀ- , -ਉਹੀ- , ਪੰਨਾ 939.
84. -ਉਹੀ- , -ਉਹੀ- , ਪੰਨਾ 943.

ਗੁਰੂ ਜੀ ਜੋਗੀਆਂ ਦੇ ਇਸ ਸ਼ੰਕੇ ਨੂੰ ਨਵਿਰਤ ਕਰਦੇ ਹੋਏ ਉੱਤਰ ਦਿੰਦੇ ਹਨ ਕਿ ਜਗਤ ਕੇਵਲ ਉਸ ਲਈ ਲੋਹੇ ਵਾਂਗ ਕਰੜਾ ਹੈ, ਜਿਹੜਾ ਮਨਮੁਖ ਹੈ, ਪਰ ਗੁਰਮੁਖ ਤਾਂ ਗੁਰੂ ਦੇ ਸ਼ਬਦ ਦੀ ਕਮਾਈ ਰਾਹੀਂ ਇਸ ਲੋਹੇ ਨੂੰ ਸਹਿਜੇ ਹੀ ਖਾ ਸਕਦਾ ਹੈ:-

ਜਗੁ ਕਰੜਾ ਮਨਮੁਖੁ ਗਾਵਾਰੁ॥
ਸਬਦੁ ਕਮਾਈਐ ਖਾਈਐ ਸਾਰੁ॥[85]

ਗੁਰੂ ਨਾਨਕ ਦੇਵ ਸਿੱਧ ਜੋਗੀਆਂ ਨੂੰ ਇਹ ਵੀ ਦਸਾ ਦਿੰਦੇ ਹਨ ਕਿ ਉਨ੍ਹਾਂ ਅਤੇ ਹੋਰ ਹਰ ਪ੍ਰਕਾਰ ਦੇ ਸੰਸਾਰ ਤਿਆਗੀਆਂ ਨੇ 'ਪਰਵਿਰਤੀ' ਅਤੇ 'ਨਰਵਿਰਤੀ' ਦੇ ਅਸਲ ਅਰਥ ਹੀ ਨਹੀਂ ਸਮਝੇ। ਉਹ ਕੇਵਲ ਇੰਨਾ ਹੀ ਜਾਣਦੇ ਹਨ ਕਿ ਗ੍ਰਿਹਸਤ ਨਿਭਾਉਂਦਿਆਂ ਸੰਸਾਰ ਵਿੱਚ ਰਹਿਣਾ 'ਪਰਵਿਰਤੀ' ਹੋਣਾ ਹੈ ਅਤੇ ਗ੍ਰਿਹਸਤ ਤੋਂ ਮੂੰਹ ਮੋੜ ਕੇ ਸੰਸਾਰ ਨੂੰ ਤਿਆਗ ਦੇਣਾ 'ਨਰਵਿਰਤੀ' ਰਹਿਣਾ ਹੈ। ਪਰ ਇਹ ਨਿਰੋਲ ਭੁਲੇਖਾ ਹੈ। ਅਸਲ ਗੱਲ ਇਹ ਹੈ ਕਿ ਮਨ ਦੀ ਪਕੜ ਵਿੱਚ ਜਕੜੇ ਰਹਿਣਾ 'ਪਰਵਿਰਤੀ' ਹੋਣਾ ਅਤੇ ਇਸ ਦੀ ਪਕੜ ਤੋਂ ਉਚਾ ਉਠਣਾ 'ਨਿਰਵਿਰਤੀ' ਰਹਿਣਾ ਹੈ। ਇਸ ਲਈ, ਗੁਰਮੁਖ ਇਹ ਅਸਲ ਅਰਥ ਪਛਾਣ ਕੇ ਸੰਸਾਰ ਵਿੱਚ ਰਹਿੰਦਿਆਂ ਅਤੇ ਗ੍ਰਿਹਸਤ ਨਿਭਾਉਂਦਿਆਂ ਆਪਣੇ ਮਨ ਦੀ ਪਕੜ ਤੋਂ ਉਚਾ ਉਠ ਕੇ ਸਦਾ 'ਨਰਵਿਰਤ' ਰਹਿੰਦਾ ਹੈ:-

ਗੁਰਮੁਖਿ ਸਰ ਅਪਸਰ ਬਿਧਿ ਜਾਣੈ॥
ਗੁਰਮੁਖਿ ਪਰਵਿਰਤਿ ਨਰਵਿਰਤਿ ਪਛਾਣੈ॥[86]

ਉਪਰਲੇ ਬਚਨਾਂ ਵਿੱਚ ਗੁਰੂ ਨਾਨਕ ਦੇਵ 'ਸਰ ਅਪਸਰ' ਜਾਂ ਵੇਲਾ ਕੁਵੇਲਾ ਪਛਾਣਨ ਉੱਤੇ ਬੜਾ ਬਲ ਦਿੰਦੇ ਹਨ। ਇਉਂ, ਆਪ ਸਿਧ ਜੋਗੀਆਂ ਨੂੰ ਗੁਰਮੁਖ ਦੇ ਉਦਾਹਰਣ ਰਾਹੀਂ ਸਮਝਾਉਂਦੇ ਹਨ ਕਿ ਕੋਈ ਵਿਸ਼ੇਸ਼ ਜੀਵਨ ਮਾਰਗ ਅਪਣਾਨ ਵੇਲੇ ਸਮੇਂ ਦੀ ਲੋੜ ਨੂੰ ਮੁੱਖ ਰੱਖਣਾ ਅਤਿਅੰਤ ਆਵੱਸ਼ਕ ਹੈ। ਗੁਰਮੁਖ ਸਦਾ ਇਵੇਂ ਹੀ ਕਰਦਾ ਹੈ ਅਤੇ ਸਮੇਂ ਦੀ ਲੋੜ ਤੋਂ ਆਪਣੀਆਂ ਅੱਖਾਂ ਕਦੀ ਨਹੀਂ ਮੀਟਦਾ। ਹੁਣ ਸਮੇਂ ਦੀ ਲੋੜ ਇਹ ਮੰਗ ਕਰਦੀ ਹੈ ਕਿ ਬਦੇਸ਼ੀ ਹਾਕਮਾਂ ਦੇ ਜ਼ੁਲਮਾਂ ਥੱਲੇ ਕੁਚਲੀ ਅਤੇ ਵਹਿਮਾਂ ਭਰਮਾਂ ਵਿੱਚ ਫਸੀ ਹੋਈ ਲੁਕਾਈ ਦੀ ਠੀਕ ਅਗਵਾਈ ਕੀਤੀ ਜਾਵੇ। ਇਹ ਤੱਦ ਹੀ ਹੋ ਸਕਦਾ ਹੈ ਜਦ ਲੋਕਾਂ ਵਿੱਚ ਰਹਿ ਕੇ

85. "ਸਿਧ ਗੋਸਟਿ", ਆਦਿ ਗ੍ਰੰਥ, ਪੰਨਾ 943.

86. -ਉਹੀ- , -ਉਹੀ- , ਪੰਨਾ 941.

ਉਨ੍ਹਾਂ ਵਰਗਾ ਜੀਵਨ ਬਿਤਾਇਆ ਉਨ੍ਹਾਂ ਨਾਲ ਪੂਰੀ ਸਾਂਝ ਉਤਪੰਨ ਕਰ ਕੇ ਵਿਖਾਈ ਜਾਵੇ।

ਭਾਈ ਗੁਰਦਾਸ ਜੀ ਵੀ ਇਸ ਗੱਲ ਉਤੇ ਬੜਾ ਦੁੱਖ ਪਰਗਟਾਉਂਦੇ ਹਨ ਕਿ ਸਿੱਧ ਜੋਗੀ ਸਮੇਂ ਦੀ ਲੋੜ ਤੋਂ ਬੇਪਰਵਾਹ ਹੋ ਕੇ ਗਲਤ ਜੀਵਨ-ਮਾਰਗ ਅਪਣਾ ਰਹੇ ਹਨ। ਇਸ ਲਈ, ਆਪ ਕਹਿੰਦੇ ਹਨ ਕਿ ਜਿਨ੍ਹਾਂ ਜੋਗੀਆਂ ਸਮੇਂ ਦੀ ਲੋੜ ਅਨੁਸਾਰ ਦੁਖੀ ਭਟਕਦੇ ਲੋਕਾਂ ਨੂੰ ਸਿੱਧੇ ਰਾਹ ਪਾਣ ਦਾ ਪਰਉਪਕਾਰ ਕਮਾਉਣਾ ਸੀ, ਉਹ ਪਰਬਤਾਂ ਵਿੱਚ ਲੁੱਕ ਕੇ ਆਪਣਾ ਕਰਤੱਵ ਨਿਭਾਉਣੋਂ ਅਵੇਸਲੇ ਹੋਏ ਬੈਠੇ ਹਨ:-

ਸਿਧ ਛਪ ਬੈਠੇ ਪਰਬਤੀ; ਕੌਣ ਜਗਤਿ ਕਉ ਪਾਰ ਉਤਾਰਾ।।
ਜੋਗੀ ਗਿਆਨ ਵਿਹੂਣਿਆ, ਨਿਸ ਦਿਨ ਅੰਗ ਲਗਾਇਨ ਛਾਰਾ।।[87]

ਗੁਰੂ ਨਾਨਕ ਦੇਵ ਜੀ ਜਗਤ ਦੇ ਲੋਕਾਂ ਦੀ ਉਚਿਤ ਅਗਵਾਈ ਕਰਨੋਂ ਕਦੀ ਪਿਛੇ ਨਹੀਂ ਸਨ ਹਟ ਸਕਦੇ। ਇਸ ਲਈ, ਆਪ ਜਿਥੇ ਆਪਣੇ ਵੱਲੋਂ ਲੋਕ ਅਗਵਾਈ ਦਾ ਪਰਉਪਕਾਰ ਕਮਾਉਂਦੇ ਹਨ, ਉਥੇ ਜੋਗੀਆਂ ਨੂੰ ਵੀ ਇਸੇ ਕੰਮ ਲਈ ਤਿਆਰ ਕਰਦੇ ਹਨ। ਆਪ ਇਹ ਬਰਦਾਸ਼ਤ ਸਹਾਰ ਨਹੀਂ ਸਕਦੇ ਕਿ ਅਜਿਹੇ ਔਖੇ ਸਮੇਂ ਜੋਗੀਆਂ ਦੀਆਂ ਮੰਡਲੀਆਂ ਲੋਕ-ਅਗਵਾਈ ਤੋਂ ਮੂੰਹ ਮੋੜ ਕੇ ਪਰਬਤਾਂ ਵਿੱਚ ਛੁਪੀਆਂ ਬੈਠੀਆਂ ਰਹਿਣ। ਇਸ ਲਈ, ਆਪ ਉਨ੍ਹਾਂ ਨੂੰ ਉਪਦੇਸ਼ਦੇ ਹਨ ਕਿ ਸਮਾਜਕ ਜੀਵਨ ਅਪਣਾਉਂਦਿਆਂ, ਲੋਕਾਂ ਨਾਲ ਸਾਂਝ ਪਾ ਕੇ ਉਨ੍ਹਾਂ ਦੀ ਸੁਚੱਜੀ ਅਗਵਾਈ ਕਰ ਕੇ ਵਿਖਾਓ। ਆਪ ਨਿੱਗਰ ਦਲੀਲਾਂ ਰਾਹੀਂ ਸਿਧ ਜੋਗੀਆਂ ਨੂੰ ਇਹ ਮੰਨਾਣ ਵਿੱਚ ਸਫਲ ਰਹਿੰਦੇ ਹਨ ਕਿ ਇਸ ਸਮੇਂ ਦਾ ਠੀਕ ਜੀਵਨ-ਮਾਰਗ ਸੰਸਾਰੀ ਝੰਜਟਾਂ ਤੋਂ ਭਾਜ ਖਾਣ ਵਾਲਾ ਨਿਵਿਰਤੀ ਜੀਵਨ-ਮਾਰਗ ਨਹੀਂ, ਸਗੋਂ ਇਨ੍ਹਾਂ ਝੰਜਟਾਂ ਦਾ ਪੂਰਾ ਸਾਹਮਣਾ ਕਰਨ ਵਾਲਾ ਪਰਵਿਰਤੀ ਜੀਵਨ-ਮਾਰਗ ਹੈ।

ਇਸ ਗੋਸ਼ਟਿ ਵਿੱਚ ਗੁਰੂ ਨਾਨਕ ਦੇਵ ਜੀ ਵੱਲੋਂ ਸਿੱਧ ਜੋਗੀਆਂ ਉਤੇ ਜਿੱਤ ਪ੍ਰਾਪਤ ਕਰਨ ਦਾ ਸਿੱਟਾ ਹੀ ਹੈ ਕਿ ਅੱਜ ਭਾਰਤੀ ਅਤੇ ਵਿਸ਼ੇਸ਼ ਕਰਕੇ ਪੰਜਾਬੀ ਲੋਕ ਗ੍ਰਿਹਸਤ ਦੇ ਕਰਤੱਵ ਨਿਭਾਣ ਲਈ ਹੱਥ-ਭੰਨਵੀਂ ਮਿਹਨਤ ਕਰਨਾ ਬੜੀ ਮਾਣ ਵਾਲੀ ਗੱਲ ਸਮਝਦੇ ਹਨ। ਘਰਬਾਰੀ ਬਣ ਕੇ ਕਿਰਤ ਕਰਨ ਵਾਲੀ ਇਹ ਵਿਧ ਗੁਰੂ ਨਾਨਕ ਦੇਵ

87. ਵਾਰਾਂ ਭਾਈ ਗੁਰਦਾਸ, ਵਾਰ ਪਹਿਲੀ, ਪਉੜੀ, 29, ਪੰਨਾ 27.

ਜੀ ਦੀ ਹੀ ਚਲਾਈ ਹੋਈ ਹੈ। ਇਸ ਗੱਲ ਨੂੰ ਮੁੱਖ ਰੱਖਦਿਆਂ ਪ੍ਰੋ. ਰਾਮ ਸਿੰਘ ਨੇ ਲਿਖਿਆ ਹੈ:-

> " ਕਿਰਤ, ਵਿਹਾਰ, ਗ੍ਰਿਹਸਿਤ ਤੇ ਇਸਤ੍ਰੀ ਦੀ ਨਿੰਦਿਆ ਕਰਨ ਵਾਲੀ ਜਿਸ ਵੀਚਾਰਧਾਰਾ ਵਿੱਚ ਦੇਸ਼ ਦੀ ਗੁਲਾਮੀ ਦਾ ਭੇਦ ਲੁਕਿਆ ਹੋਇਆ ਸੀ, ਗੁਰੂ ਨਾਨਕ ਕਦਮ ਕਦਮ ਉਤੇ ਉਸ ਦਾ ਵਿਰੋਧ ਕਰਦੇ ਰਹੇ। ਉਨ੍ਹਾਂ ਦੇ ਮਨ ਵਿੱਚ ਅਜਿਹੇ ਵੀਚਾਰਾਂ ਪ੍ਰਤੀ ਸਖਤ ਰੋਹ ਸੀ। ਉਹ ਮੰਗ ਕੇ ਖਾਣ ਨਾਲੋਂ ਵੰਡ ਕੇ ਖਾਣ ਨੂੰ ਸੁਚੱਜੀ ਜੀਵਨ-ਜਾਚ ਮੰਨਦੇ ਸਨ ਤੇ ਜੋਗੀਆਂ ਨਾਥਾਂ ਦੀ ਸੋਚਣੀ ਨੂੰ ਕਿਸੇ ਹੋਰ ਨਿਰਾਸ਼ਵਾਦਾਂ ਵਿੱਚ ਆ ਕੇ ਚੁੱਪ-ਚਾਪ ਬਰਦਾਸ਼ਤ ਨਹੀਂ ਸਨ ਕਰ ਸਕਦੇ।"[88]

<u>ਸੱਚੀ ਅਤੇ 'ਕਰਣੀ ਕਾਰ'</u>

ਗੁਰੂ ਨਾਨਕ ਦੇਵ ਜੀ ਨੇ 'ਸਿਧ ਗੋਸਟਿ' ਵਿੱਚ ਜਿਥੇ ਕਾਰਜ-ਭਰਪੂਰ ਕਿਰਤੀ ਜੀਵਨ ਬਿਤਾਣ ਉਤੇ ਬਲ ਦਿੱਤਾ ਹੈ, ਉਥੇ ਸੱਚੀ ਅਤੇ 'ਕਰਣੀ ਕਾਰ' ਕਮਾਣ ਉਤੇ ਵੀ ਵਿਸ਼ੇਸ਼ ਬਲ ਦਿੱਤਾ ਹੈ। ਇਸ ਸੰਬੰਧੀ ਵੀ ਆਪ ਗੁਰਮੁਖ ਦੇ ਆਦਰਸ਼ਕ ਨਮੂਨੇ ਰਾਹੀਂ ਸਭ ਮਨੁੱਖਾਂ ਦੀ ਅਗਵਾਈ ਕਰਦੇ ਹਨ। ਆਪ ਜੋਗੀਆਂ ਨੂੰ ਗੁਰਮੁਖ ਦੀ ਇਹ ਵਿਸ਼ੇਸ਼ਤਾ ਦ੍ਰਿੜ੍ਹ ਕਰਵਾਉਂਦੇ ਹਨ ਕਿ ਉਹ ਸਦਾ ਸੁੱਚੀ ਕਿਰਤ ਕਰਨ ਅਤੇ 'ਕਰਣੀ-ਕਾਰ' ਕਮਾਣ ਦਾ ਜੀਵਨ ਮਾਰਗ ਅਪਣਾਉਂਦਾ ਹੈ:-

1) ਗੁਰਮੁਖਿ ਸਾਚੀ ਕਾਰ ਕਮਾਇ॥
ਗੁਰਮੁਖਿ ਸਾਚੇ ਮਨੁ ਪਤੀਆਇ॥[89]

2) ਗੁਰਮੁਖਿ ਕਰਣੀ ਕਾਰ ਕਰਾਏ॥
ਨਾਨਕ ਗੁਰਮੁਖਿ ਮੇਲਿ ਮਿਲਾਏ॥[90]

ਗੁਰੂ ਨਾਨਕ ਦੇਵ ਜੀ ਇਥੇ ਇਹ ਗੱਲ ਵੀ ਚੰਗੀ ਤਰ੍ਹਾਂ ਸਮਝਾ ਦਿੰਦੇ ਹਨ ਕਿ ਗੁਰਮੁਖ ਸਦਾ 'ਸਚੀ' ਅਤੇ 'ਕਰਣੀ ਕਾਰ' ਇਸ ਲਈ ਕਰਦਾ ਹੈ ਕਿ ਉਹ ਹਰ ਘੜੀ ਨਾਮ-

---

88. "ਭਾਈ ਗੁਰਦਾਸ ਦੀ ਪਹਿਲੀ ਵਾਰ ਵਿੱਚ ਗੁਰੂ ਨਾਨਕ ਦਾ ਸਰੂਪ" - 'ਆਲੋਚਨਾ', ਪੰਨਾ 63 (ਜਨਵਰੀ-ਅਪ੍ਰੈਲ, 1969).
89. "ਸਿਧ ਗੋਸਟਿ, ਆਦਿ ਗ੍ਰੰਥ, ਪੰਨਾ 942.
90. -ਉਹੀ- , -ਉਹੀ-, ਪੰਨਾ -ਉਹੀ-.

ਸਿਮਰਨ ਵਿੱਚ ਲੀਨ ਰਹਿੰਦਾ ਹੈ। ਗੁਰੂ ਜੀ ਦੇ ਵਿਚਾਰ ਅਨੁਸਾਰ, ਨਾਮ ਵਿੱਚ ਰੰਗੇ ਹੋਏ ਮਨੁੱਖ ਦੀ 'ਕਾਰ' ਸਦਾ ਸੱਚੀ ਹੁੰਦੀ ਹੈ, ਕਿਉਂਕਿ:

ਨਾਮਿ ਰਤੇ ਸਚੁ ਕਰਣੀ ਸਾਰੁ॥
ਨਾਮਿ ਰਤੇ ਗੁਣ ਗਿਆਨ ਬੀਚਾਰੁ॥[91]

ਇਉਂ, ਗੁਰੂ ਨਾਨਕ ਦੇਵ ਜੀ, 'ਸਿਧ ਗੋਸਟਿ' ਵਿੱਚ ਮਨੁੱਖ ਨੂੰ ਇਕ ਅਜਿਹੇ ਆਦਰਸ਼ਕ ਮਨੁੱਖ ਦੇ ਰੂਪ ਵਿੱਚ ਪੇਸ਼ ਕਰਦੇ ਹਨ, ਜਿਹੜਾ ਆਪਣੇ ਜੀਵਨ ਵਿੱਚ ਨਾਮ-ਸਿਮਰਨ ਅਤੇ 'ਸੱਚ ਕਰਣੀ', ਦੇ ਸੁਮੇਲ ਰਾਹੀਂ ਸੰਪੂਰਣ ਵਿਅਕਤਿਤਵ ਵਿਕਾਸ ਪ੍ਰਾਪਤ ਕਰ ਕੇ ਵਿਖਾਉਂਦਾ ਹੈ। ਗੁਰੂ ਜੀ ਇਹੋ ਜਿਹੇ ਸੰਪੂਰਣ ਵਿਅਕਤਿਤਵ ਵਾਲੇ ਮਨੁੱਖ ਨੂੰ ਹੀ ਲੋਕ-ਅਗਵਾਈ ਦੇ ਯੋਗ ਸਮਝਦੇ ਹਨ, ਕਿਉਂਕਿ ਉਹ ਹੋਰ ਲੋਕਾਂ ਨੂੰ ਵੀ ਇਹੋ ਜਿਹੇ ਜੀਵਨ ਵਿਕਾਸ ਵੱਲ ਵਧਾ ਸਕਦਾ ਹੈ।

ਸਿਧ ਜੋਗੀ ਆਪਣੇ ਮਤ ਵਿੱਚ 'ਨਾਥ' ਨੂੰ ਆਦਰਸ਼ਕ ਮਨੁੱਖ ਮੰਨ ਕੇ ਉਸ ਦੀ ਅਗਵਾਈ ਪਰਵਾਨ ਕਰਦੇ ਹਨ, ਪਰ ਗੁਰੂ ਨਾਨਕ ਦੇਵ ਜੀ ਜੋਗੀਆਂ ਨੂੰ ਇਹ ਦ੍ਰਿੜ ਕਰਵਾ ਦਿੰਦੇ ਹਨ ਕਿ ਮਾਨਵਤਾ ਦੇ ਸੰਪੂਰਣ ਵਿਕਾਸ ਲਈ 'ਗੁਰਮੁਖ' ਦੀ ਅਗਵਾਈ 'ਨਾਥ' ਦੀ ਅਗਵਾਈ ਨਾਲੋਂ ਕਿਤੇ ਵਧੇਰੇ ਗੁਣਕਾਰੀ ਹੈ। 'ਨਾਥ' ਕੇਵਲ ਰਿਧੀਆਂ ਸਿਧੀਆਂ ਦੀ ਪ੍ਰਾਪਤੀ ਉਤੇ ਬਲ ਦਿੰਦਾ ਹੋਇਆ ਮਨੁੱਖ ਦਾ ਇਕ ਪੱਖੀ ਵਿਕਾਸ ਕਰਦਾ ਹੈ ਅਤੇ ਉਸਦੇ ਸੰਪੂਰਣ ਵਿਕਾਸ ਵੱਲ ਧਿਆਨ ਨਹੀਂ ਦਿੰਦਾ, ਪਰ ਗੁਰਮੁਖ ਲੋਕਾਂ ਨੂੰ ਅਜਿਹੀ ਅਗਵਾਈ ਪ੍ਰਦਾਨ ਕਰਦਾ ਹੈ, ਜਿਹੜੀ ਉਨ੍ਹਾਂ ਨੂੰ ਬਹੁ-ਪੱਖੀ ਜਾਂ ਸੰਪੂਰਣ ਵਿਅਕਤਿਤਵ ਵਿਕਾਸ ਪ੍ਰਾਪਤ ਕਰਨ ਦੇ ਯੋਗ ਬਣਾ ਦਿੰਦੀ ਹੈ। ਗੁਰੂ ਨਾਨਕ ਦੇਵ ਜੀ ਇਥੇ ਇਹ ਦਰਸਾਣ ਦਾ ਜਤਨ ਕਰਦੇ ਹਨ ਕਿ ਗੁਰਮੁਖ ਸਦਾ ਗੁਰੂ ਦੀ ਆਗਿਆ ਦਾ ਪਾਲਣ ਕਰਦਾ ਹੈ। ਇਸ ਲਈ, ਜਿਹੜੇ ਲੋਕ ਉਸ ਦੀ ਅਗਵਾਈ ਪ੍ਰਾਪਤ ਕਰਦੇ ਹਨ, ਉਹ ਵਾਸਤਵ ਵਿੱਚ, ਗੁਰੂ ਦੀ ਹੀ ਅਗਵਾਈ ਪ੍ਰਾਪਤ ਕਰ ਲੈਂਦੇ ਹਨ।

### ਕਾਰਜਹੀਣ ਭੇਖਾਂ ਦਾ ਖੰਡਣ

ਸਰਬ ਮਨੁੱਖਤਾ ਦੀ ਉਚਿਤ ਅਗਵਾਈ ਖਾਤਰ ਗੁਰੂ ਨਾਨਕ ਦੇਵ ਜੀ ਨੇ 'ਸਿਧ ਗੋਸਟਿ' ਵਿੱਚ ਜੋਗੀਆਂ ਦੇ ਕਾਰਜਹੀਣ ਭੇਖਾਂ ਦਾ ਬਲਵਾਨ ਖੰਡਣ ਕੀਤਾ ਹੈ। ਸਿਧ ਜੋਗੀਆਂ ਨੇ ਵੱਖ ਵੱਖ ਭੇਖ ਧਾਰ ਕੇ ਆਪਣੇ ਬਾਰ੍ਹਾਂ ਮਾਰਗ ਬਣਾਏ ਹੋਏ ਸਨ ਅਤੇ

91. ਸਿਧ ਗੋਸਟਿ, ਆਦਿ ਗ੍ਰੰਥ, ਪੰਨਾ 941.

ਸੰਨਿਆਸੀਆਂ ਨੇ ਸਿਰ ਮੁੰਡ ਘੜੇ ਕੀਤੇ ਹੋਏ ਸਨ। ਪਰ ਗੁਰੂ ਜੀ ਇਨ੍ਹਾਂ ਨੂੰ ਕਾਰਜਸਾਧਨਾਂ ਦੇ ਰੂਪ, ਸਮਝ ਕੇ ਅਪ੍ਰਵਾਨ ਕਰਦੇ ਹੋਏ ਦਰਸਾਉਂਦੇ ਹਨ:-

ਬਾਰਹ ਮਹਿ ਜੋਗੀ ਭਰਮਾਏ ਸੰਨਿਆਸੀ ਛਿਅ ਚਾਰਿ॥
ਗੁਰ ਕੈ ਸਬਦਿ ਜੋ ਮਰਿ ਜੀਵੈ ਸੋ ਪਾਏ ਮੋਖ ਦੁਆਰੁ॥[92]

ਦੂਜੇ ਪਾਸੇ, ਸਿਧ ਜੋਗੀ ਆਪਣੇ ਵੱਖ ਵੱਖ ਭੇਖਾਂ ਨੂੰ ਬੜਾ ਜ਼ਰੂਰੀ ਸਮਝਦੇ ਹਨ। ਉਹ ਗੁਰੂ ਨਾਨਕ ਦੇਵ ਜੀ ਨੂੰ ਵੀ ਇਹੋ ਜਿਹਾ ਕੋਈ ਭੇਖ ਧਾਰਨ ਅਤੇ ਬਾਰ੍ਹਾਂ ਵਿਚੋਂ ਕੋਈ ਇਕ ਜੋਗ-ਮਾਰਗ ਅਪਣਾਨ ਦੀ ਪ੍ਰੇਰਣਾ ਕਰਦੇ ਹਨ:-

ਦਰਸਨੁ ਭੇਖ ਕਰਹੁ ਜੋਗਿੰਦ੍ਰਾ ਮੁੰਦ੍ਰਾ ਝੋਲੀ ਖਿੰਥਾ॥
ਬਾਰਹ ਅੰਤਰਿ ਏਕੁ ਸਰੇਵਹੁ ਖਟੁ ਦਰਸਨ ਇਕ ਪੰਥਾ॥[93]

ਪਰ, ਗੁਰੂ ਜੀ ਇਹਨਾਂ ਭੇਖਾਂ ਅਤੇ ਬੰਧਨਾਂ ਨੂੰ ਨਿਰਮੂਲ ਸਮਝਦੇ ਹਨ ਅਤੇ ਸਵੈ-ਕਾਬੂ ਵਾਲਾ ਸੁਚੱਜਾ ਜੀਵਨ ਬਿਤਾਣ ਨੂੰ ਅਸਲ ਜੋਗ ਦਰਸਾਉਂਦੇ ਹਨ:-

ਅੰਤਰਿ ਸਬਦੁ ਨਿਰੰਤਰਿ ਮੁਦ੍ਰਾ ਹਉਮੈ ਮਮਤਾ ਦੂਰਿ ਕਰੀ॥
ਕਾਮੁ ਕ੍ਰੋਧੁ ਅਹੰਕਾਰੁ ਨਿਵਾਰੈ ਗੁਰ ਕੈ ਸਬਦਿ ਸੁ ਸਮਝ ਪਰੀ॥
ਖਿੰਥਾ ਝੋਲੀ ਭਰਿਪੁਰਿ ਰਹਿਆ ਨਾਨਕ ਤਾਰੈ ਏਕੁ ਹਰੀ॥[94]

ਇਸ ਮਗਰੋਂ ਸਿਧ ਜੋਗੀ ਗੁਰੂ ਜੀ ਨੂੰ ਇਹ ਕਹਿੰਦੇ ਹਨ ਕਿ ਹੱਥ ਵਿੱਚ ਜੋਗੀਆਂ ਵਾਲਾ ਖੱਪਰ ਚੁੱਕੇ ਬਿਨਾਂ ਅਤੇ ਸਿਰ ਉਤੇ ਜੋਗੀਆਂ ਵਾਲੀ ਟੋਪੀ ਰੱਖੇ ਬਿਨਾਂ ਕਿਸੇ ਮਨੁੱਖ ਦਾ ਕਲਿਆਨ ਨਹੀਂ ਹੋ ਸਕਦਾ। ਪਰ, ਗੁਰੂ ਜੀ ਉਨ੍ਹਾਂ ਨੂੰ ਉੱਤਰ ਦਿੰਦੇ ਹਨ ਕਿ ਅਸੀਂ ਤਾਂ ਆਪਣਾ ਖੱਪਰ ਸਦਾ ਲਈ ਮੂਧਾ ਮਾਰਿਆ ਹੋਇਆ ਹੈ, ਅਰਥਾਤ ਖੋਟ ਵਾਲੀ ਬਿਰਤੀ ਦਾ ਤਿਆਗ ਕੀਤਾ ਹੋਇਆ ਹੈ, ਇਸ ਲਈ ਕੋਈ ਹੋਰ ਖੱਪਰ ਸਾਡੇ ਲਈ ਨਿਰਮੂਲ ਹੈ। ਇਸੇ ਤਰ੍ਹਾਂ, ਆਪ ਜੋਗੀਆਂ ਵਾਲੀ ਟੋਪੀ ਨੂੰ ਵੀ ਨਿਰਮੂਲ ਸਮਝਦੇ ਹਨ ਅਤੇ

---

92. ਰਾਮਕਲੀ ਮ: 1, ਸਿਧ ਗੋਸਟਿ, ਆਦਿ ਗ੍ਰੰਥ, ਪੰਨਾ 941-42.
93. -ਉਹੀ- , -ਉਹੀ- , -ਉਹੀ-, ਪੰਨਾ 939
94. -ਉਹੀ- , -ਉਹੀ-, ਪੰਨਾ -ਉਹੀ-.

ਦਸਦੇ ਹਨ ਕਿ ਜਦ ਸਾਡੇ ਸਿਰ ਉਤੇ ਆਕਾਸ਼ ਰੂਪੀ ਟੋਪੀ ਹਰ ਸਮੇਂ ਰੱਖੀ ਹੋਈ ਹੈ ਤਾਂ ਕੋਈ ਹੋਰ ਟੋਪੀ ਸਿਰ ਉਤੇ ਰੱਖਣ ਦੀ ਲੋੜ ਹੀ ਨਹੀਂ ਹੈ। ਇਸਤਰ੍ਹਾਂ, ਆਪ ਜੋਗੀਆਂ ਦੇ ਕਈ ਹੋਰ ਚਿੰਨ੍ਹਾਂ ਨੂੰ ਵੀ ਨਿਰਮੂਲ ਸਿਧ ਕਰਦਿਆਂ ਦਰਸਾਉਂਦੇ ਹਨ:-

ਉਧਉ ਖਪਰੁ ਪੰਚਭੂ ਟੋਪੀ।।
ਕਾਂਇਆ ਕੜਾਸਣੁ ਮਨੁ ਜਾਗੋਟੀ।।[95]

ਇਹ ਕਿੰਨੇ ਕਮਾਲ ਦੀ ਗੱਲ ਹੈ ਕਿ ਸਿਧ ਜੋਗੀਆਂ ਨਾਲ ਗੋਸ਼ਟਿ ਕਰਨ ਵੇਲੇ ਭੇਖ ਧਾਰੀਆਂ ਦੇ ਇੰਨੇ ਵੱਡੇ ਸਮੂਹ ਵਿਚ ਇਕੱਲੇ ਘਿਰੇ ਹੋਏ ਵੀ ਗੁਰੂ ਨਾਨਕ ਦੇਵ ਉਨ੍ਹਾਂ ਦੇ ਸਾਰੇ ਭੇਖਾਂ ਦਾ ਬਲਵਾਨ ਖੰਡਣ ਕਰਨ ਅਤੇ ਉਨ੍ਹਾਂ ਦੇ ਜੋਗ-ਚਿੰਨ੍ਹਾਂ ਨੂੰ ਵਿਅਰਥ ਅਤੇ ਨਿਰਮੂਲ ਦਰਸਾਉਣੋਂ ਜ਼ਰਾ ਨਹੀਂ ਝਕਦੇ। ਇਸ ਦਾ ਕਾਰਣ ਇਹ ਹੈ ਕਿ ਆਪ ਜੀ ਦੇ ਹਿਰਦੇ ਵਿੱਚ ਸਰਬ-ਲੋਕ-ਕਲਿਆਣ ਦਾ ਉਦੇਸ਼ ਭਰਪੂਰ ਹੈ। ਇਹ ਉਦੇਸ਼ ਆਪ ਜੀ ਅੰਦਰ ਅਜਿਹੇ ਹਰੇਕ ਵਿਚਾਰ ਜਾਂ ਚਿੰਨ੍ਹ ਦੀ ਡੱਟ ਕੇ ਵਿਰੋਧਤਾ ਕਰਨ ਦੀ ਸ਼ਕਤੀ ਭਰਪੂਰ ਕਰਦਾ ਹੈ, ਜਿਹੜਾ ਲੋਕ-ਕਲਿਆਣ ਦੇ ਉਲਟ ਜਾਂਦਾ ਹੈ। ਗੁਰੂ ਜੀ ਸਿਧ ਜੋਗੀਆਂ ਦੇ ਸਭ ਭੇਖਾਂ, ਚਿੰਨ੍ਹਾਂ, ਅਭਿਆਸਾਂ ਅਤੇ ਰਿਧੀਆਂ ਸਿਧੀਆਂ ਨੂੰ ਲੋਕ-ਕਲਿਆਣ ਦੇ ਉਲਟ ਜਾਂਦਿਆਂ ਵੇਖ ਕੇ ਉਨ੍ਹਾਂ ਦਾ ਬਲਵਾਨ ਖੰਡਣ ਕਰਨ ਦੀ ਅਥਾਹ ਸ਼ਕਤੀ ਧਾਰ ਵਿਖਾਉਂਦੇ ਹਨ। ਭਾਈ ਗੁਰਦਾਸ ਜੀ ਦੀ ਪ੍ਰਸਟੀ ਅਨੁਸਾਰ, ਗੁਰੂ ਜੀ ਜੋਗੀਆਂ ਦੀਆਂ ਇਨ੍ਹਾਂ ਸਭ ਕਰਾਮਾਤੀ ਸ਼ਕਤੀਆਂ ਨੂੰ ਬਦਲ ਦੀ ਛਾਂ ਤੋਂ ਬਿਨਾਂ ਹੋਰ ਕੁਝ ਨਹੀਂ ਸਮਝਦੇ। ਇਸ ਸੰਬੰਧੀ ਭਾਈ ਗੁਰਦਾਸ ਜੀ ਦਰਸਾਉਂਦੇ ਹਨ ਕਿ ਜਦ ਜੋਗੀਆਂ ਨੇ ਗੁਰੂ ਜੀ ਨੂੰ ਕਰਾਮਾਤ ਵਿਖਾਣ ਲਈ ਕਿਹਾ ਤਾਂ ਆਪਜੀ ਨੇ ਇਹ ਉਤਰ ਦਿੱਤਾ :-

"ਬਾਬਾ ਬੋਲੇ ਨਾਥ ਜੀ ਸਬਦ ਸੁਨਹੁ ਸਚ ਮੁਖਹੁ ਅਲਾਈ।
ਬਾਝਹੁ ਸਚੇ ਨਾਮ ਦੇ ਹੋਰ ਕਰਾਮਾਤ ਅਸਾਥੈ ਨਾਹੀ।
ਕਰੋ ਰਸੋਈ ਸਾਰ ਦੀ ਸਗਲੀ ਧਰਤੀ ਨਥ ਚਲਾਈ।
ਬਸਤਰ ਪਹਿਰੋ ਅਗਨਿ ਦੇ ਬਰਫ ਹਿਮਾਲੇ ਮੰਦਰ ਛਾਈ।
ਏਵਡ ਕਰੀ ਵਿਥਾਰ ਕਉ ਸਗਲੀ ਧਰਤੀ ਹੱਕੀ ਜਾਈ।
ਤੋਲੀ ਧਰਤਿ ਅਕਾਸ਼ ਦੁਇ ਪਿਛੈ ਛਾਬੇ ਟੰਕ ਚੜਾਈ।

95. ਰਾਮਕਲੀ ਮ: 1, ਸਿਧ ਗੋਸ਼ਟਿ, ਆਦਿ ਗ੍ਰੰਥ, ਪੰਨਾ 939.

ਇਹੁ ਜਗੁ ਤੁਮਾ ਆਪਿ ਵਿਚਿ ਜਿਸ ਆਖਾ ਤਿਸੁ ਪਾਰ ਕਰਾਹੀ।
ਸਤਿਨਾਮ ਬਿਨ ਬਾਦਰ ਛਾਹੀ।।96

ਗੁਰੂ ਨਾਨਕ ਦੇਵ ਜੀ ਜਾਣਦੇ ਸਨ ਕਿ ਸਿਧ ਜੋਗੀ ਕੁਝ ਕਰਾਮਾਤੀ ਸ਼ਕਤੀਆਂ ਰੱਖਦੇ ਸਨ, ਪਰ ਉਹ ਉਨ੍ਹਾਂ ਨੂੰ ਲੋਕ-ਲਾਭ ਲਈ ਵਰਤਣ ਦੇ ਥਾਂ ਗਲਤ ਪਾਸੇ ਵਰਤਦੇ ਸਨ/ਰਿੱਧ-ਸ਼ਕਤੀ ਦਾ ਚਮਤਕਾਰ ਵਿਖਾਉਂਦੇ ਸਨ। ਇਸ ਲਈ ਨਾਥ ਜੋਗ ਧਾਰਨਾ ਬੜਾ ਕਠਿਨ ਕੰਮ ਹੈ। ਪ੍ਰੋ. ਪਿਆਰਾ ਸਿੰਘ ਪਦਮ ਨੇ ਇਸ ਗੱਲ ਨੂੰ ਮੁੱਖ ਰੱਖ ਕੇ ਦਰਸਾਇਆ ਹੈ ਕਿ ਜੋਗ ਮਾਰਗ ਉਤੇ ਠੀਕ ਤਰ੍ਹਾਂ ਚੱਲ ਸਕਣਾ ਬੜਾ ਕਠਿਨ ਕੰਮ ਹੈ।-

"ਇਸ ਮਾਰਗ-(ਜੋਗ ਮਾਰਗ) ਉਤੇ ਚਲਣ ਲਈ ਬੜੀ ਕਠਿਨ ਸਾਧਨਾ ਕਰਨੀ ਪੈਂਦੀ ਸੀ। ਇਹ ਹਾਰੀ ਸਾਰੀ ਦਾ ਕੰਮ ਨਹੀਂ ਸੀ। ਕੋਈ ਕੋਈ ਇਹ ਸਾਧਨਾ ਕੀ ਘਟ ਕਈ, ਕੇਵਲ ਬਾਹਰਲਾ ਭੇਖ ਮਾਤਰ ਰਹਿ ਗਿਆ। ਮੁੰਦ੍ਰਾਂ ਪਾਉਣੀਆਂ, ਜਟਾਂ ਵਧਾਉਣੀਆਂ, ਪਿੰਡੇ ਤੇ ਸੁਆਹ ਮਲਣੀ, ਧੂਣੀ ਤਪਾਣਾ, ਆਸਣ ਲਾਉਣਾ, ਵਰਤ ਰੱਖਣਾ, ਘੁੰਮਣ-ਫਿਰਨਾ ਲਈ ਭਿਖਿਆ ਮੰਗਣਾ ਤੇ ਜੰਤ੍ਰ ਮੰਤ੍ਰ ਕਰਨਾ ਆਦਿ - ਇਹ ਜੋਗ ਦੇ ਜ਼ਰੂਰੀ ਕਰਮ ਸਨ। ਪਹਿਲੀ ਗੱਲ ਤਾਂ ਇਹ ਕਿ ਜੋਗੀਆਂ ਦਾ ਪੰਥ ਸੰਸਾਰ-ਤਿਆਗ ਜਾਂ ਵਿਰਕਤੀ ਧਾਰਨ ਨੂੰ ਪਹਿਲੀ ਤੇ ਲਾਜ਼ਮੀ ਗੱਲ ਮੰਨਦਾ ਸੀ ਜੋ ਸੰਸਾਰੀ ਜੀਵਨ ਲਈ ਚੰਗਾ ਨਹੀਂ ਸੀ। ਦੂਜੇ, ਉਹ ਇਤਨਾ ਕਠਿਨ ਸੀ, ਹਰ ਕੋਈ ਕਰ ਨਹੀਂ ਸੀ ਸਕਦਾ। ਤੀਜੇ, ਅਜਿਹਾ ਕਰਨ ਨਾਲ ਵੀ ਉਚ-ਆਚਾਰ ਦੀ ਜ਼ਮਾਨਤ ਨਹੀਂ ਸੀ ਕਰੀ ਜਾ ਸਕਦੀ। ਚੌਥੇ, ਜੇ ਕੋਈ ਸਿੱਧੀ ਪ੍ਰਾਪਤ ਕਰ ਕੇ ਸਿੱਧ ਜਾਂ ਨਾਥ ਬਣ ਜਾਂਦਾ, ਉਹ ਆਪਣੀ ਕਰਾਮਾਤੀ ਜ਼ੋਰ ਨਾਲ ਲੋਕਾਂ ਨੂੰ ਮਗਰ ਲਗਾਉਣਾ ਹੀ ਵੱਡੀ ਪ੍ਰਾਪਤੀ ਸਮਝਦਾ ਸੀ। ਸਮਾਜ-ਕਲਿਆਣ ਉਸ ਦੇ ਆਦਰਸ਼ ਵਿਚ ਸ਼ਾਮਿਲ ਨਹੀਂ ਸੀ। ਇਹੋ ਕਾਰਣ ਹੈ ਕਿ ਜੋਗ ਇਕ ਖਾਸੀ ਜੀਵਨ ਦੀ ਪ੍ਰਕ੍ਰਿਆ ਰੱਖਣ ਦੇ ਬਾਵਜੂਦ ਆਮ ਲੋਕ-ਜੀਵਨ ਲਈ ਹਿਤਕਾਰੀ ਸਿੱਧ ਨਾ ਹੋਇਆ।"97

---

96. "ਵਾਰਾਂ ਭਾਈ ਗੁਰਦਾਸ"-ਵਾਰ ਪਹਿਲੀ, ਪਉੜੀ 43, ਪੰਨਾ 40.

97. "ਜੋਗ ਪੰਥ"- ਗੁਰੂ ਨਾਨਕ ਵਿਸ਼ੇਸ਼ ਅੰਕ- ਨਵੰਬਰ, 1969, ਪੰਨਾ 127.

ਇਸ ਤੋਂ ਪਤਾ ਲੱਗਦਾ ਹੈ ਕਿ ਯੋਗ-ਮਾਰਗ ਕਰਾਮਾਤਾਂ ਵਿਖਾਣ ਦਾ ਮਾਰਗ ਸੀ ਅਤੇ ਇਹ ਲੋਕ-ਸੇਵਾ ਲਈ ਕਿਸੇ ਤਰ੍ਹਾਂ ਵੀ ਵਿਹਾਰੀ ਮਾਰਗ ਨਹੀਂ ਸੀ। ਗੁਰੂ ਨਾਨਕ ਦੇਵ ਕੇਵਲ ਲੋਕ-ਵਿਹਾਰੀ ਜੀਵਨ-ਮਾਰਗ ਉਤੇ ਚੱਲਣ ਦੇ ਸਮਰਥਕ ਹਨ। ਇਸ ਲਈ ਆਪਜੀ ਨੇ ਲੋਕਾਂ ਦੀ ਇਸੇ ਮਾਰਗ ਉਤੇ ਚੱਲਣ ਦੀ ਅਗਵਾਈ ਕੀਤੀ।

ਵਾਸਤਵ ਵਿੱਚ, ਗੁਰੂ ਨਾਨਕ ਦੇਵ ਜੀ ਹਰ ਤਰ੍ਹਾਂ ਦੇ ਸੁਆਰਥੀ ਅਤੇ ਕਾਰਜ-ਹੀਣ ਭੇਖਾਂ ਦਾ ਖੰਡਣ ਕਰਦੇ ਹਨ, ਭਾਵੇਂ ਇਹ ਬ੍ਰਾਹਮਣਾਂ ਵਿੱਚ ਪ੍ਰਚੱਲਿਤ ਸਨ, ਭਾਵੇਂ ਸਿੱਧ ਜੋਗੀਆਂ ਵਿੱਚ। ਗੁਰੂ ਜੀ ਦੇਸ਼ ਦੇ ਲੋਕਾਂ ਨੂੰ ਇਨ੍ਹਾਂ ਭੇਖ ਧਾਰੀਆਂ ਦੇ ਕਾਰਜਹੀਣ ਭੇਖ ਮਗਰ ਲਗਾਕੇ ਨਿਰਉਦਮੀ ਨਹੀਂ ਬਣਾਨਾ ਚਾਹੁੰਦੇ। ਆਪ ਚਾਹੁੰਦੇ ਹਨ ਕਿ ਸਭ ਲੋਕ ਬਦੇਸ਼ੀ ਰਾਜ ਦੇ ਜ਼ੁਲਮਾਂ ਦਾ ਟਾਕਰਾ ਕਰਨ ਲਈ ਆਪਣੀਆਂ ਭੁਜਾਵਾਂ ਵਿੱਚ ਪੂਰਾ ਬਲ ਭਰ ਕੇ ਉਦਮੀ ਬਣ ਵਿਖਾਣ। ਇਸ ਲਈ, ਆਪ ਸਭ ਲੋਕਾਂ ਨੂੰ ਉਦਮੀ ਅਤੇ ਉਪਕਾਰੀ ਪ੍ਰੇਰਣਾ ਰਾਹੀਂ ਸਵੈ-ਸ਼ਕਤੀ ਅਤੇ ਸਵੈ-ਭਰੋਸੇ ਵਿੱਚ ਨਿਪੁੰਨ ਬਣਾਨ ਦਾ ਜਤਨ ਕਰਦੇ ਹਨ। ਗੁਰੂ ਜੀ ਲੋਕਾਂ ਨੂੰ ਹਰ ਪਾਸਿਓਂ ਇਹੋ ਜਿਹੀ ਪ੍ਰੇਰਣਾ ਦੇਣਾ ਚਾਹੁੰਦੇ ਹਨ ਤਾਂ ਜੁ ਉਹ ਹਰ ਜ਼ੁਲਮ ਦਾ ਟਾਕਰਾ ਕਰਨ ਦੇ ਯੋਗ ਬਣ ਸਕਣ। ਇਸ ਲਈ ਆਪ ਜੋਗੀਆਂ ਨੂੰ ਪੂਰੀ ਤਰ੍ਹਾਂ ਕਾਰਜਸ਼ੀਲ ਅਤੇ ਉਦਮੀ ਬਣਾ ਕੇ ਲੋਕਾਂ ਦੀ ਕਾਰਜਸ਼ੀਲ ਅਗਵਾਈ ਕਰਨ ਦੀ ਜਾਚ ਸਿਖਾਉਂਦੇ ਹਨ।

ਗੁਰੂ ਨਾਨਕ ਦੇਵ ਜੀ ਨੇ 'ਸਿਧ ਗੋਸਟਿ' ਵਿੱਚ ਇਹ ਜਤਨ ਕੀਤਾ ਹੈ ਕਿ ਸਿਧ ਜੋਗੀ ਲੋਕਾਂ ਦੇ ਨੇਕ ਆਗੂ ਬਣਨ ਲਈ ਲੋਕਾਂ ਵਾਲਾ ਜੀਵਨ ਬਿਤਾਣਾ ਪਰਵਾਨ ਕਰਨ। ਆਪ ਉਨ੍ਹਾਂ ਨੂੰ ਵਿਸ਼ੇਸ਼ ਮਾਨਸਿਕ ਸ਼ਕਤੀਆਂ ਜਾਂ ਰਿਧੀਆਂ ਸਿਧੀਆਂ ਪ੍ਰਾਪਤ ਕਰਨ ਦੇ ਥਾਂ ਸਾਧਾਰਣ ਮਨੁੱਖਾਂ ਦੀ ਸਾਧਾਰਣ ਪੱਧਰ ਉਤੇ ਰਹਿਣ ਦੀ ਜੀਵਨ-ਜੁਗਤ ਸਿਖਾਉਂਦੇ ਹਨ। ਸਿਧ ਜੋਗੀ ਆਪਣੇ ਆਪ ਨੂੰ ਸਾਧਾਰਣ ਮਨੁੱਖਾਂ ਤੋਂ ਉਪਰਲੀ ਪੱਧਰ ਦੇ 'ਪਰਾ ਮਨੁੱਖ' ਸਮਝਦੇ ਸਨ। ਉਹ ਸਾਧਾਰਣ ਮਨੁੱਖ ਵਾਂਗ ਕਿਰਤ ਰਾਹੀਂ ਉਪਜੀਵਕਾ ਕਮਾਣ ਤੋਂ ਬਚਣ ਲਈ ਹੀ ਭੇਖ ਧਾਰਨ ਦੇ ਪਖੰਡ ਰਚਾਉਂਦੇ ਸਨ। ਇਸ ਲਈ, ਗੁਰੂ ਜੀ ਜੋਗੀਆਂ ਨੂੰ ਸਭ ਭੇਖਾਂ ਦਾ ਤਿਆਗ ਕਰਕਿਆਂ ਸਾਧਾਰਣ ਲੋਕਾਂ ਵਾਂਗ ਕਿਰਤਸ਼ੀਲ ਬਣ ਕੇ ਸੱਚੇ ਲੋਕ-ਆਗੂ ਬਣਨ ਦਾ ਰਾਹ ਵਿਖਾ ਦਿੰਦੇ ਹਨ।

ਗੁਰੂ ਨਾਨਕ ਦੇਵ ਜੀ ਇਸ ਗੱਲ ਨੂੰ ਜਾਣਦੇ ਸਨ ਕਿ ਸਿਧ ਜੋਗੀ ਵਿਦਵਾਨ ਸਨ, ਪਰ ਉਹ ਆਪਣੀ ਵਿਦਿਆ ਨੂੰ ਲੋਕ-ਅਗਵਾਈ ਲਈ ਨਹੀਂ ਵਰਤ ਰਹੇ। ਇਹ ਗੱਲ ਦੇਸ਼

ਦੀ ਹਰ ਤਰ੍ਹਾਂ ਦੀ ਉੱਨਤੀ ਦੇ ਰਾਹ ਵਿੱਚ ਬੜੀ ਭਾਰੀ ਰੁਕਾਵਟ ਸੀ। ਇਸੇ ਗੱਲ ਨੂੰ ਮੁੱਖ ਰੱਖਦਿਆਂ ਪ੍ਰੋ. ਰਾਮ ਸਿੰਘ ਨੇ ਲਿਖਿਆ ਹੈ:-

> "ਜਦ ਦੇਸ਼ ਦਾ ਵਿਕਾਸ ਆਰਥਕ ਸਮਾਜਿਕ ਹਿਤਾਂ ਨਾਲ ਸੰਬੰਧਿਤ ਨਾ ਹੋਵੇ, ਸਮਾਜਿਕ ਵਿਕਾਸ ਰੁਕ ਜਾਂਦਾ ਹੈ। ਜੇ ਆਮ ਜਨਤਾ ਨੂੰ ਵਿਹਾਰੀ ਤਰਕਾਂ ਅਕਲ, ਦੇਸ਼, ਕਾਲ, ਕਲਾ, ਕਾਰੀਗਰੀ ਤੇ ਕਸਬ ਦੁਆਰਾ ਤਰੱਕੀ ਦੇ ਰਾਹ ਨਾ ਪਾਵੇ ਤਾਂ ਲੋਕਾਂ ਦੀਆਂ ਉਪਜਾਊ ਸ਼ਕਤੀਆਂ ਖੁੰਢੀਆਂ ਹੋ ਜਾਂਦੀਆਂ ਹਨ। ਬ੍ਰਾਹਮਣ ਤੇ ਜੋਗੀ ਭਾਰਤੀ ਸਮਾਜ ਦੇ ਸਮੂਹ ਦੇ ਜ਼ਿੰਮੇਵਾਰ ਸਨ, ਪਰ ਇਨ੍ਹਾਂ ਤੋਂ ਸਿਵਾ ਵੈਦਿਕ ਸਿਖਲਾਈ ਦਾ ਹੋਰ ਕੋਈ ਪ੍ਰਬੰਧ ਨਾ ਹੋਣ ਕਰਕੇ ਨੌਜਵਾਨਾਂ ਨੂੰ ਇਨ੍ਹਾਂ ਦੀ ਹੀ ਸ਼ਰਨ ਜਾਣਾ ਪੈਂਦਾ ਸੀ। ਗੁਰੂ ਨਾਨਕ ਨੇ ਇਨ੍ਹਾਂ ਡੇਰਿਆਂ ਦਾ ਵੱਖਰ ਰਾਹ ਖ਼ਤਮ ਕਰਕੇ ਬੇਰੁਜ਼ਗਾਰ ਨੌਜਵਾਨਾਂ ਦੀ ਇਨ੍ਹਾਂ ਤੋਂ ਖਲਾਸੀ ਕਰਵਾਈ। ਉਹ ਹੌਲੀ ਹੌਲੀ ਗੁਰੂ ਘਰ ਵੱਲ ਰੁਖ ਕਰਨ ਲੱਗ ਪਏ, ਜਿਥੇ ਉਨ੍ਹਾਂ ਨੂੰ ਲੋਕ-ਸੇਵਾ ਲਈ ਤਿਆਰ ਕੀਤਾ ਜਾਣ ਲੱਗ ਪਿਆ।"[98]

ਇਸ ਤੋਂ ਪਤਾ ਲਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਅਤੇ ਸਿਧ ਜੋਗੀਆਂ ਦੀ ਗੋਸਟਿ, ਵਾਸਤਵ ਵਿੱਚ, ਇਸ ਗੱਲ ਦੀ ਟੱਕਰ ਸੀ ਕਿ ਦੇਸ਼ ਦੇ ਨੌਜਵਾਨਾਂ ਦੀ ਅਗਵਾਈ ਕੌਣ ਕਰੇ। ਗੁਰੂ ਨਾਨਕ ਦੇਵ ਸਿਧ ਜੋਗੀਆਂ ਨੂੰ ਉਦੋਂ ਤੱਕ ਇਨ੍ਹਾਂ ਨੌਜਵਾਨਾਂ ਦੀ ਅਗਵਾਈ ਕਰਨ ਦੀ ਆਗਿਆ ਨਹੀਂ ਸਨ ਦੇ ਸਕਦੇ, ਜਦ ਤੱਕ ਉਹ ਭੇਖੀ ਅਤੇ ਕਰਾਮਾਤੀ ਜਾਮਾ-ਤਿਆਗ ਕੇ ਲੋਕ-ਹਿਤਕਾਰੀ ਜਾਂ ਆਮਲੀ ਜਾਮਾ ਧਾਰ ਕੇ ਨਹੀਂ ਸਨ ਵਿਚਰਦੇ। ਇਸ ਲਈ ਆਪ ਦੇਸ਼ ਦੇ ਨੌਜਵਾਨਾਂ ਨੂੰ ਉਨ੍ਹਾਂ ਦੀ ਗਲਤ ਅਗਵਾਈ ਤੋਂ ਬਚਾਉਣਾ ਚਾਹੁੰਦੇ ਸਨ। ਆਪ ਜਾਣਦੇ ਸਨ ਕਿ ਦੇਸ਼ ਦੇ ਨੌਜਵਾਨ ਸਿਧ ਜੋਗੀਆਂ ਦੇ ਪਿਛੇ ਲੱਗ ਕੇ ਕੋਈ ਉਸਾਰੂ ਕੰਮ ਨਹੀਂ ਕਰ ਸਕਦੇ ਅਤੇ ਇਸ ਨਾਲ, ਉਹ ਭੇਖਾਂ ਅਤੇ ਕਰਾਮਾਤਾਂ ਦੇ ਜਾਲ ਵਿੱਚ ਹੀ ਫੱਸ ਕੇ ਰਹਿ ਜਾਂਦੇ। ਪ੍ਰੋ. ਰਾਮ ਸਿੰਘ ਨੇ ਇਸ ਸੰਬੰਧੀ ਇਹ ਦਰਸਾਇਆ ਹੈ ਕਿ ਗੁਰੂ ਨਾਨਕ ਦੇਵ ਅਤੇ ਸਿਧਾਂ ਦੀ ਇਸ ਗੋਸਟਿ ਤੋਂ ਪਹਿਲੇ ਦੇਸ਼ ਦੇ ਨੌਜਵਾਨਾਂ ਦੀ ਅਗਵਾਈ ਵਧੇਰੇ ਕਰ ਕੇ ਬ੍ਰਾਹਮਣ ਅਤੇ ਨਾਥ ਜੋਗੀ ਹੀ ਕਰ ਰਹੇ ਸਨ ਅਤੇ ਉਹ ਇਹ ਅਗਵਾਈ ਗਲਤ ਪਾਸੇ ਵੱਲ ਕਰ ਰਹੇ ਸਨ:-

---

98. "ਆਲੋਚਨਾ", ਗੁਰੂ ਨਾਨਕ ਅੰਕ, ਪੰਨਾ 71 (ਜਨਵਰੀ-ਮਾਰਚ) 1969.

"ਇਕ ਪਾਸੇ ਹੋਮ ਜਗ ਕਰਵਾਉਣ ਵਾਲੇ ਕਰਮਕਾਂਡੀ ਤੇ ਵਰਨ ਆਸ਼੍ਰਮੀ ਬ੍ਰਾਹਮਣ ਤੇ ਦੂਜੇ ਪਾਸੇ ਤਿਆਗ ਵੈਰਾਗ ਤੇ ਜੋਗ-ਅਭਿਆਸ ਵਿੱਚ ਜ਼ਿੰਦਗੀਆਂ ਗੁਆ ਦੇਣ ਵਾਲੇ ਜੋਗੀ ਜਨਤਾ ਉਤੇ ਦੂਹਰਾ ਭਾਰ ਬਣੇ ਹੋਏ ਸਨ। ਇਹ ਦੋਵੇਂ ਸ਼੍ਰੇਣੀਆਂ ਅਣ-ਉਪਜਾਊ ਵਿਅਕਤੀਆਂ ਦੀਆਂ ਧਾੜਾਂ ਦੀਆਂ ਧਾੜਾਂ ਪੈਦਾ ਕਰ ਕੇ ਦੇਸ਼ ਦੀ ਉਪਜ ਉਤੇ ਡਾਕੇ ਧਾੜੇ ਮਾਰ ਰਹੀਆਂ ਸਨ। ਜੇ ਦੇਸ਼ ਨੂੰ ਇਨ੍ਹਾਂ ਦਾ ਕੀਤਾ ਨੁਕਸਾਨ ਇਥੋਂ ਤਕ ਹੀ ਸੀਮਤ ਹੁੰਦਾ ਤਾਂ ਭੀ ਬਹੁਤ ਫਰਕ ਨਾ ਪੈਂਦਾ। ਪਰ ਇਨ੍ਹਾਂ ਦਾ ਸਭ ਤੋਂ ਵੱਡਾ ਨੁਕਸਾਨ ਸਮਾਜ ਦਾ ਬੌਧਿਕ ਘਾਟਾ ਸੀ। ਪਿੰਡਾਂ ਤੇ ਸ਼ਹਿਰਾਂ ਵਿੱਚ ਜਿਥੇ ਕੋਈ ਦਿਮਾਗੀ ਜਾਂ ਸ਼ਖ਼ਸੀਅਤ ਦੇ ਬਲ ਵਾਲਾ ਨੌਜਵਾਨ ਪੈਦਾ ਹੁੰਦਾ ਸੀ, ਉਹ ਬ੍ਰਾਹਮਣਾਂ ਜਾਂ ਜੋਗੀਆਂ ਵੱਲ ਰੁਚ ਕਰਦਾ ਸੀ, ਕਿਉਂਕਿ ਉਨ੍ਹਾਂ ਦੀ ਸੰਗਤ ਵਿਚੋਂ ਹੀ ਉਸ ਨੂੰ ਸਾਧਾਰਣ ਜ਼ਿੰਦਗੀ ਤੋਂ ਚੰਗੀ ਵਧਣ ਦੇ ਅਵਸਰ ਮਿਲਣ ਦੀ ਆਸ ਹੋ ਸਕਦੀ ਸੀ। ਬ੍ਰਾਹਮਣ ਤੇ ਸਿੱਧ ਸਾਡੇ ਸਮਾਜ ਦੇ ਨੌਜਵਾਨਾਂ ਦੇ ਭਵਿਖ ਦੇ ਨੇਤਾਵਾਂ ਦੀ ਸਿਖਲਾਈ ਦੇ ਕੇਂਦਰ ਸਨ। ਪਰ ਜਿਹੜੀ ਸਿਖਲਾਈ ਉਹ ਦੇਂਦੇ ਸਨ, ਉਸ ਦਾ ਸਮਾਜ ਦੀਆਂ ਲੋੜਾਂ ਨਾਲ ਕੋਈ ਸੰਬੰਧ ਨਹੀਂ ਸੀ ਹੁੰਦਾ, ਉਹ ਕੇਵਲ ਵਿਅਕਤੀ ਦੀ ਨਿੱਜੀ ਪ੍ਰਾਪਤੀ ਦਾ ਸਾਧਨ ਬਣ ਸਕਦੀ ਸੀ।"[99]

ਇਸ ਤੋਂ ਸਿੱਧ ਹੋ ਜਾਂਦਾ ਹੈ ਕਿ ਦੇਸ਼ ਦੇ ਨੌਜਵਾਨਾਂ ਦੀ ਠੀਕ ਅਗਵਾਈ ਅਤੇ ਠੀਕ ਸਿਖਲਾਈ ਇਸੇ ਗੱਲ ਉਤੇ ਨਿਰਭਰ ਸੀ ਕਿ 'ਸਿਧ ਗੋਸਟਿ' ਬਾਣੀ ਗੁਰੂ ਨਾਨਕ ਦੇਵ ਅਤੇ ਸਿਧ ਜੋਗੀਆਂ ਦੀਆਂ ਵਿਚਾਰਧਾਰਾਵਾਂ ਵਿਚੋਂ ਕਿਸ ਦੀ ਵਿਚਾਰਧਾਰਾ ਦੀ ਜਿੱਤ ਹੁੰਦੀ ਹੈ। ਇਸ ਸੰਬੰਧੀ ਪ੍ਰੋ: ਰਾਮ ਸਿੰਘ ਨੇ ਬੜੇ ਸੁੰਦਰ ਸ਼ਬਦਾਂ ਵਿੱਚ ਇਹ ਦਰਸਾਇਆ ਹੈ:-

"ਦੋਹਾਂ ਧਿਰਾਂ ਦੀ ਟੱਕਰ ਜ਼ਬਰਦਸਤ ਸੀ ਤੇ ਇਸ ਦੇ ਨਿਰਣੇ ਨਾਲ ਸਮਾਜ ਦੇ ਇਤਿਹਾਸ ਦਾ ਭਵਿੱਖ ਵਾਲਾ ਸੁਰ ਨਿਰਧਾਰਿਤ ਹੋਣਾ ਸੀ। ਜੇ ਜੋਗੀ ਵਿਚਾਰ-ਧਾਰਾ ਜਿੱਤ ਜਾਂਦੀ ਤਾਂ ਪੰਜਾਬ ਅੱਜ ਦੇਸ਼ ਦਾ ਅੰਨ-ਭੰਡਾਰ ਤੇ ਫ਼ੌਜੀ ਢਾਲ ਹੋਣ ਦੀ ਬਜਾਏ ਉਨ੍ਹਾਂ ਵਿਹਲੜ ਸਿਧਾਂ ਦੇ ਨਕਸ਼-ਕਦਮ ਉਤੇ

99. "ਭਾਈ ਗੁਰਦਾਸ ਦੀ ਪਹਿਲੀ ਵਾਰ ਵਿੱਚ ਗੁਰੂ ਨਾਨਕ ਦਾ ਸਰੂਪ" - 'ਆਲੋਚਨਾ', (ਜਨਵਰੀ-ਅਪ੍ਰੈਲ 1969) ਪੰਨਾ 71.

ਚਲਦਾ ਹੁੰਦਾ, ਜੋ ਇਸਲਾਮ ਦੇ ਧਰਮ ਦੀ ਤਾਬ ਨਾ ਲਿਆਉਂਦੇ ਹੋਏ ਪਹਾੜਾਂ ਵਿੱਚ ਜਾ ਲੁਕੇ ਸਨ ਤੇ ਜਿਨ੍ਹਾਂ ਨੂੰ ਗੁਰੂ ਨਾਨਕ ਨੇ ਉਥੇ ਜਾ ਕੇ ਝਿੜਕਿਆ ਸੀ ਕਿ ਲੋਕ-ਸਾਧੂ ਭੇਖ ਦਾ ਦਮ ਭਰਨ ਵਾਲਿਆਂ ਨੂੰ ਸੰਕਟ ਸਮੇਂ ਲੋਕਾਈ ਦਾ ਪੱਲਾ ਛਡਣਾ ਨਹੀਂ ਚਾਹੀਦਾ।"[100]

## 5- "ਮਾਰੂ ਸੋਲਹੇ" ਵਿੱਚ ਕਿਰਤ-ਸੰਕਲਪ

'ਮਾਰੂ ਸੋਲਹੇ' ਗੁਰੂ ਨਾਨਕ ਦੇਵ ਜੀ ਦੀ ਬੜੀ ਸੂਖਮ ਅਤੇ ਦਾਰਸ਼ਨਿਕ ਬਾਣੀ ਹੈ, ਜਿਸ ਵਿੱਚ ਸ੍ਰਿਸ਼ਟੀ ਰਚਨਾ ਅਤੇ ਪਰਮਾਤਮਾ ਦੀ ਸਰਬ-ਵਿਆਪਕਤਾ ਬਾਰੇ ਬੜੇ ਡੂੰਘੇ ਵਿਚਾਰ ਪਰਗਟਾਏ ਹੋਏ ਹਨ। ਪਰ, ਡੂੰਘੇ ਤੋਂ ਡੂੰਘੇ ਵਿਚਾਰ ਪਰਗਟਾਉਂਦਿਆਂ ਵੀ ਗੁਰੂ ਨਾਨਕ ਦੇਵ ਜੀ ਕਿਰਤ-ਸੰਕਲਪ ਨੂੰ ਅੱਖੋਂ-ਉਹਲੇ ਨਹੀਂ ਕਰਦੇ। ਇਸ ਲਈ, ਆਪ ਇਸ ਬਾਣੀ ਵਿੱਚ ਇਸ ਸੰਕਲਪ ਨੂੰ ਸੂਖਮ ਵਿਚਾਰਧਾਰਾ ਦੇ ਮਾਧਿਅਮ ਰਾਹੀਂ ਪਰਗਟਾਉਂਦੇ ਹਨ।

### ਜਾਗ੍ਰਿਤ-ਕਾਰਜਸ਼ੀਲ ਬਿਰਤੀ

ਗੁਰੂ ਨਾਨਕ ਦੇਵ ਜੀ 'ਮਾਰੂ ਸੋਲਹੇ' ਵਿੱਚ ਗੁਰਮੁਖ ਦੇ ਉਦਾਹਰਣ ਰਾਹੀਂ; ਮਨੁੱਖ ਨੂੰ ਕਾਰਜ-ਸ਼ੀਲ ਬਿਰਤੀ ਧਾਰਨ ਦੀ ਮਹਾਨ ਪ੍ਰੇਰਣਾ ਪ੍ਰਦਾਨ ਕਰਦੇ ਹਨ। ਇਸ ਬਾਣੀ ਵਿੱਚ ਆਪ ਆਦਰਸ਼ਕ ਮਨੁੱਖ ਜਾਂ ਗੁਰਮੁੱਖ ਨੂੰ ਕਾਰਜ-ਸ਼ੀਲ ਬਿਰਤੀ ਧਾਰ ਕੇ ਸਦਾ ਜਾਗ੍ਰਿਤ ਅਵਸਥਾ ਵਿੱਚ ਰਹਿੰਦਿਆਂ ਵਿਖਾਉਂਦੇ ਹਨ। ਗੁਰਮੁਖ ਆਪਣੀ ਨਿਤਾਪ੍ਰਤੀ ਕਿਰਤ ਕਰਨੋਂ; ਨਾਮ ਜਪਣੋਂ ਅਤੇ ਲੋਕ-ਸੇਵਾ ਕਰਨੋਂ ਕਦੀ ਅਵੇਸਲਾ ਨਹੀਂ ਰਹਿੰਦਾ। ਉਹ ਆਲਸ ਅਤੇ ਕਾਰਜ-ਹੀਣਤਾ ਦੀ ਨੀਂਦਰ ਵਿੱਚ ਕਦੀ ਨਹੀਂ ਸੌਂਦਾ। ਉਹ ਪਰਮਾਤਮਾ ਨਾਲ ਲੱਗੀ ਹੋਈ ਲਿਵ ਸਮੇਤ ਆਪਣੇ ਸੰਸਾਰੀ ਕਰਤਵ ਬੜੀ ਤਤਪਰਤਾ ਨਾਲ ਨਿਭਾਉਂਦਾ ਹੈ। ਗੁਰੂ ਜੀ ਉਸ ਦੀ ਜਾਗ੍ਰਿਤ ਅਵਸਥਾ ਅਤੇ ਕਾਰਜਸ਼ੀਲ ਬਿਰਤੀ ਦਾ ਵਰਣਨ ਇਉਂ ਕਰਦੇ ਹਨ:-

ਗੁਰਮੁਖਿ ਜਾਗਿ ਰਹੇ ਦਿਨ ਰਾਤੀ॥
ਸਾਚੇ ਕੀ ਲਿਵ ਗੁਰਮਤਿ ਜਾਤੀ॥[101]

---

100. "ਭਾਈ ਗੁਰਦਾਸ ਦੀ ਪਹਿਲੀ ਵਾਰ ਵਿਚ ਗੁਰੂ ਨਾਨਕ ਦੇ ਸਰੂਪ"-'ਆਲੋਚਨਾ', ਪੰਨਾ 64 (ਜਨਵਰੀ-ਅਪ੍ਰੈਲ) 1969.
101. ਮਾਰੂ ਸੋਲਹੇ ਮ:1, ਆਦਿ ਗ੍ਰੰਥ, ਪੰਨਾ 1024.

ਗੁਰੂ ਨਾਨਕ ਦੇਵ ਜੀ ਅਨੁਸਾਰ, ਗੁਰਮੁੱਖ ਦੇ ਸਦਾ ਜਾਗ੍ਰਿਤ ਅਵਸਥਾ ਵਿੱਚ ਰਹਿਣ ਦਾ ਕਾਰਣ ਇਹ ਹੈ ਕਿ ਉਹ ਆਪਣੀ ਸੋਚਣੀ ਦਾ ਘੇਰਾ ਨਿੱਜ-ਲੋੜਾਂ ਤੱਕ ਸੀਮਤ ਨਹੀਂ ਰੱਖਦਾ, ਸਗੋਂ ਇਸ ਨੂੰ ਸਰਬਤ ਲੋੜਾਂ ਤੱਕ ਫੈਲਾ ਕੇ ਵਿਖਾਉਂਦਾ ਹੈ। ਉਹ ਸਰਬਤ ਦੇ ਭਲੇ ਵਾਲਾ ਵਿਸ਼ਾਲ ਕੰਮ ਕਰਨ ਲਈ ਇਕ ਪਲ ਦਾ ਅਵੇਸਲਾਪਣ ਵੀ ਨਹੀਂ ਸਹਾਰ ਸਕਦਾ। ਇਸ ਲਈ, ਉਹ ਸਦਾ ਅਣਥੱਕ ਕਿਰਤੀ ਅਤੇ ਜਾਗ੍ਰਿਤ ਸੇਵਕ ਬਣਿਆ ਰਹਿੰਦਾ ਹੈ। ਗੁਰੂ ਜੀ ਇਹੋ ਜਿਹੇ ਜਾਗ੍ਰਿਤ ਸੇਵਕਾਂ ਦੇ ਲੱਛਣ ਇਉਂ ਦਰਸਾਉਂਦੇ ਹਨ:-

ਓਇ ਜਾਗਤ ਰਹਹਿ ਨ ਸੂਤੇ ਦੀਸਹਿ॥
ਸੰਗਤਿ ਕੁਲ ਤਾਰੇ ਸਾਚੁ ਪਰੀਸਹਿ॥[102]

ਨਿਰਸੰਦੇਹ, ਗੁਰੂ ਨਾਨਕ ਦੇਵ ਜੀ ਇਹੋ ਜਿਹੀ ਜਾਗ੍ਰਿਤ ਕਾਰਜਸ਼ੀਲ ਬਿਰਤੀ ਉਤੇ ਬੜਾ ਬਲ ਦਿੰਦੇ ਹਨ। ਆਪ ਸਭ ਮਨੁੱਖਾਂ ਨੂੰ ਗੁਰਮੁਖਾਂ ਦੀ ਵਿਖਾਈ ਹੋਈ ਇਸ ਸੇਧ ਉਤੇ ਚਲਦਿਆਂ ਇਹੋ ਜਿਹੀ ਜਾਗ੍ਰਿਤ ਬਿਰਤੀ ਧਾਰਨ ਦੀ ਪ੍ਰੇਰਣਾ ਪ੍ਰਦਾਨ ਕਰਦੇ ਹਨ।

ਗੁਰੂ ਨਾਨਕ ਦੇਵ ਜੀ ਮਾਰੂ ਸੋਲਹੇ ਵਿੱਚ 'ਸੁੰਨ' ਅਵਸਥਾ ਅਤੇ 'ਸ੍ਰਿਸ਼ਟੀ' ਉਤਪਤੀ ਦੇ ਗੁਝੇ ਭੇਦ ਸਮਝਾਉਂਦੇ ਹੋਏ ਮਨੁੱਖ ਨੂੰ ਜਾਗ੍ਰਿਤ ਕਾਰਜਸ਼ੀਲ ਬਿਰਤੀ ਧਾਰਣ ਦਾ ਉਪਦੇਸ਼ ਦਿੰਦੇ ਹਨ। ਆਪ ਦਰਸਾਉਂਦੇ ਹਨ ਕਿ ਅਗੋਚਰ ਬ੍ਰਹਮ ਨੇ ਆਪਣੀ ਮਰਜ਼ੀ ਅਨੁਸਾਰ ਹੀ "ਸੁੰਨ" ਅਵਸਥਾ ਤੋਂ ਸ੍ਰਿਸ਼ਟੀ ਰਚਨਾ ਕੀਤੀ ਅਤੇ ਉਹ ਆਪਣੀ ਮਰਜ਼ੀ ਅਨੁਸਾਰ ਹੀ ਇਸ ਸਾਰੀ ਰਚਨਾ ਨੂੰ ਫਿਰ ਆਪਣੇ ਵਿਚ ਲੀਨ ਕਰ ਲਏਗਾ। ਉਸ ਅਕਾਲ ਪੁਰਖ ਦੀ ਦ੍ਰਿਸ਼ਟੀ ਵਿੱਚ ਸੰਸਾਰ ਦੇ ਸੈਂਕੜੇ ਜੁਗਾਂ ਦਾ ਸਮਾਂ ਕੇਵਲ ਅੱਖ ਪਲਕਾਰੇ ਮਾਤਰ ਹੀ ਹੈ। ਇਸ ਤਰ੍ਹਾਂ, ਮਨੁੱਖ ਦੀ ਸਮੁੱਚੀ ਆਯੂ ਅਕਾਲ ਪੁਰਖ ਦੀ ਦ੍ਰਿਸ਼ਟੀ ਅਨੁਸਾਰ ਅੱਖ ਝਮਕਣ ਤੋਂ ਵੱਧ ਕੁਝ ਵੀ ਨਹੀਂ। ਇਸ ਲਈ, ਇੰਨੀ ਥੋੜ੍ਹੀ ਆਯੂ ਨੂੰ ਨੀਂਦਰਾਵਲੀ ਬਿਰਤੀ ਵਿੱਚ ਗਵਾ ਦੇਣਾ ਮਹਾਨ ਮੂਰਖਤਾ ਹੈ। ਇਸ ਸ੍ਰਿਸ਼ਟੀ ਵਿੱਚ ਮਨੁੱਖ ਜਿਹੜਾ ਜੀਵਨ ਬਿਤਾਉਂਦਾ ਹੈ, ਉਹ ਰਾਤ ਸਮੇਂ ਸੁਪਨੇ ਵਿਚ ਬੁੜਾਉਣ ਵਰਗਾ ਹੀ ਹੈ। ਇਹੋ ਜਿਹੇ ਜੀਵਨ ਸੰਬੰਧੀ ਗੁਰੂ ਜੀ ਮਾਰੂ ਸੋਲਹੇ ਵਿੱਚ

---

102. ਮਾਰੂ ਸੋਲਹੇ ਮ: 1, ਆਦਿ ਗ੍ਰੰਥ, ਪੰਨਾ 1025.

ਦਰਸਾਉਂਦੇ ਹਨ :-

ਕੇਤੀ ਰੋਵਿਹੜਾ ਫਿਰ ਜਾਵੈ॥
ਖੇਲੁ ਤਮਾਸਾ ਧੁੰਧੂਕਾਰੈ॥
ਬਾਜੀ ਖੇਲਿ ਗਏ ਬਾਜੀਗਰ ਜਿਉ ਨਿਸਿ ਸੁਪਨੈ ਭਖਲਾਈ ਹੇ॥[103]

ਇਸ ਤੋਂ ਗੁਰੂ ਜੀ ਮਨੁੱਖ ਨੂੰ ਉਪਦੇਸ਼ਦੇ ਹਨ ਕਿ ਉਹ ਸੁਪਨੇ ਵਿੱਚ ਬੁੜਾਉਣ ਵਾਲਾ ਜੀਵਨ ਤਿਆਗ ਦੇਵੇ ਜਾਂ ਜਾਗ੍ਰਿਤ ਅਤੇ ਕਾਰਜਸ਼ੀਲ ਜੀਵਨ ਬਿਤਾ ਕੇ ਵਿਖਾਵੇ। ਭਾਵੇਂ ਮਨੁੱਖੀ ਜੀਵਨ ਖਿਨ-ਭੰਗਰ ਹੀ ਹੈ, ਪਰ ਇਹ ਜਿੰਨਾ ਵੀ ਹੈ, ਉਸ ਨੂੰ ਠੀਕ ਤਰ੍ਹਾਂ ਬਿਤਾਣਾ ਬੜਾ ਆਵੱਸ਼ਕ ਹੈ। ਇਸ ਲਈ, ਮਨੁੱਖ ਨੂੰ ਇਹ ਜਾਣ ਲੈਣਾ ਚਾਹੀਦਾ ਹੈ ਕਿ ਉਹ ਜਾਗ੍ਰਿਤ ਬਿਰਤੀ ਧਾਰ ਕੇ ਹੀ ਆਪਣਾ ਜੀਵਨ ਠੀਕ ਤਰ੍ਹਾਂ ਬਿਤਾ ਸਕਦਾ ਹੈ।

'ਗੁਰਮੁਖਿ ਕਾਰ'

ਗੁਰੂ ਨਾਨਕ ਦੇਵ ਜੀ ਮਾਰੂ ਸੋਲਹੇ ਵਿੱਚ ਹਰੇਕ ਮਨੁੱਖ ਤੇ ਇਹ ਆਸ ਰੱਖ ਕੇ ਵਿਖਾਉਂਦੇ ਹਨ ਕਿ ਉਹ ਜਾਗ੍ਰਿਤ ਬਿਰਤੀ ਵਿੱਚ ਰਹਿੰਦਾ ਹੋਇਆ ਸਦਾ ਇਹੋ ਜਿਹਾ ਕੰਮ ਕਰਨ ਦਾ ਜਤਨ ਕਰੇਗਾ, ਜਿਹੜਾ ਇਕ ਗੁਰਮੁਖ ਦੇ ਕਰਨ ਜੋਗ ਹੁੰਦਾ ਹੈ। ਆਪ ਇਹੋ ਜਿਹੇ ਕੰਮ ਨੂੰ 'ਗੁਰਮੁਖਿ ਕਾਰ' ਕਹਿੰਦੇ ਹਨ। ਗੁਰੂ ਜੀ 'ਗੁਰਮੁਖਿ ਕਾਰ' ਦੀ ਮੁੱਖ ਵਿਸ਼ੇਸ਼ਤਾ ਇਹ ਦਰਸਾਉਂਦੇ ਹਨ ਕਿ ਇਹ ਸਦਾ ਸੱਚ ਉਤੇ ਆਧਾਰਿਤ ਹੁੰਦੀ ਹੈ। ਇਸ ਲਈ ਆਪ ਇਸ ਨੂੰ "ਸੱਚ ਕਾਰ" ਵੀ ਕਹਿ ਕੇ ਸਨਮਾਨਦੇ ਹਨ। ਆਪ ਇਹੋ ਜਿਹੀ 'ਕਾਰ' ਦੀ ਵਿਸ਼ੇਸ਼ਤਾ ਇਉਂ ਪਰਗਟਾਉਂਦੇ ਹਨ:-

ਮਾਇਆ ਮਮਤਾ ਛੋਡੀ ਨ ਜਾਈ।
ਸੇ ਛੂਟੇ ਸਚੁ ਕਾਰ ਕਮਾਈ॥[104]

ਗੁਰੂ ਜੀ ਦੱਸਦੇ ਹਨ ਕਿ ਕੇਵਲ ਗੁਰਮੁਖ ਹੀ ਮਾਇਆ ਦੀ ਮਮਤਾ ਤੋਂ ਉਚਾ ਉਠ ਕੇ ਸੱਚ ਉਤੇ ਆਧਾਰਿਤ ਕਾਰ ਕਮਾ ਸਕਦਾ ਹੈ। ਇਉਂ, ਆਪ ਮਨੁੱਖ ਨੂੰ ਸੰਸਾਰ ਵਿੱਚ

---

103. ਮਾਰੂ ਸੋਲਹੇ ਮ: 1, ਆਦਿ ਗ੍ਰੰਥ, ਪੰਨਾ 1023.
104. -ਉਹੀ- , -ਉਹੀ- , ਪੰਨਾ 1024.

ਰਹਿੰਦਿਆਂ ਇਸ ਦੇ ਸਭ ਕਾਰ-ਵਿਹਾਰ ਨਿਭਾਉਂਦਿਆਂ, ਇਸ ਦੀ ਮਮਤਾ ਵਿੱਚ ਬਹੁਤ ਖੱਚਤ ਹੋਣ ਤੋਂ ਬਚਾਣ ਦਾ ਯਤਨ ਕਰਦੇ ਹਨ। ਇਸ ਤਰ੍ਹਾਂ ਆਪ ਹਰੇਕ ਮਨੁੱਖ ਨੂੰ ਸਦਾਚਾਰਕ ਜੀਵਨ-ਜੀਉਣ ਦੀ ਜਾਚ ਸਿਖਾਉਂਦੇ ਹਨ ਅਤੇ ਉਸ ਦੇ ਹਰੇਕ ਕੰਮ ਵਿੱਚ ਨੈਤਿਕਤਾ ਦੀਆਂ ਉੱਚੀਆਂ ਕੀਮਤਾਂ ਭਰਪੂਰ ਕਰ ਦਿੰਦੇ ਹਨ।

ਗੁਰੂ ਨਾਨਕ ਦੇਵ ਜੀ ਮਾਰੂ ਸੋਲਹੇ ਵਿੱਚ ਇਹ ਵਿਚਾਰ ਵੀ ਦ੍ਰਿੜ੍ਹ ਕਰਵਾਉਂਦੇ ਹਨ ਕਿ ਪਰਮਾਤਮਾ ਦਾ ਹੁਕਮ ਬੁਝ ਕੇ ਕੰਮ ਕਰਨ ਵਾਲਾ ਮਨੁੱਖ ਸਦਾ ਇਹੋ ਜਿਹਾ ਕੰਮ ਕਰ ਕੇ ਵਿਖਾਉਂਦਾ ਹੈ, ਜਿਹੜਾ ਸੱਚ ਉਤੇ ਆਧਾਰਿਤ ਹੋਵੇ। ਇਸ ਤਰ੍ਹਾਂ ਆਪ 'ਹੁਕਮ' ਬੁਝਣ ਅਤੇ ਸੱਚੀ ਕਾਰ ਕਮਾਣ ਵਿੱਚ ਇੱਕ ਅਨਿੱਖੜ ਸੰਬੰਧ ਵਿਖਾ ਦਿੰਦੇ ਹਨ। ਇਸ ਰਾਹੀਂ ਆਪ ਸਿੱਧ ਕਰ ਦਿੰਦੇ ਹਨ ਕਿ ਗੁਰਮੁਖ ਸਦਾ 'ਹੁਕਮ' ਬੁਝ ਕੇ ਕਾਰ ਕਮਾਉਂਦਾ ਹੈ। ਇਸੇ ਲਈ 'ਗੁਰਮੁਖ ਕਾਰ' ਸਦਾ 'ਸਚੀ ਕਾਰ' ਹੁੰਦੀ ਹੈ। ਆਪ ਇਸ ਨੂੰ ਮਨੁੱਖ ਦੇ ਕਰਨ ਲਈ ਸਰਵੋਤਮ 'ਕਾਰ' ਮੰਨਦੇ ਹੋਏ ਇਸ ਦੀ ਵਿਸ਼ੇਸ਼ਤਾ ਇਉਂ ਪਰਗਟਾਉਂਦੇ ਹਨ:-

ਹੁਕਮੇ ਆਵੈ ਹੁਕਮੇ ਜਾਵੈ॥
ਬੂਝੈ ਹੁਕਮੁ ਸੋ ਸਾਚਿ ਸਮਾਵੈ॥
ਨਾਨਕ ਸਾਚੁ ਮਿਲੈ ਮਨਿ ਭਾਵੈ, ਗੁਰਮੁਖਿ ਕਾਰ ਕਮਾਈ ਹੇ॥[105]

ਇਸ ਤੋਂ ਪਤਾ ਲੱਗ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ 'ਮਾਰੂ ਸੋਲਹੇ' ਵਿੱਚ ਜਿਥੇ ਬੜੇ ਗੂੜ੍ਹੇ ਦਾਰਸ਼ਨਿਕ ਭੇਦ ਸਮਝਾਏ ਹਨ, ਉਥੇ ਮਨੁੱਖ ਨੂੰ ਇਸ ਸੰਸਾਰ ਵਿੱਚ ਰਹਿਣ ਲਈ ਸੱਚੀ ਜੀਵਨ-ਜੁਗਤ ਦੀ ਸਿੱਖਿਆ ਦਿੱਤੀ ਹੈ। ਡਾ: ਜਸਬੀਰ ਸਿੰਘ ਨੇ ਇਸ ਵਿਚਾਰ ਨੂੰ ਇਉਂ ਪਰਗਟਾਇਆ ਹੈ:-

"ਮਾਰੂ ਸੋਲਹੇ ਵਿੱਚ ਗੁਰੂ ਨਾਨਕ ਨੇ ਕੇਵਲ ਸ੍ਰਿਸ਼ਟੀ, ਵਿਸ਼ਵ ਤੇ ਜੀਵ ਦੀ ਵਿਆਖਿਆ ਕਰਨ ਦਾ ਹੀ ਕੰਮ ਸਮਾਪਤ ਨਹੀਂ ਕਰ ਦਿੱਤਾ, ਉਨ੍ਹਾਂ ਨੇ ਮਨੁੱਖ ਨੂੰ ਜੀਵਨ-ਜਾਚ ਦਾ ਸੁਨੇਹਾ ਵੀ ਦਿੱਤਾ ਹੈ।....... ਨਾਨਕਬਾਣੀ ਜੀਵਨ-ਜਾਚ ਵਿੱਚ ਸਦਾਚਾਰਕ ਕੀਮਤਾਂ ਤੇ ਸਦਗੁਣਾਂ ਦੀ ਵਿਸ਼ੇਸ਼ ਥਾਂ ਹੈ। ਮਾਰੂ ਸੋਲਹੇ ਵਿੱਚ ਵਿਸ਼ਵ-ਸਿਧਾਂਤ ਦੇ ਨਾਲ

---

105. ਮਾਰੂ ਸੋਲਹੇ ਮ: 1, ਆਦਿ ਗ੍ਰੰਥ, ਪੰਨਾ 1025.

[illegible] ਗੁਰੂ ਸਾਹਿਬ ਨੇ ਆਚਰਣ-ਸਿਧਾਂਤ ਦੀ ਵਿਆਖਿਆ ਹੈ।"[106]

ਇਸ ਬਾਣੀ ਵਿੱਚ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ ਸਭ ਤੋਂ ਚੰਗੀ ਜੀਵਨ-ਜਾਚ ਇਹ ਸਿਖਾਈ ਹੈ ਕਿ ਪਰਮਾਤਮਾ ਦਾ ਹੁਕਮ ਬੁਝ ਕੇ ਉਸ ਅਨੁਸਾਰ ਹੀ ਜੀਵਨ ਵਿੱਚ ਹਰੇਕ ਕੰਮ ਕਰ ਕੇ ਵਿਖਾਉਣਾ ਚਾਹੀਦਾ ਹੈ। ਇਸ ਦੇ ਨਾਲ ਹੀ ਆਪ ਇਹ ਸਮਝਾ ਦਿੰਦੇ ਹਨ ਕਿ ਮਨੁੱਖ ਪਰਮਾਤਮਾ ਦਾ ਹੁਕਮ ਬੁਝਣ ਵਿੱਚ ਸਭ ਤੋਂ ਵੱਡੀ ਸਹਾਇਤਾ ਗੁਰੂ ਪਾਸੋਂ ਪ੍ਰਾਪਤ ਕਰ ਸਕਦਾ ਹੈ। ਇਸ ਲਈ, ਵਾਸਤਵ ਵਿੱਚ, ਗੁਰੂ ਦੀ ਸਿੱਖਿਆ ਉਤੇ ਚਲਣਾ ਹੀ ਪਰਮਾਤਮਾ ਦਾ 'ਹੁਕਮ' ਬੁਝ ਕੇ ਕਾਰ ਕਮਾਉਣਾ ਹੈ। ਗੁਰੂ ਦੀ ਸਿੱਖਿਆ ਪ੍ਰਾਪਤ ਕਰਨਾ ਇਸ ਲਈ ਬੜਾ ਜ਼ਰੂਰੀ ਹੈ ਕਿ ਇਸ ਤੋਂ ਬਿਨਾਂ ਮਨੁੱਖ ਪਰਮਾਤਮਾ ਦਾ ਹੁਕਮ ਬੁਝ ਨਹੀਂ ਸਕਦਾ। ਇਸ ਲਈ ਆਪ ਫਰਮਾਉਂਦੇ ਹਨ:-

ਤਾ ਕਾ ਅੰਤੁ ਨ ਜਾਣੈ ਕੋਈ॥
ਪੂਰੇ ਗੁਰ ਤੇ ਸੋਝੀ ਹੋਈ॥[107]

ਗੁਰੂ ਨਾਨਕ ਦੇਵ ਜੀ ਦੇ ਵਿਚਾਰ ਅਨੁਸਾਰ, ਕੇਵਲ ਗੁਰਮੁਖ ਹੀ, ਗੁਰੂ ਦੀ ਸਹਾਇਤਾ ਰਾਹੀਂ, ਪਰਮਾਤਮਾ ਦਾ ਹੁਕਮ ਬੁਝ ਸਕਦਾ ਹੈ, ਕਿਉਂਕਿ ਉਹ 'ਗੁਰ ਕੀ ਪਉੜੀ' ਉਤੇ ਚੜ੍ਹ ਕੇ ਸੰਸਾਰੀ ਰੋਗਾਂ ਤੋਂ ਉਪਰ ਉਠਣ ਦੀ ਯੋਗਤਾ ਰੱਖਦਾ ਹੈ:-

ਗੁਰਮੁਖਿ ਸਮਝੈ ਰੋਗੁ ਨ ਹੋਈ॥
ਇਹ ਗੁਰ ਕੀ ਪਉੜੀ ਜਾਣੈ ਜਨੁ ਕੋਈ॥[108]

ਇਸ ਤਰ੍ਹਾਂ, ਗੁਰੂ ਨਾਨਕ ਦੇਵ ਜੀ ਮਾਰੂ ਸੋਲਹੇ ਵਿੱਚ, ਸਭ ਮਨੁੱਖਾਂ ਨੂੰ, ਗੁਰਮੁਖ ਤਾਈਂ ਆਪਣਾ ਜੀਵਨ-ਆਚਰਣ ਮੋੜਣ ਅਤੇ ਸਦਾ 'ਗੁਰਮੁਖਿ ਕਾਰਾਂ' ਕਮਾਣ ਦਾ ਬਲਵਾਨ ਉਪਦੇਸ਼ ਦਿੰਦੇ ਹਨ।

## ਆਦਰਸ਼ਕ ਸੇਵਕ

ਗੁਰੂ ਨਾਨਕ ਦੇਵ ਜੀ ਨੇ 'ਮਾਰੂ ਸੋਲਹੇ' ਵਿੱਚ ਜਿਥੇ ਮਨੁੱਖ ਨੂੰ ਦੂਜੇ ਮਨੁੱਖ ਦਾ ਸੇਵਕੁ ਬਣਨ ਦਾ ਉਪਦੇਸ਼ ਦਿੱਤਾ ਹੈ, ਉਥੇ ਪਰਮਾਤਮਾ ਨੂੰ ਵੀ ਆਦਰਸ਼ਕ 'ਸੇਵਕ' ਦੇ ਰੂਪ ਵਿੱਚ ਵਿਖਾਇਆ ਹੈ। ਉਹ ਸ੍ਰਿਸ਼ਟੀ ਨੂੰ ਰਚਣ ਅਤੇ ਉਸ ਦੇ ਸਭ ਜੀਵਾਂ ਦੀ

106. "ਗੁਰੂ ਨਾਨਕ ਮਾਰੂ -' ਜੁਲਾ'', ' 177, ਨ ਰ 1969.
107. 'ਮਾਰੂ ਸੋਲਹੇ' ਮ: 1, ਆਦਿ ਗ੍ਰੰਥ, ਪੰਨਾ 1036.
108. " -ਉਹੀ- , -ਉਹੀ- , ਪੰਨਾ 1038.

ਪ੍ਰਿਤ-ਪਾਲਨਾ ਕਰਨ ਦੀ ਸਦੀਵੀ ਸੇਵਾ ਕਰ ਰਿਹਾ ਹੈ। ਇਸ ਲਈ, ਗੁਰੂ ਜੀ ਉਸ ਆਦਰਸ਼ 'ਸੇਵਕ' ਦੀ ਵਡਿਆਈ ਇਉਂ ਕਰਦੇ ਹਨ:-

ਆਪੇ ਸਤਿਗੁਰੁ ਆਪੇ ਸੇਵਕੁ ਆਪੇ ਸ੍ਰਿਸਟਿ ਉਪਾਈ ਹੇ॥[109]

ਗੁਰੂ ਜੀ ਇਸ ਬਾਣੀ ਵਿੱਚ ਪਰਮਾਤਮਾ ਨੂੰ ਸਦੀਵੀ ਕਾਰਜ-ਕਰਤਾ ਦਿਖਾਉਂਦੇ ਹਨ। ਉਹ ਕਦੀ ਵਿਹਲਾ ਨਹੀਂ ਰਹਿ ਸਕਦਾ, ਕਿਉਂਕਿ ਉਹ ਆਪਣੇ ਆਪ ਨੂੰ ਸਭ ਸੰਸਾਰੀ ਜੀਵਾਂ ਦਾ ਮਿੱਤਰ ਸਮਝ ਕੇ ਉਨ੍ਹਾਂ ਦੀ ਭਲਾਈ ਦੇ ਕਾਰਜਾਂ ਵਿੱਚ ਲੱਗਾ ਰਹਿੰਦਾ ਹੈ। ਗੁਰੂ ਜੀ ਉਸ ਦੀ ਆਦਰਸ਼ ਮਿੱਤਰਤਾ ਅਤੇ ਸਦਾ-ਕਾਰਜਸ਼ੀਲਤਾ ਬਾਰੇ ਦਰਸਾਉਂਦੇ ਹਨ:-

ਹਰਿ ਸਾ ਮੀਤੁ ਨਾਹੀ ਮੈ ਕੋਈ॥
ਜਿਨਿ ਤਨੁ ਮਨੁ ਦੀਆ ਸੁਰਤਿ ਸਮੋਈ॥
ਸਰਬ ਜੀਆ ਪ੍ਰਤਿਪਾਲਿ ਸਮਾਲੇ ਸੋ ਅੰਤਰਿ ਦਾਨਾ ਬੀਨਾ ਹੇ॥[110]

ਇਕ ਸਾਧਾਰਣ ਵਿਅਕਤੀ ਤਾਂ ਇਹੋ ਜਿਹੀ ਨਿਰੰਤਰ ਕਾਰ ਕਮਾਉਂਦਿਆਂ ਅਤੇ ਸਦੀਵੀ ਸੇਵਾ ਕਰਦਿਆਂ ਥੱਕ ਕੇ ਚੂਰ ਹੋ ਜਾਏ, ਪਰ ਪਰਮਾਤਮਾ ਆਦਰਸ਼ ਸੇਵਕ ਦੇ ਗੁਣ ਰੱਖਦਾ ਹੋਇਆ ਕਦੀ ਨਹੀਂ ਥੱਕਦਾ। ਉਹ ਸਬਰ ਨਾਲ ਕੰਮ ਕਰਨ ਦੀ ਸ੍ਰੇਸ਼ਟਤਾ ਵਿੱਚ ਜਤੀ ਸਤੀ ਅਤੇ ਸੰਤੋਖੀ ਬਣ ਕੇ ਸਭ ਜੀਵਾਂ ਦੀ ਨਿਰੰਤਰ ਸੇਵਾ ਦਾ ਕੰਮ ਕਰਦਾ ਰਹਿੰਦਾ ਹੈ। ਇਸ ਲਈ, ਗੁਰੂ ਜੀ ਉਸ ਦੀ ਕੰਮ-ਸਮਰੱਥਾ ਬਾਰੇ ਦਰਸਾਉਂਦੇ ਹਨ:-

1) ਆਪੇ ਸਾਚੇ ਗੁਣ ਪਰਗਾਸੇ॥
ਜਤੀ ਸਤੀ ਸੰਤੋਖੀ ਆਪੇ, ਆਪੇ ਕਾਰ ਕਮਾਈ ਹੇ॥[111]

2) ਕਰਣ ਕਾਰਣ ਸਮਰਥੁ ਅਪਾਰਾ॥
ਕਰਿ ਕਰਿ ਵੇਖੈ ਕੀਤਾ ਆਪਣਾ ਕਰਣੀ ਕਾਰ ਕਰਾਇਦਾ॥[112]

ਇਸ ਤੋਂ ਸਿੱਧ ਹੋ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਸੰਸਾਰ ਵਿੱਚ ਨਿਰੰਤਰ ਕੰਮ ਕਰਨ ਨੂੰ ਬੜਾ ਜ਼ਰੂਰੀ ਸਮਝਦੇ ਹਨ, ਕਿਉਂਕਿ ਪਰਮਾਤਮਾ ਵੀ ਸੰਸਾਰ ਦੇ ਜੀਵਾਂ ਦੀ ਸੇਵਾ

---

109. 'ਮਾਰੂ ਸੋਲਹੇ' ਮ: 1, ਆਦਿ ਗ੍ਰੰਥ, ਪੰਨਾ 1025.
110. -ਉਹੀ- ; -ਉਹੀ-, ਪੰਨਾ 1027.
111. -ਉਹੀ- ; -ਉਹੀ-, ਪੰਨਾ 1021.
112. -ਉਹੀ- ; -ਉਹੀ-, ਪੰਨਾ 1035.

ਵਾਲੀ ਨਿਰੰਤਰ ਕਾਰ ਕਮਾਉਂਦਾ ਰਹਿੰਦਾ ਹੈ।

ਪਰਮਾਤਮਾ ਨੂੰ ਇੰਨਾ ਅਣਥੱਕ ਕਾਰਜ-ਕਰਤਾ ਵਿਖਾ ਕੇ, ਵਾਸਤਵ ਵਿੱਚ, ਗੁਰੂ ਨਾਨਕ ਦੇਵ ਜੀ ਮਨੁੱਖ ਨੂੰ ਵੀ ਸਦਾ-ਕਾਰਜਸ਼ੀਲ ਰਹਿਣ ਦੀ ਪ੍ਰੇਰਣਾ ਪ੍ਰਦਾਨ ਕਰਦੇ ਹਨ ਅਤੇ ਉਸ ਨੂੰ ਸਦਾ 'ਕਰਣੀ ਕਾਰ' ਕਰਨ ਦਾ ਉਪਦੇਸ਼ ਦਿੰਦੇ ਹਨ।

6- ਬਾਰਹ ਮਾਹ (ਤੁਖਾਰੀ) ਵਿੱਚ ਕਿਰਤ ਸੰਕਲਪ

ਗੁਰੂ ਨਾਨਕ ਦੇਵ ਜੀ ਦੀ ਸਮੁੱਚੀ ਬਾਣੀ ਲੋਕ-ਹਿਤਕਾਰੀ ਬਾਣੀ ਹੈ। ਇਸ ਲਈ ਇਹ ਲੋਕ-ਕਾਵਿ ਦੇ ਬਹੁਤ ਸਾਰੇ ਰੂਪ ਅਪਣਾਉਂਦੀ ਹੈ। ਬਾਰਹਮਾਹ ਵੀ ਲੋਕ-ਕਾਵਿ ਦਾ ਇਕ ਰੂਪ ਹੈ, ਜਿਸ ਨੂੰ ਗੁਰੂ ਜੀ ਨੇ ਤੁਖਾਰੀ ਰਾਗ ਵਿੱਚ ਬੜੇ ਕਲਾ-ਮਈ ਢੰਗ ਨਾਲ ਵਰਤ ਕੇ ਵਿਖਾਇਆ ਹੈ। ਆਪ ਜੀ ਨੇ ਇਸ ਕਾਵਿ-ਰੂਪ ਲੋਕਾਂ ਦੀ ਸਮੁੱਚੀ ਭਲਾਈ ਲਈ ਵਰਤਦਿਆਂ ਇਸ ਵਿੱਚ ਪ੍ਰਭੂ-ਮਿਲਾਪ ਵਾਲੀ ਕਿਰਤ-ਪ੍ਰੇਰਕ ਅਗਵਾਈ ਭਰਪੂਰ ਕੀਤੀ ਹੈ। ਇਸ ਲਈ, ਆਪ ਬਾਰਹ ਮਾਹ ਵਿੱਚ, ਕਈ ਸਾਧਨਾਂ ਰਾਹੀਂ; ਲੋਕਾਂ ਨੂੰ ਸਦਾ ਕਾਰਜ-ਸ਼ੀਲ ਰਹਿਣ ਅਤੇ ਕਿਰਤ ਕਮਾਉਂਦੇ ਰਹਿਣ ਦੀ ਬਲਵਾਨ ਪ੍ਰੇਰਣਾ ਪ੍ਰਦਾਨ ਕਰਦੇ ਹਨ।

ਕਿਰਤ ਕਰਨੋਂ ਨਾ ਹਾਰਨਾ

ਬਾਰਹ ਮਾਹ ਤੁਖਾਰੀ ਵਿੱਚ ਗੁਰੂ ਨਾਨਕ ਦੇਵ ਜੀ ਨੇ ਜੀਵ ਰੂਪੀ ਇਸਤ੍ਰੀ ਦਾ ਪ੍ਰਭੂ-ਪ੍ਰਤੀ ਤੋਂ ਵਿਛੋੜੇ ਵਾਲਾ ਦੁੱਖ ਪਰਗਟਾਇਆ ਹੈ। ਪਰ, ਇਸ ਦੇ ਨਾਲ ਹੀ ਇਹ ਉਪਦੇਸ਼ ਦਿੱਤਾ ਹੈ ਕਿ ਪ੍ਰਭੂ-ਵਿਛੋੜੇ ਦਾ ਦੁੱਖ ਸਹਿੰਦਿਆਂ ਮਨੁੱਖ ਆਪਣੀ ਨਿਤਾਪ੍ਰਤੀ ਕਿਰਤ ਕਰਨੋਂ ਕਦੀ ਨਾ ਹਾਰੇ। ਆਪ ਕਿਸੇ ਮਨੁੱਖ ਨੂੰ ਦੁੱਖ ਵਿੱਚ ਆ ਕੇ ਅਜਿਹੀ ਨਿਰਾਸ਼ਾਵਾਦੀ ਬਿਰਤੀ ਧਾਰਨ ਦੀ ਆਗਿਆ ਨਹੀਂ ਦਿੰਦੇ, ਜਿਸ ਰਾਹੀਂ ਉਹ ਉਦਮਹੀਣ ਅਤੇ ਕਿਰਤਹੀਣ ਬਣ ਕੇ ਰਹਿ ਜਾਏ। ਇਸ ਸੰਬੰਧੀ ਆਪ ਮਨੁੱਖ ਸਾਹਮਣੇ ਪ੍ਰਕਿਰਤੀ ਦੇ ਉਸ ਕਿਰਤਸ਼ੀਲ ਸੁਭਾ ਦਾ ਉਦਾਹਰਣ ਰੱਖਦੇ ਹਨ, ਜਿਸ ਰਾਹੀਂ ਉਸ ਦਾ ਕੋਈ ਅੰਗ ਵੀ ਵਿਰੋਧੀ ਵਾਤਾਵਰਣ ਵਿੱਚ ਆਪਣੀ ਸਾਧਾਰਣ ਕਿਰਤ ਨਹੀਂ ਤਿਆਗਦਾ।

ਗੁਰੂ ਜੀ ਮਨੁੱਖ ਨੂੰ ਪ੍ਰਕ੍ਰਿਤੀ ਦਾ ਇਹ ਅਸੂਲ ਦਰਸਾਉਂਦੇ ਹਨ ਕਿ ਉਸ ਦੀ ਹਰੇਕ ਵਸਤੂ ਆਪਣੇ ਕਿਰਤਸ਼ੀਲ ਸੁਭਾ ਨੂੰ ਸਦਾ ਸਥਿਰ ਰੱਖਦੀ ਹੈ ਅਤੇ ਕਿਸੇ ਪ੍ਰਕਾਰ ਦੀ ਵਿਰੋਧੀ ਹਾਲਤ ਸਾਹਮਣੇ ਆਪਣੀ ਸੁਭਾਵਕ ਕਿਰਤ ਨਹੀਂ ਤਿਆਗਦੀ। ਆਪ ਦੱਸਦੇ ਹਨ ਕਿ ਜਿਵੇਂ ਚੇਤ ਦੀ ਸੁਹਾਵਣੀ ਰੁੱਤ ਵਿੱਚ ਖਿੜੇ ਹੋਏ ਫੁੱਲਾਂ ਉਤੇ ਭੌਰੇ ਭੌਂਦੇ ਰਹਿੰਦੇ ਹਨ ਅਤੇ ਸਾਵਣ ਦੀ ਮਨਭਾਉਣੀ ਰੁੱਤ ਵਿੱਚ ਬੱਦਲ ਵਰ੍ਹਦੇ ਰਹਿੰਦੇ ਹਨ,, ਉਵੇਂ ਅਤਿ-ਗਰਮੀ ਦੀ ਵਿਰੋਧੀ ਰੁੱਤ ਵਿੱਚ

ਵੀ ਪ੍ਰਕਿਰਤਕ ਵਸਤਾਂ ਕੋਈ ਨਾ ਕੋਈ ਕਾਰਜ ਕਰਦੀਆਂ ਰਹਿੰਦੀਆਂ ਹਨ। ਇਸ ਤੋਂ ਵੀ ਪ੍ਰਗਟੀ ਕਰੋ, ਆਸਾੜ ਮਾਹ ਦੇ ਤੱਪਦੇ ਮਹੀਨੇ ਵਾਲੀ; ਸੂਰਜ ਦਾ ਸਦਾ ਕਾਰਜਸ਼ੀਲ ਸੁਭਾ ਪੇਸ਼ ਕਰ ਕੇ ਵਿਖਾਉਂਦੇ ਹਨ। ਇਸ ਮਹੀਨੇ ਵਿੱਚ ਸੂਰਜ ਦੀ ਤਪਸ਼ ਇੰਨੀ ਤੇਜ਼ ਹੁੰਦੀ ਹੈ ਕਿ ਉਹ ਅੱਗਨੀ ਦਾ ਰੂਪ ਧਾਰ ਕੇ ਹਰੇਕ ਚੀਜ਼ ਦਾ ਰਸ ਸੁਕਾ ਦਿੰਦੀ ਹੈ। ਇਉਂ ਲਗਦਾ ਹੈ ਕਿ ਇਸ ਤਪਸ਼ ਵਿੱਚ ਹਰੇਕ ਚੀਜ਼ ਧੁੱਖ ਧੁੱਖ ਕੇ ਮਰਦੀ ਜਾਂਦੀ ਹੈ ਅਤੇ ਸਭ ਪਾਸੇ ਪਰਲੋ ਆਈ ਹੋਈ ਹੈ। ਪਰ ਇਸ ਪਰਲੋਂ ਵਰਗੀ ਤਬਾਹੀ ਤੇ ਗਰਮੀਆਂ ਸੂਰਜ ਆਪਣੀ ਤਪਸ਼ ਵਰ੍ਹਾਣ ਦੀ ਸੁਭਾਵਕ ਕਿਰਤ ਤੋਂ ਕਦੀ ਨਹੀਂ ਹਾਰਦਾ। ਗੁਰੂ ਜੀ ਉਸ ਦੀ ਸਦੀਵੀ ਕਿਰਤਸ਼ੀਲਤਾ ਦੀ ਪਰਸੰਸਾ ਇਉਂ ਕਰਦੇ ਹਨ:-

ਆਸਾੜੁ ਭਲਾ ਸੂਰਜੁ ਗਗਨਿ ਤਪੈ॥
ਧਰਤੀ ਦੂਖ ਸਹੈ ਸੋਖੈ ਅਗਨਿ ਭਖੈ॥
ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ॥[113]

ਗੁਰੂ ਜੀ ਇਸ ਦੇ ਨਾਲ ਇਹ ਵੀ ਦਰਸਾਉਂਦੇ ਹਨ ਕਿ ਕੇਵਲ ਸੂਰਜ ਹੀ ਨਹੀਂ, ਸਗੋਂ ਪ੍ਰਕਿਰਤੀ ਦੀ ਹੋਰ ਵੀ ਹਰ ਵਸਤੂ ਬਾਹਰ ਦੀ ਸਿੱਖਰ ਗਰਮੀ ਵਿੱਚ ਆਪਣੀ ਸੁਭਾਵਕ ਕਿਰਤ ਪੂਰੀ ਦ੍ਰਿੜ੍ਹਤਾ ਨਾਲ ਕਰ ਕੇ ਵਿਖਾਉਂਦੀ ਹੈ ਅਤੇ ਕਿਸੇ ਪ੍ਰਕਾਰ ਦੀ ਵਾਤਾਵਰਣਕ ਔਕੜ ਨੂੰ ਆਪਣੇ ਨਿਤਾ ਪ੍ਰਤੀ ਕੰਮ ਵਿਚ ਵਿਘਨ ਨਹੀਂ ਪਾਣ ਦਿੰਦੀ। ਉਦਾਹਰਣ ਵਜੋ, ਇਸ ਮਹੀਨੇ ਦੀ ਕਹਿਰੀ ਤਪਸ਼ ਵਿੱਚ ਜਦੋਂ ਸੂਰਜ ਦੀ ਉਪਰ ਚੜ੍ਹਦੀ ਹੋਈ ਕੰਧ ਸਾਹਮਣੇ ਹਰੇਕ ਮਨੁੱਖ ਨੂੰ ਛਾਂ ਦਾ ਆਸਰਾ ਲੱਭਣਾ ਪੈਂਦਾ ਹੈ, ਬੀਂਡਾ ਬਾਹਰ ਦੇ ਸੜਦੇ ਜੰਗਲ ਵਿੱਚ ਆਪਣਾ ਆਹਾਰ ਲੱਭਣੋਂ ਅਤੇ ਟੀ-ਟੀਂ ਦੀ ਨਿਰੰਤਰ ਰਟ ਲਗਾਣ ਦੇ ਕੰਮੋਂ ਕਦੇ ਨਹੀਂ ਹਾਰਦਾ। ਗੁਰੂ ਜੀ ਉਸ ਦੀ ਅਥੱਕ ਕਾਰਜਸ਼ੀਲਤਾ ਨੂੰ ਇਉਂ ਪਰਗਟਾਉਂਦੇ ਹਨ:-

ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ॥[114]

ਇਸੇ ਤਰ੍ਹਾਂ, ਗੁਰੂ ਜੀ ਭਾਦੋਂ ਦੇ ਕਾਲੇ ਰੰਗ ਵਿੱਚ ਵੀ ਸਭ ਪ੍ਰਕਿਰਤਕ ਜੀਵਾਂ ਨੂੰ ਆਪਣਾ ਆਪਣਾ ਕੰਮ ਕਰਦਿਆਂ ਵਿਖਾਉਂਦੇ ਹਨ। ਇਸ ਮਹੀਨੇ ਵਿੱਚ ਭਾਵੇਂ ਵਰਖਾ ਤਾਂ ਹੁੰਦੀ ਹੈ, ਪਰ, ਫਿਰ ਵੀ ਰੁੱਤ ਕਾਰਣ ਇਹ ਬੜਾ ਕਠਨਾ ਮਹੀਨਾ ਗਿਣਿਆ ਜਾਂਦਾ ਹੈ। ਪਰ ਇਸ ਮਹੀਨੇ ਵਿੱਚ ਡੱਡੂ ਅਤੇ ਮੋਰ ਆਪਣਾ ਨਿਤਾਪ੍ਰਤੀ ਕੰਮ ਕਰਦੇ ਹੋਏ ਨਿਰੰਤਰ ਬੋਲ ਸੁਣਾਉਂਦੇ ਰਹਿੰਦੇ ਹਨ ਅਤੇ ਬਬੀਹਾ 'ਪਿਉ ਪਿਉ' ਪੁਕਾਰਦਾ ਰਹਿੰਦਾ ਹੈ। ਭਾਦੋਂ ਦਾ ਰੰਗ ਇਨ੍ਹਾਂ ਜੀਵਾਂ ਦੇ ਕੰਮਾਂ ਜਾਂ ਬੋਲਾਂ ਵਿੱਚ ਕੋਈ ਵਿਘਨ ਨਹੀਂ ਪਾਉਂਦਾ। ਇਵੇਂ ਹੀ, ਇਸ

---

113. ਬਾਰਹ ਮਾਹ ਤੁਖਾਰੀ ਮ:1, ਆਦਿ ਗ੍ਰੰ., ਪੰਨਾ 1108.
114. -ਉਹੀ- , -ਉਹੀ- , ਪੰਨਾ -ਉਹੀ-.

ਮਹੀਨੇ ਦੀ ਕਰੜੀ ਵਾਤਾਵਰਣਕ ਰੋਕ ਸੱਪ ਨੂੰ ਡੱਸਣ ਅਤੇ ਮੱਛਰ ਨੂੰ ਡੰਗ ਮਾਰਨ ਦੇ ਕੰਮੋਂ ਨਹੀਂ ਰੋਕਦੀ। ਗੁਰੂ ਜੀ ਇਨ੍ਹਾਂ ਦੀ ਸੁਤੰਤਰ ਕਾਰਜਸ਼ੀਲਤਾ ਇਉਂ ਪਰਗਟਾਉਂਦੇ ਹਨ:-

ਬਰਸੈ ਨਿਸਿ ਕਾਲੀ, ਕਿਉ ਸੁਖੁ ਬਾਲੀ, ਦਾਦਰ ਮੋਰ ਲਵੰਤੇ।।
ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ, ਭੁਇਅੰਗਮ ਫਿਰਹਿ ਡਸੰਤੇ।।
ਮੱਛਰ ਡੰਗ, ਸਾਇਰ ਭਰ ਸੁਭਰ, ਬਿਨੁ ਹਰਿ ਕਿਉ ਸੁਖੁ ਪਾਈਐ।।
ਨਾਨਕ ਪੂਛਿ ਚਲਉ ਗੁਰ ਅਪੁਨੇ, ਜਹ ਪ੍ਰਭੁ ਤਹ ਹੀ ਜਾਈਐ।।[115]

ਇਸ ਤੋਂ ਅੱਗੇ ਪਤਝੜ ਰੁੱਤ ਬਾਰੇ ਗੁਰੂ ਜੀ ਫਰਮਾਉਂਦੇ ਹਨ ਕਿ ਜੇ ਇਸ ਰੁੱਤ ਵਿੱਚ ਫੁੱਲ ਨਹੀਂ ਖਿੜਦੇ ਤਾਂ ਕੀ ਹੋਇਆ, 'ਕੁਕਹ' ਅਤੇ 'ਕਾਹ' (ਪਿਲਛੀ ਅਤੇ ਸਰਕੜੇ) ਫੁੱਲਦੇ ਰਹਿੰਦੇ ਹਨ ਅਤੇ ਪ੍ਰਕ੍ਰਿਤੀ ਦੀ ਕਾਰਜਸ਼ੀਲਤਾ ਉਵੇਂ ਹੀ ਕਾਇਮ ਰਹਿੰਦੀ ਹੈ:-

ਝੂਠਿ ਵਿਗੁਤੀ ਤਾਂ ਪਿਰ ਮੁਤੀ, ਕੁਕਹ ਕਾਹ ਸਿ ਫੁਲੇ।।[116]

ਇਸੇ ਤਰ੍ਹਾਂ, ਅਤਿ ਸਰਦ ਰੁੱਤ ਵਿਚ, ਅਰਥਾਤ ਪੋਹ ਦੇ ਮਹੀਨੇ ਵਿੱਚ ਜਦੋਂ ਤੁਖਾਰ ਜਾਂ ਬਰਫ ਪੈਂਦੀ ਹੈ ਅਤੇ 'ਵਣ ਤ੍ਰਿਣ' ਦਾ ਰੱਸ ਸੁੱਕ ਜਾਣ ਨਾਲ ਸਭ ਬਿਰਛ ਰੁੰਡ ਮੁੰਡ ਹੋ ਜਾਂਦੇ ਹਨ, ਤਦ ਵੀ ਚੋਹਾਂ ਕਿਸਮਾਂ ਦੀ ਉਤਪਤੀ ਵਿੱਚ ਪਰਮਾਤਮਾ ਦੀ ਜੋਤ ਚਮਕਦੀ ਹੋਈ ਵਿਖਾਈ ਦਿੰਦੀ ਹੈ। ਜਦ ਇਸ ਅਤਿ ਸਰਦੀ ਦੀ ਰੁੱਤ ਵਿੱਚ ਮਨੁੱਖ ਚਾਰੇ ਪਾਸੇ ਵੇਖਦਾ ਹੈ ਤਾਂ ਉਸ ਨੂੰ ਇਉਂ ਲਗਦਾ ਹੈ ਕਿ :

ਅੰਡਜ ਜੇਰਜ ਸੇਤਜ ਉਤਭੁਜ, ਘਟਿ ਘਟਿ ਜੋਤਿ ਸਮਾਣੀ।।[117]

ਵੱਖ ਵੱਖ ਰੁੱਤਾਂ ਦੇ ਪ੍ਰਕਿਰਤਕ ਚਿੱਤਰ ਵਿਖਾ ਕੇ ਗੁਰੂ ਜੀ ਸਿੱਧ ਕਰ ਦਿੰਦੇ ਹਨ ਕਿ ਪ੍ਰਕ੍ਰਿਤੀ ਵਿੱਚ ਕਾਰਜਸ਼ੀਲਤਾ ਸਦਾ ਸਥਿਰ ਰਹਿੰਦੀ ਹੈ। ਇਸ ਤੋਂ ਆਪ ਮਨੁੱਖ ਨੂੰ ਉਪਦੇਸ਼ਦੇ ਹਨ ਕਿ ਉਹ ਵੀ ਇਹੋ ਜਿਹੀ ਕਾਰਜਸ਼ੀਲਤਾ ਧਾਰ ਕੇ ਵਿਖਾਏ ਅਤੇ ਸੱਚੇ ਮਾਰਗ ਉਤੇ ਚਲਦਿਆਂ ਕਿਸੇ ਪ੍ਰਕਾਰ ਦੀ ਜਿਸਮੀ ਰੋਕ ਨੂੰ ਆਪਣੀ ਨਿਤਾਪ੍ਰਤੀ ਕਿਰਤ ਵਿੱਚ ਵਿਘਨ ਨਾ ਪਾਣ ਦੇਵੇ। ਇਸ ਆਸ਼ੇ ਨੂੰ ਮੁੱਖ ਰੱਖਦਿਆਂ ਆਪ ਮਨੁੱਖ ਨੂੰ ਅਜਿਹੀ ਬਿਰਤੀ ਧਾਰਨ

---

115. ਬਾਰਹ ਮਾਹ ਤੁਖਾਰੀ, ਮ: 1, ਆਦਿ ਗ੍ਰੰਥ, ਪੰਨਾ 1108.
116. -ਉਹੀ- , -ਉਹੀ- , ਪੰਨਾ 1108-9
117. -ਉਹੀ- , -ਉਹੀ- , ਪੰਨਾ 1109.

ਦਾ ਉਪਦੇਸ਼ ਦਿੰਦੇ ਹਨ, ਜਿਸ ਰਾਹੀਂ ਉਹ ਸਾਲ ਦੇ ਬਾਰ੍ਹਾਂ ਮਹੀਨਿਆਂ ਅਤੇ ਛੇਆਂ ਰੁੱਤਾਂ ਵਿੱਚ ਨਿਰੋਲ ਭਲਾਈ ਹੀ ਭਲਾਈ ਦੇਖ ਕੇ ਸਦਾ ਕਾਰਜਸ਼ੀਲ ਰਹਿ ਕੇ ਵਿਚਰੀਏ। ਆਪ ਫ਼ਰਮਾਉਂਦੇ ਹਨ ਕਿ ਆਪਣੇ ਸਾਰੇ ਦੈਨਿਕ ਕਰਤੱਵ ਚੰਗੀ ਤਰ੍ਹਾਂ ਨਿਭਾਣ ਵਾਲੇ ਮਨੁੱਖ ਲਈ ਹਰ ਰੁੱਤ, ਮਹੀਨਾ, ਥਿੱਤ, ਵਾਰ, ਘੜੀ, ਮਹੂਰਤ ਜਾਂ ਪਲ ਭਲਾ ਹੁੰਦਾ ਹੈ। ਉਸ ਨੂੰ ਆਪਣੀ ਸਾਧਾਰਣ ਕਿਰਤ ਕਰਦਿਆਂ ਕਿਸੇ ਸਮੇਂ ਵੀ ਪ੍ਰਭੂ-ਵਿਛੋੜੇ ਦੇ ਦੁੱਖੋਂ ਵਿਆਕੁਲ ਹੋਣ ਦੀ ਲੋੜ ਨਹੀਂ ਹੈ, ਕਿਉਂਕਿ ਉਸ ਨੂੰ ਆਪਣੀ ਕਿਰਤ ਵਿਚੋਂ ਹੀ ਆਪਣੇ ਸੱਚੇ ਪਰਮਾਤਮਾ ਦਾ ਸਹਿਜ ਮਿਲਾਪ ਪ੍ਰਾਪਤ ਹੋ ਜਾਵੇਗਾ। ਇਸ ਸੰਬੰਧੀ ਆਪਜੀ ਦਾ ਸਪਸ਼ਟ ਫ਼ਰਮਾਨ ਹੈ:-

ਬੇਦਸ ਮਾਹ ਰੁਤੀ ਥਿਤੀ ਵਾਰ ਭਲੇ।।
ਘੜੀ ਮੂਰਤ ਪਲ ਸਾਚੇ ਆਇ ਸਹਜਿ ਮਿਲੇ।।[118]

ਇਉਂ, ਗੁਰੂ ਨਾਨਕ ਦੇਵ ਜੀ ਮਨੁੱਖੀ ਜੀਵਨ ਦੇ ਹਰ ਪਲ ਨੂੰ ਭਲਾ ਜਾਂ ਸੱਚਾ ਦਰਸਾ ਕੇ ਹਰੇਕ ਮਨੁੱਖ ਨੂੰ ਆਪਣਾ ਕਰਤੱਵ ਨਿਭਾਉਂਦਿਆਂ ਜੀਵਨ ਦੇ ਹਰ ਪਲ ਨੂੰ ਕਾਰਜਸ਼ੀਲਤਾ ਰਾਹੀਂ ਸਫਲ ਕਰ ਕੇ ਵਿਚਰਣ ਦਾ ਉਪਦੇਸ਼ ਦਿੰਦੇ ਹਨ।

## ਜੀਵਨ ਵਿੱਚ ਸਫੂਰਣਾ

ਗੁਰੂ ਨਾਨਕ ਦੇਵ ਜੀ ਬਾਰਹ ਮਾਹ ਵਿੱਚ ਫ਼ਰਮਾਉਂਦੇ ਹਨ ਕਿ ਪ੍ਰਭੂ-ਪਤੀ ਤੋਂ ਵਿਛੋੜਾ ਦੂਰ ਕਰਨ ਲਈ ਮਨੁੱਖ ਨੂੰ ਆਪਣੇ ਜੀਵਨ ਵਿੱਚ ਸਫੂਰਣਾ ਦੀ ਭਰਪੂਰਤਾ ਲਿਆਉਣੀ ਚਾਹੀਦੀ ਹੈ। ਇਸ ਪ੍ਰਯੋਜਨ ਲਈ ਉਸ ਨੂੰ ਨਿਤਾਪ੍ਰਤੀ ਕਿਰਤ ਵਿੱਚ ਹੀ ਸੱਚ-ਗੁਣਾਂ ਦਾ ਸੁਮੇਲ ਕਰ ਕੇ ਵਿਚਰਣਾ ਚਾਹੀਦਾ ਹੈ। ਮਨੁੱਖ ਉਸ ਗੁਣ-ਸਰੂਪ ਪ੍ਰਭੂ-ਪਤੀ ਦੇ ਗੁਣ ਧਾਰ ਕੇ ਹੀ ਉਸ ਨਾਲ ਮਿਲਾਪ ਪ੍ਰਾਪਤ ਕਰ ਸਕਦਾ ਹੈ। ਇਸ ਸੰਬੰਧੀ ਗੁਰੂ ਜੀ ਜੇਠ ਦੇ ਮਹੀਨੇ ਦੁਆਰਾ ਉਪਦੇਸ਼ਦੇ ਹਨ :-

ਨਿਮਾਣੀ ਨਿਤਾਣੀ ਹਰਿ ਬਿਨੁ, ਕਿਉ ਪਾਵੈ ਸੁਖ ਮਹਲੀ।।
ਨਾਨਕ ਜੇਠਿ ਜਾਣੈ ਤਿਸੁ ਜੈਸੀ, ਕਰਮਿ ਮਿਲੈ ਗੁਣ ਗਹਿਲੀ।।[119]

---

118. ਬਾਰਹ ਮਾਹ ਤੁਖਾਰੀ, ਆਦਿ ਗ੍ਰੰਥ, ਪੰਨਾ 1109.
119. - ਉਹੀ - , -ਉਹੀ- , ਪੰਨਾ 1108.

ਗੁਰੂ ਜੀ ਇਥੇ ਬੜੇ ਬਲਵਾਨ ਸ਼ਬਦਾਂ ਵਿੱਚ ਇਹ ਚਿਤਾਵਨੀ ਦੇ ਰਹੇ ਹਨ ਕਿ ਝੂਠੇ ਕਰਮ ਕਮਾਉਣ ਵਾਲਾ ਮਨੁੱਖ ਪ੍ਰਭੂ-ਪਤੀ ਤੋਂ ਸਦਾ ਲਈ ਵਿਛੜਿਆ ਰਹਿੰਦਾ ਹੈ। ਇਹੋ ਜਿਹਾ ਮਨੁੱਖ ਜਵਾਨੀ ਦੀ ਉਮਰ ਵਿਛੋੜੇ ਵਿੱਚ ਗੰਵਾਈ ਜਾਂਦਾ ਹੈ। ਇਸ ਮਗਰੋਂ; ਬਿਰਧ ਅਵਸਥਾ ਵਿੱਚ ਉਹ ਹਰ ਵੇਲੇ ਹਾਵਾ ਲੈਂਦਾ ਰਹਿੰਦਾ ਹੈ, ਕਿਉਂਕਿ ਕੁਕਰਮਾਂ ਵਿੱਚ ਗੁਆਈ ਗਵਾਈ ਜਵਾਨੀ ਉਸ ਨੂੰ ਫਿਰ ਫਿਰ ਯਾਦ ਆ ਕੇ ਵਿਆਕੁਲ ਕਰਦੀ ਰਹਿੰਦੀ/ਅਤੇ ਢਲਦੀ ਆਯੂ ਵਿੱਚ ਧਰਵਾਸ ਦੇਣ ਵਾਲਾ ਕੋਈ ਆਸਰਾ ਉਸ ਨੂੰ ਨਜ਼ਰ ਨਹੀਂ ਆਉਂਦਾ। ਗੁਰੂ ਜੀ ਉਸ ਦੀ ਐਸੀ ਅਵਸਥਾ ਦਾ ਵਰਣਨ ਇਉਂ ਕਰਦੇ ਹਨ:-

ਆਗੈ ਘਾਮ ਪਿਛੈ ਰੁਤਿ ਜਾਡਾ, ਦੇਖਿ ਚਲਤ ਮਨੁ ਡੋਲੈ।।[120]

ਇਸ ਦੇ ਟਾਕਰੇ ਉਤੇ ਜਿਹੜਾ ਮਨੁੱਖ ਆਪਣੀ ਜਵਾਨੀ ਨੇਕ ਕਰਮ ਕਮਾਉਣ ਵਿੱਚ ਬਿਤਾਉਂਦਾ ਹੈ, ਉਹ ਸਾਰੀ ਆਯੂ ਅਡੋਲ ਅਤੇ ਪ੍ਰਭੂ-ਚਿਤ ਰਹਿੰਦਾ ਹੈ। ਉਹ ਆਪਣੀ ਬਿਰਧ ਅਵਸਥਾ ਨੂੰ 'ਸਹਜਿ ਪਕੈ ਸੋ ਮੀਠਾ' ਦੇ ਰੂਪ ਵਿੱਚ ਵੇਖਦਾ ਹੈ ਅਤੇ ਪ੍ਰਭੂ-ਮਿਲਾਪ ਵਾਲੀ ਮੰਜ਼ਲ ਨੇੜੇ ਢੁੱਕਦੀ ਵੇਖ ਕੇ ਅਤਿਅੰਤ ਪ੍ਰਸੰਨ ਹੁੰਦਾ ਹੈ। ਗੁਰੂ ਜੀ ਅੱਸੂ ਦੇ ਮਹੀਨੇ ਦੁਆਰਾ ਉਸ ਦੀ ਸਹਜ-ਅਡੋਲ ਅਵਸਥਾ ਇਉਂ ਦਰਸਾਉਂਦੇ ਹਨ:-

ਦਹਦਿਸਿ ਸਾਖ ਹਰੀ ਹਰੀਆਵਲ, ਸਹਜਿ ਪਕੈ ਸੋ ਮੀਠਾ।।
ਨਾਨਕ ਅਸੁਨਿ ਮਿਲਹੁ ਪਿਆਰੇ, ਸਤਿਗੁਰ ਭਏ ਬਸੀਠਾ।[121]

ਗੁਰੂ ਨਾਨਕ ਦੇਵ ਜੀ ਮਨੁੱਖ ਨੂੰ ਵਿਛੋੜੇ ਦੀ ਅਵਸਥਾ ਦੂਰ ਕਰਕੇ ਮਿਲਾਪ ਦੀ ਸਹਿਜ ਅਵਸਥਾ ਪ੍ਰਾਪਤ ਕਰਨ ਦੀ ਪ੍ਰੇਰਣਾ ਪ੍ਰਦਾਨ ਕਰਦੇ ਹਨ। ਪਰ, ਆਪ ਇਹ ਵੀ ਦਰਸਾ ਦਿੰਦੇ ਹਨ ਕਿ ਉਹ ਕੇਵਲ ਸਦਗੁਣਾਂ ਨਾਲ ਹੀ ਇਹ ਸਹਿਜ ਅਵਸਥਾ ਪ੍ਰਾਪਤ ਕਰ ਸਕਦਾ ਹੈ। ਆਪ ਇਸ ਅਵਸਥਾ ਨੂੰ ਆਤਮਕ ਅਡੋਲਤਾ ਵਾਲੀ ਅਵਸਥਾ ਦਰਸਾਉਂਦੇ ਹਨ। ਆਪ ਚਾਹੁੰਦੇ ਹਨ ਕਿ ਹਰੇਕ ਮਨੁੱਖ ਅੰਦਰ ਆਤਮਕ ਅਡੋਲਤਾ ਦਾ ਦੀਪਕ ਜਗਦਾ ਰਹੇ। ਪਰ ਇਸ ਦੀਪਕ ਨੂੰ ਜਗਦਾ ਰੱਖਣ ਲਈ ਇਸ ਅੰਦਰ ਤੇਲ ਦਾ ਹੋਣ

120. ਬਾਰਹ ਮਾਹ ਤੁਖਾਰੀ, ਆਦਿ ਗ੍ਰੰਥ, ਪੰਨਾ 1109.
121. -ਉਹੀ- , -ਉਹੀ- , ਪੰਨਾ -ਉਹੀ-.

ਪਾਈ ਰੱਖਣ ਦੀ ਲੋੜ ਰਹਿੰਦੀ ਹੈ। ਆਪ ਕੱਤਕ ਮਹੀਨੇ ਦੁਆਰਾ ਇਹ ਵਿਚਾਰ ਇਉਂ ਪਰਗਟਾਉਂਦੇ ਹਨ:-

ਕਤਕਿ ਕਿਰਤੁ ਪਇਆ ਜੋ ਪ੍ਰਭ ਭਾਇਆ।।
ਦੀਪਕੁ ਸਹਜਿ ਬਲੈ, ਤਤਿ ਜਲਾਇਆ।।[122]

ਗੁਰੂ ਜੀ ਇਥੇ ਇਹ ਭੇਦ ਚੰਗੀ ਤਰ੍ਹਾਂ ਸਮਝਾ ਦਿੰਦੇ ਹਨ ਕਿ ਆਤਮਕ ਅਡੋਲਤਾ ਦਾ ਦੀਪਕ ਤਦ ਹੀ ਜਗਦਾ ਰਹਿੰਦਾ ਹੈ, ਜਦ ਉਸ ਵਿੱਚ ਸਦਗੁਣਾਂ ਦਾ ਤੇਲ ਪਾਈ ਰੱਖੀਏ। ਇਸ ਜਗਦੇ ਦੀਪਕ ਤੋਂ ਬਿਨਾਂ ਮਨੁੱਖ ਆਪਣੇ ਅੰਦਰ ਆਤਮਿਕ ਪ੍ਰਕਾਸ਼ ਉਤਪੰਨ ਨਹੀਂ ਕਰ ਸਕਦਾ। ਇਹ ਪ੍ਰਕਾਸ਼ ਹੀ ਪਤੀ-ਪਰਮਾਤਮਾ ਦੇ ਰਾਹ ਉੱਤੇ ਚਮਕਦੀ ਹੋਈ ਲੋਅ ਵਿਖਾਉਂਦਾ ਹੈ। ਇਹ ਪਰਕਾਸ਼ ਹੀ ਮਨੁੱਖ ਦੇ ਸਦਗੁਣਾਂ ਦੇ ਸੰਗ੍ਰਹਿ ਦਾ ਪ੍ਰਤੀਕ ਹੈ। ਔਗੁਣਾਂ ਦੇ ਸੰਗ੍ਰਹਿ ਕਰ ਕੇ ਤਾਂ ਮਨੁੱਖ ਆਤਮਕ ਹਨੇਰੇ ਵਿਚ ਰਹਿੰਦਾ ਹੈ ਪਰ ਗੁਣਾਂ ਦੇ ਸੰਗ੍ਰਹਿ ਕਰ ਕੇ ਉਹ ਵਿਕਾਰਾਂ ਨੂੰ ਮਾਰ ਲੈਂਦਾ ਹੈ ਅਤੇ ਆਪਣੇ ਅੰਦਰ ਆਤਮਕ ਅਡੋਲਤਾ ਦਾ ਦੀਪਕ ਜਗਾ ਲੈਂਦਾ ਹੈ। ਗੁਰੂ ਜੀ ਮਨੁੱਖ ਨੂੰ ਇਹ ਸਦੀਵੀ ਆਤਮਕ ਅਡੋਲਤਾ ਪ੍ਰਾਪਤ ਕਰਨ ਦੀ ਵਿਧੀ ਇਉਂ ਸਿਖਾਉਂਦੇ ਹਨ:-

ਦੀਪਕ ਰਸ ਤੇਲੋ ਧਨ ਪਿਰ ਮੇਲੋ ਧਨ ਓਮਾਹੈ ਸਰਸੀ।।
ਅਵਗਣ ਮਾਰੀ ਮਰੈ ਨ ਸੀਝੈ, ਗੁਣਿ ਮਾਰੀ ਤਾ ਮਰਸੀ।।[123]

## ਸ਼ੁੱਭ ਕਰਮਾਂ ਦੀ ਮਹਾਨਤਾ

ਗੁਰੂ ਨਾਨਕ ਦੇਵ ਜੀ ਬਾਰਹ ਮਾਹ ਤੁਖਾਰੀ ਵਿੱਚ ਮਨੁੱਖ ਨੂੰ ਆਪਣੇ ਜੀਵਨ ਵਿੱਚ ਸਦ-ਗੁਣ ਧਾਰ ਕੇ ਸ਼ੁੱਭ ਕਰਮਾਂ ਦੇ ਮਾਰਗ ਉੱਤੇ ਚਲਣ ਦੀ ਪ੍ਰੇਰਣਾ ਪ੍ਰਦਾਨ ਕਰਦੇ ਹਨ। ਆਪ ਇਸ ਬਾਣੀ ਵਿੱਚ ਸ਼ੁੱਭ ਕਰਮਾਂ ਦੀ ਬੜੀ ਉਚੀ ਮਹੱਤਤਾ ਦਰਸਾਉਂਦੇ ਹਨ। ਆਪ ਗੁਣ-ਭਰਪੂਰ ਸ਼ੁੱਭ ਕਰਮਾਂ ਨੂੰ 'ਤੀਰਥ ਅੰਤਰਿਕ' ਮੰਨਦੇ ਹਨ ਅਤੇ ਮਨੁੱਖ ਨੂੰ ਇਹ ਜੀਵਨ-ਸਚਿਆਈ ਦ੍ਰਿੜ੍ਹ ਕਰਾਉਂਦੇ ਹਨ ਕਿ ਸ਼ੁੱਭ ਕਰਮਾਂ ਵਾਲੇ 'ਤੀਰਥ ਅੰਤਰਿਕ' ਉੱਤੇ ਇਸ਼ਨਾਨ ਕਰਨ ਪਿਛੋਂ ਉਸ ਨੂੰ ਕਿਸੇ ਹੋਰ ਤੀਰਥ ਉੱਤੇ ਇਸ਼ਨਾਨ ਕਰਨ ਦੀ ਕੋਈ ਲੋੜ ਨਹੀਂ ਰਹਿੰਦੀ, ਕਿਉਂਕਿ

---

122. ਬਾਰਹ ਮਾਹ, ਤੁਖਾਰੀ, ਆਦਿ ਗ੍ਰੰਥ, ਪੰਨਾ 1109.
123. -ਉਹੀ- , -ਉਹੀ- , ਪੰਨਾ -ਉਹੀ-.

ਹੋਰ ਸਭ ਤੀਰਥ ਇਸੇ ਤੀਰਥ ਵਿੱਚ ਸਮਾਏ ਹੋਏ ਹਨ। ਆਪ ਮਾਘ ਦੇ ਮਹੀਨੇ ਦੁਆਰਾ ਇਸ 'ਤੀਰਥ ਅੰਤਰਿ' ਦੀ ਮਹਾਨਤਾ ਇਉ ਪਰਗਟਾਉਂਦੇ ਹਨ:-

ਮਾਘ ਪੁਨੀਤ ਭਈ ਤੀਰਥੁ ਅੰਤਰਿ ਜਾਨਿਆ।।
ਸਾਜਨ ਸਹਜਿ ਮਿਲੇ, ਗੁਣ ਗਹਿ ਅੰਕਿ ਸਮਾਨਿਆ।।
ਪ੍ਰੀਤਮ ਗੁਣ ਅੰਕੇ ਸੁਣਿ ਪ੍ਰਭ ਬੰਕੇ, ਤੁਧੁ ਭਾਵਾ ਸਰਿ ਨਾਵਾ।।
ਗੰਗ ਜਮੁਨ ਤਹਬੇਣੀ ਸੰਗਮ, ਸਾਤ ਸਮੁੰਦ ਸਮਾਵਾ।।[124]

ਇਸ ਤੋਂ ਸਿੱਧ ਹੋ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਇਸ ਬਾਣੀ ਵਿੱਚ ਅਸਲ ਤੀਰਥ ਇਸ਼ਨਾਨ ਸ਼ੁਭ ਕਰਮਾਂ ਵਾਲਾ ਹੀ ਦਰਸਾਇਆ ਹੈ। ਇਹੋ ਜਿਹੇ ਇਸ਼ਨਾਨ ਨੂੰ 'ਤੀਰਥ ਅੰਤਰਿ' ਮੰਨਣ ਪਿਛੋਂ ਮਨੁੱਖ ਹੋਰ ਤੀਰਥਾਂ ਉਤੇ ਇਸ਼ਨਾਨ ਕਰਨ ਲਈ ਜਾਣ ਦੀ ਲੋੜ ਹੀ ਨਹੀਂ ਸਮਝਦਾ ਅਤੇ ਘਰ ਬੈਠਿਆਂ ਹੀ ਸ਼ੁਭ ਕਰਮ ਕਮਾ ਕੇ ਮਹਾਨ ਪਵਿੱਤਰ ਤੀਰਥ ਇਸ਼ਨਾਨ ਕਰ ਲੈਂਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਸ਼ੁਭ ਕਰਮਾਂ ਨੂੰ ਅਸਲ ਤੀਰਥ ਇਸ਼ਨਾਨ ਮੰਨਣ ਦੇ ਨਾਲ ਅਸਲ ਸ਼ਿੰਗਾਰ ਵੀ ਸ਼ੁੱਭ ਕਰਮਾਂ ਵਾਲਾ ਮੰਨਿਆ ਹੈ। ਹੋਰ ਸਭ ਸ਼ਿੰਗਾਰ ਪਤੀ ਨੂੰ ਕੇਵਲ ਥੋੜ੍ਹੇ ਸਮੇਂ ਲਈ ਹੀ ਰੀਝਾ ਸਕਦੇ ਹਨ, ਪਰ ਸ਼ੁੱਭ ਕਰਮਾਂ ਵਾਲਾ ਸ਼ਿੰਗਾਰ ਪ੍ਰਭੂ-ਪਤੀ ਨੂੰ ਸਦਾ ਲਈ ਰੀਝਾਣ ਦੀ ਸਮਰੱਥਾ ਰੱਖਦਾ ਹੈ। ਇਹ ਸ਼ਿੰਗਾਰ ਜੀਵ ਰੂਪੀ ਇਸਤਰੀ ਨੂੰ 'ਥਿਰ ਸੋਹਾਗ' ਦੀ ਪਦਵੀ ਪ੍ਰਦਾਨ ਕਰਦਾ ਹੈ। ਗੁਰੂ ਜੀ ਬਾਰਹ ਮਾਹ ਦੇ ਅੰਤ ਵਿੱਚ ਮਨੁੱਖ ਨੂੰ ਸ਼ੁੱਭ ਕਰਮਾਂ ਵਾਲੇ ਅਸਲ ਸ਼ਿੰਗਾਰ ਰਾਹੀਂ "ਥਿਰ ਸੋਹਾਗ" ਦੀ ਪਦਵੀ ਪ੍ਰਦਾਨ ਕਰਦੇ ਹਨ। ਗੁਰੂ ਜੀ ਬਾਰਹ ਮਾਹ ਦੇ ਅੰਤ ਵਿੱਚ ਮਨੁੱਖ ਦੀ ਪ੍ਰਭੂ-ਮਿਲਾਪ ਵਾਲੀ ਆਨੰਦਦਾਇਕ ਅਵਸਥਾ ਇਉਂ ਦਰਸਾਉਂਦੇ ਹਨ:-

ਪ੍ਰਭ ਮਿਲੇ ਪਿਆਰੇ ਕਾਰਜ ਸਾਰੇ, ਕਰਤਾ ਸਭ ਬਿਧਿ ਜਾਣੈ।।
ਜਿਨਿ ਸੀਗਾਰੀ ਤਿਸਹਿ ਪਿਆਰੀ, ਮੇਲੁ ਭਇਆ ਰੰਗੁ ਮਾਣੈ।।
ਘਰਿ ਸੇਜ ਸੁਹਾਵੀ ਜਾ ਪਿਰਿ ਰਾਵੀ, ਗੁਰਮੁਖਿ ਮਸਤਕ ਭਾਗੋ।।
ਨਾਨਕ ਅਹਿਨਿਸ ਰਾਵੈ ਪ੍ਰੀਤਮੁ ਹਰਿ ਵਰੁ ਥਿਰੁ ਸੋਹਾਗੋ।।[125]

---

124. ਬਾਰਹ ਮਾਹ ਤੁਖਾਰੀ ਮ: 1, ਆਦਿ ਗ੍ਰੰਥ, ਪੰਨਾ 1109.
125. -ਉਹੀ- , -ਉਹੀ- , ਪੰਨਾ 1109-10.

ਇਉਂ ਗੁਰੂ ਨਾਨਕ ਦੇਵ ਜੀ ਨੇ ਬਾਰਹ ਮਾਹ ਵਿੱਚ, ਸਿੱਧ ਕੀਤਾ ਹੈ ਕਿ ਮਨੁੱਖੀ ਜੀਵਨ ਦੀ ਸਰਵੋਚ ਅਵਸਥਾ, ਅਰਥਾਤ 'ਥਿਰ ਸੋਹਾਗ' ਵਾਲੀ ਅਵਸਥਾ ਸ਼ੁੱਭ ਕਰਮਾਂ ਦੇ ਸ਼ਿੰਗਾਰ ਕਰਨ ਨਾਲ ਪ੍ਰਾਪਤ ਹੁੰਦੀ ਹੈ। ਇਉਂ, ਮਨੁੱਖ ਆਪਣੇ ਦੈਨਿਕ ਕਾਰ ਵਿਹਾਰ ਕਰਦਾ ਹੋਇਆ ਸ਼ੁੱਭ ਕਰਮਾਂ ਦੇ ਸ਼ਿੰਗਾਰ ਰਾਹੀਂ ਪਰਮਾਤਮਾ ਨਾਲ ਮਿਲਾਪ ਪ੍ਰਾਪਤ ਕਰ ਸਕਦਾ ਹੈ ਅਤੇ ਮਿਲਾਪ ਵੀ ਅਜਿਹਾ, ਜਿਹੜਾ ਸਦਾ ਥਿਰ ਰਹਿਣ ਵਾਲਾ ਹੋਵੇ।

ਗੁਰੂ ਨਾਨਕ ਦੇਵ ਜੀ ਬਾਰਹਮਾਹ ਦੇ ਅੰਤ ਉੱਤੇ ਮਨੁੱਖ ਨੂੰ ਇਹ ਵਿਸ਼ਵਾਸ਼ ਵੀ ਦਿਵਾ ਦਿੰਦੇ ਹਨ ਕਿ 'ਥਿਰ ਸੋਹਾਗ' ਵਾਲੀ ਅਵਸਥਾ ਵਿੱਚ ਉਸ ਦੇ ਮਨ ਉੱਤੇ ਸਾਲ ਦੇ ਬਾਰ ਮਹੀਨੇ ਦਾ ਸੁਖਾਵਾਂ ਪਰਭਾਵ ਹੀ ਪਵੇਗਾ, ਕਿਉਂਕਿ ਇਸ ਅਵਸਥਾ ਵਿੱਚ ਉਹ ਪ੍ਰਭੂ-ਮਿਲਾਪ ਦੇ ਪੂਰਨ ਆਨੰਦ ਵਿੱਚ ਇੰਨਾ ਮਗਨ ਰਹੇਗਾ ਕਿ ਕਿਸੇ ਪ੍ਰਕਾਰ ਦੀ ਮੌਸਮੀ ਕਾਰਵਾਈ ਉਸ ਦੇ ਆਤਮਕ ਅਨੰਦ ਨੂੰ ਭੰਗ ਨਹੀਂ ਕਰ ਸਕੇਗੀ। ਇਸ ਲਈ ਇਹੀ ਮਨੁੱਖ ਦੀ ਸਰਵੋਚ ਅਵਸਥਾ ਹੈ, ਜਿਸ ਨੂੰ ਪ੍ਰਾਪਤ ਕਰਨਾ ਉਸ ਦਾ ਅੰਤਮ ਉਦੇਸ਼ ਹੈ। ਡਾ: ਤਾਰਨ ਸਿੰਘ ਨੇ ਮਨੁੱਖ ਦੀ ਇਸ ਸਰਵੋਚ ਅਵਸਥਾ ਬਾਰੇ ਇਹ ਵਿਚਾਰ ਪਰਗਟਾਇਆ ਹੈ:-

> "ਮਨੁੱਖੀ ਮਨ ਦੀ ਉੱਚੀ ਤੋਂ ਉੱਚੀ ਅਵਸਥਾ ਦਾ ਚਿੰਨ੍ਹ ਇਸ ਰਚਨਾ (ਬਾਰਹ ਮਾਹ ਤੁਖਾਰੀ) ਵਿੱਚ 'ਥਿਰ ਸੋਹਾਗ' ਰੱਖਿਆ ਹੈ। ਜਿਵੇਂ 'ਜਪੁ' ਵਿੱਚ 'ਸਚਿਆਰ' ਅਤੇ 'ਆਸਾ ਦੀ ਵਾਰ' ਵਿੱਚ 'ਸੇਵਕ' ਰੱਖਿਆ ਹੈ। ਜੇ ਮਨੁੱਖ ਮਿਲਾਪ ਵਿੱਚ ਹੈ ਤਾਂ ਬਾਹਰ ਭਾਵੇਂ ਸਰਦੀ ਹੋਵੇ ਭਾਵੇਂ ਗਰਮੀ ਹੋਵੇ, ਮਨੁੱਖ ਦੇ ਹਿਰਦੇ ਵਿੱਚ ਪੂਰਨ ਅਨੰਦ ਰਹਿੰਦਾ ਹੈ।"[126]

ਨਿਰਸੰਦੇਹ, ਗੁਰੂ ਨਾਨਕ ਦੇਵ ਜੀ ਨੇ ਸ਼ੁੱਭ ਕਰਮਾਂ ਦੇ ਸ਼ਿੰਗਾਰ ਨੂੰ 'ਥਿਰ ਸੋਹਾਗ' ਪ੍ਰਾਪਤੀ ਦਾ ਸਫਲ ਸਾਧਨ ਦਰਸਾ ਕੇ ਮਨੁੱਖ ਨੂੰ ਪਤੀ-ਪਰਮਾਤਮਾ ਨਾਲ ਸਦੀਵੀ ਮਿਲਾਪ ਪ੍ਰਾਪਤ ਕਰਨ ਦੀ ਜੀਵਨ-ਜੁਗਤ ਸਿਖਾ ਦਿੱਤੀ ਹੈ। ਇਸ ਤਰ੍ਹਾਂ ਬਾਰਹ ਮਾਹ ਤੁਖਾਰੀ ਵਿਚ ਗੁਰੂ ਜੀ ਨੇ ਵਿਛੋੜੇ ਦਾ ਵਾਤਾਵਰਣ ਉਤਪਨ ਕਰ ਕੇ ਵੀ ਅੰਤਮ ਪਰਭਾਵ ਮਿਲਾਪ ਵਾਲਾ ਪਾ ਕੇ ਵਿਖਾਇਆ ਹੈ। ਪ੍ਰੋ: ਪਿਆਰਾ ਸਿੰਘ ਪਦਮ ਨੇ

---

126. 'ਗੁਰੂ ਨਾਨਕ ਚਿੰਤਨ ਤੇ ਕਲਾ', ਪੰਨਾ 168

ਹਰੇਕ ਸਤਰ ਬਾਰਹ ਮਾਹ ਦੇ ਵਿਚੋਂ ਜਿਵੇਂ ਅੰਤਿਮ ਪਰਭਾਵ ਬਾਰੇ ਲਿਖਿਆ ਹੈ:-

"ਬਾਰਹੋ ਮਾਹੇ ਦਾ ਤਾਣਾ ਪੇਟਾ ਤਾਂ ਬਿਰਹੁ ਵਿਜੋਗ ਦਾ ਹੁੰਦਾ ਹੈ, ਪਰ ਅੰਤ ਕਪੜਾ ਸੰਜੋਗ ਦਾ ਬੁਣਿਆ ਜਾਂਦਾ ਹੈ।"[127]

## (ਅ) ਤਿੰਨ ਵਾਰਾਂ ਵਿੱਚ ਕਿਰਤ-ਸੰਕਲਪ

ਗੁਰੂ ਨਾਨਕ ਦੇਵ ਜੀ ਨੇ ਤਿੰਨ ਵਾਰਾਂ ਉਚਾਰੀਆਂ ਹਨ - ਮਾਝ ਕੀ ਵਾਰ, ਆਸਾ ਦੀ ਵਾਰ ਅਤੇ ਮਲਾਰ ਕੀ ਵਾਰ। ਇਨ੍ਹਾਂ ਤਿੰਨਾਂ ਵਾਰਾਂ ਵਿੱਚ ਆਪ ਜੀ ਨੇ ਕਿਰਤ-ਸੰਕਲਪ ਅਤੇ ਕਾਰਜਸ਼ੀਲਤਾ-ਸੰਕਲਪ ਨੂੰ ਮਹੱਤਵਪੂਰਣ ਸਥਾਨ ਦਿੱਤਾ ਹੈ। 'ਸ਼ਬਦਾਰਥ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ' ਵਿੱਚ ਅੰਕਿਤ ਕਥਨ ਅਨੁਸਾਰ:-

"ਗੁਰੂ ਨਾਨਕ ਦੇਵ ਜੀ ਦੀਆਂ ਰਚੀਆਂ ਤਿੰਨ ਵਾਰਾਂ ਕ੍ਰਮਵਾਰ ਮਨੁੱਖ ਨੂੰ ਪ੍ਰਭੂ ਤੇ ਉਸ ਦੀ ਕੁਦਰਤ, ਉਸ ਦੀ ਆਪਣੀ ਪ੍ਰਕਿਰਤੀ ਤੇ ਗੁਰ ਕਿਰਪਾ ਦ੍ਰਿਸ਼ਟੀ ਰਾਹੀਂ ਮਨੁੱਖ ਤੇ ਦੇਵਤਾ ਬਣਾਉਣ ਦਾ ਉਪਕਾਰ ਤੇ ਮਨਮੁਖਾਂ ਨੂੰ ਪਛਾਣਨ ਲਈ ਗੁਰਮੁਖ ਦੇ ਅਖਾੜੇ ਵਿੱਚ ਕੁੱਦਣ ਨੂੰ ਸੰਭਵ ਬਣਾਉਂਦੀਆਂ ਹਨ। ਇਹੁ, ਉਸ ਦੇ ਕਿਰਦਾਰ ਨੂੰ ਕਰਮਸ਼ੀਲਤਾ ਬਖਸ਼ੀ ਗਈ ਹੈ। ਇਹੀ ਕਰਮਸ਼ੀਲਤਾ ਤੇ ਸੇਵਾ ਤੇ ਸਿਮਰਨ ਵਿਚ ਢਾਲੀ ਗਈ ਨਾਲ ਉਸ ਦਾ ਪਰਲੋਕ ਵਿੱਚ ਵੀ ਮੁਖ ਉਜਲਾ ਕਰ ਦੇਂਦੀ ਹੈ।"[128]

ਗੁਰੂ ਨਾਨਕ ਦੇਵ ਜੀ ਦੀਆਂ ਤਿੰਨ ਵਾਰਾਂ ਵਿੱਚ ਉਪਰੋਕਤ ਕਰਮਸ਼ੀਲਤਾ ਨੂੰ ਮੁੱਖ ਰੱਖਦਿਆਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਿੱਤੇ ਹੋਏ ਕ੍ਰਮ ਅਨੁਸਾਰ ਇਨ੍ਹਾਂ ਵਿਚਲੇ ਕਿਰਤ-ਸੰਕਲਪ ਦੀ ਵਿਆਖਿਆ ਕਰਨ ਦਾ ਜਤਨ ਕੀਤਾ ਜਾਂਦਾ ਹੈ।

### 1) ਮਾਝ ਕੀ ਵਾਰ

'ਮਾਝ ਕੀ ਵਾਰ' ਵਿੱਚ ਗੁਰੂ ਨਾਨਕ ਦੇਵ ਜੀ ਆਪਣੇ ਵਿਸ਼ਾਲ ਜੀਵਨ-ਅਨੁਭਵਾਂ ਦੇ ਆਧਾਰ ਉਤੇ ਮਨੁੱਖੀ ਜੀਵਨ ਦੀਆਂ ਵਿਆਪਕ ਸਮੱਸਿਆਵਾਂ ਦੇ ਹੱਲ ਦਰਸਾਉਂਦੇ ਹਨ।

127. 'ਬਾਰਹ ਮਾਹ ਤੁਖਾਰੀ' - 'ਪੰਜਾਬੀ ਦੁਨੀਆਂ, ਗੁਰੂ ਨਾਨਕ ਅੰਕ - ਭਾਗ ਪਹਿਲਾ', ਪੰਨਾ 293, ਨਵੰਬਰ, ਦਸੰਬਰ, 1969.

128. "ਸ਼ਬਦਾਰਥ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ", ਪੰਨਾ 29.

ਆਪਜੀ ਦੇ ਵਿਚਾਰ ਅਨੁਸਾਰ, ਕਿਰਤ ਕਰਨ ਦੀ ਆਦਤ ਮਨੁੱਖੀ ਜੀਵਨ ਵਿਚਲੀਆਂ ਕਈ ਸਮੱਸਿਆਵਾਂ ਨੂੰ ਸਹਿਜੇ ਹੀ ਹੱਲ ਕਰ ਸਕਣ ਦੀ ਸਮਰਥਾ ਰੱਖਦੀ ਹੈ। ਇਸ ਲਈ, ਇਸ ਵਾਰ ਵਿੱਚ, ਆਪ ਕਿਰਤ ਦੇ ਕਈ ਪੱਖ ਉਤੇ ਅਨੁਭਵੀ ਪਰਕਾਸ਼ ਪਾਉਂਦਿਆਂ ਉਨ੍ਹਾਂ ਦੇ ਸੁਖਾਵੇਂ ਪਰਭਾਵ ਪਰਗਟਾਉਂਦੇ ਹਨ।

## ਧੁਰੋਂ ਸੌਂਪੀ ਹੋਈ ਕਾਰ

ਗੁਰੂ ਨਾਨਕ ਦੇਵ ਜੀ 'ਮਾਝ ਕੀ ਵਾਰ' ਵਿੱਚ ਮਨੁੱਖ ਲਈ ਧੁਰੋਂ ਸੌਂਪੀ ਹੋਈ ਕਾਰ ਉਤੇ ਵਿਸ਼ੇਸ਼ ਬਲ ਦਿੰਦੇ ਹਨ। ਆਪ ਦਰਸਾਉਂਦੇ ਹਨ ਕਿ ਪਰਮਾਤਮਾ ਨੇ ਜਗਤ ਵਿੱਚ ਜੀਵਾਂ ਦੀ ਰਚਨਾ ਕਰ ਕੇ ਹਰੇਕ ਨੂੰ ਕਿਸੇ ਨਾ ਕਿਸੇ 'ਧੰਧੈ' ਲਾਇਆ ਹੋਇਆ ਹੈ। ਇਸ ਤਰ੍ਹਾਂ ਉਸ ਰਚਨਹਾਰ ਨੇ ਹਰੇਕ ਜੀਵ ਨੂੰ ਧੁਰੋਂ ਸੌਂਪੀ ਹੋਈ ਕਾਰ ਕਮਾਉਣ ਦਾ ਅਵਸਰ ਪ੍ਰਦਾਨ ਕੀਤਾ ਹੋਇਆ ਹੈ। ਗੁਰੂ ਜੀ ਇਸ ਵਿਚਾਰ ਨੂੰ ਇਸ ਵਾਰ ਅੰਦਰ ਕਈ ਥਾਈਂ ਪਰਗਟਾਉਂਦੇ ਹਨ ਜਿਵੇਂ:-

1) ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਧੰਧੈ ਲਾਇਆ।।[129]

2) ਜਿਉ ਭਾਵੈ ਤਿਉ ਰਖੁ ਤੂ ਸਭ ਕਰੇ ਤੇਰਾ ਕਰਾਇਆ।।[130]

ਇਹ ਵਿਚਾਰ ਪਰਗਟਾਉਂਦਿਆਂ ਗੁਰੂ ਜੀ, ਵਾਸਤਵ ਵਿੱਚ, ਕਿਰਤ ਦੀ ਮਹਾਨਤਾ ਦਰਸਾਉਂਦੇ ਹਨ। ਆਪ, ਇਸ ਰਾਹੀਂ, ਹਰੇਕ ਕਿਰਤੀ ਨੂੰ ਇਹ ਅਨੁਭਵ ਕਰਾਉਂਦੇ ਹਨ ਕਿ ਜਿਸ ਕਿਰਤ ਉਤੇ ਉਹ ਲੱਗਾ ਹੋਇਆ ਹੈ, ਉਹ ਧੁਰੋਂ ਸੌਂਪੀ ਹੋਈ ਕਾਰ ਹੋਣ ਕਰਕੇ, ਹਰ ਹਾਲਤ ਵਿੱਚ ਉਚੀ ਪਦਵੀ ਰੱਖਦੀ ਹੈ। ਇਸ ਲਈ, ਆਪ ਹਰੇਕ ਮਨੁੱਖ ਨੂੰ ਉਪਦੇਸ਼ਦੇ ਹਨ ਕਿ ਉਹ ਉਸ ਧੁਰੋਂ ਸੌਂਪੀ ਹੋਈ ਕਾਰ ਨੂੰ ਪੂਰੀ ਦ੍ਰਿੜਤਾ ਨਾਲ ਨਿਭਾਏ , ਕਿਉਂਜੋ:-

ਸਤਿਗੁਰੁ ਸੇਵੇ ਨਿਸੰਗੁ ਭਰਮ ਚੁਕਾਈਐ।।
ਸਤਿਗੁਰੁ ਆਖੈ ਕਾਰ, ਸੁ ਕਾਰ ਕਮਾਈਐ।।[131]

---

129. ਮਾਝ ਕੀ ਵਾਰ ਮ: 1, ਆਦਿ ਗ੍ਰੰਥ, ਪੰਨਾ 138.

130. -ਉਹੀ- , -ਉਹੀ- , ਪੰਨਾ 139.

131. -ਉਹੀ- , -ਉਹੀ- , ਪੰਨਾ 145.

ਇਵੇਂ ਗੁਰੂ ਨਾਨਕ ਦੇਵ ਜੀ ਆਪਣੀ ਕੀਰਤਨ ਵਾਲੀ ਕਾਰ ਬਾਰੇ ਵੀ ਜ਼ਿਕਰ ਕਰ ਕੇ ਦਰਸਾਉਂਦੇ ਹਨ ਕਿ ਮੈਨੂੰ ਪਰਮਾਤਮਾ ਨੇ 'ਢਾਢੀ' ਦੀ ਕਾਰ ਕਮਾਣ ਉਤੇ ਲਗਾਇਆ ਹੋਇਆ ਹੈ। ਇਹੀ ਮੇਰੇ ਲਈ ਧੁਰੋਂ ਸੌਂਪੀ ਹੋਈ ਕਾਰ ਹੈ। ਇਸ ਲਈ, ਮੈਂ ਇਸ ਨੂੰ ਰਾਤ ਦਿਨ ਕਰਦਿਆਂ ਇਸ ਤੋਂ ਹਰ ਦਿਨ ਨਵਾਂ ਉਮਾਹ ਪ੍ਰਾਪਤ ਕਰਦਾ ਹਾਂ:-

ਹਉ ਢਾਢੀ ਵੇਕਾਰੁ ਕਾਰੈ ਲਾਇਆ ॥
ਰਾਤਿ ਦਿਹੈ ਕੈ ਵਾਰ ਧੁਰਹੁ ਫਰਮਾਇਆ ॥[132]

ਗੁਰੂ ਜੀ ਅਨੁਭਵ ਕਰਦੇ ਹਨ ਕਿ ਜੇ ਹਰੇਕ ਮਨੁੱਖ ਆਪਣੀ ਕਿਰਤ ਨੂੰ ਧੁਰੋਂ ਸੌਂਪੀ ਹੋਈ ਕਾਰ ਸਮਝੇ ਤਾਂ ਉਸ ਵਿਚੋਂ ਬੜਾ ਆਨੰਦ ਅਤੇ ਉਮਾਹ ਪ੍ਰਾਪਤ ਕਰ ਸਕਦਾ ਹੈ।

## ਹੱਕ ਦੀ ਕਮਾਈ

ਗੁਰੂ ਨਾਨਕ ਦੇਵ ਜੀ ਜਿਥੇ ਮਨੁੱਖ ਦੀ ਹਰੇਕ ਕਿਰਤ ਨੂੰ ਧੁਰੋਂ ਸੌਂਪੀ ਹੋਈ ਕਾਰ ਦਰਸਾਉਂਦੇ ਹਨ, ਉਥੇ ਇਹ ਵੀ ਦਰਸਾ ਦਿੰਦੇ ਹਨ ਕਿ ਮਨੁੱਖ ਆਪ ਆਪਣੀ ਕਿਰਤ ਨੂੰ ਚੰਗੇ ਜਾਂ ਮੰਦੇ ਪਾਸੇ ਲਗਾਉਂਦਾ ਹੈ। ਜਦੋਂ ਉਹ ਕਿਰਤ ਵਿਚੋਂ ਹੱਕ ਦੀ ਕਮਾਈ ਕਰਦਾ ਹੈ ਤਾਂ ਉਹ ਉਸ ਨੂੰ ਚੰਗੇ ਪਾਸੇ ਲਗਾਉਂਦਾ ਹੈ। ਪਰ, ਜਦੋਂ ਉਹ ਇਸ ਰਾਹੀਂ ਹੱਕ ਤੋਂ ਬਾਹਰਲੀ ਕਮਾਈ ਕਰਦਾ ਹੈ ਤਾਂ ਇਸ ਨੂੰ ਮੰਦੇ ਪਾਸੇ ਲਗਾਉਂਦਾ ਹੈ। ਇਸ ਤਰ੍ਹਾਂ, ਗੁਰੂ ਜੀ ਨੇਕ ਸਾਧਨਾਂ ਰਾਹੀਂ ਕੀਤੀ ਹੋਈ ਕਮਾਈ ਨੂੰ ਹੱਕ ਦੀ ਕਮਾਈ ਅਤੇ ਬੁਰੇ ਸਾਧਨਾਂ ਰਾਹੀਂ ਕੀਤੀ ਹੋਈ ਕਮਾਈ ਨੂੰ ਹੱਕ ਤੋਂ ਬਾਹਰਲੀ ਕਮਾਈ ਦਰਸਾਉਂਦੇ ਹਨ। ਇਸ ਲਈ ਆਪ ਹਰੇਕ ਕਿਰਤੀ ਨੂੰ ਉਪਦੇਸ਼ਦੇ ਹਨ ਕਿ ਉਹ ਸਦਾ ਹੱਕ ਦੀ ਕਮਾਈ ਖਾਵੇ, ਪਰਾਇਆ ਹੱਕ ਖੋਹ ਕੇ ਵਿਵਰਜਤ ਪਦਾਰਥ ਜਾਂ 'ਮੁਰਦਾਰ' ਨਾ ਖਾਵੇ, ਕਿਉਂਕਿ:-

ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥[133]

ਗੁਰੂ ਨਾਨਕ ਦੇਵ ਜੀ ਦੇ ਵਿਚਾਰ ਅਨੁਸਾਰ, ਕੋਈ ਵੀ ਧਰਮ ਹੱਕ ਦੀ ਕਮਾਈ ਤੋਂ ਬਿਨਾਂ ਕੋਈ ਹੋਰ ਕਮਾਈ ਕਰਨ ਦੀ ਆਗਿਆ ਨਹੀਂ ਦਿੰਦਾ। ਆਪ ਸਮਝਦੇ ਹਨ

---

132. ਮਾਝ ਕੀ ਵਾਰ, ਮ: 1, ਆਦਿ ਗ੍ਰੰਥ, ਪੰਨਾ 150.
133. -ਉਹੀ- , -ਉਹੀ- , ਪੰਨਾ 141.

ਕਿ ਕੇਵਲ ਹੱਕ ਦੀ ਕਮਾਈ ਹੀ ਕਿਸੇ ਧਰਮ ਵਿੱਚ ਸੱਚੀ ਸ਼ਕਤੀ ਭਰ ਸਕਦੀ ਹੈ। ਇਸ ਲਈ ਆਪ ਹਰੇਕ ਮਨੁੱਖ ਨੂੰ ਹੱਕ ਦੀ ਕਮਾਈ ਰਾਹੀਂ ਆਪਣੇ ਧਰਮ ਅੰਦਰ ਸੱਚੀ ਸ਼ਕਤੀ ਭਰਨ ਦਾ ਉਪਦੇਸ਼ ਦਿੰਦੇ ਹਨ। ਇਸ ਦੇ ਆਸ਼ੇ ਅਨੁਸਾਰ, ਆਪ ਸ਼ੁਭ ਕਰਮਾਂ ਨੂੰ ਹੱਕ ਦੀ ਕਮਾਈ ਨਾਲ ਸੰਬੰਧਿਤ ਕਰ ਕੇ ਹਰੇਕ ਧਰਮ ਦੇ ਅਸਲ ਚਿੰਨ੍ਹ ਪਰਗਟਾਉਂਦੇ ਹਨ। ਇਸ ਲਈ, ਆਪ ਇਸ ਵਾਰ ਵਿਚ ਸ਼ੁਭ 'ਕਰਣੀ' ਨੂੰ 'ਕਾਬਾ', 'ਸੱਚ' ਨੂੰ 'ਪੀਰ', 'ਕਰਮਾਂ' ਨੂੰ 'ਕਲਮਾ' ਜਾਂ ਨਿਮਾਜ਼ ਅਤੇ ਰੱਬੀ ਪ੍ਰਸੰਨਤਾ ਨੂੰ 'ਤਸਬੀ' ਦਰਸਾ ਕੇ ਹਰ ਧਰਮ ਦੇ ਚਿੰਨ੍ਹਾਂ ਦਾ ਅਸਲ ਅਰਥ ਸਮਝਾ ਦਿੰਦੇ ਹਨ:-

ਕਰਣੀ ਕਾਬਾ, ਸਚੁ ਪੀਰੁ, ਕਲਮਾ ਕਰਮ ਨਿਵਾਜੁ।।
ਤਸਬੀ ਸਾ ਤਿਸੁ ਭਾਵਸੀ, ਨਾਨਕ ਰਖੈ ਲਾਜ।।[134]

ਸ਼ੁਭ ਕਰਮਾਂ ਦੀ ਮਹਾਨਤਾ ਸਵੀਕਾਰਦਿਆਂ ਗੁਰੂ ਨਾਨਕ ਦੇਵ ਜੀ ਇਸ ਵਾਰ ਵਿੱਚ, ਇਹ ਸਿਧਾਂਤ ਵੀ ਪਰਗਟਾਉਂਦੇ ਹਨ ਕਿ ਹਰੇਕ ਧਰਮ ਵਿੱਚ ਸ਼ੁਭ ਕਰਮਾਂ ਨੂੰ ਹੀ ਅਸਲ ਪ੍ਰਧਾਨਤਾ ਮੰਨਿਆ ਜਾਣਾ ਚਾਹੀਦਾ ਹੈ। ਇਸ ਲਈ ਆਪ ਸ਼ੁਭ ਕਰਮਾਂ ਦੀ ਮਹਾਨਤਾ ਪਰਗਟਾਉਂਦਿਆਂ, ਮੁਸਲਮਾਨਾਂ ਦੀਆਂ ਪੰਜ ਰਸਮੀ ਨਿਮਾਜ਼ਾਂ ਦੇ ਟਾਕਰੇ ਉਤੇ ਪੰਜ ਅਸਲੀ ਨਿਮਾਜ਼ਾਂ ਦਾ ਵਰਣਨ ਕਰਦੇ ਹਨ। ਇਹ ਨਿਮਾਜ਼ਾਂ ਕੇਵਲ ਮੁਸਲਮਾਨਾਂ ਲਈ ਹੀ ਨਹੀਂ; ਸਗੋਂ ਹਰੇਕ ਧਰਮ ਦੇ ਮਨੁੱਖਾਂ ਲਈ ਇਕੋ ਜਿਹੀਆਂ ਗੁਣਕਾਰੀ ਸਿੱਧ ਹੋ ਸਕਦੀਆਂ ਹਨ। ਇਸ ਲਈ ਆਪ ਮੁਸਲਮਾਨਾਂ ਤੋਂ ਉਪਰੰਤ ਹੋਰ ਵੀ ਹਰੇਕ ਧਰਮ ਦੇ ਮਨੁੱਖਾਂ ਨੂੰ ਰੋਜ਼ ਪੰਜੇ ਵਕਤ ਇਹ ਨਿਮਾਜ਼ਾਂ ਪੜ੍ਹਨ ਦੀ ਪ੍ਰੇਰਣਾ ਪ੍ਰਦਾਨ ਕਰਦੇ ਹਨ।

ਇਨ੍ਹਾਂ ਪੰਜਾਂ ਨਿਮਾਜ਼ਾਂ ਵਿਚੋਂ ਪਹਿਲੀ ਨਿਮਾਜ਼ ਹੈ ਸਚ ਉਤੇ ਚਲਣਾ, ਦੂਜੀ ਹੱਕ ਹਲਾਲ ਦੀ ਕਮਾਈ ਕਰਨਾ, ਤੀਜੀ ਸਭ ਮਨੁੱਖਾਂ ਦਾ ਭਲਾ ਮੰਗਣਾ, ਚੌਥੀ ਨੀਅਤ ਰਾਸ ਰੱਖਣਾ ਅਤੇ ਪੰਜਵੀਂ ਪਰਮਾਤਮਾ ਦੀ ਸਿਫ਼ਤ ਸਲਾਹ ਕਰਨਾ। ਇਨ੍ਹਾਂ ਪੰਜ ਨਿਮਾਜ਼ਾਂ ਵਿੱਚ ਨੇਕ ਕਮਾਈ ਨਾਲ ਸੰਬੰਧਿਤ ਸ਼ੁਭ ਕਰਮਾਂ ਨੂੰ ਬੰਦਗੀ ਦਾ ਦਰਜਾ ਦਿੰਦਿਆਂ ਆਪ ਇਨ੍ਹਾਂ ਨੂੰ ਪੜ੍ਹਨ ਦੀ ਜਾਚ ਇਉਂ ਸਿਖਾਉਂਦੇ ਹਨ:-

ਪੰਜਿ ਨਿਮਾਜਾ, ਵਖਤ ਪੰਜਿ, ਪੰਜਾ ਪੰਜੇ ਨਾਉ।।
ਪਹਿਲਾ ਸਚੁ ਹਲਾਲ ਦੁਇ, ਤੀਜਾ ਖੈਰ ਖੁਦਾਇ।।
ਚਉਥੀ ਨੀਅਤਿ ਰਾਸਿ ਮਨੁ, ਪੰਜਵੀ ਸਿਫਤਿ ਸਨਾਇ।।

---

134. ਮਾਝ ਕੀ ਵਾਰ, ਮ: 1, ਆਦਿ ਗ੍ਰੰਥ, ਪੰਨਾ 140-41.

ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ।।
ਨਾਨਕ ਜੇਤੇ ਕੂੜਿਆਰ, ਕੂੜੈ ਕੂੜੀ ਪਾਇ।।[135]

ਇਹ, ਵਾਸਤਵ ਵਿੱਚ, ਸ਼ੁੱਭ ਅਮਲਾਂ ਦੀਆਂ ਅਸਲ ਨਿਮਾਜ਼ਾਂ ਹਨ। ਇਨ੍ਹਾਂ ਨਿਮਾਜ਼ਾਂ ਦਾ ਵਰਣਨ ਕਰ ਕੇ ਗੁਰੂ ਜੀ ਮੁਸਲਮਾਨਾਂ ਨੂੰ ਉਪਦੇਸ਼ਦੇ ਹਨ ਕਿ ਉਹ ਸ਼ੁੱਭ ਅਮਲ ਕਮਾਣ ਨਾਲ ਹੀ, ਪੱਕੇ ਮੁਸਲਮਾਨ ਬਣ ਸਕਦੇ ਹਨ। ਉਂਜ ਇਸੇ ਤਰ੍ਹਾਂ ਇਸ ਉਪਦੇਸ਼ ਰਾਹੀਂ ਆਪ ਹਰੇਕ ਧਰਮ ਨਾਲ ਸੰਬੰਧਿਤ ਮਨੁੱਖ ਨੂੰ ਸਮਝਾ ਦਿੰਦੇ ਹਨ ਕਿ ਉਹ ਸ਼ੁੱਭ ਕਰਮਾਂ ਜਾਂ ਸ਼ੁੱਭ ਅਮਲਾਂ ਦੀ ਪਰਾਰਥਣਾ ਕਰ ਕੇ ਆਪਣੇ ਧਰਮ ਵਿੱਚ ਪੱਕਾ ਮਨੁੱਖ ਬਣ ਕੇ ਵਿਖਾ ਸਕਦਾ ਹੈ।

ਇਸ ਦੇ ਵਿਪਰੀਤ, ਸ਼ੁਭ ਕਰਮਾਂ ਨੂੰ ਛੱਡ ਕੇ ਬੁਰੇ ਕਰਮ ਕਮਾਣ ਵਾਲੇ ਮਨੁੱਖ ਨੂੰ, ਗੁਰੂ ਨਾਨਕ ਦੇਵ ਜੀ, ਆਪਣੇ ਧਰਮ ਵਿੱਚ ਪੱਕਾ ਮਨੁੱਖ ਤਾਂ ਕੀ ਇਕ ਸਾਧਾਰਣ ਮਨੁੱਖ ਵੀ ਨਹੀਂ ਮੰਨਦੇ। ਇਸੇ ਲਈ, ਆਪ ਲੁਕ ਛਿਪ ਕੇ ਬੁਰੇ ਕੰਮ ਕਰਨ ਵਾਲੇ ਬੰਦੇ ਨੂੰ ਮਨੁੱਖ ਕਹਿਣ ਲਈ ਕਦੀ ਤਿਆਰ ਨਹੀਂ ਹਨ। ਆਪ ਇਹੋ ਜਿਹੇ ਬੰਦੇ ਨੂੰ ਅਕਲੋਂ ਕੋਰਾ ਮੰਨਦੇ ਹਨ। ਆਪ, ਇਸ ਵਾਰ ਵਿਚ, ਦਰਸਾਉਂਦੇ ਹਨ ਕਿ ਆਪਣਾ ਅਸਲਾ ਭੁਲਾ ਕੇ, ਭੈੜੀ ਤਰੀਕੇ ਨਾਲ 'ਬਦਫੈਲੀ' ਕਰਨ ਵਾਲਾ ਵਿਅਕਤੀ 'ਦੀਵਾਨਾ' ਅਖਵਾਣ ਵਾਲਾ ਕੰਮ ਕਰਦਾ ਹੈ, ਇਸ ਲਈ ਉਸ ਨੂੰ ਮਨੁੱਖ ਨਹੀਂ; ਸਗੋਂ 'ਦੀਵਾਨਾ' ਕਹਿਣਾ ਚਾਹੀਦਾ ਹੈ:-

ਬਦਫੈਲੀ ਗੈਬਾਨਾ, ਖਸਮੁ ਨ ਜਾਣਈ।।
ਸੋ ਕਹੀਐ ਦੀਵਾਨਾ, ਆਪੁ ਨ ਪਛਾਣਈ।।[136]

ਗੁਰੂ ਜੀ ਇਸ ਵਾਰ ਵਿਚ ਇਹ ਵੀ ਸਮਝਾ ਦਿੰਦੇ ਹਨ ਕਿ ਮਨੁੱਖ ਵੱਲੋਂ ਲੁਕ ਛਿਪ ਕੇ ਕੀਤੇ ਹੋਏ ਬੁਰੇ ਕੰਮ ਕਦੀ ਛੁਪੇ ਨਹੀਂ ਰਹਿ ਸਕਦੇ। ਕਿਉਂਕਿ ਉਹ ਉਸ ਦੀ ਬੁਧੀ ਉਤੇ ਅਜਿਹੇ ਪਰਭਾਵ ਛੱਡ ਜਾਂਦੇ ਹਨ, ਜਿਨ੍ਹਾਂ ਰਾਹੀਂ ਉਹ ਝੱਟ ਪਛਾਣਿਆ ਜਾ ਸਕਦਾ ਹੈ। ਉਦਾਹਰਣ ਵਜੋਂ; ਜੇ ਕੋਈ ਵਿਅਕਤੀ ਭੋਲੇ ਮਨੁੱਖਾਂ ਉਤੇ ਅਤਿਆਚਾਰ ਕਮਾ ਕੇ ਉਨ੍ਹਾਂ ਦਾ ਲਹੂ ਪੀਂਦਾ ਰਹਿੰਦਾ ਹੈ ਤਾਂ ਉਸ ਦਾ ਆਪਣਾ ਚਿਤ ਕਦੀ ਨਿਰਮਲ ਨਹੀਂ ਰਹਿ ਸਕਦਾ।

---

135. ਮਾਝ ਕੀ ਵਾਰ ਮ: 1, ਆਦਿ ਗ੍ਰੰਥ, ਪੰਨਾ 141.
136. -ਉਹੀ- , -ਉਹੀ- , ਪੰਨਾ 142.

ਇਹੋ ਜਿਹੇ ਮਲੀਨ ਚਿਤ ਵਾਲਾ ਵਿਅਕਤੀ ਹੋਰ ਥੀਂਇਆਂ ਵਿੱਚ ਪਲੀਤਾ ਹੋਇਆ ਹੁੰਦੇ ਹੀ ਪਛਾਣਿਆ ਜਾਂਦਾ ਹੈ। ਇਸ ਦੇ ਨਾਲ ਹੀ ਆਪ ਇਹ ਦਰਸਾਉਂਦੇ ਹਨ ਕਿ ਇਹੋ ਜਿਹੇ ਪਾਪੀ ਜਾਂ ਅਤਿਆਚਾਰੀ ਮਨੁੱਖ ਆਪਣੀ ਬੁਧੀ ਨੂੰ ਨਿਰਮਲ ਬਣਾਨ ਲਈ ਭਾਵੇਂ ਕਿੰਨੇ ਹੀ ਜਤਨ ਪਏ ਕਰਨ, ਉਹ ਉਸ ਨੂੰ ਨਿਰਮਲ ਨਹੀਂ ਬਣਾ ਸਕਦੇ। ਆਪ ਇਸ ਗੱਲ ਨੂੰ ਬੜੇ ਤਰਕਮਈ ਢੰਗ ਨਾਲ ਇਉਂ ਸਪਸ਼ਟ ਕਰਦੇ ਹਨ:-

ਜੇ ਰਤੁ ਲਗੈ ਕਪੜੈ, ਜਾਮਾ ਹੋਇ ਪਲੀਤੁ।।
ਜੋ ਰਤੁ ਪੀਵਹਿ ਮਾਣਸਾ, ਤਿਨ ਕਿਉ ਨਿਰਮਲੁ ਚੀਤੁ।।[137]

ਇਸ ਤਰਕ ਰਾਹੀਂ ਗੁਰੂ ਜੀ ਸਭ ਮਨੁੱਖਾਂ ਨੂੰ ਸਮਝਾ ਦਿੰਦੇ ਹਨ ਕਿ ਉਹ ਆਪਣੇ ਚਿਤ ਨੂੰ ਕੇਵਲ ਸ਼ੁੱਭ ਕਰਮਾਂ ਦੀ ਕਮਾਈ ਨਾਲ ਨਿਰਮਲ ਰੱਖ ਸਕਦੇ ਹਨ। ਇਸ ਨੂੰ ਨਿਰਮਲ ਰੱਖਣ ਦਾ ਕੋਈ ਹੋਰ ਤਰੀਕਾ ਨਹੀਂ ਹੈ।

ਗੁਰੂ ਜੀ ਸ਼ੁੱਭ ਕਰਮਾਂ ਦੀ ਕਮਾਈ ਨੂੰ ਮਨੁੱਖ ਦੀ ਸਭ ਤੋਂ ਉੱਤਮ ਕਮਾਈ ਮੰਨਦੇ ਹਨ। ਹੋਰ ਹਰ ਪ੍ਰਕਾਰ ਦੀ ਕਮਾਈ ਮਨੁੱਖ ਦੇ ਮਰਨ ਪਿਛੋਂ ਉਸ ਦਾ ਸਾਥ ਛੱਡ ਦਿੰਦੀ ਹੈ। ਪਰ ਸ਼ੁੱਭ ਕਰਮਾਂ ਦੀ ਕਮਾਈ ਉਸ ਦੇ ਸਦਾ ਅੰਗ ਸੰਗ ਰਹਿੰਦੀ ਹੈ। ਇਉਂ, ਮਰਨ ਪਿਛੋਂ ਵੀ ਮਨੁੱਖ ਆਪਣੇ ਕੀਤੇ ਹੋਏ ਸ਼ੁੱਭ ਕਰਮਾਂ ਰਾਹੀਂ ਸੰਸਾਰ ਨਾਲ ਆਪਣਾ ਸੰਬੰਧ ਜੋੜ ਕੇ ਰੱਖ ਸਕਦਾ ਹੈ। ਉਸ ਦਾ ਸੰਸਾਰ ਨਾਲ ਇਹ ਸੰਬੰਧ ਸਦੀਵੀ ਹੁੰਦਾ ਹੈ, ਕਿਉਂਕਿ ਸੰਸਾਰ ਦੇ ਲੋਕ ਉਸ ਦੇ ਸ਼ੁੱਭ ਕਰਮਾਂ ਨੂੰ, ਆਪਣੇ ਨਾਲ, ਸਦਾ ਲਈ ਜੀਉਂਦਿਆਂ ਹੋਇਆਂ ਸਮਝਦੇ ਹਨ। ਇਸ ਲਈ, 'ਮਾਝ ਕੀ ਵਾਰ' ਵਿੱਚ ਸੰਸਾਰ ਦੀਆਂ ਚੰਗੀਆਂ ਰੰਗਾਂ ਦਾ ਵਰਣਨ ਕਰਦਿਆਂ, ਗੁਰੂ ਜੀ ਨੇਕੀ ਜਾਂ ਸਚਿਆਈ ਵਾਲੀ ਰੰਗ ਨੂੰ ਸਭ ਤੋਂ ਚੰਗੀ ਰੰਗ ਦਰਸਾਉਂਦੇ ਹਨ :-

ਰੰਗਾ ਰੰਗੁ ਰਵੈ ਸਭੁ ਕੋਇ।।
ਮੁਹਿਆ ਰੰਗੁ ਨੇਕੀ ਸਤੁ ਹੋਇ।।[138]

ਇਸ ਤਰ੍ਹਾਂ, ਗੁਰੂ ਨਾਨਕ ਦੇਵ ਜੀ ਸੰਸਾਰ ਵਿੱਚ ਨੇਕ ਕੰਮ ਕਰਨ ਵਾਲੇ ਮਨੁੱਖ ਦੀ ਅਮਰ ਪਦਵੀ ਪਰਵਾਨ ਕਰਦੇ ਹਨ।

---

137. ਮਾਝ ਕੀ ਵਾਰ ਮ: 1, ਆਦਿ ਗ੍ਰੰਥ, ਪੰਨਾ 140.
138. -ਉਹੀ- , -ਉਹੀ- , ਪੰਨਾ 143.

## ਕਿਰਤਹੀਣ ਫਿਰਕੇ ਦਾ ਖੰਡਨ

ਗੁਰੂ ਨਾਨਕ ਦੇਵ ਜੀ ਕਿਸੇ ਧਰਮ ਨੂੰ ਖਿਰਦਿਤ ਦ੍ਰਿਸ਼ਟੀ ਨਾਲ ਨਹੀਂ ਵੇਖਦੇ, ਪਰ ਆਪ ਕਿਸੇ ਧਾਰਮਕ ਫਿਰਕੇ ਦੀ ਕਿਰਤ ਹੀਣਤਾ ਨੂੰ ਕਦਾਚਿਤ ਸਵੀਕਾਰ ਨਹੀਂ ਕਰ ਸਕਦੇ। ਇਸ ਲਈ ਆਪ 'ਮਾਝ ਕੀ ਵਾਰ' ਵਿੱਚ ਜੈਨੀਆਂ ਜਿਹੀਆਂ ਕਿਰਤ-ਹੀਣ ਆਦਤਾਂ ਦਾ ਬਲਵਾਨ ਖੰਡਨ ਕਰਦੇ ਹਨ। ਆਪ ਇਸ ਧਾਰਮਕ ਫਿਰਕੇ ਦੇ ਅਨਿਆਈਆਂ ਨੂੰ ਮਾਨਵ ਸਮਾਜ ਉਤੇ ਇਕ ਵਾਧੂ ਬੋਝ ਸਮਝਦੇ ਹਨ, ਕਿਉਂਕਿ ਇਹ ਲੋਕ ਕਿਰਤ ਕਰ ਕੇ ਖਾਣ ਨਾਲੋਂ ਜੂਠ ਮੰਗ ਕੇ ਖਾਣਾ ਵਧੇਰੇ ਚੰਗਾ ਸਮਝਦੇ ਹਨ। ਗੁਰੂ ਜੀ ਇਨ੍ਹਾਂ ਦੀਆਂ ਸਭ ਕਿਰਤਹੀਣ ਅਤੇ ਗੰਦੀਆਂ ਆਦਤਾਂ ਦਾ ਪਾਜ ਉਘੇੜ ਕੇ ਵਿਖਾਉਂਦੇ ਹਨ ਕਿ ਕਿਵੇਂ ਇਹ ਕਿਰਤਹੀਣ ਲੋਕ ਜੀਵ-ਹਤਿਆ ਕਰਨ ਦੇ ਡਰੋਂ ਤਾਜ਼ਾ ਪਦਾਰਥ ਖਾਣ ਤੋਂ ਸੰਕੋਚ ਕਰਦੇ ਹਨ ਅਤੇ ਗੰਦਗੀ ਫੋਲ ਕੇ ਭੜਾਸ ਲੈਂਦੇ ਰਹਿੰਦੇ ਹਨ। ਖ਼ੁਦ ਹੱਥੀਂ ਕੰਮ ਕਰਨੋਂ ਜੀ ਚੁਰਾਉਂਦੇ ਹਨ ਅਤੇ ਆਪਣੀ ਜੱਦੀ ਕਿਰਤ ਛੱਡ ਬਹਿੰਦੇ ਹਨ। ਉਹ ਟੱਬਰ ਪਾਲਣ ਦੇ ਕਰਤਵ ਤੋਂ ਮੂੰਹ ਮੋੜ ਕੇ ਪਰਵਾਰ ਦੇ ਜੀਆਂ ਨੂੰ ਰੋਂਦਿਆਂ ਛੱਡ ਜਾਂਦੇ ਹਨ। ਗੁਰੂ ਜੀ ਉਨ੍ਹਾਂ ਦੀਆਂ ਇਹੋ ਜਿਹੀਆਂ ਕਿਰਤਹੀਣ ਆਦਤਾਂ ਦੀ ਕਰੜੀ ਆਲੋਚਨਾ ਇਉਂ ਕਰਦੇ ਹਨ:-

ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ।।
ਫੋਲਿ ਫਦੀਹਤਿ ਮੁਹਿ ਲੈਨਿ ਭੜਾਸਾ, ਪਾਣੀ ਦੇਖਿ ਸਗਾਹੀ।।
ਭੇਡਾ ਵਾਗੀ ਸਿਰੁ ਖੋਹਾਇਨਿ, ਭਰੀਅਨਿ ਹਥ ਸੁਆਹੀ।।
ਮਾਊ ਪੀਊ ਕਿਰਤੁ ਗਵਾਇਨਿ, ਟਬਰ ਰੋਵਨਿ ਧਾਹੀ।।[139]

ਗੁਰੂ ਨਾਨਕ ਦੇਵ ਜੀ ਦਾ ਵਿਸ਼ਵਾਸ ਹੈ ਕਿ ਕੇਵਲ ਕਿਰਤਹੀਣ ਮਨੁੱਖ ਹੀ 'ਕੁਚੀਲ' ਰਹਿੰਦੇ ਹਨ, ਕਿਰਤੀ ਮਨੁੱਖ ਤਾਂ ਸਦਾ ਸਾਫ਼ ਸੁਥਰੇ ਰਹਿੰਦੇ ਹਨ। ਇਸ ਲਈ ਜੈਨੀ ਲੋਕ ਜਿਥੇ ਕਿਰਤਹੀਣ ਹਨ, ਉਥੇ ਅਤਿ ਦਰਜੇ ਦੇ 'ਕੁਚੀਲ' ਵੀ ਹਨ। ਆਪ ਦਸਦੇ ਹਨ ਕਿ ਇਸ ਤਰ੍ਹਾਂ ਮਲੀਨ ਰਹਿਣ ਨਾਲ ਉਨ੍ਹਾਂ ਦੀ ਬੁਧੀ ਵੀ ਮਲੀਨ ਹੋ ਜਾਂਦੀ ਹੈ। ਇਸ ਲਈ ਉਨ੍ਹਾਂ ਨੂੰ ਨਾ ਤੀਰਥ ਢੋਈ ਦਿੰਦੇ ਹਨ ਨਾ ਬ੍ਰਹਿਮਣ ਅੰਗੀਕਾਰ ਕਰਦੇ ਹਨ। ਆਪ ਉਨ੍ਹਾਂ ਦੀ ਦੁਰਦਸ਼ਾ ਇਉਂ ਬਿਆਨ ਕਰਦੇ ਹਨ:-

---

139. ਮਾਝ ਕੀ ਵਾਰ ਮ: 1, ਆਦਿ ਗ੍ਰੰਥ, ਪੰਨਾ 149.

ਅਠਸਠਿ ਤੀਰਥ ਦੇਨਿ ਨ ਢੋਈ ਬ੍ਰਹਮਣ ਅੰਨੁ ਨ ਖਾਹੀ ॥
ਸਦਾ ਕੁਚੀਲ ਰਹਹਿ ਦਿਨੁ ਰਾਤੀ ਮਥੈ ਟਿਕੇ ਨਾਹੀ ॥[140]

ਗੁਰੂ ਜੀ ਜੈਨੀਆਂ ਦੀ ਇਕ ਹੋਰ ਕਿਰਤਹੀਣ ਗੱਲ ਇਹ ਦਸਾਉਂਦੇ ਹਨ ਕਿ ਉਹ ਸਮਾਜਕ ਮੇਲਮਿਲਾਪ ਤੋਂ ਸਦਾ ਕੰਨੀ ਕਤਰਾਉਂਦੇ ਹਨ। ਉਹ ਸਦਾ ਇਕੱਲੇ 'ਕੁੰਡਾ' ਪਾ ਕੇ ਇਉਂ ਬੈਠੇ ਰਹਿੰਦੇ ਹਨ, ਜਿਵੇਂ ਕਿਸੇ ਦੇ ਮਰਨੇ ਉਤੇ ਆਏ ਹੋਣ। ਉਹ ਲੋਕਾਂ ਦੇ ਇਕੱਠਾਂ ਜਾਂ ਸਭਾ ਦੀਵਾਨਾਂ ਵਿੱਚ ਜਾਣ ਤੋਂ ਜੀ ਚੁਰਾਉਂਦੇ ਹਨ ਅਤੇ ਸਦਾ ਖੂੰਜੇ ਲਗ ਕੇ ਖਿਆਲੀ ਵਹਿਣਾਂ ਵਿੱਚ ਗੁਆਚੇ ਰਹਿੰਦੇ ਹਨ। ਉਨ੍ਹਾਂ ਦੀ ਇਸ ਉਦਾਸੀਨ ਕਿਰਤ-ਹੀਣਤਾ ਨੂੰ ਵੇਖ ਕੇ ਗੁਰੂ ਜੀ ਇਹ ਸਿੱਟਾ ਕਢਦੇ ਹਨ ਕਿ ਉਨ੍ਹਾਂ ਦਾ ਸਾਰਾ ਟੋਲਾ ਹੀ ਉਜੜਿਆ ਹੋਇਆ ਹੈ। ਆਪ ਬੜੇ ਦੁੱਖਤ ਹਿਰਦੇ ਨਾਲ ਉਨ੍ਹਾਂ ਬਾਰੇ ਇਹ ਨਿਰਣਾ ਕੱਢ ਸੁਣਾਉਂਦੇ ਹਨ:-

ਕੁੰਡਾ ਪਾਇ ਬਹਹਿ ਨਿਤਿ ਮਰਣੈ ਦੜਿ ਦੀਬਾਣਿ ਨ ਜਾਹੀ ॥
ਲਕੀ ਕਾਸੇ ਹਥੀ ਫੁੰਮਣ ਅਗੋ ਪਿਛੀ ਜਾਹੀ ॥
ਨਾ ਓਇ ਜੋਗੀ ਨਾ ਓਇ ਜੰਗਮ ਨਾ ਓਇ ਕਾਜੀ ਮੁੰਲਾ ॥
ਦਯਿ ਵਿਗੋਏ ਫਿਰਹਿ ਵਿਗੁਤੇ ਫਿਟਾ ਵਤੈ ਗਲਾ ॥
ਜੀਆ ਮਾਰਿ ਜੀਵਾਲੇ ਸੋਈ ਅਵਰੁ ਨ ਕੋਈ ਰਖੈ ॥
ਦਾਨਹੁ ਤੈ ਇਸਨਾਨਹੁ ਵੰਜੇ ਭਸੁ ਪਈ ਸਿਰਿ ਖੁਥੈ ॥[141]

ਗੁਰੂ ਨਾਨਕ ਦੇਵ ਜੀ ਨੂੰ ਜੈਨੀਆਂ ਦੀ ਸਭ ਤੋਂ ਬੁਰੀ ਗੱਲ ਇਹ ਲੱਗਦੀ ਹੈ ਕਿ ਉਹ ਪਾਣੀ ਵਿਚਲੇ ਜੀਵਾਂ ਦੀ ਹੱਤਿਆ ਕਰਨ ਤੋਂ ਡਰਦਿਆਂ ਨਹਾਣ ਦਾ ਕਦੀ ਨਾਂ ਤੱਕ ਨਹੀਂ ਲੈਂਦੇ। ਆਪ ਇਸ ਨੂੰ ਕਾਇਰਤਾ ਭਰੀ ਕਿਰਤਹੀਣਤਾ ਦਾ ਚਿੰਨ੍ਹ ਸਮਝਦੇ ਹਨ। ਇਸ ਲਈ ਆਪ ਨਿਸੰਗ ਹੋ ਕੇ ਕਹਿੰਦੇ ਹਨ ਕਿ ਇਹੋ ਜਿਹੇ ਕਾਇਰ ਅਤੇ ਕਿਰਤਹੀਣ ਮੂਰਖਾਂ ਦੇ ਸਿਰ ਵਿੱਚ ਸੱਤ ਬੁੱਕਾਂ ਸੁਆਹ ਦੀਆਂ ਪਾਣੀਆਂ ਚਾਹੀਦੀਆਂ ਹਨ:-

ਨਾਨਕ ਜੇ ਸਿਰਖੁਥੇ ਨਾਵਨਿ ਨਾਹੀ ਤਾ ਸਤ ਚਟੇ ਸਿਰਿ ਛਾਈ ॥[142]

---

140. ਮਾਝ ਕੀ ਵਾਰ ਮ: 1, ਆਦਿ ਗ੍ਰੰਥ, ਪੰਨਾ 149.
141. -ਉਹੀ- , -ਉਹੀ- , ਪੰਨਾ 149-50.
142. -ਉਹੀ- , -ਉਹੀ- , ਪੰਨਾ 150.

ਗੁਰੂ ਨਾਨਕ ਦੇਵ ਜੀ ਨੇ ਕਿਰਤਹੀਣ ਵਹਿਲੜੀ ਜੋਗੀਆਂ ਦਾ ਬਲਵਾਨ ਖੰਡਣ ਇਸ ਲਈ ਕੀਤਾ ਹੈ ਕਿ ਇਹ ਆਪ ਗਲਤ ਪਾਸੇ ਲੱਗ ਕੇ ਸਮਾਜ ਦੇ ਹੋਰ ਮਨੁੱਖਾਂ ਨੂੰ ਵੀ ਗਲਤ ਪਾਸੇ ਲਗਾਣ ਦਾ ਕਾਰਣ ਬਣਦੇ ਹਨ। ਵਾਸਤਵ ਵਿੱਚ, ਗੁਰੂ ਜੀ ਇਥੇ ਇਹ ਜੀਵਨ-ਸਚਿਆਈ ਦ੍ਰਿੜ੍ਹ ਕਰਾਉਂਦੇ ਹਨ ਕਿ ਕਿਸੇ ਮਨੁੱਖ ਦੀ ਬੁਰੀ ਆਦਤ ਦਾ ਮਾਰੂ ਪ੍ਰਭਾਵ ਕੇਵਲ ਉਸ ਦੇ ਆਪਣੇ ਉਤੇ ਹੀ ਨਹੀਂ ਸਗੋਂ ਆਲੇ ਦੁਆਲੇ ਦੇ ਸਮਾਜ ਉਤੇ ਵੀ ਪੈਂਦਾ ਹੈ। ਇਸੇ ਗੱਲ ਨੂੰ ਮੁੱਖ ਰੱਖਦਿਆਂ ਡਾ: ਤਾਰਨ ਸਿੰਘ ਨੇ ਇਹ ਵਿਚਾਰ ਪ੍ਰਗਟਾਇਆ ਹੈ ਕਿ ਗੁਰੂ ਜੀ ਨੇ ਇਥੇ ਸਮਾਜਕ ਜੀਵਨ ਦੀਆਂ ਸਮੱਸਿਆਵਾਂ ਨੂੰ ਨਜਿੱਠਿਆ ਹੈ:-

> "ਇਸ (ਵਾਰ ਮਾਝ) ਦੇ ਕੁਝ ਸਲੋਕ ਹੋਰ ਜੀਵਨ ਦੀਆਂ ਕਈ ਸਮੱਸਿਆਵਾਂ ਬਾਰੇ ਵੀ ਲਿਖੇ ਹਨ, ਜਿਵੇਂ ਜੋਗੀਆਂ ਦੇ ਕੁਚੱਜ ਰਹਿਣ ਬਾਰੇ। ਇਨ੍ਹਾਂ ਸਲੋਕਾਂ ਵਿੱਚ ਸਾਰੇ ਸਮਾਜਕ ਜੀਵਨ ਨੂੰ ਭੀ ਲਿਆ ਹੈ ਤੇ ਇਹ ਦਰਸਾਇਆ ਹੈ ਕਿ ਮਨਮੁਖਾਂ ਦੀ ਸਾਰੀ ਉਮਰ ਗਲਤ ਪਾਸੇ ਹੀ ਜਤਨ ਕਰਦਿਆਂ ਲੰਘ ਜਾਂਦੀ ਹੈ।"[143]

ਗੁਰੂ ਨਾਨਕ ਦੇਵ ਜੋਗੀਆਂ ਦੇ ਗਲਤ ਪਾਸੇ ਕੀਤੇ ਜਤਨਾਂ ਨੂੰ ਸਮਾਜ ਲਈ ਹਾਨੀਕਾਰਕ ਸਮਝਦੇ ਹਨ, ਕਿਉਂਕਿ ਇਹ ਸਮੁੱਚੇ ਮਾਨਵ ਸਮਾਜ ਉਤੇ ਮਾਰੂ ਪ੍ਰਭਾਵ ਪਾਉਂਦੇ ਹਨ। ਆਪ ਇਹੋ ਜਿਹੇ ਮਾਰੂ ਪ੍ਰਭਾਵ ਦੇ ਕਾਰਣ ਨੂੰ ਮੁੱਢੋਂ ਵੱਢ ਕੇ ਰੱਖਣਾ ਚਾਹੁੰਦੇ ਹਨ ਤਾਂ ਜੁ ਮਨੁੱਖਤਾ ਦਾ ਜੀਵਨ-ਬ੍ਰਿਛ ਸਦਾ ਵਧਦਾ ਫੁੱਲਦਾ ਰਹੇ।

## 2 - ਆਸਾ ਦੀ ਵਾਰ ਵਿਚ ਕਿਰਤ ਸੰਕਲਪ

ਆਸਾ ਦੀ ਵਾਰ ਵਿਚ ਗੁਰੂ ਨਾਨਕ ਦੇਵ ਜੀ ਨੇ ਮਨੁੱਖ ਦਾ ਵਿਅਕਤੀਗਤ, ਧਾਰਮਕ, ਸਮਾਜਕ, ਆਰਥਕ ਅਤੇ ਰਾਜਸੀ ਜੀਵਨ ਸੁਧਾਰਣ ਦਾ ਸਫਲ ਜਤਨ ਕੀਤਾ ਹੈ। ਇਸ ਮਨੋਰਥ ਅਧੀਨ ਆਪ ਇਸ ਵਾਰ ਵਿੱਚ ਮਨੁੱਖ ਨੂੰ ਚੰਗੀਆਂ ਸੁਚੱਜੀਆਂ ਜੀਵਨ-ਜਾਚਾਂ ਸਿਖਾਉਂਦੇ ਹਨ। ਇਨ੍ਹਾਂ ਵਿਚੋਂ ਆਪ ਕਿਰਤ ਕਰਨ ਨੂੰ ਸਰਵੋਤਮ ਜੀਵਨ-ਜਾਚ ਮੰਨਦੇ ਹਨ। ਇਸ ਲਈ ਆਪ ਸਭ ਮਨੁੱਖਾਂ ਨੂੰ ਇਹ ਜੀਵਨ-ਜਾਚ ਸਿਖਾਣ ਉਤੇ ਸਭ ਤੋਂ ਅਧਿਕ ਬਲ ਦਿੰਦੇ ਹਨ।

---

143. "ਗੁਰੂ ਨਾਨਕ-ਚਿੰਤਨ ਤੇ ਕਲਾ", ਪੰਨਾ 124.

## ਕਰਣੀ ਦਾ ਫਲ

ਗੁਰੂ ਨਾਨਕ ਦੇਵ ਜੀ ਨੇ ਆਸਾ ਦੀ ਵਾਰ ਵਿੱਚ ਮਨੁੱਖ ਨੂੰ ਸੁੱਚ ਕਿਰਤ ਕਰਨ ਦੀ ਬਲਵਾਨ ਪ੍ਰੇਰਣਾ ਪ੍ਰਦਾਨ ਕੀਤੀ ਹੈ। ਇਸ ਪ੍ਰੇਰਣਾ ਅਧੀਨ ਆਪ ਮਨੁੱਖ ਨੂੰ ਸਮਝਾਉਂਦੇ ਹਨ ਕਿ ਉਸ ਨੂੰ ਕਰਣੀ ਦੇ ਫਲ ਬਾਰੇ ਸਿਧਾਂਤ ਉਤੇ ਪੂਰਾ ਵਿਸ਼ਵਾਸ ਰੱਖ ਕੇ ਸਦਾ ਸੁੱਚ ਕਿਰਤ ਕਰਨੀ ਚਾਹੀਦੀ ਹੈ। ਜਦ ਮਨੁੱਖ ਸੰਸਾਰ ਵਿਚ ਕਮਾਏ ਹੋਏ ਚੰਗੇ ਜਾਂ ਮੰਦੇ ਕੰਮਾਂ ਅਨੁਸਾਰ ਹੀ ਰੱਬੀ ਦਰਗਾਹ ਵਿੱਚ ਚੰਗਾ ਜਾਂ ਮੰਦਾ ਫਲ ਪਾਉਂਦਾ ਹੈ ਤਾਂ ਉਸ ਨੂੰ ਚਾਹੀਦਾ ਹੈ ਕਿ ਉਹ ਇਸ ਕਰਣੀ ਦੇ ਫਲ ਨੂੰ ਮੁੱਖ ਰੱਖ ਕੇ ਆਪਣੇ ਜੀਵਨ ਵਿਚ ਸਦਾ ਚੰਗੇ ਕੰਮ ਕਰ ਕੇ ਵਿਖਾਏ। ਗੁਰੂ ਨਾਨਕ ਦੇਵ ਜੀ ਨੇ, ਆਸਾ ਦੀ ਵਾਰ ਵਿੱਚ, ਕਰਣੀ ਦੇ ਫਲ ਬਾਰੇ ਸਿਧਾਂਤ ਦੀ ਪ੍ਰੋੜ੍ਹਤਾ ਕਰਨ ਲਈ ਬੜੇ ਬਲਵਾਨ ਬਚਨ ਉਚਾਰੇ ਹਨ, ਜਿਵੇਂ:-

1. ਅਗੈ ਕਰਣੀ ਕੀਰਤਿ ਵਾਚੀਐ, ਬਹਿ ਲੇਖਾ ਕਰਿ ਸਮਝਾਇਆ।।[144]
2. ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ।।[145]
3. ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ।।[146]
4. ਕੀਤਾ ਆਪੇ ਆਪਣਾ ਆਪੇ ਹੀ ਲੇਖਾ ਸੰਢੀਐ।।[147]

ਮਨੁੱਖ ਦੇ ਕੀਤੇ ਹੋਏ ਕਰਮਾਂ ਦੇ ਫਲ ਉਤੇ ਵਿਸ਼ੇਸ਼ ਬਲ ਦੇ ਕੇ ਗੁਰੂ ਜੀ ਨੇ ਕਿਰਤ ਨੂੰ ਬੜੀ ਮਹੱਤਤਾ ਪ੍ਰਦਾਨ ਕੀਤੀ ਹੈ, ਕਿਉਂਕਿ ਮਨੁੱਖ ਦੇ ਬਹੁਤੇ ਕਰਮ ਉਸ ਦੀ ਦੈਨਿਕ ਕਿਰਤ ਨਾਲ ਹੀ ਸੰਬੰਧਿਤ ਹੁੰਦੇ ਹਨ। ਇਸ ਲਈ , ਆਪ ਮਨੁੱਖ ਨੂੰ ਇਹ ਚਿਤਾਵਨੀ ਕਰ ਦਿੰਦੇ ਹਨ ਕਿ ਉਹ ਕਿਰਤ ਕਰਦਿਆਂ ਆਪਣੇ ਹਰੇਕ ਕੰਮ ਵਿਚ ਨੇਕੀ ਅਤੇ ਈਮਾਨਦਾਰੀ ਭਰਪੂਰ ਕਰੇ। ਉਹ ਜਿਸ ਕੰਮ ਨੂੰ ਹੱਥ ਪਾਏ, ਉਸ ਨੂੰ ਚੰਗੀ ਤਰ੍ਹਾਂ ਕਰ ਕੇ ਵਿਖਾਏ। ਪਰ ਇਸ ਦੇ ਨਾਲ ਹੀ ਉਹ ਇਸ ਗੱਲ ਨੂੰ ਕਦੀ ਨਾ ਭੁੱਲੇ ਕਿ ਉਸ ਨੂੰ ਆਪਣੇ ਕੀਤੇ ਹੋਏ ਸਾਰੇ ਕੰਮਾਂ ਦਾ ਰੱਬੀ ਦਰਗਾਹ ਵਿਚ, ਪੂਰਾ ਪੂਰਾ ਲੇਖਾ ਦੇਣਾ ਪਏਗਾ। ਉਹ ਕਰਣੀ ਦੇ ਫਲ ਉਤੇ ਵਿਸ਼ਵਾਸ ਰੱਖਦਿਆਂ ਇਸ ਗੱਲ ਨੂੰ ਸਦਾ ਯਾਦ ਰੱਖੇ ਕਿ ਉਸ ਦੇ ਕਰਮਾਂ ਦੇ ਲੇਖੇ ਅਨੁਸਾਰ ਹੀ ਉਸ ਨੂੰ ਮਿਲਣ ਵਾਲੇ ਫਲ ਦਾ ਨਿਰਣਾ ਕੀਤਾ ਜਾਏਗਾ।

---

144. ਆਸਾ ਦੀ ਵਾਰ, ਮ: 1, ਆਦਿ ਗ੍ਰੰਥ, ਪੰਨਾ 464.
145. -ਉਹੀ- , -ਉਹੀ- , ਪੰਨਾ 468.
146. - ਉਹੀ- , -ਉਹੀ- , ਪੰਨਾ 470.
147. -ਉਹੀ - , -ਉਹੀ- , ਪੰਨਾ 473.

ਇਸ ਸਿਧਾਂਤ ਅਨੁਸਾਰ, ਗੁਰੂ ਜੀ ਹਰੇਕ ਮਨੁੱਖ ਦੇ ਕਰਮਾਂ ਨੂੰ ਉਸ ਬਾਰੇ ਹੋਣ ਵਾਲੇ ਅੰਤਮ-ਨਿਆਂ ਦਾ ਆਧਾਰ ਬਣਾ ਦਿੰਦੇ ਹਨ ਅਤੇ ਇਹ ਗਿਆਨ ਪ੍ਰਦਾਨ ਕਰਦੇ ਹਨ ਕਿ ਮਨੁੱਖ ਇਸ ਜੀਵਨ ਵਿੱਚ ਆਪਣੇ ਸ਼ੁਭ ਕਰਮਾਂ ਰਾਹੀਂ ਅੱਗੇ ਮਿਲਣ ਵਾਲੇ ਫਲ ਨੂੰ ਪਹਿਲੇ ਹੀ ਨਿਸਚਿਤ ਕਰ ਸਕਦਾ ਹੈ। ਇਹ ਵਿਚਾਰ ਪਰਗਟਾ ਕੇ ਗੁਰੂ ਜੀ ਮਨੁੱਖ ਨੂੰ ਜਿਥੇ ਚੰਗੇ ਫਲ ਭੋਗਣ ਦਾ ਅਧਿਕਾਰੀ ਬਣਾ ਦਿੰਦੇ ਹਨ, ਉਥੇ ਉਸ ਦੇ ਸਭ ਕੰਮਾਂ ਵਿੱਚ ਉਚ-ਨੈਤਿਕਤਾ ਦਾ ਰੰਗ ਭਰਪੂਰ ਕਰ ਦਿੰਦੇ ਹਨ। ਇਸ ਸਿਧਾਂਤ ਅਧੀਨ ਗੁਰੂ ਜੀ ਮਨੁੱਖ ਨੂੰ ਦੂਰ-ਦ੍ਰਿਸ਼ਟੀ ਨਾਲ ਵੇਖ ਕੇ ਕੰਮ ਕਰਨ ਦੀ ਇਹ ਸਿੱਖਿਆ ਪ੍ਰਦਾਨ ਕਰਦੇ ਹਨ:-

ਜਿਤੁ ਕੀਤਾ ਪਾਈਐ ਆਪਣਾ ਸਾ ਘਾਲ ਬੁਰੀ ਕਿਉ ਘਾਲੀਐ॥
ਮੰਦਾ ਮੂਲਿ ਨ ਕੀਚਈ ਦੇ ਲੰਮੀ ਨਦਰਿ ਨਿਹਾਲੀਐ॥[148]

ਇਉਂ, ਗੁਰੂ ਜੀ, ਆਸਾ ਦੀ ਵਾਰ ਵਿੱਚ, ਮਨੁੱਖ ਨੂੰ ਸਦਾ ਚੰਗੀ ਘਾਲ ਘਾਲਣ ਦੀ ਪ੍ਰੇਰਣਾ ਪ੍ਰਦਾਨ ਕਰਦੇ ਹਨ। ਆਪ ਚੋਰਾਂ, ਠੱਗਾਂ, ਕੁੜਿਆਰਾਂ ਅਤੇ ਅਪਰਾਧੀਆਂ ਦੇ ਕੰਮਾਂ ਨੂੰ ਘਾਲਣਾ ਭਰੀ 'ਕਾਰ' ਦੇ ਉਲਟ 'ਵੇਕਾਰ' ਕਹਿੰਦੇ ਹਨ। ਆਪ ਦਰਸਾਉਂਦੇ ਹਨ ਕਿ ਇਹੋ ਜਿਹੀ ਵੇਕਾਰ ਕਮਾਣ ਵਾਲੇ ਮਨੁੱਖ ਆਪਣੇ ਪਹਿਲੇ ਕਰਮਾਂ ਦੀ ਸਾਂਭੀ ਹੋਈ ਪੂੰਜੀ ਵੀ ਇਥੇ ਹੀ ਮੁਕਾ ਜਾਂਦੇ ਹਨ ਅਤੇ ਅਗਲੀ ਦਰਗਾਹ ਵਿਚ ਪੂੰਜੀਓਂ ਸੱਖਣੇ ਜਾਂਦੇ ਹਨ। ਇਸ ਲਈ, ਆਪ ਸਭ ਮਨੁੱਖਾਂ ਨੂੰ ਆਪਣੇ ਨੇਕ ਕਰਮਾਂ ਦੀ ਪੂੰਜੀ ਬਚਾ ਕੇ ਰੱਖਣ ਲਈ 'ਵੇਕਾਰ' ਤੋਂ ਬਚਣ ਦਾ ਇਹ ਉਪਦੇਸ਼ ਦਿੰਦੇ ਹਨ:-

ਚੋਰਾ ਜਾਰਾ ਤੇ ਕੂੜਿਆਰਾ ਖਾਰਾਬਾ ਵੇਕਾਰ॥
ਇਕਿ ਹੋਦਾ ਖਾਇ ਚਲਹਿ ਐਥਾਊ ਤਿਨਾ ਭਿ ਕਾਈ ਕਾਰ॥[149]

## ਚੰਗੀ ਕਿਰਤ ਕਰਨ ਦੀ ਪ੍ਰੇਰਣਾ

ਮਨੁੱਖ ਕਿਸੇ ਨਾ ਕਿਸੇ ਸਾਧਨ ਰਾਹੀਂ ਆਪਣੀ ਅਤੇ ਆਪਣੇ ਪਰਵਾਰ ਦੀ ਆਹਾਰ-ਪੂਰਤੀ ਦਾ ਪ੍ਰਬੰਧ ਕਰਦਾ ਹੈ। ਇਸ ਮੰਤਵ ਲਈ ਉਹ ਚੰਗੀ ਕਿਰਤ ਕਰਨ ਨਾਲ ਜਾਂ ਦੂਜਿਆਂ ਉਤੇ ਜ਼ੁਲਮ ਢਾਣ ਨਾਲ ਆਪਣੀ ਕਮਾਈ ਕਰਦਾ ਹੈ। ਗੁਰੂ ਨਾਨਕ ਦੇਵ ਜੀ

---

148. ਆਸਾ ਦੀ ਵਾਰ ਮ:1, ਆਦਿ ਗ੍ਰੰਥ, ਪੰਨਾ 474.
149. -ਉਹੀ- , -ਉਹੀ- , ਪੰਨਾ 466.

ਆਸਾ ਦੀ ਵਾਰ ਵਿਚ ਦਰਸਾਉਂਦੇ ਹਨ ਕਿ ਦੂਜਿਆਂ ਉਤੇ ਹੁਕਮ ਚਲਾ ਕੇ ਕਮਾਉਣ ਨਾਲੋਂ ਹੱਥੀਂ ਕਿਰਤ ਕਰ ਕੇ ਕਮਾਣਾ ਵਧੇਰੇ ਉਤਮ ਹੈ। ਇਸ ਗੱਲ ਦੀ ਪੁਸ਼ਟੀ ਲਈ ਆਪ ਦਲੀਲ ਦਿੰਦੇ ਹਨ ਕਿ ਦੂਜਿਆਂ ਉਤੇ ਹੁਕਮ ਜਾਂ 'ਫਰਮਾਇਸ਼' ਕਰ ਕੇ ਖਾਣ ਵਾਲਾ ਮਨੁੱਖ ਐਸ਼ਵਰਜ ਵਿਚ ਗ਼ਲਤਾਨ ਹੋ ਕੇ ਮੌਤ ਨੂੰ ਭੁੱਲ ਜਾਂਦਾ ਹੈ, ਪਰ ਹੱਥੀਂ ਕਿਰਤ ਕਰ ਕੇ ਖਾਣ ਵਾਲਾ ਮਨੁੱਖ ਇਹੋ ਜਿਹੀ ਭੁੱਲ ਵਿਚ ਕਦੀ ਨਹੀਂ ਪੈਂਦਾ। ਸਦਾ ਦੂਜਿਆਂ ਉਤੇ 'ਫਰਮਾਇਸ਼' ਕਰਨ ਵਾਲਾ ਮਨੁੱਖ ਆਪਣੀ ਜਵਾਨੀ ਅੰਞਾਈਂ ਗਵਾ ਕੇ ਬੁਢੇਪੇ ਵਿੱਚ ਪਛਤਾਉਂਦਾ ਰਹਿ ਜਾਂਦਾ ਹੈ। ਗੁਰੂ ਜੀ ਇਹੋ ਜਿਹੇ ਮਨੁੱਖ ਦੀ ਇਹ ਦਸ਼ਾ ਇਉਂ ਪਰਗਟਾਉਂਦੇ ਹਨ:-

ਕਰਿ ਫੁਰਮਾਇਸਿ ਖਾਇਆ ਵੇਖਿ ਮੁਹਲਤਿ ਮਰਣੁ ਵਿਸਾਰਿਆ॥
ਜਮੁ ਆਇ ਜੋਬਨ ਹਾਰਿਆ ॥[150]

ਗੁਰੂ ਨਾਨਕ ਦੇਵ ਜੀ, ਆਸਾ ਦੀ ਵਾਰ ਵਿੱਚ, ਹੱਥੀਂ ਕਿਰਤ ਕਰਨ ਦੀ ਪ੍ਰੇਰਣਾ ਪ੍ਰਦਾਨ ਕਰਨ ਲਈ ਇਹ ਦਰਸਾਉਂਦੇ ਹਨ ਕਿ ਕੇਵਲ ਉਸ ਮਨੁੱਖ ਦਾ ਦਿੱਤਾ ਹੋਇਆ ਦਾਨ ਫਲਦਾ ਹੈ, ਜਿਹੜਾ ਹੱਥੀਂ ਕਿਰਤ ਕਰਦਿਆਂ ਆਪਣੀ ਘਾਲ ਕਮਾਈ ਵਿਚੋਂ ਦਾਨ ਦਿੰਦਾ ਹੈ। ਘਾਲ ਕਮਾਈ ਵਾਲੇ ਦਾਨ ਤੋਂ ਬਿਨਾ ਹੋਰ ਹਰ ਪ੍ਰਕਾਰ ਦਾ ਦਾਨ ਇਥੇ ਹੀ ਰਹਿ ਜਾਂਦਾ ਹੈ। ਅਗਲੀ ਦਰਗਾਹ ਵਿਚ ਤਾਂ ਕੇਵਲ ਘਾਲ ਕਮਾਈ ਵਾਲਾ ਦਾਨ ਹੀ ਜਾਂਦਾ ਹੈ ਅਤੇ ਇਸੇ ਦਾ ਹੀ ਉਥੇ ਕੁਝ ਮਿਲਦਾ ਹੈ। ਇਸ ਸੰਬੰਧੀ ਗੁਰੂ ਜੀ ਸਪਸ਼ਟ ਨਿਰਣਾ ਕੱਢ ਦਿੰਦੇ ਹਨ:-

ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ॥[151]

ਜੇ ਕੋਈ ਅਮੀਰ ਬੰਦਾ ਗਰੀਬਾਂ ਦਾ ਲਹੂ ਚੂਸ ਚੂਸ ਕੇ ਬਹੁਤਾ ਧਨ ਇਕੱਤਰ ਕਰ ਲੈਂਦਾ ਹੈ ਅਤੇ ਉਸ ਵਿਚੋਂ ਕੁਝ ਦਾਨ ਦੇ ਦੇਂਦਾ ਹੈ ਤਾਂ, ਗੁਰੂ ਜੀ ਦੇ ਵਿਚਾਰ ਅਨੁਸਾਰ, ਉਹ ਨਾ ਤਾਂ ਦਾਨ ਹੈ ਅਤੇ ਨਾ ਹੀ ਉਸ ਦਾ ਅਗੋਂ ਕੁਝ ਮਿਲਣਾ ਹੈ। ਗੁਰੂ ਜੀ ਤਾਂ ਆਪਣੇ ਹੱਥੀਂ ਘਾਲ ਕੇ ਖੱਟਣ ਅਤੇ ਉਸ ਵਿਚੋਂ ਦਾਨ ਦੇਣ ਨੂੰ ਹੀ ਅਸਲ ਦਾਨ ਮੰਨਦੇ ਹਨ। ਗੁਰੂ ਜੀ ਦਾ ਇਹ ਵਿਚਾਰ ਸਭ ਮਨੁੱਖਾਂ ਦੇ ਹਿਰਦਿਆਂ ਵਿਚ ਹੱਥੀਂ ਕਿਰਤ ਕਰਨ ਲਈ ਬੜਾ

---

150. ਆਸਾ ਦੀ ਵਾਰ ਮ: 1, ਆਦਿ ਗ੍ਰੰਥ, ਪੰਨਾ 472.
151. -ਉਹੀ- , -ਉਹੀ- , ਪੰਨਾ -ਉਹੀ-.

ਸਤਿਕਾਰ ਉਤਪਨ ਕਰ ਦਿੰਦਾ ਹੈ ਅਤੇ ਕਿਰਤੀਆਂ ਨੂੰ ਕਰੜੀ ਘਾਲ ਘਾਲਣ ਦੀ ਭਰਪੂਰ ਪ੍ਰੇਰਣਾ ਪ੍ਰਦਾਨ ਕਰਦਾ ਹੈ।

## ਕਿਰਤ ਦਾ ਸਮੁੱਚਾ ਪਰਭਾਵ

ਗੁਰੂ ਨਾਨਕ ਦੇਵ ਜੀ ਨੇ, ਆਸਾ ਦੀ ਵਾਰ ਵਿੱਚ, ਸਿੱਧ ਕੀਤਾ ਹੈ ਕਿ ਕਿਰਤ ਦਾ ਮਨੁੱਖੀ ਜੀਵਨ ਦੇ ਹਰ ਪੱਖ ਉਤੇ ਬੜਾ ਚੰਗਾ ਪਰਭਾਵ ਪੈਂਦਾ ਹੈ। ਇਹ ਮਨੁੱਖੀ ਜੀਵਨ ਉਤੇ ਸੁੱਖ, ਸਾਂਤੀ ਅਤੇ ਸੰਤੁਸ਼ਟਤਾ ਦਾ ਪਰਭਾਵ ਪਾਉਂਦੀ ਹੈ। ਗੁਰੂ ਜੀ ਦੇ ਵਿਚਾਰ ਅਨੁਸਾਰ, ਮਨੁੱਖੀ ਜੀਵਨ ਵਿਚ ਦੁੱਖ, ਅਸ਼ਾਂਤੀ ਅਤੇ ਅਸੰਤੁਸ਼ਟਤਾ ਦੇ ਵਧ ਜਾਣ ਦਾ ਮੁੱਖ ਕਾਰਣ ਇਹ ਹੈ ਕਿ ਬਹੁਤ ਸਾਰੇ ਮਨੁੱਖ ਹੱਥੀਂ ਕਿਰਤ ਕਰ ਕੇ ਖਾਣ ਦੇ ਥਾਂ ਕਿਸੇ ਨਾ ਕਿਸੇ ਤਰ੍ਹਾਂ ਦੂਜਿਆਂ ਕੋਲੋਂ ਖੋਹ ਕੇ ਖਾਂਦੇ ਹਨ। ਜੇ ਦੁਨੀਆਂ ਦੇ ਸਾਰੇ ਮਨੁੱਖ ਹੱਥੀਂ ਕਿਰਤ ਕਰ ਕੇ ਖਾਣ ਤਾਂ ਸਭ ਪਾਸੇ ਸੁੱਖ, ਸ਼ਾਂਤੀ ਅਤੇ ਖੁਸ਼ਹਾਲੀ ਦੀ ਭਰਪੂਰਤਾ ਦਿਸ ਆਵੇ। ਪਰ ਬਹੁਤ ਸਾਰੇ ਮਨੁੱਖ ਇਸ ਗੱਲ ਉਤੇ ਅਮਲ ਨਾ ਕਰਦਿਆਂ ਆਪਣੀ ਅਤੇ ਹੋਰਨਾਂ ਦੀ ਅਸ਼ਾਂਤੀ ਅਤੇ ਮੰਦਹਾਲੀ ਦਾ ਕਾਰਣ ਬਣੇ ਹੋਏ ਹਨ।

ਗੁਰੂ ਜੀ ਨੇ, ਆਸਾ ਦੀ ਵਾਰ ਵਿਚ, ਮਨੁੱਖੀ ਜੀਵਨ ਦੇ ਹਰ ਪੱਖ ਦਾ ਚੰਗੀ ਤਰ੍ਹਾਂ ਵਿਸ਼ਲੇਸ਼ਨ ਕਰਦਿਆਂ, ਇਸ ਉਤੇ ਕਿਰਤ ਦਾ ਅਸਲ ਪਰਭਾਵ ਦਰਸਾਇਆ ਹੈ। ਇਸ ਲਈ ਇਸ ਵਾਰ ਦੇ ਆਧਾਰ ਉਤੇ ਮਨੁੱਖੀ ਜੀਵਨ ਦੇ ਹਰੇਕ ਪੱਖ ਉਤੇ ਕਿਰਤ ਦਾ ਪਰਭਾਵ ਵੇਖਣ ਦਾ ਜਤਨ ਕੀਤਾ ਜਾਂਦਾ ਹੈ।

## ਵਿਅਕਤੀਗਤ ਜੀਵਨ ਉਤੇ ਪ੍ਰਭਾਵ

ਗੁਰੂ ਨਾਨਕ ਦੇਵ ਜੀ ਨੇ, ਆਸਾ ਦੀ ਵਾਰ ਵਿੱਚ ਦਰਸਾਇਆ ਹੈ ਕਿ ਕਿਰਤ ਕਰਨ ਦਾ ਸਭ ਤੋਂ ਵੱਧ ਪਰਭਾਵ ਮਨੁੱਖ ਦੇ ਵਿਅਕਤੀਗਤ ਜੀਵਨ ਉਤੇ ਪੈਂਦਾ ਹੈ। ਜਿਥੇ ਕਿਰਤ ਕਰਨ ਵਾਲੇ ਮਨੁੱਖ ਦਾ ਵਿਅਕਤੀਗਤ ਜੀਵਨ ਸਦ ਗੁਣਾਂ ਨਾਲ ਭਰਪੂਰ ਹੁੰਦਾ ਹੈ, ਉਥੇ ਕਿਰਤ-ਹੀਣ ਮਨੁੱਖ ਦਾ ਵਿਅਕਤੀਗਤ ਜੀਵਨ ਸਦਗੁਣਾਂ ਤੋਂ ਬਿਲਕੁਲ ਸੱਖਣਾ ਹੁੰਦਾ ਹੈ।

ਵਿਅਕਤੀਗਤ ਜੀਵਨ ਦੇ ਸਦਗੁਣਾਂ ਸੰਬੰਧੀ, ਗੁਰੂ ਜੀ ਸਭ ਤੋਂ ਪਹਿਲੀ ਗੱਲ ਇਹ ਦਰਸਾਉਂਦੇ ਹਨ ਕਿ ਕਿਰਤ ਕਰ ਕੇ ਖਾਣ ਵਾਲਾ ਮਨੁੱਖ ਹਉਮੈ ਨੂੰ ਤਿਆਗ ਕੇ ਨਿਮ੍ਰਤਾ ਧਾਰਦਾ ਹੋਇਆ ਹਰੇਕ ਨਾਲ ਮਿੱਠਾ ਬੋਲ ਬੋਲਦਾ ਹੈ, ਪਰ ਦੂਜਿਆਂ ਦੀ ਕਮਾਈ ਉਤੇ ਪਲਣ ਵਾਲਾ

ਕਿਰਤ-ਹੀਣ ਮਨੁੱਖ ਸਦਾ ਹੰਕਾਰ ਨਾਲ ਭਰਿਆ ਹੋਇਆ ਹੋਣ ਕਰ ਕੇ ਮੂੰਹੋਂ ਫਿੱਕੇ ਬੋਲ ਹੀ ਬੋਲਦਾ ਹੈ। ਇਸ ਨਾਲ ਉਸ ਦਾ ਤਨ,ਮਨ ਅਰਥਾਤ ਸਭ ਕੁਝ ਫਿੱਕਾ ਹੋ ਜਾਂਦਾ ਹੈ। ਇਸ ਲਈ ਗੁਰੂ ਜੀ ਉਸ ਬਾਰੇ ਦਰਸਾਉਂਦੇ ਹਨ:-

ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ।।[152]

ਦੂਜੇ ਪਾਸੇ ਕਿਰਤੀ ਦੀ ਨਿਮ੍ਰਤਾ ਭਰੀ ਮਿਠਤ ਉਸ ਦੇ ਸਮੂਹ ਵਿਅਕਤੀਗਤ ਗੁਣਾਂ ਦਾ ਤੱਤ ਬਣ ਜਾਂਦੀ ਹੈ, ਇਸ ਬਾਰੇ ਗੁਰੂ ਜੀ ਨੇ ਫਰਮਾਇਆ ਹੈ:-

ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ।।[153]

ਗੁਰੂ ਨਾਨਕ ਦੇਵ ਜੀ ਹੱਥੀਂ ਕਿਰਤ ਕਰ ਕੇ ਆਹਾਰ-ਪੂਰਤੀ ਕਰਨ ਵਾਲੇ ਮਨੁੱਖ ਨੂੰ ਵਿਅਕਤੀਗਤ ਤੌਰ ਉਤੇ ਬੜਾ ਭਰੋਸੇਯੋਗ ਸਮਝਦੇ ਹਨ, ਕਿਉਂਕਿ ਆਪ ਜਾਣਦੇ ਹਨ ਕਿ ਉਹ ਸੁਕਿਰਤ ਕਰਦਾ ਹੋਇਆ ਕਦੀ ਮੰਦੇ ਪਾਸੇ ਪੈਰ ਨਹੀਂ ਰੱਖਦਾ। ਇਸ ਲਈ ਆਪ ਸਭ ਕਿਰਤੀਆਂ ਦੇ ਵਿਹਾਰ ਉਤੇ ਪੂਰਾ ਵਿਸ਼ਵਾਸ ਰੱਖਣ ਦਾ ਸੰਕੇਤ ਕਰਦੇ ਹੋਏ, ਉਨ੍ਹਾਂ ਦੇ ਉਚ-ਆਚਰਣ ਬਾਰੇ ਦਰਸਾਉਂਦੇ ਹਨ:-

ਸਚੁ ਸਭਨਾ ਹੋਇ ਦਾਰੂ, ਪਾਪ ਕਢੈ ਧੋਇ।।
ਨਾਨਕੁ ਵਖਾਣੈ ਬੇਨਤੀ, ਜਿਨ ਸਚੁ ਪਲੈ ਹੋਇ।।[154]

ਇਸ ਦੇ ਵਿਪਰੀਤ, ਆਪ ਹੱਥੀਂ ਕਿਰਤ ਨਾ ਕਰਨ ਵਾਲੇ ਮਨੁੱਖ ਨੂੰ ਭਰੋਸੇਯੋਗ ਸਮਝਣ ਲਈ ਬਿਲਕੁਲ ਤਿਆਰ ਨਹੀਂ ਹਨ। ਆਪ ਦਰਸਾਉਂਦੇ ਹਨ ਕਿ ਇਹੋ ਜਿਹਾ ਮਨੁੱਖ ਕੂੜ ਬੋਲ ਕੇ ਆਪਣੇ ਦੈਨਿਕ ਆਹਾਰ ਦਾ ਪ੍ਰਬੰਧ ਕਰਦਾ ਹੈ। ਇਸ ਲਈ ਉਸ ਦੇ ਆਚਰਣ ਅਤੇ ਵਿਹਾਰ ਉਤੇ ਕਦੀ ਭਰੋਸਾ ਨਹੀਂ ਕੀਤਾ ਜਾ ਸਕਦਾ। ਆਪ ਕੂੜ ਬੋਲਣ ਵਾਲੇ ਇਹੋ ਜਿਹੇ ਭਰੋਸੇ-ਰਹਿਤ ਮਨੁੱਖਾਂ ਬਾਰੇ ਦਰਸਾਉਂਦੇ ਹਨ:-

ਕੂੜੀ ਰਾਸਿ ਕੂੜਾ ਵਾਪਾਰੁ।।
ਕੂੜੁ ਬੋਲਿ ਕਰਹਿ ਆਹਾਰੁ।।[155]

---

152. ਆਸਾ ਦੀ ਵਾਰ ਮ:1, ਆਦਿ ਗ੍ਰੰਥ, ਪੰਨਾ 473.
153. -ਉਹੀ- , -ਉਹੀ- , ਪੰਨਾ 470.
154. -ਉਹੀ- , -ਉਹੀ- , ਪੰਨਾ 468.
155. -ਉਹੀ- , -ਉਹੀ- , ਪੰਨਾ 471.

ਇਸ ਤੋਂ ਗੁਰੂ ਜੀ ਸਿੱਧ ਕਰ ਦਿੰਦੇ ਹਨ ਕਿ ਕਿਰਤ ਦਾ ਮਨੁੱਖ ਦੇ ਵਿਅਕਤੀਗਤ ਜੀਵਨ ਉੱਤੇ ਬੜਾ ਬਲਵਾਨ ਪ੍ਰਭਾਵ ਪੈਂਦਾ ਹੈ ਅਤੇ ਉਸ ਦਾ ਨਿਤਾਪ੍ਰਤੀ ਵਿਅਕਤੀਗਤ ਵਿਹਾਰ ਆਪਣੀ ਰੋਜ਼ੀ ਕਮਾਣ ਦੇ ਵਿਸ਼ੇਸ਼ ਸਾਧਨ ਉੱਤੇ ਨਿਰਭਰ ਹੈ। ਇਸ ਲਈ, ਇਸ ਗੱਲ ਨੂੰ ਕਦੀ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ ਕਿ ਕੋਈ ਮਨੁੱਖ ਕਿਰਤ ਕਰ ਕੇ ਰੋਜ਼ੀ ਕਮਾਉਂਦਾ ਹੈ ਜਾਂ ਕਿਰਤ-ਚੋਰਤਾ ਦੀ ਕੂੜੀ ਕਮਾਈ ਖਾਂਦਾ ਹੈ।

## ਧਾਰਮਿਕ ਜੀਵਨ ਉੱਤੇ ਪ੍ਰਭਾਵ

ਗੁਰੂ ਨਾਨਕ ਦੇਵ ਜੀ, ਆਸਾ ਦੀ ਵਾਰ ਵਿਚ, ਇਹ ਵਿਚਾਰ ਪ੍ਰਗਟਾਉਂਦੇ ਹਨ ਕਿ ਕਿਰਤ ਕਰਨ ਵਾਲੀ ਮਨੁੱਖ ਦਾ ਧਾਰਮਕ ਜੀਵਨ ਸਦਾ ਨਿਸ਼ਕਲੰਕਿਤ ਰਹਿੰਦਾ ਹੈ। ਪਰ, ਆਪ ਜੀ ਨੂੰ ਇਹ ਵੇਖ ਕੇ ਬੜਾ ਦੁੱਖ ਹੋਇਆ ਕਿ ਦੇਸ਼ ਦੇ ਧਾਰਮਕ ਆਗੂ ਕਿਰਤ ਕਰਨਾ ਤਿਆਗ ਕੇ ਕੂੜ, ਕਪਟ ਅਤੇ ਠੱਗੀ ਦੀ ਕਮਾਈ ਖਾ ਕੇ ਆਪਣੇ ਧਰਮ ਨੂੰ ਕਲੰਕਿਤ ਕਰ ਰਹੇ ਹਨ। ਉਹ ਆਪਣੇ ਥਾਂ ਕਿਰਤ ਕਰਨ ਦੇ ਥਾਂ ਲੋਕਾਂ ਤੋਂ ਹਰ ਅਨੇਕ ਸਾਧਨਾਂ ਰਾਹੀਂ ਧਨ ਲੁੱਟਣ ਦਾ ਜਤਨ ਕਰ ਰਹੇ ਹਨ। ਗੁਰੂ ਜੀ ਇਹੋ ਜਿਹੇ ਧਾਰਮਕ ਆਗੂਆਂ ਨੂੰ ਬੜੀ ਨਿਧੜਕਤਾ ਨਾਲ 'ਜਗਤ ਕਾਸਾਈ' ਕਹਿੰਦੇ ਹੋਏ ਉਨ੍ਹਾਂ ਦੀ ਅਸਲੀਅਤ ਤੋਂ ਪਰਦਾ ਲਾਹ ਕੇ ਇਉਂ ਵਿਖਾਉਂਦੇ ਹਨ:-

ਮੱਥੈ ਟਿਕਾ ਤੇੜਿ ਧੋਤੀ ਕਖਾਈ।।
ਹਥਿ ਛੁਰੀ ਜਗਤੁ ਕਾਸਾਈ।।[156]

ਗੁਰੂ ਜੀ ਦੇਸ਼ ਦੇ ਤਤਕਾਲੀਨ ਧਾਰਮਕ ਜੀਵਨ ਨੂੰ ਚੰਗੀ ਤਰ੍ਹਾਂ ਵੇਖ ਕੇ ਇਸ ਸਿੱਟੇ ਉੱਤੇ ਪੁੱਜੇ ਕਿ ਮੁਸਲਮਾਨਾਂ ਅਤੇ ਹਿੰਦੂਆਂ ਦੋਹਾਂ ਧਰਮਾਂ ਦੇ ਆਗੂ ਇਕੋ ਜਿਹੇ ਲੋਕ-ਆਜ਼ਾਰ ਬਣੇ ਹੋਏ ਹਨ। ਇਸ ਲਈ ਆਪ ਹਿੰਦੂਆਂ ਦੇ ਧਾਰਮਕ ਆਗੂਆਂ ਦਾ ਇਹ ਹਾਲ ਵਿਖਾਉਂਦੇ ਹਨ:-

ਛੁਰੀ ਵਗਾਇਨਿ ਤਿਨ ਗਲਿ ਤਾਗ।।[157]

ਇਉਂ, ਆਪ ਜੀ ਨੇ ਦੋਹਾਂ ਧਰਮਾਂ ਦੇ ਲੋਕਾਂ ਨੂੰ ਇਹ ਗੱਲ ਚੰਗੀ ਤਰ੍ਹਾਂ ਸਮਝਾ ਦਿੱਤੀ ਕਿ ਜਦ ਤੱਕ ਉਹ ਆਪਣੇ ਕਿਰਤ-ਚੋਰ ਧਾਰਮਕ ਆਗੂਆਂ ਤੋਂ ਛੁਟਕਾਰਾ ਨਹੀਂ ਪਾਉਂਦੇ,

---

156. ਆਸਾ ਦੀ ਵਾਰ ਮ: 1, ਆਦਿ ਗ੍ਰੰਥ, ਪੰਨਾ 471.
157. -ਉਹੀ- , -ਉਹੀ- , ਪੰਨਾ -ਉਹੀ-.

ਦੋਵੇਂ ਤੌਰ ਉਨ੍ਹਾਂ ਦਾ ਧਾਰਮਕ ਜੀਵਨ ਕੂੜ ਅਡੰਬਰ ਦਾ ਮੋਹਰਾ ਹੀ ਬਣਿਆ ਰਹਿੰਦਾ।

ਵਾਸਤਵ ਵਿਚ, ਗੁਰੂ ਨਾਨਕ ਦੇਵ ਜੀ ਨੇ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਪਵਿੱਤਰ ਧਾਰਮਕ ਜੀਵਨ ਦਾ ਇਹ ਭੇਦ ਸਮਝਾ ਦਿੱਤਾ ਕਿ ਅਸਲ ਧਰਮ ਇਨ੍ਹਾਂ ਧਾਰਮਕ ਆਡੰਬਰਾਂ ਵਾਲੀਆਂ ਕਰਤੂਤਾਂ ਵਿਚ ਨਹੀਂ; ਸਗੋਂ ਮਨੁੱਖੀ ਜੀਵਨ ਦੀ ਸਚਾਈ ਵਿਚ ਸਮਾਇਆ ਹੋਇਆ ਹੈ। ਇਸ ਤਰ੍ਹਾਂ ਆਪਜੀ ਨੇ ਸਭ ਲੋਕਾਂ ਨੂੰ ਜੀਵਨ ਤਾਈਂ ਸੱਚਾ ਇਨਸਾਨ ਦਾ ਇਹ ਅਸਲ ਰਾਹ ਵਿਖਾਇਆ:-

ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥[158]

ਗੁਰੂ ਜੀ ਨੇ ਕੇਵਲ ਹਿੰਦੂ ਧਰਮ ਅਤੇ ਇਸਲਾਮ ਵਿਚਲੇ ਦੋਸ਼ਾਂ ਅਤੇ ਪਾਖੰਡਾਂ ਨੂੰ ਹੀ ਨਹੀਂ ਨਿੰਦਿਆ, ਸਗੋਂ ਉਸ ਵੇਲੇ ਦੇ ਜੈਨ ਧਰਮ ਅਤੇ ਜੋਗ ਮੱਤ ਦੇ ਪ੍ਰਚੱਲਤ ਪਾਖੰਡਾਂ ਨੂੰ ਵੀ ਬਲਵਾਨ ਸ਼ਬਦਾਂ ਵਿਚ ਨਿੰਦਿਆ ਹੈ। ਡਾ. ਦੀਵਾਨ ਸਿੰਘ ਨੇ ਗੁਰੂ ਜੀ ਦਾ ਇਹ ਧਾਰਮਕ ਉਪਕਾਰ ਇਉਂ ਬਿਆਨਿਆ ਹੈ:-

"ਸੰਸਾਰ ਵਿੱਚ ਕਈ ਧਰਮ ਤੇ ਕਈ ਮਤ ਹਨ। ਗੁਰੂ ਨਾਨਕ ਸਾਹਿਬ ਦੇ ਸਮੇਂ ਹਿੰਦੂ ਧਰਮ, ਇਸਲਾਮ ਧਰਮ, ਜੈਨ ਧਰਮ (ਸਰੇਵੜੇ), ਜੋਗ ਮੱਤ ਅਤੇ ਹੋਰ ਕਿੰਨੇ ਹੀ ਧਾਰਮਕ ਭੇਖ ਸਨ। ਪਰ ਕੋਈ ਵੀ ਸੱਤ-ਮਾਰਗ ਦੀ ਪਛਾਣ ਨਹੀਂ ਸੀ [illegible] ਰਿਹਾ। ਹਰ ਕੋਈ ਬਾਹਰਮੁਖੀ ਸਾਧਨ ਪਰਚਾਰਨ ਜਾਂ ਵਰਤਣ ਤੇ ਪਖੰਡ ਫੈਲਾਉਣ ਵਿਚ ਰੁਝਾ ਹੋਇਆ ਸੀ। ਗੁਰੂ ਸਾਹਿਬ ਨੇ ਸਭ ਦੀ ਆਲੋਚਨਾ ਅਤੇ ਨਿਖੇਧੀ ਆਸਾ ਦੀ ਵਾਰ ਦੇ...... ਸਲੋਕਾਂ ਵਿੱਚ ਕੀਤੀ ਹੈ।"[159]

ਡਾ. ਦੀਵਾਨ ਸਿੰਘ ਨੇ ਇਸ ਸਬੰਧੀ ਇਹ ਵੀ ਦੱਸਿਆ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਵਧੇਰੇ ਕਰ ਕੇ ਹਿੰਦੂ ਧਰਮ ਦੇ ਆਗੂਆਂ, ਅਰਥਾਤ ਬ੍ਰਾਹਮਣਾਂ ਦੇ ਪਾਖੰਡਾਂ ਦੀ ਨਿਖੇਧੀ ਕੀਤੀ ਹੈ, ਭਾਵੇਂ ਹੋਰ ਧਰਮਾਂ ਦੇ ਪਾਖੰਡ ਵੀ ਉਘੇੜ ਕੇ ਵਿਖਾਏ ਹਨ:-

"ਇਨ੍ਹਾਂ ਸਲੋਕਾਂ (ਆਸਾ ਦੀ ਵਾਰ ਦੇ ਸਲੋਕਾਂ) ਵਿਚੋਂ ਬਹੁਤਾ ਭਾਗ ਪੰਡਤ ਜਾਂ ਬ੍ਰਾਹਮਣ ਦੇ ਕੂੜ ਦੇ ਢੰਗ ਦੇ ਲੋਕਾਂ ਦੇ ਪਾਏ ਹੋਏ ਵਹਿਮਾਂ-ਰੂਪ ਜਾਲ ਨੂੰ ਤੋੜਨ ਅਤੇ ਚੌੜ ਕਰਨ ਤੇ ਨਿਰਭਰ ਹੈ। ਜਨੇਊ, ਸੂਤਕ ਪਾਤਕ, ਚੌਕਾ ਸੰਜਮ,

---

158. ਆਸਾ ਦੀ ਵਾਰ ਮ: 1, ਆਦਿ ਗ੍ਰੰਥ, ਪੰਨਾ 468.
159. "ਗੁਰੂ ਨਾਨਕ ਦੀ ਸਾਹਿੱਤਕ ਪ੍ਰਤਿਭਾ ਤੇ ਹੋਰ ਲੇਖ", ਪੰਨਾ 90.

ਸਮਾਧੀਆਂ

> ਅਰਚਿਆ, ਪਿੱਤਰ ਪੂਜਾ ਤੇ ਪਿਤਰੀ ਦਾਨ ਪੁੰਨ ਆਦਿ ਕਿਨੇ ਕਿਨੇ ਹੀ ਬ੍ਰਾਹਮਣ ਦੇ ਪਾਖੰਡ ਕਰਮ ਕਾਂਡ ਜੋ ਲੋਕਾਂ ਨੂੰ ਲੁੱਟਣ ਦਾ ਸਾਧਨ ਸਨ। ਏਸੇ ਤਰ੍ਹਾਂ ਜੋਗੀ ਜੁਗਤ ਵਿਹੂਣੇ, ਮੁਸਲਮਾਨ ਸਰਾਂਦੀ ਤੇ ਗੁਰ ਤੇ ਸ਼ਾਹਦ-ਪ੍ਰਸਤ, ਸਰੇਵੜੇ ਕੁਚੀਲ ਤੇ ਕਰਮਖੋਟ, ਸਤੀ ਤੇ ਸਿਧਾਰੀ ਪਖੰਡ-ਸੂਰਤ ਹੋ ਕੇ ਸਭੇ ਰਾਹ ਤੋਂ ਭਟਕ ਚੁੱਕੇ ਸਨ। ਰੱਬ ਦੀ ਉਸਤਤ ਜਾਂ ਸਿਫਤ ਸਲਾਹ ਛੱਡ ਕੇ ਧਰਮ ਦੀ ਪੂਰਤੀ ਦੇ ਕਰਮ ਕਰੀ ਜਾਂਦੇ ਸਨ। ਗੁਰੂ ਸਾਹਿਬ ਨੇ ਬੜੇ ਜ਼ੋਰਦਾਰ ਸ਼ਬਦਾਂ ਵਿੱਚ ਉਨ੍ਹਾਂ ਸਭ ਕੁਮਰਾਹ ਹੋ ਚੁੱਕੇ ਧਾਰਮਿਕ ਆਗੂਆਂ ਤੇ ਭਟਕੇ ਮਨੁੱਖਾਂ ਨੂੰ ਸੱਤ ਮਾਰਗ ਦਾ ਉਪਦੇਸ਼ ਦਿੱਤਾ।"[160]

ਇਸ ਤੋਂ ਸਿੱਧ ਹੋ ਜਾਂਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਦੇਸ਼ ਦੇ ਸਾਧਾਰਣ ਲੋਕਾਂ ਨੂੰ ਧਾਰਮਿਕ ਆਗੂਆਂ ਦੇ ਪਿੱਛੇ ਲੱਗਣ ਅਤੇ ਉਨ੍ਹਾਂ ਦੇ ਪਾਖੰਡ ਜਾਲਾਂ ਵਿੱਚ ਫੱਸਣ ਦੇ ਥਾਂ ਕਿਰਤ ਕਰਨ ਅਤੇ ਸੁੱਚੀ ਕਿਰਤ ਰਾਹੀਂ ਆਪਣੇ ਪਰਿਵਾਰਾਂ ਵਿੱਚ ਸੱਚ ਭਰਪੂਰ ਰਹਿਣ ਦਾ ਅਸਲ ਧਾਰਮਿਕ ਮਾਰਗ ਵਿਖਾਣ ਦਾ ਪਰਉਪਕਾਰ ਕਮਾਇਆ।

<u>ਸਮਾਜਕ ਜੀਵਨ ਉਤੇ ਪ੍ਰਭਾਵ</u>

ਗੁਰੂ ਨਾਨਕ ਦੇਵ ਜੀ ਆਪਣੇ ਸਮੇਂ ਦੇ ਲੋਕਾਂ ਦਾ ਧਾਰਮਿਕ ਜੀਵਨ ਵੇਖਣ ਤੋਂ ਉਪਰੰਤ ਉਨ੍ਹਾਂ ਦਾ ਸਮਾਜਕ ਜੀਵਨ ਵੀ ਚੰਗੀ ਤਰ੍ਹਾਂ ਵੇਖ ਰਹਿਆਂ ਹੁੰਦੇ ਸਨ। ਇਸ ਸਬੰਧੀ ਆਪ ਜੀ ਨੇ, ਆਸਾ ਦੀ ਵਾਰ ਵਿੱਚ, ਇਹ ਸਿੱਟਾ ਕੱਢ ਕੇ ਦੱਸਿਆ ਹੈ ਕਿ ਲੋਕਾਂ ਦੇ ਸਮਾਜਕ ਜੀਵਨ ਦੀ ਬਰਬਾਦੀ ਵੀ ਕਿਰਤ-ਚੋਰ ਧਾਰਮਿਕ ਆਗੂਆਂ ਦੇ ਹੱਥ ਵਿੱਚ ਸੀ। ਉਹ ਲੋਕਾਂ ਨੂੰ ਵਿਅਰਥ-ਧਾਰਮਿਕ ਰਸਮਾਂ ਦੇ ਜਾਲ ਵਿੱਚ ਫਸਾ ਕੇ ਉਨ੍ਹਾਂ ਦੀ ਕਮਾਈ ਦਾ ਬਹੁਤਾ ਭਾਗ ਆਪ ਹੀ ਖਾਣੀ ਜਾ ਰਹੇ ਸਨ। ਇਸ ਦੇ ਨਾਲ ਹੀ ਉਹ ਲੋਕਾਂ ਨੂੰ ਇਨ੍ਹਾਂ ਵਿਅਰਥ ਰਸਮਾਂ ਵਿਚ ਪਾ ਕੇ ਕਿਰਤਚੋਰ ਬਣਾਈ ਜਾ ਰਹੇ ਸਨ।

ਗੁਰੂ ਨਾਨਕ ਦੇਵ ਜੀ ਨੇ ਇਹ ਵੀ ਵੇਖਿਆ ਕਿ ਦੇਸ਼ ਦੇ ਮੁਸਲਮਾਨਾਂ ਨਾਲੋਂ ਹਿੰਦੂ ਲੋਕ ਇਹੋ ਜਿਹੀਆਂ ਵਿਅਰਥ ਸਮਾਜਕ ਰਸਮਾਂ ਦੇ ਜਾਲ ਵਿੱਚ ਵਧੇਰੇ ਫਸੇ ਹੋਏ ਸਨ। ਉਨ੍ਹਾਂ ਨੂੰ ਇਸ ਜਾਲ ਵਿੱਚ ਫਸਾਣ ਦਾ ਮੁੱਖ ਕਾਰਨ ਕਿਰਤਚੋਰ ਬ੍ਰਾਹਮਣ ਹੀ ਸੀ। ਇਸ ਲਈ, ਆਪ ਸਭ ਹਿੰਦੂਆਂ ਨੂੰ ਇਸ ਗੱਲੋਂ ਸੁਚੇਤ ਕਰ ਦਿੰਦੇ ਹਨ ਕਿ ਉਹ ਜੀਵਨ ਦੇ ਧਾਰਮਿਕ ਖੇਤਰ

---

160. "ਗੁਰੂ ਨਾਨਕ ਦੀ ਸਾਹਿਤਕ ਪ੍ਰਤਿਭਾ ਤੇ ਹੋਰ ਲੇਖ", ਪੰਨਾ 98-99.

ਦੇ ਨਾਲ ਨਾਲ ਸਮਾਜਕ ਖੇਤਰ ਵਿਚ ਵੀ ਕੁਰਾਹੇ ਪਾਣ ਵਾਲੇ ਬ੍ਰਾਹਮਣ ਦੀ ਅਗਵਾਈ ਕਦਾਚਿਤ ਪਰਵਾਨ ਨਾ ਕਰਨ। ਇਸੇ ਮੰਤਵ ਲਈ ਆਪ ਬ੍ਰਾਹਮਣ ਨੂੰ ਅੰਨ੍ਹੇ ਮਨ ਵਾਲਾ ਆਖ ਦਰਸਾਉਂਦੇ ਹੋਏ ਲੋਕਾਂ ਨੂੰ ਉਸ ਦੀ ਗਲਤ ਅਗਵਾਈ ਤੋਂ ਇਉਂ ਬਚਾਉਂਦੇ ਹਨ:-

ਵੇਤਰਾ ਆਪੇ ਵਤੋ॥
ਵਟਿ ਧਾਗੇ ਅਵਰਾ ਘਤੋ॥
ਲੈ ਭਾੜਿ ਕਰੇ ਵੀਆਹੁ॥
ਕਢਿ ਕਾਗਲੁ ਦਸੇ ਰਾਹੁ॥
ਸੁਣਿ ਵੇਖਹੁ ਲੋਕਾ ਏਹੁ ਵਿਡਾਣੁ॥
ਮਨਿ ਅੰਧਾ ਨਾਉ ਸੁਜਾਣੁ॥[161]

ਗੁਰੂ ਨਾਨਕ ਦੇਵ ਜੀ ਨੇ ਇਹ ਵੀ ਵੇਖਿਆ ਕਿ ਬ੍ਰਾਹਮਣ ਨੇ ਇਸਤਰੀ ਨੂੰ ਵਹਿਮ-ਜਾਲ ਵਿਚ ਫਸਾਈ ਰੱਖਣ ਲਈ ਘਰ ਤਕ ਨਾਲ ਮਰਦ ਦੇ ਅਧੀਨ ਰੱਖਿਆ ਹੋਇਆ ਹੈ। ਇਸ ਲਈ ਸਮਾਜ ਵਿਚ ਇਸਤਰੀ ਨੂੰ ਕੋਈ ਸੁਤੰਤਰ ਜਾਂ ਸਤਿਕਾਰਯੋਗ ਸਥਾਨ ਪ੍ਰਾਪਤ ਨਹੀਂ ਹੈ। ਇਸ ਦੇ ਨਾਲ ਹੀ ਇਸਤਰੀ ਨੂੰ ਸੁਤੰਤਰ ਕਿਰਤ ਕਰਨ ਦਾ ਵੀ ਕੋਈ ਅਧਿਕਾਰ ਪ੍ਰਾਪਤ ਨਹੀਂ ਹੈ। ਇਸ ਲਈ ਉਹ ਆਰਥਕ ਤੌਰ ਉਤੇ ਵੀ ਮਰਦ ਉਤੇ ਨਿਰਭਰ ਰਹਿ ਕੇ ਉਸ ਦੇ ਗੁਲਾਮ ਬਣੀ ਰਹਿੰਦੀ ਹੈ। ਇਉਂ ਸਮਝੋ, ਸਮਾਜ ਵਿੱਚ ਇਸਤਰੀ ਦੀ ਕਦਰ ਕੀਮਤ ਨੂੰ ਕੋਈ ਵੀ ਨਹੀਂ ਸੀ ਪਛਾਣਦਾ। ਇਸਤਰੀ ਦੀ ਅਸਲ ਕਦਰ ਕੀਮਤ ਗੁਰੂ ਨਾਨਕ ਜੀ ਨੇ ਹੀ ਪਛਾਣ ਕੇ ਵਿਖਾਈ। ਇਸ ਸੰਬੰਧੀ ਡਾ. ਦੀਵਾਨ ਸਿੰਘ ਨੇ ਬੜਾ ਸੁਚੱਜਾ ਵਿਚਾਰ ਪਰਗਟਾਇਆ ਹੈ:-

"ਇਸਤਰੀ ਨੂੰ ਨਫ਼ਰਤ ਸਾਰੇ ਧਰਮਾਂ ਵਿੱਚ ਤੱਕਿਆ ਜਾਂਦਾ ਸੀ। ਸ਼ਾਇਦ ਇਸ ਲਈ ਇਸ ਦਾ ਨਾਂ 'ਤੀਵੀਂ' ਸੀ। ਗੁਰੂ ਨਾਨਕ ਸਾਹਿਬ ਨੇ ਇਸਤਰੀ ਦੀ ਵਿਸ਼ੇਸ਼ਤਾ ਤੇ ਠੀਕ ਕੀਮਤ ਦਰਸਾ ਕੇ ਇਕ ਅਤਿ ਸ੍ਰੇਸ਼ਟ ਵਿਚਾਰ ਭਾਰਤ ਦੀ ਸੰਸਕ੍ਰਿਤੀ ਨੂੰ ਦਿੱਤਾ। ਗੁਰੂ ਸਾਹਿਬ ਨੇ ਆਪਣਾ ਵਿਚਾਰ ਦਲੀਲਾਂ ਸਹਿਤ ਸਿੱਧ ਕੀਤਾ ਹੈ। ਇਸਤਰੀ ਨਾਲ ਵਿਅਕਤੀ, ਪਰਵਾਰ, ਸਮਾਜ ਦਾ ਸੰਬੰਧ ਜੁੜਦਾ ਹੈ। ਉਸ ਦੀ ਘਰ ਵਿਚ ਲੋੜ ਹੈ। ਮਨੁੱਖ ਦੀ ਜਨਨੀ ਹੈ - ਪੈਰ ਦੀ

161. ਆਸਾ ਦੀ ਵਾਰ ਮ: 1, ਆਦਿ ਗ੍ਰੰਥ, ਪੰਨਾ 471.

ਇਸ ਤੋਂ ਵੱਧ ਮਹੱਤਾ ਹੋ ਸਕਦੀ ਹੈ? ਵੱਡੇ ਪੁਰਸ਼ ਵੀ ਇਸਤਰੀ ਦੇ ਪੈਦਾ ਕੀਤੇ ਹਨ। ਹਰ ਕੋਈ ਇਸਤਰੀ ਦਾ ਰਿਣੀ ਹੈ। ਕੇਵਲ ਪਰਮਾਤਮਾ ਇਸਤਰੀ-ਰਿਣ ਤੋਂ ਉਚੇਰਾ ਹੈ। ਇਨ੍ਹਾਂ ਵਿਚਾਰਾਂ ਨਾਲ ਸਦਾ ਲਈ ਭਾਰਤ ਵਿਚ ਇਸਤਰੀ ਦਾ ਸਥਾਨ ਉੱਚਾ ਹੋ ਗਿਆ। ਕਿੰਨਾ ਮਹਾਨ ਪਰਉਪਕਾਰ ਹੈ ਗੁਰੂ ਸਾਹਿਬ ਦਾ।"[162]

ਗੁਰੂ ਨਾਨਕ ਦੇਵ ਜੀ ਨੇ ਭਾਰਤੀ ਸਮਾਜ ਵਿੱਚ ਇਸਤਰੀ ਦਾ ਸਥਾਨ ਉਚਾ ਕਰਨ ਲਈ ਜੋ ਮਹਾਨ ਪਰਉਪਕਾਰ ਕਮਾਇਆ ਹੈ, ਉਸ ਨੂੰ ਚੰਗੀ ਤਰ੍ਹਾਂ ਸਮਝਣ ਲਈ ਗੁਰੂ ਜੀ ਦੇ ਇਸਤਰੀ ਪ੍ਰਤੀ ਸੈਧਕ ਵਿਚਾਰਾਂ ਨੂੰ ਹਿਰਦੇ ਦੀਆਂ ਡੂੰਘਾਣਾਂ ਵਿੱਚ ਵਸਾਣ ਦੀ ਲੋੜ ਹੈ:-

"ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ।।
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ।।
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ।।
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।।
ਭੰਡਹੁ ਹੀ ਭੰਡੁ ਉਪਜੈ ਭੰਡੈ ਬਾਝੁ ਨ ਕੋਇ।।
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ।।[163]

ਵਾਸਤਵ ਵਿੱਚ, ਗੁਰੂ ਨਾਨਕ ਦੇਵ ਜੀ ਨੇ ਇਸਤਰੀ ਦੀ ਸਮਾਜਕ ਪਦਵੀ ਉਚੀ ਦਰਸਾ ਕੇ, ਇਸਤਰੀ ਨੂੰ ਵੀ ਇਹ ਵੰਗਾਰ ਪਾਈ ਹੈ ਕਿ ਉਹ ਆਪ ਆਪਣੀ ਸਮਾਜਕ ਪਦਵੀ ਉਚੀ ਰੱਖਣ ਲਈ ਸਦਾ ਜਤਨਸ਼ੀਲ ਰਹੇ ਅਤੇ ਹਰ ਤਰ੍ਹਾਂ ਦੀ ਲੋੜੀਂਦੀ ਕਿਰਤ ਕਰਦਿਆਂ ਸਮਾਜ ਵਿਚ ਆਪਣੀ ਸੁਤੰਤਰ ਹੋਂਦ ਕਾਇਮ ਰੱਖ ਕੇ ਵਿਖਾਏ।

## ਆਰਥਕ ਜੀਵਨ ਉਤੇ ਪਰਭਾਵ

ਗੁਰੂ ਨਾਨਕ ਦੇਵ ਜੀ ਨੇ ਬੜੇ ਦੁਖਿਤ ਹਿਰਦੇ ਨਾਲ ਵੇਖਿਆ ਕਿ ਦੇਸ਼ ਦੇ ਲੋਕਾਂ ਨੂੰ ਆਰਥਕ ਖੇਤਰ ਵਿਚ ਵੱਧਣ ਫੁੱਲਣ ਦੇ ਕੋਈ ਅਵਸਰ ਪ੍ਰਾਪਤ ਨਹੀਂ ਹਨ। ਉਨ੍ਹਾਂ ਨੂੰ ਆਪਣੀ ਉਦਰ-ਪੂਰਤੀ ਲਈ ਕਰੜੀ ਮਿਹਨਤ ਕਰਨੀ ਪੈਂਦੀ ਹੈ ਪਰ ਉਨ੍ਹਾਂ ਦੀ ਮਿਹਨਤ ਦੀ ਉਪਜ ਨੂੰ ਹਰ ਪਾਸਿਉਂ ਲੁੱਟਣ ਦਾ ਜਤਨ ਕੀਤਾ ਜਾ ਰਿਹਾ ਹੈ।

---

162. 'ਗੁਰੂ ਨਾਨਕ ਦੀ ਸਾਹਿੱਤਕ ਪ੍ਰਤਿਭਾ ਤੇ ਹੋਰ ਲੇਖ', ਪੰਨਾ [illegible]2.
163. 'ਆਸਾ ਦੀ ਵਾਰ ਮ:1, ਆਦਿ ਗ੍ਰੰਥ, ਪੰਨਾ 473.

ਗੁਰੂ ਜੀ, ਆਸਾ ਦੀ ਵਾਰ ਵਿੱਚ, ਦਰਸਾਉਂਦੇ ਹਨ ਕਿ ਦੇਸ਼ ਦੀ ਆਰਥਕ ਹਾਲਤ ਇਸ ਲਈ ਵੀ ਬਹੁਤ ਮੰਦੀ ਹੈ ਕਿ ਸਭ ਦੁਕਾਨਦਾਰ, ਕਿਸਾਨ, ਕਾਰੀਗਰ ਅਤੇ ਹੋਰ ਸਭ ਕਿਰਤੀ ਕਈ ਪ੍ਰਕਾਰ ਦੇ ਸਰਕਾਰੀ ਕਰਾਂ ਹੇਠ ਦੱਬੇ ਹੋਏ ਹਨ। ਆਮ ਲੋਕਾਂ ਦੇ ਆਵਾਜਾਈ ਦੇ ਸਾਧਨਾਂ ਉਤੇ ਅਤੇ ਉਨ੍ਹਾਂ ਦੀਆਂ ਯਾਤਰਾਵਾਂ ਉਤੇ ਵੀ ਕਰ ਵਸੂਲ ਕੀਤੇ ਜਾਂਦੇ ਹਨ। ਗਊਆਂ ਅਤੇ ਬ੍ਰਾਹਮਣਾਂ ਨੂੰ ਵੀ ਇਸ ਕਰ-ਵਸੂਲੀ ਤੋਂ ਛੋਟ ਨਹੀਂ ਦਿੱਤੀ ਜਾਂਦੀ।[164] ਇਸ ਲਈ ਜਨ-ਸਾਧਾਰਣ ਭਾਰੀ ਆਰਥਕ ਸੰਕਟ ਵਿਚ ਫੱਸਿਆ ਹੋਇਆ ਹੈ। ਸਤਾਧਾਰੀ ਅਮੀਰ ਵਿਅਕਤੀ ਇਸ ਆਰਥਕ ਸੰਕਟ ਤੋਂ ਇਸ ਲਈ ਬਚੇ ਹੋਏ ਹਨ ਕਿ ਉਹ ਆਮ ਲੋਕਾਂ ਪਾਸੋਂ ਲੁੱਟਮਾਰ ਜਾਂ ਵੱਢੀ ਰਾਹੀਂ ਕਾਫੀ ਧਨ ਹਥਿਆ ਲੈਂਦੇ ਹਨ। ਪਰ ਉਹ ਇਸ ਧਨ ਨੂੰ ਕਿਸੇ ਵੀ ਅਜਿਹੇ ਉਪਜਾਊ ਕੰਮ ਉਤੇ ਨਹੀਂ ਲਗਾਉਂਦੇ, ਜਿਸ ਨਾਲ ਦੇਸ਼ ਦੀ ਆਰਥਕ ਦਸ਼ਾ ਸੁਧਰ ਸਕੇ। ਇਸ ਦੇ ਫੱਲਸਰੂਪ ਦੇਸ ਆਰਥਕ ਖੇਤਰ ਵਿੱਚ ਕੋਈ ਉਨਤੀ ਨਹੀਂ ਕਰ ਰਿਹਾ। ਨਾ ਹੀ ਬਦੇਸ਼ੀ ਸ਼ਾਸਕ ਵਰਗ ਦੇਸ਼ ਨੂੰ ਆਰਥਕ ਖੇਤਰ ਵਿੱਚ ਕੋਈ ਉਨਤੀ ਕਰਨ ਦੀ ਆਗਿਆ ਦਿੰਦਾ ਹੈ।

ਪਰ ਗੁਰੂ ਨਾਨਕ ਦੇਵ ਦੇਸ ਦੀ ਆਰਥਕ ਉਨਤੀ ਦੇ ਸੱਭ ਤੋਂ ਵੱਧ ਚਾਹਵਾਨ ਲੱਗਦੇ ਹਨ। ਆਪ ਸਮਝਦੇ ਹਨ ਕਿ ਇਸ ਉਨਤੀ ਖਾਤਰ ਮੁੱਢਲੀ ਲੋੜ ਇਹ ਹੈ ਕਿ ਦੇਸ਼ ਦੇ ਸਭ ਲੋਕ ਕਿਰਤ ਕਰਨ ਲਈ ਆਰਥਕ ਸੁਤੰਤਰਤਾ ਪ੍ਰਾਪਤ ਕਰਨ। ਇਸ ਲਈ, ਆਪ ਆਸਾ ਦੀ ਵਾਰ ਵਿੱਚ, ਸਭ ਲੋਕਾਂ ਨੂੰ ਕਿਰਤ ਕਰਨ ਦੀ ਆਰਥਕ ਸੁਤੰਤਰਤਾ ਪ੍ਰਾਪਤ ਕਰਨ ਲਈ ਪ੍ਰੇਰਦੇ ਹਨ। ਆਪ ਚਾਹੁੰਦੇ ਹਨ ਕਿ ਲੋਕਾਂ ਨੂੰ ਮਨ-ਮਰਜ਼ੀ ਦੀ ਕਿਰਤ ਕਰਨ ਲਈ ਦੂਜਿਆਂ ਦਾ ਮੁਥਾਜ ਬਣ ਕੇ ਨਾ ਰਹਿਣਾ ਪਏ। ਪਰ ਦੇਸ਼ ਦਾ ਆਰਥਕ ਢਾਂਚਾ ਅਜਿਹਾ ਬਣ ਚੁੱਕਾ ਹੈ ਕਿ ਕਿਰਤ ਕਰਨ ਵਾਲਿਆਂ ਦੇ ਆਪਣੇ ਵੱਸ ਵਿੱਚ ਕੁਝ ਵੀ ਨਹੀਂ ਰਿਹਾ। ਕਈ ਬਹੁਤੇ ਆਰਥਕ ਸਾਧਨਾਂ ਵਾਲੇ ਵਿਅਕਤੀ ਇਸ ਗੱਲ ਦਾ ਜਤਨ ਕਰਦੇ ਹਨ ਕਿ ਉਨ੍ਹਾਂ ਤੋਂ ਘੱਟ ਆਰਥਕ ਸਾਧਨ ਰੱਖਣ ਵਾਲੇ ਮਨੁੱਖ ਕਿਰਤ ਕਰਨ ਲਈ ਉਨ੍ਹਾਂ ਦੀ ਸਹਾਇਤਾ ਅਤੇ ਸਰਪਰਸਤੀ ਉਤੇ ਨਿਰਭਰ ਰਹਿਣ, ਤਾਂ ਜੁ ਉਹ ਉਨ੍ਹਾਂ ਦੀ ਮਿਹਨਤ ਨੂੰ ਆਪਣੇ ਲਾਭ ਹਿੱਤ ਵਰਤਦੇ ਰਹਿਣ। ਇਸ ਲਈ ਇਸ ਅਮੀਰ ਵਰਗ ਦੇ ਵਿਅਕਤੀ ਉਪਜ ਦੇ ਸਭ ਸਾਧਨਾਂ ਨੂੰ ਆਪਣੇ ਹੱਥ ਵਿੱਚ ਹੀ ਰੱਖਦੇ ਹਨ ਅਤੇ ਕਿਰਤੀਆਂ ਦੀ ਕਰੜੀ ਮਿਹਨਤ ਦਾ ਅਯੋਗ ਲਾਭ ਉਠਾਂਦੇ ਰਹਿੰਦੇ ਹਨ।

---

164. 'ਗਊ ਬਿਰਾਹਮਣ ਕਉ ਕਰੁ ਲਾਵਹੁ ਗੋਬਰਿ ਤਰਣ ਨ ਜਾਈ'- ਆਸਾ ਦੀ ਵਾਰ ਮ: 1, ਆਦਿ ਗ੍ਰੰਥ, ਪੰਨਾ 471.

ਗੁਰੂ ਨਾਨਕ ਦੇਵ ਜੀ ਇਹ ਵੀ ਜਾਣਦੇ ਹਨ ਕਿ ਜਨ-ਸਾਧਾਰਣ ਦੀ ਆਰਥਕ ਸੁਤੰਤਰਤਾ ਦਬਾ ਕੇ ਰੱਖਣ ਵਾਲੇ ਅਮੀਰ ਵਿਅਕਤੀ ਆਪ ਹੀ ਨਿਆਂ-ਅਧਿਕਾਰੀ ਬਣੇ ਬੈਠੇ ਹਨ। ਇਸ ਲਈ ਉਹ ਆਰਥਕ ਤੌਰ ਉਤੇ ਕੁਚਲੇ ਹੋਏ ਲੋਕਾਂ ਦੀ ਦਾਦ ਫਰਿਆਦ ਦੀ ਕੋਈ ਸੁਣਵਾਈ ਨਹੀਂ ਹੋਣ ਦਿੰਦੇ। ਜਿਹੜੇ ਗਰੀਬ ਲੋਕ ਦਾਦ-ਫਰਿਆਦ ਕਰਨ ਦਾ ਸਾਹਸ ਵਿਖਾਉਂਦੇ ਹਨ, ਉਨ੍ਹਾਂ ਨੂੰ ਜਾਣ ਬੁੱਝ ਕੇ ਹੋਰ ਕੁਚਲਿਆ ਜਾਂਦਾ ਹੈ ਅਤੇ ਉਨ੍ਹਾਂ ਬਾਰੇ ਸਰਕਾਰੀ ਨਿਆਂ ਦਾ ਨਿਰਣਾ, ਹਰ ਹਾਲਤ ਵਿੱਚ, ਉਨ੍ਹਾਂ ਦੇ ਉਲਟ ਜਾਂਦਾ ਹੈ। ਇਸ ਦੇ ਫਲਸਰੂਪ ਗਰੀਬ ਕੁਚਲੇ ਹੋਏ ਲੋਕ ਨਿਆਂ ਲਈ ਪੁਕਾਰ ਕਰਨਾ ਛੱਡ ਕੇ ਅਮੀਰਾਂ ਦੇ ਆਰਥਕ ਦਬਾਉ ਥੱਲੇ ਕੁਚਲੇ ਰਹਿਣਾ ਹੀ ਪਰਵਾਨ ਕਰ ਲੈਂਦੇ ਹਨ।

ਗੁਰੂ ਨਾਨਕ ਦੇਵ ਜੀ ਦੇਸ਼ ਦੇ ਇਸ ਵਿਗੜੇ ਹੋਏ ਆਰਥਕ ਢਾਂਚੇ ਅਤੇ ਅਮੀਰ ਵਿਅਕਤੀਆਂ ਦੀ ਆਰਥਕ ਚਾਲ ਨੂੰ ਮੁੱਖ ਰੱਖਦਿਆਂ ਕਿਸੇ ਸੱਤਾਧਾਰੀ ਅਮੀਰ ਅੱਗੇ ਇਹ ਤਰਲਾ ਨਹੀਂ ਲੈਂਦੇ ਕਿ ਉਹ ਦਲਿਤ ਲੋਕਾਂ ਨੂੰ ਆਰਥਕ ਸੁਤੰਤਰਤਾ ਪ੍ਰਦਾਨ ਕਰੇ। ਨਾ ਹੀ ਆਪ ਦਲਿਤ ਵਰਗ ਦੇ ਕਿਸੇ ਮਨੁੱਖ ਨੂੰ ਅਮੀਰ-ਸ਼੍ਰੇਣੀ ਦੇ ਕਿਸੇ ਵਿਅਕਤੀ ਅੱਗੇ ਇਹੋ ਜਿਹਾ ਤਰਲਾ ਲੈਣ ਦਾ ਸੁਝਾਉ ਦਿੰਦੇ ਹਨ। ਆਪ ਸਗੋਂ ਦਲਿਤ ਲੋਕਾਂ ਨੂੰ ਇਹ ਸਮਝਾਉਂਦੇ ਹਨ ਕਿ ਜਿਸ ਦਰ ਉਤੇ ਸੁਣਵਾਈ ਹੋਣ ਦੀ ਕੋਈ ਆਸ ਹੀ ਨਹੀਂ, ਉਸ ਨੂੰ ਜਾ ਕੇ ਖੜਕਾਣ ਦਾ ਕਦੀ ਜਤਨ ਹੀ ਨਹੀਂ ਕਰਨਾ ਚਾਹੀਦਾ। ਇਸ ਲਈ, ਆਪ ਦਲਿਤ ਵਰਗ ਦੇ ਸਭ ਲੋਕਾਂ ਨੂੰ ਇਹ ਸਮਝਾਉਂਦੇ ਹਨ ਕਿ ਉਨ੍ਹਾਂ ਨੂੰ ਆਪਣੀ ਆਰਥਕ ਦਸ਼ਾ ਸੁਧਾਰਣ ਲਈ ਆਪਣੀ ਸਹਾਇਤਾ ਆਪ ਕਰ ਕੇ ਵਿਖਾਣੀ ਚਾਹੀਦੀ ਹੈ। ਕਿਸੇ ਹੋਰ ਤੋਂ ਆਰਥਕ ਸਹਾਇਤਾ ਮੰਗਣ ਅਤੇ ਜੀਵਨ ਭਰ ਉਸ ਦਾ ਮੁਥਾਜ ਬਣੇ ਰਹਿਣ ਨਾਲੋਂ ਆਪਣੀ ਸਹਾਇਤਾ ਆਪ ਕਰਨਾ ਹੀ ਆਰਥਕ ਖੁਸ਼ਹਾਲੀ ਦਾ ਸਫਲ ਸਾਧਨ ਬਣ ਸਕਦਾ ਹੈ। ਇਸ ਲਈ ਗੁਰੂ ਨਾਨਕ ਦੇਵ ਜੀ ਸਭ ਕੁਚਲੇ ਹੋਏ ਗਰੀਬ ਲੋਕਾਂ ਨੂੰ ਉਪਰ ਉਠਾਣ ਲਈ ਉਨ੍ਹਾਂ ਨੂੰ ਆਰਥਕ ਖੁਸ਼ਹਾਲੀ ਪ੍ਰਾਪਤ ਕਰਨ ਦੀ ਇਹ ਵਿਧੀ ਸਿਖਾ ਦਿੰਦੇ ਹਨ:-

" ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ।।[165]

ਗੁਰੂ ਜੀ ਆਸਾ ਦੀ ਵਾਰ ਵਿਚ ਇਹ ਗੱਲ ਨਿਸ਼ਚੇ ਕਰਾ ਦਿੰਦੇ ਹਨ ਕਿ ਜਦ ਮਨੁੱਖ ਦਾ ਹਰੇਕ ਕੰਮ ਕੇਵਲ ਆਪਣੇ ਹੱਥੀਂ ਹੀ ਸੰਵਰਦਾ ਹੈ ਤਾਂ ਉਸ ਦਾ ਆਰਥਕ ਖੁਸ਼ਹਾਲੀ ਵਾਲਾ ਕੰਮ ਵੀ ਇਸੇ ਤਰ੍ਹਾਂ ਹੀ ਸੰਵਾਰਿਆ ਜਾ ਸਕਦਾ ਹੈ।

---

165. ਆਸਾ ਦੀ ਵਾਰ ਮ: 1, ਆਦਿ ਗ੍ਰੰਥ, ਪੰਨਾ 474.

ਇਉਂ, ਗੁਰੂ ਜੀ ਸਭ ਲੋਕਾਂ ਨੂੰ ਚੰਗੀ ਤਰ੍ਹਾਂ ਸਮਝਾ ਦਿੰਦੇ ਹਨ ਕਿ ਉਨ੍ਹਾਂ ਦੀ ਆਪਣੀ ਸਚਾਈਆਂ ਉਤੇ ਆਧਾਰਿਤ ਕਿਰਤ ਹੀ ਉਨ੍ਹਾਂ ਦੀ ਆਰਥਿਕ ਦਸ਼ਾ ਸੁਧਾਰ ਸਕਦੀ ਹੈ।

<u>ਰਾਜਸੀ ਜੀਵਨ ਉਤੇ ਪ੍ਰਭਾਵ</u>

ਗੁਰੂ ਨਾਨਕ ਦੇਵ ਜੀ ਤਤਕਾਲ ਦੇਸ਼ ਦੇ ਰਾਜਸੀ ਖੇਤਰ ਵਿੱਚ ਉਥੋਂ ਦੇ ਲੋਕਾਂ ਦੀ ਕੀਤੀ ਹੋਈ ਕਿਰਤ ਦੀ ਮਹੱਤਤਾ ਨੂੰ ਪੂਰੀ ਤਰ੍ਹਾਂ ਪਛਾਣਦੇ ਹਨ। ਇਸ ਲਈ, ਆਪ ਆਸਾ ਦੀ ਵਾਰ ਵਿਚ ਸਿੱਧ ਕਰਦੇ ਹਨ ਕਿ ਦੇਸ਼ ਦੇ ਸਭ ਲੋਕਾਂ ਦੀ ਕਿਰਤ-ਪ੍ਰਭੁਤਾ ਪ੍ਰਾਪਤ ਕਰਨ ਨਾਲ ਹੀ ਦੇਸ਼ ਰਾਜਸੀ ਪ੍ਰਭੁਤਾ ਪ੍ਰਾਪਤ ਕਰ ਸਕਦਾ ਹੈ। ਪਰ ਇਸ ਦੇ ਨਾਲ ਹੀ ਆਪ ਇਹ ਵਿਖਾ ਦਿੰਦੇ ਹਨ ਕਿ ਉਸ ਸਮੇਂ ਦੇਸ਼ ਦੀ ਰਾਜਸੀ ਦਸ਼ਾ ਅਜਿਹੀ ਹੋ ਚੁੱਕੀ ਸੀ ਕਿ ਨਾ ਲੋਕਾਂ ਨੂੰ ਕਿਰਤ-ਪ੍ਰਭੁਤਾ ਪ੍ਰਾਪਤ ਸੀ ਨਾ ਹੀ ਰਾਜਸੀ ਪ੍ਰਭੁਤਾ।

ਉਸ ਸਮੇਂ ਦੀ ਰਾਜਸੀ ਦਸ਼ਾ ਵਰਣਨ ਕਰਦਿਆਂ ਆਪ ਫ਼ਰਮਾਉਂਦੇ ਹਨ ਕਿ ਸਭ ਰਾਜ-ਅਧਿਕਾਰੀ ਗਰੀਬ ਪਰਜਾ ਦੀ ਲੁੱਟਮਾਰ ਕਰਨ ਉਤੇ ਤੁਲੇ ਹੋਏ ਹਨ ਅਤੇ ਪਰਜਾ ਰਿਸ਼ਵਤ ਦੇ 'ਮੁਰਦਾਰ' ਨਾਲ ਉਨ੍ਹਾਂ ਦੀ ਤ੍ਰਿਸ਼ਨਾ-ਅਗਨੀ ਨੂੰ ਇਸ ਲਈ ਭਰਦੀ ਰਹਿੰਦੀ ਹੈ ਕਿ ਉਹ ਨਿਤਾਣੀ ਅਤੇ ਅੰਨ੍ਹੀ ਹੋ ਗਈ ਹੈ, ਅਰਥਾਤ ਰਾਜਸੀ ਸੂਝ ਤੋਂ ਬਿਲਕੁਲ ਸੱਖਣੀ ਹੋ ਚੁੱਕੀ ਹੈ। ਗੁਰੂ ਜੀ ਦੇਸ਼ ਦੀ ਇਸ ਰਾਜਸੀ ਅਧੋਗਤੀ ਨੂੰ ਇਉਂ ਬਿਆਨਦੇ ਹਨ:-

ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥  
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ॥  
ਅੰਧੀ ਰਯਤਿ ਗਿਆਨ ਵਿਹੂਣੀ, ਭਾਹਿ ਭਰੇ ਮੁਰਦਾਰੁ॥[166]

ਦੇਸ਼ ਦੀ ਇਹ ਨਿਘਰੀ ਹੋਈ ਰਾਜਸੀ ਦਸ਼ਾ ਗੁਰੂ ਜੀ ਦੇ ਹਿਰਦੇ ਨੂੰ ਪੀੜਤ ਕਰਦੀ ਹੈ, ਪਰ ਆਪ ਜੀ ਦੇ ਹਿਰਦੇ ਨੂੰ ਸਭ ਤੋਂ ਵੱਧ ਪੀੜ ਉਦੋਂ ਮਹਿਸੂਸ ਹੁੰਦੀ ਹੈ ਜਦੋਂ ਆਪ ਵੇਖਦੇ ਹਨ ਕਿ ਰਾਜਸੀ ਖੇਤਰ ਵਿਚ ਪਰਵੇਸ਼ ਕਰ ਚੁੱਕੇ ਹਿੰਦੂ ਕਰਮਚਾਰੀ ਵੀ ਮੁਸਲਮਾਨ ਕਰਮਚਾਰੀਆਂ ਵਾਂਗ ਕਪਟੀ, ਵਿਲਾਸੀ ਅਤੇ ਨਿਰਦੱਈ ਬਣ ਚੁੱਕੇ ਹਨ।

---

166. ਆਸਾ ਦੀ ਵਾਰ ਮ: 1, ਆਦਿ ਗ੍ਰੰਥ, ਪੰਨਾ 468-69.

ਉਹ ਆਪਣਾ ਕੰਮ ਚੰਗੀ ਤਰਾਂ ਕਰਨ ਦੇ ਥਾਂ ਮੁਸਲਮਾਨ ਹਾਕਮਾਂ ਦੀ ਚਾਪਲੂਸੀ ਰਾਹੀਂ ਪਰਵਾਨ ਚੜ੍ਹਣ ਦਾ ਜਤਨ ਕਰਦੇ ਹਨ। ਉਹ ਇਕ ਪਾਸੇ ਤਾਂ ਹਿੰਦੂਆਂ ਵਾਲਾ ਭੇਸ ਬਣਾਈ ਰੱਖਦੇ ਹਨ, ਪਰ ਦੂਜੇ ਪਾਸੇ ਮੁਸਲਮਾਨ ਹਾਕਮਾਂ ਨਾਲ ਮੇਲ ਜੋਲ ਰੱਖ ਕੇ ਉਨ੍ਹਾਂ ਵਰਗੇ ਕਾਲੇ ਕਰਤੂਤ ਕਰਦੇ ਹਨ। ਗੁਰੂ ਜੀ ਆਸਾ ਦੀ ਵਾਰ ਵਿਚ ਇਨ੍ਹਾਂ ਰਾਜਸੀ ਪੈਂਤੜਿਆਂ ਦੀ ਕਰੜੀ ਆਲੋਚਨਾ ਇਉਂ ਕਰਦੇ ਹਨ:-

> ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ।।
> ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ।।
> ਛੋਡੀਲੇ ਪਾਖੰਡਾ।।
> ਨਾਮਿ ਲਇਐ ਜਾਹਿ ਤਰੰਦਾ।।[167]

ਗੁਰੂ ਨਾਨਕ ਦੇਵ ਜੀ ਨੇ ਇਸ ਵਾਰ ਵਿਚ ਇਹ ਸਿੱਧ ਕੀਤਾ ਹੈ ਕਿ ਸਭ ਰਾਜਸੀ ਕਰਮਚਾਰੀ-ਕੀ ਹਿੰਦੂ ਅਤੇ ਕੀ ਮੁਸਲਮਾਨ, ਆਪਣਾ ਕਰਤਵ ਪਾਲਣ ਦੇ ਥਾਂ ਗਰੀਬ ਕਿਰਤੀ ਲੋਕਾਂ ਦੀ ਕਮਾਈ ਨੂੰ ਹੜੱਪ ਕਰਨ ਲਈ ਮੂੰਹ ਅੱਡੀ ਬੈਠੇ ਹਨ। ਇਸ ਨਾਲ ਪਰਜਾ ਅਤੇ ਹਾਕਮ ਸ਼੍ਰੇਣੀ ਵਿਚ ਬੜਾ ਵੱਡਾ ਪਾੜ ਉਤਪੰਨ ਹੋ ਚੁੱਕਾ ਹੈ। ਹਾਕਮ ਸ਼੍ਰੇਣੀ ਪਰਜਾ ਦੀ ਪੁਕਾਰ ਸੁਣਨ ਲਈ ਅਤੇ ਪਰਜਾ ਹਾਕਮ ਸ਼੍ਰੇਣੀ ਨੂੰ ਮਿਲਵਰਤਣ ਦੇਣ ਲਈ ਤਿਆਰ ਨਹੀਂ ਹੈ। ਗੁਰੂ ਜੀ ਮਹਿਸੂਸ ਕਰਦੇ ਹਨ ਕਿ ਇਹ ਮਿਲਵਰਤਣ ਹੀ ਦੇਸ਼ ਦੀ ਰਾਜਸੀ ਪਰਪੱਕਤਾ ਦਾ ਆਧਾਰ ਹੁੰਦੀ ਹੈ। ਇਸ ਲਈ ਆਪ ਦੇਸ਼ ਦੀ ਨਿਘਰੀ ਹੋਈ ਰਾਜਸੀ ਹਾਲਤ ਸੁਧਾਰਣ ਦਾ ਇਕੋ ਇਕ ਰਾਹ ਇਹ ਵਿਖਾਉਂਦੇ ਹਨ ਕਿ ਪਰਜਾ ਅਤੇ ਹਾਕਮ ਸ਼੍ਰੇਣੀ ਵਿੱਚ ਸੰਪੂਰਣ ਮਿਲਵਰਤਣ ਦਾ ਭਾਵ ਉਤਪੰਨ ਹੋਵੇ। ਆਪ ਇਹ ਵੀ ਦਰਸਾਉਂਦੇ ਹਨ ਕਿ ਪਰਸਪਰ ਮਿਲਵਰਤਣ ਦਾ ਇਹ ਭਾਵ ਤਦ ਹੀ ਉਤਪੰਨ ਹੋ ਸਕਦਾ ਹੈ ਜਦ ਹਾਕਮ ਸ਼੍ਰੇਣੀ ਪੂਰੀ ਈਮਾਨਦਾਰੀ ਨਾਲ ਆਪਣੇ ਕਰਤਵ ਦਾ ਪਾਲਣ ਕਰੇ ਅਤੇ ਪਰਜਾ ਸ਼੍ਰੇਣੀ ਪੂਰੀ ਲਗਨ ਨਾਲ ਕਿਰਤ ਕਰ ਕੇ ਵਿਖਾਏ। ਇਸ ਲਈ, ਆਪ ਆਸਾ ਦੀ ਵਾਰ ਵਿੱਚ, ਇਨ੍ਹਾਂ ਦੋਹਾਂ ਸ਼੍ਰੇਣੀਆਂ ਦੇ ਬੰਦਿਆਂ ਨੂੰ ਇਕ ਪਰਮਾਤਮਾ ਵਿੱਚ ਵਿਸ਼ਵਾਸ ਰੱਖ ਕੇ ਪੂਰੀ ਈਮਾਨਦਾਰੀ ਨਾਲ ਆਪਣੀ ਆਪਣੀ ਕਿਰਤ ਕਰ ਕੇ ਵਿਖਾਣ ਦੀ ਸਿੱਖਿਆ

---

167. ਆਸਾ ਦੀ ਵਾਰ ਮ: 1, ਆਦਿ ਗ੍ਰੰਥ, ਪੰਨਾ 471.

ਪ੍ਰਦਾਨ ਕਰਦੇ ਹਨ। ਇਸ ਸਿੱਖਿਆ ਉਤੇ ਚਲਦਿਆਂ ਦੇਸ਼ ਦੀ ਸਮੁੱਚੀ ਜਨਤਾ ਪੂਰਨ ਪ੍ਰਫੁੱਲਤਾ ਵੱਲ ਵਧ ਕੇ ਵਿਖਾ ਸਕਦੀ ਹੈ। ਇਸ ਪ੍ਰਫੁੱਲਤਾ ਦੇ ਰਾਹ ਉਤੇ ਚਲਣ ਵਾਲੇ ਮਨੁੱਖਾਂ ਨੂੰ ਕਈ ਅਜਿਹੇ ਵਿਅਕਤੀਆਂ ਨਾਲ ਟੱਕਰ ਲੈਣੀ ਪਏਗੀ, ਜਿਹੜੇ ਇਸ ਰਾਹ ਵਿੱਚ ਜਾਣ ਬੁੱਝ ਕੇ ਰੁਕਾਵਟ ਪਾਉਂਦੇ ਹਨ। ਪਰ, ਆਸਾ ਦੀ ਵਾਰ ਵਿੱਚ, ਗੁਰੂ ਜੀ ਅੰਤਮ ਜਿੱਤ ਉਨ੍ਹਾਂ ਦੀ ਹੀ ਵਿਖਾਉਂਦੇ ਹਨ, ਜਿਹੜੇ ਦੇਸ਼ ਨੂੰ ਪ੍ਰਫੁੱਲਤਾ ਦੇ ਰਾਹ ਉਤੇ ਲੈ ਜਾਣ ਲਈ ਉਦਮ ਕਰਦੇ ਹਨ।

ਇਸ ਤੋਂ ਸਿੱਧ ਹੁੰਦਾ ਹੈ ਕਿ 'ਆਸਾ ਦੀ ਵਾਰ' ਭਾਵੇਂ, ਇਕ ਅਧਿਆਤਮਕ ਵਾਰ ਹੈ, ਪਰ ਫਿਰ ਵੀ ਇਹ 'ਬੀਰ ਰਸੀ ਵਾਰਾਂ' ਵਾਂਗ ਲੋਕਾਂ ਵਿਚ ਬੀਰ-ਰਸ ਭਰਪੂਰ ਕਰਦੀ ਹੈ। ਡਾ: ਦੀਵਾਨ ਸਿੰਘ ਨੇ ਇਸ ਸਬੰਧੀ ਇਹ ਵਿਚਾਰ ਪਰਗਟਾਇਆ ਹੈ:-

> "ਬੀਰ-ਰਸ ਦੀ ਸਚਾਈ ਨੂੰ ਠੀਕ ਠੀਕ ਸਮਝ ਲੈਣ ਨਾਲ ਅਧਿਆਤਮਕ ਵਾਰ ਦਾ ਆਸ਼ਾ ਸਪਸ਼ਟ ਹੋ ਜਾਂਦਾ ਹੈ। ਗੁਰੂ ਸਾਹਿਬ ਨੇ (ਆਸਾ ਦੀ ਵਾਰ ਵਿੱਚ) ਏਸੇ ਅਧਿਆਤਮਕ ਆਸ਼ੇ ਨੂੰ ਮੁੱਖ ਰੱਖਿਆ। ਬੀਰ-ਰਸ ਇਕ ਆਤਮਕ ਗੁਣ ਹੈ, ਜਿਸ ਨੂੰ ਆਚਰਨਕ ਗੁਣ ਵੀ ਕਹਿ ਸਕਦੇ ਹਾਂ। ਇਹ ਅੰਦਰੋਂ ਉਪਜਦਾ ਹੈ। ਇਹ ਇਕ ਚੜ੍ਹਦੀ ਕਲਾ ਵਿਚ ਰਹਿਣ ਦੀ ਰੁਚੀ ਜਾਂ ਸੁਭਾ ਹੈ, ਜਿਸ ਨੂੰ ਅੰਗਰੇਜ਼ੀ ਵਿੱਚ Virile Spirit ਕਿਹਾ ਜਾਂਦਾ ਹੈ। ਇਹ ਇਕ ਮਰਦਊਪੁਣਾ ਹੈ, 'ਜਵਾਂਮਰਦੀ' ਹੈ। ਇਸ ਵਿਚ ਆਪਾ ਵਾਰਨ ਤੇ ਕੁਰਬਾਨੀ, ਤਿਆਗ ਤੇ ਸਚਾਈ ਦਾ ਰੰਗ ਹੈ, ਬੀਰਤਾ ਕੋਈ ਸਾਧਾਰਣ ਗੁਣ ਨਹੀਂ; ਇਹ ਮਨੁੱਖ ਦਾ ਸਮੁੱਚਾਪਨ, ਮਨੁੱਖ ਦਾ ਆਚਰਨਕ ਕਰਤਬ ਮੰਗਦੀ ਹੈ। ਬੀਰਤਾ ਉਹ ਸ਼ੈ ਹੈ, ਜੋ ਪ੍ਰਸਿੱਧ ਹਿੰਦੂ ਦੇਵੀ ਦੁਰਗਾ ਵਾਂਗ ਮਾਸ ਤੇ ਖੂਨ ਦੀ ਭੇਟ ਮੰਗਦੀ ਹੈ। ਗੁਰੂ ਨਾਨਕ ਸਾਹਿਬ ਨੇ ਵੀ ਮਨੁੱਖ ਨੂੰ ਪਹਿਲਾਂ ਅੰਦਰੋਂ, ਆਤਮਕ ਤੇ ਆਚਰਨਕ ਪੱਧਰ ਤੋਂ, ਬੀਰ-ਕਰਮੀ ਬਣਾਉਣ ਲਈ ਅਧਿਆਤਮਕ ਵਾਰ ਦੀ ਨੀਂਹ ਰੱਖੀ। ਆਸਾ ਦੀ ਵਾਰ ਇਸ ਪ੍ਰਕਿਰਿਆ ਦਾ ਇਕ ਵਿਸ਼ੇਸ਼ ਨਮੂਨਾ ਹੈ। ਗੁਰੂ ਸਾਹਿਬ ਦਾ ਆਸ਼ਾ ਮਨੁੱਖ ਨੂੰ ਨਿਤਾਣੇ ਤੋਂ ਬਲੀ, ਹੀਣੇ ਤੋਂ ਅਣਖੀ, ਅਸੁਰ ਤੋਂ ਸਾਹਸੀ (ਉਤਸ਼ਾਹੀ), ਕਾਇਰ ਤੋਂ ਦਲੇਰ ਅਤੇ ਦੇਹ-ਰੱਖ ਤੋਂ ਆਪਾ-ਵਾਰੂ ਬਣਾਉਣ ਦਾ ਸੀ। ਪਰ ਇਹ ਕੰਮ ਬੜੀ ਕਠਿਨ ਹੈ। ਇਸ ਲਈ ਅਧਿਆਤਮਕ ਵਾਰਾਂ ਰਾਹੀਂ ਆਚਾਰ

ਪੈਰੋਕਾਰਾਂ ਦੇ ਨਾਲ ਨਾਲ ਗੁਰੂ ਸਾਹਿਬਾਨ ਨੇ ਲਗਭਗ 200 ਸਾਲ ਤੱਕ ਕੌਮ ਦੀ ਅਗਵਾਈ ਦਾ ਉੱਦਮ ਜਾਰੀ ਰੱਖਿਆ। ਗੁਰੂ ਹਰਗੋਬਿੰਦ ਸਾਹਿਬ ਦੇ ਵੇਲੇ ਤੋਂ ਤਾਂ ਇਹ ਜਜ਼ਬੇ ਨਿਰੋਲ ਅੰਤਰਮੁਖੀ ਦੀ ਥਾਂ ਪੂਰਨ ਰੂਪ ਵਿਚ ਬਾਹਰਮੁਖੀ ਤੇ ਸੈਨਿਕ ਪੱਧਰ ਤੇ ਆ ਪੁਜੇ ਸਨ।"

"ਸੋ, ਇਕ ਤਰ੍ਹਾਂ ਅਧਿਆਤਮਕ ਵਾਰ ਕੌਮ ਨੂੰ ਧਰਮ-ਯੁੱਧ ਲਈ ਤਿਆਰ ਕਰਨ ਲਈ ਸੀ। ਇਹ ਬੀਰ-ਰਸੀ ਵਾਰ ਦਾ ਇਕ ਅਛੇਤਰ ਜਾਂ 'ਪੋਇਸ ਫੈਮਾ' ਹੈ। ਕਿਵੇਂ ਕੋਈ ਨਿਤਾਣੀ ਕੌਮ ਕਿਸ ਤਰ੍ਹਾਂ ਇਕਦਮ ਬੀਰਤਾ ਦੇ ਕਰਤੱਵਾਂ ਲਈ ਜੋਗ ਹੋ ਸਕਦੀ ਸੀ, ਜਿਸ ਵਿਚੋਂ ਕਿ ਵਾਰਾਂ ਉਪਜ ਸਕਦੀਆਂ? ਸੋ ਪੰਜਾਬੀ ਕੌਮ ਗੁਰੂ ਸਾਹਿਬਾਨ ਦੀ ਧਾਰਮਕ ਅਗਵਾਈ ਹੇਠ ਇਕ ਜ਼ਰੂਰੀ ਪਰਿਵਰਤਨ ਕਾਲ ਵਿਚੋਂ ਲੰਘੀ, ਜਿਸ ਨੂੰ ਅਧਿਆਤਮਕ ਵਾਰ ਦਾ ਕਾਲ ਕਹਿ ਸਕਦੇ ਹਾਂ।"[168]

ਇਸ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਅਧਿਆਤਮਕ ਵਾਰ ਨੂੰ ਦੇਸ਼ ਵਾਸੀਆਂ ਲਈ ਬੀਰਤਾ ਸਾਧਣੀ ਅਤੇ ਨਿਡੱਰ ਬਣਾਨ ਦਾ ਸਾਧਨ ਬਣਾ ਕੇ ਰੱਖਿਆ। ਆਸਾ ਦੀ ਵਾਰ ਵਿਚ ਵੀ ਆਪ ਅਧਿਆਤਮਕ ਵਾਰ ਨੂੰ ਇਹੋ ਜਿਹਾ ਸਾਧਨ ਬਣਾ ਕੇ ਵਰਤਦੇ ਹਨ। ਆਪ ਇਸ ਵਾਰ ਵਿਚ ਜਤਨ ਕਰਦੇ ਹਨ ਕਿ ਦੇਸ਼-ਵਾਸੀ ਅਧਿਆਤਮਕ ਸੂਝ ਦਾ ਬਲ ਪ੍ਰਾਪਤ ਕਰਨ ਦੇ ਨਾਲ ਨਾਲ ਰਾਜਸੀ ਸੂਝ ਦਾ ਬਲ ਵੀ ਪ੍ਰਾਪਤ ਕਰਨ। ਉਹ 'ਅੰਧੀ ਰਯਿਤ' ਨਾ ਰਹਿਣ ਕੋਈ ਸੂਝਵਾਨ ਰਯਿਤ ਬਣ ਕੇ ਵਿਖਾਣ ਅਤੇ ਹਾਕਮਾਂ ਦੀ ਤ੍ਰਿਸਨਾ ਅਗਨੀ ਨੂੰ ਕਿਸਮਤ ਦੇ 'ਮੁਰਦਾਰ' ਨਾਲ ਭਰਨ ਦੇ ਥਾਂ ਉਸ ਅਗਨੀ ਨੂੰ ਆਪਣੀ ਬੀਰਤਾ ਨਾਲ ਦਬਾ ਕੇ ਵਿਖਾਣ। ਗੁਰੂ ਨਾਨਕ ਦੇਵ ਜੀ ਦੇਸ਼ ਦੇ ਹਰੇਕ ਮਨੁੱਖ ਨੂੰ ਰਾਜਸੀ ਸੂਝ ਦੇ ਇਸ ਬਲ ਨਾਲ ਭਰਪੂਰ ਹੋਇਆ ਵੇਖਣ ਦੇ ਚਾਹਵਾਨ ਹਨ। ਇਸ ਦ੍ਰਿਸ਼ਟੀਕੋਣ ਤੋਂ ਆਸਾ ਦੀ ਵਾਰ ਦੇਸ਼ ਦੇ ਸਭ ਮਨੁੱਖਾਂ ਦੇ ਰਾਜਸੀ ਜੀਵਨ ਉਤੇ ਬੜਾ ਉਤਸ਼ਾਹੀ ਅਤੇ ਸਾਰਥਕ ਪਰਭਾਵ ਪਾ ਕੇ ਵਿਖਾਉਂਦੀ ਹੈ। ਇਹ ਉਨ੍ਹਾਂ ਨੂੰ ਕਾਇਰਤਾ ਅਤੇ ਦਾਸਤਾ ਦੇ ਰਾਜਸੀ ਭਾਵਾਂ ਤੋਂ ਛੁਟਕਾਰਾ ਦਿਵਾ ਕੇ ਬੀਰਤਾ ਅਤੇ ਸੁਤੰਤਰਤਾ ਦੇ ਰਾਜਸੀ ਭਾਵਾਂ ਨਾਲ ਭਰਪੂਰ ਕਰ ਦਿੰਦੀ ਹੈ।

## 3 - 'ਮਲਾਰ ਕੀ ਵਾਰ' ਵਿੱਚ ਕਿਰਤ-ਸੰਕਲਪ

ਮਲਾਰ ਵਰਖਾ ਰੁੱਤ ਦਾ ਸੀਤਲ ਰਾਗ ਹੈ ਅਤੇ ਗੁਰੂ ਨਾਨਕ ਦੇਵ ਜੀ 'ਮਲਾਰ ਕੀ ਵਾਰ' ਵਿੱਚ ਮਨੁੱਖਾਂ ਦੇ ਤਪੇ ਹੋਏ ਹਿਰਦਿਆਂ ਨੂੰ ਕਿਰਤ ਦੀ ਵਰਖਾ ਨਾਲ ਠਾਰ ਕੇ ਵਿਖਾਉਂਦੇ ਹਨ। ਇਸ ਲਈ, ਆਪ ਇਸ ਵਾਰ ਵਿੱਚ, ਸ਼ੁੱਭ ਕਰਮਾਂ ਦੇ ਸੀਤਲ ਪਰਭਾਵ ਦਾ ਭਰਪੂਰ ਉਲੇਖ ਕਰਦੇ ਹਨ।

---

168. 'ਗੁਰੂ ਨਾਨਕ ਦੀ ਸਾਹਿਤਕ ਪ੍ਰਤਿਭਾ' ਤੇ ਹੋਰ ਲੇਖ, ਪੰਨਾ 85-86.

## ਕਰਮ-ਫਲ ਦਾ ਸਿਧਾਂਤ

ਗੁਰੂ ਨਾਨਕ ਦੇਵ ਜੀ 'ਮਲਾਰ ਕੀ ਵਾਰ' ਵਿੱਚ ਕਰਮ-ਫਲ ਵਾਲੇ ਸਿਧਾਂਤ ਰਾਹੀਂ ਮਨੁੱਖ ਨੂੰ ਸਦਾ ਸ਼ੁੱਭ ਕਰਮ ਕਮਾਣ ਦਾ ਉਪਦੇਸ਼ ਦਿੰਦੇ ਹਨ। ਆਪ ਦਰਸਾਉਂਦੇ ਹਨ ਕਿ ਬੁਰੇ ਕਰਮ ਕਰਨ ਵਾਲੇ ਮਨਮੁਖ ਇਸ ਦੁਨੀਆਂ ਅਤੇ ਅਗਲੀ ਦੁਨੀਆਂ ਵਿਚ ਕਰੜੀ ਸਜ਼ਾ ਭੋਗਦੇ ਹਨ। ਪਰ ਸ਼ੁੱਭ ਕਰਮ ਕਮਾਣ ਵਾਲੇ ਗੁਰਮੁਖ ਹਰ ਥਾਂ ਉਤੇ ਮਾਣ ਵਡਿਆਈ ਪ੍ਰਾਪਤ ਕਰਦੇ ਹਨ। ਇਹ ਵਿਚਾਰ ਪਰਗਟਾਣ ਲਈ ਗੁਰੂ ਜੀ ਇਕ ਪਾਸੇ ਬੁਰੇ ਕਰਮ ਕਮਾਣ ਵਾਲੇ ਮਨਮੁਖਾਂ ਨੂੰ ਘਾਣੀ ਵਿੱਚ ਪੀੜੇ ਜਾਂਦਿਆਂ ਅਤੇ ਦੂਜੇ ਪਾਸੇ ਸਚੇ ਕਰਮ ਕਮਾਣ ਵਾਲੇ ਗੁਰਮੁਖਾਂ ਨੂੰ ਰੱਬੀ ਦਰਗਾਹ ਵਿੱਚ ਪੂਰਾ ਮਾਣ ਪਾਉਂਦਿਆਂ ਇਉਂ ਵਿਖਾਉਂਦੇ ਹਨ:-

> ਚੋਰ ਜਾਰ ਜੁਆਰ ਪੀੜੇ ਘਾਣੀਐ॥
> ਨਿੰਦਕ ਲਾਇਤਬਾਰ ਮਿਲੇ ਹੜ੍ਹਵਾਣੀਐ॥
> ਗੁਰਮੁਖਿ ਸਚਿ ਸਮਾਇ ਸੁ ਦਰਗਹ ਜਾਣੀਐ॥[169]

ਵਾਸਤਵ ਵਿੱਚ, ਗੁਰੂ ਜੀ ਇਥੇ ਇਹ ਸਿਧਾਂਤ ਦ੍ਰਿੜਾਉਂਦੇ ਹਨ ਕਿ ਮਨੁੱਖ ਦੇ ਕਰਮ ਹੀ ਉਸ ਨੂੰ ਅੱਗੇ ਮਿਲਣ ਵਾਲਾ ਫਲ ਨਿਸ਼ਚਿਤ ਕਰਦੇ ਹਨ। ਇਸ ਸਿਧਾਂਤ ਦੇ ਸਪਸ਼ਟੀਕਰਣ ਵਜੋਂ ਆਪ ਮਨੁੱਖ ਦੇ ਕਰਮ-ਸਮੂਹ ਨੂੰ ਇਕ ਅਜਿਹਾ 'ਬਿਰਖ' ਮੰਨਦੇ ਹਨ ਜਿਸ ਨੂੰ ਦੋ ਪ੍ਰਕਾਰ ਦੇ ਫਲ ਲੱਗਦੇ ਹਨ, ਇਕ 'ਅੰਮ੍ਰਿਤ ਫਲ' ਦੂਜਾ 'ਵਿਸ਼ ਫਲ'। ਜਦੋਂ ਮਨੁੱਖ ਸੁੱਚੀ ਕਿਰਤ ਰਾਹੀਂ ਸ਼ੁੱਭ ਕਰਮ ਕਮਾਉਂਦਾ ਹੈ ਤਾਂ ਇਸ 'ਬਿਰਖ' ਨੂੰ 'ਅੰਮ੍ਰਿਤ ਫਲ' ਲੱਗਦਾ ਹੈ। ਪਰ ਜਦੋਂ ਉਹ ਬੁਰੇ ਕਰਮ ਕਮਾਉਂਦਾ ਹੈ ਤਾਂ ਇਸ ਨੂੰ 'ਵਿਸ਼ ਫਲ' ਲਗਦਾ ਹੈ। ਇਸ ਲਈ, ਇਹ ਹਰੇਕ ਮਨੁੱਖ ਦੇ ਆਪਣੇ ਉਤੇ ਨਿਰਭਰ ਹੈ ਕਿ ਉਹ ਇਸ ਕਰਮ-ਬਿਰਖ ਤੋਂ ਕਿਹੋ ਜਿਹਾ ਫਲ ਪ੍ਰਾਪਤ ਕਰੇ। ਇਹ ਫਲ ਖੁਆਣ ਵਾਲਾ ਅਸਲ ਦਾਤਾ ਤਾਂ ਕਰਤਾਪੁਰਖ ਆਪ ਹੈ, ਪਰ ਉਹ ਮਨੁੱਖ ਨੂੰ ਓਹੀ ਫਲ ਖੁਆਂਦਾ ਹੈ, ਜਿਸ ਦਾ ਉਹ, ਆਪਣੇ ਕਰਮਾਂ ਰਾਹੀਂ; ਅਧਿਕਾਰੀ ਬਣਦਾ ਹੈ। ਪਰਮਾਤਮਾ ਨੇ ਤਾਂ ਮਨੁੱਖ ਨਾਲ ਇਕ ਅਜਿਹਾ 'ਬਿਰਖ' ਬਣਾ ਦਿੱਤਾ ਹੈ, ਜਿਹੜਾ 'ਕਰਮ' ਅਤੇ 'ਫਲ' ਦੇ ਨੇਮ-ਬੱਧ ਅਸੂਲ ਅਨੁਸਾਰ ਵਧਦਾ ਫੁੱਲਦਾ ਹੈ। ਗੁਰੂ ਜੀ ਇਸ ਅਸੂਲ ਨੂੰ ਇਉਂ ਦਰਸਾਉਂਦੇ ਹਨ:-

---

169. ਮਲਾਰ ਕੀ ਵਾਰ ਮ: 1, ਆਦਿ ਗ੍ਰੰਥ, ਪੰਨਾ 1288.

ਨਾਨਕ ਮਾਇਆ ਕਰਮ ਬਿਰਖੁ ਫਲ ਅੰਮ੍ਰਿਤ, ਫਲ ਵਿਸੁ॥
ਸਭ ਕਾਰਣ ਕਰਤਾਰ ਕਰੇ, ਜਿਸੁ ਖਵਾਲੇ ਤਿਸੁ॥[170]

ਗੁਰੂ ਨਾਨਕ ਦੇਵ ਜੀ ਇਥੇ ਇਹ ਵਿਚਾਰ ਪਰਗਟਾਉਂਦੇ ਹਨ ਕਿ ਜਦ ਇਹੋ ਜਿਹਾ 'ਕਰਮ ਬਿਰਖ' ਹਰ ਸਮੇਂ ਮਨੁੱਖ ਦੇ ਸਾਹਮਣੇ ਖੜਾ ਹੈ ਤਾਂ ਉਹ ਇਸ ਦੇ ਫਲ ਦੇਣ ਵਾਲੇ ਅਸੂਲ ਨੂੰ ਮੁੱਖ ਰੱਖ ਕੇ ਹੀ ਆਪਣਾ ਹਰੇਕ ਕਰਮ ਕਰ ਕੇ ਵਿਖਾਏ।

ਗੁਰੂ ਜੀ ਇਥੇ ਇਹ ਵੀ ਦਰਸਾ ਦਿੰਦੇ ਹਨ ਕਿ ਜਿਹੜਾ ਮਨੁੱਖ 'ਕਰਮ ਬਿਰਖ' ਦੇ ਇਸ ਅਸੂਲ ਨੂੰ ਜਾਣਦਿਆਂ ਵੀ ਬੁਰੇ ਕਰਮ ਕਮਾਉਂਦਾ ਹੈ, ਉਹ ਬਿਲਕੁਲ ਅੰਨ੍ਹਾ ਹੈ, ਕਿਉਂਕਿ ਉਸ ਦੇ ਹਿਰਦੇ ਵਿਚ ਅਸਲੀਅਤ ਵੇਖਣ ਵਾਲੇ ਨੇਤਰ ਨਹੀਂ ਹਨ। ਇਹੋ ਜਿਹਾ ਮਨੁੱਖ ਆਪਣੇ ਦੋਵੇਂ ਨੇਤਰ ਰੱਖਦਾ ਹੋਇਆ ਵੀ ਅੰਧ ਕਮਾਣ ਵਾਲਾ ਅੰਨ੍ਹਾ ਬਣਿਆ ਰਹਿੰਦਾ ਹੈ। ਗੁਰੂ ਜੀ ਇਹੋ ਜਿਹੇ ਮਨੁੱਖ ਬਾਰੇ ਇਹ ਦਰਸਾਉਂਦੇ ਹਨ:-

ਅੰਧਾ ਸੋਇ ਜਿ ਅੰਧੁ ਕਮਾਵੈ॥
ਤਿਸੁ ਰਿਦੈ ਸਿ ਲੋਚਨ ਨਾਹੀ॥[171]

## ਕਿਰਤ-ਹੀਣ ਪਾਖੰਡੀਆਂ ਦਾ ਖੰਡਣ

ਗੁਰੂ ਨਾਨਕ ਦੇਵ ਜੀ, 'ਮਲਾਰ ਕੀ ਵਾਰ' ਵਿੱਚ, ਜਿਥੇ ਜਿਥੇ ਸੁੱਚੀ ਕਿਰਤ ਕਮਾਣ ਵਾਲਿਆਂ ਦੀ ਵਡਿਆਈ ਕਰਦੇ ਹਨ, ਉਥੇ ਕਿਰਤ-ਹੀਣ ਪਾਖੰਡੀਆਂ ਦਾ ਬਲਵਾਨ ਖੰਡਣ ਵੀ ਕਰਦੇ ਹਨ। ਜੀਵਨ-ਕਰਤਵਾਂ ਤੋਂ ਮੂੰਹ ਮੋੜ ਕੇ ਸੰਸਾਰ ਤੋਂ ਭਾਗ ਜਾਣ ਵਾਲੇ 'ਵਣਖੰਡੀ' ਬਰਫ਼ਾਨੀ ਥਾਂਵਾਂ ਦੇ ਠੰਡੇ ਜਲ ਵਿਚ ਇਸ਼ਨਾਨ ਕਰਨ ਵਾਲੇ ਸੁਚ-ਸੰਜਮੀ, ਸਰੀਰ ਉਤੇ ਭਸਮ ਰਮਾਣ ਜਾਂ ਨਗਨ ਫਿਰਨ ਵਾਲੇ ਸਾਧੂ ਅਤੇ ਧੂਣੀ ਦਾ ਸੇਕ ਸਹਾਰਣ ਵਾਲੇ ਤਪੱਸਵੀ ਆਪਜੀ ਨੂੰ ਨਿਰੋਲ ਪਾਖੰਡੀ ਕਿਹ ਆਖਦੇ ਹਨ, ਕਿਉਂਕਿ ਉਹ ਕਿਰਤ-ਹੀਣ ਰਹਿਣ ਲਈ ਹੀ ਇਹ ਸਾਰਾ ਪਾਖੰਡ ਰਚਾਉਂਦੇ ਹਨ। ਗੁਰੂ ਜੀ ਦਰਸਾਉਂਦੇ ਹਨ ਕਿ ਜਿਥੇ ਇਹੋ ਜਿਹੇ ਕਿਰਤ-ਹੀਣ ਪਾਖੰਡੀ ਅਗਲੀ ਦਰਗਹ ਵਿਚ ਖੁਆਰ ਹੁੰਦੇ ਹਨ, ਉਥੇ ਸੱਚੀ ਸੇਵਾ ਕਰਨ ਵਾਲੇ ਗੁਰਮੁਖ ਆਪਣੇ ਮਾਲਕ ਦੇ ਦਰਬਾਰ ਵਿਚ ਸੋਭਾ ਪਾਉਂਦੇ ਹਨ:-

170. ਮਲਾਰ ਦੀ ਵਾਰ ਮ: 1, ਆਦਿ ਗ੍ਰੰਥ, ਪੰਨਾ 1290.
171. -ਉਹੀ- , -ਉਹੀ- , ਪੰਨਾ 1289.

ਇਕਿ ਵਣਖੰਡਿ ਬੈਸਹਿ ਜਾਇ ਸਦੁ ਨ ਦੇਵਹੀ ॥
ਇਕਿ ਪਾਲਾ ਕਕਰੁ ਭੰਨਿ ਸੀਤਲੁ ਜਲੁ ਹੇਂਵਹੀ ॥
ਇਕਿ ਭਸਮ ਚੜ੍ਹਾਵਹਿ ਅੰਗਿ ਮੈਲੁ ਨ ਧੋਵਹੀ ॥
ਇਕਿ ਜਟਾ ਬਿਕਟ ਬਿਕਰਾਲ ਕੁਲੁ ਘਰੁ ਖੋਵਹੀ ॥
ਇਕਿ ਨਗਨ ਫਿਰਹਿ ਦਿਨੁ ਰਾਤਿ ਨੀਦ ਨ ਸੋਵਹੀ ॥
ਇਕਿ ਅਗਨਿ ਜਲਾਵਹਿ ਅੰਗੁ ਆਪੁ ਵਿਗੋਵਹੀ ॥
ਵਿਣੁ ਨਾਵੈ ਤਨੁ ਛਾਰੁ ਕਿਆ ਕਹਿ ਰੋਵਹੀ ॥
ਸੋਹਹਿ ਖਸਮ ਦੁਆਰਿ ਜਿ ਸਤਿਗੁਰੁ ਸੇਵਹੀ ॥[172]

ਗੁਰੂ ਨਾਨਕ ਦੇਵ ਜੀ ਕਿਰਤਹੀਣ ਵਰਤ-ਧਾਰੀਆਂ ਜਾਂ ਅੰਨ-ਤਿਆਗੀਆਂ ਨੂੰ ਵੀ ਪਾਖੰਡੀ ਸਮਝਦੇ ਹਨ। ਆਪ ਉਨ੍ਹਾਂ ਨੂੰ ਪਾਖੰਡੀਆਂ ਤੋਂ ਉਪਰੰਤ ਮੂਰਖ ਵੀ ਸਮਝਦੇ ਹਨ ਅਤੇ ਉਨ੍ਹਾਂ ਦੀ ਕਰੜੀ ਆਲੋਚਨਾ ਇਉਂ ਕਰਦੇ ਹੋਏ ਫੁਰਮਾਉਂਦੇ ਹਨ:-

ਇਕਿ ਅੰਨੁ ਨ ਖਾਹਿ ਮੂਰਖ ਤਿਨਾ ਕਿਆ ਕੀਜਈ ॥
ਤ੍ਰਿਸਨਾ ਹੋਈ ਬਹੁਤੁ ਕਿਵੈ ਨ ਧੀਜਈ ॥[173]

ਗੁਰੂ ਜੀ ਇਸ ਬਾਰ ਵਿਚ ਉਸ ਸਮੇਂ ਦੇ ਕਿਰਤਹੀਣ ਧਾਰਮਕ ਪਾਖੰਡੀਆਂ ਦਾ ਇਕ ਹੋਰ ਪਾਜ ਵੀ ਉਘੇੜਦੇ ਹਨ ਕਿ ਉਹ ਆਪਣੀ ਰੋਜ਼ੀ ਕਮਾਣ ਲਈ ਕਦੀਦਾਰ ਮੁਰਸ਼ਦ ਬਣ ਬਹਿੰਦੇ ਹਨ ਅਤੇ ਆਪਣੇ ਮੁਰੀਦਾਂ ਨੂੰ 'ਕੰਨੀ' ਦੇ ਕੇ ਕਾਫ਼ੀ ਧਨ ਇਕੱਠਾ ਕਰ ਲੈਂਦੇ ਹਨ। ਉਹ ਬੇ-ਸਮਝ ਲੋਕਾਂ ਨੂੰ ਨਾਲੇ ਨਾਉਂਦੇ ਹਨ ਕਿ ਉਨ੍ਹਾਂ ਤੋਂ 'ਕੰਨੀ' ਲੈਣ ਵਾਲੇ ਮੁੱਖ ਜ਼ਰੂਰ ਰੱਬੀ ਬਖਸ਼ਸ਼ ਪ੍ਰਾਪਤ ਕਰਨਗੇ। ਪਰ, ਗੁਰੂ ਨਾਨਕ ਦੇਵ ਜੀ ਇਹੋ ਜਿਹੇ ਕੰਨੀ ਦੇਣ ਵਾਲਿਆਂ ਨੂੰ 'ਬਾਵਲੇ' ਅਤੇ ਲੈਣ ਵਾਲਿਆਂ ਨੂੰ 'ਨਿਲਜ' ਸਮਝਦੇ ਹੋਏ ਫੁਰਮਾਉਂਦੇ ਹਨ ਕਿ ਇਉਂ ਕਰਨ ਨਾਲ, ਵਾਸਤਵ ਵਿੱਚ, ਆਪਣਾ ਭਾਰ ਨਾ ਉਠਾ ਸਕਣ ਵਾਲੇ 'ਬਾਵਲੇ' ਦੂਜਿਆਂ ਦੀ ਭਾਰ ਉਠਾਣ ਦੀ ਮੂਰਖਤਾ ਵਿਖਾਉਂਦੇ ਹਨ। ਆਪ ਇਹ ਵਾਸਤਵਿਕਤਾ ਇਉਂ ਪਰਗਟਾਉਂਦੇ ਹਨ:-

ਗਲਬਾ ਹੋਏ ਬਾਂਵਲੇ ਹੋਏ ਵੱਡੇ ਨਿਲਜ ॥
ਚੂਹਾ ਖਡ ਨ ਮਾਵਈ ਤਿਕਲਿ ਬੰਨੈ ਛਜ ॥[174]

---

172. ਮਲਾਰ ਦੀ ਵਾਰ ਮ: 1, ਆਦਿ ਗ੍ਰੰਥ, ਪੰਨਾ 1284.
173. -ਉਹੀ- , -ਉਹੀ- , ਪੰਨਾ 1285.
174. ਉਹੀ- , -ਉਹੀ- , ਪੰਨਾ 1286.

ਗੁਰੂ ਜੀ 'ਮਲਾਰ ਕੀ ਵਾਰ' ਵਿੱਚ, ਜੀਵਨ-ਖੇਤਰ ਉਤੋਂ ਸਭ ਓਪਰੇ ਪਰਦੇ ਹਟਾ ਕੇ ਨਿਰੋਲ ਅਸਲੀਅਤ ਵਿਖਾ ਦਿੰਦੇ ਹਨ। ਇਸ ਅਸਲੀਅਤ ਦੇ ਪਰਕਾਸ਼ ਵਿਚ ਆਪ ਸਭ ਕਿਰਤ-ਚੋਰ ਪਾਖੰਡੀ ਧਾਰਮਕ ਆਗੂਆਂ ਦਾ ਸਮੁੱਚਾ ਪਾਖੰਡ ਉਘਾੜ ਕੇ ਰੱਖ ਦਿੰਦੇ ਹਨ। ਇਸਤਰ੍ਹਾਂ, ਆਪ ਇਸ ਵਾਰ ਵਿਚ ਸਿਧ ਕਰ ਦਿੰਦੇ ਹਨ ਕਿ ਮਨੁੱਖ ਦੀ ਅਸਲ ਵਡਿਆਈ ਸਾਧਾਰਣ ਕਿਰਤਸ਼ੀਲ ਮਨੁੱਖ ਬਣਨ ਵਿੱਚ ਹੈ ਨਾ ਕਿ ਕਿਰਤ-ਚੋਰ ਪਾਖੰਡੀ ਧਾਰਮਕ ਆਗੂ ਬਣਨ ਵਿੱਚ। ਇਸ ਦੇ ਨਾਲ ਹੀ ਆਪ ਸਾਧਾਰਣ ਮਨੁੱਖਾਂ ਨੂੰ ਇਨ੍ਹਾਂ ਪਾਖੰਡੀਆਂ ਦੇ ਜਾਲ ਵਿਚ ਫੱਸਣ ਤੋਂ ਸਾਵਧਾਨ ਕਰ ਦਿੰਦੇ ਹਨ। ਪਰ ਜਿਹੜੇ ਬੇਸਮਝ ਮਨੁੱਖ ਫਿਰ ਵੀ ਇਸ ਜਾਲ ਵਿਚ ਆ ਫੱਸਦੇ ਹਨ, ਉਨ੍ਹਾਂ ਦੀ ਕਰੜੀ ਆਲੋਚਨਾ ਕਰ ਕੇ ਵਿਖਾਉਂਦੇ ਹਨ। ਇਸਤਰ੍ਹਾਂ, ਆਪ ਇਸ ਵਾਰ ਵਿਚ ਹਰੇਕ ਮਨੁੱਖ ਲਈ ਕਰਤਵ ਪਾਲਣ ਦੀ ਈਮਾਨਦਾਰੀ ਅਤੇ ਜੀਵਨ ਦੀ ਸਾਵਧਾਨੀ ਉਤੇ ਵਿਸ਼ੇਸ਼ ਜ਼ੋਰ ਦਿੰਦੇ ਹਨ।

ਗੁਰੂ ਨਾਨਕ ਦੇਵ ਜੀ ਉਨ੍ਹਾਂ ਮਨੁੱਖਾਂ ਨੂੰ, ਜਿਹੜੇ ਜੀਵਨ ਵਿੱਚ ਆਪਣਾ ਕਰਤਵ ਪੂਰੀ ਈਮਾਨਦਾਰੀ ਨਾਲ ਨਿਭਾਉਂਦੇ ਹਨ ਅਤੇ ਹਰ ਤਰ੍ਹਾਂ ਨਾਲ ਸਾਵਧਾਨ ਰਹਿੰਦੇ ਹਨ, ਗੁਰਮੁਖ ਕਹਿੰਦੇ ਹਨ ਅਤੇ ਇਸ ਦੇ ਵਿਰੁਧ ਕੁਕਰਮੀ ਅਤੇ ਪਾਖੰਡੀ ਜੀਵਨ ਗੁਜ਼ਾਰਨ ਵਾਲਿਆਂ ਨੂੰ 'ਮਨਮੁਖ' ਕਹਿੰਦੇ ਹਨ। ਆਪ ਇਸ ਵਾਰ ਵਿਚ ਗੁਰਮੁਖਾਂ ਅਤੇ ਮਨਮੁਖਾਂ ਦਾ ਯੁੱਧ ਹੁੰਦਾ ਵਿਖਾਉਂਦੇ ਹਨ ਅਤੇ ਅੰਤ ਵਿਚ ਅਕਾਲ ਪੁਰਖ ਦੀ ਸਹਾਇਤਾ ਦੁਆਰਾ, ਗੁਰਮੁਖਾਂ ਦੀ ਜਿੱਤ ਹੁੰਦੀ ਵਿਖਾਉਂਦੇ ਹਨ। ਆਪ ਇਸ ਅਲੌਕਿਕ ਯੁੱਧ ਦਾ ਚਿਤ੍ਰ- ਵਰਣਨ ਇਉਂ ਕਰਦੇ ਹਨ:-

ਆਪੇ ਛਿੰਝ ਪਵਾਇ ਮਲਾਖਾੜਾ ਰਚਿਆ।।
ਲਥੇ ਭੜਥੂ ਪਾਇ ਗੁਰਮੁਖਿ ਮਚਿਆ।।
ਮਨਮੁਖ ਮਾਰੇ ਪਛਾੜਿ ਮੂਰਖ ਕਚਿਆ।।
ਆਪਿ ਭਿੜੈ ਮਾਰੇ ਆਪਿ ਆਪਿ ਕਾਰਜੁ ਰਚਿਆ।।[175]

ਗੁਰਮੁਖਾਂ ਅਤੇ ਮਨਮੁਖਾਂ ਦੇ ਇਸ ਯੁੱਧ ਬਾਰੇ 'ਸ਼ਬਦਾਰਥ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ' ਵਿੱਚ ਇਉਂ ਲਿਖਿਆ ਹੈ:-

"(ਮਲਾਰ ਕੀ ਵਾਰ ਵਿੱਚ) ਸੰਸਾਰ ਨੂੰ ਇਕ ਅਖਾੜਾ ਦੱਸਿਆ ਹੈ, ਜਿਸ ਵਿੱਚ ਗੁਰੂ ਦਾ ਮੱਲ ਗੁਰਮੁਖ ਕੁਰਹਿਤੀਆਂ ਤੇ ਪਸ਼ੂ ਗੁਣਾਂ ਨਾਲ ਲੈਸ ਤੇ ਸੁਸੱਜਤ ਮਨਮੁਖ ਨੂੰ ਪਛਾੜ ਰਿਹਾ ਹੈ ਅਤੇ ਗੁਰੂ ਆਪਣੇ ਲਲਕਾਰ

175. ਮਲਾਰ ਕੀ ਵਾਰ ਮ:1, ਆਦਿ ਗ੍ਰੰਥ, ਪੰਨਾ 1280.

ਜੋਧਿਆਂ ਦੀ ਕੰਡ ਥਾਪੜ ਕੇ ਇਸ ਸੰਸਾਰ ਦੇ ਰਣ-ਅਖਾੜੇ ਵਿੱਚ ਉਨ੍ਹਾਂ ਦੀ ਆਤਮਕ ਜਿੱਤ ਨੂੰ ਯਕੀਨੀ ਬਣਾ ਦਿੰਦਾ ਹੈ।।[176]

ਇਉਂ, ਇਸ ਵਾਰ ਵਿਚ ਗੁਰੂ ਨਾਨਕ ਦੇਵ ਜੀ ਨੇ ਜਿਥੇ ਕਿਰਤਹੀਣ ਪਾਖੰਡੀਆਂ ਦਾ ਬਲਵਾਨ ਖੰਡਣ ਕੀਤਾ ਹੈ, ਉਥੇ ਉਨ੍ਹਾਂ ਨੂੰ ਮਨਮੁਖ ਦਰਸਾ ਕੇ ਕਿਰਤ ਕਰਨ ਵਾਲੇ ਨਾਮ-ਰਸੀਏ ਗੁਰਮੁਖਾਂ ਤੋਂ ਜੀਵਨ-ਅਖਾੜੇ ਵਿਚ ਉਨ੍ਹਾਂ ਦੀ ਪੂਰੀ ਹਾਰ ਹੁੰਦੀ ਵਿਖਾਈ ਹੈ। ਕਿਰਤੀ ਗੁਰਮੁਖਾਂ ਦੀ ਕਿਰਤ-ਹੀਣ ਪਾਖੰਡੀਆਂ ਉਤੇ ਪ੍ਰਗਟ ਜਿੱਤ ਵਿਖਾ ਕੇ ਗੁਰੂ ਨਾਨਕ ਦੇਵ ਜੀ ਨੇ ਇਸ ਵਾਰ ਵਿਚ ਕਿਰਤੀ ਜੀਵਨ ਦੀ ਪਾਖੰਡੀ ਜੀਵਨ ਉਤੇ ਆਤਮਕ ਅਤੇ ਸਦੀਵੀ ਜਿੱਤ ਸਿੱਧ ਕਰ ਕੇ ਵਿਖਾ ਦਿੱਤੀ ਹੈ।

## (ਖ) ਛੋਟੇ ਆਕਾਰ ਵਾਲੇ ਸ਼ਬਦਾਂ ਵਿੱਚ ਕਿਰਤ-ਸੰਕਲਪ

ਗੁਰੂ ਨਾਨਕ ਦੇਵ ਜੀ ਦੀ ਰਚਿਤ ਦੇ ਲੰਮੇ ਆਕਾਰ ਵਾਲੀਆਂ ਬਾਣੀਆਂ ਅਤੇ ਤਿੰਨ ਵਾਰਾਂ ਤੋਂ ਉਪਰੰਤ ਛੋਟੇ ਆਕਾਰ ਵਾਲੇ ਸ਼ਬਦਾਂ ਵਿੱਚ ਵੀ ਕਿਰਤ-ਸੰਕਲਪ ਦਾ ਅਧਿਐਨ ਕਰਨਾ ਬੜਾ ਆਵੱਸ਼ਕ ਹੈ। ਇਸ ਲਈ ਬਾਣੀ ਦੇ ਛੋਟੇ ਆਕਾਰ ਵਾਲੇ ਸ਼ਬਦਾਂ ਵਿੱਚ ਕਿਰਤ-ਸੰਕਲਪ ਦਾ ਅਧਿਐਨ ਨਿਮਨ-ਲਿਖਤ ਪ੍ਰਕਰਣਾਂ ਅਨੁਸਾਰ ਕੀਤਾ ਜਾਂਦਾ ਹੈ।

### ਕਿਰਤ ਅਤੇ ਸਿਮਰਨ ਦਾ ਸੁਮੇਲ

ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਕਿਰਤ ਅਤੇ ਨਾਮ ਸਿਮਰਨ ਦੇ ਸੁਮੇਲ ਉਤੇ ਅਧਿਕ ਬਲ ਦਿੱਤਾ ਹੈ। ਆਪਜੀ ਅਨੁਸਾਰ, ਇਹ ਦੋਵੇਂ ਕਾਰਜਸ਼ੀਲਤਾਵਾਂ ਇਕ ਦੂਜੀ ਦੀ ਪਰਪੱਕਤਾ ਲਈ ਗੁਣਕਾਰੀ ਹਨ। ਜਿਥੇ ਕਿਰਤ ਕਰਨ ਦੀ ਆਦਤ ਸਿਮਰਨ ਲਈ ਤਿਆਰੀ ਦਾ ਕੰਮ ਕਰਦੀ ਹੈ, ਉਥੇ ਸਿਮਰਨ-ਸ਼ਕਤੀ ਕਿਰਤ ਵਿੱਚ ਉੱਚ-ਨੈਤਿਕਤਾ ਦਾ ਅੰਸ਼ ਭਰਪੂਰ ਕਰਦੀ ਹੈ।

ਗੁਰੂ ਨਾਨਕ ਦੇਵ ਜੀ ਨੇ ਇਹ ਵਿਚਾਰ ਪਰਗਟਾਇਆ ਹੈ ਕਿ ਮਨੁੱਖ ਆਪਣੇ ਜੀਵਨ ਵਿਚ ਜਿਹੋ ਜਿਹਾ ਕੰਮ ਕਰਦਾ ਹੈ ਉਹ ਓਹੋ ਜਿਹੀ ਲਿਵ ਨਾਮ ਦੀ ਸ਼ਕਤੀ ਧਾਰ ਲੈਂਦਾ ਹੈ। ਇਸ ਵਿਚਾਰ ਅਨੁਸਾਰ, ਹਰੇਕ ਸਿਮਰਨ-ਅਭਿਲਾਖੀ ਮਨੁੱਖ ਨਾਮ-ਅਭਿਆਸ ਵਿਚ ਜੁੜਨ ਲਈ ਕਿਰਤ ਕਰਨ ਦੇ ਪੜਾਅ ਵਿਚੋਂ ਲੰਘਣ ਦਾ ਅਵੱਸ਼ ਜਤਨ

176. 'ਸ਼ਬਦਾਰਥ ਬਾਣੀ-ਗੁਰੂ ਨਾਨਕ ਦੇਵ ਜੀ, ਪੰਨਾ 27-28.

ਕਰਦਾ ਹੈ। ਉਹ ਜਾਣਦਾ ਹੈ ਕਿ ਮਨ ਦਾ ਟਿਕਾਉ ਤਦ ਹੀ ਸੰਭਵ ਹੋ ਸਕਦਾ ਹੈ ਜਦ ਸਰੀਰਕ ਅੰਗ ਕੋਈ ਸਕ ਕੰਮ ਕਰਨ ਵਿੱਚ ਲੱਗੇ ਹੋਏ ਹੋਣ। ਇਸ ਸੰਬੰਧੀ ਗੁਰੂ ਨਾਨਕ ਦੇਵ ਜੀ ਨੇ ਇਹ ਨਿਰਣਾ ਕੀਤਾ ਹੈ :-

ਜੈਸਾ ਕਰਮੁ ਤੈਸੀ ਲਿਵ ਲਾਵੈ।।[177]

ਇਸ ਤਰ੍ਹਾਂ, ਗੁਰੂ ਨਾਨਕ ਦੇਵ ਜੀ ਸਿੱਧ ਕਰਦੇ ਹਨ ਕਿ ਕਿਰਤੀ ਮਨੁੱਖ ਆਪਣੇ ਮਨ ਨੂੰ ਕਿਸੇ ਸਕਾਰਥਕ ਕੰਮ ਵਿਚ ਲਗਾ ਕੇ ਨਾਮ-ਸਿਮਰਨ ਲਈ ਲੋੜੀਂਦਾ ਟਿਕਾਉ ਪ੍ਰਾਪਤ ਕਰਦਾ ਹੈ ਅਤੇ ਆਪਣੇ ਮਨ ਨੂੰ ਵੱਧ ਤੋ ਵੱਧ ਸਮੇਂ ਲਈ ਨਾਮ-ਸਿਮਰਨ ਵਿੱਚ ਜੋੜੀ ਰੱਖਦਾ ਹੈ। ਇਸ ਤਰ੍ਹਾਂ ਕਿਰਤ ਕਰਨ ਦਾ ਕਰਤਵ ਨਾਮ-ਸਿਮਰਨ ਦਾ ਭਾਗ ਬਣ ਜਾਂਦਾ ਹੈ ਅਤੇ ਉਸ ਦਾ ਪੂਰਕ ਹੋ ਨਿਬੜਦਾ ਹੈ।

ਗੁਰੂ ਜੀ ਨੇ ਕਿਰਤ ਅਤੇ ਨਾਮ-ਸਿਮਰਨ ਦੇ ਸੰਗਮ ਨੂੰ ਮਹਾਨ ਪਵਿੱਤਰ ਸੁਮੇਲ ਮੰਨਿਆ ਹੈ। ਆਪ ਇਸ ਸੁਮੇਲ ਨੂੰ ਉੱਤਮ ਪੂਜਾ ਮੰਨਦੇ ਹਨ ਅਤੇ ਇਸ ਪੂਜਾ ਦੇ ਕਾਰਜ ਵਿੱਚ ਕਿਰਤ ਨੂੰ 'ਕੁੰਗੂ' ਜਾਂ ਕੇਸਰ ਦੀ ਉੱਚੀ ਪਦਵੀ ਪ੍ਰਦਾਨ ਕਰਦੇ ਹੋਏ ਫੁਰਮਾਉਦੇ ਹਨ:-

ਤੇਰਾ ਨਾਮੁ ਕਰੀ ਚਨਣਾਠੀਆ ਜੇ ਮਨੁ ਉਰਸਾ ਹੋਇ।।
ਕਰਣੀ ਕੁੰਗੂ ਜੇ ਰਲੈ ਘਟ ਅੰਤਰਿ ਪੂਜਾ ਹੋਇ।।[178]

ਗੁਰੂ ਨਾਨਕ ਦੇਵ ਜੀ ਦੇ ਵਿਚਾਰ ਅਨੁਸਾਰ, ਸਿਮਰਨ ਦਾ ਪ੍ਰਯੋਜਨ ਮਨੁੱਖੀ ਜੀਵਨ-ਕਿਆਰੇ ਨੂੰ ਨਾਮ-ਅੰਮ੍ਰਿਤ ਨਾਲ ਸਿੰਜਣਾ ਹੈ। ਇਸ ਸਿੰਜਾਈ ਦੀ ਵਿਆਖਿਆ ਕਰਦਿਆਂ ਆਪ ਹੱਥ ਨਾਲ ਕੰਮ ਕਰਨ ਨੂੰ 'ਹਰਿਹਟ' ਜਾਂ ਹਲਟ ਦੇ ਸਮਾਨ ਸਮਝਦੇ ਹਨ। ਇਸ ਚਿੰਨ੍ਹਾਤਮਕ ਦ੍ਰਿਸ਼ਟਾਂਤ ਰਾਹੀਂ ਆਪ ਫੁਰਮਾਉਦੇ ਹਨ ਕਿ ਨਾਮ-ਅੰਮ੍ਰਿਤ ਦੀਆਂ ਭਰੀਆਂ ਹੋਈਆਂ ਟਿੰਡਾਂ ਕਿਰਤ ਦੇ 'ਹਰਿਹਟ' ਉਤੇ ਭੌਂਦੀਆਂ ਹੋਈਆਂ ਉਪਰ ਆਉਂਦੀਆਂ ਅਤੇ ਮਨੁੱਖ ਦੇ ਜੀਵਨ ਰੂਪੀ ਕਿਆਰੇ ਨੂੰ ਸਿੰਜਦੀਆਂ ਰਹਿੰਦੀਆਂ ਹਨ। ਆਪ ਮਨੁੱਖੀ ਜੀਵਨ ਕਿਆਰੇ ਦੇ ਇਸ ਸਿੰਜਾਈ ਵਾਲੇ ਕਾਰਜ ਦਾ ਸੰਪੂਰਣ ਉਲੇਖ ਇਉਂ ਕਰਦੇ ਹਨ:-

ਕਰਿ ਹਰਿਹਟ ਮਾਲ ਟਿੰਡ ਪਰੋਵਹੁ, ਤਿਸੁ ਭੀਤਰਿ ਮਨੁ ਜੋਵਹੁ।।
ਅੰਮ੍ਰਿਤੁ ਸਿੰਚਹੁ, ਭਰਹੁ ਕਿਆਰੇ ਤਉ ਮਾਲੀ ਕੇ ਹੋਵਹੁ।।[179]

---

177. ਪ੍ਰਭਾਤੀ ਮ: 1, ਆਦਿ ਗ੍ਰੰਥ, ਪੰਨਾ 1342.
178. ਰਾਗ ਗੂਜਰੀ ਮ: 1, ਆਦਿ ਗ੍ਰੰਥ, ਪੰਨਾ 489.
179. ਬਸੰਤ ਹਿੰਡੋਲ ਮ: 1, ਆਦਿ ਗ੍ਰੰਥ, ਪੰਨਾ 1171.

ਗੁਰੂ ਨਾਨਕ ਦੇਵ ਜੀ ਦੀ ਬਾਣੀ ਅਨੁਸਾਰ ਕਿਰਤ ਅਤੇ ਸਿਮਰਨ ਦਾ ਸੁਮੇਲ ਇਕ ਦੂਜੇ ਨੂੰ ਸ਼ਕਤੀ ਪ੍ਰਦਾਨ ਕਰਨ ਦਾ ਅਨੁਵਾਰੀ ਸੁਮੇਲ ਹੈ। ਡਾ:ਭਾਈ ਵੀਰ ਸਿੰਘ ਨੇ ਗੁਰੂ ਨਾਨਕ ਦੇਵ ਜੀ ਬਾਣੀ ਦੇ ਆਧਾਰ ਉਤੇ ਇਸ ਅਨੁਵਾਰੀ ਸੁਮੇਲ ਬਾਰੇ ਇਹ ਵਿਚਾਰ ਪਰਗਟਾਇਆ ਹੈ:-

> "ਧਰਮ ਦੀ ਕਿਰਤ ਸਾਈ ਨਾਮ ਬਿਨਾਂ ਸੁਥਾਕਣ ਨਹੀਂ ਹੁੰਦੀ। ਧਰਮ ਕਿਰਤ ਕਰਨ ਵਾਲੇ ਸੁਖੀ ਤਾਂ ਹੋ ਜਾਂਦੇ ਹਨ ਪਰ ਕੁਸੰਗਾ ਕਰ ਕੇ ਤਾਮਸੀ ਬਿਰਤਿ ਵਿੱਚ ਚਲੇ ਜਾਂਦੇ ਹਨ। ਜੇ ਨਾਲ ਨਾਮ ਦੀ ਟੇਕ ਹੋਵੇ, ਨਾਮ ਦਾ ਰਾਣਟਾ ਹੋਵੇ, ਨਾਮ ਦੀ ਰੰਗ ਹੋਵੇ, ਤਾਂ ਉਹੋ ਸਾਧੂ, ਉਹੋ ਸੰਤ, ਉਹੋ ਫਕੀਰ, ਉਹੋ ਮਹਾਤਮਾ ਹਨ।[180]

ਗੁਰੂ ਨਾਨਕ ਦੇਵ ਜੀ ਨੇ ਕਿਰਤ ਦੇ ਨਾਲ ਨਾਮ ਸਿਮਰਨ ਦਾ ਸੁਮੇਲ ਕਰ ਕੇ ਇਸ ਵਿੱਚ ਕੋਈ ਹੋਰ ਰਲਾ ਪਾਣ ਦੀ ਆਗਿਆ ਨਹੀਂ ਦਿੱਤੀ। ਇਸ ਲਈ ਆਪ ਸਭ ਪ੍ਰਕਾਰ ਦੇ ਸੁਖਮ ਸੰਜਮ ਦੇ ਸਾਧਨਾਂ ਅਤੇ ਰਸਮਾਂ ਕਰਮਾਂ ਨੂੰ ਮਨੁੱਖੀ ਜੀਵਨ ਲਈ ਵਿਅਰਥ ਸਮਝਦੇ ਹਨ। ਆਪ ਇਨ੍ਹਾਂ ਵਿਅਰਥ ਸਾਧਨਾਂ ਦੇ ਥਾਂ ਕਿਰਤ ਕਰਨ, ਸੁਰਤ ਟਿਕਾਣ ਅਤੇ ਪ੍ਰੇਮਾ ਭਗਤੀ ਦੇ ਅਮੋਲਕ ਸਾਧਨਾਂ ਦੀ ਵਰਤੋਂ ਕਰਨਾ ਇਉਂ ਸਿਖਾਉਂਦੇ ਹਨ:-

> ਸੁਕ੍ਰਿਤ ਧੋਤੀ, ਸੁਰਤਿ ਚਉਕਾ, ਤਿਲਕੁ ਕਰਣੀ ਹੋਇ॥
> ਭਾਉ ਭੋਜਨੁ ਨਾਨਕਾ ਵਿਰਲਾ ਤ ਕੋਈ ਕੋਇ॥[181]

ਇਸ ਮਹਾਵਾਕ ਵਿੱਚ ਗੁਰੂ ਜੀ ਨਾਮ-ਸਿਮਰਨ ਦੇ ਪਵਿੱਤਰ ਕਾਰਜ ਵਿਚ 'ਕਰਣੀ' ਜਾਂ ਸ਼ੁਭ ਕਿਰਤ ਨੂੰ 'ਤਿਲਕ' ਦਾ ਮਹਾਨ ਉਚਾ ਸਥਾਨ ਪ੍ਰਦਾਨ ਕਰਦੇ ਹਨ, ਕਿਉਂਜੁ ਇਹ ਮਨ ਨੂੰ ਸਿਮਰਨ ਵਿਚ ਟਿਕਾਈ ਰੱਖਦਾ ਹੈ। ਇਉਂ ਮਨ ਨੂੰ ਟਿਕਾਉ-ਅਵਸਥਾ ਵਿਚ ਰੱਖ ਕੇ ਕਿਰਤ ਕਰਨ ਦਾ ਗੁਣ ਮਨੁੱਖ ਦੇ ਮੱਥੇ ਉਤੇ ਤਿਲਕ ਦਾ ਰੂਪ ਧਾਰ ਲੈਂਦਾ ਹੈ।

## ਕਿਰਤੀਆਂ ਬਾਰੇ ਪ੍ਰਸੰਸਕ ਸੰਕੇਤ

ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿੱਚ ਕਿਰਤੀਆਂ ਦੀ ਭਰਪੂਰ ਪਰਸੰਸਾ ਕੀਤੀ ਹੈ ਅਤੇ ਉਨ੍ਹਾਂ ਦੀ ਦੈਨਿਕ ਕਿਰਤ ਬਾਰੇ ਅਨੇਕ ਪਰਸੰਸਕ ਸੰਕੇਤ ਪ੍ਰਸਤੁਤ ਕੀਤੇ ਹਨ।

180. ਸ੍ਰੀ ਗੁਰੂ ਨਾਨਕ ਚਮਤਕਾਰ, ਪੂਰਬਾਰਧ, ਪੰਨਾ 143.
181. ਵਾਰ ਸਾਰੰਗ, ਸਲੋਕ ਮ: 1, ਆਦਿ ਗ੍ਰੰਥ, ਪੰਨਾ 1245.

ਨਿਰਸੰਦੇਹ ਆਪਜੀ ਨੇ ਹਰ ਪ੍ਰਕਾਰ ਦੇ ਕਿਰਤੀ ਨੂੰ ਇਕੋ ਜਿਹਾ ਸਨਮਾਨਿਆ ਹੈ ਅਤੇ ਆਪਣੀ ਬਾਣੀ ਵਿੱਚ ਉਸ ਵੱਲ ਸੰਕੇਤ ਕਰਦਿਆਂ ਇਕੋ ਜਿਹਾ ਆਦਰ ਪਰਗਟਾਇਆ ਹੈ। ਪਰ, ਇਹ ਵੀ ਇਕ ਨਿਰੋਲ ਸੱਚਿਆਈ ਹੈ ਕਿ ਆਪ ਆਪਣੇ ਹਿਰਦੇ ਵਿੱਚ ਕਿਸਾਨ ਲਈ ਖਾਸ ਨਿੱਘਾ ਪਿਆਰ ਰੱਖਦੇ ਸਨ। ਆਪ ਨੇ ਆਪਣੇ ਜੀਵਨ ਪੰਧ ਦੇ ਅੰਤਲੇ ਭਾਗ ਨੂੰ ਕਿਸਾਨੀ ਕਿੱਤੇ ਨਾਲ ਜੋੜ ਕੇ ਇਸ ਪਿਆਰ ਦਾ ਪ੍ਰਤੱਖ ਪ੍ਰਮਾਣ ਦਿੱਤਾ ਹੈ। ਆਪ ਆਪਣੀ ਬਾਣੀ ਵਿਚ ਇਸ ਪਿਆਰ ਦਾ ਪਰਗਟਾਵਾ ਕਰਦੇ ਹੋਏ ਹਰੇਕ ਮਨੁੱਖ ਨੂੰ ਆਪਣੇ ਮਨ ਅੰਦਰੋਂ 'ਕਿਰਸਾਣ' ਬਣਨ ਦਾ ਇਹ ਉਪਦੇਸ਼ ਦਿੰਦੇ ਸਨ:-

ਇਹੁ ਤਨੁ ਧਰਤੀ ਬੀਜੁ ਕਰਮਾ ਕਰੋ ਸਲਿਲ ਆਪਾਉ ਸਾਰਿੰਗ ਪਾਣੀ॥
ਮਨੁ ਕਿਰਸਾਣੁ ਹਰਿ ਰਿਦੈ ਜੰਮਾਇ ਲੈ ਇਉ ਪਾਵਸਿ ਪਦੁ ਨਿਰਬਾਣੀ॥[182]

ਗੁਰੂ ਜੀ ਕਿਸਾਨ ਵੱਲੋਂ ਵਰਤੇ ਜਾਣ ਵਾਲੇ ਸਾਧਾਰਣ ਸੰਦਾਂ, ਜਿਵੇਂ ਹਲ[183], 'ਸੁਹਾਗਾ'[184] ਆਦਿ ਵੱਲ ਭਰਪੂਰ ਸੰਕੇਤ ਕਰਦੇ ਸਨ ਅਤੇ ਹਰੇਕ ਮਨੁੱਖ ਨੂੰ ਇਨ੍ਹਾਂ ਸੰਦਾਂ ਦੀ ਉਚਿਤ ਵਰਤੋਂ ਤੋਂ ਸਿੱਖਿਆ ਲੈ ਕੇ ਮਾਨਵ ਜੀਵਨ ਵਿੱਚ ਪ੍ਰਾਪਤ ਹੋਏ ਸਾਧਨਾਂ ਦੀ ਉਪਯੋਗੀ ਵਰਤੋਂ ਕਰਨ ਦਾ ਉਪਦੇਸ਼ ਦਿੰਦੇ ਸਨ। ਇਸ ਸਬੰਧੀ, ਆਪ ਕਿਸਾਨ ਦੇ ਇਕ ਸਾਧਾਰਣ ਸੰਦ 'ਬਸੋਲੇ' ਜਾਂ ਰੰਬੀ ਦੇ ਚਿੰਨ੍ਹਾਤਮਕ ਸੰਕੇਤ ਰਾਹੀਂ ਮਨੁੱਖ ਨੂੰ ਸਮਝਾਉਂਦੇ ਸਨ ਕਿ ਉਹ ਆਪਣੇ ਅੰਦਰ ਵਸਦੇ ਹੋਏ ਕਾਮ ਕ੍ਰੋਧ ਨੂੰ 'ਬਸੋਲੇ' ਬਣਾ ਕੇ ਸਰੀਰ ਰੂਪੀ ਧਰਤੀ ਵਿਚੋਂ ਵਿਕਾਰਾਂ ਦੇ ਵਾਧੂ ਘਾਹ ਤੀਲਿਆਂ ਨੂੰ ਗੋਡ ਕੇ ਬਾਹਰ ਸੁੱਟ ਦੇਣ ਦੀ ਸਿਆਣਪ ਵਿਖਾਏ:-

ਕਾਮੁ ਕ੍ਰੋਧੁ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ॥
ਜਿਉ ਗੋਡਹੁ ਤਿਉ ਤੁਮ ਸੁਖ ਪਾਵਹੁ ਕਿਰਤੁ ਨ ਮੇਟਿਆ ਜਾਈ॥[185]

ਗੁਰੂ ਨਾਨਕ ਦੇਵ ਜੀ ਕਿਸਾਨ ਤੋਂ ਉਪਰੰਤ ਹੋਰ ਵੀ ਹਰ ਪ੍ਰਕਾਰ ਦੇ ਕਿਰਤੀ ਵਿੱਚ ਬਹੁਮੁੱਲੇ ਗੁਣ ਪਛਾਣਦੇ ਸਨ। ਆਪ ਹਰੇਕ ਕਿਰਤੀ ਦੇ ਇਸ ਗੁਣ ਦਾ ਖ਼ਾਸ ਸਤਿਕਾਰ ਕਰਦੇ ਸਨ ਕਿ ਉਹ ਅਤਿਅੰਤ ਸਬਰ, ਸਿਦਕ ਅਤੇ ਧੀਰਜ ਨਾਲ ਆਪਣਾ ਕੰਮ ਕਰਦਾ ਰਹਿੰਦਾ ਹੈ।

---

182. ਸਿਰੀ ਰਾਗੁ ਮ:1, ਆਦਿ ਗ੍ਰੰਥ, ਪੰਨਾ 23.
183. 'ਹਲੁ ਕਮੀਂ ਹਾਲੀ ਚਿਤ ਖੇਤੁ ਵਤੁ ਵਖਰ ਸੰਗਿ'- ਸਲੋਕ ਮ:1, ਵਾਰ ਰਾਮਕਲੀ, ਆਦਿ ਗ੍ਰੰਥ, ਪੰਨਾ 955.
184. 'ਨਾਮੁ ਬੀਜੁ ਸੰਤੋਖੁ ਸੁਹਾਗਾ' ਰਖੁ ਗਰੀਬੀ ਵੇਸੁ- ਸੋਰਠ ਮ:1, ਆਦਿ ਗ੍ਰੰਥ, ਪੰਨਾ 595.
185. ਬਸੰਤ ਹਿੰਡੋਲ ਮ:1, ਆਦਿ ਗ੍ਰੰਥ, ਪੰਨਾ 1171.

ਆਪ ਹਰੇਕ ਕਿਰਤੀ ਵੱਲੋਂ ਵਿਖਾਏ ਗਏ ਇਸ ਗੁਣ ਦੀ ਬੜੀ ਪਰਸੰਸਾ ਕਰਦੇ ਹੋਏ ਇਹ ਸਿੱਧ ਕਰਦੇ ਹਨ ਕਿ ਇਕ ਸਾਧਾਰਣ ਕੰਮ ਕਰਨ ਵਾਲਾ ਕਿਰਤੀ ਵੀ ਆਪਣੇ ਕੰਮ ਦੀ ਹਰੇਕ ਕਾਰਜਸ਼ੀਲਤਾ ਨੂੰ ਵਾਰ ਵਾਰ ਦੁਹਰਾਣ ਰਾਹੀਂ ਸਬਰ ਸਿਦਕ ਅਤੇ ਧੀਰਜ ਵਿਖਾਣ ਵਿਚ ਕਮਾਲ ਕਰ ਦਿੰਦਾ ਹੈ। ਗੁਰੂ ਜੀ ਇਕ ਸਾਧਾਰਣ ਪੈਂਜੇ, ਜੁਲਾਹੇ ਅਤੇ ਧੋਬੀ ਦੀ ਨਿਤਾਪ੍ਰਤੀ ਕਿਰਤ ਵਿਚ ਇਸ ਗੁਣ ਨੂੰ ਇਉਂ ਪਰਗਟਾਉਂਦੇ ਹਨ:-

ਵੇਲਿ ਪਿੰਞਾਇਆ ਕਤਿ ਵੁਣਾਇਆ॥
ਕਟਿ ਕੁਟਿ ਕਰਿ ਖੁੰਬਿ ਚੜਾਇਆ॥[186]

ਇਸੇ ਤਰ੍ਹਾਂ, ਆਪ ਇਕ ਸਾਧਾਰਣ ਦਰਜ਼ੀ ਦੇ ਕੰਮ ਵਿਚ ਸਬਰ ਭਰੇ ਕਾਰਜ-ਦੁਹਰਾਉ ਦਾ ਗੁਣ ਵੇਖ ਕੇ ਹਰ ਮਨੁੱਖ ਨੂੰ ਇਹੋ ਜਿਹਾ ਗੁਣ ਧਾਰਣ ਦਾ ਉਪਦੇਸ਼ ਇਉਂ ਦਿੰਦੇ ਹਨ:-

ਲੋਹਾ ਵਢੇ ਦਰਜੀ ਪਾੜੇ ਸੂਈ ਧਾਗਾ ਸੀਵੈ॥[187]

ਇਵੇਂ ਹੀ, ਆਪ ਇਕ ਸਾਧਾਰਣ ਲੋਹਾਰ ਦੀ ਦੈਨਿਕ ਕਿਰਤ ਵਿਚ ਲੋਹੇ ਨੂੰ ਭੱਠੀ ਵਿਚ ਪਾ ਕੇ ਚੰਗੀ ਤਰ੍ਹਾਂ ਪਿਘਲਾ ਕੇ ਨਵੇਂ ਸਿਰਿਓਂ ਘੜਨ ਦੀ ਸਬਰ ਭਰਪੂਰ ਕਾਰਜਸ਼ੀਲਤਾ ਦਾ ਗੁਣ ਇਉਂ ਪਰਗਟਾਉਂਦੇ ਹਨ:-

ਜਿਉ ਆਰਣਿ ਲੋਹਾ ਪਾਇ ਭੰਨਿ ਘੜਾਈਐ॥[188]

ਇਸੇ ਤਰ੍ਹਾਂ, ਆਪ ਆਪਣੀ ਬਾਣੀ ਵਿਚ ਕਈ ਹੋਰ ਸਾਧਾਰਣ ਕਿੱਤੇ ਅਪਣਾਣ ਵਾਲੇ ਕਿਰਤੀਆਂ ਜਿਵੇਂ ਝੀਵਰ,[189] ਮਨਿਆਰ,[190] ਵਣਜਾਰਾ,[191], ਆਦਿ ਵੱਲ ਸੰਕੇਤ ਕਰਦੇ ਹਨ ਅਤੇ ਹਰੇਕ ਮਨੁੱਖ ਨੂੰ ਉਨ੍ਹਾਂ ਵਾਲੇ ਗੁਣ ਧਾਰਦਿਆਂ ਕਿਰਤੀ ਜੀਵਨ ਨੂੰ ਸੁਚਾਰੂ ਰੱਖਣ ਦੀ ਪ੍ਰੇਰਣਾ ਪ੍ਰਦਾਨ ਕਰਦੇ ਹਨ।

ਕਿਰਤਹੀਣ ਮਨੁੱਖਾਂ ਦੀ ਆਲੋਚਨਾ

ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਜਿਥੇ ਕਿਰਤੀ ਮਨੁੱਖਾਂ ਦੀ

---

186. ਵਾਰ ਰਾਮਕਲੀ, ਸਲੋਕ ਮ: 1, ਆਦਿ ਗ੍ਰੰਥ, ਪੰਨਾ 955.
187. -ਉਹੀ- , -ਉਹੀ- , ਪੰਨਾ -ਉਹੀ-.
188. ਰਾਗ ਸੂਹੀ ਮ: 1, ਆਦਿ ਗ੍ਰੰਥ, ਪੰਨਾ 752.
189. ਨਾਨਕ ਇਹੁ ਜੀਉ ਮਛੁਲੀ ਝੀਵਰੁ ਤ੍ਰਿਸਨਾ ਕਾਲੁ-ਵਾਰ ਰਾਮਕਲੀ, ਸਲੋਕ ਮ: 1, ਆਦਿ ਗ੍ਰੰਥ, ਪੰਨਾ 955.
190. 'ਨਾ ਮਨਿਆਰੁ ਨ ਚੂੜੀਆ ਨਾ ਸੇ ਵੰਗੁੜੀਆਹਾ', ਵਡ ਹੰਸ ਮ: 1। ਆਦਿ ਗ੍ਰੰਥ, ਪੰਨਾ 558.
191. 'ਵਣਜਾਰਿਆ ਸਿਉ ਵਣਜੁ ਕਰਿ ਲੈ ਲਾਹਾ ਮਨ ਹਸੁ'-ਸੋਰਠ ਮ: 1, -ਉਹੀ- ਪੰਨਾ 595.

ਭਰਪੂਰ ਪ੍ਰਸ਼ੰਸਾ ਕੀਤੀ ਹੈ, ਉਥੇ ਕਿਰਤਚੋਰ ਮਨੁੱਖਾਂ ਦੀ ਕਰੜੀ ਆਲੋਚਨਾ ਵੀ ਕੀਤੀ ਹੈ। ਆਪ ਇਕ ਕਿਰਤਚੋਰ ਮਨੁੱਖ ਨੂੰ ਸਮਾਜ ਦਾ ਅਣਉਪਯੋਗੀ ਅੰਗ ਅਤੇ ਇਸ ਉਤੇ ਇਕ ਬੋਝ ਸਮਝਦੇ ਹਨ। ਇਸ ਲਈ, ਆਪ ਉਸਨੂੰ ਕਿਰਤੀ ਬਣਾ ਕੇ ਸਮਾਜ ਦਾ ਉਪਯੋਗੀ ਅੰਗ ਬਣਾਉਣਾ ਲੋਚਦੇ ਹਨ। ਆਪ ਸਮਝਦੇ ਹਨ ਕਿ ਇਹੋ ਜਿਹਾ ਮਨੁੱਖ ਜਿੰਨਾਂ ਚਿਰ ਕਿਰਤਚੋਰ ਬਣਿਆ ਰਹਿੰਦਾ ਹੈ, ਉਨਾਂ ਚਿਰ ਉਹ ਆਪਣੇ ਸੰਪਰਕ ਵਿਚ ਆਣ ਵਾਲੇ ਸਭ ਮਨੁੱਖਾਂ ਉਤੇ ਆਲਸ ਉਪਜਾਊ ਪ੍ਰਭਾਵ ਪਾਉਂਦਾ ਰਹਿੰਦਾ ਹੈ। ਇਸ ਲਈ ਆਪ ਉਸ ਦੀਆਂ ਆਲਸ-ਭਰੀਆਂ ਅਤੇ ਉਦਮਚੋਰ ਆਦਤਾਂ ਦਾ ਬਲਵਾਨ ਖੰਡਣ ਕਰਦੇ ਹਨ। ਆਪ ਦਰਸਾਉਂਦੇ ਹਨ ਕਿ ਇਹੋ ਜਿਹਾ ਕਿਰਤਚੋਰ ਆਲਸੀ ਮਨੁੱਖ ਭਾਵੇਂ ਹੋਰਨਾਂ ਤੋਂ ਮੰਗ ਕੇ ਖਾਂਦਾ ਹੈ, ਪਰ ਫਿਰ ਵੀ ਆਪਣੇ ਆਪ ਨੂੰ ਬੜਾ ਸਿਆਣਾ ਸਮਝ ਕੇ ਲੋਕਾਂ ਨੂੰ ਉਪਦੇਸ਼ ਦੇਣ ਦਾ ਜਤਨ ਕਰਦਾ ਹੈ। ਪਰ, ਵਾਸਤਵ ਵਿਚ ਉਹ ਉਨ੍ਹਾਂ ਨੂੰ ਠੀਕ ਉਪਦੇਸ਼ ਦੇਣ ਦੇ ਥਾਂ ਭੁਲੇਖਿਆਂ ਵਿਚ ਪਾ ਦਿੰਦਾ ਹੈ। ਇਸ ਲਈ ਆਪ ਇਹੋ ਜਿਹੇ ਮੰਗ ਖਾਣੇ ਆਲਸੀ ਉਪਦੇਸ਼ਕ ਦੀ ਇਉਂ ਆਲੋਚਨਾ ਕਰਦੇ ਹਨ:-

ਘਰਿ ਘਰਿ ਮਾਗੈ ਜਗੁ ਪਰਬੋਧੈ ਮਨਿ ਅੰਧੈ ਪਤਿ ਹਾਰੀ॥
ਭਰਮਿ ਭੁਲਾਣਾ ਸਬਦੁ ਨ ਚੀਨੈ ਜੂਐ ਬਾਜੀ ਹਾਰੀ॥[192]

ਗੁਰੂ ਨਾਨਕ ਦੇਵ ਜੀ ਨੇ ਸਪਸ਼ਟ ਰੂਪ ਵਿਚ ਦਰਸਾਇਆ ਹੈ ਕਿ ਇਹੋ ਜਿਹੇ ਕਿਰਤਚੋਰ ਮਨੁੱਖ ਜਾਂ ਤਾਂ ਹੋਰਨਾਂ ਤੋਂ ਭਿਖਿਆ ਮੰਗ ਖਾਂਦੇ ਹਨ ਜਾਂ ਉਨ੍ਹਾਂ ਤੋਂ ਚੁਰਾਇਆਂ, ਠੱਗਿਆਂ ਅਤੇ ਖੋਹੇ ਨਾਲ ਹਥਿਆਇਆਂ ਮਾਲ ਖਾਂਦੇ ਹਨ। ਉਹ ਬਿਨਾਂ ਉਦਮ ਕੀਤਿਆਂ ਹਨ ਆਰਾਮ ਅਤੇ ਖਾਣ ਪੀਣ ਦੇ ਲੋਭ ਵਿੱਚ ਚੋਰੀ, ਠੱਗੀ ਅਤੇ ਮਕਾਰੀ ਦਾ ਗੰਦਾ ਰਾਹ ਅਪਣਾਉਂਦੇ ਹਨ। ਗੁਰੂ ਜੀ ਆਪਣੀ ਬਾਣੀ ਵਿਚ ਇਹੋ ਜਿਹੇ ਕਿਰਤਚੋਰ ਚੋਰਾਂ, ਠੱਗਾਂ ਅਤੇ ਮਕਾਰਾਂ ਦੀ ਬਲਵਾਨ ਵਿਰੋਧਤਾ ਕਰਨ ਦਾ ਸਾਹਸ ਵਿਖਾਉਂਦੇ ਹਨ ਅਤੇ ਉਨ੍ਹਾਂ ਦਾ ਪੱਖ ਪੂਰਨ ਵਾਲਿਆਂ ਦੀ ਵੀ ਕਰੜੀ ਆਲੋਚਨਾ ਕਰਦੇ ਹਨ। ਆਪ ਇਹੋ ਜਿਹੇ ਸਭ ਕਿਰਤਚੋਰ ਵਿਅਕਤੀਆਂ ਨੂੰ ਸਮਾਜ ਵਿਰੋਧੀ ਮਨੁੱਖ ਸਮਝਦੇ ਹਨ। ਆਪਜੀ ਦੀ ਬਾਣੀ ਵਿੱਚ ਇਹੋ ਜਿਹੇ ਕਿਰਤਚੋਰ ਸਮਾਜ-ਵਿਰੋਧੀਆਂ ਦੀ ਨਖੇਧੀ ਕਰਨ ਵਾਲੇ ਬੜੇ ਬਲਵਾਨ ਬਚਨ ਮਿਲਦੇ ਹਨ, ਜਿਵੇਂ:-

---

192. ਮਾਰੂ ਮਹਲਾ 1, ਆਦਿ ਗ੍ਰੰਥ, ਪੰਨਾ 1012-13.

1. ਚੋਰ ਕੀ ਹਾਮਾ ਭਰੇ ਨ ਕੋਇ॥
ਚੋਰ ਕੀਆ ਚੰਗਾ ਕਿਉ ਹੋਇ॥[193]

2. ਘਟ ਘਟ ਫਿਰ ਮੰਦਰ ਤਕੈ ਕਰਿ ਚੋਰੀ ਘਰਿ ਆਵੈ॥
ਅਗਹੁ ਦੇਖੈ ਪਿਛਹੁ ਦੇਖੈ ਤੁਝ ਤੇ ਕਹਾ ਛਪਾਵੈ॥[194]

3. ਚੋਰਾ ਜਾਰਾ ਰੰਡੀਆ ਕੁਟਣੀਆ ਦੀਬਾਣੁ॥
ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ॥[195]

4. ਲਬੁ ਕੁਤਾ ਕੂੜੁ ਚੂਹੜਾ ਠਗਿ ਖਾਧਾ ਮੁਰਦਾਰੁ॥
ਪਰ ਨਿੰਦਾ ਪਰ ਮਲੁ ਮੁਖ ਸੁਧੀ ਅਗਨਿ ਕ੍ਰੋਧੁ ਚੰਡਾਲੁ॥[196]

ਉਪਰੋਕਤ ਬਚਨਾਂ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਚੋਰੀ, ਠੱਗੀ ਅਤੇ ਹਰ ਪ੍ਰਕਾਰ ਦੀ ਧੋਖੇ ਦੀ ਕਮਾਈ ਖਾਣ ਵਾਲੇ ਕਿਰਤਚੋਰ ਮਨੁੱਖਾਂ ਨੂੰ ਇਸ ਸਮਾਜ ਦਾ ਰੋਗੀ ਅੰਗ ਸਮਝਦੇ ਹਨ। ਆਪ ਇਸ ਰੋਗੀ ਅੰਗ ਨੂੰ ਸਮੁੱਚੇ ਸਮਾਜ ਵਿੱਚ ਰੋਗ ਫੈਲਾਣ ਦੀ ਆਗਿਆ ਨਹੀਂ ਦੇ ਸਕਦੇ। ਇਸ ਲਈ, ਆਪ ਚਾਹੁੰਦੇ ਹਨ ਕਿ ਇਹੋ ਜਿਹੇ ਮਨੁੱਖ ਧੋਖੇ ਅਤੇ ਕਿਰਤਚੋਰਤਾ ਦੀ ਕਮਾਈ ਖਾਣਾ ਛੱਡ ਕੇ ਕਿਰਤ ਦੀ ਨੇਕ ਕਮਾਈ ਖਾਣਾ ਆਰੰਭ ਕਰਨ ਅਤੇ ਸਮਾਜ ਦਾ ਅਰੋਗ ਅੰਗ ਬਣ ਕੇ ਵਿਖਾਣ।

## ਪ੍ਰਕਿਰਤੀ ਵਿਚ ਕਾਰਜਸ਼ੀਲਤਾ

ਗੁਰੂ ਨਾਨਕ ਦੇਵ ਜੀ ਜਿਥੇ ਮਨੁੱਖੀ ਜੀਵਨ ਵਿੱਚ ਕਾਰਜ-ਸ਼ੀਲਤਾ ਦੀ ਪ੍ਰਸ਼ੰਸਾ ਕਰਦੇ ਹਨ, ਉਥੇ ਪ੍ਰਕਿਰਤੀ ਵਿਚ ਕਾਰਜਸ਼ੀਲਤਾ ਦੀ ਵੀ ਪ੍ਰਸ਼ੰਸਾ ਕਰਦੇ ਹਨ। ਵਾਸਤਵ ਵਿੱਚ, ਗੁਰੂ ਜੀ ਦੀ ਇਹ ਪ੍ਰਸ਼ੰਸਾ ਪ੍ਰਕਿਰਤੀ ਨਾਲ ਇਕਸੁਰਤਾ ਦੀ ਇੱਛਾ ਦਾ ਰੂਪ ਧਾਰ ਲੈਂਦੀ ਹੈ। ਜਦ ਗੁਰੂ ਜੀ ਪ੍ਰਕਿਰਤੀ ਦੇ ਜੀਵਾਂ ਅੰਦਰ ਭਰਪੂਰ ਕਾਰਜਸ਼ੀਲਤਾ ਵੇਖਦੇ ਹਨ ਤਾਂ ਆਪ ਉਨ੍ਹਾਂ ਨਾਲ ਇਕਸੁਰ ਹੋ ਜਾਣ ਦੀ ਤੀਬਰ ਇੱਛਾ ਪਰਗਟਾਉਂਦੇ ਹਨ। ਇਸੇ ਲਈ, ਆਪ ਕਦੀ ਹਰਣੀ, ਕਦੀ ਕੋਇਲ, ਕਦੀ ਮਛਲੀ ਅਤੇ ਕਦੀ ਨਾਗਨ ਦਾ ਰੂਪ ਧਾਰਦ

193. ਧਨਾਸਰੀ ਮਹਲਾ 1, ਆਦਿ ਗ੍ਰੰਥ, ਪੰਨਾ 662.
194. ਗਉੜੀ ਚੇਤੀ ਮ: 1, -ਉਹੀ- , ਪੰਨਾ 156.
195. ਰਾਮਕਲੀ ਮ: 1, -ਉਹੀ- , ਪੰਨਾ 790.
196. ਸਿਰੀ ਰਾਗੁ ਮਹਲਾ 1,-ਉਹੀ- , ਪੰਨਾ 15.

ਨਈ ਸਿਰਜਨ ਹੋ ਉਠਦੇ ਹਨ। ਆਪ ਇਹਨਾਂ ਪ੍ਰਕਿਰਤਕ ਜੀਵਾਂ ਨਾਲ ਇਕਸੁਰ ਹੋ ਕੇ ਉਹਨਾਂ ਵਰਗੀ ਕਾਰਜਸ਼ੀਲਤਾ ਰਾਹੀਂ ਪ੍ਰਭੂ-ਮਿਲਾਪ ਦੀ ਆਸ ਪੂਰੀ ਕਰਨਾ ਚਾਹੁੰਦੇ ਹਨ।

ਇਸ ਉਦੇਸ਼-ਪ੍ਰਾਪਤੀ ਲਈ ਆਪ ਸਭ ਤੋਂ ਪਹਿਲੇ ਹਰਣੀ ਹੋਣ ਦੀ ਇੱਛਾ ਪਰਗਟਾਉਂਦੇ ਹਨ, ਕਿਉਂਜੁ ਉਹ ਕੰਦ ਮੂਲ ਚੁਣ ਖਾਂਦਿਆਂ ਸਦਾ ਆਪਣੇ ਕਰਤਾਰ ਤੋਂ 'ਵਾਰਿ-ਵਾਰਿ' ਜਾਣ ਦੀ ਕਾਰਜਸ਼ੀਲਤਾ ਵਿਚ ਲੱਗੀ ਰਹਿੰਦੀ ਹੈ:-

ਹਰਣੀ ਹੋਵਾ ਬਨਿ ਬਸਾ ਕੰਦ ਮੂਲ ਚੁਣਿ ਖਾਉ॥
ਗੁਰਪਰਸਾਦੀ ਮੇਰਾ ਸਹੁ ਮਿਲੈ ਵਾਰਿ ਵਾਰ ਹਉ ਜਾਉ ਜੀਉ॥[197]

ਫਿਰ, ਆਪ ਕੋਇਲ ਜਾਂ 'ਕੋਕਿਲ' ਦਾ ਰੂਪ ਧਾਰਨ ਦੀ ਇੱਛਾ ਪਰਗਟਾਉਂਦੇ ਹਨ, ਕਿਉਂਜੁ ਉਹ ਅੰਬਾਂ ਦੇ ਬਿਰਛਾਂ ਉਤੇ ਵਸਦਿਆਂ ਆਪਣੀ ਮਧੁਰ ਸੁਰ ਵਿਚ ਪ੍ਰਭੂ-ਪਿਆਰ ਦੇ ਸ਼ਬਦ ਗਾਣ ਦੀ ਕਾਰਜਸ਼ੀਲਤਾ ਵਿਚ ਮਗਨ ਰਹਿੰਦੀ ਹੈ:-

ਕੋਕਿਲ ਹੋਵਾ ਅੰਬਿ ਬਸਾ ਸਹਜਿ ਸਬਦ ਬੀਚਾਰੁ॥
ਸਹਜਿ ਸੁਭਾਇ ਮੇਰਾ ਸਹੁ ਮਿਲੈ ਦਰਸਨਿ ਰੂਪਿ ਅਪਾਰੁ॥[198]

ਇਸ ਮਗਰੋਂ, ਆਪ ਮਛੁਲੀ ਹੋਣ ਲਈ ਤਾਂਘਦੇ ਹਨ, ਕਿਉਂਜੁ ਉਹ ਜਲ ਵਿੱਚ ਵਸਦੀ ਹੋਈ 'ਉਰਵਾਰਿ ਪਾਰਿ' ਵਸਦੇ ਹੋਏ ਮਾਲਕ ਨੂੰ ਬਾਂਹ ਪਸਾਰ ਕੇ ਮਿਲਣ ਦੀ ਕਾਰਜਸ਼ੀਲਤਾ ਵਿਖਾਉਂਦੀ ਹੈ:-

ਮਛੁਲੀ ਹੋਵਾ ਜਲਿ ਬਸਾ ਜੀਅ ਜੰਤ ਸਭਿ ਸਾਰਿ॥
ਉਰਵਾਰਿ ਪਾਰਿ ਮੇਰਾ ਸਹੁ ਵਸੈ ਹਉ ਮਿਲਉਗੀ ਬਾਹ ਪਸਾਰਿ॥[199]

ਅੰਤ ਵਿੱਚ ਆਪ 'ਨਾਗਨਿ' ਹੋਣ ਦੀ ਤੀਬਰ ਇੱਛਾ ਪਰਗਟਾਉਂਦੇ ਹਨ, ਕਿਉਂਜੁ ਉਹ ਧਰਤੀ ਅੰਦਰ ਰਹਿੰਦਿਆਂ ਪ੍ਰਭੂ-ਨਾਮ ਦੀ ਸ਼ਕਤੀ ਰਾਹੀਂ ਬੜੀ ਨਿਰਭਉ ਹੋ ਕੇ ਆਪਣੀ ਕਾਰਜਸ਼ੀਲਤਾ ਵਿਖਾਉਂਦੀ ਰਹਿੰਦੀ ਹੈ:-

ਨਾਗਨਿ ਹੋਵਾ ਧਰ ਵਸਾ ਸਬਦੁ ਵਸੈ ਭਉ ਜਾਇ॥
ਨਾਨਕ ਸਦਾ ਸੋਹਾਗਣੀ ਜਿਨ ਜੋਤੀ ਜੋਤਿ ਸਮਾਇ॥[200]

---

197. ਗਉੜੀ ਬੈਰਾਗਣਿ ਮ:1, ਆਦਿ ਗ੍ਰੰਥ, ਪੰਨਾ 157.
198. -ਉਹੀ- , -ਉਹੀ- , ਪੰਨਾ -ਉਹੀ-.
199. -ਉਹੀ- , -ਉਹੀ- , ਪੰਨਾ -ਉਹੀ-.
200. -ਉਹੀ- , -ਉਹੀ- , ਪੰਨਾ -ਉਹੀ-.

ਗੁਰੂ ਨਾਨਕ ਦੇਵ ਜੀ ਇਹਨਾਂ ਪ੍ਰਕਿਰਤਕ ਜੀਵਾਂ ਦੀ ਸਦੀਵੀ ਕਾਰਜ-ਸ਼ੀਲਤਾ ਦਾ ਮੁੱਖ ਕਾਰਨ ਇਹ ਸਮਝਦੇ ਹਨ ਕਿ ਇਹਨਾਂ ਅੰਦਰ ਪ੍ਰਭੂ-ਪਿਆਰ ਦੀ ਪ੍ਰਬਲ ਤਾਂਘ ਭਰਪੂਰ ਰਹਿੰਦੀ ਹੈ। ਆਪ ਇਸੇ ਤੱਥ ਨੂੰ ਆਪਣੇ ਮਨ ਅੰਦਰ ਵਸਾ ਕੇ ਪ੍ਰਕਿਰਤੀ ਦੇ ਵਿਸ਼ਾਲ ਖੇਤਰਾਂ ਵਿੱਚ ਬੜੇ ਚਾਅ ਅਤੇ ਉਮਾਹ ਨਾਲ ਵਿਚਰਦੇ ਰਹੇ। ਇਉਂ ਸਮਝੋ, ਆਪ ਆਪਣੇ ਜੀਵਨ ਵਿਚ ਪ੍ਰਕਿਰਤੀ ਨਾਲ ਅਭੇਦ ਹੋ ਕੇ ਹਰਣੀ ਵਾਂਗ ਜੰਗਲਾਂ ਨੂੰ ਗਾਹੁੰਦੇ ਰਹੇ, ਕੋਇਲ ਵਾਂਗ ਬਿਰਛਾਂ ਦੇ ਝੁੰਡਾਂ ਵਿਚ ਪ੍ਰਭੂ-ਗੀਤ ਅਲਾਪਦੇ ਰਹੇ, ਮਛਲੀ ਵਾਂਗ ਬਾਂਹ ਪਸਾਰ ਕੇ ਉਰਵਾਰ ਪਾਰੁ ਵਸਦੇ ਪ੍ਰੀਤਮ ਦਾ ਸਪਰਸ਼ ਮਾਣਦੇ ਰਹੇ ਅਤੇ ਨਾਗਨ ਵਾਂਗ ਪਾਤਾਲਾਂ ਪਾਤਾਲ ਦੀਆਂ ਸੋਆਂ ਸੁਣਾਉਂਦੇ ਰਹੇ। ਇਸ ਤਰ੍ਹਾਂ, ਆਪ ਸਦਾ ਪ੍ਰਕਿਰਤੀ ਦੀ ਗੋਦੀ ਵਿਚ ਰਹਿੰਦਿਆਂ ਉਸ ਨਾਲ ਇਕ ਸੁਰ ਹੋ ਕੇ ਵਿਖਾਉਂਦੇ ਰਹੇ। ਰਤਨ ਸਿੰਘ ਜੱਗੀ ਨੇ ਇਸ ਵਿਚਾਰ ਨੂੰ ਬੜੇ ਸੁੰਦਰ ਸ਼ਬਦਾਂ ਵਿਚ ਇਉਂ ਪਰਗਟਾਇਆ ਹੈ:-

> "ਗੁਰੂ ਨਾਨਕ ਦਾ ਜਨਮ ਕੁਦਰਤ ਦੀ ਗੋਦੀ ਵਿਚ ਹੋਇਆ। ਤਲਵੰਡੀ ਵਿੱਚ ਮੱਝਾਂ ਚਾਰਨ ਤੋਂ ਲੈ ਕੇ ਕਰਤਾਰਪੁਰ ਵਿਚ ਜੋਤੀ ਜੋਤ ਸਮਾਣ ਤੱਕ ਗੁਰੂ ਜੀ ਨੇ ਪ੍ਰਕਿਰਤੀ ਦੇ ਸੰਪਰਕ ਦਾ ਆਨੰਦ ਮਾਣਿਆ। ਨਾਲੇ, ਉਨ੍ਹਾਂ ਦਾ ਅਨੁਭਵ ਕੇਵਲ ਪੰਜਾਬ ਦੀ ਪ੍ਰਕ੍ਰਿਤੀ ਤੱਕ ਸੀਮਿਤ ਨਹੀਂ ਸੀ, ਸਗੋਂ ਉਦਾਸੀਆਂ ਦੇ ਦੌਰਾਨ ਵਿੱਚ ਉਨ੍ਹਾਂ ਨੇ ਅਨੇਕ ਇਲਾਕਿਆਂ ਦੇ ਕੁਦਰਤੀ ਦ੍ਰਿਸ਼ਾਂ ਨੂੰ ਵੇਖਿਆ ਅਤੇ ਉਸ ਪਿਛੇ ਲੁਕੇ ਕਾਦਰ ਦੇ ਵਿਰਾਟ ਰੂਪ ਦਾ ਅਨੁਭਵ ਕੀਤਾ।"[201]

ਇਉਂ, ਬਚਪਨ ਤੋਂ ਪ੍ਰਕਿਰਤੀ ਨਾਲ ਸਾਂਝ ਪਾ ਕੇ ਗੁਰੂ ਨਾਨਕ ਦੇਵ ਜੀ ਨੇ ਸਾਰੀ ਉਮਰ ਇਸ ਸਾਂਝ ਦਾ ਆਨੰਦ ਮਾਣਿਆ। ਆਪਣੀਆਂ ਜਗਤ-ਫੇਰੀਆਂ ਵਿੱਚ ਇਹ ਸਾਂਝ ਹੋਰ ਪਕੇਰੀ ਕਰ ਕੇ ਆਪ ਜੀ ਨੇ ਕਰਤਾਰਪੁਰ ਦੇ ਲਹਿਲਹਾਂਦੇ ਖੇਤਾਂ ਵਿੱਚ ਇਸ ਸਾਂਝ ਨੂੰ ਸਿਖਰ ਤੱਕ ਪਹੁੰਚਾ ਦਿੱਤਾ।

ਵਾਸਤਵ ਵਿੱਚ, ਪ੍ਰਕਿਰਤੀ ਨਾਲ ਪੂਰੀ ਸਾਂਝ ਪਾ ਕੇ ਗੁਰੂ ਨਾਨਕ ਦੇਵ ਜੀ ਆਪ ਵੀ ਜੀਵਨ ਪਰਯੰਤ ਉਸ ਵਾਂਗ ਸਦਾ ਕਾਰਜਸ਼ੀਲ ਰਹਿਣ ਦਾ ਜਤਨ ਕਰਦੇ ਰਹੇ। ਆਪ ਸਮੁੱਚੇ ਪ੍ਰਕਿਰਤਕ ਮੰਡਲ ਨੂੰ ਕਾਰਜਸ਼ੀਲਤਾ ਦਾ ਚਿੰਨ੍ਹ ਸਮਝਦੇ ਹਨ ਅਤੇ ਪ੍ਰਕਿਰਤੀ ਦੀ

---

201. 'ਗੁਰੂ ਨਾਨਕ ਕਾਵਿ ਵਿਚ ਪ੍ਰਕ੍ਰਿਤੀ ਵਰਣਨ: ਆਲੋਚਨਾ', ਗੁਰੂ ਨਾਨਕ ਅੰਕ, ਪੰਨਾ 327 (ਜਨਵਰੀ - ਦਸੰਬਰ, 1969)

ਹਰੇਕ ਜੀਵ ਨੂੰ ਸਦਾ ਚਲਾਇਆ ਅਤੇ ਕਾਰਜ ਕਰਾਇਆ ਵਿਖਾਉਂਦੇ ਹਨ। ਇਸੇ ਲਈ, ਆਪ ਪ੍ਰਕਿਰਤੀ ਦੇ ਵਿਸ਼ਾਲ ਕ੍ਰਿਆਵਾਂ ਦੀ ਨਿਰੰਤਰ ਗਤੀਸ਼ੀਲਤਾ ਨੂੰ ਇਉਂ ਪਰਗਟਾਉਂਦੇ ਹਨ:-

ਦਿਨੁ ਰਵਿ ਚਲੈ ਨਿਸਿ ਸਸਿ ਚਲੈ ਤਾਰਿਕਾ ਲਖ ਪਲੋਇ॥
ਮੁਕਾਮੁ ਓਹੀ ਏਕੁ ਹੈ ਨਾਨਕਾ ਸਚੁ ਬੁਗੋਇ॥[202]

ਗੁਰੂ ਨਾਨਕ ਦੇਵ ਜੀ ਪ੍ਰਕਿਰਤੀ ਦੀ ਵਿਸ਼ਾਲ ਗਤੀਸ਼ੀਲਤਾ ਵਿਚੋਂ ਸਭ ਤੋਂ ਵੱਡੀ ਗਤੀਸ਼ੀਲਤਾ ਇਹ ਵਿਖਾਉਂਦੇ ਹਨ ਕਿ ਉਹ ਸਦਾ ਰਚਨਹਾਰ ਦੀ ਅਰਾਧਨਾ ਜਾਂ ਆਰਤੀ ਵਿਚ ਸੰਲਗਨ ਰਹਿੰਦੀ ਹੈ। ਇਸ ਵਿਚਾਰ ਨੂੰ ਮੁੱਖ ਰੱਖ ਕੇ ਆਪ ਗਗਨ ਨੂੰ ਇਸ ਆਰਤੀ ਲਈ ਇਕ ਵਿਸ਼ਾਲ ਥਾਲ ਦੇ ਰੂਪ ਵਿਚ ਵੇਖਦੇ ਹਨ, ਜਿਸ ਅੰਦਰ ਸੂਰਜ ਅਤੇ ਚੰਨ ਦੀਵਿਆਂ ਵਾਂਗ ਰਖੇ ਹੋਏ ਹਨ, ਅਣਗਿਣਤ ਤਾਰੇ ਮੋਤੀਆਂ ਵਾਂਗ ਜੜੇ ਹੋਏ ਹਨ, ਸਾਰੇ ਚੰਦਨ ਰੁੱਖ ਧੂਪ ਬਣੇ ਹੋਏ ਹਨ, ਪਵਣ 'ਚਵਰ' ਕਰ ਰਹੀ ਹੈ ਅਤੇ ਸਮੁੱਚੀ ਬਨਸਪਤੀ ਫੁੱਲਾਂ ਵਾਂਗ ਸਜੀ ਹੋਈ ਹੈ। ਪ੍ਰਕਿਰਤੀ ਦੀ ਇਸ ਵਿਸ਼ਾਲ ਆਰਤੀ ਸਾਹਮਣੇ ਆਪ ਹੋਰ ਹਰ ਪ੍ਰਕਾਰ ਦੀਆਂ ਆਰਤੀਆਂ ਨੂੰ ਤੁੱਛ ਸਮਝਦੇ ਹਨ ਅਤੇ ਇਸ ਆਰਤੀ ਉਤੇ ਇਉਂ ਬਲਿਹਾਰ ਹੋ ਕੇ ਵਿਖਾਉਂਦੇ ਹਨ:-

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥
ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥[203]

ਇਉਂ, ਗੁਰੂ ਜੀ ਪ੍ਰਕਿਰਤੀ ਦੀ ਸਦੀਵੀ ਗਤੀਸ਼ੀਲਤਾ, ਪ੍ਰਭੂ-ਪਿਆਰ ਦੀ ਪ੍ਰਬਲ ਤਾਂਘ ਅਤੇ ਦੇਵੀ-ਆਰਾਧਨਾ ਵਾਲੀ ਗਤੀਸ਼ੀਲਤਾ ਦੀ ਅਥਾਹ ਪ੍ਰਸੰਸਾ ਕਰਦਿਆਂ ਇਸ ਦੇ ਗਤੀਸ਼ੀਲ ਗੁਣਾਂ ਨੂੰ ਆਪਣੇ ਅੰਦਰ ਭਰਪੂਰ ਕਰਨ ਦਾ ਉਦਮ ਕਰ ਵਿਖਾਉਂਦੇ ਹਨ।

## ਕਿਰਤ ਅਤੇ ਸੰਜਮੀ ਜੀਵਨ

ਗੁਰੂ ਨਾਨਕ ਦੇਵ ਜੀ ਨੇ ਕਿਰਤ ਨੂੰ ਸੰਜਮ ਨਾਲ ਜੋੜਿਆ ਹੈ ਅਤੇ ਆਪਣੀ ਬਾਣੀ ਰਾਹੀਂ ਇਹ ਸਿੱਧ ਕੀਤਾ ਹੈ ਕਿ ਕਿਰਤੀ ਮਨੁੱਖ ਆਪਣੇ ਜੀਵਨ ਦੇ ਹਰ ਇਕ ਖੇਤਰ

---

202. ਸਿਰੀ ਰਾਗੁ ਮ: 1, ਆਦਿ ਗ੍ਰੰਥ, ਪੰਨਾ 64.
203. ਧਨਾਸਰੀ ਮ: 1, ਆਰਤੀ, ਆਦਿ ਗ੍ਰੰਥ, ਪੰਨਾ 663.

ਵਿੱਚ ਪੂਰਾ ਪੂਰਾ ਸੰਜਮ ਵਰਤਦਾ ਹੈ। ਇਸ ਦੇ ਨਾਲ ਆਪ ਇਹ ਵੀ ਦਰਸਾਉਂਦੇ ਹਨ ਕਿ ਕਿਰਤਹੀਣ ਮਨੁੱਖ ਜੀਵਨ ਦੀ ਹਰੇਕ ਗੱਲ ਵਿੱਚ ਅਸੰਜਮ ਦੀ ਵਰਤੋਂ ਕਰਦਾ ਹੈ। ਆਪ ਜੀ ਨੇ ਵਿਸ਼ੇਸ਼ ਕਰ ਕੇ ਖਾਣ ਪੀਣ, ਪਹਿਨਣ, ਮਨੋਰੰਜਨ, ਸੌਣ ਅਤੇ ਭੋਗ ਵਿਲਾਸ ਵਿਚ ਸੰਜਮ ਵਰਤਣ ਉਤੇ ਅਧਿਕ ਬਲ ਦਿੱਤਾ ਹੈ। ਆਪ ਦਰਸਾਉਂਦੇ ਹਨ ਕਿ ਕਿਰਤੀ ਮਨੁੱਖ ਇਨ੍ਹਾਂ ਸਭੇ ਗੱਲਾਂ ਵਿਚ ਸੰਜਮ ਦਾ ਪੱਲਾ ਕਦੀ ਨਹੀਂ ਛੱਡਦਾ, ਪਰ ਕਿਰਤਹੀਣ ਮਨੁੱਖ ਇਨ੍ਹਾਂ ਵਿਚ ਸੰਜਮ ਵਰਤਣ ਦੇ ਨੇੜੇ ਤੱਕ ਕਦੀ ਨਹੀਂ ਜਾਂਦਾ।

ਖਾਣ ਵਿੱਚ ਸੰਜਮ

ਗੁਰੂ ਨਾਨਕ ਦੇਵ ਜੀ ਮਨੁੱਖ ਦੀ ਕਿਰਤ ਕਰਨ ਦੀ ਸ਼ਕਤੀ ਨੂੰ ਉਸ ਦੇ ਸੰਜਮੀ ਆਹਾਰ ਨਾਲ ਸਬੰਧਿਤ ਕਰਦੇ ਹਨ। ਆਪ ਦਰਸਾਉਂਦੇ ਹਨ ਕਿ ਕਿਰਤੀ ਮਨੁੱਖ ਅੰਨ ਪਾਣੀ ਦੇ ਸੰਜਮੀ ਸੇਵਨ ਰਾਹੀਂ ਆਪਣੇ ਸਰੀਰ ਅੰਦਰ ਕੰਮ ਕਰਨ ਦੀ ਸ਼ਕਤੀ ਵਧਾਉਂਦਾ ਹੈ। ਇਸ ਤਰ੍ਹਾਂ ਕਰਨ ਨਾਲ ਉਹ ਆਪਣੇ ਸਰੀਰ ਨੂੰ ਸਦਾ ਬਲਵਾਨ ਰੱਖਦਾ ਹੈ। ਇਸ ਦੇ ਨਾਲ ਹੀ ਉਹ ਸੰਜਮੀ ਆਹਾਰ ਰਾਹੀਂ ਆਪਣੇ ਮਨ ਉਤੇ ਕਾਬੂ ਪਾਣ ਦਾ ਬਲ ਧਾਰਦਾ ਹੈ। ਇਉਂ, ਉਹ ਆਪਣੇ ਮਨ ਨੂੰ ਵੀ ਵਿਸ਼ੇ ਵਿਕਾਰਾਂ ਵਾਲੇ ਪਾਸਿਓਂ ਮੋੜ ਕੇ ਬਲਵਾਨ ਰੱਖਦਾ ਹੈ। ਇਸ ਦੇ ਵਿਪਰੀਤ, ਖਾਣ ਪੀਣ ਵਿਚ ਅਸੰਜਮ ਵਰਤਣ ਵਾਲਾ ਮਨੁੱਖ ਜਿਥੇ ਆਪਣੇ ਸਰੀਰ ਵਿੱਚ ਕੰਮ ਕਰਨ ਦੀ ਸ਼ਕਤੀ ਘਟਾਂਦਾ ਹੈ, ਉਥੇ ਆਪਣੇ ਮਨ ਨੂੰ ਵਿਸ਼ੇ ਵਿਕਾਰਾਂ ਵਿਚ ਗਲਤਾਨ ਰੱਖ ਕੇ ਬਲਹੀਨ ਬਣਾ ਦਿੰਦਾ ਹੈ। ਸੰਜਮੋਂ ਬਾਹਰ ਹੋਕੇ ਖਾਣ ਵਾਲੇ ਮਨੁੱਖ ਬਾਰੇ ਗੁਰੂ ਜੀ ਇਹ ਦਰਸਾਉਂਦੇ ਹਨ:-

ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ, ਮਨ ਮਹਿ ਚਲਹਿ ਵਿਕਾਰ ॥[204]

ਗੁਰੂ ਨਾਨਕ ਦੇਵ ਜੀ ਇਹ ਵੀ ਦਰਸਾਉਂਦੇ ਹਨ ਕਿ ਖਾਣ ਪੀਣ ਵਿਚ ਅਸੰਜਮ ਵਰਤਣ ਵਾਲਾ ਮਨੁੱਖ ਜਿਥੇ ਕਿਰਤ ਕਰਨੋਂ ਅਵੇਸਲਾ ਹੋ ਜਾਂਦਾ ਹੈ, ਉਥੇ ਮੌਤ ਦਾ ਚੇਤਾ ਨਾ ਰੱਖਦਿਆਂ ਪਰਮਾਤਮਾ ਦੀ ਯਾਦ ਨੂੰ ਵੀ ਮਨੋ ਭੁਲਾ ਦਿੰਦਾ ਹੈ। ਉਸ ਦੀ ਇਹ ਮਨੋਦਸ਼ਾ ਪਰਗਟਾਉਂਦਿਆਂ ਗੁਰੂ ਜੀ ਫੁਰਮਾਉਂਦੇ ਹਨ:-

ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ ॥
ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗੁ ਜੀਵਣ ਨਹੀ ਰਹਿਣਾ ॥[205]

204. ਸਿਰੀ ਰਾਗੁ ਮ: 1, ਆਦਿ ਗ੍ਰੰਥ, ਪੰਨਾ 16.

205. ਰਾਗੁ ਮਲਾਰ ਮ: 1, ਆਦਿ ਗ੍ਰੰਥ, ਪੰਨਾ 1254.

ਵਾਸਤਵ ਵਿੱਚ, ਗੁਰੂ ਨਾਨਕ ਦੇਵ ਜੀ ਕੇਵਲ ਖਾਣ ਪੀਣ ਲਈ ਜੀਉਣ ਨੂੰ ਜੀਣਾ ਨਹੀਂ ਸਮਝਦੇ। ਆਪ ਦਰਸਾਉਂਦੇ ਹਨ ਕਿ ਮਨੁੱਖ ਨੂੰ ਇਹ ਜੀਵਨ ਕਿਰਤ ਕਰਨ ਅਤੇ ਨਾਮ ਸਿਮਰਨ ਲਈ ਮਿਲਿਆ ਹੈ। ਇਸ ਲਈ, ਸਾਰੀ ਉਮਰ ਵਿਹਲਿਆਂ ਖਾ ਖਾ ਕੇ ਪੇਟ ਵਧਾਈ ਜਾਣ ਵਾਲੇ ਜੀਵਨ ਨੂੰ ਆਪ ਫਿਟਕਾਰ ਪਾਏ ਨਹੀਂ ਰਹਿੰਦੇ ਅਤੇ ਇਸ ਬਾਰੇ ਨਿਧੜਕ ਹੋ ਕੇ ਸੁਣਾਉਂਦੇ ਹਨ:-

ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ ॥[206]

ਗੁਰੂ ਨਾਨਕ ਦੇਵ ਜੀ ਜਾਣਦੇ ਹਨ ਕਿ ਖਾ ਖਾ ਕੇ ਪੇਟ ਵਧਾਣ ਵਾਲੇ ਵਿਹਲੜ ਮਨੁੱਖ ਖਾਣ ਦੇ ਰਸਾਂ ਵਿਚ ਇਤਨੇ ਮਗਨ ਹੋ ਜਾਂਦੇ ਹਨ ਕਿ ਉਨ੍ਹਾਂ ਨੂੰ ਇਨ੍ਹਾਂ ਰਸਾਂ ਦੇ ਅੰਤਿਮ ਪਰਿਣਾਮ ਦਾ ਕੋਈ ਧਿਆਨ ਨਹੀਂ ਰਹਿੰਦਾ। ਉਦਾਹਰਣ ਵਜੋਂ, ਜੇ ਉਹ ਮਿੱਠੇ ਰਸ ਵਾਲੇ ਸੁਆਦਿਸ਼ਟ ਭੋਜਨ ਖਾਣ ਵਿਚ ਮਗਨ ਰਹਿੰਦੇ ਹਨ ਤਾਂ ਉਨ੍ਹਾਂ ਨੂੰ ਇਸ ਗੱਲ ਦਾ ਚਿਤ ਚੇਤਾ ਨਹੀਂ ਹੁੰਦਾ ਕਿ ਇਹ ਮਿੱਠੇ ਰਸ ਅੰਤ ਨੂੰ ਕਉੜਤਣ ਵਿਚ ਬਦਲ ਜਾਂਦੇ ਹਨ। ਪਰ ਗੁਰੂ ਨਾਨਕ ਦੇਵ ਜੀ ਮਿੱਠੇ ਰਸਾਂ ਦੇ ਇਹੋ ਜਿਹੇ ਰਸੀਆਂ ਨੂੰ ਇਹ ਚਿਤਾਵਨੀ ਦੇ ਦਿੰਦੇ ਹਨ:-

ਜੇ ਸਉ ਵਰ੍ਹਿਆ ਮਿਠਾ ਖਾਜੈ ਭੀ ਫਿਰਿ ਕਉੜਾ ਖਾਇ ॥
ਮਿਠਾ ਖਾਧਾ ਚਿਤਿ ਨ ਆਵੈ ਕਉੜਤਣੁ ਧਾਇ ਜਾਇ ॥[207]

ਇਸ ਤਰ੍ਹਾਂ, ਆਪ ਹਰ ਪ੍ਰਕਾਰ ਦੇ ਰਸਦਾਇਕ ਭੋਜਨਾਂ ਨੂੰ ਅਸੰਜਮੀ ਤਰੀਕੇ ਨਾਲ ਖਾਣ ਵਾਲੇ ਮਨੁੱਖਾਂ ਨੂੰ ਦਰਸਾ ਦਿੰਦੇ ਹਨ ਕਿ ਉਹ ਵਿਹਲੇ ਬਹਿ ਕੇ ਜੋ ਭੋਜਨ ਰਸ ਲੈਂਦੇ ਰਹਿੰਦੇ ਹਨ, ਉਹ ਅੰਤ ਵਿਚ ਉਨ੍ਹਾਂ ਨੂੰ ਦੁੱਖ ਦੇਣ ਦੇ ਕਾਰਣ ਬਣ ਜਾਣਗੇ। ਇਸ ਲਈ ਖਾਣ ਪੀਣ ਵਿਚ ਸੰਜਮ ਵਰਤ ਕੇ ਕਿਰਤ ਕਰਦੇ ਰਹਿਣ ਵਿੱਚ ਹੀ ਮਨੁੱਖ ਦੀ ਭਲਾਈ ਹੈ। ਖੁਰਾਕ ਵਿਚ ਸੰਜਮ ਬਾਰੇ ਗੁਰੂ ਨਾਨਕ ਦੇਵ ਜੀ ਦੇ ਵਿਚਾਰਾਂ ਤੋਂ ਪ੍ਰਭਾਵਤ ਹੋ ਕੇ ਡਾ: ਵਿਸ਼ਵਾਨਾਥ ਤਿਵਾੜੀ ਨੇ ਲਿਖਿਆ ਹੈ:-

"ਫੇਰ, ਗੁਰੂ ਜੀ (ਗੁਰੂ ਨਾਨਕ ਦੇਵ ਜੀ) ਨੇ ਕੇਵਲ ਕਮਾਈ ਤੇ ਹੀ ਜ਼ੋਰ ਨਹੀਂ ਦਿੱਤਾ ਕਿ ਜਿੰਨਾ ਕਮਾਏ, ਉਨਾ ਆਪ ਹੀ ਖਾ ਲਵੇ ਜਾਂ ਜੋੜ

206. ਵਾਰ ਸੂਹੀ, ਸਲੋਕ ਮ: 1, ਆਦਿ ਗ੍ਰੰਥ, ਪੰਨਾ 790.
207. ਸਾਰੰਗ ਕੀ ਵਾਰ, ਸਲੋਕ ਮ: 1, ਆਦਿ ਗ੍ਰੰਥ, ਪੰਨਾ 1243.

ਨਵੇ, ਸਗੋ ਉਨਾਂ ਉਪਦੇਸ਼ ਦਿੱਤਾ ਹੈ ਕਿ ਹਰ ਇਕ ਨੂੰ ਕਿਰਤ ਕਰਨੀ ਚਾਹੀਦੀ ਹੈ, ਪਰ ਛਕਣਾ ਵੰਡ ਕੇ ਚਾਹੀਦਾ ਹੈ।"[208]

<u>ਪਹਿਨਣ ਵਿੱਚ ਸੰਜਮ</u>

ਗੁਰੂ ਨਾਨਕ ਦੇਵ ਜੀ ਦੇ ਵਿਚਾਰ ਅਨੁਸਾਰ ਖਾਣ ਵਿੱਚ ਸੰਜਮ ਦੇ ਨਾਲ ਨਾਲ ਪਹਿਨਣ ਵਿੱਚ ਸੰਜਮ ਵੀ ਮਨੁੱਖ ਨੂੰ ਕਿਰਤੀ ਜੀਵਨ ਦੇ ਨੇੜੇ ਰੱਖਦਾ ਹੈ, ਪਰ ਇਸ ਵਿਚ ਵਰਤਿਆ ਅਸੰਜਮ ਇਹੋ ਜਿਹੇ ਜੀਵਨ ਤੋਂ ਦੂਰ ਲੈ ਜਾਂਦਾ ਹੈ। ਬਹੁਤ ਕੀਮਤੀ ਅਤੇ ਵਧੀਆ ਕੱਪੜੇ ਪਾਣ ਵਾਲਾ ਮਨੁੱਖ ਹਰ ਵੇਲੇ ਉਨ੍ਹਾਂ ਦੇ ਵਧੀਆਪਣ ਦਾ ਹੀ ਧਿਆਨ ਰੱਖਦਾ ਹੈ ਅਤੇ ਉਨ੍ਹਾਂ ਨੂੰ ਜ਼ਰਾ ਜਿੰਨਾ ਵੀ ਮੈਲਾ ਕਰ ਦੇਣ ਵਾਲੇ ਕੰਮ ਨੂੰ ਹੱਥ ਪਾਉਣੋਂ ਝਕਦਾ ਹੈ। ਇਹ ਵਧੀਆ ਕੱਪੜਿਆਂ ਦਾ ਹੰਕਾਰ ਅਖਵਾਉਂਦਾ ਹੈ, ਜਿਹੜਾ ਮਨੁੱਖ ਨੂੰ ਕਿਰਤਹੀਣ ਬਣਾਨ ਤੋਂ ਉਪਰੰਤ ਵਿਸ਼ੇ-ਵਿਕਾਰਾਂ ਦਾ ਵੀ ਸ਼ਿਕਾਰ ਬਣਾ ਦਿੰਦਾ ਹੈ। ਗੁਰੂ ਨਾਨਕ ਦੇਵ ਜੀ ਮਨੁੱਖ ਨੂੰ ਸੰਜਮ ਵਿੱਚ ਰਹਿ ਕੇ ਚੰਗੇ ਕੱਪੜੇ ਪਾਉਣੋਂ ਕਿਤੇ ਵੀ ਨਹੀਂ ਵਰਜਦੇ, ਪਰ ਆਪਣੇ ਪਹਿਰਾਵੇ ਵਿਚ ਸੰਜਮ ਤੋਂ ਬਾਹਰ ਹੋ ਜਾਣ ਵਾਲੇ ਮਨੁੱਖ ਨੂੰ ਆਪ ਇਹ ਵੀ ਸੁਣਾ ਦਿੰਦੇ ਹਨ:-

ਬਾਬਾ ਹੋਰੁ ਪੈਨਣੁ ਖੁਸੀ ਖੁਆਰੁ।।
ਜਿਤੁ ਪੈਧੈ ਤਨੁ ਪੀੜੀਐ ਮਨੁ ਮਹਿ ਚਲਹਿ ਵਿਕਾਰ।।[209]

ਗੁਰੂ ਜੀ ਫਰਮਾਉਂਦੇ ਹਨ ਕਿ ਆਪਣੇ ਕੱਪੜਿਆਂ ਨੂੰ ਬਹੁਤਾ ਚਿੱਟਾ ਰੱਖਣ ਵਾਲੇ ਮਨੁੱਖਾਂ ਦੇ ਮਨ ਮੈਲੇ ਅਤੇ ਕਠੋਰ ਹੁੰਦੇ ਹਨ। ਇਸ ਸਬੰਧੀ ਆਪ ਫਰਮਾਉਂਦੇ ਹਨ:-

ਚਿਟੇ ਜਿਨ ਕੇ ਕਪੜੇ ਮੈਲੇ ਚਿਤ ਕਠੋਰ ਜੀਉ।।[210]

ਇਥੇ ਆਪ ਚਿੱਟੇ ਕੱਪੜਿਆਂ ਦਾ ਭਾਵ ਬਹੁਤ ਵਧੀਆ ਕੱਪੜੇ ਲੈਂਦੇ ਹਨ। ਇਸ ਲਈ, ਆਪ ਸਾਦਾ ਕੱਪੜੇ ਪਾਣ ਉਤੇ ਅਧਿਕ ਬਲ ਦਿੰਦੇ ਹਨ।

ਗੁਰੂ ਨਾਨਕ ਦੇਵ ਜੀ ਇਹ ਵੀ ਦੱਸਾ ਦਿੰਦੇ ਹਨ ਕਿ ਸਾਦਾ ਕੱਪੜੇ ਪਾ ਕੇ ਕਿਰਤ ਕਰਨ ਅਤੇ ਨਾਮ ਸਿਮਰਨ ਰਾਹੀਂ ਮਨੁੱਖ ਹਰ ਪ੍ਰਕਾਰ ਦੇ ਸਰੀਰਕ, ਮਾਨਸਿਕ ਅਤੇ ਆਤਮਕ ਸੁੱਖ ਮਾਣਦਾ ਹੈ, ਪਰ ਬਹੁਤ ਕੀਮਤੀ ਜਾਂ ਰੇਸ਼ਮੀ ਕੱਪੜੇ ਉਸ ਨੂੰ ਕਿਰਤ ਅਤੇ ਸਿਮਰਨ ਤੋਂ ਦੂਰ ਰੱਖਦਿਆਂ, ਕਿਸੇ ਪ੍ਰਕਾਰ ਦਾ ਸੁੱਖ ਪ੍ਰਦਾਨ ਨਹੀਂ ਕਰਦੇ। ਇਸ ਸੰਬੰਧੀ ਆਪ ਸਪਸ਼ਟ

---

208. ਕ੍ਰਾਂਤੀਕਾਰੀ ਗੁਰੂ ਨਾਨਕ, ਪੰਨਾ 102-103 (ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ) 1969.
209. ਸਿਰੀ ਰਾਗ ਮ: 1, ਆਦਿ ਗ੍ਰੰਥ, ਪੰਨਾ 16.
210. ਰਾਗੁ ਸੂਹੀ ਮ: 1, ਆਦਿ ਗ੍ਰੰਥ, ਪੰਨਾ 751.

ਰੂਪ ਵਿੱਚ ਸਮਝਾਉਂਦੇ ਹਨ :-

ਚੋਆ ਚੰਦਨੁ ਅੰਕਿ ਚੜਾਵਉ ॥
ਪਾਟ ਪਟੰਬਰ ਪਹਿਰਿ ਹਢਾਵਉ ॥
ਬਿਨੁ ਹਰਿ ਨਾਮ ਕਹਾ ਸੁਖੁ ਪਾਵਉ ॥[211]

ਇਉਂ ਗੁਰੂ ਜੀ ਸੰਜਮੀ ਪਹਿਰਾਵੇ ਨੂੰ ਮਨੁੱਖ ਤਾਈਂ ਹਰ ਪ੍ਰਕਾਰ ਦੇ ਸੁੱਖ ਪਹੁੰਚਾਣ ਅਤੇ ਅਸੰਜਮੀ ਪਹਿਰਾਵੇ ਨੂੰ ਉਸ ਤਾਈਂ ਹਰ ਪ੍ਰਕਾਰ ਦੇ ਦੁੱਖ ਪਹੁੰਚਾਣ ਦੇ ਸਾਧਨ ਮੰਨਿਆ ਬਸਤਰਾਂ ਦੀ ਸਾਦਗੀ ਅਤੇ ਸੰਜਮ ਉਤੇ ਵਿਸ਼ੇਸ਼ ਬਲ ਦਿੰਦੇ ਹਨ।

## ਮਨੋਰੰਜਨ ਵਿੱਚ ਸੰਜਮ

ਕਿਰਤ ਦਾ ਸਬੰਧ ਜਿਵੇਂ ਖਾਣ ਅਤੇ ਪਹਿਨਣ ਵਿਚ ਸੰਜਮ ਵਰਤਣ ਨਾਲ ਹੈ, ਉਵੇਂ ਮਨੋਰੰਜਨ ਵਿਚ ਸੰਜਮ ਵਰਤਣ ਨਾਲ ਵੀ ਹੈ। ਕੰਮ ਵਿਚ ਖੁੱਭੇ ਹੋਏ ਕਿਰਤੀ ਮਨੁੱਖ ਕੋਲ ਮਨੋਰੰਜਨ ਲਈ ਬਹੁਤ ਘੱਟ ਵਿਹਲ ਹੁੰਦਾ ਹੈ, ਪਰ ਕਿਰਤਹੀਣ ਮਨੁੱਖ ਕੋਲ ਮਨੋਰੰਜਨ ਸਿਵਾ ਕੋਈ ਹੋਰ ਕੰਮ ਹੀ ਨਹੀਂ ਹੁੰਦਾ। ਇਸ ਲਈ ਉਹ ਮਨੋਰੰਜਨ ਪ੍ਰਾਪਤ ਕਰਨ ਲਈ ਕਈ ਪ੍ਰਕਾਰ ਦੇ ਸਾਧਨ ਅਪਣਾਉਂਦਾ ਰਹਿੰਦਾ ਹੈ। ਗੁਰੂ ਨਾਨਕ ਦੇਵ ਦੇ ਸਮੇਂ ਇਸ ਮੰਤਵ ਲਈ ਹਾਥੀ ਜਾਂ ਘੋੜੇ ਦੀ ਸਵਾਰੀ ਅੱਜ ਕੱਲ੍ਹ ਦੀ ਮੋਟਰਕਾਰ ਜਾਂ ਹਵਾਈ ਜਹਾਜ਼ ਦੀ ਸਵਾਰੀ ਵਾਂਗ, ਵਿਹਲੇ ਅਮੀਰ ਬੰਦਿਆਂ ਲਈ ਸ਼ੁਗਲ ਦਾ ਸਾਧਨ ਸੀ। ਗੁਰੂ ਜੀ ਇਹੋ ਜਿਹੀ ਸਵਾਰੀ ਨੂੰ ਵਿਵਰਜਿਤ ਨਹੀਂ ਮੰਨਦੇ, ਪਰ ਆਪ ਇਸ ਦੀ ਅਸੰਜਮੀ ਵਰਤੋਂ ਨੂੰ ਜ਼ਰੂਰ ਵਿਵਰਜਿਤ ਮੰਨਦੇ ਹਨ। ਇਸ ਲਈ, ਆਪ ਇਸ ਸਬੰਧੀ ਫੁਰਮਾਉਂਦੇ ਹਨ :-

ਬਾਬਾ ਹੋਰੁ ਚੜਣਾ ਖੁਸੀ ਖੁਆਰੁ ॥
ਜਿਤੁ ਚੜਿਐ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥[212]

ਕਿਸੇ ਵੇਲੇ ਘੋੜੇ ਸਵਾਰੀ ਆਦਿ ਦਾ ਮਨੋਰੰਜਨ ਕੋਈ ਬੁਰੀ ਗੱਲ ਨਹੀਂ, ਪਰ ਜੇ ਮਨੁੱਖ ਸਾਰਾ ਦਿਨ ਇਹੋ ਜਿਹੀ ਸਵਾਰੀ ਜਾਂ ਕਿਸੇ ਹੋਰ ਮਨੋਰੰਜਨ ਵਿਚ ਮਗਨ ਰਹੇ ਤਾਂ ਉਹ ਕੰਮ ਕਿਹੜੇ ਵੇਲੇ ਕਰੇ? ਇਹੋ ਜਿਹੇ ਮਨੋਰੰਜਨ ਦਾ ਲਾਭ ਕੇਵਲ ਉਦੋਂ ਹੋ ਸਕਦਾ ਹੈ ਜਦੋਂ ਮਨੁੱਖ ਕੰਮ ਕਰ ਕਰ ਕੇ ਥੱਕ ਜਾਏ ਅਤੇ ਦੁਬਾਰਾ ਕੰਮ ਕਰਨ ਲਈ ਸੱਜਰਸਾਹ ਹੋਣ ਦੀ ਲੋੜ ਪਰਤੀਤ ਕਰੇ। ਇਸ ਲਈ, ਕੇਵਲ ਕਿਰਤੀਆਂ ਨੂੰ ਹੀ ਮਨੋਰੰਜਨ ਦਾ ਅਧਿਕਾਰ

211. ਰਾਗੁ ਗਉੜੀ ਮ: 1, ਆਦਿ ਗ੍ਰੰਥ, ਪੰਨਾ 225.
212. ਸਿਰੀ ਰਾਗੁ ਮ: 1, ਆਦਿ ਗ੍ਰੰਥ, ਪੰਨਾ 16.

ਦਿੱਤਾ ਜਾ ਸਕਦਾ ਹੈ, ਕਿਰਤਹੀਣ ਮਨੁੱਖਾਂ ਨੂੰ ਨਹੀਂ। ਪਰ ਸੰਸਾਰ ਵਿੱਚ, ਇਸ ਦੇ ਵਿਪਰੀਤ, ਕਿਰਤਹੀਣ ਮਨੁੱਖ ਹੀ ਵਧੇਰੇ ਕਰ ਕੇ ਮਨੋਰੰਜਨ ਦੇ ਸਾਧਨਾਂ ਦੀ ਵਰਤੋਂ ਕਰਦੇ ਹਨ। ਇਸ ਲਈ ਗੁਰੂ ਨਾਨਕ ਉਨ੍ਹਾਂ ਦੇ ਵਿਰੁਧ ਆਵਾਜ਼ ਉਠਾਣ ਦਾ ਸਾਹਸ ਦਿਖਾਉਂਦੇ ਹਨ।

ਗੁਰੂ ਜੀ ਸਮਝਦੇ ਹਨ ਕਿ ਕਿਰਤਹੀਣ ਮਨੁੱਖ ਆਪਣੇ ਮਨੋਰੰਜਨ ਵਿੱਚ ਭਾਵੇਂ ਜਿੰਨੇ ਵੀ ਮਿੱਤਰ ਬਣਾ ਕੇ ਉਨ੍ਹਾਂ ਨਾਲ ਪ੍ਰੀਤਾਂ ਪਏ ਨਿਭਾਣ, ਕਿੰਨੀਆਂ ਹੀ ਖੁਸ਼ੀਆਂ ਅਤੇ ਚਾਉ ਮਲ੍ਹਾਰ ਦੀਆਂ ਗੱਲਾਂ ਪਏ ਕਰਨ, ਉਨ੍ਹਾਂ ਦਾ ਕੋਈ ਲਾਭ ਨਹੀਂ ਹੋ ਸਕਦਾ, ਕਿਉਂਕਿ ਉਹ ਸਭ ਥੋੜੇ ਚਿਰੀਆਂ ਪਰਾਹੁਣੀਆਂ ਰਹਿ ਜਾਣਗੀਆਂ। ਅੰਤ ਵਿੱਚ ਉਨ੍ਹਾਂ ਤੇ ਵਿਛੜਨ ਸਮੇਂ ਮਨੁੱਖ ਨੂੰ ਦੁੱਖ ਤੋਂ ਸਿਵਾ ਕੁਝ ਪ੍ਰਾਪਤ ਨਹੀਂ ਹੋਵੇਗਾ। ਮਨੋਰੰਜਨ ਵਿੱਚ ਅਸੰਜਮ ਦੀ ਵਰਤੋਂ ਕਰਨ ਨਾਲ ਜੋ ਦੁਖਦੇ ਸਿੱਟੇ ਨਿਕਲਦੇ ਹਨ, ਉਹ ਸਾਧਾਰਣ ਮਨੁੱਖ ਨੂੰ ਕੇਵਲ ਅੰਤ ਉਤੇ ਹੀ ਪਤਾ ਲੱਗਦੇ ਹਨ, ਪਰ ਗੁਰੂ ਨਾਨਕ ਦੇਵ ਜੀ ਉਸ ਨੂੰ ਪਹਿਲੇ ਹੀ ਇਹ ਸਾਰੀ ਗੱਲ ਇਉਂ ਸਮਝਾ ਦਿੰਦੇ ਹਨ:-

> ਲਖ ਸਿਉ ਪ੍ਰੀਤਿ ਹੋਵੈ ਲਖ ਜੀਵਣੁ ਕਿਆ ਖੁਸੀਆ ਕਿਆ ਚਾਉ।।
> ਵਿਛੁੜਿਆ ਵਿਸੁ ਹੋਇ ਵਿਛੋੜਾ ਏਕ ਘੜੀ ਮਹਿ ਜਾਇ।।[213]

ਇਸ ਲਈ, ਗੁਰੂ ਨਾਨਕ ਦੇਵ ਜੀ ਮਨੁੱਖ ਨੂੰ ਕਿਰਤ ਵਿਚ ਲੱਗੇ ਰਹਿਣ ਦਾ ਉਪਦੇਸ਼ ਦਿੰਦਿਆਂ ਕੇਵਲ ਉਨਾ ਹੀ ਮਨੋਰੰਜਨ ਕਰਨ ਦੀ ਆਗਿਆ ਦਿੰਦੇ ਹਨ, ਜਿੰਨਾ ਕਿਰਤ ਕਰਨ ਵਿਚ ਸਹਾਈ ਹੋਵੇ ਅਤੇ ਦੈਨਿਕ ਕਾਰ-ਵਿਹਾਰ ਵਿਚ ਕਿਸੇ ਪ੍ਰਕਾਰ ਦਾ ਵਿਘਨ ਨਾ ਪਾਏ। ਇਸ ਦੇ ਨਾਲ ਹੀ ਆਪ ਹਰੇਕ ਮਨੁੱਖ ਨੂੰ ਇਹ ਵੀ ਸਮਝਾ ਦਿੰਦੇ ਹਨ ਕਿ ਉਹ ਮਨੋਰੰਜਨ ਦੇ ਕੇਵਲ ਉਹੀ ਸਾਧਨ ਅਪਣਾਏ, ਜਿਹੜੇ ਅੰਤ ਵਿੱਚ ਦੁੱਖ ਦਾ ਕਾਰਨ ਨਾ ਬਣਨ। ਇਸੇ ਢੰਗ ਵਿਚ ਮਨੋਰੰਜਨ ਦੇ ਸੰਜਮ ਦਾ ਅਸੂਲ ਕੰਮ ਕਰਦਾ ਹੈ, ਜਿਹੜਾ ਗੁਰੂ ਨਾਨਕ ਦੇਵ ਜੀ ਨੇ ਬੜੇ ਢੰਗ ਸਹਿਤ ਪਰਚਾਰਿਆ ਹੈ।

## ਸੌਣ ਵਿੱਚ ਸੰਜਮ

ਗੁਰੂ ਨਾਨਕ ਦੇਵ ਜੀ ਕਿਰਤ ਕਰਨ ਵਾਲੇ ਮਨੁੱਖ ਵਿਚ ਕਿਸੇ ਪ੍ਰਕਾਰ ਦੀ ਆਲਸ-ਭਰੀ ਆਦਤ ਦਾ ਸਹਿਣ ਨਹੀਂ ਕਰਦੇ। ਆਪ ਬਹੁਤਾ ਸੌਣ ਨੂੰ ਸਭ ਤੋਂ ਵੱਡੀ

---

213. ਵਾਰ ਸਾਰੰਗ ਮ: 1, ਆਦਿ ਗ੍ਰੰਥ, ਪੰਨਾ 1243.

ਆਲਸ-ਭਰੀ ਆਦਤ ਸਮਝਦੇ ਹਨ। ਇਸ ਲਈ ਆਪ ਕਿਸੇ ਮਨੁੱਖ ਨੂੰ ਲੋੜ ਤੋਂ ਵੱਧ ਸੌਣ ਦੀ ਆਗਿਆ ਨਹੀਂ ਦਿੰਦੇ। ਆਪ ਹਰੇਕ ਮਨੁੱਖ ਨੂੰ ਸਮਝਾ ਦਿੰਦੇ ਹਨ ਕਿ ਅਸੰਜਮੀ ਤਰੀਕੇ ਨਾਲ ਸੌਣਾ ਜਿੱਥੇ ਮਨੁੱਖ ਨੂੰ ਕੰਮ ਕਰਨ ਤੋਂ ਰੋਕਦਾ ਹੈ, ਉਥੇ ਉਸ ਨੂੰ ਕਈ ਵਿਕਾਰਾਂ ਵਿੱਚ ਗਲਤਾਨ ਕਰ ਕੇ ਨਕਾਰਾ ਬਣਾ ਦਿੰਦਾ ਹੈ। ਇਸ ਲਈ ਆਪ ਸੌਣ ਵਿਚ ਅਸੰਜਮ ਵਰਤਣ ~~ਬਾਰੇ~~ ਵਿਰੁਧ ਇਹ ਦਰਸਾਉਂਦੇ ਹਨ :-

ਬਾਬਾ ਹੋਰੁ ਸਉਣਾ ਖੁਸੀ ਖੁਆਰੁ ॥
ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥[214]

ਗੁਰੂ ਜੀ ਬਹੁਤਾ ਖਾਣ ਅਤੇ ਬਹੁਤਾ ਸੌਣ ਵਿੱਚ ਅੰਤਰ-ਸੰਬੰਧ ਵੇਖਦੇ ਹਨ ਅਤੇ ਇਨ੍ਹਾਂ ਦੋਹਾਂ ਆਦਤਾਂ ਨੂੰ ਕਿਰਤਸ਼ੀਲ ਜੀਵਨ ਦੇ ਵਿਰੁਧ ਸਮਝਦੇ ਹਨ। ਇਸ ਲਈ, ਆਪ ਹਰੇਕ ਮਨੁੱਖ ਨੂੰ ਇਨ੍ਹਾਂ ਆਲਸ ਭਰੀਆਂ ਆਦਤਾਂ ਤੋਂ ਇਉਂ ਸਾਵਧਾਨ ਕਰਦੇ ਹਨ :-

ਰੈਣਿ ਗਵਾਈ ਸੋਇ ਕੈ ਦਿਵਸੁ ਗਵਾਇਆ ਖਾਇ ॥
ਹੀਰੇ ਜੈਸਾ ਜਨਮੁ ਹੈ ਕਉਡੀ ਬਦਲੇ ਜਾਇ ॥[215]

ਗੁਰੂ ਨਾਨਕ ਦੇਵ ਜੀ ਇਹ ਵਿਚਾਰ ਪਰਗਟਾਉਂਦੇ ਹਨ ਕਿ ਜਦ ਪਰਮਾਤਮਾ ਕਦੀ ਆਲਸੀ ਬਿਰਤੀ ਨਹੀਂ ਧਾਰਦਾ ਅਤੇ ਦਿਨ ਰਾਤ ਜਾਗਦਿਆਂ ਆਪਣੇ ਕਰਤਬ ਨਿਭਾਉਂਦਾ ਰਹਿੰਦਾ ਹੈ ਤਾਂ ਮਨੁੱਖ ਸਾਰੀ ਰਾਤ ਆਲਸ ਵਿਚ ਸੌਂ ਕੇ ਜੀਵਨ ਦੀ ਮੂਰਖਤਾ ਕਿਉਂ ਕਰਦਾ ਹੈ? ਇਸ ਲਈ ਆਪ ਆਪਣੇ ਆਪ ਨੂੰ ਸਮਝਾਉਂਦਿਆਂ ਅਸੰਜਮੀ ਨੀਂਦਰ ਵਿੱਚ ਗੁਆਰੇ ਹਰੇਕ ਮਨੁੱਖ ਨੂੰ ਸਮਝਾਉਂਦੇ ਹਨ :-

ਇਹੁ ਕਿਉ ਕੰਤ ਪਿਆਰੀ ਹੋਵਾ ॥
ਸਹੁ ਜਾਗੈ ਹਉ ਨਿਸ ਭਰਿ ਸੋਵਾ ॥[216]

ਗੁਰੂ ਨਾਨਕ ਦੇਵ ਜੀ ਇਹ ਵੀ ਦਸਦੇ ਹਨ ਕਿ ਕਿਰਤਹੀਣ ਅਮੀਰ ਬੰਦੇ ਬਹੁਤੀ ਨੀਂਦਰ ਲਿਆਣ ਲਈ ਸੁਖਾਲੀਆਂ, ਗਦਗਦੀਆਂ ਅਤੇ ਰੂੰ ਭਰੀਆਂ ਸੇਜਾਂ ਦੀ ਵਰਤੋ ਕਰਦੇ ਹਨ, ਪਰ ਇਹੋ ਜਿਹੀਆਂ ਸੇਜਾਂ ਉਤੇ ਆਣ ਵਾਲੀ ਨੀਂਦਰ, ਮਨੁੱਖ ਨੂੰ ਅਸਲ ਸੁੱਖ ਤੋਂ ਵੰਚਿਤ ਰੱਖ ਕੇ ਹਰ ਪ੍ਰਕਾਰ ਦੇ ਦੁੱਖਾਂ ਵਿੱਚ ਸੁੱਟ ਦਿੰਦੀ ਹੈ। [redacted]

---

214. ਸਿਰੀ ਰਾਗ ਮ: 1, ਆਦਿ ਗ੍ਰੰਥ, ਪੰਨਾ 17.
215. ਗਉੜੀ ਬੈਰਾਗੀ ਮ: 1, ਆਦਿ ਗ੍ਰੰਥ, ਪੰਨਾ 156.
216. ਆਸਾ ਮ: 1, ਆਦਿ ਗ੍ਰੰਥ, ਪੰਨਾ 356.

ਇਸ ਲਈ ਆਪ ਆਪਣੀ ਬਾਣੀ ਵਿਚ ਇਹੋ ਜਿਹੀ ਅਸੰਜਮੀ ਨਾਦਰ ਨੈਣ ਵਾਲੇ ਕਿਰਤਹੀਣ ਮਨੁੱਖਾਂ ਨੂੰ ਕਈ ਥਾਈਂ ਬੜੀ ਕਰੜੀ ਤਾੜਨਾ ਕਰਦੇ ਹਨ, ਜਿਵੇਂ:-

(1) ਦਰ ਘਰ ਮਹਲਾ ਸੇਜ ਸੁਖਾਲੀ॥
ਅਹਿਨਿਸਿ ਫੂਲ ਬਿਛਾਵੈ ਮਾਲੀ॥
ਬਿਨ ਹਰਿ ਨਾਮ ਸੁ ਦੇਹ ਦੁਖਾਲੀ॥[217]

(2) ਕਰਿ ਸੇਜ ਸੁਖਾਲੀ ਸੋਵੈ॥
ਹਥੀ ਪਉਦੀ ਕਾਹੇ ਰੋਵੈ॥[218]

ਇਉਂ, ਗੁਰੂ ਨਾਨਕ ਦੇਵ ਜੀ ਅਸੰਜਮੀ ਤਰੀਕੇ ਨਾਲ ਸੌਣ ਨੂੰ ਕਿਰਤੀ ਜੀਵਨ ਲਈ ਹਰ ਪੱਖ ਹਾਨੀਕਾਰਕ ਮੰਨਿਆਂ ਮਨੁੱਖ ਨੂੰ ਇਸ ਦੇ ਘਾਤਕ ਪਰਣਾਮਾਂ ਤੋਂ ਪੂਰੀ ਤਰ੍ਹਾਂ ਸੁਚੇਤ ਕਰ ਦਿੰਦੇ ਹਨ।

## ਭੋਗ ਵਿਲਾਸ ਵਿੱਚ ਸੰਜਮ

ਗੁਰੂ ਨਾਨਕ ਦੇਵ ਜੀ ਖਾਣ, ਪਹਿਨਣ, ਮਨੋਰੰਜਨ ਅਤੇ ਸੌਣ ਵਿੱਚ ਸੰਜਮ ਨੂੰ ਭੋਗ ਵਿਲਾਸ ਵਿਚ ਸੰਜਮ ਨਾਲ ਸੰਬੰਧਿਤ ਕਰਦੇ ਹਨ। ਆਪਜੀ ਦੇ ਵਿਚਾਰ ਅਨੁਸਾਰ, ਜਿਹੜਾ ਮਨੁੱਖ ਪਹਿਲੀਆਂ ਚਾਰ ਗੱਲਾਂ ਵਿਚ ਸੰਜਮ ਵਰਤਦਾ ਹੈ, ਉਹ ਭੋਗ ਵਿਲਾਸ ਵਿੱਚ ਵੀ ਅਵੱਸ਼ ਸੰਜਮ ਵਰਤਦਾ ਹੈ। ਇਸ ਦੇ ਵਿਪਰੀਤ, ਪਹਿਲੀਆਂ ਚਾਰ ਗੱਲਾਂ ਵਿੱਚ ਅਸੰਜਮ ਵਰਤਣ ਵਾਲਾ ਮਨੁੱਖ ਭੋਗ ਵਿਲਾਸ ਵਿਚ ਵੀ ਅਸੰਜਮ ਵਰਤਦਾ ਹੈ। ਗੁਰੂ ਜੀ ਇਸ ਗੱਲ ਵਿੱਚ ਵਿਸ਼ਵਾਸ ਰੱਖਦੇ ਹਨ ਕਿ ਆਪਣੇ ਕਾਰ ਵਿਹਾਰ ਵਿਚ ਰੁਝਿਆ ਹੋਇਆ ਕਿਰਤੀ ਮਨੁੱਖ ਜੀਵਨ ਦੇ ਹਰ ਖੇਤਰ ਵਿਚ ਸੰਜਮੀ ਮਾਰਗ ਉਤੇ ਚਲਦਾ ਹੈ, ਪਰ ਵਿਹਲਾ ਕਿਰਤ-ਹੀਣ ਮਨੁੱਖ ਜੀਵਨ ਦੇ ਕਿਸੇ ਖੇਤਰ ਵਿੱਚ ਵੀ ਸੰਜਮੀ ਮਾਰਗ ਉਤੇ ਨਹੀਂ ਚਲਦਾ। ਉਹ ਭੋਗ ਵਿਲਾਸ ਵਿਚ ਵੀ ਹਰ ਤਰ੍ਹਾਂ ਦਾ ਅਸੰਜਮ ਵਰਤਦਾ ਹੈ। ਇਸ ਦੇ ਪਰਿਣਾਮ ਸਰੂਪ ਉਹ ਕੇਵਲ ਆਪਣੀ ਆਤਮਕ ਉਨਤੀ ਵਿਚ ਹੀ ਰੁਕਾਵਟ ਨਹੀਂ ਪਾਉਂਦਾ, ਸਗੋਂ ਹਰ ਪ੍ਰਕਾਰ ਦੇ ਸਰੀਰਕ ਰੋਗ ਸਹੇੜ ਕੇ ਆਪਣੀ ਸਰੀਰਕ ਉਨਤੀ ਵੀ ਰੋਕ ਕੇ ਰੱਖ ਦਿੰਦਾ ਹੈ। ਗੁਰੂ ਜੀ ਉਸ ਦੀ ਸਰੀਰਕ ਅਤੇ ਆਤਮਕ ਦੁਰਦਸ਼ਾ ਇਉਂ ਬਿਆਨਦੇ ਹਨ:-

ਖਸਮੁ ਵਿਸਾਰਿ ਕੀਏ ਰਸ ਭੋਗ॥
ਤਾਂ ਤਨਿ ਉਠਿ ਖਲੋਏ ਰੋਗ॥[219]

---

217. ਗਉੜੀ ਮ:1, ਆਦਿ ਗ੍ਰੰਥ, ਪੰਨਾ 225.
218. ਮਾਰੂ ਮ:1, -ਉਹੀ- , ਪੰਨਾ 989.
219. ਮਲਾਰ ਮ:1, -ਉਹੀ- , ਪੰਨਾ 1256.

ਗੁਰੂ ਨਾਨਕ ਦੇਵ ਜੀ ਹਰ ਮਨੁੱਖ ਨੂੰ ਗ੍ਰਿਹਸਤ ਨਿਭਾਉਂਦਿਆਂ ਇਸ ਦੇ ਸੰਜਮੀ ਆਨੰਦ ਮਾਣਨ ਦੀ ਆਗਿਆ ਪ੍ਰਦਾਨ ਕਰਦੇ ਹਨ, ਪਰ ਆਪ ਉਸ ਨੂੰ ਭੋਗ ਵਿਲਾਸ ਵਿਚ ਖਚਿਤ ਹੋਣ ਦੀ ਕਿਤੇ ਵੀ ਆਗਿਆ ਨਹੀਂ ਦਿੰਦੇ। ਆਪ ਅਜਿਹੇ ਗ੍ਰਿਹਸਤ-ਤਿਆਗੀ ਦਾ ਵੀ ਬਲਵਾਨ ਖੰਡਣ ਕਰਦੇ ਹਨ, ਜਿਹੜਾ ਆਪਣੀ ਇਸਤਰੀ ਦਾ ਤਾਂ ਤਿਆਗ ਕਰ ਦਿੰਦਾ ਹੈ, ਪਰ ਪਰਾਈਆਂ ਇਸਤਰੀਆਂ ਵੱਲ, ਤੱਕ ਮਾਰਨ ਦੇ ਦੋਸ਼ ਤੋਂ ਨਹੀਂ ਬਚਦਾ। ਆਪ ਅਜਿਹੇ 'ਤਿਆਗੀ' ਮਨੁੱਖ ਨੂੰ ਸਭ ਤੋਂ ਵੱਡਾ ਪਾਪੀ ਅਤੇ ਪਾਖੰਡੀ ਸਮਝਦੇ ਹਨ, ਕਿਉਂਕਿ ਉਹ ਲੋਕਾਂ ਵਿੱਚ ਗ੍ਰਿਹਸਤ-ਤਿਆਗੀ ਹੋਣ ਦਾ ਵਿਖਾਵਾ ਕਰਦਿਆਂ ਲੁਕ ਛਿਪ ਕੇ ਭੋਗ ਵਿਲਾਸ ਵਿਚ ਖਚਿਤ ਹੋਇਆ ਰਹਿੰਦਾ ਹੈ। ਇਹੋ ਜਿਹੇ ਵਿਲਾਸੀ ਪਾਖੰਡੀ ਦਾ ਪਾਜ ਉਘੇੜਦਿਆਂ ਗੁਰੂ ਜੀ ਫ਼ਰਮਾਉਂਦੇ ਹਨ:-

ਹਾਥ ਕਮੰਡਲੁ ਕਾਪੜੀਆ ਮਨਿ ਤ੍ਰਿਸਨਾ ਉਪਜੀ ਭਾਰੀ।।
ਇਸਤ੍ਰੀ ਤਜਿ ਕਰ ਕਾਮਿ ਵਿਆਪਿਆ ਚਿਤੁ ਲਾਇਆ ਪਰ ਨਾਰੀ।।[220]

ਗੁਰੂ ਨਾਨਕ ਦੇਵ ਜੀ ਜਾਣਦੇ ਹਨ ਕਿ ਗ੍ਰਿਹਸਤ ਤਿਆਗੀ ਵਧੇਰੇ ਕਰ ਕੇ ਵਿਹਲਾ ਅਤੇ ਨਿਕੰਮਾ ਰਹਿੰਦਾ ਹੈ, ਇਸ ਲਈ ਉਹ ਆਪਣੇ ਵਿਚਾਰ ਕਦੀ ਵੀ ਪਵਿੱਤਰ ਨਹੀਂ ਰੱਖ ਸਕਦਾ ਅਤੇ ਭੋਗ ਵਿਲਾਸ ਦੇ ਅਪਵਿੱਤਰ ਵਿਚਾਰਾਂ ਬਾਰੇ ਹੀ ਸੋਚਦਾ ਰਹਿ ਜਾਂਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਸਿੱਧ ਕਰ ਦਿੱਤਾ ਹੈ ਕਿ ਉਹ ਕਿਰਤੀ ਮਨੁੱਖ ਜਿਹੜੇ ਆਪਣੀ ਕਿਰਤ ਕਮਾਉਂਦਿਆਂ ਭੋਗ ਵਿਲਾਸ ਵਿਚ ਸੰਜਮ ਵਰਤਦੇ ਹਨ, ਅਤੇ ਪਰਮਾਤਮਾ ਦਾ ਸੱਚਾ ਨਾਮ ਆਪਣੇ ਹਿਰਦੇ ਵਿਚ ਵਸਾਈ ਰੱਖਦੇ ਹਨ, ਇਸ ਦੁਨੀਆਂ ਅਤੇ ਅਗਲੀ ਦੁਨੀਆਂ ਵਿੱਚ ਹਰ ਪ੍ਰਕਾਰ ਦੇ ਸੁੱਖ ਪ੍ਰਾਪਤ ਕਰ ਕੇ ਆਪਣਾ ਲੋਕ ਪਰਲੋਕ ਸੰਵਾਰ ਲੈਂਦੇ ਹਨ। ਪਰ ਇਸ ਦੇ ਉਲਟ ਕਿਰਤਹੀਣ ਵਿਹਲੇ ਬੈਠੇ ਬੁਰੇ ਵਿਚਾਰਾਂ ਵਿੱਚ ਫੱਸ ਕੇ ਆਪਣਾ ਲੋਕ ਪਰਲੋਕ ਗਵਾ ਬਹਿੰਦੇ ਹਨ। ਡਾ: ਵਿਸ਼ਵਾਨਾਥ ਤਿਵਾੜੀ ਨੇ ਇਸ ਸੰਬੰਧੀ ਲਿਖਿਆ ਹੈ:-

"ਉਨ੍ਹਾਂ ਦੇ (ਗੁਰੂ ਨਾਨਕ ਦੇਵ ਦੇ) ਵਿਚਾਰ ਅਨੁਸਾਰ ਕੰਮ ਨਾ ਕਰਨਾ ਇਕ ਤਾਂ ਦੂਜਿਆਂ ਨਾਲ ਜ਼ਿਆਦਤੀ ਹੈ, ਫਿਰ ਵਿਹਲੜਾਂ ਦੇ ਮਨ ਕਦੇ ਵੀ ਸਾਫ਼, ਨਰੋਏ ਤੇ ਪਵਿੱਤਰ ਨਹੀਂ ਰਹਿ ਸਕਦੇ।"[221]

---

220. ਮਾਰੂ ਮ:1, ਆਦਿ ਗ੍ਰੰਥ, ਪੰਨਾ 1013.
221. "ਕ੍ਰਾਂਤੀਕਾਰੀ ਗੁਰੂ ਨਾਨਕ", ਪੰਨਾ 102.

# ਅਧਿਆਇ ਪੰਜਵਾਂ

## ਗੁਰੂ ਨਾਨਕ ਦੇਵ ਜੀ ਦੇ ਕਿਰਤ-ਸੰਕਲਪ ਦੀ ਵਿਲੱਖਣਤਾ (ਤੁਲਨਾਤਮਕ ਦ੍ਰਿਸ਼ਟੀਕੋਣ)

### (ੳ) ਹੋਰ ਧਰਮਾਂ ਦੇ ਕਿਰਤ-ਸੰਕਲਪਾਂ ਨਾਲ ਤੁਲਨਾ

1. ਹਿੰਦੂ ਧਰਮ ਵਿਚ ਕਿਰਤ-ਸੰਕਲਪ

(ਦੇਵਤਿਆਂ ਦੀ ਸੰਤੁਸ਼ਟੀ ਹਿਤ ਪੂਜਾ; ਜਾਤੀ-ਵੰਡ ਅਨੁਸਾਰ ਕਿਰਤ; ਭਗਵਦ ਗੀਤਾ ਵਿਚ ਕਾਰਜ-ਪ੍ਰੇਰਣਾ; ਬ੍ਰਾਹਮਣਵਾਦ ਦਾ ਪ੍ਰਬਲ ਪਰਭਾਵ; ਭਗਤੀ ਲਹਿਰ ਦੀ ਕਾਰਜਸ਼ੀਲ ਪ੍ਰੇਰਣਾ)

2. ਜੈਨ ਧਰਮ ਵਿੱਚ ਕਿਰਤ-ਸੰਕਲਪ

(ਸੰਪੂਰਣ ਗਿਆਨ ਉਤੇ ਬਲ; ਨਿਰੋਲ ਸ਼ੁੱਧਤਾ ਅਤੇ ਤੱਪ ਨਿਰਜਰ; ਸ਼ੁੱਧ ਸਰਬਗਤਾ ਦੀ ਪ੍ਰਾਪਤੀ, ਸਮਾਜਕ ਕਾਰਜਸ਼ੀਲਤਾਂ ਦੀ ਅਣਹੋਂਦ)

3. ਬੁੱਧ ਧਰਮ ਵਿੱਚ ਕਿਰਤ-ਸੰਕਲਪ

(ਵਿਅਕਤੀ-ਵੰਡ ਅਨੁਸਾਰ ਕਿਰਤ; ਕਰਮ ਨੈਤਿਕ ਅਸੂਲ; ਵਸਤੂ-ਰਹਿਤ ਜੀਵਨ)

4. ਈਸਾਈ ਧਰਮ ਵਿੱਚ ਕਿਰਤ-ਸੰਕਲਪ

(ਹਜ਼ਰਤ ਈਸਾ ਦੀ ਸ਼ੁੱਧ ਕਮਾਈ; ਈਸਾਈਆਂ ਲਈ ਵਿਸ਼ੇਸ਼ ਬਖਸ਼ਿਸ਼; ਲੋਕ-ਕੇਂਦਰਿਤ ਕਾਰਜਸ਼ੀਲਤਾ)

5. ਇਸਲਾਮ ਵਿਚ ਕਿਰਤ-ਸੰਕਲਪ

(ਜਮਾਤੀ ਪਧਰ ਤੇ ਨੇਕ ਕੰਮ; ਜਮਾਤੀ ਪਧਰ ਦੀ ਰੱਬੀ ਨਿਆਂਕਾਰੀ; ਇਨਸਾਨ ਲਈ ਖਲੀਫ਼ੇ ਦੀ ਪਦਵੀ)

### (ਅ) ਸਮੁੱਚੀ ਵਿਲੱਖਣਤਾ

(ਆਰਥਕ ਅਤੇ ਪਰਮਾਰਥਕ ਉਨਤੀ ਦਾ ਆਧਾਰ; ਕਿਰਤੀ ਹੀ 'ਆਦਰਸ਼ਕ ਮਨੁੱਖ')

## ਅਧਿਆਇ ਪੰਜਵਾਂ

### ਗੁਰੂ ਨਾਨਕ ਦੇਵ ਜੀ ਦੇ ਕਿਰਤ-ਸੰਕਲਪ ਦੀ ਵਿਲੱਖਣਤਾ (ਤੁਲਨਾਤਮਕ ਦ੍ਰਿਸ਼ਟੀਕੋਣ)

ਗੁਰੂ ਨਾਨਕ ਦੇਵ ਜੀ ਨੇ ਕਿਰਤ-ਸੰਕਲਪ ਉੱਤੇ ਅਧਿਕ ਬਲ ਦਿੰਦਿਆਂ ਇਸ ਨੂੰ ਗੁਰਮਤਿ ਦੇ ਮੌਲਿਕ ਅਸੂਲਾਂ ਦਾ ਆਧਾਰ ਬਣਾ ਦਿੱਤਾ ਹੈ। ਕਿਸੇ ਹੋਰ ਧਰਮ ਵਿੱਚ ਇਸ ਸੰਕਲਪ ਉੱਤੇ ਇਨਾ ਅਧਿਕ ਬਲ ਨਹੀਂ ਦਿੱਤਾ ਗਿਆ। ਪਰ, ਫਿਰ ਵੀ ਇਹ ਵੇਖਣ ਦੀ ਬੜੀ ਆਵੱਸ਼ਕਤਾ ਹੈ ਕਿ ਹੋਰ ਧਰਮਾਂ ਵਿੱਚ ਇਸ ਸੰਕਲਪ ਨੂੰ ਕਿਨੀ ਮਹੱਤਤਾ ਪ੍ਰਾਪਤ ਹੈ। ਇਸ ਦੇ ਨਾਲ ਹੀ ਇਹ ਜਾਣਨ ਦੀ ਵੀ ਬੜੀ ਆਵੱਸ਼ਕਤਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਕਿਰਤ-ਸੰਕਲਪ ਅਤੇ ਹੋਰ ਧਰਮਾਂ ਦੇ ਕਿਰਤ ਸੰਕਲਪਾਂ ਵਿਚ ਕੀ ਅੰਤਰ ਹੈ, ਅਰਥਾਤ ਗੁਰੂ ਜੀ ਦੇ ਕਿਰਤ ਸੰਕਲਪ ਦੀ ਕੀ ਵਿਲੱਖਣਤਾ ਹੈ?

### (ੳ) ਹੋਰ ਧਰਮਾਂ ਦੇ ਕਿਰਤ-ਸੰਕਲਪਾਂ ਨਾਲ ਤੁਲਨਾ

ਗੁਰੂ ਨਾਨਕ ਦੇਵ ਜੀ ਵੱਲੋਂ ਗੁਰਮਤਿ ਦਾ ਸੰਚਾਰ ਕਰਨ ਤੋਂ ਪਹਿਲੇ ਮਹਾਂਦੀਪ ਏਸ਼ੀਆ ਵਿੱਚ ਮਨੁੱਖਤਾ ਦੀ ਅਗਵਾਈ ਕਰਨ ਵਾਲੇ ਪੰਜ ਮਹਾਨ ਧਰਮ ਹੋਏ ਹਨ :- ਹਿੰਦੂ ਧਰਮ, ਜੈਨ ਧਰਮ, ਬੁੱਧ ਧਰਮ, ਈਸਾਈ ਧਰਮ ਅਤੇ ਇਸਲਾਮ ਧਰਮ। ਇਹਨਾਂ ਧਰਮਾਂ ਦਾ ਇਹ ਕ੍ਰਮ ਇਨ੍ਹਾਂ ਦੇ ਉਦੇ ਹੋਣ ਦੇ ਮਿੱਤੀਵਾਰ ਕ੍ਰਮ ਅਨੁਸਾਰ ਹੈ। ਇਸ ਲਈ, ਇਥੇ ਇਸੇ ਕ੍ਰਮ ਨੂੰ ਮੁੱਖ ਰੱਖਦਿਆਂ ਇਹਨਾਂ ਧਰਮਾਂ ਅਤੇ ਗੁਰਮਤਿ ਵਿਚਲੇ ਕਿਰਤ ਸੰਕਲਪ ਦਾ ਤੁਲਨਾਤਮਕ ਅਧਿਐਨ ਕੀਤਾ ਜਾਂਦਾ ਹੈ।

### 1 - ਹਿੰਦੂ ਧਰਮ ਵਿੱਚ ਕਿਰਤ-ਸੰਕਲਪ

ਹਿੰਦੂ ਧਰਮ ਭਾਰਤ ਵਿੱਚ ਉਦੇ ਹੋ ਕੇ ਵਧੇਰੇ ਕਰ ਕੇ ਇਸੇ ਦੇਸ਼ ਤੱਕ ਹੀ ਸੀਮਤ ਰਿਹਾ। ਇਸ ਦਾ ਸੰਸਾਰ ਦੇ ਹੋਰ ਦੇਸ਼ਾਂ ਵਿੱਚ ਨਾ ਫੈਲ ਸਕਣ ਦਾ ਮੁੱਖ-ਕਾਰਣ ਇਹ ਹੈ ਕਿ ਇਸ ਵਿਚ ਕਿਰਤ ਅਤੇ ਕਾਰਜਸ਼ੀਲਤਾ ਦੇ ਥਾਂ ਕਾਰਜਹੀਣ ਪੂਜਾ ਪਾਠ ਅਤੇ ਧਾਰਮਕ ਰਸਮ ਪੂਰਤੀ ਉੱਤੇ ਵਧੇਰੇ ਬਲ ਦਿੱਤਾ ਹੋਇਆ ਹੈ।

#### ਦੇਵਤਿਆਂ ਦੀ ਸੰਪੂਰਣ-ਚਿਤ ਪੂਜਾ

ਹਿੰਦੂ ਧਰਮ ਵਿੱਚ ਆਪਣੇ ਇਸ਼ਟ ਦੇਵ ਦੀ ਸੰਪੂਰਣ-ਚਿਤ ਪੂਜਾ ਨੂੰ ਮਾਨਵ ਜੀਵਨ

ਦਾ ਸਰਵੋਤਮ ਉਦੇਸ਼ ਮੰਨਿਆ ਗਿਆ ਹੈ ਅਤੇ ਇਸ ਨੂੰ ਨਿਤਾਪ੍ਰਤੀ ਕਿਰਤ ਜਾਂ ਸੰਸਾਰੀ ਕਾਰ-ਵਿਹਾਰ ਨਾਲੋਂ ਵਧੇਰੇ ਉੱਤਮ ਦਰਜਾ ਦਿੱਤਾ ਗਿਆ ਹੈ। ਇਸ ਵਿੱਚ ਧਾਰਮਕ ਪੂਜਾ ਅਤੇ ਸੰਸਾਰੀ ਕਿਰਤ ਨੂੰ ਪਰਸਪਰ ਵਿਰੋਧੀ ਕਿਰਿਆਵਾਂ ਸਮਝਿਆ ਗਿਆ ਹੈ ਅਤੇ ਇਨ੍ਹਾਂ ਦੋਹਾਂ ਵਿਚ ਕੋਈ ਅੰਤਰ-ਸੰਬੰਧ ਨਹੀਂ ਮੰਨਿਆ ਗਿਆ।

ਵੈਦਕ ਕਾਲ ਦੇ ਹਿੰਦੂ ਧਰਮ ਵਿੱਚ ਕੇਵਲ ਇਕ ਪਰਮਾਤਮਾ ਦੀ ਪੂਜਾ ਕੀਤੀ ਜਾਂਦੀ ਸੀ ਅਤੇ ਇਸ ਪੂਜਾ ਲਈ ਜੀਵਨ ਅਰਪਿਤ ਕਰਨਾ ਉੱਤਮ ਉਦੇਸ਼ ਮੰਨਿਆ ਜਾਂਦਾ ਸੀ। ਪਰ, ਇਸ ਮਗਰੋਂ ਸਹਿਜੇ ਸਹਿਜੇ ਕਈ ਦੇਵੀ ਦੇਵਤਿਆਂ ਨੂੰ, ਪਰਮਾਤਮਾ ਦੇ ਪ੍ਰਤਿਨਿਧ ਸਮਝ ਕੇ ਪੂਜਣਯੋਗ ਇਸ਼ਟ ਦੇਵ ਮੰਨ ਲਿਆ ਗਿਆ। ਹਰੇਕ ਧਰਮੀ ਪੁਰਸ਼ ਆਪਣੇ ਆਪਣੇ ਇਸ਼ਟ ਦੇਵ ਦੀ ਸੰਪੂਰਣ-ਭਗਤ ਪੂਜਾ ਨੂੰ ਹੀ ਜੀਵਨ ਦਾ ਮੁੱਖ ਉਦੇਸ਼ ਸਮਝਣ ਲੱਗਾ। ਇਹ ਪੂਜਾ ਉਸ ਮਨੁੱਖ ਤੋਂ ਹਰ ਪ੍ਰਕਾਰ ਦੀ ਕਿਰਤ ਅਤੇ ਸੰਸਾਰੀ ਕਾਰਵਿਹਾਰ ਦਾ ਤਿਆਗ ਮੰਗਣ ਲੱਗੀ। ਇਹ ਹਿੰਦੂ ਧਰਮ ਦੀ 'ਪੂਜਾ-ਸਾਧਨਾ' ਅਖਵਾਣ ਲੱਗ ਪਈ ਅਤੇ ਇਸ ਵਿੱਚ ਪ੍ਰਪੱਕਤਾ ਪ੍ਰਾਪਤ ਕਰਨ ਦੇ ਚਾਹਵਾਨ ਮਨੁੱਖ ਹੋਰ ਸਭ ਕਾਰਜਸ਼ੀਲਤਾ ਤਿਆਗ ਕੇ ਇਸੇ ਲੇਖੇ ਹੀ ਰਹਿ ਗਏ। ਉਹ ਇਸ 'ਸਾਧਨਾ' ਨੂੰ ਆਪਣੀ ਸਭ ਜੀਵਨ-ਸ਼ਕਤੀ ਅਰਪਨ ਕਰ ਕੇ ਸੰਸਾਰੀ ਕਾਰ-ਵਿਹਾਰ ਤੇ ਬਿਲਕੁਲ ਮੂੰਹ ਮੋੜ ਬੈਠੇ ਅਤੇ [illegible] ਰਸਮੀ ਕਾਰਜਹੀਣਤਾ ਵਿੱਚ ਲੀਨ ਹੋ ਕੇ ਆਤਮ-ਨਿਰਭਰਤਾ ਤੋਂ ਹੱਥ ਧੋ ਬੈਠੇ। ਅਜਿਹੇ ਧਰਮੀ ਮਨੁੱਖਾਂ ਨੇ ਕਿਰਤ ਰਾਹੀਂ ਪ੍ਰਾਪਤ ਹੋਣ ਵਾਲੀ ਆਤਮ-ਨਿਰਭਰਤਾ ਨੂੰ ਜਾਣ ਬੁਝ ਕੇ ਪਛਵਾੜੇ ਵਿੱਚ ਸੁੱਟ ਦਿੱਤਾ। ਆਚਾਰੀਆ, ਚਤੁਰਵੇਦੀ ਪਰਸ਼ੂਰਾਮ ਨੇ ਇਹਨਾਂ ਦੀ ਇਸ ਅਵਸਥਾ ਦਾ ਇਉਂ ਵਰਣਨ ਕੀਤਾ ਹੈ:-

> "ਪੂਜਾ ਸਾਧਨਾ ਕੀ ਯਹ ਏਕ ਵਿਸ਼ੇਸ਼ਤਾ ਰਹੀ ਹੈ ਕਿ ਇਸ ਕੇ ਦੁਆਰਾ ਭਗਤ ਨੇ ਅਪਨੇ ਅਪਨੇ ਇਸ਼ਟ-ਦੇਵ ਕੋ ਪ੍ਰਸੰਨ ਕਰ ਕੇ ਉਸ ਕਾ ਅਨੁਗ੍ਰਹਿ ਪਾਨਾ ਚਾਹਾ।..... ਇਸ ਪ੍ਰਸਾਦ ਯਾ ਅਨੁਗ੍ਰਹਿ ਕੇ ਲੀਏ ਯਤਨ ਕਰਨਾ ਭਗਤ ਅਪਣਾ ਕਰਤਵ ਸਮਝਤਾ ਥਾ ਔਰ ਉਸੇ ਇਸੀ ਕਾਰਣ ਕਭੀ ਕਭੀ ਆਤਮ-ਨਿਰਭਰਤਾ ਕਾ ਭਾਨ ਨਹੀਂ ਮਿਲ ਪਾਤਾ ਥਾ। ਉਸ ਨੇ ਨਿਵਿਰਤੀ ਮਾਰਗੀ ਬਣ ਕਰ ਨਿਸ਼ਕ੍ਰਮ ਕੀ ਭਾਵਨਾ [illegible] ਹੀ ਵਿਸ਼ਵਾਸ ਕਰ ਲੀਆ।"[1]

---

1. "ਸੰਤ ਸਾਹਿਤ ਕੇ ਪ੍ਰੇਰਣਾ ਸ੍ਰੋਤ", ਪੰਨਾ 156 (ਦਿੱਲੀ, ਰਾਜਪਾਲ ਐਂਡ ਸੰਨਜ਼), 1975.

ਇਸ ਤੋਂ ਪਤਾ ਲੱਗਦਾ ਹੈ ਕਿ ਇਸ਼ਟ ਦੇਵ ਦੀ ਪੂਜਾ ਸਾਧਨਾ ਲਈ ਤਿੰਨ ਗੱਲਾਂ ਜ਼ਰੂਰੀ ਸਮਝੀਆਂ ਜਾਂਦੀਆਂ ਸਨ - ਇਕ, ਆਪਣੇ ਇਸ਼ਟ-ਦੇਵ ਦੀ ਸੰਪੂਰਣ-ਚਿਤ ਪੂਜਾ, ਦੂਜੀ, ਹੋਰ ਹਰ ਪ੍ਰਕਾਰ ਦੇ ਸੰਸਾਰੀ ਕਾਰ ਵਿਹਾਰ ਦਾ ਤਿਆਗ; ਤੀਜੀ, ਨਿਵਿਰਤੀ ਜੀਵਨ-ਮਾਰਗ ਧਾਰਨ ਕਰਨਾ।

ਇਸ ਦੇ ਟਾਕਰੇ ਉੱਤੇ ਗੁਰੂ ਨਾਨਕ ਦੇਵ ਜੀ ਨੇ ਕੇਵਲ ਇਕ ਅਕਾਲ ਪੁਰਖ ਨੂੰ ਪੂਜਾ-ਯੋਗ ਮੰਨਿਆ, ਉਸ ਦੇ ਨਾਮ ਸਿਮਰਨ ਉੱਤੇ ਬਲ ਦਿੱਤਾ। ਪਰ ਉਸ ਦੀ ਸੰਪੂਰਣ-ਚਿਤ ਪੂਜਾ ਦਾ ਕਿਤੇ ਵੀ ਉਪਦੇਸ਼ ਨਹੀਂ ਦਿੱਤਾ। ਆਪ ਜੀ ਨੇ ਦਰਸਾਇਆ ਹੈ ਕਿ ਸੰਸਾਰ ਦੇ ਸਭ ਕਾਰ ਵਿਹਾਰ ਕਰਦਿਆਂ ਪ੍ਰਭੂ-ਸਿਮਰਨ ਦਾ ਕਰਤਵ ਪੂਰੀ ਤਰ੍ਹਾਂ ਨਿਭਾਇਆ ਜਾ ਸਕਦਾ ਹੈ। ਇਸ ਦੇ ਨਾਲ ਹੀ ਆਪ ਜੀ ਨੇ ਗ੍ਰਿਹਸਤ ਧਰਮ ਜਾਂ ਪਰਵਿਰਤੀ ਜੀਵਨ-ਮਾਰਗ ਨੂੰ ਪ੍ਰਭੂ-ਪੂਜਾ ਦੇ ਰਾਹ ਵਿਚ ਕਿਤੇ ਵੀ ਰੁਕਾਵਟ ਨਹੀਂ ਮੰਨਿਆ, ਸਗੋਂ ਆਪ ਨੇ ਹਰ ਪ੍ਰਕਾਰ ਦੀ ਸੰਸਾਰੀ ਕਿਰਤ ਕਰਨ ਨੂੰ ਪ੍ਰਭੂ-ਪੂਜਾ ਦੇ ਕੰਮ ਵਿਚ ਸਹਾਇਕ ਮੰਨਿਆ ਹੈ। ਇਹੀ ਆਪ ਜੀ ਦੇ ਕਿਰਤ-ਸੰਕਲਪ ਦੀ ਵਿਲੱਖਣਤਾ ਹੈ ਕਿ ਕਿਰਤ ਨੂੰ ਸੰਸਾਰੀ ਉਨਤੀ ਦੇ ਨਾਲ ਨਾਲ ਆਤਮਕ ਵਿਕਾਸ ਦਾ ਸਾਧਨ ਵੀ ਬਣਾ ਦਿੱਤਾ ਗਿਆ ਹੈ। ਇਸ ਸੰਕਲਪ ਅਨੁਸਾਰ ਕਿਰਤ ਮਨੁੱਖ ਨੂੰ ਜੀਵਨ ਵਿੱਚ ਆਤਮ-ਨਿਰਭਰਤਾ ਦਾ ਬਲ ਪ੍ਰਦਾਨ ਕਰਦਿਆਂ ਅਧਿਆਤਮਕ ਬਲ ਨਾਲ ਵੀ ਭਰਪੂਰ ਕਰ ਦਿੰਦੀ ਹੈ।

## ਜਾਤੀ-ਵੰਡ ਅਨੁਸਾਰ ਕਿਰਤ

ਹਿੰਦੂ ਧਰਮ ਦੀ ਮਰਯਾਦਾ ਅਨੁਸਾਰ, ਮਨੁੱਖਾਂ ਦੇ ਕੰਮ ਉਨ੍ਹਾਂ ਦੀਆਂ ਜਾਤੀਆਂ ਅਨੁਸਾਰ ਵੰਡੇ ਹੋਏ ਸਨ। ਇਸ ਅਨੁਸਾਰ ਪੂਜਾ ਪਾਠ ਕਰਨ ਵਾਲੇ ਧਰਮੀ ਵਿਅਕਤੀਆਂ ਨੂੰ ਕੇਵਲ ਪੂਜਾ ਪਾਠ ਦਾ ਕੰਮ ਹੀ ਕਰਨਾ ਪੈਂਦਾ ਸੀ। ਉਨ੍ਹਾਂ ਦੀ ਆਹਾਰ-ਪ੍ਰਾਪਤੀ ਲਈ ਭੋਜਨ, ਪਦਾਰਥ ਉਪਜਾਣਾ ਹੋਰ ਮਨੁੱਖਾਂ ਦਾ ਕੰਮ ਸਮਝਿਆ ਜਾਂਦਾ ਸੀ। ਇਉਂ, ਹਿੰਦੂ ਧਰਮ ਵਿੱਚ ਵੱਖ ਵੱਖ ਕੰਮ ਕਰਨ ਵਾਲੇ ਵਿਅਕਤੀਆਂ ਦੀਆਂ ਵੱਖ ਵੱਖ ਜਾਤੀਆਂ ਨਿਸ਼ਚਿਤ ਹੋ ਗਈਆਂ ਅਤੇ ਜਾਤੀ-ਵੰਡ ਹੋਂਦ ਵਿਚ ਆ ਗਈ। ਮਨੂੰ ਸਵਾਮੀ ਨੇ ਇਸ ਜਾਤੀ ਵੰਡ ਨੂੰ ਹੋਰ ਪੱਕਿਆਂ ਕਰ ਦਿੱਤਾ ਅਤੇ ਕੋਈ ਵਿਅਕਤੀ ਆਪਣੀ ਜਾਤੀ ਦਾ ਨਿਸ਼ਚਿਤ ਕੰਮ ਤਿਆਗ ਕੇ ਕਿਸੇ ਹੋਰ ਜਾਤੀ ਦਾ ਕੰਮ ਨਹੀਂ ਸੀ ਅਪਣਾ ਸਕਦਾ। ਮਨੂੰ ਨੇ ਹਰੇਕ ਜਾਤੀ ਦੀ ਸਮਾਜਕ ਪਦਵੀ ਵੀ ਪੱਕੀ ਤਰ੍ਹਾਂ ਨਿਸ਼ਚਿਤ ਕਰ ਦਿੱਤੀ। ਉਸ ਨੇ ਹੱਥੀ ਕੰਮ ਕਰਨ ਵਾਲੇ ਕਿਰਤੀਆਂ ਦੀ ਸਭ ਤੋਂ ਨੀਵੀਂ ਪਦਵੀ ਨਿਸ਼ਚਿਤ ਕੀਤੀ।

ਉਸ ਨੇ ਗ੍ਰਿਹਸਤ ਧਰਮ ਜਾਂ ਪਰਵਿਰਤੀ ਜੀਵਨ-ਮਾਰਗ ਨੂੰ ਪ੍ਰਭੂ-ਪੂਜਾ ਦੇ ਰਾਹ ਵਿੱਚ ਰੁਕਾਵਟ ਸਮਝਿਆ ਅਤੇ ਕਿਰਤ ਨੂੰ ਧਰਮ ਦੇ ਉਲਟ ਮੰਨਿਆ। ਉਸ ਨੇ ਕਿਰਤੀ ਨੂੰ 'ਸੂਦਰ' ਕਹਿ ਕੇ ਧਿਕਾਰਿਆ। ਕਿਸੇ ਸੂਦਰ ਨੂੰ ਵੇਦ-ਬਾਣੀ ਪੜ੍ਹਣ ਸੁਣਨ ਜਾਂ ਪੂਜਾ ਪਾਠ ਕਰਨ ਦਾ ਕੋਈ ਅਧਿਕਾਰ ਨਾ ਦਿੱਤਾ ਗਿਆ। ਉਹ ਕਿਸੇ ਰੂਪ ਵਿੱਚ ਵੀ ਇਹ ਅਧਿਕਾਰ ਨਹੀਂ ਸੀ ਮਾਣ ਸਕਦਾ। 'ਐਨਸਾਈਕਲੋਪੀਡੀਆ ਆਫ ਰਿਲੀਜਨ ਐਂਡ ਐਥਿਕਸ' ਵਿੱਚ ਵੀ ਸੂਦਰ ਦੀ ਦੁਰਦਸ਼ਾ ਦਰਸਾਉਣ ਵਾਲਾ ਇਹ ਹਵਾਲਾ ਲਿਖਿਆ ਮਿਲਦਾ ਹੈ:-

> "ਵੇਦ-ਪਾਠ ਸੁਣਨਾ ਉਸ ਲਈ (ਸੂਦਰ ਲਈ) ਵਿਵਰਜਿਤ ਹੈ। ਜੇ ਉਹ ਜਾਣ ਬੁੱਝ ਕੇ ਸੁਣਦਾ ਹੈ ਤਾਂ ਉਸ ਦੇ ਕੰਨ ਬੰਦ ਕਰ ਦਿੱਤੇ ਜਾਣ; ਜੇ ਉਚਾਰਣ ਕਰਦਾ ਹੈ ਤਾਂ ਜ਼ਬਾਨ ਕੱਟ ਦਿੱਤੀ ਜਾਵੇ ਤੇ ਜੇ ਯਾਦ ਕਰਦਾ ਹੈ ਤਾਂ ਉਸ ਦੇ ਸਰੀਰ ਦੇ ਟੁਕੜੇ ਟੁਕੜੇ ਕਰ ਦਿੱਤੇ ਜਾਣ।"[2]

ਹਿੰਦੂ ਧਰਮ ਦੇ ਇਸ ਪਰੰਪਰਕ ਜਾਤੀ ਵਿਤਕਰੇ ਤੋਂ ਅਨੇਕ ਲਾਭ ਉਠਾਉਂਦਿਆਂ ਪੂਜਾ ਪਾਠ ਕਰਨ ਵਾਲੇ ਉੱਚ-ਜਾਤੀ ਦੇ ਵਿਅਕਤੀ ਆਪਣੇ ਆਪ ਨੂੰ ਹੋਰ ਮਨੁੱਖਾਂ ਨਾਲੋਂ ਵਧੇਰੇ ਉੱਤਮ ਸਮਝ ਕੇ ਹੱਥੀਂ ਕਿਰਤ ਕਰਨ ਨੂੰ ਆਪਣਾ ਅਪਮਾਨ ਸਮਝਣ ਲੱਗ ਪਏ। ਉਹ ਦੂਜਿਆਂ ਦੀ ਕਿਰਤ ਕਮਾਈ ਉੱਤੇ ਜੀਵਨ-ਨਿਰਬਾਹ ਕਰਨ ਨੂੰ ਆਪਣਾ ਵਿਸ਼ੇਸ਼ ਅਧਿਕਾਰ ਸਮਝਣ ਲੱਗੇ ਅਤੇ ਹਰ ਪ੍ਰਕਾਰ ਦੇ ਕਿਰਤ-ਤਿਆਗ ਵਿੱਚ ਅਨੋਖੀ ਵਡਿਆਈ ਅਨੁਭਵ ਕਰਨ ਲੱਗੇ। ਇਸ ਤਰ੍ਹਾਂ, ਉਨ੍ਹਾਂ ਨੇ ਕਾਰਜ-ਹੀਣ ਜੀਵਨ ਨੂੰ ਧਾਰਮਿਕ ਉੱਚਤਾ ਦਾ ਰੂਪ ਦੇ ਕੇ ਹਿੰਦੂ ਧਰਮ ਨੂੰ ਕਾਰਜਹੀਣਤਾ ਦੀ ਲਪੇਟ ਵਿਚ ਜਕੜ ਕੇ ਰੱਖ ਦਿੱਤਾ।

ਇਸ ਦੇ ਵਿਪਰੀਤ, ਗੁਰੂ ਨਾਨਕ ਦੇਵ ਜੀ ਨੇ ਕਿਸੇ ਪ੍ਰਕਾਰ ਦੀ ਜ਼ਾਤੀ-ਵੰਡ ਨੂੰ ਸਵੀਕਾਰ ਨਹੀਂ ਕੀਤਾ। ਨਾ ਹੀ ਆਪ ਵੱਖ ਵੱਖ ਜਾਤੀਆਂ ਦੇ ਮਨੁੱਖਾਂ ਲਈ ਵਿਸ਼ੇਸ਼ ਨਿਸ਼ਚਿਤ ਕੰਮਾਂ ਦੀ ਵੰਡ ਨੂੰ ਸਵੀਕਾਰਦੇ ਹਨ। ਆਪ ਕਿਸੇ ਵਿਸ਼ੇਸ਼ ਜ਼ਾਤੀ ਦੀ ਉੱਚ-ਪਦਵੀ ਨੂੰ ਪਰਵਾਨਦਿਆਂ ਉਸ ਨਾਲ ਸੰਬੰਧਿਤ ਮਨੁੱਖਾਂ ਨੂੰ ਕਿਰਤ ਕਰਨ ਤੋਂ ਉੱਚਾ ਨਹੀਂ ਮੰਨਦੇ। ਆਪ ਕਿਰਤ ਦੀ ਪੂਰੀ ਮਹੱਤਤਾ ਪਰਵਾਨਦਿਆਂ ਸਭ ਮਨੁੱਖਾਂ ਲਈ ਕਿਰਤ ਕਰਨਾ ਅਨਿਵਾਰੀ ਸਮਝਦੇ ਹਨ। ਇਉਂ, ਆਪ ਜੀ ਦਾ ਕਿਰਤ-ਸੰਕਲਪ ਸਭ ਮਨੁੱਖਾਂ ਲਈ ਇਕ ਸਮਾਨ ਮਹੱਤਤਾ ਰੱਖਦਾ ਹੈ ਅਤੇ ਸਭ ਨੂੰ ਕਾਰਜਸ਼ੀਲਤਾ ਦੀ

---

2. Enyolopaedia of Heligion and Ethios' Vol.11th. P.915.

ਇਕੋ ਜਿਹੀ ਪ੍ਰੇਰਣਾ ਪ੍ਰਦਾਨ ਕਰਦਾ ਹੈ।

## ਭਗਵਤ ਗੀਤਾ ਵਿਚ ਕਾਰਜ-ਪ੍ਰੇਰਣਾ

ਹਿੰਦੂ ਧਰਮ ਨੂੰ ਕਾਰਜਹੀਣਤਾ ਦੀ ਦਲਦਲ ਵਿਚੋਂ ਕੱਢਣ ਦਾ ਪ੍ਰਥਮ ਯਤਨ ਸ੍ਰੀ ਕ੍ਰਿਸ਼ਨ ਭਗਵਾਨ ਨੇ ਗੀਤਾ-ਉਪਦੇਸ਼ ਰਾਹੀਂ ਕੀਤਾ। ਆਪ ਨੇ ਰਣ-ਖੇਤਰ ਵਿੱਚ ਅਰਜਨ ਨੂੰ ਦਿੱਤੇ ਹੋਏ ਉਪਦੇਸ਼ ਰਾਹੀਂ ਸਮੁੱਚੀ ਕਾਰਜਚੋਰ ਹਿੰਦੂ ਜਨਤਾ ਨੂੰ ਕਾਰਜਸ਼ੀਲਤਾ ਦਾ ਉਪਦੇਸ਼ ਦਿੱਤਾ। ਆਪ ਨੇ 'ਕਰਮ' ਨੂੰ [redacted] 'ਨਿਸ਼ਕਰਮ' ਤੋਂ ਵਧੇਰੇ ਉੱਤਮ ਸਿੱਧ ਕਰਨ ਲਈ ਅਰਜਨ ਨੂੰ ਇਹ ਉਪਦੇਸ਼ ਦਿੱਤਾ:-

> "ਕਰਮ ਨੂੰ ਜੀਵਨ ਲਈ ਅਨਿਵਾਰੀ ਸਮਝ ਕੇ ਆਪਣੇ ਆਪ ਨੂੰ ਸਦਾ ਇਸ ਵਿੱਚ ਲਗਾ ਕੇ ਰੱਖ, ਕਿਉਂਕਿ ਕਰਮ ਨਿਸ਼ਕਰਮ ਤੋਂ ਵਧੇਰੇ ਉੱਤਮ ਹੈ। ਨਿਸ਼ਕਰਮੀ ਰਹਿ ਕੇ ਤਾਂ ਤੂੰ ਆਪਣੇ ਸਰੀਰ ਦੀ ਉਚਿਤ ਸੰਭਾਲ ਵੀ ਨਹੀਂ ਕਰ ਸਕਦਾ।"[3]

ਸ੍ਰੀ ਕ੍ਰਿਸ਼ਨ ਭਗਵਾਨ ਹਰੇਕ ਮਨੁੱਖ ਲਈ ਸਦੀਵ ਕਾਲ ਵਿਚ ਨਿਰੰਤਰ ਕਰਮ ਕਰਨਾ ਇਸ ਲਈ ਅਨਿਵਾਰੀ ਸਮਝਦੇ ਹਨ ਕਿ ਮਨੁੱਖ ਸਦਾ ਜੁਗਾਂਤਰਾਂ ਤੋਂ ਨਿਰੰਤਰ ਕਰਮ ਕਰਦਾ ਚਲਿਆ ਆ ਰਿਹਾ ਹੈ ਅਤੇ ਕਰਮ ਕਰਨਾ ਪਰੰਪਰਾ ਤੇ ਉਸ ਦੇ ਸੁਭਾ ਦਾ ਅੰਗ ਬਣ ਚੁੱਕਾ ਹੈ। ਸਮੁੱਚਾ ਮਾਨਵ-ਵਿਕਾਸ ਮਨੁੱਖ ਦੇ ਕਰਮ ਕਰਨ ਵਾਲੇ ਸੁਭਾ ਉਤੇ ਹੀ ਨਿਰਭਰ ਹੈ। ਇਸ ਲਈ, ਉਸ ਨੂੰ ਕਿਸੇ ਸਮੇਂ ਵੀ ਕਾਰਜਚੋਰ ਰਹਿ ਕੇ ਮਾਨਵ-ਵਿਕਾਸ ਦੀ ਨਿਰੰਤਰ ਚਾਲ ਵਿਚ ਵਿਘਨ ਪਾਣ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ। ਇਸ ਸੰਬੰਧੀ ਆਪ ਭਗਵਤ ਗੀਤਾ ਵਿਚ ਫਰਮਾਉਂਦੇ ਹਨ:-

> "ਮਾਨਵ ਵਿਕਾਸ ਦੇ ਭੇਦ ਨੂੰ ਜਾਣਦਿਆਂ ਪੁਰਾਤਨ ਸਮੇਂ ਦੇ ਸਭ ਜਗਿਆਸੂ ਲੋਕ ਨਿਰੰਤਰ ਕਰਮ ਕਰਦੇ ਰਹਿੰਦੇ ਸਨ। ਇਸ ਲਈ ਤੂੰ ਵੀ ਉਵੇਂ ਹੀ ਕਰਮ ਕਰ ਕੇ ਵਿਖਾ, ਜਿਵੇਂ ਪੁਰਾਤਨ ਸਮੇਂ ਤੇ ਸਭ ਬੁੱਧੀਮਾਨ ਪੁਰਸ਼ ਕਰਮ ਕਰਦੇ ਆਏ ਹਨ।"[4]

---

3. Niyatam Kuru Karma Tvam Karma Jyayo hy akarmanah, Sarirayatra'pi ca te na prasiddhyed akarmanah 11 'Bhagwad Gita Chapter 3, Sloka 8- ('The Bhagwad Gita'- Shri Rama Krishna Tapovanam, Tirupparaitturai), P-220. Ed. 1977.
4. Evam jnatva Krtam Karma purvair api mumuksubhih kuru karmai,va tasmat tvam purvaih purvataram krtam" Ibid. Chapter 4, Sloka 15 (Idbid, P. 286).

ਸ੍ਰੀ ਕ੍ਰਿਸ਼ਨ ਭਗਵਾਨ ਨੇ ਭਗਵਤ ਗੀਤਾ ਵਿਚ 'ਯੋਗ' ਦੇ ਅਸਲ ਅਰਥ ਸਮਝਾਏ ਹਨ। ਆਪ ਜੀ ਦੇ ਵਿਚਾਰ ਅਨੁਸਾਰ 'ਯੋਗ ਦਾ ਅਰਥ' 'ਤਿਆਗ' ਨਹੀਂ, ਸਗੋਂ 'ਜੁੜਨਾ' ਹੈ। ਇਸ ਲਈ, ਮਨੁੱਖ ਵਲੋਂ ਪਰਮਾਤਮਾ ਨਾਲ ਜੁੜਨ ਦਾ ਹਰੇਕ ਕਾਰਜ-ਸ੍ਰੋਤ ਜਤਨ 'ਯੋਗ' ਹੈ। ਇਸ ਸਿਧਾਂਤ ਅਨੁਸਾਰ ਸ੍ਰੀ ਕ੍ਰਿਸ਼ਨ ਭਗਵਾਨ ਨੇ ਵਿਸ਼ਵਾਸ ਦਿਵਾਇਆ ਹੈ ਕਿ ਕੋਈ ਵੀ ਚੰਗਾ ਜੀਵਨ-ਮਾਰਗ ਮਨੁੱਖ ਨੂੰ ਕਰਮ ਕਰਨ ਤੋਂ ਨਹੀਂ ~~ਬਚਣਾ~~ ਵਰਜਦਾ। ਆਪ ਜੀ ਨੇ ਸਪੱਸ਼ਟ ਰੂਪ ਵਿਚ ਦਰਸਾਇਆ ਹੈ ਕਿ ਸਭ ਵੱਡੇ ਵੱਡੇ ਯੋਗ, ਜਿਵੇਂ ਗਿਆਨ ਯੋਗ, ਭਗਤੀ ਯੋਗ, ਸੰਨਿਆਸ ਯੋਗ ਆਦਿ ਮਨੁੱਖ ਨੂੰ ਕਰਮ ਯੋਗ ਵੱਲ ਹੀ ਪ੍ਰੇਰਦੇ ਹਨ ਅਤੇ ਇਸ ਪਾਸੇ ਵਧਣ ਲਈ ਉਸ ਦੀ ਅਗਵਾਈ ਕਰਦੇ ਹਨ। ਆਪ ਜੀ ਨੇ ਸੰਨਿਆਸ ਯੋਗ ਦੀ ਵਿਸ਼ੇਸ਼ ਵਿਆਖਿਆ ਕਰਦਿਆਂ ਸਮਝਾਇਆ ਹੈ ਕਿ ਸੰਨਿਆਸ ਯੋਗ ਨੂੰ ਸਾਧਾਰਣ ਤੌਰ ਉਤੇ ਕਰਮ ਯੋਗ ਦਾ ਵਿਰੋਧੀ ਮੰਨ ਕੇ ਹਰ ਪ੍ਰਕਾਰ ਦੀ ਕਰਮਸ਼ੀਲਤਾ ਦਾ ਤਿਆਗ ਸਮਝਿਆ ਜਾਂਦਾ ਹੈ। ਪਰ, ਵਾਸਤਵ ਵਿਚ, ਸੰਨਿਆਸ ਦਾ ਅਰਥ [redacted] ਜੀਵਨ ਦੇ ਕਰਮਾਂ ਜਾਂ ਕਰਤੱਵਾਂ ਦਾ ਤਿਆਗ ਨਹੀਂ, ਸਗੋਂ ਉਨ੍ਹਾਂ ਤੋਂ ਫਲ-ਪ੍ਰਾਪਤੀ ਦੀ ਇੱਛਾ ਦਾ ਤਿਆਗ ਹੈ। ਇਸ ਲਈ, ਮਨੁੱਖ ਵਲੋਂ ਸਾਰੇ ਜੀਵਨ ਕਰਤੱਵ ਨਿਭਾਉਂਦਿਆਂ ਨਿਸ਼ਕਾਮ ਭਾਵਨਾ ਧਾਰੀ ਰੱਖਣਾ ਹੀ ਅਸਲ ਸੰਨਿਆਸ ਹੈ। ਆਪ ਜੀ ਦੇ ਵਿਚਾਰ ਅਨੁਸਾਰ, ਪੂਰਨ ਸੰਨਿਆਸ ਤਾਂ ਇਸ ਗੱਲ ਵਿਚ ਹੈ ਕਿ ਕਰਮ ਕਰਨ ਵਾਲਾ ਵਿਅਕਤੀ ਆਪਣੇ ਕਰਮ ਦੇ ਕਰਤਾਪਨ ਦੇ ਭਾਵ ਦਾ ਵੀ ਤਿਆਗ ਕਰ ਕੇ ਵਿਖਾਏ। ਆਪ ਮਨੁੱਖ ਦੀ ਇਸ ਅਵਸਥਾ ਨੂੰ 'ਕਰਮ ਸੰਪੂਰਣਤਾ' ਮੰਨਦੇ ਹਨ। ਇਸ ਵਿਸ਼ਵਾਸ ਅਨੁਸਾਰ 'ਯੋਗ ਸੰਪੂਰਣਤਾ' ਅਤੇ 'ਕਰਮ ਸੰਪੂਰਣਤਾ' ਇਕੋ ਰੂਪ ਧਾਰ ਲੈਂਦੀਆਂ ਹਨ। ਇਸ ਅਵਸਥਾ ਉਤੇ ਪੁੱਜ ਕੇ ਮਨੁੱਖ ਪੂਰਨ ਸੰਨਿਆਸੀ ਬਣ ਜਾਂਦਾ ਹੈ। ਉਹ ਇਹ ਤੱਤ ਪਛਾਣ ਲੈਂਦਾ ਹੈ ਕਿ ਤਿਆਗ ਅਤੇ ਕਾਰਜ ਦੋ ਵੱਖ ਵੱਖ ਚੀਜ਼ਾਂ ਨਹੀਂ, ਸਗੋਂ ਇਕੋ ਚੀਜ਼ ਦੇ ਹੀ ਦੋ ਨਾਂ ਹਨ। ਇਸ ਤਰ੍ਹਾਂ ਉਹ ਇਹ ਭੇਦ ਜਾਣ ਲੈਂਦਾ ਹੈ ਕਿ ਨਿਸ਼ਕਾਮ ਕਾਰਜ ਵਿੱਚ ਹੀ ਤਿਆਗ ਹੈ ਅਤੇ ਤਿਆਗ ਵਿਚ ਹੀ ਕਾਰਜ ਭਰਪੂਰ ਹੈ - ਇਸ ਭੇਦ ਜਾਣਨ ਵਾਲੇ ਨੂੰ ਹੀ ਸ੍ਰੀ ਕ੍ਰਿਸ਼ਨ ਭਗਵਾਨ ਅਸਲ ਯੋਗੀ ਸਮਝਦੇ ਹਨ ਅਤੇ ਉਸ ਬਾਰੇ ਭਗਵਤ ਗੀਤਾ ਵਿਚ ਫਰਮਾਉਂਦੇ ਹਨ:-

"ਜਿਹੜਾ ਵਿਅਕਤੀ ਕਾਰਜ ਵਿਚ ਤਿਆਗ ਅਤੇ ਤਿਆਗ ਵਿਚ
ਕਾਰਜ ਵੇਖਦਾ ਹੈ, ਉਹ ਸਭ ਮਨੁੱਖਾਂ ਵਿਚੋਂ ਬੁਧਵਾਨ ਗਿਣਿਆ

ਜਾਂਦਾ ਹੈ, ਉਹੀ ਜੋਗੀ ਹੈ ਅਤੇ ਹਰੇਕ ਕਾਰਜ ਦਾ ਕਰਤਾ ਹੈ।"[5]

ਇਹੋ ਜਿਹੇ ਕਾਰਜ-ਪ੍ਰੇਰਕ ਉਪਦੇਸ਼ਾਂ ਰਾਹੀਂ ਸ੍ਰੀ ਕ੍ਰਿਸ਼ਨ ਭਗਵਾਨ ਭਗਵਤ ਗੀਤਾ ਵਿੱਚ ਹਰੇਕ ਮਨੁੱਖ ਨੂੰ ਨਿਰੰਤਰ ਕਾਰਜਸ਼ੀਲਤਾ ਦੀ ਅਗਵਾਈ ਪ੍ਰਦਾਨ ਕਰਦੇ ਹਨ ਅਤੇ ਉਸ ਨੂੰ ਕਿਸੇ ਸਮੇਂ ਵੀ ਕਰਮਾਂ ਤੋਂ ਮੁਕਤੀ ਪ੍ਰਾਪਤ ਕਰਨ ਦੀ ਆਗਿਆ ਨਹੀਂ ਦਿੰਦੇ। ਆਪ ਜੀ ਦੇ ਵਿਚਾਰ ਅਨੁਸਾਰ, ਮਨੁੱਖ ਮੋਕਸ਼ ਪ੍ਰਾਪਤੀ ਦੀ ਸਰਵੋਚ ਅਵਸਥਾ ਵਿਚ ਵੀ ਕਰਮ ਕਰਦਾ ਰਹਿੰਦਾ ਹੈ, ਭਾਵੇਂ ਉਹ ਨਿਰੋਲ ਨਿਸ਼ਕਾਮ ਭਾਵਨਾ ਨਾਲ ਹੀ ਇਹ ਕਰਮ ਕਰਦਾ ਹੈ।

ਭਗਵਤ ਗੀਤਾ ਵਿਚ ਈਸ਼ਵਰ ਨੂੰ ਨਿਸ਼ਕਾਮ ਕਰਮ ਕਰਨ ਦਾ ਸਰਵੋਤਮ ਪ੍ਰੇਰਣਾ-ਸਰੋਤ ਮੰਨਿਆ ਗਿਆ ਹੈ। ਇਸ ਵਿਚ ਈਸ਼ਵਰ ਨੂੰ ਸਦੀਵੀ ਕਾਰਜ ਕਰਤਾ ਵਿਖਾਇਆ ਗਿਆ ਹੈ। ਇਸ ਵਿਚ ਦਰਸਾਇਆ ਗਿਆ ਹੈ ਕਿ ਈਸ਼ਵਰ ਆਪਣੇ ਸਭ ਕਾਰਜ ਸਪੂਰਣ ਕਰ ਚੁੱਕਣ ਮਗਰੋਂ ਵੀ ਨਿਰੰਤਰ ਕਾਰਜ-ਕਰਦਾ ਰਹਿੰਦਾ ਹੈ, ਕਿਉਂਕਿ ਕਾਰਜਸ਼ੀਲਤਾ ਉਸ ਦਾ ਸੁਭਾਵਕ ਗੁਣ ਬਣ ਚੁੱਕਿਆ ਹੈ। ਇਸ ਲਈ ਉਹ ਚਾਹੁੰਦਾ ਹੈ ਕਿ ਹਰੇਕ ਮਨੁੱਖ ਵੀ ਇਹੋ ਜਿਹੀ ਨਿਰੰਤਰ ਕਾਰਜਸ਼ੀਲਤਾ ਧਾਰ ਕੇ ਵਿਖਾਏ। ਇਸ ਸੰਬੰਧੀ ਭਗਵਾਨ ਕ੍ਰਿਸ਼ਨ ਜੀ ਦਾ ਇਹ ਉਪਦੇਸ਼ ਹੈ:-

> "ਹੇ ਪਾਰਥ! ਤਿੰਨਾਂ ਲੋਕਾਂ ਵਿਚ ਕੋਈ ਅਜਿਹਾ ਕੰਮ ਨਹੀਂ ਹੈ, ਜਿਹੜਾ ਮੈਂ ਸੰਪੂਰਣ ਕਰ ਕੇ ਨਹੀਂ ਵਿਖਾਇਆ, ਨਾ ਹੀ ਕੋਈ ਅਜਿਹੀ ਵਸਤੂ ਬਾਕੀ ਰਹਿ ਗਈ ਹੈ, ਜਿਹੜੀ ਮੈਂ ਪ੍ਰਾਪਤ ਨਾ ਕੀਤੀ ਹੋਵੇ, ਪਰ ਫਿਰ ਵੀ ਮੈਂ ਸਦਾ ਕਾਰਜਸ਼ੀਲ ਰਹਿੰਦਾ ਹਾਂ।"[6]

ਇਸ ਤਰ੍ਹਾਂ, ਭਗਵਤ ਗੀਤਾ ਦਾ ਉਪਦੇਸ਼ ਸਮੁੱਚੀ ਹਿੰਦੂ ਜਨਤਾ ਲਈ ਨਿਰੋਲ ਕਾਰਜਸ਼ੀਲਤਾ ਦਾ ਉਪਦੇਸ਼ ਬਣ ਜਾਂਦਾ ਹੈ ਅਤੇ ਕਾਰਜਹੀਣ ਬਣ ਕੇ ਸੁੱਤੇ ਹੋਏ ਹਿੰਦੂ ਲੋਕਾਂ ਨੂੰ ਝੂਣ ਕੇ ਜਗਾ ਦਿੰਦਾ ਹੈ।

---

5. Karmany akarma yah pasyed akarmani ca karma yahl
   Sa buddhiman manusyesu sa yuktah krtanakarmakrt 11
   (Bhagvad Gita, Chapter IV, Sloka 18 (The Bhagvad Gita)
   'Shri Rama Krishna Tapovanam' P.289.

6. Na me partha sti kartavyam trisu lokesu kimcana 1
   Na navepta avaptavyam varta eva ca karmani 11
   Ibid, Chapter III, Sloka 22 (Ibid , P.243.

ਵਾਸਤਵ ਵਿੱਚ, ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਕ੍ਰਿਸ਼ਨ ਭਗਵਾਨ ਨੇ ਕਰਮ-ਸ਼ੀਲਤਾ ਉੱਤੇ ਇਕੋ ਜਿਹਾ ਬਲ ਦਿੱਤਾ ਹੈ, ਪਰ ਗੁਰੂ ਨਾਨਕ ਦੇਵ ਜੀ ਦਾ ਕਰਮ-ਸੰਕਲਪ ਸ੍ਰੀ ਕ੍ਰਿਸ਼ਨ ਭਗਵਾਨ ਦੇ ਕਰਮ-ਸੰਕਲਪ ਤੋਂ ਕਾਫ਼ੀ ਅੰਤਰ ਰੱਖਦਾ ਹੈ। ਗੁਰੂ ਨਾਨਕ ਦੇਵ ਜੀ ਨੇ ਮਨੁੱਖ ਵੱਲੋਂ ਕੀਤੀ ਹੋਈ ਸਾਧਾਰਣ ਕਿਰਤ ਦੀ ਵੀ ਬੜੀ ਮਹੱਤਤਾ ਸਵੀਕਾਰ ਕੀਤੀ ਹੈ, ਪਰ ਸ੍ਰੀ ਕ੍ਰਿਸ਼ਨ ਭਗਵਾਨ ਨੇ ਮਨੁੱਖ ਦੀ ਸਾਧਾਰਣ ਕਿਰਤ ਦੀ ਮਹੱਤਤਾ ਨੂੰ ਕਿਤੇ ਵੀ ਨਹੀਂ ਸਵੀਕਾਰਿਆ। ਆਪ ਮਨੁੱਖ ਦੀ ਹਰੇਕ ਕਿਰਤ ਨੂੰ ਨਿਸ਼ਕਾਮਤਾ ਦੀ ਕਸਵੱਟੀ ਉੱਤੇ ਪਰਖ ਕੇ ਵੇਖਦੇ ਹਨ ਅਤੇ ਪੂਰਨ ਤੌਰ ਉੱਤੇ ਨਿਸ਼ਕਾਮ ਸਿੱਧ ਹੋਣ ਵਾਲੀ ਕਿਰਤ ਨੂੰ ਹੀ ਸਵੀਕਾਰਦੇ ਹਨ। ਇਸ ਲਈ ਆਪ ਜੀ ਵੱਲੋਂ ਪਰਚਾਰਿਆ ਹੋਇਆ 'ਕਰਮ-ਯੋਗ' ਸਾਧਾਰਣ ਮਨੁੱਖੀ ਕਰਮ ਜਾਂ ਸਾਧਾਰਣ ਮਨੁੱਖੀ ਪੱਧਰ ਉੱਚਾ ਉਠ ਕੇ ਨਿਸ਼ਕਾਮ ਬਲੀਦਾਨ ਦਾ ਰੂਪ ਧਾਰ ਲੈਂਦਾ ਹੈ। ਆਪ ਗੀਤਾ ਉਪਦੇਸ਼ ਰਾਹੀਂ ਅਰਜਨ ਨੂੰ ਇਹ ਗੱਲ ਸਪਸ਼ਟ ਰੂਪ ਵਿੱਚ ਸਮਝਾਉਂਦੇ ਹਨ:-

> "ਸੰਸਾਰ ਦੇ ਬੰਦੇ ਲਾਲਸਾ ਭਰਪੂਰ ਸਾਧਾਰਣ ਕਰਮਾਂ ਵਿੱਚ ਜਕੜੇ ਹੋਏ ਹਨ। ਇਸ ਲਈ, ਹੇ ਕੁੰਤੀ ਪੁੱਤਰ, ਤੂੰ ਕੇਵਲ ਨਿਸ਼ਕਾਮ ਬਲੀਦਾਨ ਦੀ ਭਾਵਨਾ ਨਾਲ ਨਿਰੋਲ ਲਾਲਸਾ-ਰਹਿਤ ਕਰਮ ਕਰ ਕੇ ਵਿਖਾ।"[7]

ਇਸ ਤੋਂ ਪੂਰੀ ਤਰ੍ਹਾਂ ਸਿੱਧ ਹੋ ਜਾਂਦਾ ਹੈ ਕਿ ਸ੍ਰੀ ਕ੍ਰਿਸ਼ਨ ਭਗਵਾਨ ਨਿਸ਼ਕਾਮਤਾ ਦੀ ਸ਼ਰਤ ਪੂਰੀ ਕਰਨ ਵਾਲੇ ਕਰਮ ਨੂੰ ਹੀ ਅਸਲ ਕਰਨ ਜੋਗ ਕੰਮ ਮੰਨਦੇ ਹਨ, ਪਰ ਗੁਰੂ ਨਾਨਕ ਦੇਵ ਮਨੁੱਖ ਦੇ ਕਰਨ ਜੋਗ ਕੰਮ ਉੱਤੇ ਇਹੋ ਜਿਹੀ ਕੋਈ ਸ਼ਰਤ ਨਹੀਂ ਲਗਾਉਂਦੇ। ਵਾਸਤਵ ਵਿੱਚ ਆਪ ਮਨੁੱਖ ਦੇ ਕੰਮਾਂ ਵਿਚ 'ਨਿਸ਼ਕਾਮਤਾ' ਦੇ ਅੰਸ਼ ਨਾਲੋਂ 'ਸੱਚ' ਦੇ ਅੰਸ਼ ਨੂੰ ਵਧੇਰੇ ਮਹੱਤਤਾ ਪ੍ਰਦਾਨ ਕਰਦੇ ਹਨ। ਜੇ ਮਨੁੱਖ ਦੀ ਸਾਧਾਰਣ ਕਿਰਤ 'ਸੱਚ' ਉੱਤੇ ਆਧਾਰਿਤ ਹੈ, ਤਾਂ ਗੁਰੂ ਨਾਨਕ ਦੇਵ ਜੀ ਦੇ ਵਿਚਾਰ ਅਨੁਸਾਰ, ਉਹ ਸੰਸਾਰੀ ਕਾਮਨਾਵਾਂ ਨਾਲ ਸੰਬੰਧ ਰੱਖਦੀ ਹੋਈ ਵੀ ਉੱਤਮ ਪਦਵੀ ਦੀ ਲਖਾਇਕ ਸਿੱਧ ਹੋ ਸਕਦੀ ਹੈ।

---

7. Yajnarthat karmano 'nyatra
   loko 'yam karmabandhanah I

   tad artham karma kaunteya
   mukta sangah samacara II

   Bhagvad Gita, Chapter 3, Sloka 9 (The Bhagvad Gita, Shri Rama Krishna, Tapovanam), P.221.

ਇਸ ਲਈ, ਆਪ ਮਨੁੱਖ ਨੂੰ ਸੰਸਾਰ ਵਿਚ ਰਹਿੰਦਿਆਂ, ਆਪਣੇ ਕਰਮਾਂ ਰਾਹੀਂ, ਸਦਾ ਸੱਚ ਦਾ ਸੌਦਾ ਵਣਜ ਕੇ ਵਿਚਾਰਣ ਦਾ ਉਪਦੇਸ਼ ਦਿੰਦੇ ਹਨ। ਆਪ ਸਿੱਧ ਗੋਸਟਿ ਵਿੱਚ ਸਿੱਧਾਂ ਨੂੰ ਵੀ ਇਹ ਗੱਲ ਚੰਗੀ ਤਰ੍ਹਾਂ ਸਮਝਾ ਦਿੰਦੇ ਹਨ:-

ਸਚ ਵਖਰ ਕੇ ਹਮ ਵਣਜਾਰੇ।।
ਨਾਨਕ ਗੁਰਮੁਖਿ ਉਤਰਸਿ ਪਾਰੇ।।[8]

ਇਉਂ, ਗੁਰੂ ਨਾਨਕ ਦੇਵ ਜੀ ਦੇ ਕਿਰਤ ਸੰਕਲਪ ਦੀ ਇਹ ਵਿਸ਼ੇਸ਼ ਵਿਲੱਖਣਤਾ ਹੈ ਕਿ ਉਹ ਸੱਚ ਉਤੇ ਆਧਾਰਿਤ ਹੁੰਦਾ ਹੋਇਆ ਸਾਧਾਰਣ ਤੋਂ ਸਾਧਾਰਣ ਕਿਰਤ ਨੂੰ ਵੀ ਉੱਤਮ ਕਰਮ ਹੋਣ ਦੀ ਪਦਵੀ ਪ੍ਰਦਾਨ ਕਰਦਾ ਹੈ।

<u>ਬ੍ਰਹਿਮਣਵਾਦ ਦਾ ਪ੍ਰਬਲ ਪਰਭਾਵ</u>

ਭਾਵੇਂ ਕ੍ਰਿਸ਼ਨ ਭਗਵਾਨ ਨੇ ਗੀਤਾ-ਉਪਦੇਸ਼ ਰਾਹੀਂ ਨਿਰੋਲ ਨਿਸ਼ਕਾਮ ਕਰਮਾਂ ਉਤੇ ਹੀ ਬਲ ਦਿੱਤਾ ਹੈ, ਪਰ ਫਿਰ ਵੀ ਆਪ ਨੇ ਇਸ ਉਪਦੇਸ਼ ਰਾਹੀਂ, ਕਾਰਜਹੀਣ ਹਿੰਦੂ ਜਨਤਾ ਨੂੰ ਕਾਰਜਸ਼ੀਲਤਾ ਵੱਲ ਪ੍ਰੇਰਣ ਦਾ ਮਹਾਨ ਉੱਦਮ ਕਰ ਕੇ ਵਿਖਾਇਆ ਹੈ। ਦੇਸ਼ ਦੇ ਬ੍ਰਹਿਮਣ ਭਗਵਤ ਗੀਤਾ ਦੇ ਕਾਰਜ ਪ੍ਰੇਰਕ ਉਪਦੇਸ਼ ਉਤੇ ਦਿਲੋਂ ਪ੍ਰਸੰਨ ਨਾ ਹੋਏ, ਕਿਉਂਕਿ ਉਹ ਭਾਂਪ ਗਏ ਕਿ ਇਸ ਉਤੇ ਚੱਲਣ ਵਾਲੇ ਸਭ ਹਿੰਦੂ ਲੋਕ ਪਰੰਪਰਕ ਪੂਜਾ ਪਾਠ ਅਤੇ ਰਸਮਾਂ ਰੀਤਾਂ ਤੋਂ ਉਪਰਾਮ ਹੋ ਕੇ ਉੱਦਮੀ ਜੀਵਨ ਬਿਤਾਣ ਲੱਗ ਜਾਣਗੇ ਅਤੇ ਧਾਰਮਕ ਰਸਮ-ਪੂਰਤੀ ਲਈ ਧਨ ਲੁਟਾਉਣੋਂ ਸੰਕੋਚ ਕਰਨਗੇ। ਇਸ ਲਈ, ਇਨ੍ਹਾਂ ਚਤੁਰ ਬ੍ਰਹਿਮਣਾਂ ਨੇ ਸ਼ੰਕਰਾਚਾਰੀਆਂ ਦੀ ਸਹਾਇਤਾ ਨਾਲ ਹਿੰਦੂਆਂ ਨੂੰ ਭਗਵਤ ਗੀਤਾ ਦੇ ਉੱਦਮ-ਸ਼ੀਲ ਉਪਦੇਸ਼ ਤੋਂ ਦੂਰ ਲੈ ਜਾ ਕੇ ਫਿਰ ਪਰੰਪਰਕ ਰਸਮਾਂ ਰਵਾਜਾਂ ਦੇ ਬੰਧਨਾਂ ਵਿਚ ਜਕੜ ਦਿੱਤਾ। ਇਸ ਤਰ੍ਹਾਂ, ਬ੍ਰਹਿਮਣਾਂ ਨੇ ਦੇਸ਼ ਦੇ ਹਿੰਦੂ ਲੋਕਾਂ ਨੂੰ ਕਾਰਜਸ਼ੀਲ ਬਣਾਉਣ ਦੀ ਥਾਂ ਫਿਰ ਕਾਰਜਹੀਣ ਬਣਾ ਦਿੱਤਾ ਅਤੇ ਗੀਤਾ-ਉਪਦੇਸ਼ ਦੇ ਉੱਦਮਸ਼ੀਲ ਪਰਭਾਵ ਨੂੰ ਉਨ੍ਹਾਂ ਦੇ ਹਿਰਦਿਆਂ ਵਿੱਚ ਬੈਠਣ ਦਾ ਅਵਸਰ ਨਾ ਦਿੱਤਾ।

ਬ੍ਰਹਿਮਣਵਾਦ ਦੇ ਇਸ ਪ੍ਰਬਲ ਪਰਭਾਵ ਨੇ ਹਿੰਦੂ ਲੋਕਾਂ ਅਤੇ ਹਿੰਦੂ ਰਾਜਿਆਂ ਨੂੰ ਇੰਨਾ ਨਿਤਾਣਾ ਬਣਾ ਦਿੱਤਾ ਕਿ ਉਹ ਪੱਛਮ ਵੱਲੋਂ ਆਏ ਮੁਸਲਮਾਨ ਆਕ੍ਰਮਣਕਾਰੀਆਂ ਦਾ ਟਾਕਰਾ ਕਰਨ ਦੇ ਜੋਗ ਨਾ ਰਹੇ ਅਤੇ ਬਲਹੀਣ ਜਿਹੀ ਟੱਬਰ ਪਿਛੇ ਉਨ੍ਹਾਂ ਦੇ ਦਾਸ

---

8. ਰਾਮਕਲੀ ਮ: 1, ਸਿਧ ਗੋਸਟਿ, ਆਦਿ ਗ੍ਰੰਥ, ਪੰਨਾ 939.

ਘਟ ਗਈ। ਮੁਸਲਮਾਨ ਹਾਕਮਾਂ ਨੇ ਜਾਣ ਬੁਝ ਕੇ, ਭਾਰਤੀ ਹਿੰਦੂਆਂ ਨੂੰ ਕਾਰਜਹੀਣਤਾ ਦੀ ਨੀਂਦਰ ਵਿਚ ਸੁਆਈ ਰੱਖਣ ਦੀ ਨੀਤੀ ਅਪਣਾਈ, ਤਾਂ ਜੁ ਹਿੰਦੂ ਜਨਤਾ ਸਦਾ ਲਈ ਉਨ੍ਹਾਂ ਦੀ ਅਧੀਨਗੀ ਪਰਵਾਨ ਕੀਤੀ ਰਹੇ। ਇਉਂ, ਮੁਗਲ ਸਾਮਰਾਜਵਾਦ ਅਤੇ ਬਦੇਸ਼ੀ ਰਾਜ ਦੇ ਮਾਰੂ ਪ੍ਰਭਾਵ, ਭਾਰਤੀ ਹਿੰਦੂਆਂ ਦੀ ਘੋਰ ਅਧੋਗਤੀ ਅਤੇ ਕਾਰਜਹੀਣਤਾ ਦੇ ਕਾਰਣ ਬਣ ਗਏ। ਇਨ੍ਹਾਂ ਦੋਹਾਂ ਕਾਰਣਾਂ ਕਰ ਕੇ ਸਮੁੱਚੀ ਹਿੰਦੂ ਜਨਤਾ ਵਿੱਚ ਅਥਾਹ ਨਿਰਾਸ਼ਤਾ ਦਾ ਪਸਾਰਾ ਹੋ ਗਿਆ। ਇਸ ਦੇ ਪ੍ਰਤਿਕਰਮ ਵਜੋਂ ਸਾਰੇ ਦੇਸ਼ ਵਿੱਚ ਭਗਤੀ ਲਹਿਰ ਉਠ ਖੜੋਤੀ, ਜਿਸ ਨੇ ਦੇਸ਼-ਵਾਸੀਆਂ ਨੂੰ ਫਿਰ ਕਾਰਜਸ਼ੀਲਤਾ, ਸੁਤੰਤਰਤਾ ਅਤੇ ਆਤਮ-ਨਿਰਭਰਤਾ ਦਾ ਪੱਲਾ ਸਾਂਭ ਲੈਣ ਦੀ ਬਲਵਾਨ ਪ੍ਰੇਰਣਾ ਪ੍ਰਦਾਨ ਕੀਤੀ।

<u>ਭਗਤੀ ਲਹਿਰ ਦੀ ਕਾਰਜਸ਼ੀਲ ਪ੍ਰੇਰਣਾ</u>

ਭਗਤੀ ਲਹਿਰ ਨੇ ਭਾਰਤੀ ਲੋਕਾਂ ਨੂੰ ਕਿਰਤ ਰਾਹੀਂ ਆਤਮ-ਨਿਰਭਰਤਾ ਦਾ ਬਲ ਧਾਰਦਿਆਂ ਕਾਰਜਸ਼ੀਲਤਾ ਅਤੇ ਪ੍ਰਭੂ-ਭਗਤੀ ਦੇ ਮਾਰਗ ਉਤੇ ਚਲਣ ਦੀ ਜਾਚ-ਜੁਗਤ ਸਿਖਾਈ। ਉਤਰੀ ਭਾਰਤ ਵਿਚ ਇਸ ਲਹਿਰ ਦੇ ਅਧਿਕਤਰ ਆਗੂ ਭਗਤ ਹੁੰਦੇ ਹੋਏ ਕਿਰਤੀ ਵੀ ਸਨ, ਜਿਵੇਂ ਭਗਤ ਨਾਮਦੇਵ ਛੀਂਬਾ, ਭਗਤ ਕਬੀਰ ਜੁਲਾਹਾ, ਭਗਤ ਰਵਿਦਾਸ ਚੁਮਿਆਰ, ਭਗਤ ਸੈਨ ਨਾਈ ਅਤੇ ਭਗਤ ਧੰਨਾ ਜੱਟ ਸਨ। ਇਹ ਲੋਕਾਂ ਨੂੰ ਆਪਣੇ ਜੀਵਨ-ਉਦਾਹਰਣਾਂ ਰਾਹੀਂ ਕਿਰਤ ਅਤੇ ਭਗਤੀ ਦਾ ਸੰਗਮ ਕਰਨਾ ਸਿਖਾਉਂਦੇ ਰਹੇ। ਇਨ੍ਹਾਂ ਭਗਤਾਂ ਵਲੋਂ ਪਰਚਾਰੇ ਹੋਏ ਕਿਰਤ ਅਤੇ ਭਗਤੀ ਦੇ ਸਾਂਝੇ ਉਪਦੇਸ਼ ਨੂੰ ਆਦਿ ਗੁਰੂ ਗ੍ਰੰਥ ਸਾਹਿਬ ਵਿੱਚ ਇਉਂ ਅੰਕਿਤ ਕੀਤਾ ਗਿਆ ਹੈ:-

ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ॥
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥[੧]

ਦੱਖਣੀ ਭਾਰਤ ਵਿਚ ਵੀ ਭਗਤੀ ਲਹਿਰ ਦੇ ਆਗੂਆਂ ਨੇ ਹਿੰਦੂ ਲੋਕਾਂ ਵਿੱਚ ਕਿਰਤ ਅਤੇ ਕਾਰਜਸ਼ੀਲਤਾ ਦੀ ਜਾਗ੍ਰਿਤੀ ਲੈ ਆਂਦੀ। ਪਰਸਿੱਧ ਤਾਮਲ ਸੰਤ ਤਿਰੂਵਲੂਵਰ ਨੇ ਆਪਣੀ ਰਚਨਾ 'ਕੁਰਲ' ਵਿਚ ਹਰੇਕ ਮਨੁੱਖ ਨੂੰ ਕਿਰਤ ਕਰਨ ਦਾ ਜੋ ਬਲਵਾਨ ਉਪਦੇਸ਼ ਦਿੱਤਾ ਹੈ, ਉਸ ਨੂੰ ਆਚਾਰਯ ਪਰਸ਼ੂਰਾਮ ਚਤੁਰਵੇਦੀ ਨੇ ਹਿੰਦੀ ਵਿਚ ਇਉਂ ਅਨੁਵਾਦਿਆ ਹੈ:-

---

੧. ਸਲੋਕ ਮ:੫, ਆਦਿ ਗ੍ਰੰਥ, ਪੰਨਾ 1376.

"ਚਾਹੇ ਸੂਖੀ ਰੋਟੀ ਹੀ ਕਿਉ ਨਾ ਹੋ, ਸ੍ਰਮ ਦੁਆਰਾ ਅਰਜਿਤ ਭੋਜਨ ਸੇ ਅਧਿਕ ਮਧੁਰ ਔਰ ਕੁਛ ਭੀ ਨਹੀ ਹੈ।"[10]

ਇਸੇ ਤਰ੍ਹਾਂ, ਭਗਤੀ ਲਹਿਰ ਦੇ ਪ੍ਰਸਿੱਧ ਮਰਾਠੀ ਸਾਧੂ ਸੰਤ ਗਿਆਨੇਸ਼ਵਰ ਨੇ ਲੋਕਾਂ ਨੂੰ 'ਕ੍ਰਮ-ਕੁਸੁਮਾਂ' ਨਾਲ ਸੱਚੀ ਪੂਜਾ ਕਰਨ ਦੀ ਜਾਚ ਇਉਂ ਸਿਖਾਈ ਹੈ:-

"ਵਾਸਤਵ ਮੇਂ, ਨਿਸ਼ਕਾਮ ਤਥਾ ਈਸ਼ਵਰਾਰਪਣ ਬੁਧੀ ਕੇ ਸਾਥ ਅਪਨਾ ਧਰਮ ਵਿਹਿਤ ਕ੍ਰਮ ਕਰਤੇ ਰਹਿਣਾ ਹੀ ਅਪਨੇ ਇਸ਼ਟਦੇਵ ਕੀ ਸੱਚੀ ਪੂਜਾ ਹੈ। ਯਦਿ ਪੂਛਾ ਜਾਏ ਤੋ ਪਰਮੇਸ਼ਰ ਇਨ੍ਹੇਂ 'ਕ੍ਰਮ-ਕੁਸਮੋਂ' ਕੇ ਸਾਥ ਕੀ ਜਾਣੇ ਵਾਲੀ ਪੂਜਾ ਸੇ ਹੀ ਸੰਤੁਸ਼ਟ ਹੋਤਾ ਹੈ।"[11]

ਇਸੇ ਤਰ੍ਹਾਂ, ਪੂਰਬੀ ਭਾਰਤ ਦੇ ਪ੍ਰਸਿੱਧ ਸੰਤ ਲਾਲ ਦਾਸ ਜੀ ਆਦਰਸ਼ਕ ਸਾਧੂ ਕੇਵਲ ਉਸ ਨੂੰ ਮੰਨਦੇ ਹਨ, ਜਿਹੜਾ ਲੋਕਾਂ ਦੇ ਘਰਾਂ ਵਿਚੋਂ ਮੰਗ ਖਾਣ ਦੇ ਥਾਂ ਕਿਰਤ ਰਾਹੀਂ ਧਨ ਕਮਾ ਕੇ ਖਾਏ। ਆਪ ਸਪਸ਼ਟ ਰੂਪ ਵਿਚ ਫੁਰਮਾਉਂਦੇ ਹਨ:-

'ਸਾਧੂ ਐਸਾ ਚਾਹੀਏ, ਧਨ ਕਮਾ ਕਰ ਖਾਏ।।
ਹਿਰਦੇ ਹਰ ਕੀ ਚਾਕਰੀ, ਪਰ ਘਰ ਕਬੂ ਨ ਜਾਏ।[12]

ਪੰਜਾਬ ਵਿਚ ਭਗਤੀ ਲਹਿਰ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਆਰੰਭ ਹੋਈ। ਗੁਰੂ ਨਾਨਕ ਦੇਵ ਜੀ ਨੇ ਵੀ ਆਪਣੇ ਅਮਲੀ ਜੀਵਨ ਅਤੇ ਗੁਰਬਾਣੀ-ਉਪਦੇਸ਼ ਰਾਹੀਂ ਕਿਰਤ ਅਤੇ ਭਗਤੀ ਦਾ ਸੰਗਮ ਕਰ ਵਿਖਾਇਆ। ਵਾਸਤਵ ਵਿਚ, ਆਪ ਜੀ ਨੇ ਕਾਰਜਹੀਣਤਾ ਦੇ ਥੰਮ, ਬ੍ਰਹਿਮਣਵਾਦ ਉਤੇ ਅਜਿਹੀ ਕਰੜੀ ਸੱਟ ਮਾਰੀ ਕਿ ਉਹ ਬਹੁਤੀ ਦੇਰ ਖੜਾ ਨਾ ਰਹਿ ਸਕਿਆ ਅਤੇ ਭਾਰਤੀ ਲੋਕਾਂ ਉਤੇ ਇਸ ਦਾ ਪ੍ਰਭਾਵ ਸਮਾਪਤ ਹੋ ਗਿਆ। ਗੁਰੂ ਨਾਨਕ ਦੇਵ ਜੀ ਨੇ ਹਿੰਦੂ ਲੋਕਾਂ ਦੇ ਦਿਲਾਂ ਵਿੱਚ ਅਜਿਹੀ ਜਾਗ੍ਰਿਤੀ ਲੈ ਆਂਦੀ ਕਿ ਉਹ ਕਾਰਜਹੀਣ ਸੁਆਰਥੀ ਬ੍ਰਹਿਮਣਾਂ ਦੀ ਅਗਵਾਈ ਪਰਵਾਨ ਕਰਨ ਦੇ ਥਾਂ ਕਾਰਜਸ਼ੀਲ ਗੁਰਮੁਖ ਕਿਰਤੀਆਂ ਦੀ ਅਗਵਾਈ ਪਰਵਾਨ ਕਰਨ ਲੱਗ ਪਏ। ਇਉਂ, ਗੁਰੂ ਜੀ ਨੇ ਸਦੀਆਂ ਤੋਂ ਕਾਰਜਹੀਣਤਾ ਦੀ ਨੀਂਦਰ ਵਿੱਚ ਸੁੱਤੇ ਹੋਏ

---

10. ਹਵਾਲਾ ਸਰੋਤ: 'ਸੰਤ ਸਾਹਿਤ ਕੇ ਪ੍ਰੇਰਣਾ ਸਰੋਤ', ਪੰਨਾ 158.
11. ਹਵਾਲਾ ਸਰੋਤ: -ਉਹੀ- , ਪੰਨਾ 160.
12. ਹਵਾਲਾ ਸਰੋਤ: -ਉਹੀ- , ਪੰਨਾ -ਉਹੀ-.

ਹਿੰਦੂ ਲੋਕਾਂ ਨੂੰ ਇਸ ਨੀਂਦਰ ਵਿਚੋਂ ਜਗਾ ਕੇ ਉਦਮਸ਼ੀਲ ਜੀਵਨ-ਮਾਰਗ ਉਤੇ ਲੈ ਆਉਂਦਾ।

ਪੰਜਾਬ ਦੀ ਭਗਤੀ ਲਹਿਰ ਗੁਰੂ ਨਾਨਕ ਦੇਵ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਸਾਹਿਬਾਂ ਦੀ ਅਗਵਾਈ ਹੇਠ ਕਾਰਜਸ਼ੀਲਤਾ ਨਾਲ ਭਰਪੂਰ ਲੋਕ-ਪ੍ਰਿਅ ਲਹਿਰ ਬਣ ਗਈ। ਇਸ ਲਹਿਰ ਦੀ ਜਾਗ੍ਰਿਤ ਕਾਰਜਸ਼ੀਲ ਵਿਸ਼ੇਸ਼ਤਾ ਬਾਰੇ ਮਿ: ਮੈਕਾਲਿਫ਼ ਨੇ ਲਿਖਿਆ ਹੈ:-

> "ਗੁਰੂ ਸਾਹਿਬਾਂ ਰਾਹੀਂ ਪੂਰਬ ਦੇ ਲੋਕਾਂ ਨੇ ਸਦੀਆਂ ਦੀ ਨੀਂਦਰ ਗ੍ਰਸਤ ਕਾਰਜਹੀਣਤਾ ਨੂੰ ਤਿਆਗ ਦਿੱਤਾ ਅਤੇ ਉਸ ਕੱਟੜ ਪਰੰਪਰਾਵਾਦ ਦੇ ਭਾਰੀ ਬੋਝ ਤੋਂ ਛੁਟਕਾਰਾ ਪਾਇਆ, ਜਿਸ ਨੇ ਉਨ੍ਹਾਂ ਦੀ ਪ੍ਰਤਿਭਾ ਅਤੇ ਸੂਝ ਸਿਆਣਪ ਨੂੰ ਨਾਸ ਕਰ ਕੇ ਰੱਖ ਦਿੱਤਾ ਸੀ।"[13]

ਗੁਰੂ ਸਾਹਿਬਾਂ ਵਲੋਂ ਸਦੀਆਂ ਤੋਂ ਸੁੱਤੇ ਹੋਏ ਲੋਕਾਂ ਨੂੰ ਜਗਾਣ ਦਾ ਕੰਮ ਕੋਈ ਸੌਖਾ ਕੰਮ ਨਹੀਂ ਸੀ। ਇਸ ਬਾਰੇ ਵੀ ਮਿ: ਮੈਕਾਲਿਫ਼ ਦੀ ਰਾਇ ਵਰਨਣਯੋਗ ਹੈ:-

> "ਕੇਵਲ ਉਹੀ ਵਿਅਕਤੀ, ਜਿਹੜੇ ਭਾਰਤ ਨੂੰ ਵਾਸਤਵਿਕ ਅਨੁਭਵ ਰਾਹੀਂ ਜਾਣਦੇ ਹਨ, ਉਨ੍ਹਾਂ ਕਠਿਨਾਈਆਂ ਨੂੰ ਚੰਗੀ ਤਰ੍ਹਾਂ ਸਮਝ ਸਕਦੇ ਹਨ, ਜਿਹੜੀਆਂ ਗੁਰੂ ਸਾਹਿਬਾਂ ਨੂੰ ਸੁੱਤੀ ਹੋਈ ਕੌਮ ਤੱਕ ਸੁਧਾਰਣ ਅਤੇ ਜਗਾਣ ਦੇ ਰਾਹ ਵਿਚ ਪੇਸ਼ ਆਈਆਂ।"[14]

ਗੁਰੂ ਨਾਨਕ ਦੇਵ ਜੀ ਨੇ ਭਗਤੀ ਲਹਿਰ ਵਿਚ ਸਭ ਤੋਂ ਵੱਡਾ ਵਾਧਾ ਇਹ ਕੀਤਾ ਕਿ ਇਸ ਨੂੰ 'ਗ੍ਰਿਹਸਤ ਤਿਆਗ' ਦੇ ਭੁਲੇਖੇ ਵਿਚੋਂ ਕੱਢ ਕੇ 'ਗ੍ਰਿਹਸਤ-ਪਰਵਾਨ' ਦੀ ਅਸਲੀਅਤ ਵਿਚ ਲਿਆ ਖਲ੍ਹਾਰਿਆ। ਇਸ ਤਰ੍ਹਾਂ, ਆਪ ਜੀ ਨੇ ਇਸ ਲਹਿਰ ਵਿੱਚ ਵਾਸਤਵਿਕਤਾ ਉਤਪੰਨ ਕਰ ਕੇ ਇਸ ਨੂੰ ਸਰਵ-ਲੋਕ-ਪ੍ਰਿਅ ਲਹਿਰ ਬਣਾ ਦਿੱਤਾ। ਇਸ ਦੇ ਫਲਸਰੂਪ ਆਪ ਜੀ ਤੋਂ ਮਗਰੋਂ ਉਤਰੀ ਭਾਰਤ ਵਿਚ ਜਿਹੜੇ ਵੀ ਸੰਤ ਅਤੇ ਭਗਤ ਹੋ

---

13. "In the Gurus the East shook off the torpor of ages and unburdened itself of the heavy weight of ultra-conservatism which had paralysed the genius and intelligence of its people"- 'The Sikh Religion', Introduction - P.57-58.

14. "Only those who know India by actual experience can adequately appreciate the difficulties the Gurus encountered in their efforts to reform and awaken the sleeping nation"- Ibid. Introduction, P.58.

ਕੀਤੇ ਹਨ, ਉਨ੍ਹਾਂ ਸਾਰਿਆਂ ਨੇ ਇਸ ਦੇ ਗ੍ਰਿਹਸਤ-ਪਰਵਾਰ ਬਾਰੇ ਲੋਕ-ਪ੍ਰਿਯ ਅਸੂਲ ਨੂੰ ਪੂਰੀ ਤਰ੍ਹਾਂ ਅਪਣਾਇਆ।

ਇਵੇਂ ਜਿਵੇਂ ਸੰਤਾਂ ਅਤੇ ਭਗਤਾਂ ਵਿਚੋਂ ਸਿਰੋਮਣੀ, ਹਰਿਆਣੇ ਦੇ ਸੰਤ ਗਰੀਬ ਦਾਸ ਹੋਏ ਹਨ। ਆਪ ਇਕ ਅਜਿਹੇ ਕਿਸਾਨ ਘਰਾਣੇ ਦੇ ਜੰਮ ਪਲ ਸਨ, ਜਿਹੜਾ ਕਿਰਤ ਅਤੇ ਉਦਮ ਦਾ ਵਾਸਤਵਿਕ ਨਮੂਨਾ ਸੀ। ਇਸ ਲਈ, ਆਪ ਭਗਤੀ ਵਿਚ ਨਿਪੁੰਨ ਹੋ ਕੇ ਵੀ ਗ੍ਰਿਹਸਤੀ ਅਤੇ ਕਿਰਤੀ ਜੀਵਨ ਨਿਭਾਉਂਦੇ ਰਹੇ। ਇਸ ਸੰਬੰਧੀ ਡਾ: ਕੇ.ਸੀ. ਗੁਪਤਾ ਨੇ ਲਿਖਿਆ ਹੈ:-

> "(ਸੰਤ) ਗਰੀਬ ਦਾਸ ਘਰਬਾਰੀ ਜੀਵਨ ਦੇ ਬਲਵਾਨ ਸਮਰਥਕ ਅਤੇ ਜੋਗੀਆਂ ਜਾਂ ਸੰਨਿਆਸੀਆਂ ਦੇ ਤਿਆਗੀ ਜੀਵਨ ਦੇ ਬਲਵਾਨ ਵਿਰੋਧੀ ਸਨ। ਉਹ ਆਪ ਘਰਬਾਰ ਵਸਾਣ ਵਾਲੇ ਗ੍ਰਿਹਸਤੀ ਸਨ। ਉਨ੍ਹਾਂ ਨੇ ਸੰਸਾਰੀ ਕਾਰ-ਵਿਹਾਰ ਨਿਭਾਉਂਦਿਆਂ, ਆਪਣੀ ਉਚੀ ਨੈਤਿਕ ਅਤੇ ਆਤਮਕ ਸ਼ਕਤੀ ਰਾਹੀਂ; ਮਾਨਵ ਸਮਾਜ ਨੂੰ ਸੁਧਾਰਣ ਦਾ ਮਹਾਨ ਪਰਉਪਕਾਰ ਕਮਾਇਆ।"[15]

ਸੰਤ ਗਰੀਬ ਦਾਸ ਸਭ ਪ੍ਰਭੂ-ਪ੍ਰੇਮੀਆਂ ਨੂੰ ਭਗਤੀ ਦੇ ਨਾਲ ਨਾਲ ਆਪਣੀ ਉਪਜੀਵਕਾ ਕਮਾਣ ਲਈ ਕਿਰਤ ਕਰਨ ਦਾ ਰਾਹ ਵਿਖਾਉਂਦੇ ਹਨ। ਆਪ ਕਿਸਾਨਾਂ ਨੂੰ ਇਸ ਗੱਲ ਵਿੱਚ ਹੋਰ ਲੋਕਾਂ ਦੀ ਅਗਵਾਈ ਕਰਨ ਲਈ ਤਿਆਰ ਕਰਦੇ ਹਨ। ਇਸ ਲਈ ਆਪ ਇਕ ਸਾਧਾਰਣ ਕਿਸਾਨ ਨੂੰ ਸੰਬੋਧਨ ਕਰਦਿਆਂ ਸਭ ਲੋਕਾਂ ਨੂੰ ਇਹ ਜੀਵਨ-ਅਗਵਾਈ ਪ੍ਰਦਾਨ ਕਰਦੇ ਹਨ:-

> ਜਾ ਘਰ ਤੇ ਕਰਨੀ ਨਹੀਂ, ਕਾਹੇ ਘਟੀਆ ਖਾਇ।।
> ਕੀਰਤ ਨਹੀਂ ਕਿਸਾਨ ਕੀ, ਪਰ ਘਰ ਮਾਂਗਣ ਜਾਹਿ।।[16]

ਸੰਤ ਗਰੀਬ ਦਾਸ, ਗੁਰੂ ਨਾਨਕ ਦੇਵ ਜੀ ਵਾਂਗ, 'ਭਿਖਿਆ ਬਿਰਤੀ' ਦੇ

---

15. "(Sant)Garib Das was a strong advocate of household life and disapproved of renunciation of the world as Yogis and Sanaysis did. He himself was a householder and spent all his life in using his moral and spiritual influence to change the society around him"-'Sri Garib Das-Haryanas Saint of Humanity' P.38 (New Delhi, Impex India)1976.

16. "ਗਰੀਬ ਦਾਸ ਗ੍ਰੰਥ ਸਾਹਿਬ-ਹਵਾਲਾ ਸਰੋਤ; 'Shri Garib Das- Haryana's Saint of Humanity'-P.98.

ਬੜੇ ਵਿਰੁਧ ਹਨ। ਆਪ ਉਚੀ ਆਤਮਕ ਅਵਸਥਾ ਧਾਰਨ ਵਾਲੇ ਸੰਤਾਂ ਅਤੇ ਭਗਤਾਂ ਨੂੰ ਵਿਸ਼ੇਸ਼ ਤੌਰ ਉਤੇ ਕਿਰਤਹੀਣ 'ਭਿਖਿਆ ਬਿਰਤੀ' ਤਿਆਗਣ ਦਾ ਉਪਦੇਸ਼ ਦਿੰਦੇ ਹਨ। ਆਪ ਉਨ੍ਹਾਂ ਨੂੰ ਭਿਖਿਆ ਮੰਗਣ ਤੋਂ ਹਟਾ ਕੇ ਕਿਰਤ ਕਰਨ ਵੱਲ ਇਉਂ ਲਗਾਉਂਦੇ ਹਨ:-

ਰੂਖਾ ਸੂਖਾ ਭਿਖਾ ਮਾਗੈ, ਘਰ ਘਰ ਫਿਰੈ ਉਦਾਸੀ॥
ਸੋ ਭਿਖਾ ਕੈ ਮਾਗਨ ਜਾਵੈ, ਜਿਨ ਕੀ ਬ੍ਰਿਤਿ ਅਕਾਸੀ॥[17]

ਇਸ ਤਰ੍ਹਾਂ, ਸੰਤ ਕਬੀਰ ਦਾਸ ਜੀ ਨੇ, ਗੁਰੂ ਨਾਨਕ ਦੇਵ ਵਾਂਗ, ਪ੍ਰਭੂ-ਭਗਤੀ, ਗ੍ਰਿਹਸਤ ਅਤੇ ਕਿਰਤ ਦਾ ਸੰਗਮ ਕਰ ਕੇ ਵਿਖਾ ਦਿੱਤਾ। ਇਹ ਸੰਗਮ ਹੀ ਭਗਤੀ ਲਹਿਰ ਦਾ ਮੂਲ ਧੁਰਾ ਹੈ, ਜਿਹੜਾ ਇਸ ਲਹਿਰ ਨੂੰ ਸਦਾ ਗਤੀਸ਼ੀਲ ਰੱਖਦਾ ਹੈ ਅਤੇ ਭਗਤੀ ਵਿਚ ਸੰਸਾਰੀ ਸ਼ਕਤੀ ਭਰ ਕੇ ਵਿਖਾਉਂਦਾ ਹੈ।

ਹਿੰਦੂ ਧਰਮ ਵਿਚ ਕਿਰਤ-ਸੰਕਲਪ ਦੇ ਸਮੁੱਚੇ ਅਧਿਐਨ ਦਾ ਸਾਰੰਸ਼ ਇਹ ਨਿਕਲਦਾ ਹੈ ਕਿ ਪਹਿਲੇ ਤਾਂ ਗੁਰੂ-ਦੇਵਤਿਆਂ ਦੀ ਪੂਜਾ ਨੇ ਇਸ ਧਰਮ ਨੂੰ ਕਾਰਜ-ਹੀਣਤਾ ਦੀ ਨੀਂਦਰ ਵਿਚ ਸੁਆਈ ਰੱਖਿਆ; ਫਿਰ ਜਦ ਗੀਤਾ ਦੇ ਕਾਰਜ ਪ੍ਰੇਰਕ ਉਪਦੇਸ਼ ਨੇ ਉਨ੍ਹਾਂ ਨੂੰ ਇਸ ਨੀਂਦਰ ਵਿਚੋਂ ਜਗਾਇਆ ਤਾਂ ਬ੍ਰਹਿਮਣਵਾਦ ਦੇ ਪ੍ਰਬਲ ਪ੍ਰਭਾਵ ਨੇ ਉਨ੍ਹਾਂ ਨੂੰ ਫਿਰ ਉਸੇ ਨੀਂਦਰ ਵਿਚ ਸੁਆ ਦਿੱਤਾ ਅਤੇ ਨਿਰੋਪਰੇ ਆਲਸੀ, ਨਿਕੰਮੇ ਅਤੇ ਨਿਤਾਣੇ ਬਣਾ ਦਿੱਤਾ। ਆਖਰ ਦੇਸ਼ ਵਿੱਚ ਭਗਤੀ ਲਹਿਰ ਚਲਾਣ ਵਾਲੇ ਕਿਰਤੀ ਭਗਤਾਂ ਅਤੇ ਸਿੱਖ ਗੁਰੂਆਂ ਨੇ ਲੋਕਾਂ ਨੂੰ ਆਲਸ ਭਰੀ ਨੀਂਦਰ ਵਿਚੋਂ ਝੰਜੋੜ ਕੇ ਜਗਾਇਆ ਅਤੇ ਉਨ੍ਹਾਂ ਨੂੰ ਕਿਰਤ ਅਤੇ ਭਗਤੀ ਦੀ ਰਲਵੀਂ ਸ਼ਕਤੀ ਪ੍ਰਦਾਨ ਕਰ ਕੇ ਫਿਰ ਉਦਮੀ ਅਤੇ ਸ਼ਕਤੀਸ਼ਾਲੀ ਬਣਾ ਦਿੱਤਾ।

ਪੰਜਾਬ ਵਿਚ ਗੁਰੂ ਨਾਨਕ ਦੇਵ ਜੀ ਨੇ ਭਗਤੀ ਲਹਿਰ ਵਿਚ ਸਭ ਤੋਂ ਵੱਧ ਬਲ ਭਰਪੂਰ ਕੀਤਾ। ਆਪ ਨੇ ਲੋਕਾਂ ਨੂੰ ਕਿਰਤ ਅਤੇ ਭਗਤੀ ਦਾ ਸੰਗਮ ਕਰਨਾ ਸਿਖਾ ਕੇ ਉਨ੍ਹਾਂ ਨੂੰ ਜੀਵਨ ਦੀ ਹਰ ਔਕੜ ਦਾ ਟਾਕਰਾ ਕਰਦਿਆਂ ਆਤਮਕ ਸਿਖਰਾਂ ਨੂੰ ਛੂਹਣ ਦੇ ਯੋਗ ਬਣਾ ਦਿੱਤਾ। ਇਸ ਤਰ੍ਹਾਂ, ਆਪ ਜੀ ਨੇ ਲੋਕਾਂ ਨੂੰ ਕਿਰਤ ਦੇ ਮਾਧਿਅਮ ਰਾਹੀਂ ਭਗਤੀ ਅਤੇ ਸ਼ਕਤੀ ਦਾ ਮਾਲਕ ਬਣਾ ਦਿੱਤਾ। ਇਸ ਲਈ, ਆਪ ਜੀ ਦਾ ਕਿਰਤ ਸੰਕਲਪ ਹਿੰਦੂ ਧਰਮ ਦੇ ਕਿਰਤ-ਸੰਕਲਪ ਦਾ ਭਾਗ ਨਹੀਂ ਅਖਵਾ ਸਕਦਾ, ਸਗੋਂ

17. 'ਕਬੀਰ ਦਾਸ ਗ੍ਰੰਥ ਸਾਹਿਬ' - ਹਵਾਲਾ ਸਰੋਤ (-ਉਹੀ-), ਪੰਨਾ 69.

ਇਹ ਬਿਲਕੁਲ ਵੱਖਰਾ, ਨਵਾਂ ਅਤੇ ਵਿਲੱਖਣ ਸੰਕਲਪ ਹੈ, ਜਿਸ ਨੇ ਦੇਸ਼ ਦੇ ਲੋਕਾਂ ਵਿੱਚ, ਇਕ ਨਵੀਂ ਜਾਗ੍ਰਿਤੀ ਲਿਆ ਕੇ ਉਨ੍ਹਾਂ ਨੂੰ ਅਥਾਹ ਸ਼ਕਤੀ ਨਾਲ ਭਰਪੂਰ ਕਰ ਦਿੱਤਾ।

## 2 - ਜੈਨ ਧਰਮ ਵਿੱਚ ਕਿਰਤ-ਸੰਕਲਪ

ਭਾਰਤ ਵਿਚ ਬੁੱਧ ਧਰਮ ਦੇ ਉਦੇ ਹੋਣ ਤੋਂ ਕੁਝ ਵਰ੍ਹੇ ਪਹਿਲਾਂ ਜੈਨ ਧਰਮ ਦਾ ਪ੍ਰਚਾਰ ਆਰੰਭ ਹੋ ਗਿਆ ਸੀ। ਜੈਨ ਧਰਮ, ਬੁੱਧ ਧਰਮ ਵਾਂਗ ਮੁਕਤੀ ਜਾਂ ਨਿਰਵਾਣ ਨੂੰ ਜੀਵਨ-ਉਦੇਸ਼ ਮੰਨਦਾ ਹੈ, ਪਰ ਇਸ ਉਦੇਸ਼ ਦੀ ਪ੍ਰਾਪਤੀ ਲਈ ਆਪਣੇ ਵੱਖਰੇ ਸਾਧਨ ਅਪਣਾਉਂਦਾ ਹੈ। ਇਹੀ ਸਾਧਨਾ ਸੰਬੰਧ ਮੁੱਖ ਤੌਰ ਉਤੇ ਕਿਰਤ-ਸੰਕਲਪ ਨਾਲ ਹੈ। ਇਸ ਲਈ, ਸਭ ਤੋਂ ਪਹਿਲੇ ਇਹ ਜਾਨਣ ਦੀ ਆਵੱਸ਼ਕਤਾ ਹੈ ਕਿ ਜੈਨ ਧਰਮ ਵਿਚ ਇਸ ਸੰਕਲਪ ਨੂੰ ਕੀ ਸਥਾਨ ਪ੍ਰਾਪਤ ਹੈ ਅਤੇ ਇਸ ਦੀ ਕਿੰਨੀ ਮਹੱਤਤਾ ਪਰਵਾਨੀ ਗਈ ਹੈ.

### ਸੰਪੂਰਣ ਗਿਆਨ ਉਤੇ ਬਲ

ਜੈਨ ਧਰਮ ਸੰਜਮ ਨਾਲ ਅਟੁੱਟ ਸੰਬੰਧ ਰੱਖਣ ਵਾਲਾ ਧਰਮ ਹੈ। ਡਾ: ਸ਼ਾਂਤੀ ਨਾਥ ਗੁਪਤਾ ਨੇ ਇਸ ਧਰਮ ਦਾ ਸੰਜਮ ਨਾਲ ਸੰਬੰਧ ਦਰਸਾਉਂਦਿਆਂ ਲਿਖਿਆ ਹੈ:-

> "'ਜੈਨ' ਸ਼ਬਦ 'ਜਿਨ' ਤੋਂ ਨਿਕਲਦਾ ਹੈ, ਜਿਸ ਦਾ ਅਰਥ ਹੈ ਉਹ ਵਿਅਕਤੀ ਜਿਸ ਨੇ ਆਪਣੀਆਂ ਇੰਦ੍ਰੀਆਂ ਅਤੇ ਮਨੋਵੇਗਾਂ ਉਤੇ ਸੰਜਮ ਪਾ ਲਿਆ ਹੈ। ਅਜਿਹਾ ਆਤਮ-ਸੰਜਮੀ ਜਾਂ ਮਨ ਦਾ ਵਿਜੇਤਾ ਇਕ ਸਿੱਧ ਪੁਰਸ਼ ਹੈ, ਜਿਵੇਂ ਜੈਨ ਮਹਾਂਵੀਰ ਨੂੰ ਮੰਨਦੇ ਹਨ।"[18]

ਜੈਨ ਧਰਮ ਅਨੁਸਾਰ ਇਹੋ ਜਿਹਾ ਸਿੱਧ ਪੁਰਸ਼ ਬਣਨ ਲਈ ਸੰਪੂਰਣ ਗਿਆਨ ਪ੍ਰਾਪਤ ਕਰਨ ਦੀ ਮੁੱਖ-ਆਵੱਸ਼ਕਤਾ ਹੈ। ਇਹ ਸੰਪੂਰਣ ਗਿਆਨ 'ਸਰਬਗਤ ਗਿਆਨ' ਅਖਵਾਉਂਦਾ ਹੈ, ਜਿਹੜਾ ਅਨੁਭਵ-ਭੇਦ ਤੋਂ ਪ੍ਰਾਪਤ ਨਹੀਂ ਹੁੰਦਾ, ਸਗੋਂ ਸ਼ੁੱਧ ਅੰਤਰ-ਗਿਆਨ ਤੇ ਉਪਜਦਾ ਹੈ।

ਜੈਨ ਗਿਆਨ-ਮੀਮਾਂਸਾ ਅਨੁਸਾਰ, ਹਰੇਕ ਜੀਵ ਅੰਦਰ ਜਨਮ ਤੋਂ ਹੀ ਸੰਪੂਰਣ ਗਿਆਨ ਭਰਪੂਰ ਹੁੰਦਾ ਹੈ। ਪਰ ਇਹ ਜੀਵ ਵੱਲੋਂ ਕਮਾਏ ਹੋਏ ਕਰਮਾਂ ਦੇ ਪਰਦੇ ਨਾਲ

---

18. "ਭਾਰਤੀ ਦਰਸ਼ਨ", ਪੰਨਾ 61 (ਚੰਡੀਗੜ੍ਹ, ਪੰਜਾਬ ਸਟੇਟ ਯੂਨੀਵਰਸਿਟੀ, ਟੈਕਸਟ-ਬੁੱਕ ਬੋਰਡ) 1974.

ਢਕਿਆ ਜਾਂਦਾ ਹੈ ਅਤੇ ਮਨੁੱਖ ਅਗਿਆਨੀ ਹੋ ਜਾਂਦਾ ਹੈ। ਮਨੁੱਖ ਇਹ ਸੰਪੂਰਣ ਗਿਆਨ ਕਿਤੋਂ ਬਾਹਰੋਂ ਪ੍ਰਾਪਤ ਨਹੀਂ ਕਰਦਾ, ਸਗੋਂ ਕਰਮਾਂ ਦੇ ਪਰਦੇ ਨੂੰ ਹਟਾਣ ਨਾਲ ਪ੍ਰਾਪਤ ਕਰਦਾ ਹੈ। ਪਰ, ਇਸ ਉਚ-ਅਵਸਥਾ ਤੱਕ ਪੁੱਜਣ ਲਈ ਉਸ ਨੂੰ ਬੜੇ ਜਤਨ ਕਰਨ ਦੀ ਲੋੜ ਹੈ। ਪਿਛਲੇ ਕਰਮਾਂ ਦੇ ਪਰਦੇ ਨੂੰ ਹਟਾਣ ਲਈ ਉਸ ਨੂੰ ਸ਼ੁੱਧ ਇੰਦਰੀ-ਅਨੁਭਵ ਦੀ ਲੋੜ ਹੈ। ਇਹ ਸ਼ੁੱਧ ਅਨੁਭਵ ਹੀ ਸੰਪੂਰਣ ਗਿਆਨ ਦਾ ਰੂਪ ਧਾਰ ਲੈਂਦਾ ਹੈ।

ਜੈਨ ਧਰਮ ਵਿੱਚ ਕਿਰਤ ਜਾਂ ਕਾਰਜਸ਼ੀਲਤਾ ਦਾ ਕੋਈ ਵੱਖਰਾ ਸੰਕਲਪ ਪਰਵਾਨ ਨਹੀਂ ਕੀਤਾ ਗਿਆ। ਇਸ ਵਿਚ ਸ਼ੁੱਧ-ਇੰਦਰੀ ਅਨੁਭਵ ਰਾਹੀਂ ਸੰਪੂਰਣ ਗਿਆਨ-ਪ੍ਰਾਪਤੀ ਨੂੰ ਹੀ ਮਾਨਵ ਜੀਵਨ ਦਾ ਉਦੇਸ਼ ਮੰਨਿਆ ਗਿਆ ਹੈ। ਇਸ ਤਰ੍ਹਾਂ, ਜੈਨ ਧਰਮ ਵਿੱਚ ਜਿਥੇ ਸੰਪੂਰਣ ਗਿਆਨ ਉਤੇ ਵੱਧ ਤੋਂ ਵੱਧ ਬਲ ਦਿੱਤਾ ਹੋਇਆ ਹੈ, ਉਥੇ ਇਸ ਵਿਚ ਸ਼ੁੱਧ ਅਨੁਭਵ ਨਾਲ ਸੰਬੰਧ ਰੱਖਣ ਵਾਲੇ ਕਰਮਾਂ ਤੋਂ ਬਿਨਾਂ ਕੋਈ ਹੋਰ ਕਰਮ ਕਰਨਾ ਵਿਵਰਜਿਤ ਮੰਨਿਆ ਗਿਆ ਹੈ, ਕਿਉਂਕਿ ਉਹ ਮਨੁੱਖੀ ਮਨ ਉਤੇ ਇਕੱਠੇ ਹੋਏ ਮੈਲ ਵਿੱਚ ਵਾਧਾ ਕਰਦੇ ਹੈ। ਡਾ: ਤ੍ਰਿਲੋਚਨ ਸਿੰਘ ਨੇ ਜੈਨ ਧਰਮ ਵਿਚ ਕਰਮ ਗਤੀ ਉਤੇ ਪਾਈ ਗਈ ਇਸ ਬੰਦਸ਼ ਬਾਰੇ ਲਿਖਿਆ ਹੈ:-

> "ਜੈਨ ਧਰਮ ਵਿਚ ਕਰਮ ਗਤੀ ਇਕ ਪ੍ਰਕਾਰ ਦੀ ਮੈਲ ਹੈ, ਜੋ ਜੀਵ ਅਥਵਾ ਆਤਮਾ ਨੂੰ ਮਲੀਨ ਕਰ ਦਿੰਦੀ ਹੈ। ਇਸ ਮੈਲ ਨਾਲ ਆਤਮਾ ਬੰਧਨੀ ਪੈ ਜਾਂਦੀ ਹੈ ਅਤੇ ਅਗਲੇ ਜਨਮ ਵਿਚ ਜਦ ਤੱਕ ਇਹ ਮੈਲ ਨਹੀਂ ਧੋਤੀ ਜਾਂਦੀ, ਜੀਵ ਦਾ ਸੁਭਾਉ ਪਿਛਲਾ ਕਰਮਾਂ ਦੇ ਅਧੀਨ ਹੋਕੇ ਭੋਗਦਾ ਹੈ।"[19]

ਇਸ ਦੇ ਵਿਪਰੀਤ, ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਵਿੱਚ ਕਿਰਤ ਅਤੇ ਕਾਰਜਸ਼ੀਲਤਾ ਦਾ ਬੜਾ ਨਰੋਇਆ ਸੰਕਲਪ ਪ੍ਰਸਤੁਤ ਕੀਤਾ ਹੈ। ਗੁਰੂ ਜੀ ਅਨੁਸਾਰ, ਸੰਸਾਰ ਵਿਚ ਕੀਤੇ ਹੋਏ ਸ਼ੁੱਭ ਕਰਮ ਮਨੁੱਖੀ ਮਨ ਦੀ ਮੈਲ ਵਿਚ ਵਾਧਾ ਨਹੀਂ ਕਰਦੇ, ਸਗੋਂ ਇਸ ਦੀ ਸਾਰੀ ਮੈਲ ਲਾਹ ਕੇ ਰੱਖ ਦਿੰਦੇ ਹਨ ਅਤੇ ਮਨੁੱਖ ਨੂੰ ਮੁਕਤੀ ਪ੍ਰਾਪਤੀ ਦੇ ਜੋਗ ਬਣਾਉਂਦੇ ਹਨ।[20]

---

19. "ਗੁਰੂ ਨਾਨਕ ਦਾ ਸਿੱਖ ਧਰਮ (ਸਭ ਧਰਮਾਂ ਦਾ ਤੁਲਨਾਤਮਕ ਅਧਿਐਨ) ਪੰਨਾ 42, (ਦਿੱਲੀ, ਨਵਯੁਗ ਪਬਲਿਸ਼ਰਜ਼) 1969.
20. "ਸਭਨਾ ਕਾ ਦਰਿ ਲੇਖਾ ਹੋਇ॥ ਕਰਣੀ ਬਾਝਹੁ ਤਰੈ ਨ ਕੋਇ", ਵਾਰ ਰਾਮਕਲੀ, ਸਲੋਕ ਮ: 1, ਆਦਿ ਗ੍ਰੰਥ, ਪੰਨਾ 952.

ਗੁਰੂ ਨਾਨਕ ਦੇਵ ਜੀ ਨੇ ਗਿਆਨ ਦੀ ਉਚੀ ਪਦਵੀ ਅਵੱਸ਼ ਸਵੀਕਾਰੀ ਹੈ, ਪਰ ਆਪ ਜੀ ਨੇ ਕਿਰਤ ਅਤੇ ਕਾਰਜਸ਼ੀਲਤਾ ਨੂੰ ਗਿਆਨ-ਪ੍ਰਾਪਤੀ ਲਈ ਸਹਾਇਕ ਸਾਧਨ ਮੰਨਿਆ ਹੈ।

**ਨਿਰੋਲ ਸ਼ੁੱਧਤਾ ਅਤੇ ਤੱਪ ਨਿਰਜਰ**

ਜੈਨ ਧਰਮ ਵਿੱਚ ਨਿਰੋਲ ਸ਼ੁੱਧਤਾ ਦੀ ਪ੍ਰਾਪਤੀ ਉਤੇ ਵੀ ਅਧਿਕ ਬਲ ਦਿੱਤਾ ਹੋਇਆ ਹੈ। ਇਹ ਨਿਰੋਲ ਸ਼ੁੱਧਤਾ ਸ਼ੁੱਧ ਆਚਾਰ ਅਤੇ ਸ਼ੁੱਧ ਭਾਵਨਾ ਰਾਹੀਂ ਪ੍ਰਾਪਤ ਹੁੰਦੀ ਹੈ। ਜੈਨ ਧਰਮ ਵਿੱਚ ਇਹ ਸਿਧਾਂਤ ਪਰਵਾਨਿਆ ਹੋਇਆ ਹੈ ਕਿ ਨਿਰੋਲ ਸ਼ੁੱਧਤਾ ਲਈ ਨਵੇਂ ਕਰਮ ਕਮਾਣ ਦੇ ਥਾਂ ਪੂਰਵ ਕਮਾਏ ਹੋਏ ਕਰਮਾਂ ਦੇ ਮੰਦੇ ਪ੍ਰਭਾਵ ਨੂੰ ਨਸ਼ਟ ਕਰਨ ਦੀ ਅਤਿਅੰਤ ਆਵੱਸ਼ਕਤਾ ਹੈ। ਜੀਵ ਅੰਦਰ ਕਈ ਜਨਮਾਂ ਦੇ ਅਸ਼ੁੱਧ ਕਰਮਾਂ ਦੇ ਮੰਦੇ ਪ੍ਰਭਾਵ ਪ੍ਰਵੇਸ਼ ਹੋ ਕੇ ਉਸ ਦੇ ਅੰਦਰ ਹੀ ਇਕੱਠੇ ਹੁੰਦੇ ਰਹਿੰਦੇ ਹਨ। ਇਹ ਕਰਮ-ਪ੍ਰਭਾਵਾਂ ਦਾ 'ਆਸ੍ਰਵ' ਅਖਵਾਉਂਦਾ ਹੈ। ਇਸ 'ਆਸ੍ਰਵ' ਨੂੰ ਰੋਕਣ ਅਤੇ ਨਸ਼ਟ ਕਰਨ ਵਾਲੀ ਕਿਰਿਆ ਦੀ ਬੜੀ ਲੋੜ ਹੈ। ਇਸ ਨਸ਼ਟ-ਕਾਰੀ ਕਿਰਿਆ ਨੂੰ 'ਨਿਰਜਰ' ਕਿਹਾ ਜਾਂਦਾ ਹੈ। ਸ਼ੁੱਧ ਭਾਵ ਸੋਚਣ ਨਾਲ 'ਭਾਵ ਨਿਰਜਰ' ਅਤੇ ਨਵੇਂ ਕਰਮਾਂ ਤੋਂ ਸੰਕੋਚ ਕਰਨ ਨਾਲ 'ਕਰਮ ਨਿਰਜਰ' ਉਤਪੰਨ ਹੁੰਦਾ ਹੈ। ਇਨ੍ਹਾਂ ਦੋਹਾਂ ਤੋਂ ਉਪਰ 'ਤੱਪ ਨਿਰਜਰ' ਮੰਨਿਆ ਜਾਂਦਾ ਹੈ। ਜੈਨ ਧਰਮ ਦੇ ਸਿਧਾਂਤ ਅਨੁਸਾਰ ਮੋਕਸ਼ ਪ੍ਰਾਪਤੀ ਦੀ ਪੂਰੀ ਸੰਭਾਵਨਾ ਤਦ ਹੁੰਦੀ ਹੈ ਜਦ ਪਿਛਲੇ ਕਰਮਾਂ ਦੇ ਮੰਦੇ ਪ੍ਰਭਾਵਾਂ ਨੂੰ ਸੰਪੂਰਣ ਰੂਪ ਉਤੇ ਨਸ਼ਟ ਕਰਨ ਲਈ 'ਤੱਪ ਨਿਰਜਰ' ਵਿੱਚ ਪ੍ਰਪੱਕਤਾ ਪ੍ਰਾਪਤ ਕੀਤੀ ਜਾਏ। ਇਸ ਲਈ ਜੈਨ ਧਰਮ ਵਿੱਚ ਮੋਕਸ਼-ਪ੍ਰਾਪਤੀ ਲਈ ਇਨ੍ਹਾਂ ਦੋਹਾਂ ਸਾਧਨਾਂ ਦੀ ਪੂਰੀ ਵਰਤੋਂ ਕਰਨ ਦਾ ਆਦੇਸ਼ ਦਿੱਤਾ ਹੋਇਆ ਹੈ। ਪਹਿਲਾ ਸਾਧਨ ਹੈ ਸ਼ੁੱਧ ਭਾਵਾਂ ਅਤੇ ਕਰਮ ਸੰਕੋਚ ਰਾਹੀਂ ਮੰਦੇ ਕਰਮਾਂ ਦੇ ਪ੍ਰਭਾਵ ਨੂੰ ਜੀਵ ਅੰਦਰ ਪ੍ਰਵੇਸ਼ ਕਰਨੋਂ ਰੋਕਣਾ ਜਾਂ 'ਆਸ੍ਰਵ' ਅਤੇ ਦੂਜਾ ਸਾਧਨ ਹੈ 'ਤੱਪ' ਰਾਹੀਂ, ਪੂਰਵ ਕਰਮਾਂ ਦੇ ਮੰਦੇ ਪ੍ਰਭਾਵ ਨੂੰ ਨਸ਼ਟ ਕਰਨਾ ਜਾਂ 'ਨਿਰਜਰ'। ਇਨ੍ਹਾਂ ਵਿਚੋਂ ਪਹਿਲਾ ਸਾਧਨ ਜਿਥੇ ਮਨੁੱਖ ਨੂੰ ਇਸ ਜੀਵਨ ਵਿੱਚ ਨਵੇਂ ਕਰਮ ਕਮਾਣ ਤੋਂ ਸੰਕੋਚ ਕਰਨਾ ਸਿਖਾਉਂਦਾ ਹੈ, ਉਥੇ ਦੂਜਾ ਸਾਧਨ ਉਸ ਨੂੰ ਨਵੇਂ ਕਰਮ ਕਮਾਣ ਦੀ ਪੂਰੀ ਮਨਾਹੀ ਕਰਦਾ ਹੈ। 'ਤੱਪ ਨਿਰਜਰ' ਕਿਸੇ ਪ੍ਰਕਾਰ ਦੇ ਕਰਮ, ਕਾਰਜਸ਼ੀਲਤਾ ਜਾਂ ਕਿਰਤ ਨੂੰ ਕੋਈ ਸਥਾਨ ਨਹੀਂ ਦਿੰਦਾ, ਕਿਉਂਕਿ ਇਹ ਨਿਰੋਲ ਕਰਮ-ਰਹਿਤ ਅਵੱਸਥਾ ਹੈ। ਪੂਰਵ ਕਮਾਏ ਹੋਏ ਕਰਮਾਂ ਦੇ

ਇਕੱਤਰ ਹੋਏ ਮੰਦ-ਪ੍ਰਭਾਵਾਂ ਤੋਂ ਮੁਕਤ ਹੋਣ ਲਈ ਜੈਨ ਧਰਮ ਵਿੱਚ ਇਸ ਅਵੱਸਥਾ ਦੀ ਪ੍ਰਾਪਤੀ ਜ਼ਰੂਰੀ ਸਮਝੀ ਗਈ ਹੈ। ਇਸ ਸੰਬੰਧੀ ਡਾ: ਸ਼ਾਂਤੀ ਨਾਥ ਗੁਪਤਾ ਨੇ ਇਹ ਦਰਸਾਇਆ ਹੈ:-

> "(ਜੈਨ ਧਰਮ ਅਨੁਸਾਰ) ਜੇਕਰ ਕਰਮ-ਦਲ ਦਾ ਪ੍ਰਵਾਹ ਰੁਕ ਜਾਂਦਾ ਹੈ, ਪਰ ਪੁਰਾਣੇ ਕੀਤੇ ਕਰਮਾਂ ਦੇ ਫਲਸਰੂਪ ਜਿਹੜਾ ਜੀਵ ਅੰਦਰ ਆਸ੍ਰਵ ਹੋ ਗਿਆ ਹੈ, ਉਸ ਨੂੰ ਜਾਂ ਭੁਗਤ ਕੇ ਮੁਕਾਇਆ ਜਾ ਸਕਦਾ ਹੈ ਜਾਂ ਉਸ ਲਈ ਇਕ ਹੋਰ ਕਾਰਵਾਈ ਕੀਤੀ ਜਾਂਦੀ ਹੈ, ਜਿਸ ਨੂੰ 'ਨਿਰਜਰਾ' ਕਹਿੰਦੇ ਹਨ। ਤਪ ਕਰਨ ਨਾਲ ਕਰਮ-ਦਲ ਦਾ ਨਾਸ਼ ਹੋ ਜਾਂਦਾ ਹੈ।"[21]

ਇਸ ਦੇ ਵਿਪਰੀਤ ਗੁਰੂ ਨਾਨਕ ਦੇਵ ਮਨੁੱਖ ਨੂੰ ਨਾ ਤਾਂ ਨਵੇਂ ਕਰਮਾਂ ਤੋਂ ਸੰਕੋਚ ਕਰਨ ਦਾ ਉਪਦੇਸ਼ ਦਿੰਦੇ ਹਨ ਨਾ ਹੀ ਉਨ੍ਹਾਂ ਤੋਂ ਪੂਰਨ ਮੁਕਤੀ ਪ੍ਰਾਪਤ ਕਰਨ ਦਾ। ਆਪ ਮਨੁੱਖ ਨੂੰ ਇਸ ਜੀਵਨ ਵਿੱਚ ਸ਼ੁੱਭ ਕਰਮਾਂ ਦੀ ਕਾਫ਼ੀ ਰਾਸ ਜਾਂ ਪੂੰਜੀ ਇਕੱਤਰ ਕਰਨ ਦਾ ਉਪਦੇਸ਼ ਦਿੰਦੇ ਹਨ, ਕਿਉਂਕਿ ਇਹੀ ਰਾਸ ਮਨੁੱਖ ਦੇ ਨਾਲ ਜਾ ਕੇ ਰੱਬੀ ਦਰਗਾਹ ਵਿੱਚ ਉਸ ਦੀ ਸਹਾਇਤਾ ਕਰਦੀ ਹੈ। ਗੁਰੂ ਜੀ ਪੂਰਬ ਕਮਾਏ ਹੋਏ ਕਰਮਾਂ ਉਤੇ ਵਿਸ਼ਵਾਸ ਤਾਂ ਕਰਦੇ ਹਨ, ਪਰ ਉਨ੍ਹਾਂ ਨੂੰ ਇੰਨੀ ਮਹੱਤਤਾ ਨਹੀਂ ਦਿੰਦੇ, ਜਿੰਨੀ ਜੈਨ ਧਰਮ ਵਿੱਚ ਦਿੱਤੀ ਹੋਈ ਹੈ। ਇਸ ਦੇ ਨਾਲ ਹੀ ਆਪਜੀ ਦਾ ਵਿਸ਼ਵਾਸ ਹੈ ਕਿ ਪਰਮਾਤਮਾ ਦੀ ਮਿਹਰ ਜਾਂ ਬਖਸ਼ਸ਼ ਦੁਆਰਾ ਪਿਛਲੇ ਕਰਮਾਂ ਦੇ ਸਾਰੇ ਮੰਦੇ ਪ੍ਰਭਾਵ ਆਪੇ ਹੀ ਨਾਸ਼ ਹੋ ਜਾਂਦੇ ਹਨ। ਉਨ੍ਹਾਂ ਨੂੰ ਨਸ਼ਟ ਕਰਨ ਲਈ ਕਿਸੇ 'ਤਪ ਨਿਰਜਰਾ' ਦੀ ਲੋੜ ਨਹੀਂ। ਆਪ ਇਸ 'ਤਪ ਨਿਰਜਰਾ' ਦੇ ਬਿਲਕੁਲ ਸਮਰਥੱਕ ਨਹੀਂ ਹਨ, ਕਿਉਂਕਿ ਇਹ ਨਿਰੋਲ ਕਾਰਜਹੀਣਤਾ ਦੀ ਅਵੱਸਥਾ ਹੈ ਅਤੇ ਕਿਸੇ ਪ੍ਰਕਾਰ ਦੀ ਕਾਰਜਸ਼ੀਲਤਾ ਨੂੰ ਪਰਵਾਨਗੀ ਨਹੀਂ ਦਿੰਦੀ। ਇਸ ਸੰਬੰਧੀ ਡਾ: ਤਰਲੋਚਨ ਸਿੰਘ ਨੇ ਇਹ ਵਿਚਾਰ ਪ੍ਰਗਟਾਇਆ ਹੈ:-

> "ਜੈਨ ਮੱਤ ਇਸ ਗੱਲ ਵਿਚ ਵਿਸ਼ਵਾਸ ਰੱਖਦਾ ਹੈ ਕਿ ਕਰਮ ਗਤੀ ਦੇ ਬੰਧਨਾਂ ਨੂੰ ਤਪੱਸਿਆ, ਤਿਆਗ ਤੇ ਵਰਤ-ਨੇਮ ਜਿਹਾ ਹੋਰ ਸਾਧਨਾਂ ਨਾਲ ਕਰਮ-ਹੀਣ ਜੀਵਨ ਬਿਤਾ ਕੇ ਖਤਮ ਕੀਤਾ ਜਾ ਸਕਦਾ ਹੈ। ਪਰ ਗੁਰੂ ਨਾਨਕ ਦੇਵ ਜੀ ਦਾ ਵਿਸ਼ਵਾਸ ਹੈ ਕਿ ਨਿਰੋਲ ਹਠ-ਤਪ-ਸਾਧਨਾ

21. 'ਭਾਰਤੀ ਦਰਸ਼ਨ', ਪੰਨਾ 71.

> ਰਸਮੀ ਕਰਮ ਗਤੀ ਤੋਂ ਮੁਕਤ ਹੋਣਾ ਅਸੰਭਵ ਹੈ। ਬਿਨਾਂ ਆਤਮਕ ਨਿਧਿਆਸਨ ਤੇ ਪ੍ਰਭੂ ਦੀ ਨਦਰ ਮਿਹਰ ਦੇ ਮਹਿਜ਼ ਤਿਆਗ ਤੇ ਤਪੱਸਿਆ ਨਾਲ ਕਰਮਗਤੀ ਤੋਂ ਛੁਟਕਾਰਾ ਨਹੀਂ ਪਾਇਆ ਜਾ ਸਕਦਾ।[22]

ਇਸ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਗੁਰਮਤਿ ਵਿਚ ਕਰਮਹੀਣਤਾ ਪਰਚਾਰਣ ਵਾਲੇ ਤਪ-ਅਭਿਆਸ ਦੀ ਕੋਈ ਮਹੱਤਤਾ ਨਹੀਂ ਪਰਵਾਨੀ ਅਤੇ ਜੈਨ ਧਰਮ ਦੇ 'ਤਪ-ਨਿਰਜਰਾ' ਨੂੰ ਬਿਲਕੁਲ ਬੇਅਰਥ ਸਮਝਿਆ ਹੈ। ਕਰੜੀ ਤਪ-ਸਾਧਨਾ ਵਿਚ ਬਿਤਾਇਆ ਹੋਇਆ ਮਾਨਵ ਜੀਵਨ ਨਿਸਫਲ ਜਾਂਦਾ ਹੈ, ਕਿਉਂਕਿ ਇਹ ਮਨੁੱਖ ਨੂੰ ਜੀਵਨ ਵਿੱਚ ਸ਼ੁੱਭ ਕਰਮ ਕਮਾਣ ਦੇ ਕੋਈ ਅਵਸਰ ਪ੍ਰਦਾਨ ਨਹੀਂ ਕਰਦਾ। ਗੁਰੂ ਨਾਨਕ ਦੇਵ ਜੀ ਦੇ ਵਿਚਾਰ ਅਨੁਸਾਰ ਨਿਰੰਤਰ ਤਪ-ਅਭਿਆਸ ਮਨੁੱਖ ਨੂੰ ਲੋਕ ਅਤੇ ਪਰਲੋਕ ਵਿਚ ਕੋਈ ਸਹਾਇਤਾ ਪ੍ਰਦਾਨ ਨਹੀਂ ਕਰਦਾ। ਇਹ ਮਨੁੱਖ ਨੂੰ ਇਸ ਜੀਵਨ ਵਿਚ ਸ਼ੁਭ-ਕਰਮ ਕਮਾਣ ਦੇ ਅਵਸਰਾਂ ਤੋਂ ਵੰਚਿਤ ਰੱਖਦਾ ਹੈ ਅਤੇ ਪਰਲੋਕ ਵਿਚ ਮੁਕਤੀ ਪ੍ਰਾਪਤੀ ਲਈ ਸਹਾਇਕ ਪੂੰਜੀ ਤੋਂ ਸੱਖਣਾ ਰੱਖਦਾ ਹੈ।

ਸ਼ੁੱਧ ਸਰਬਗਤਾ ਦੀ ਪ੍ਰਾਪਤੀ

ਜੈਨ ਧਰਮ ਅਨੁਸਾਰ 'ਸ਼ੁੱਧ ਸਰਬਗਤਾ' ਦੀ ਪ੍ਰਾਪਤੀ ਲਈ ਕਈ ਅਵਸਥਾਵਾਂ ਵਿਚੋਂ ਲੰਘਣਾ ਪੈਂਦਾ ਹੈ। ਪਹਿਲੀ ਅਵਸਥਾ ਹੈ ਤਿੰਨ ਸਦਗੁਣਾਂ ਨੂੰ ਧਾਰਨਾ। ਇਨ੍ਹਾਂ ਤਿੰਨਾਂ ਸਦਗੁਣਾਂ ਨੂੰ 'ਤ੍ਰਿਰਤਨ' ਕਿਹਾ ਗਿਆ ਹੈ, ਅਰਥਾਤ 'ਸ਼ੁੱਧ ਵਿਸ਼ਵਾਸ', ਸ਼ੁੱਧ-ਗਿਆਨ ਅਤੇ 'ਸ਼ੁੱਧ-ਆਚਰਣ'।

'ਸ਼ੁੱਧ-ਵਿਸ਼ਵਾਸ' ਜੈਨ ਧਰਮ ਦੇ ਸਿਧਾਂਤਾਂ ਵਿੱਚ ਪੂਰਨ ਵਿਸ਼ਵਾਸ ਨੂੰ ਕਿਹਾ ਗਿਆ ਹੈ ਅਤੇ 'ਸ਼ੁੱਧ-ਗਿਆਨ' ਸੰਪੂਰਣ ਜਾਂ ਸਰਬਗਤ ਗਿਆਨ ਨੂੰ ਮੰਨਿਆ ਗਿਆ ਹੈ। 'ਸ਼ੁੱਧ ਆਚਾਰਾਂ' ਨੂੰ ਵੀ ਮਹਾਨ ਉਚਾ ਸਦਗੁਣ ਮੰਨਿਆ ਗਿਆ ਹੈ। ਇਸ ਵਿੱਚ ਨਿਮਨ-ਲਿਖਤ ਪੰਜ ਪ੍ਰਕਾਰ ਦੇ ਸ਼ੁੱਧ ਵਿਹਾਰ ਸ਼ਾਮਲ ਹਨ:-

1. ਅਹਿੰਸਾ, ਜਿਸ ਦਾ ਭਾਵ ਕੇਵਲ ਜੀਵਾਂ ਨੂੰ ਨਾ ਮਾਰਨਾ ਹੀ ਨਹੀਂ, ਸਗੋਂ ਸਭ ਜੀਵਾਂ ਲਈ ਦਇਆ ਭਾਵ ਰੱਖਣਾ ਵੀ ਹੈ।

22. 'ਗੁਰੂ ਨਾਨਕ ਦਾ ਸਿੱਖ ਧਰਮ (ਸਭ ਧਰਮਾਂ ਦਾ ਤੁਲਨਾਤਮਕ ਅਧਿਐਨ)', ਪੰਨਾ 42.

2. ਸੱਚ ਬੋਲਣਾ ਅਤੇ ਲੋੜਵੰਦਾਂ ਨੂੰ ਦਾਨ ਦੇਣਾ।
3. ਸ਼ੁੱਧ ਵਿਹਾਰ, ਜਿਵੇਂ ਚੋਰੀ ਜਾਂ ਠੱਗੀ ਨਾ ਕਰਨਾ।
4. ਮਨ, ਬਚਨ ਅਤੇ ਕਰਮ ਦੀ ਪਵਿੱਤਰਤਾ।
5. ਸੰਸਾਰੀ ਇੱਛਾਵਾਂ ਦਾ ਤਿਆਗ।

ਇਸ ਤੋਂ ਪਤਾ ਲੱਗਦਾ ਹੈ ਕਿ ਜੈਨ ਧਰਮ ਵਿੱਚ ਸ਼ੁੱਧ ਵਿਹਾਰ ਨੂੰ ਸ਼ੁੱਧ ਆਚਾਰ ਦਾ ਅਨੁਸਾਰੀ ਭਾਗ ਮੰਨਿਆ ਗਿਆ ਹੈ। ਸ਼ੁੱਧ ਵਿਹਾਰ ਵਿਚ ਚੋਰੀ ਜਾਂ ਠੱਗੀ ਨੂੰ ਵਿਵਰਜਿਤ ਦਰਸਾਉਂਦਿਆਂ ਆਚਾਰ ਪਵਿੱਤਰਤਾ ਉਤੇ ਅਧਿਕ ਬਲ ਦਿੱਤਾ ਗਿਆ ਹੈ।

ਜੈਨ ਧਰਮ ਅਨੁਸਾਰ 'ਮਿਥਿਆਤਵ' ਜਾਂ 'ਮਿੱਥ ਸਰਧਾ' ਦੀ ਅਵਸਥਾ ਤੋਂ ਅੱਗੇ ਲੰਘ ਕੇ 'ਚੌਦ੍ਹਾਂ ਮਾਰਗਾਂ' ਦੀ ਅਵੱਸਥਾ ਆਉਂਦੀ ਹੈ, ਜਿਹੜੀ ਸਰਵੋਤਮ ਜੀਵਨ-ਅਵਸਥਾ ਮੰਨੀ ਜਾਂਦੀ ਹੈ। ਜੀਵਨ ਦੇ ਇਹ ਚੌਦ੍ਹਾਂ ਮਾਰਗ, ਵਾਸਤਵ ਵਿੱਚ, ਪੌੜੀ ਦੇ ਉਪਰ ਚੜ੍ਹਦੇ ਡੰਡਿਆਂ ਵਾਂਗ, ਇਕ ਦੂਜੇ ਤੋਂ ਉਪਰਲੇ ਦਰਜੇ ਦੇ ਜੀਵਨ-ਮਾਰਗ ਹਨ ਅਤੇ ਮਨੁੱਖ ਨੂੰ ਸ਼ੁੱਧ ਸਰਬਗਤਾ ਜਾਂ ਸਿੱਧ ਦੀ ਸਰਵੋਚ ਪਦਵੀ ਤੱਕ ਪਹੁੰਚਾਣ ਵਿਚ ਸਹਾਈ ਹੁੰਦੇ ਹਨ। ਇਹ ਮਾਰਗ ਹੇਠਲੀ ਤੋਂ ਉਪਰਲੀ ਪੱਧਰ ਵੱਲ ਇਸ ਕ੍ਰਮ ਅਨੁਸਾਰ ਵਧਦੇ ਹਨ:-

1. ਦੋਸ਼ ਪੂਰਨ ਵਿਸ਼ਵਾਸ, ਜੋ ਕਰਮ ਦੇ ਪਰਦੇ ਕਾਰਣ ਉਪਜਦਾ ਹੈ।
2. ਦੋਸ਼ ਪੂਰਨ ਵਿਸ਼ਵਾਸ ਰਾਹੀਂ ਝੂਠੇ ਗਿਆਨ ਦੀ ਉਤਪਤੀ।
3. ਸੱਚੇ ਅਤੇ ਝੂਠੇ ਗਿਆਨ ਦਾ ਮੇਲ ਹੋਣਾ।
4. ਸੱਚੀ ਸ਼ਰਧਾ ਦਾ ਉਪਜਣਾ।
5. ਸੰਸਾਰੀ ਵਸਤੂਆਂ ਲਈ ਪਿਆਰ ਤਿਆਗਣਾ।
6. ਸ਼ੁੱਧ ਆਚਾਰ ਆਰੰਭ ਹੋਣਾ, ਪਰ ਮਨ ਦਾ ਸੰਸਾਰ ਵੱਲ ਕਦੀ ਕਦੀ ਭਟਕ ਜਾਣਾ।
7. ਸ਼ੁੱਧ ਆਚਾਰ ਬਿਨਾਂ ਕਿਸੇ ਭਟਕਣ ਦੇ।
8. ਉਚੇ ਜੀਵਨ ਦੇ ਖੇਤਰ ਵਿਚ ਪਰਵੇਸ਼ ਕਰਨਾ।
9. ਉਚੇ ਜੀਵਨ ਲਈ ਅਣਥਕ ਯਤਨ ਅਤੇ ਉਦਮ ਕਰਨਾ।
10. ਇੱਛਾਵਾਂ ਦਾ ਨਾਸ਼ ਹੋਣਾ, ਪਰ ਉਨ੍ਹਾਂ ਦਾ ਨਾ-ਮਾਤਰ ਰਹਿ ਜਾਣਾ।
11. ਇੱਛਾਵਾਂ ਦਾ ਸਮੁੱਚਾ ਨਾਸ਼ ਹੋਣਾ।
12. ਭਾਵ ਨਿਰਜਰ ਅਤੇ ਕਰਮ ਬੰਧ ਦੀ ਸਮਾਪਤੀ।

13. ਜੀਵਨ ਵਿੱਚ ਸਰਬੱਗਤਾ ਦੀ ਪ੍ਰਾਪਤੀ, ਪਰ ਜੀਵ ਅੰਦਰ ਕੁੱਝ ਤਰੰਗਾਂ ਬਾਕੀ ਰਹਿ ਜਾਣਾ।
14. ਤਰੰਗਾਂ ਤੋਂ ਮੁਕਤ ਹੋ ਕੇ ਸੰਪੂਰਣ ਸਰਬੱਗਤਾ ਦੀ ਪ੍ਰਾਪਤੀ।

ਜੈਨ ਧਰਮ ਦੇ ਇਨ੍ਹਾਂ ਚੌਦ੍ਹਾਂ ਮਾਰਗਾਂ ਵਿਚ ਸ਼ੁੱਧ ਆਚਾਰ ਨੂੰ ਕਾਫ਼ੀ ਉਚਾ ਸਥਾਨ ਦਿੱਤਾ ਗਿਆ ਹੈ। ਪਰ ਇਨ੍ਹਾਂ ਮਾਰਗਾਂ ਵਿਚ ਸ਼ੁੱਧ ਆਚਾਰ ਦੀ ਅਵੱਸਥਾ ਤੋਂ ਵੀ ਉਪਰ ਉਠਣ ਦੀ ਆਵੱਸ਼ਕਤਾ ਦਰਸਾਈ ਗਈ ਹੈ ਅਤੇ ਅਜਿਹੀ ਅਵੱਸਥਾ ਤੱਕ ਪੁੱਜਣ ਦਾ ਆਦੇਸ਼ ਦਿੱਤਾ ਹੋਇਆ ਹੈ, ਜਿਸ ਵਿਚ ਸੰਸਾਰੀ ਇਛਾਵਾਂ ਅਤੇ ਸੰਸਾਰੀ ਕਾਰਜਾਂ ਤੋਂ ਨਿਰਲੇਪ ਰਹਿ ਕੇ ਸ਼ੁੱਧ ਸਰਬੱਗਤਾ ਦੀ ਪਦਵੀ ਪ੍ਰਾਪਤ ਕੀਤੀ ਜਾਏ।

ਇਸ ਤਰ੍ਹਾਂ ਚੌਦ੍ਹਾਂ ਮਾਰਗਾਂ ਦੇ ਸ਼ਿਖਰ ਉਤੇ ਪੁਜ ਕੇ ਮਨੁੱਖ ਨਿਰੋਲ ਅਕਾਰਜਸ਼ੀਲਤਾ ਦੀ ਅਵਸਥਾ ਉਤੇ ਪੁੱਜ ਜਾਂਦਾ ਹੈ। ਪਰ ਗੁਰੂ ਨਾਨਕ ਦੇਵ ਜੀ ਇਸ ਅਵਸਥਾ ਨੂੰ ਕੋਈ ਮਾਨਤਾ ਪ੍ਰਦਾਨ ਨਹੀਂ ਕਰਦੇ। ਆਪ ਸ਼ੁੱਧ ਆਚਰਣ ਅਤੇ ਸ਼ੁੱਧ ਆਚਾਰ ਦੀ ਬੜੀ ਉਚੀ ਪਦਵੀ ਮੰਨਦੇ ਹਨ, ਪਰ ਉਚ-ਸ਼ੁੱਧਤਾ ਦਾ ਅਰਥ ਕਾਰਜਹੀਣਤਾ ਮੰਨਣ ਲਈ ਕਦੀ ਵੀ ਤਿਆਰ ਨਹੀਂ ਹਨ। ਆਪ ਸ਼ੁੱਧ ਕਰਮਾਂ ਨੂੰ ਹੀ ਉਚ-ਸ਼ੁੱਧਤਾ ਦਾ ਆਧਾਰ ਮੰਨਦੇ ਹਨ। ਆਪ ਉਚੀ ਤੋਂ ਉਚੀ ਪਦਵੀ ਵਾਲੇ ਕਾਰਜਹੀਣ ਮਨੁੱਖ ਵਿੱਚ ਵੀ ਸ਼ੁੱਧਤਾ ਦਾ ਕੋਈ ਅੰਸ਼ ਨਹੀਂ ਪਰਵਾਨਦੇ, ਪਰ ਇਕ ਸਾਧਾਰਣ ਕਿਰਤੀ ਮਨੁੱਖ ਨੂੰ ਉਚ-ਸ਼ੁੱਧਤਾ ਦਾ ਸਾਕਾਰ ਰੂਪ ਮੰਨਦੇ ਹਨ।

## ਸਾਮਾਜਕ ਕਾਰਜਸ਼ੀਲਤਾ ਦੀ ਘਟਹੋਂਦ

ਜੈਨ ਧਰਮ ਵਿੱਚ ਅਜਿਹਾ ਸ਼ੁੱਧ ਜੀਵਨ ਬਿਤਾਣ ਉਤੇ ਬਲ ਦਿੱਤਾ ਹੋਇਆ ਹੈ, ਜਿਹੜਾ ਨਿਜ ਮੋਕਸ਼-ਪ੍ਰਾਪਤੀ ਲਈ ਹਰ ਤਰ੍ਹਾਂ ਸਹਾਈ ਹੋ ਕੇ ਵਿਖਾਏ। ਇਉਂ, ਇਸ ਧਰਮ ਵਿੱਚ ਨਿੱਜ-ਭਲਾਈ ਦੇ ਸਾਧਨਾਂ ਦੀ ਭਰਪੂਰਤਾ ਹੈ, ਪਰ ਸਮਾਜਕ ਭਲਾਈ ਦੇ ਕਾਰਜਾਂ ਦੀ ਪਰਤੱਖ ਘਟਹੋਂਦ ਹੈ। ਇਸ ਦਾ ਇਹ ਭਾਵ ਨਹੀਂ ਕਿ ਇਸ ਧਰਮ ਵਿੱਚ ਮਾਨਵ ਭਲਾਈ ਦੇ ਸੰਕਲਪ ਨੂੰ ਮੂਲੋਂ ਹੀ ਅਪਰਵਾਨ ਕੀਤਾ ਗਿਆ ਹੈ, ਪਰ ਇਸ ਧਰਮ ਵਿੱਚ ਅਸਲ ਮਾਨਵ ਭਲਾਈ ਕੇਵਲ ਮੋਕਸ਼-ਪ੍ਰਾਪਤੀ ਨੂੰ ਹੀ ਮੰਨਿਆ ਗਿਆ ਹੈ, ਜਿਹੜੀ ਕੇਵਲ ਨਿਜ-ਜਤਨਾਂ ਉਤੇ ਨਿਰਭਰ ਹੈ। ਜੈਨ ਗਿਆਨ ਮੀਮਾਂਸਾ ਅਨੁਸਾਰ ਮੋਕਸ਼ ਪ੍ਰਾਪਤੀ ਲਈ ਹਰੇਕ ਮਨੁੱਖ ਨੂੰ ਕੇਵਲ ਨਿੱਜ-ਜਤਨਾਂ ਉਤੇ ਭਰੋਸਾ ਰੱਖਣਾ ਚਾਹੀਦਾ ਹੈ ਅਤੇ ਨਿੱਜ-

ਜਤਨ ਤਦ ਹੀ ਪੂਰਾ ਕਰ ਪਾਰਦੇ ਹਨ ਜਦ ਮਨੁੱਖ ਸਮਾਜਕ ਮੇਲ-ਜੋਲ ਤੋਂ ਬਿਲਕੁਲ ਨਿਰਲੇਪ ਰਹਿ ਕੇ ਵਿਚਾਰੇ। ਡਾ. ਸਾਂਤੀ ਨਾਥ ਗੁਪਤਾ ਨੇ ਜੈਨ ਧਰਮ ਦੇ ਇਸ ਸਿਧਾਂਤ ਦਾ ਇਉਂ ਉਲੇਖ ਕੀਤਾ ਹੈ:-

> "ਜੈਨ ਨੈਤਿਕ ਸਿਧਾਂਤ ਦੇ ਅਨੁਸਾਰ ਮੋਕਸ਼-ਪ੍ਰਾਪਤੀ ਮਨੁੱਖ ਦਾ ਨਿੱਜੀ ਮਾਮਲਾ ਹੈ। ਇਸ ਲਈ ਉਸ ਨੂੰ ਆਪਣੇ ਹੀ ਜਤਨ ਉਤੇ ਭਰੋਸਾ ਰੱਖਣਾ ਚਾਹੀਦਾ ਹੈ। ਇਹ ਗੱਲ ਜੈਨ-ਸਾਹਿਤ ਦੇ ਇਕ ਵਾਕ ਤੋਂ ਪ੍ਰਗਟ ਹੋ ਜਾਂਦੀ ਹੈ ਕਿ ਮਨੁੱਖ ਇਕੱਲਾ ਹੀ ਪੁੰਨ ਕਮਾਉਂਦਾ ਹੈ, ਇਕੱਲਾ ਹੀ ਉਸ ਦੇ ਫਲ ਸਰੂਪ ਪ੍ਰਾਪਤ ਭੋਗ ਭੋਗਦਾ ਹੈ, ਇਕੱਲਾ ਹੀ ਕਰਮਾਂ ਦਾ ਨਾਸ਼ ਕਰਦਾ ਹੈ ਅਤੇ ਇਕੱਲਾ ਹੀ ਅੰਤ ਵਿੱਚ ਮੋਕਸ਼ ਪ੍ਰਾਪਤ ਕਰਦਾ ਹੈ। ਭਾਵੇਂ ਸੰਘ ਅੰਦਰ ਰਹਿਣ ਨਾਲ ਕੁਝ ਸਹਾਇਤਾ ਮਿਲਦੀ ਹੈ, ਪਰ ਨੈਤਿਕ ਉਨੱਤੀ ਮਨੁੱਖ ਦੇ ਆਪਣੇ ਸੰਕਲਪ ਅਤੇ ਪ੍ਰਤਨ ਉਤੇ ਨਿਰਭਰ ਹੈ। ਇਸ ਦਾ ਕਾਰਣ ਇਹ ਹੈ ਕਿ ਜੈਨ-ਦਰਸ਼ਨ ਦੇ ਅਨੁਸਾਰ ਜੀਵ ਦੇ ਸੁੱਧ-ਸਰੂਪ ਵਿਚ ਸਾਰੀਆਂ ਪੂਰਣਤਾਵਾਂ ਹੁੰਦੀਆਂ ਹਨ। ਉਨ੍ਹਾਂ ਲਈ ਸਮਾਜ ਜਾਂ ਬਾਹਰੀ ਜਗਤ ਤੇ ਕਿਸੇ ਮੱਦਦ ਦੀ ਲੋੜ ਨਹੀਂ। ਜੀਵ ਦੀ ਅਵਸਥਾ ਆਪਣੇ ਆਪ ਵਿਚ ਪੂਰਣ ਹੈ। ਇਸ ਤੋਂ ਇਹ ਸਿੱਧ ਹੁੰਦਾ ਹੈ ਕਿ ਜੈਨ ਨੀਤੀ ਹਉਮੈਵਾਦ ਉਤੇ ਕੇਂਦ੍ਰਿਤ ਹੈ। ਮੋਕਸ਼-ਪ੍ਰਾਪਤੀ ਵੀ ਇਕ ਸਵਾਰਥਪੂਰਣ ਆਦਰਸ਼ ਹੈ।"[23]

ਇਸ ਸਿਧਾਂਤ ਅਨੁਸਾਰ ਮਨੁੱਖ ਨੂੰ 'ਸਰਬਗਤ ਸ਼ੁੱਧਤਾ' ਵੀ ਕੇਵਲ ਨਿੱਜ-ਜਤਨ ਦੇ ਬਲ ਨਾਲ ਪ੍ਰਾਪਤ ਹੁੰਦੀ ਹੈ ਅਤੇ ਇਸ ਸ਼ੁੱਧਤਾ ਨੂੰ ਪ੍ਰਾਪਤ ਕਰਨ ਵਾਲਾ 'ਸਿਧ ਪੁਰਸ਼' ਕਿਸੇ ਪ੍ਰਕਾਰ ਦੀ ਸਮਾਜਕ ਸਹਾਇਤਾ ਦੀ ਲੋੜ ਤੋਂ ਉਪਰ ਹੁੰਦਾ ਹੈ। ਵਾਸਤਵ ਵਿੱਚ, ਜੈਨ ਧਰਮ ਦਾ ਇਹ ਸਿਧਾਂਤ ਮਨੁੱਖ ਅੰਦਰ ਹਉਮੈਵਾਦ ਉਤਪੰਨ ਕਰਦਾ ਹੈ। ਭਾਵੇਂ ਇਸ ਧਰਮ ਵਿੱਚ 'ਸਿਧ ਪੁਰਸ਼' ਕੇਵਲ ਉਸ ਮਹਾਨ ਵਿਅਕਤੀ ਨੂੰ ਮੰਨਿਆ ਗਿਆ ਹੈ, ਜਿਹੜਾ 'ਚੌਦਾਂ ਮਾਰਗ' ਦੀ ਸਿਖਰਲੀ ਅਵੱਸਥਾ ਨੂੰ ਪਾਰ ਕਰ ਕੇ ਹਰ ਪ੍ਰਕਾਰ ਦੀ ਸੰਸਾਰੀ ਇੱਛਾ ਅਤੇ ਹਉਮੈ ਤੋਂ ਉਪਰ ਉਠ ਖਲੋਂਦਾ ਹੈ, ਪਰ ਨਿੱਜ-ਜਤਨ ਉਤੇ ਭਰੋਸਾ ਰੱਖਣ ਵਾਲਾ

---

23. 'ਭਾਰਤੀ ਦਰਸ਼ਨ', ਪੰਨਾ 74.

ਜੈਨ-ਸਿਧਾਂਤ 'ਹਉਮੈਵਾਦ' ਤੋਂ ਉਪਰ ਨਹੀਂ ਮੰਨਿਆ ਜਾ ਸਕਦਾ ਅਤੇ ਇਹ ਸਮਾਜਕ ਮਿਲਵਰਤਣ ਅਤੇ ਸਮਾਜਕ ਸੇਵਾ ਤੋਂ ਸੱਖਣਾ ਰਹਿ ਜਾਂਦਾ ਹੈ।

ਇਸ ਦੇ ਵਿਪਰੀਤ ਗੁਰੂ ਨਾਨਕ ਦੇਵ ਦੇ ਸਿੱਖ ਧਰਮ ਵਿੱਚ ਮਨੁੱਖ ਨੂੰ ਆਪਣੇ ਸਰਵੋਚ ਰੂਪ ਵਿੱਚ 'ਗੁਰਮੁਖਿ' ਮੰਨਿਆ ਗਿਆ ਹੈ ਅਤੇ 'ਗੁਰਮੁਖਿ' ਸਮਾਜਕ ਮਿਲਵਰਤਣ ਅਤੇ ਸਮਾਜਕ ਸੇਵਾ ਦਾ ਸਾਕਾਰ ਰੂਪ ਹੁੰਦਾ ਹੈ। ਇਸ ਤੋਂ ਉਪਰੰਤ ਗੁਰੂ ਨਾਨਕ ਦੇਵ ਮਨੁੱਖ ਦੇ ਨਿੱਜ-ਜਤਨਾਂ ਨੂੰ ਕੋਈ ਵਿਸ਼ੇਸ਼ ਮਹਾਨਤਾ ਪ੍ਰਦਾਨ ਨਹੀਂ ਕਰਦੇ। ਆਪ ਸੰਗਤ ਦੇ ਪ੍ਰਭਾਵ ਅਤੇ ਪਰਮਾਤਮਾ ਦੀ ਮਿਹਰ ਨੂੰ ਨਿਜ-ਜਤਨਾਂ ਨਾਲੋਂ ਵੱਧ ਮਹਾਨ ਅਤੇ ਕਲਿਆਣਕਾਰੀ ਮੰਨਦੇ ਹਨ। ਆਪਜੀ ਦੇ ਵਿਚਾਰ ਅਨੁਸਾਰ ਸੰਗਤ ਦੇ ਸ਼ੁੱਭ ਪ੍ਰਭਾਵ ਤੋਂ ਬਿਨਾਂ ਮਾਨਵ-ਆਚਰਣ ਦੀ ਪਰਪੱਕਤਾ ਸੰਭਵ ਨਹੀਂ ਹੋ ਸਕਦੀ ਅਤੇ ਪਰਮਾਤਮਾ ਦੀ ਮਿਹਰ ਤੋਂ ਬਿਨਾਂ ਮੁਕਤੀ ਦੀ ਪ੍ਰਾਪਤੀ ਕੀਤੀ ਨਹੀਂ ਜਾ ਸਕਦੀ। ਇਸ ਦੇ ਨਾਲ ਹੀ ਗੁਰੂ ਨਾਨਕ ਦੇਵ ਦੇ ਗੁਰਮਤਿ ਧਰਮ ਵਿਚ ਨਿਜ-ਮੁਕਤੀ ਦਾ ਉਦੋਂ ਤੱਕ ਕੋਈ ਅਰਥ ਹੀ ਨਹੀਂ ਜਦ ਤੱਕ ਮਨੁੱਖ 'ਕੇਤੀ ਛੁਟੀ ਨਾਲਿ' ਦਾ ਉਦੇਸ਼ ਆਪਣੇ ਸਾਹਮਣੇ ਨਾ ਰੱਖੇ। ਇਸ ਦਾ ਭਾਵ ਹੈ ਕਿ ਗੁਰੂ ਨਾਨਕ ਦੇਵ ਦੇ ਸਿੱਖ ਧਰਮ ਵਿੱਚ ਜਿਥੇ ਨਿਜ-ਭਲੇ ਨਾਲੋਂ 'ਸਰਬਤ ਦਾ ਭਲਾ' ਵਧੇਰੇ ਉੱਤਮ ਸਮਝਿਆ ਜਾਂਦਾ ਹੈ, ਉਥੇ ਨਿੱਜ-ਮੁਕਤੀ ਨਾਲੋਂ 'ਸਰਬਤ ਦੀ ਮੁਕਤੀ' ਵਧੇਰੇ ਉਤਮ ਮੰਨੀ ਜਾਂਦੀ ਹੈ।

ਇਸ ਤੋਂ ਸਿੱਧ ਹੋ ਜਾਂਦਾ ਹੈ ਕਿ ਜਿਥੇ ਜੈਨ-ਧਰਮ ਵਿੱਚ ਸਮਾਜਕ ਮਿਲਵਰਤਣ ਅਤੇ ਸਮਾਜਕ ਭਲਾਈ ਦੇ ਕਾਰਜਾਂ ਦੀ ਅਣਹੋਂਦ ਹੈ, ਉਥੇ ਗੁਰੂ ਨਾਨਕ ਦੇਵ ਦੇ ਸਿੱਖ ਧਰਮ ਵਿੱਚ ਇਹੋ ਜਿਹੇ ਕਾਰਜਾਂ ਦੀ ਭਰਪੂਰਤਾ ਹੈ। ਇਸ ਵਿਚ ਮਨੁੱਖੀ ਕਿਰਤ ਨੂੰ ਸਮਾਜਕ ਅਤੇ ਮਾਨਵ ਭਲਾਈ ਦੇ ਕਾਰਜਾਂ ਦਾ ਮਾਧਿਅਮ ਬਣਾ ਕੇ ਵਰਤਿਆ ਜਾਂਦਾ ਹੈ। ਇਸ ਵਿੱਚ ਸਮਾਜਕ ਮਿਲਵਰਤਣ ਅਤੇ ਸਮਾਜਕ ਕਾਰਜਸ਼ੀਲਤਾ ਨੂੰ ਬੜੀ ਉਚੀ ਪਦਵੀ ਪ੍ਰਦਾਨ ਕੀਤੀ ਗਈ ਹੈ।

### 3. ਬੁੱਧ ਧਰਮ ਵਿੱਚ ਕਿਰਤ-ਸੰਕਲਪ

ਮਹਾਤਮਾ ਬੁੱਧ ਨੇ ਸੰਸਾਰ ਦੇ ਮਨੁੱਖਾਂ ਨੂੰ ਦੁੱਖ ਤੋਂ ਛੁਟਕਾਰਾ ਦਿਵਾਣ ਲਈ ਬੁੱਧ ਧਰਮ ਦਾ ਪਰਚਾਰ ਕੀਤਾ। ਇਸ ਧਰਮ ਦਾ ਮੁੱਖ-ਪਰਯੋਜਨ ਮਨੁੱਖਤਾ ਦੇ ਰਾਹ ਵਿੱਚ ਆਣ ਵਾਲੇ ਸਭ ਦੁੱਖਾਂ ਦੀ ਨਵਿਰਤੀ ਕਰਨਾ ਹੈ। ਇਸ ਲਈ, ਇਸ ਧਰਮ ਵਿੱਚ ਦੁੱਖਾਂ ਦਾ ਵਾਧਾ ਕਰਨ ਵਾਲੇ ਹਰੇਕ ਕਾਰਣ ਤੋਂ ਬਚ ਕੇ ਰਹਿਣ ਦਾ ਆਦੇਸ਼ ਦਿੱਤਾ ਹੋਇਆ ਹੈ।

## ਵਿਅਕਤੀ-ਵੰਡ ਅਨੁਸਾਰ ਕਿਰਤ

ਮਹਾਤਮਾ ਬੁੱਧ ਨੇ ਹਿੰਦੂ ਧਰਮ ਦੀ ਜਾਤੀ-ਵੰਡ ਨੂੰ ਮਾਨਵ ਦੁੱਖਾਂ ਵਿੱਚ ਵਾਧਾ ਕਰਨ ਦਾ ਕਾਰਣ ਸਮਝਦਿਆਂ ਇਸ ਨੂੰ ਅਪਰਵਾਨ ਕੀਤਾ ਹੈ, ਪਰ ਆਪ ਨੇ ਮਨੁੱਖਤਾ ਅੰਦਰ ਇਕ ਹੋਰ ਵੰਡ ਉਤਪੰਨ ਕਰ ਦਿੱਤੀ ਹੈ, ਜਿਸ ਨੂੰ ਵਿਅਕਤੀ-ਵੰਡ ਕਿਹਾ ਜਾ ਸਕਦਾ ਹੈ। ਆਪ ਨੇ ਇਹ ਵੰਡ ਇਸ ਪ੍ਰਯੋਜਨ ਅਧੀਨ ਕੀਤੀ ਹੈ ਕਿ ਬੁੱਧ ਧਰਮ ਵਿੱਚ ਧਾਰਮਕ ਪਰਚਾਰ ਅਤੇ ਦੈਨਿਕ ਆਹਾਰ ਪੂਰਤੀ ਦੇ ਦੋਵੇਂ ਕੰਮ ਸੁਵਿਧਾ ਸਹਿਤ ਨਿਭਦੇ ਰਹਿਣ। ਇਸ ਵੰਡ ਅਨੁਸਾਰ, ਆਪ ਨੇ ਆਪਣੇ ਸਭ ਅਨਿਆਈਆਂ ਨੂੰ ਸਾਧਾਰਣ ਮਨੁੱਖਾਂ ਅਤੇ ਭਿਖਸ਼ੂਆਂ ਦੀਆਂ ਦੋ ਸ਼੍ਰੇਣੀਆਂ ਵਿਚ ਵੰਡ ਦਿੱਤਾ ਅਤੇ ਇਨ੍ਹਾਂ ਦੋਹਾਂ ਦੇ ਵੱਖੋ ਵੱਖਰੇ ਕਾਰਜ ਨਿਸ਼ਚਿਤ ਕਰ ਦਿੱਤੇ। ਇਸ ਵਿਅਕਤੀ-ਵੰਡ ਵਿੱਚ ਜਾਤੀਆਂ ਦੀ ਕੋਈ ਬੰਦਸ਼ ਨਾ ਰੱਖੀ ਅਤੇ ਹਰੇਕ ਬੋਧੀ ਪੁਰਸ਼ ਜਾਂ ਇਸਤ੍ਰੀ ਨੂੰ ਬਿਨ੍ਹਾਂ ਕਿਸੇ ਜਾਤੀ ਭੇਦ ਭਾਵ ਦੇ ਭਿਖਸ਼ੂ ਜਾਂ ਭਿਖਸ਼ੁਣੀ ਬਣਨ ਦੀ ਖੁੱਲ੍ਹ ਪਰਦਾਨ ਕੀਤੀ। ਪਰ ਵਿਅਕਤੀਆਂ ਵਲੋਂ ਆਪਣਾ ਜੀਵਨ-ਮਾਰਗ ਚੁਣਨ ਮਗਰੋਂ ਉਨ੍ਹਾਂ ਦੇ ਕਾਰਜਾਂ ਉਤੇ ਅਜਿਹੇ ਬੰਧਨ ਲਗਾ ਦਿੱਤੇ ਕਿ ਉਹ ਉਸ ਵਿਸ਼ੇਸ਼ ਵਿਅਕਤੀ-ਵੰਡ ਵਿਚ ਬੱਝ ਕੇ ਰਹਿ ਗਏ। ਭਿਖਸ਼ੂਆਂ ਜਾਂ ਭਿਖਸ਼ੁਣੀਆਂ ਦਾ ਕੰਮ ਗ੍ਰਿਹਸਤ ਤੋਂ ਦੂਰ ਰਹਿੰਦਿਆਂ ਧਰਮ ਪਰਚਾਰ ਰਾਹੀਂ ਮਨੁੱਖਾਂ ਨੂੰ ਦੁੱਖਾਂ ਤੋਂ ਛੁਟਕਾਰਾ ਦਿਵਾਣਾ ਅਤੇ ਸਾਧਾਰਣ ਮਨੁੱਖਾਂ ਦਾ ਕੰਮ ਗ੍ਰਿਹਸਤ ਨਿਭਾਉਂਦਿਆਂ ਕਿਰਤ ਕਰ ਕੇ ਕਮਾਈ ਕਰਨਾ ਨਿਸ਼ਚਿਤ ਕਰ ਦਿੱਤਾ ਗਿਆ। ਭਿਖਸ਼ੂ-ਵਰਗ ਲਈ ਕਿਰਤ ਕਰਨ ਦੀ ਕੋਈ ਲੋੜ ਨਾ ਸਮਝੀ ਗਈ, ਕਿਉਂਜੁ ਸਾਧਾਰਣ ਮਨੁੱਖਾਂ ਨੂੰ ਇਹ ਕੰਮ ਸੌਂਪਿਆ ਗਿਆ ਕਿ ਉਹ ਆਪਣੀ ਆਹਾਰ-ਪੂਰਤੀ ਦੇ ਨਾਲ ਨਾਲ ਭਿਖਸ਼ੂਆਂ ਦੀ ਆਹਾਰ ਪੂਰਤੀ ਦਾ ਕਰਤੱਵ ਵੀ ਨਿਭਾਣ।

ਗੁਰੂ ਨਾਨਕ ਦੇਵ ਜੀ ਨੇ ਮਨੁੱਖਾਂ ਦੀ ਇਹੋ ਜਿਹੀ ਵਿਅਕਤੀ-ਵੰਡ ਕਰਨ ਦਾ ਕਿਤੇ ਆਦੇਸ਼ ਨਹੀਂ ਦਿੱਤਾ। ਗੁਰੂ ਜੀ ਨੇ ਸਭ ਮਨੁੱਖਾਂ ਨੂੰ ਸੰਸਾਰੀ ਕਰਤਵ ਨਿਭਾਣ ਅਤੇ ਆਤਮਕ ਉਨਤੀ ਕਰਨ ਦੇ ਇਕੋ ਜਿਹੇ ਅਧਿਕਾਰ ਪ੍ਰਦਾਨ ਕੀਤੇ ਹਨ। ਇਸ ਲਈ ਆਪ ਜੀ ਨੇ ਕਿਸੇ ਮਨੁੱਖ ਨੂੰ ਉਚ-ਆਤਮਕ ਜਾਂ ਧਾਰਮਕ ਪਦਵੀ ਕਾਰਣ ਕਿਰਤ ਕਰਨ ਤੋਂ ਸੁਤੰਤਰ ਨਹੀਂ ਮੰਨਿਆ। ਆਪ ਕਿਸੇ ਵੱਡੇ ਤੋਂ ਵੱਡੇ ਸੰਤ ਜਾਂ ਗੁਰੂ ਵਿੱਚ ਵੀ ਕਿਰਤ ਕਰਨ ਤੋਂ ਸੁਤੰਤਰਤਾ ਦਾ ਅਧਿਕਾਰ ਨਹੀਂ ਮੰਨਦੇ। ਇਸ ਲਈ, ਗੁਰੂ ਨਾਨਕ ਦੇਵ ਜੀ ਦੇ ਗੁਰਮਤਿ ਵਿੱਚ ਕਿਸੇ ਧਰਮ ਪਰਚਾਰਕ ਵਲੋਂ ਕਿਸੇ ਗ੍ਰਿਹਸਤੀ ਦੇ ਘਰ ਰੋਟੀ ਜਾਂ ਕੱਪੜਾ ਮੰਗਣ ਜਾਣਾ

ਵਿਵਰਜਿਤ ਅਤੇ ਅਪਮਾਨਿਤ ਮੰਨਿਆ ਗਿਆ ਹੈ। ਪਰ, ਬੁੱਧ ਧਰਮ ਵਿੱਚ ਭਿਖਸ਼ੂਆਂ ਵਲੋਂ ਗ੍ਰਹਿਸਤੀਆਂ ਦੇ ਘਰ ਹਰ ਪ੍ਰਕਾਰ ਦੀ ਲੋੜੀਂਦੀ ਭਿਖਿਆ ਮੰਗਣ ਜਾਣਾ ਨਾ ਤਾਂ ਵਿਵਰਜਿਤ ਮੰਨਿਆ ਗਿਆ ਹੈ, ਨਾ ਹੀ ਅਪਮਾਨਿਤ। ਮਹਾਤਮਾ ਬੁੱਧ ਆਪ ਹੱਥ ਵਿਚ ਕਮੰਡਲ ਫੜ ਕੇ ਗ੍ਰਹਿਸਤੀਆਂ ਦੇ ਘਰਾਂ ਵਿਚ ਭਿਖਿਆ ਮੰਗਣ ਵਿੱਚ ਆਪਣਾ ਮਾਣ ਅਨੁਭਵ ਕਰਦੇ ਸਨ। ਇਸ ਲਈ, ਸਭ ਭਿਖਸ਼ੂ ਹਰ ਪ੍ਰਕਾਰ ਦੀ ਭਿਖਿਆ ਮੰਗਣਾ ਆਪਣਾ ਵਿਸ਼ੇਸ਼ ਅਧਿਕਾਰ ਮੰਨਣ ਲੱਗ ਪਏ। ਇਸ ਦੇ ਪਰਿਣਾਮ ਸਰੂਪ ਬੁੱਧ ਧਰਮ ਵਿੱਚ ਕਿਰਤ ਕਰਨ ਵਾਲੇ ਸਾਧਾਰਣ ਮਨੁੱਖਾਂ ਨਾਲੋਂ ਮੰਗ ਖਾਣ ਵਾਲੇ ਭਿਖਸ਼ੂਆਂ ਦੀ ਗਿਣਤੀ ਦਿਨੋਂ ਦਿਨ ਵਧਦੀ ਗਈ। ਇਸ ਤਰ੍ਹਾਂ, ਬੁੱਧ ਮੱਤ ਦੇ ਅਧਿਕਤਰ ਅਨਿਆਈਆਂ ਵਿੱਚ ਕਾਰਜਸ਼ੀਲਤਾ ਦਾ ਨਿਰੰਤਰ [illegible] ਘਾਟਾ ਅਤੇ ਕਾਰਜ-ਹੀਣਤਾ ਦਾ ਨਿਰੰਤਰ ਵਾਧਾ ਹੁੰਦਾ ਚਲਾ ਗਿਆ।

<u>ਕਰੜੇ ਨੈਤਿਕ ਅਸੂਲ</u>

ਬੁੱਧ ਮਤ ਵਿੱਚ ਮਨੁੱਖੀ ਕਾਰਜਾਂ ਨੂੰ 'ਅਸ਼ਟਾਂਗ ਮਾਰਗ' ਦੇ ਕਰੜੇ ਨੈਤਿਕ ਅਸੂਲਾਂ ਵਿੱਚ ਜਕੜ ਕੇ ਰੱਖ ਦਿੱਤਾ ਗਿਆ ਹੈ। ਇਸ ਨਾਲ ਮਨੁੱਖ ਦੀ ਸੁਤੰਤਰ ਕਾਰਜਸ਼ੀਲਤਾ ਦੀ ਸੀਮਾ ਬਹੁਤ ਸੰਕੁਚਿਤ ਕਰ ਦਿੱਤੀ ਗਈ ਹੈ। ਇਸ ਧਰਮ ਵਿਚ ਹਰੇਕ ਮਨੁੱਖ ਨੂੰ ਇਹ ਕਰੜੀ ਚਿਤਾਵਨੀ ਦਿੱਤੀ ਹੋਈ ਹੈ ਕਿ 'ਅਸ਼ਟਾਂਗ ਮਾਰਗ' ਤੋਂ ਜ਼ਰਾ ਜਿੰਨਾ ਵੀ ਥਿੜਕ ਜਾਣ ਉਤੇ ਉਸ ਨੂੰ ਨਵੇਂ ਸਿਰਿਓਂ ਦੁੱਖਾਂ ਦਾ ਪੂਰਾ ਚੱਕਰ ਕੱਟਣਾ ਪਏਗਾ।

'ਅਸ਼ਟਾਂਗ-ਮਾਰਗ' ਵਾਸਤਵ ਵਿੱਚ, ਜੀਵਨ ਜੁਗਤ ਦਾ ਮੱਧ-ਮਾਰਗ ਹੈ। ਇਸ ਅਨੁਸਾਰ ਕਿਸੇ ਕਾਰਜ ਨੂੰ ਅਤਿ ਦਰਜੇ ਤੱਕ ਕਰਨਾ ਅਨੁਚਿਤ ਦਰਸਾਇਆ ਗਿਆ ਹੈ। ਜੀਵਨ ਦੇ ਇਸ ਮਧ-ਮਾਰਗ ਦੇ ਅੱਠ ਸਵਰੂਪ ਇਹ ਹਨ - ਠੀਕ ਗਿਆਨ, ਠੀਕ ਸੰਕਲਪ, ਠੀਕ ਬਾਣੀ, ਠੀਕ ਕਰਮ, ਠੀਕ ਉਪਜੀਵਕਾ, ਠੀਕ ਯਤਨ, ਠੀਕ ਧਿਆਨ ਅਤੇ ਠੀਕ ਸਮਾਧੀ। ਇਹ ਮਧ-ਮਾਰਗ ਅਰਸਤੂ ਦੇ ਸੁਨਹਿਰੀ ਮੱਧਮਾਨ ਨਾਲ ਮਿਲ ਖਾਂਦਾ ਹੈ। ਇਸ ਵਿੱਚ ਸਭ ਤੋਂ ਅਧਿਕ ਬਲ ਇਸ ਗੱਲ ਉਤੇ ਦਿੱਤਾ ਗਿਆ ਹੈ ਕਿ ਇਛਾਵਾਂ ਦੀ ਪੂਰਤੀ ਖਾਤਰ ਕੀਤਾ ਹੋਇਆ ਹਰੇਕ ਅਤਿ ਦਰਜੇ ਦਾ ਕਾਰਜ ਦੁੱਖ ਦਾ ਕਾਰਣ ਬਣਦਾ ਹੈ। ਇਸ ਲਈ ਮਹਾਤਮਾ ਬੁੱਧ ਇਛਾਵਾਂ ਦੀ ਪੂਰਤੀ ਕਰਨ ਵਾਲੇ ਹਰੇਕ ਕਾਰਜ ਤੋਂ ਮਨੁੱਖ ਨੂੰ ਬੜੀ ਦ੍ਰਿੜ੍ਹਤਾ ਨਾਲ ਵਰਜਦੇ ਹਨ। ਜੇ ਮਨੁੱਖ ਸਮਝੇ ਕਿ ਇੱਛਾ ਪੂਰਨ ਕਰਨ ਵਾਲੇ ਕਾਰਜਾਂ ਤੋਂ ਸੁੱਖ ਉਪਜਦਾ ਹੈ ਤਾਂ ਇਹ ਉਸ ਦੀ ਮਹਾਨ ਭੁੱਲ ਹੈ, ਕਿਉਂਕਿ ਸੁੱਖ ਉਪਜਾਣ ਵਾਲੇ ਕਾਰਜ

ਨਾਸ਼ਵਾਨ ਸੁੱਖ ਹੀ ਉਪਜਾਉਂਦੇ ਹਨ, ਜਿਸ ਦਾ ਅੰਤ ਦੁੱਖ ਹੀ ਵਿੱਚ ਹੁੰਦਾ ਹੈ। ਇਸ ਸੰਬੰਧੀ ਡਾ: ਸ਼ਾਂਤੀ ਨਾਥ ਗੁਪਤਾ ਨੇ ਲਿਖਿਆ ਹੈ:-

> "(ਮਹਾਤਮਾ) ਬੁੱਧ ਕਹਿੰਦਾ ਹੈ ਕਿ ਇੱਛਾਵਾਂ ਨੂੰ ਬਿਨਾ ਰੋਕ ਟੋਕ ਅਤੇ ਬਿਨਾ ਭਲੇ ਮਾੜੇ ਦੀ ਸਮਝ ਦੇ ਪੂਰਾ ਕਰਦੇ ਚਲੇ ਜਾਣਾ ਠੀਕ ਨਹੀਂ, ਕਿਉਂਕਿ ਇਸ ਦੇ ਨਾਲ ਕੇਵਲ ਨਾਸ਼ਵਾਨ ਸੁੱਖ ਦੀ ਹੀ ਪ੍ਰਾਪਤੀ ਸੰਭਵ ਹੈ। ਇਸ ਸੁੱਖ ਦੇ ਆਦਿ ਅਤੇ ਅੰਤ ਦੁੱਖ ਵਿਚ ਹਨ। ਇਹ ਸੁੱਖ ਸ਼ੁੱਧ ਨਹੀਂ ਹੈ, ਇਸ ਅੰਦਰ ਦੁੱਖ ਦੀ ਮਿਲਾਵਟ ਹੁੰਦੀ ਹੈ।"[24]

ਇਸ ਤਰ੍ਹਾਂ ਬੁੱਧ ਧਰਮ ਵਿੱਚ ਇੱਛਾਵਾਂ ਦੀ ਪੂਰਤੀ ਕਰਨ ਵਾਲੇ ਸਭ ਕਾਰਜਾਂ ਨੂੰ ਦੁੱਖ ਦਾ ਕਾਰਨ ਦਸਆ ਕੇ ਵਿਵਰਜਤ ਕਰ ਦਿੱਤਾ ਗਿਆ ਹੈ। ਇਸ ਧਰਮ ਵਿੱਚ ਮਨੁੱਖੀ ਕਾਰਜਾਂ ਨੂੰ ਵੱਧ ਤੋਂ ਵੱਧ ਸੀਮਾ-ਬੱਧ ਕਰਨ ਲਈ ਇਹ ਸਿਧਾਂਤ ਪਰਚਾਰਿਆ ਗਿਆ ਹੈ ਕਿ ਮਨੁੱਖ ਨੂੰ 'ਅਸ਼ਟਾਂਗ ਮਾਰਗ' ਤੋਂ ਫਿਸਲਾਉਣ ਦੇ ਮੁੱਖ ਕਾਰਣ ਉਸ ਦੇ ਵਾਸਨਾ-ਭਰੇ ਕਾਰਜ ਹਨ। ਇਹੋ ਸਮਝੋ, ਵਾਸਨਾ ਦੀ ਭੋਰਾ ਜਿੰਨੀ ਅੰਸ਼ ਵਾਲੇ ਕਾਰਜ ਵੀ 'ਅਸ਼ਟਾਂਗ ਮਾਰਗ' ਉੱਤੇ ਚੱਲਣ ਵਾਲੇ ਵਿਅਕਤੀ ਦੇ ਮਹਾਨ ਵਿਰੋਧੀ ਅਤੇ ਘਾਤਕ ਦਿਖਾਏ ਗਏ ਹਨ। ਇਉਂ, ਮਹਾਤਮਾ ਬੁੱਧ ਨੇ ਮਨੁੱਖ ਸਾਹਮਣੇ ਬਹੁਤ ਉੱਚੇ ਆਚਰਣ ਜਾਂ ਇਖਲਾਕ ਦਾ ਟੀਚਾ ਰੱਖਿਆ ਹੈ, ਪਰ ਭਾਈ ਵੀਰ ਸਿੰਘ ਨੇ ਇਸ ਸੰਬੰਧੀ ਇਹ ਵਿਚਾਰ ਪਰਗਟਾਇਆ ਹੈ:-

> "ਨਿਰੇ ਇਖਲਾਕ ਵਿੱਚ ਮੁਕੰਮਲ ਹੋਣਾ ਇਸ ਸਰੀਰ ਤੇ ਮਨ ਨਹੀਂ ਅਸੰਭਵ ਹੈ ..... ਇਖਲਾਕ ਉੱਚਾ ਕਰੋ, ਰੂਹ ਨੂੰ ਵਿਚੋਂ ਨਿਵਾਰੋ, ਪਰ ਪ੍ਰੇਮਾ ਭਗਤੀ ਨਾਲ ਅੰਦਰੋਂ ਸਦਾ ਸਾਈਂ ਨਾਲ ਜੁੜਿਆ ਜੀਵਨ ਬਸਰ ਕਰੋ। ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ; ਠੀਕ ਫੁਰਮਾਇਆ, 'ਵਿਣੁ ਗੁਣ ਕੀਤੇ ਭਗਤਿ ਨ ਹੋਇ' ਪਰ ਨਾਲ ਦੱਸਿਆ, 'ਸਭਿ ਗੁਣ ਤੇਰੇ ਮੈ ਨਾਹੀ ਕੋਇ।'"[25]

ਬੁੱਧ ਧਰਮ ਦੇ ਉੱਚੇ ਆਚਰਣ ਵਾਲੇ ਸਿਧਾਂਤ ਰਾਹੀਂ ਮਨੁੱਖੀ ਕਿਰਤ ਵੱਧ ਤੋਂ ਵੱਧ ਸੀਮਾ ਬੱਧ ਕਰ ਦਿੱਤੀ ਗਈ ਹੈ। ਜੇ ਮਨੁੱਖੀ ਕਿਰਤ ਵਿੱਚ ਵਾਸਨਾ ਦਾ ਰੰਚਕ ਮਾਤਰ

---

24. 'ਭਾਰਤੀ ਦਰਸ਼ਨ', ਪੰਨਾ 109.
25. 'ਸਭ ਤੋਂ ਵੱਡਾ ਸਤਿਗੁਰੂ ਨਾਨਕ', ਪੰਨਾ 8.

ਅੰਸ਼ ਵੀ ਆ ਜਾਏ ਤਾਂ ਇਸ ਨੂੰ ਵਿਵਰਜਿਤ ਮੰਨਿਆ ਗਿਆ ਹੈ ਅਤੇ ਇਸ ਨੂੰ ਦੁੱਖ ਦਾ ਕਾਰਣ ਸਮਝ ਕੇ ਤਿਆਗਣ ਦਾ ਆਦੇਸ਼ ਦਿੱਤਾ ਹੋਇਆ ਹੈ। ਸ੍ਰੀ ਲੰਕਾ ਦੇ ਪ੍ਰਸਿੱਧ ਬੋਧੀ ਪਰਚਾਰਕ ਡਾ: ਸਾਂਤੀ ਭਿਖਸ਼ੂ-ਸ਼ਾਸਤਰੀ ਦੇ ਕਥਨ ਅਨੁਸਾਰ:-

> "ਬੁਧ ਮਤ ਵਿਚ ਜਿਥੇ ਸ਼ੁਭ ਕਾਰਜਾਂ ਦੇ ਭਾਵ ਦਾ ਸੁਆਗਤ ਕੀਤਾ ਹੋਇਆ ਹੈ, ਉਥੇ ਲਾਲਸਾ ਵਾਲੇ ਸਭ ਕਾਰਜਾਂ ਤੋ ਬਚ ਕੇ ਰਹਿਣ ਦੀ ਚਿਤਾਵਨੀ ਦਿੱਤੀ ਗਈ ਹੈ, ਕਿਉਂਕਿ ਹਰ ਪ੍ਰਕਾਰ ਦੀ ਲਾਲਸਾ ਨੂੰ ਦੁੱਖ ਦਾ ਬੰਧਨ ਸਮਝਿਆ ਗਿਆ ਹੈ।"[26]

ਬੁੱਧ ਮੱਤ ਦੇ ਪ੍ਰਮਾਣੀਕ ਧਾਰਮਿਕ ਗ੍ਰੰਥ 'ਧਮਪਦ' ਵਿੱਚ ਲਾਲਸਾ ਤੋਂ ਉਪਜੇ ਹੋਏ ਹਰੇਕ ਕਾਰਜ ਨੂੰ ਰਾਹਮਾਰ ਡਾਕੂ ਜਾਂ ਜਾਨ-ਲੇਵਾ ਜ਼ਹਿਰ ਸਮਝ ਕੇ ਉਸ ਤੋਂ ਬਚਣ ਦਾ ਇਹ ਉਪਦੇਸ਼ ਦਿੱਤਾ ਹੋਇਆ ਹੈ:-

> "ਲਾਲਸਾ ਭਰੇ ਕਾਰਜਾਂ ਤੋਂ ਇਸ ਤਰ੍ਹਾਂ ਬਚੋ, ਜਿਵੇਂ ਥੋੜੇ, ਜਿਨੇ ਸਫਰ-ਸਾਥੀਆਂ ਵਾਲਾ ਧਨਾਢ ਵਪਾਰੀ ਖਤਰੇ ਭਰੇ ਰਾਹ ਤੋਂ ਬਚਦਾ ਹੈ ਜਾਂ ਜੀਉਂਦਿਆਂ ਰਹਿਣ ਦਾ ਇਛੁਕ ਵਿਅਕਤੀ ਜ਼ਹਿਰ ਤੋਂ ਬਚ ਕੇ ਰਹਿੰਦਾ ਹੈ।"[27]

ਇਸ ਤੋਂ ਸਿੱਧ ਹੁੰਦਾ ਹੈ ਕਿ ਬੁੱਧਧਰਮ ਵਿੱਚ ਕਿਰਤ ਕਰਨ ਲਈ ਕੇਵਲ ਉਹੀ ਕਾਰਜ ਕਰਨ ਦੀ ਆਗਿਆ ਦਿੱਤੀ ਗਈ ਹੈ, ਜਿਹੜੇ ਸੁਭੈ ਤੋਰ ਤੇ ਲਾਲਸਾ-ਰਹਿਤ ਹੁੰਦੇ ਹੋਏ ਮਨੁੱਖ ਨੂੰ ਦੁੱਖਾਂ ਤੋ ਬਚਾ ਕੇ ਰੱਖਣ। ਇਸ ਸਬੰਧੀ ਹਰੇਕ ਮਨੁੱਖ ਨੂੰ ਇਹ ਕਰੜੀ ਤਾੜਨਾ ਕਰ ਦਿੱਤੀ ਗਈ ਹੈ:-

---

26. Buddhism, while welcoming the idea of good deeds, warns that one should not long for, for every longing is a bond of suffering -"-"Buddhism", (Patiala, Punjabi University) 1969 P.49.

27. 'Let one avoid avaricious deeds as a merchant possessing great wealth, having few caravan followers, avoids a way full of danger or one desirous to live, avoids poison."-"Dhammapada-Verse 123; Translated by Dr. Shanti Bhikshu Shastri"-Buddism, P.57.

> "ਹਰੇਕ ਕਾਰਜ ਕਰਨ ਤੋਂ ਪਹਿਲੇ, ਭਾਵੇਂ ਉਹ ਸਰੀਰਕ, ਸ਼ਬਦਕ ਜਾਂ ਮਾਨਸਿਕ ਹੈ, ਉਸ ਦੇ ਪਰਿਣਾਮ ਨੂੰ ਵੇਖੋ। ਕੇਵਲ ਉਹੀ ਕਾਰਜ ਕਰੋ, ਜਿਹੜਾ ਸੁੱਖ ਦਾ ਕਾਰਣ ਬਣੇ। ਉਹ ਕਾਰਜ ਨਾ ਕਰੋ ਜਿਹੜਾ ਦੁੱਖ ਵੱਲ ਵਧਦਾ ਹੈ ਅਤੇ ਦੁੱਖ ਦਾ ਕਾਰਣ ਬਣਦਾ ਹੈ।"[28]

ਬੁੱਧ ਧਰਮ ਵਿੱਚ ਹਰ ਪ੍ਰਕਾਰ ਦੇ ਦੁੱਖ ਤੋਂ ਬਚ ਕੇ ਰਹਿਣ ਲਈ ਇਨੀ ਭਾਰੀ ਸਾਵਧਾਨੀ ਵਰਤਣ ਦੀ ਲੋੜ ਸਮਝੀ ਗਈ ਹੈ ਕਿ ਇਹ ਇਕ ਡਰੌਣਾ ਡਰ ਬਣ ਕੇ ਰਹਿ ਗਈ ਹੈ। ਇਸ ਦੇ ਵਿਪਰੀਤ, ਗੁਰੂ ਨਾਨਕ ਦੇਵ ਜੀ ਦੇ ਗੁਰਮਤਿ ਧਰਮ ਵਿੱਚ ਕਿਸੇ ਪ੍ਰਕਾਰ ਦੇ ਦੁੱਖ ਤੋਂ ਡਰਨ ਦੀ ਲੋੜ ਨਹੀਂ ਸਮਝੀ ਗਈ। ਗੁਰੂ ਜੀ ਨੇ ਦੁੱਖ ਅਤੇ ਸੁੱਖ ਨੂੰ ਇਕ ਸਮਾਨ ਮੰਨਣ ਦਾ ਉਪਦੇਸ਼ ਦਿੱਤਾ ਅਤੇ ਹਰੇਕ ਮਨੁੱਖ ਨੂੰ ਇਸ ਗੱਲ ਲਈ ਤਿਆਰ ਕੀਤਾ ਹੈ ਕਿ ਉਹ ਪਰਮਾਤਮਾ ਦੇ ਹੁਕਮ ਅਨੁਸਾਰ ਭੇਜੇ ਹੋਏ ਦੁੱਖ ਜਾਂ ਸੁੱਖ ਨੂੰ ਸਿਰ ਮੱਥੇ ਪਰਵਾਨ ਕਰਦਿਆਂ ਹਰ ਹਾਲਤ ਵਿੱਚ ਪ੍ਰਸੰਨ-ਚਿਤ ਰਹਿ ਕੇ ਵਿਖਾਏ। ਗੁਰੂ ਜੀ ਤਾਂ ਇਹ ਦਰਸਾਉਂਦੇ ਹਨ ਕਿ ਸੁੱਖ ਅਤੇ ਦੁੱਖ ਦੋ ਤਰ੍ਹਾਂ ਦੇ ਕੱਪੜੇ ਹਨ, ਜਿਹੜੇ ਸੰਸਾਰ ਵਿੱਚ ਆਏ ਹਰੇਕ ਮਨੁੱਖ ਨੂੰ ਪਾਣੇ ਪੈਂਦੇ ਹਨ। ਇਸ ਲਈ ਕਿਸੇ ਮਨੁੱਖ ਵੱਲੋਂ ਦੁੱਖ ਨੂੰ ਛੱਡ ਕੇ ਹਰ ਵੇਲੇ ਸੁੱਖ ਮੰਗਣਾ ਵਿਅਰਥ ਹੈ।[29]

ਗੁਰਮਤਿ ਅਤੇ ਬੁੱਧ ਧਰਮ ਵਿੱਚ ਦੁੱਖ ਸੁੱਖ ਦੇ ਸੰਕਲਪ ਵਿਚ ਇਨ੍ਹਾਂ ਵੱਡਾ ਅੰਤਰ ਹੋਣ ਦਾ ਮੁੱਖ-ਕਾਰਣ ਇਹ ਹੈ ਕਿ ਜਿਥੇ ਗੁਰਮਤਿ ਵਿੱਚ ਦੁੱਖ ਅਤੇ ਸੁੱਖ ਨੂੰ ਪਰਮਾਤਮਾ ਦੇ ਹੁਕਮ ਰਾਹੀਂ ਬਖ਼ਸ਼ੇ ਹੋਏ ਪਦਾਰਥ ਮੰਨਿਆ ਗਿਆ ਹੈ, ਉਥੇ ਬੁੱਧ ਧਰਮ ਵਿੱਚ ਇਨ੍ਹਾਂ ਦੋਹਾਂ ਨੂੰ ਮਨੁੱਖੀ ਕਾਰਜਾਂ ਵਿਚੋਂ ਨਿਕਲੇ ਹੋਏ ਪਰਿਣਾਮ ਮੰਨਿਆ ਗਿਆ ਹੈ। ਬੁੱਧ ਮਤ ਅਨੁਸਾਰ ਮਨੁੱਖ ਨੂੰ ਆਪਣੇ ਕੀਤੇ ਹੋਏ ਕਰਮਾਂ ਦਾ ਫਲ ਪ੍ਰਕ੍ਰਿਤਕ ਨੇਮਾਂ ਰਾਹੀਂ ਸੁਤੇ ਹੀ ਪ੍ਰਾਪਤ ਹੋ ਜਾਂਦਾ ਹੈ। ਪਰ ਗੁਰਮਤਿ ਵਿਚ ਮਨੁੱਖੀ ਕਰਮਾਂ ਨੂੰ ਆਪਣੇ ਆਪ ਫਲ ਪ੍ਰਾਪਤ ਕਰਨ ਦੇ ਸਮਰਥ ਨਹੀਂ ਸਮਝਿਆ ਗਿਆ। ਕਰਮਾਂ ਨੂੰ ਜਾਂਚ ਕੇ ਉਨ੍ਹਾਂ ਦਾ ਫਲ ਪ੍ਰਦਾਨ ਕਰਨਾ ਪਰਮਾਤਮਾ ਦੇ ਹੱਥ ਮੰਨਿਆ ਗਿਆ ਹੈ।

---

28. "Before performing any action, physical, verbal or mental one has to be careful and must think of the result. An action is good if it leads to happiness. It is bad if it leads to suffering and results in suffering.- 'Majjhima Niraya Rahulvada'- As quoted in "Buddhism", P.51.

29. 'ਨਾਨਕ ਬੋਲਣੁ ਝਖਣਾ ਦੁਖ ਛਡਿ ਮੰਗੀਅਹਿ ਸੁਖ॥
ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ॥
ਵਾਰ ਮਾਝ ਮ:1, ਆਦਿ ਗ੍ਰੰਥ, ਪੰਨਾ 150.

ਜਿਥੇ ਗੁਰੂ ਨਾਨਕ ਦੇਵ ਜੀ ਨੇ ਗੁਰਮਤਿ ਵਿਚ ਮਨੁੱਖ ਨੂੰ ਆਪਣੀ ਜੀਵਨ-ਡੋਰ ਪਰਮਾਤਮਾ ਦੇ ਹੱਥ ਫੜਾ ਕੇ ਦੈਨਿਕ ਕਿਰਤ ਅਤੇ ਸੰਸਾਰੀ ਕਾਰ-ਵਿਹਾਰ ਕਰਦਿਆਂ ਹਰ ਸਮੇਂ ਨਿਸ਼ਚਿੰਤ ਰਹਿਣ ਦਾ ਆਦੇਸ਼ ਦਿੱਤਾ ਹੋਇਆ ਹੈ, ਉਥੇ ਬੁੱਧ ਧਰਮ ਵਿੱਚ ਮਨੁੱਖ ਨੂੰ ਆਪਣੇ ਕੀਤੇ ਹੋਏ ਕਾਰਜਾਂ ਤੋਂ ਉਪਜਣ ਵਾਲੇ ਪਰਿਣਾਮਾਂ ਬਾਰੇ ਸਦਾ ਚਿੰਤਾਤੁਰ ਰਹਿਣ ਦਾ ਸਿਧਾਂਤ ਪਰਚਾਰਿਆ ਹੋਇਆ ਹੈ। ਇਸ ਸਿਧਾਂਤ ਅਨੁਸਾਰ ਬੁੱਧ ਧਰਮ ਵਿਚ ਮਨੁੱਖ ਦੀ ਦੈਨਿਕ ਕਿਰਤ ਅਤੇ ਉਸ ਵਲੋਂ ਕੀਤੇ ਜਾਣ ਵਾਲੇ ਕਾਰਜਾਂ ਉਤੇ ਬੜੇ ਕਰੜੇ ਬੰਧਨ ਲਗਾ ਦਿੱਤੇ ਗਏ ਹਨ।

## ਵਸਤੂ ਰਹਿਤ ਜੀਵਨ

ਬੁੱਧ ਧਰਮ ਦੀ ਮੁੱਖ-ਵਿਚਾਰਧਾਰਾ ਇਸ ਜਗਤ ਅਤੇ ਜਗਤ ਦੀ ਹਰੇਕ ਵਸਤੂ ਨੂੰ ਮਿਥਿਆ ਮੰਨਣ ਵਾਲੀ ਵਿਚਾਰਧਾਰਾ ਹੈ। ਮਹਾਤਮਾ ਬੁੱਧ ਅਨੁਸਾਰ ਇਸ ਮਿਥਿਆ ਜਗਤ ਤੋਂ ਬੇਮੁਖ ਹੋ ਕੇ ਅਨੰਤ ਸ਼ਾਂਤੀ ਦੀ ਭਾਲ ਵਿਚ ਜੀਵਨ ਬਿਤਾਣਾ ਹੀ ਸਫਲ ਮਾਨਵ ਜੀਵਨ ਹੈ। ਉਨ੍ਹਾਂ ਨੇ ਆਪ ਇਹੋ ਜਿਹਾ ਜੀਵਨ ਬਿਤਾ ਕੇ ਵਿਖਾਇਆ ਅਤੇ ਜਗਤ ਤੋਂ ਪੂਰਨ ਬੇਦਾਗ ਰਹਿ ਕੇ ਅਨੰਤ ਸ਼ਾਂਤੀ ਦੀ ਪ੍ਰਾਪਤੀ ਕੀਤੀ। ਆਪ ਨੇ ਆਪਣੇ ਸਭ ਅਨੁਯਾਈਆਂ ਲਈ ਵੀ ਇਸ ਮਿਥਿਆ ਜਗਤ ਤੋਂ ਬੇਦਾਗ ਰਹਿ ਕੇ ਅਨੰਤ ਸ਼ਾਂਤੀ ਦੀ ਪ੍ਰਾਪਤੀ ਵਾਲੀ ਵਿਚਾਰਧਾਰਾ ਰੱਖੀ। ਇਹੋ ਜਿਹੀ ਵਿਚਾਰਧਾਰਾ ਅਧੀਨ ਮਨੁੱਖੀ ਜੀਵਨ ਵਿੱਚ ਕਿਰਤ ਦੀ ਕੋਈ ਵਿਸ਼ੇਸ਼ ਮਹੱਤਤਾ ਨਹੀਂ ਰਹਿ ਜਾਂਦੀ, ਕਿਉਂਜੁ ਇਹ ਹਰ ਹਾਲਤ ਵਿਚ ਜਗਤ ਦੀਆਂ ਵਸਤੂਆਂ ਨਾਲ ਸੰਬੰਧਿਤ ਹੁੰਦੀ ਹੈ। ਇਸ ਲਈ ਕਿਰਤ ਨੂੰ ਵੀ ਮਿਥਿਆ ਸਮਝ ਕੇ ਆਤਮਿਕ ਸ਼ਾਂਤੀ ਵਿੱਚ ਰੁਕਾਵਟ ਪਾਣ ਦਾ ਕਾਰਣ ਸਮਝਿਆ ਗਿਆ।

ਇਸ ਦਾ ਇਹ ਭਾਵ ਨਹੀਂ ਕਿ ਮਹਾਤਮਾ ਬੁੱਧ ਨੇ ਕਿਰਤ ਕਰਨ ਨੂੰ ਮੂਲੋਂ ਹੀ ਵਿਵਰਜਿਤ ਠਹਿਰਾਇਆ ਹੈ। ਆਪ ਨੇ ਭਿਖਸ਼ੂਆਂ ਨੂੰ ਛੱਡ ਕੇ ਬਾਕੀ ਗ੍ਰਿਹਸਤੀ ਮਨੁੱਖਾਂ ਨੂੰ ਕਿਰਤ ਕਰਨ ਦੀ ਆਗਿਆ ਦਿੱਤੀ ਹੈ, ਪਰ ਉਨ੍ਹਾਂ ਲਈ ਵੀ ਇਸ ਨੂੰ ਵਸਤੂ ਪ੍ਰਾਪਤੀ ਦਾ ਸਾਧਨ ਬਣਾਨ ਦੀ ਮਨਾਹੀ ਕੀਤੀ ਹੈ। ਆਪਜੀ ਅਨੁਸਾਰ, ਜਦ ਇਹ ਜਗਤ ਮਿਥਿਆ ਹੈ ਤਾਂ ਇਸ ਦੀਆਂ ਸਭ ਵਸਤੂਆਂ ਵੀ ਮਿਥਿਆ ਹਨ। ਇਸ ਲਈ, ਇਨ੍ਹਾਂ ਦੀ ਪ੍ਰਾਪਤੀ ਮਨੁੱਖ ਨੂੰ ਨਿਰਵਾਣ-ਪ੍ਰਾਪਤੀ ਤੋਂ ਦੂਰ ਰੱਖਦੀ ਹੈ। ਇਸ ਸਿਧਾਂਤ ਅਨੁਸਾਰ ਆਪਜੀ ਨੇ ਸਭ ਮਨੁੱਖਾਂ ਨੂੰ ਵਸਤੂ-ਰਹਿਤ ਜੀਵਨ ਬਿਤਾਣ ਦਾ ਆਦੇਸ਼ ਦਿੱਤਾ ਹੈ।

ਇਸ ਸੰਬੰਧ ਵਿੱਚ ਆਪ ਨੇ ਸਭ ਲੋਕਾਂ ਅੱਗੇ ਅਸਲ ਬ੍ਰਹਿਮਣ ਦੀ ਇਹ ਵਿਸ਼ੇਸ਼ਤਾ ਦਰਸਾਈ ਹੈ ਕਿ ਉਹ ਵਸਤੂ-ਪ੍ਰਾਪਤੀ ਦੀ ਭਾਵਨਾ ਤੋਂ ਸੁਤੰਤਰ ਹੁੰਦਾ ਹੈ। ਆਪ ਫੁਰਮਾਉਂਦੇ ਹਨ:-

> "ਮੈਂ ਉਸ ਨੂੰ ਬ੍ਰਹਿਮਣ ਨਹੀਂ ਕਹਿੰਦਾ, ਜਿਹੜਾ ਮਾਂ ਦੀ ਕੁਖੋਂ ਇਸ ਰੂਪ ਵਿੱਚ ਜੰਮਿਆ ਹੈ। ਮੈਂ ਤਾਂ ਬ੍ਰਹਿਮਣ ਉਸ ਨੂੰ ਕਹਿੰਦਾ ਹਾਂ, ਜਿਹੜਾ ਵਸਤੂ-ਪ੍ਰਾਪਤੀ ਦੀ ਭਾਵਨਾ ਤੋਂ ਸੁਤੰਤਰ ਹੈ ਅਤੇ ਵਸਤੂਆਂ ਨੂੰ ਆਪਣੀ ਪਕੜ ਵਿੱਚ ਨਹੀਂ ਲਿਆਉਂਦਾ।"[30]

ਮਹਾਤਮਾ ਬੁੱਧ ਨੇ ਵਸਤੂ-ਪ੍ਰਾਪਤੀ ਦੀ ਭਾਵਨਾ ਨੂੰ ਬੁਰਿਆਈ ਦੀ ਜੜ੍ਹ ਮੰਨਿਆ ਹੈ। ਪਰ ਅਸਲ ਵਿੱਚ ਕਿਰਤ ਨੂੰ ਇਸ ਭਾਵਨਾ ਤੋਂ ਮੂਲੋਂ ਸੁਤੰਤਰ ਨਹੀਂ ਰੱਖਿਆ ਜਾ ਸਕਦਾ। ਕਿਰਤ ਦਾ ਮੰਤਵ ਹਰ ਹਾਲਤ ਵਿਚ ਕੋਈ ਨਾ ਕੋਈ ਸੰਸਾਰੀ ਵਸਤੂ ਉਪਜਾਣਾ ਹੁੰਦਾ ਹੈ। ਜੇ ਕਿਰਤ ਕਰਨ ਵਾਲਾ ਮਨੁੱਖ ਵਸਤੂ-ਪ੍ਰਾਪਤੀ ਦੀ ਭਾਵਨਾ ਤੋਂ ਪੂਰਨ ਰੂਪ ਵਿੱਚ ਸੁਤੰਤਰ ਰਹੇ ਤਾਂ ਉਹ ਕਿਰਤ ਕਰਨ ਲਈ ਲੋੜੀਂਦਾ ਉਤਸ਼ਾਹ ਪ੍ਰਾਪਤ ਨਹੀਂ ਕਰ ਸਕਦਾ। ਜਦ ਉਹ ਜਗਤ ਦੀ ਕਿਸੇ ਵਸਤੂ ਨੂੰ ਆਪਣੀ ਨਹੀਂ ਕਹਿ ਸਕਦਾ ਤਾਂ ਉਸ ਨੂੰ ਉਪਜਾਣ ਖਾਤਰ ਕਰੜੀ ਘਾਲਣਾ ਵੀ ਨਹੀਂ ਘਾਲ ਸਕਦਾ। ਇਉਂ ਉਹ ਦ੍ਰਿੜਤਾ ਸਹਿਤ ਕਿਰਤ ਕਰਨ ਤੋਂ ਅਸਮਰਥ ਰਹਿੰਦਾ ਹੈ ਅਤੇ ਇਸ ਨਾਲ ਸੰਸਾਰੀ ਪਦਾਰਥਾਂ ਦੀ ਉਪਜ ਦਾ ਵਾਧਾ ਰੁਕ ਜਾਂਦਾ ਹੈ। ਪਰ ਬੁੱਧ ਮਤ ਵਿੱਚ ਇਹੋ ਜਿਹਾ ਵਾਧਾ ਕਰਨ ਦੀ ਕਿਤੇ ਵੀ ਆਗਿਆ ਨਹੀਂ ਦਿੱਤੀ ਗਈ।

ਇਸ ਦੇ ਵਿਪਰੀਤ, ਗੁਰੂ ਨਾਨਕ ਦੇਵ ਨੇ ਮਨੁੱਖ ਨੂੰ ਸੰਸਾਰ ਵਿਚ ਰਹਿੰਦਿਆਂ ਇਸ ਦੀਆਂ ਵਸਤੂਆਂ ਦੀ ਉਪਜ ਵਿਚ ਵਾਧਾ ਕਰਨ ਦੀ ਪੂਰੀ ਆਗਿਆ ਪ੍ਰਦਾਨ ਕੀਤੀ ਹੈ। ਆਪ ਨੇ ਮਨੁੱਖ ਨੂੰ ਲੋੜੀਂਦੀ ਮਾਤਰਾ ਵਾਲੀ ਵਸਤੂ-ਪ੍ਰਾਪਤੀ ਤੋਂ ਕਿਤੇ ਵੀ ਨਹੀਂ ਵਰਜਿਆ, ਪਰ ਇਸ ਦੀ ਅਧਿਕ ਜਾਂ ਫਾਲਤੂ ਮਾਤਰਾ ਤੋਂ ਜ਼ਰੂਰ ਵਰਜਿਆ ਹੈ, ਕਿਉਂਕਿ ਅਧਿਕ ਮਾਇਆ ਪਾਪ ਕਮਾਣ ਦਾ ਕਾਰਣ ਬਣਦੀ ਹੈ। ਇਸ ਲਈ, ਆਪ ਜੀ ਨੇ ਮਨੁੱਖ ਨੂੰ ਕਰੜੀ ਘਾਲਣਾ ਵਾਲੀ ਕਿਰਤ-ਕਮਾਈ ਰਾਹੀਂ ਵਸਤੂ-ਉਪਜ ਵਿਚ ਵਾਧਾ ਕਰਦਿਆਂ, ਇਸ ਦੀ ਫਾਲਤੂ ਮਾਤਰਾ ਨੂੰ ਲੋੜਵੰਦਾਂ ਵਿੱਚ ਵੰਡ ਦੇਣ ਦਾ ਆਦੇਸ਼ ਦਿੱਤਾ ਹੈ।

---

30. "Him I do not call a Brahmin", declares Lord Buddha, "who is born so from the womb of a mother.... He who is free from any possession and is not grasping, him I call a Brahmin." - "Dhammapada" verse 396- Translated by Dr. Shanti Bhakshu Shashtri.-"Bhddhism", P. 56

ਇਉਂ, ਬੁੱਧ ਧਰਮ ਵਿਚ ਮਨੁੱਖ ਨੂੰ ਵਸਤੂ-ਪ੍ਰਾਪਤੀ ਤੋਂ ਬਿਲਕੁਲ ਬੇਜ਼ਾਰ ਰੱਖ ਕੇ ਕਿਰਤ ਅਤੇ ਕਾਰਜਸ਼ੀਲਤਾ ਦੇ ਉਤਸ਼ਾਹ ਤੋਂ ਵੰਚਿਤ ਰੱਖਿਆ ਗਿਆ ਹੈ। ਪਰ, ਗੁਰੂ ਨਾਨਕ ਦੇਵ ਜੀ ਨੇ ਮਨੁੱਖ ਨੂੰ ਲੋੜੀਂਦੀ ਵਸਤੂ-ਪ੍ਰਾਪਤੀ ਦੀ ਆਗਿਆ ਦੇ ਕੇ ਕਿਰਤ ਅਤੇ ਕਾਰਜਸ਼ੀਲਤਾ ਲਈ ਭਰਪੂਰ ਉਤਸ਼ਾਹ ਪ੍ਰਦਾਨ ਕੀਤਾ ਹੈ ਅਤੇ ਆਪਣੀ ਮਿਹਨਤ ਰਾਹੀਂ ਉਪਜਾਈਆਂ ਹੋਈਆਂ ਵਸਤੂਆਂ ਨੂੰ ਸਰਬਤ ਦੇ ਭਲੇ ਲਈ ਵਰਤਣ ਦੀ ਸੁਚੱਜੀ ਜੀਵਨ ਜੁਗਤ ਸਿਖਾਈ ਹੈ।

## 4. ਈਸਾਈ ਧਰਮ ਵਿੱਚ ਕਿਰਤ-ਸੰਕਲਪ

ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਈਸਾਈ ਧਰਮ ਪੱਛਮ ਦੇ ਬਹੁਤ ਸਾਰੇ ਦੇਸ਼ਾਂ ਵਿਚ ਪਰਵਾਨ ਹੋ ਚੁੱਕਾ ਸੀ ਅਤੇ ਭਾਰਤ ਵਿਚ ਵੀ ਇਸ ਦਾ ਪਰਭਾਵ ਆਰੰਭ ਹੋ ਚੁੱਕਾ ਸੀ। ਭਾਵੇਂ ਇਸ ਦੇਸ਼ ਵਿਚ ਈਸਾਈ ਧਰਮ ਨੇ ਮੁਗਲ ਰਾਜ ਦੀ ਅਧੋਗਤੀ ਸਮੇਂ ਆਪਣੇ ਪੱਕੇ ਪੈਰ ਜਮਾਏ ਪਰ ਫਿਰ ਵੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਇਹ ਸੰਸਾਰ ਦੇ ਅਧਿਕਤਰ ਦੇਸ਼ਾਂ ਦਾ ਪ੍ਰਤਿਨਿਧ ਧਰਮ ਬਣ ਚੁੱਕਾ ਸੀ। ਇਸ ਲਈ, ਇਸ ਵਿਚਲੇ ਕਿਰਤ-ਸੰਕਲਪ ਦਾ ਤੁਲਨਾਤਮਕ ਅਧਿਐਨ ਕਰਨਾ ਅਤਿਅੰਤ ਆਵੱਸ਼ਕ ਪਰਤੀਤ ਹੁੰਦਾ ਹੈ।

### ਹਜ਼ਰਤ ਈਸਾ ਦੀ ਸੂਝ ਅਗਵਾਈ

ਈਸਾਈ ਧਰਮ ਹਜ਼ਰਤ ਈਸਾ ਵੱਲੋਂ ਮਿਲਣ ਵਾਲੀ ਸਦੀਵੀ ਸਹਾਇਤਾ ਅਤੇ ਅਗਵਾਈ ਦੇ ਵਿਸ਼ਵਾਸ਼ ਉਤੇ ਆਧਾਰਿਤ ਹੈ। ਇਹ ਵਿਸ਼ਵਾਸ਼ ਸਭ ਈਸਾਈਆਂ ਨੂੰ ਆਸ਼ਾਵਾਦੀ ਕਿਰਤ ਵਿੱਚ ਸੰਲਗਨ ਰੱਖਣ ਦਾ ਮੁੱਖ ਕਾਰਣ ਬਣ ਜਾਂਦਾ ਹੈ। ਇਸ ਧਰਮ ਦੇ ਅਨੁਆਈਆਂ ਨੂੰ ਇਹ ਦ੍ਰਿੜ੍ਹ ਵਿਸ਼ਵਾਸ਼ ਹੁੰਦਾ ਹੈ ਕਿ ਜਿਹੜੇ ਵਿਅਕਤੀ ਪਰਮਾਤਮਾ ਦੇ ਪੁੱਤਰ, ਮਨੁੱਖਤਾ ਦੇ ਆਜੜੀ, ਹਜ਼ਰਤ ਈਸਾ ਦੇ ਇੱਜੜ ਵਿੱਚ ਸ਼ਾਮਲ ਹੋ ਚੁੱਕੇ ਹਨ, ਉਨ੍ਹਾਂ ਦੇ ਕੰਮਾਂ ਵਿੱਚ ਕਿਸੇ ਪਰਕਾਰ ਦੀ ਕਮੀ ਨਹੀਂ ਆ ਸਕਦੀ। ਈਸਾਈ ਲੋਕ ਸਮਝਦੇ ਹਨ ਕਿ ਹਜ਼ਰਤ ਈਸਾ ਆਪਣੇ ਅਨੁਆਈਆਂ ਦੇ ਸਭ ਕੰਮਾਂ ਵਿੱਚ ਆਪ ਅਗਵਾਈਕਾਰ ਬਣ ਖਲੋਂਦਾ ਹੈ। ਇਸ ਲਈ ਉਹ ਜਿਹੜਾ ਵੀ ਕੰਮ ਕਰਨਾ ਆਰੰਭ ਕਰ ਦੇਣ, ਉਹ ਹਰ ਹਾਲਤ ਵਿੱਚ ਨੇਕ ਅਤੇ ਚੰਗਾ ਸਿੱਧ ਹੋਵੇਗਾ। ਡੇਵਿਡ ਦਾ ਭਜਨ ਇਸ ਵਿਸ਼ਵਾਸ਼ ਦੀ ਪੁਸ਼ਟੀ ਇਉਂ ਕਰਦਾ ਹੈ:-

'ਹਜ਼ਰਤ ਈਸਾ ਮੇਰਾ ਗੱਡਰੀਆ ਹੈ,
ਇਸ ਲਈ ਮੇਰੇ ਵਿਚ ਕਿਸੇ ਗੱਲ ਦੀ ਕਮੀ ਨਹੀਂ।
... ... ... ... ... ...
ਉਹ ਆਪਣੇ ਨਾਂ ਦੀ ਖ਼ਾਤਰ ਹੀ
ਮੇਰੀ ਚੰਗੇ ਰਾਹਾਂ ਵਲ ਅਗਵਾਈ ਕਰਦਾ ਹੈ।[31]

ਇਸ ਵਿਸ਼ਵਾਸ਼ ਦੇ ਆਧਾਰ ਉਤੇ ਈਸਾਈ ਧਰਮ ਵਿੱਚ ਮਨੁੱਖੀ ਕਾਰਜਾਂ ਉਤੇ ਕੋਈ ਕਰੜੇ ਬੰਧਨ ਨਹੀਂ ਲਗਾਏ ਗਏ। ਗੁਰੂ ਨਾਨਕ ਦੇਵ ਜੀ ਦੇ ਗੁਰਮਤਿ ਧਰਮ ਵਿੱਚ ਵੀ ਮਨੁੱਖੀ ਕਾਰਜਾਂ ਉਤੇ ਬਹੁਤੇ ਕਰੜੇ ਬੰਧਨ ਨਹੀਂ ਲਗਾਏ ਗਏ, ਕਿਉਂਕਿ ਇਸ ਵਿਚ ਵੀ ਗੁਰੂ ਦੀ ਸੁੱਚੀ ਅਗਵਾਈ ਵਿਚ ਪੂਰਣ ਵਿਸ਼ਵਾਸ਼ ਰੱਖਣ ਦਾ ਆਦੇਸ਼ ਮਿਲਦਾ ਹੈ। ਪਰ ਗੁਰਮਤਿ ਵਿਚ ਗੁਰੂ ਦੀ ਅਗਵਾਈ ਤੋਂ ਉਪਰੰਤ ਕਰਮ-ਫਲ ਦੇ ਸਿਧਾਂਤ ਨੂੰ ਸਵੀਕਾਰਦਿਆਂ ਹਰੇਕ ਮਨੁੱਖ ਨੂੰ ਆਪਣੇ ਕੀਤੇ ਹੋਏ ਕਰਮਾਂ ਦਾ ਫਲ ਭੋਗਣ ਲਈ ਵੀ ਸੁਚੇਤ ਕਰ ਦਿੱਤਾ ਗਿਆ ਹੈ। ਇਸ ਤਰ੍ਹਾਂ, ਗੁਰਮਤਿ ਵਿਚ ਕਿਰਤ ਸੰਬੰਧੀ ਕਾਰਜ-ਸੁਤੰਤਰਤਾ ਦੇ ਨਾਲ ਨਾਲ ਨੈਤਿਕਤਾ ਦੇ ਬੰਧਨਾਂ ਨੂੰ ਵੀ ਸਵੀਕਾਰ ਕੀਤਾ ਗਿਆ ਹੈ। ਪਰ ਈਸਾਈ ਧਰਮ ਵਿੱਚ ਇਹੋ ਜਿਹੇ ਬੰਧਨਾਂ ਲਈ ਕੋਈ ਥਾਂ ਨਹੀਂ ਹੈ। ਇਸ ਵਿਚ ਕਰਮ ਫਲ ਵਾਲੇ ਸਿਧਾਂਤ ਦਾ ਮੂਲੋਂ ਹੀ ਅਭਾਵ ਹੈ ਅਤੇ ਕੇਵਲ ਇਸ ਵਿਸ਼ਵਾਸ਼ ਉਤੇ ਟੇਕ ਰੱਖੀ ਗਈ ਹੈ ਕਿ ਹਜ਼ਰਤ ਈਸਾ ਦੀ ਅਗਵਾਈ ਸਵੀਕਾਰ ਕਰਨ ਵਾਲੇ ਮਨੁੱਖਾਂ ਨੂੰ ਜੀਵਨ ਵਿੱਚ ਹਰ ਪ੍ਰਕਾਰ ਦਾ ਚੰਗਾ ਫਲ ਪ੍ਰਾਪਤ ਹੋਵੇਗਾ। ਇਸ ਲਈ, ਇਸ ਧਰਮ ਦੇ ਅਨੁਯਾਈਆਂ ਲਈ ਨੈਤਿਕਤਾ ਦੇ ਬੰਧਨਾਂ ਵੱਲ ਇੰਨਾ ਧਿਆਨ ਦੇਣ ਦੀ ਆਵੱਸ਼ਕਤਾ ਨਹੀਂ ਸਮਝੀ ਗਈ, ਜਿੰਨੀ ਕਿ ਹਜ਼ਰਤ ਈਸਾ ਦੀ ਅਗਵਾਈ ਪ੍ਰਾਪਤ ਕਰਨ ਦੀ। ਇਸ ਤੋਂ ਸਿੱਧ ਹੁੰਦਾ ਹੈ ਕਿ ਹਜ਼ਰਤ ਈਸਾ ਦੀ ਅਗਵਾਈ ਦੇ ਆਧਾਰ ਉਤੇ ਈਸਾਈ ਧਰਮ ਵਿੱਚ ਮਨਮਰਜ਼ੀ ਦੀ ਕਾਰਜਸ਼ੀਲਤਾ ਅਪਣਾਨ ਦੀ ਵਧੇਰੇ ਖੁੱਲ੍ਹ ਹੈ ਅਤੇ ਇਸ ਵਿਚ ਇਸੇ ਆਧਾਰ ਉਤੇ

---

31. 'The Lord is my Shepherd;
There is nothing I lack,
... ... ... ...
He guides me by the paths of viftue
For the sake of His name.
-'David's Psalm'-[redacted]- As quoted from Christianity'
Page 73-(Patiala, Punjabi University), 1969.

ਮਨੁੱਖੀ ਕੰਮਾਂ ਵਿਚ ਨੈਤਿਕ ਬੰਧਨਾਂ ਨੂੰ ਨਾਂਹ ਲੰਘਣ ਦੀ ਆਗਿਆ ਦਿੱਤੀ ਹੋਈ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਈਸਾਈ ਧਰਮ ਦੇ ਅਨੁਆਈਆਂ ਲਈ ਰੱਬੀ ਪਰਵਾਨਗੀ ਉਨ੍ਹਾਂ ਦੇ ਚੰਗੇ ਕੰਮਾਂ ਉਤੇ ਨਹੀਂ; ਸਗੋਂ ਹਜ਼ਰਤ ਈਸਾ ਪ੍ਰਤੀ ਪਿਆਰ ਉਤੇ ਆਧਾਰਿਤ ਹੈ। ਵਿਸ਼ਵ ਚਰਚ ਕੌਂਸਲ ਦੀ ਕੇਂਦਰੀ ਕਮੇਟੀ ਦੇ ਚੇਅਰਮੈਨ, ਡਾ: ਐਮ.ਐਮ.ਥਾਮਸ ਨੇ ਇਸ ਸੰਬੰਧੀ ਲਿਖਿਆ ਹੈ:-

> "ਮਨੁੱਖ ਇਸ ਲਈ ਚੰਗੇ ਕੰਮ ਨਹੀਂ ਕਰਦੇ ਕਿ ਉਹ ਪਰਮਾਤਮਾ ਵਲੋਂ ਪਰਵਾਨ ਕੀਤੇ ਜਾਣ। ਉਹ ਪਾਪੀਆਂ ਦੇ ਰੂਪ ਵਿੱਚ ਹੀ ਹਜ਼ਰਤ ਈਸਾ ਪ੍ਰਤੀ ਪਿਆਰ ਸਦਕੇ ਪਰਮਾਤਮਾ ਵਲੋਂ ਅਵੱਸ਼ ਪਰਵਾਨ ਕੀਤੇ ਜਾਣਗੇ।"[32]

<u>ਈਸਾਈਆਂ ਲਈ ਵਿਸ਼ੇਸ਼ ਬਖਸ਼ਿਸ਼</u>

ਈਸਾਈ ਧਰਮ ਵਿੱਚ ਈਸਾਈਆਂ ਲਈ ਪਰਮਾਤਮਾ ਦੀ ਵਿਸ਼ੇਸ਼ ਬਖਸ਼ਿਸ਼ ਦਾ ਸਿਧਾਂਤ ਪਰਚਾਰਿਆ ਹੋਇਆ ਹੈ। ਇਸ ਧਰਮ ਵਿਚ ਇਹ ਤਾਂ ਮੰਨਿਆ ਹੀ ਗਿਆ ਹੈ ਕਿ ਸਭ ਈਸਾਈ ਮਨੁੱਖ ਚੰਗੇ ਕੰਮ ਕਰਦੇ ਹਨ, ਪਰ ਜੇ ਕੋਈ ਈਸਾਈ ਵਿਅਕਤੀ ਸ਼ੈਤਾਨ ਦੇ ਵਰਗਲਾਏ ਉਤੇ ਗੁਨਾਹ ਕਰ ਬਹਿੰਦਾ ਹੈ ਤਾਂ ਪਰਮਾਤਮਾ ਆਪਣੀ ਵਿਸ਼ੇਸ਼ ਕਿਰਪਾ ਦੁਆਰਾ ਉਸ ਨੂੰ ਬਖਸ਼ ਦੇਵੇਗਾ, ਕਿਉਂਕਿ ਹਜ਼ਰਤ ਈਸਾ ਇਹੋ ਜਿਹੇ ਗੁਨਾਹਗਾਰਾਂ ਦੇ ਗੁਨਾਹ ਬਖਸ਼ਵਾਣ ਖ਼ਾਤਰ ਹੀ ਸੂਲੀ ਉਤੇ ਚੜ੍ਹਿਆ ਸੀ। ਇਸ ਦਾ ਭਾਵ ਇਹ ਨਿਕਲਦਾ ਹੈ ਕਿ ਈਸਾਈ ਧਰਮ ਨਾਲ ਸੰਬੰਧ ਰੱਖਣ ਵਾਲਾ ਹਰੇਕ ਮਨੁੱਖ ਪਰਮਾਤਮਾ ਦੀ ਵਿਸ਼ੇਸ਼ ਬਖਸ਼ਿਸ਼ ਇਸ ਲਈ ਪ੍ਰਾਪਤ ਕਰੇਗਾ ਕਿ ਹਜ਼ਰਤ ਈਸਾ ਉਸ ਮਨੁੱਖ ਵਲੋਂ ਕੀਤੇ ਹੋਏ ਅਤੇ ਕੀਤੇ ਜਾਣ ਵਾਲੇ ਗੁਨਾਹਾਂ ਦੀ ਮੁਆਫ਼ੀ ਲੈਣ ਖ਼ਾਤਰ ਹੀ ਸੂਲੀ ਉਤੇ ਚੜ੍ਹਿਆ ਸੀ। ਇਸ ਗੱਲ ਵਿੱਚ ਇਹ ਅਸੂਲ ਕੰਮ ਕਰਦਾ ਹੈ ਕਿ ਗੁਨਾਹ ਕੋਈ ਕਰੇ ਅਤੇ ਉਸ ਦੇ ਗੁਨਾਹਾਂ ਖ਼ਾਤਰ ਸੂਲੀ ਉਤੇ ਕੋਈ ਹੋਰ ਚੜ੍ਹੇ। ਗੁਰੂ ਨਾਨਕ ਦੇਵ ਜੀ ਦੇ ਗੁਰਮਤਿ ਧਰਮ ਵਿੱਚ ਇਸ ਅਸੂਲ ਨੂੰ ਨਹੀਂ ਪਰਵਾਨਿਆ ਗਿਆ, ਸਗੋਂ ਇਹ ਮੰਨਿਆ ਗਿਆ ਹੈ ਕਿ ਜਿਹੜਾ ਮਨੁੱਖ ਪਾਪ ਕਮਾਉਂਦਾ ਹੈ, ਓਹੀ ਉਸ ਦੀ ਸਜ਼ਾ ਭੋਗਦਾ ਹੈ।

---

32. 'Man do not do good to be accepted by God, but they are accepted as they are as a result of the act of Divine love in Christ'- 'Christianity', P-44.

ਭਾਈ ਵੀਰ ਸਿੰਘ ਨੇ ਈਸਾਈ ਧਰਮ ਅਤੇ ਗੁਰੂ ਨਾਨਕ ਦੇਵ ਦੇ ਗੁਰਮਤਿ ਧਰਮ ਵਿਚਲੇ ਅੰਤਰ ਨੂੰ ਇਉਂ ਪਰਗਟਾਇਆ ਹੈ:-

> "ਈਸਾ ਜੀ ਨੇ ਪ੍ਰਤਿਪਾਦਨ ਕੀਤਾ ਹੈ ਤੇ ਨਿਸਚਾ ਇਸ ਗੱਲ ਪਰ ਸਿਖਾਇਆ ਹੈ ਕਿ ਮੈਂ ਸਾਰਿਆਂ ਦੇ ਪਾਪਾਂ ਬਦਲੇ ਸੂਲੀ ਚੜ੍ਹਦਾ ਹਾਂ, ਮੇਰੇ ਤੇ ਨਿਸਚਾ ਕਰੋ, ਮੈਂ ਬਚਾਵਾਂਗਾ...... ਗੁਰੂ ਨਾਨਕ ਨੇ 'ਨਿਸਚੇ' ਨੂੰ ਮੰਨਿਆ ਹੈ, ਪਰ ਪਰਮੇਸ਼ਰ ਜੀ ਦੀ ਹੋਂਦ ਤੇ ਉਸ ਦੇ ਪਿਆਰ ਵਿੱਚ 'ਨਿਸਚੇ' ਨੂੰ ਨਿਸਚਾ ਮੰਨਿਆ ਹੈ। ਜਿਵੇਂ ਇਕ ਦੇ ਪਾਪ ਦਾ ਬਦਲਾ ਉਸ ਦੀ ਬੇਗੁਨਾਹ ਔਲਾਦ ਤੋਂ ਨਹੀਂ ਮੰਨਿਆ, ਤਿਵੇਂ ਕਿਸੇ ਦੇ ਪਾਪਾਂ ਦੀ ਥਾਂ ਕਿਸੇ ਦੀ ਸਜ਼ਾ ਪਾ ਕੇ ਕਿਸੇ ਦਾ ਤਰਨਾ ਨਹੀਂ ਮੰਨਿਆ"।[33]

ਈਸਾਈ ਮਤ ਵਿਚ ਇਹ ਵਿਸ਼ਵਾਸ਼ ਵੀ ਪ੍ਰਚਲਿਤ ਹੈ ਕਿ ਜੇ ਕਿਸੇ ਹੋਰ ਧਰਮ ਦਾ ਗੁਨਾਹਗਾਰ ਮਨੁੱਖ ਹਜ਼ਰਤ ਈਸਾ ਦੀ ਸ਼ਰਨਾਈ ਪਰਵਾਨ ਕਰ ਲੈਂਦਾ ਹੈ, ਅਰਥਾਤ ਈਸਾਈ ਧਰਮ ਧਾਰ ਲੈਂਦਾ ਹੈ, ਤਾਂ ਪਰਮਾਤਮਾ ਉਸ ਦੇ ਪਿਛਲੇ ਸਭ ਗੁਨਾਹ ਬਖ਼ਸ਼ ਦੇਵੇਗਾ। ਕਿਸੇ ਹੋਰ ਧਰਮ ਨੂੰ ਛੱਡ ਕੇ ਈਸਾਈ ਮਤ ਧਾਰਨ ਵਾਲੇ ਵਿਅਕਤੀ ਨੂੰ ਬਾਈਬਲ ਵਿਚ ਨਵੇਂ ਜੀਵਨ ਦਾ ਭਰੋਸਾ ਇਉਂ ਦਿਵਾਇਆ ਗਿਆ ਹੈ:-

> "ਜਿਹੜਾ ਵਿਅਕਤੀ ਹਜ਼ਰਤ ਈਸਾ ਵਿਚ ਵਿਸ਼ਵਾਸ਼ ਲਿਆਉਂਦਾ ਹੈ, ਉਹ ਬਿਲਕੁਲ ਨਵੇਂ ਜੀਵਨ ਵਿਚ ਪਰਵੇਸ਼ ਕਰਦਾ ਹੈ। ਉਸ ਦਾ ਪੁਰਾਣਾ ਜੀਵਨ ਉਥੇ ਹੀ ਸਮਾਪਤ ਹੋ ਜਾਂਦਾ ਹੈ। ਵੇਖ ਲਉ, ਉਸ ਦਾ ਨਵਾਂ ਜੀਵਨ ਹੋਂਦ ਵਿਚ ਆ ਗਿਆ ਹੈ।"[34]

ਇਸ ਤਰ੍ਹਾਂ ਨਵੇਂ ਤੌਰ ਉਤੇ ਈਸਾਈ ਮਤ ਧਾਰਣ ਵਾਲੇ ਵਿਅਕਤੀ ਨੂੰ ਇਹ ਵਿਸ਼ਵਾਸ਼ ਦਿਵਾਇਆ ਗਿਆ ਹੈ ਕਿ ਉਸ ਦੇ ਪਿਛਲੇ ਧਰਮ ਵਿਚ ਕੀਤੇ ਹੋਏ ਗੁਨਾਹ

---

33. 'ਸਭ ਤੋਂ ਵੱਡਾ ਸਤਿਗੁਰੂ ਨਾਨਕ', ਪੰਨਾ 11.

34. 'If anyone is in Christ, he is a new creation.
The old one has passed away.
Behold, the new one has come."

(Revised Standard Version Of Bible -
As quoted in 'Christianity', P-45.

ਦੇ ਪਰਚਾਰ ਈਸਾਈ ਧਰਮ ਵਿਚ ਪਰਵੇਸ਼ ਕਰਨ ਨਾਲ ਆਪਣੇ ਆਪ ਮੁਕਤ ਹੋ ਜਾਂਦੇ ਹਨ ਅਤੇ ਇਸ ਨਵੇਂ ਧਰਮ ਵਿੱਚ ਉਸ ਦੇ ਸਭ ਗੁਨਾਹਾਂ ਦੀ ਮੁਆਫ਼ੀ ਦੀ ਜ਼ਿੰਮੇਵਾਰੀ ਹਜ਼ਰਤ ਈਸਾ ਉਤੇ ਹੋ ਜਾਂਦੀ ਹੈ। ਉਹ ਆਪਣੇ ਪਿਤਾ ਪਾਸੋਂ ਇਹੋ ਜਿਹੀ ਮੁਆਫ਼ੀ ਅਵੱਸ਼ ਲੈ ਕੇ ਦੇਵੇਗਾ। ਇਸ ਤਰ੍ਹਾਂ, ਈਸਾਈ ਧਰਮ ਨਾਲ ਸਬੰਧ ਰੱਖਣ ਵਾਲੇ ਹਰੇਕ ਮਨੁੱਖ ਨੂੰ ਆਪਣੇ ਕਮਾਏ ਹੋਏ ਬੁਰੇ ਕੰਮਾਂ ਦੀ ਸਜ਼ਾ ਭੋਗਣ ਤੋਂ ਮੁਕਤ ਕਰ ਦਿੱਤਾ ਗਿਆ ਹੈ।

ਗੁਰੂ ਨਾਨਕ ਦੇਵ ਜੀ ਦੇ ਗੁਰਮਤਿ ਧਰਮ ਵਿਚ ਵੀ ਪਰਮਾਤਮਾ ਦੀ ਅਪਾਰ ਬਖ਼ਸ਼ਿਸ਼ ਉਤੇ ਵਿਸ਼ਵਾਸ਼ ਰੱਖਿਆ ਗਿਆ ਹੈ, ਪਰ ਇਸ ਵਿੱਚ ਕੇਵਲ ਇਕ ਧਰਮ ਦੇ ਮਨੁੱਖਾਂ ਨੂੰ ਹੀ ਨਹੀਂ, ਸਗੋਂ ਸਭ ਧਰਮਾਂ ਦੇ ਮਨੁੱਖਾਂ ਨੂੰ ਪ੍ਰਭੂ-ਬਖ਼ਸ਼ਿਸ਼ ਦੇ ਇਕੋ ਜਿਹੇ ਪਾਤਰ ਮੰਨਿਆ ਗਿਆ ਹੈ। ਇਥੇ ਕਿਸੇ ਵਿਸ਼ੇਸ਼ ਧਰਮ ਦੇ ਅਨੁਆਈਆਂ ਨੂੰ ਰੱਬੀ ਬਖ਼ਸ਼ਿਸ਼ ਦੇ ਵੱਧਵੇਂ ਪਾਤਰ ਮੰਨ ਕੇ ਉਨ੍ਹਾਂ ਨੂੰ ਆਪਣੇ ਕਾਰਜਾਂ ਦੀ ਜ਼ਿੰਮੇਵਾਰੀ ਤੋਂ ਮੁਕਤ ਨਹੀਂ ਕੀਤਾ ਗਿਆ। ਇਨ੍ਹਾਂ ਦੋਹਾਂ ਧਰਮਾਂ ਵਿੱਚ ਪਰਮਾਤਮਾ ਦੀ ਬਖ਼ਸ਼ਿਸ਼ ਦਾ ਆਸਰਾ ਤੱਕਿਆ ਗਿਆ ਹੈ, ਪਰ ਜਿਥੇ ਗੁਰਮਤਿ ਧਰਮ ਵਿਚ ਮਨੁੱਖ ਨੂੰ, ਆਪਣੇ ਕਾਰਜਾਂ ਰਾਹੀਂ; ਪ੍ਰਭੂ-ਬਖ਼ਸ਼ਿਸ਼ ਦੇ ਯੋਗ ਬਣਨ ਦਾ ਆਦੇਸ਼ ਦਿੱਤਾ ਹੋਇਆ ਹੈ, ਉਥੇ ਈਸਾਈ ਧਰਮ ਵਿੱਚ ਇਹੋ ਜਿਹਾ ਕੋਈ ਆਦੇਸ਼ ਨਹੀਂ ਦਿੱਤਾ ਹੋਇਆ।

### ਲੋਕ-ਕੇਂਦਰਿਤ ਕਾਰਜਸ਼ੀਲਤਾ

ਈਸਾਈ ਧਰਮ ਵਿੱਚ ਸਵੈ-ਕੇਂਦਰਿਤ ਕਾਰਜਸ਼ੀਲਤਾ ਨਾਲੋਂ ਲੋਕ-ਕੇਂਦਰਿਤ ਕਾਰਜਸ਼ੀਲਤਾ ਉਤੇ ਵਧੇਰੇ ਬਲ ਦਿੱਤਾ ਹੋਇਆ ਹੈ। ਇਸ ਧਰਮ ਵਿੱਚ ਸਵੈ-ਭਲਾਈ ਦੀ ਥਾਂ ਲੋਕ-ਭਲਾਈ ਦਾ ਉਦੇਸ਼ ਪਰਚਾਰਿਆ ਗਿਆ ਹੈ। ਇਸ ਧਰਮ ਵਿਚ ਇਸ ਦੀ ਪੁਸ਼ਟੀ ਕਰਨ ਵਾਲੇ ਦੋ ਬਲਵਾਨ ਤੱਥ ਮਿਲਦੇ ਹਨ। ਪਹਿਲਾ ਇਹ ਕਿ ਹਜ਼ਰਤ ਈਸਾ ਨੇ ਆਪ ਇਕ ਲੋਕ-ਹਿਤੈਸ਼ੀ ਜੀਵਨ ਬਿਤਾਇਆ ਅਤੇ ਦੂਜਾ ਇਹ ਕਿ ਉਨ੍ਹਾਂ ਨੇ ਆਪਣੇ ਸਭ ਅਨੁਆਈਆਂ ਨੂੰ ਇਹੋ ਜਿਹਾ ਜੀਵਨ ਬਿਤਾਣ ਦਾ ਉਪਦੇਸ਼ ਦਿੱਤਾ। ਪਹਿਲੇ ਤੱਥ ਬਾਰੇ ਬਾਈਬਲ ਵਿਚ ਕਾਫ਼ੀ ਪਰਮਾਣ ਮਿਲਦੇ ਹਨ, [illegible] ਜਿਹੜੇ ਹਜ਼ਰਤ ਈਸਾ ਦੇ ਜੀਵਨ ਨੂੰ ਪੂਰਨ ਰੂਪ ਵਿੱਚ ਲੋਕ-ਹਿਤੈਸ਼ੀ ਸਿੱਧ ਕਰਦੇ ਹਨ। ਉਨ੍ਹਾਂ ਨੇ ਆਪਣਾ ਸਾਰਾ ਜੀਵਨ ਲੋਕ-ਸੇਵਾ ਲਈ ਅਰਪਿਤ ਕਰ ਦਿੱਤਾ। ਉਨ੍ਹਾਂ ਨੇ ਆਪਣੀ ਜਨਮ-ਭੂਮੀ ਦੇ ਆਸ ਪਾਸ ਕਾਫ਼ੀ ਪਦ-ਯਾਤਰਾਵਾਂ ਕੀਤੀਆਂ ਤਾਂ ਜੁ ਦੁਖੀ ਲੋਕਾਂ ਦੇ ਕੋਲ ਪੁੱਜ ਕੇ ਉਨ੍ਹਾਂ ਦੇ ਦੁੱਖ ਦੂਰ ਕਰ ਸਕਣ। ਆਪ ਜਿਥੇ ਵੀ ਜਾਂਦੇ ਸਨ, ਦੁਖੀ ਅਤੇ ਪੀੜਤ ਲੋਕਾਂ ਦੀਆਂ ਵਹੀਰਾਂ ਆਪ ਜੀ ਦੇ ਦੁਆਲੇ ਇਕੱਤਰ ਹੋ ਜਾਂਦੀਆਂ ਸਨ। ਕਈ ਲੋਕ

ਵੇਲਾ ਕੁਵੇਲਾ ਵੇਖੇ ਬਿਨ੍ਹਾਂ ਹੀ ਆਪਜੀ ਪਾਸ ਸਹਾਇਤਾ ਲੈਣ ਆ ਜਾਂਦੇ ਸਨ, ਪਰ ਆਪ ਥਕ ਹੋਏ ਉਨ੍ਹਾਂ ਦੀ ਖਿੜੇ ਮੱਥੇ ਸਹਾਇਤਾ ਕਰ ਕੇ ਵਿਖਾਉਂਦੇ ਸਨ। ਇਸ ਸੰਬੰਧੀ ਇਹ ਪ੍ਰਮਾਣ ਪੇਸ਼ ਕੀਤਾ ਗਿਆ ਹੈ:-

> "ਉਨ੍ਹਾਂ ਦਾ (ਹਜ਼ਰਤ ਈਸਾ ਦਾ) ਸਮੁੱਚਾ ਆਪਾ ਕਿਸੇ ਅਨੰਤ ਅਸਲੀਅਤ ਨਾਲ ਇਕਸੁਰ ਹੋਇਆ ਰਹਿੰਦਾ ਸੀ ਅਤੇ ਉਹ ਆਪਣੇ ਮਨੁੱਖੀ ਭਰਾਵਾਂ ਦੀਆਂ ਲੋੜਾਂ ਅਤੇ ਮੁਸੀਬਤਾਂ ਦੂਰ ਕਰਨ ਵਿੱਚ ਜੁਟੇ ਰਹਿੰਦੇ ਸਨ। ਲੋਕ ਆਪਜੀ ਪਾਸ ਅੱਧੀ ਰਾਤ ਵੇਲੇ ਜਾਂ ਸਿਖਰ ਦੁਪਹਿਰੇ ਆ ਟਪਕਦੇ ਸਨ, ਜਦੋਂ ਆਪ ਆਪਣੇ ਲੰਬੇ ਸਫਰ ਮੁਕਾ ਕੇ ਥੱਕੇ ਹੋਏ ਹੁੰਦੇ ਸਨ, ਪਰ, ਆਪ ਉਨ੍ਹਾਂ ਦੀ ਸੇਵਾ ਕਰਨ ਲਈ ਸਦਾ ਤਿਆਰ ਹੋ ਜਾਂਦੇ ਸਨ ਅਤੇ ਉਨ੍ਹਾਂ ਦੀ ਵਿਥਿਆ ਨੂੰ ਬੜੇ ਧਿਆਨ ਨਾਲ ਸੁਣਦੇ ਸਨ।"[35]

ਇਸ ਕੌਲ ਦੇ ਦੂਜੇ ਅੰਗ, ਅਰਥਾਤ ਲੋਕ-ਸੇਵਾ ਵਾਲੇ ਅੰਗ, ਉਤੇ ਵਿਚਾਰ ਕੀਤਿਆਂ ਪਤਾ ਲਗਦਾ ਹੈ ਕਿ ਹਜ਼ਰਤ ਈਸਾ ਆਪਣੇ ਅਨੁਯਾਈਆਂ ਨੂੰ ਸਦਾ ਇਹ ਉਪਦੇਸ਼ ਦਿੰਦੇ ਸਨ ਕਿ ਉਹ ਅਜਿਹਾ ਕਿੱਤਾ ਅਪਣਾਨ, ਜਿਸ ਰਾਹੀਂ ਉਹ ਦੂਰ ਦੁਰਾਡੇ ਇਲਾਕਿਆਂ ਵਿਚ ਜਾ ਕੇ ਦੁਖੀ ਲੋਕਾਂ ਦੇ ਦੁੱਖ ਦੂਰ ਕਰ ਕੇ ਉਨ੍ਹਾਂ ਨੂੰ ਈਸਾਈ ਧਰਮ ਵੱਲ ਪ੍ਰੇਰ ਕੇ ਲਿਆ ਸਕਣ। ਹਜ਼ਰਤ ਈਸਾ ਨੇ ਆਪਣੇ ਅਨੁਯਾਈਆਂ ਨੂੰ ਲੋਕਾਂ ਉਤੇ ਕਿਸੇ ਪ੍ਰਕਾਰ ਦਾ ਬੋਝ ਬਣਨ ਦੀ ਥਾਂ ਉਨ੍ਹਾਂ ਦੀ ਸਹਾਇਤਾ ਰਾਹੀਂ ਉਨ੍ਹਾਂ ਦਾ ਬੋਝ ਹੌਲਾ ਕਰਨ ਦਾ ਉਪਦੇਸ਼ ਦਿੱਤਾ। ਇਸ ਲਈ ਆਪਜੀ ਨੇ ਉਨ੍ਹਾਂ ਨੂੰ ਘਰ ਘਰ ਉਤੇ ਜਾ ਕੇ ਗਰੀਬ ਅਤੇ ਦੁਖੀ ਲੋਕਾਂ ਨਾਲ ਮਿਲਣ ਜੁਲਣ, ਉਨ੍ਹਾਂ ਵਾਂਗ ਕਿਰਤ ਕਰਨ ਅਤੇ ਉਨ੍ਹਾਂ ਦੇ ਦੁੱਖ ਸੁੱਖ ਵੰਡਾ ਕੇ ਉਨ੍ਹਾਂ ਦੇ ਦਿਲ ਜਿੱਤਣ ਦਾ ਰਾਹ ਵਿਖਾਇਆ, ਤਾਂ ਜੁ ਉਹ ਉਨ੍ਹਾਂ ਈਸਾਈ ਧਰਮ ਦਾ ਵੱਧ ਤੋਂ ਵੱਧ ਪ੍ਰਸਾਰ ਕਰ ਸਕਣ।

---

35. "His whole being was attuned and adjusted, so to speak, to an infinite reality, while he was deeply concerned about his fellowmen and involved in their problems. People approached him at dead of night or in the noonday heat, when he was tired from his ceaseless journeyings and he was always at their service, ready to be fully engrossed by their demands"- 'Christianity'-P. 76.

ਗੁਰੂ ਨਾਨਕ ਦੇਵ ਜੀ ਨੇ ਵੀ ਸੰਸਾਰ ਦੇ ਦੁਖੀ ਲੋਕਾਂ ਦਾ ਦੁੱਖ ਦੂਰ ਕਰਨ ਲਈ ਲੰਬੀਆਂ ਪਦ-ਯਾਤਰਾਵਾਂ ਕੀਤੀਆਂ ਅਤੇ ਆਪਣਾ ਸਾਰਾ ਜੀਵਨ ਲੋਕ-ਸੇਵਾ ਲਈ ਅਰਪਿਤ ਕਰ ਦਿੱਤਾ। ਇਸ ਦੇ ਨਾਲ ਹੀ ਆਪਜੀ ਨੇ ਲੋਕ-ਸੇਵਾ ਕਰਨ ਅਤੇ ਪਰਉਪਕਾਰ ਕਮਾਣ ਦਾ ਵੱਧ ਤੋਂ ਵੱਧ ਪਰਚਾਰ ਕੀਤਾ। ਆਪਜੀ ਨੇ ਸਭ ਗੁਰਸਿੱਖਾਂ ਨੂੰ ਕਿਰਤ ਕਰਦਿਆਂ ਲੋਕ-ਹਿਤੈਸ਼ੀ ਜੀਵਨ ਬਿਤਾਣ ਦਾ ਉਪਦੇਸ਼ ਦਿੱਤਾ। ਪਰ ਆਪ ਜੀ ਅਤੇ ਹਜ਼ਰਤ ਈਸਾ ਦੇ ਲੋਕ-ਹਿਤੈਸ਼ੀ ਜੀਵਨ ਵਿੱਚ ਵੱਡਾ ਅੰਤਰ ਇਹ ਹੈ ਕਿ ਜਿਥੇ ਹਜ਼ਰਤ ਈਸਾ ਹਰ ਪ੍ਰਕਾਰ ਦੀ ਲੋਕ-ਸੇਵਾ ਕਰਨ ਵਿਚ ਧਰਮ-ਪਰਚਾਰ ਨੂੰ ਮੁੱਖ ਰੱਖਦੇ ਸਨ, ਉਥੇ ਗੁਰੂ ਨਾਨਕ ਦੇਵ ਨਿਰੋਲ ਲੋਕ-ਸੇਵਾ ਨੂੰ ਹੀ ਮੁੱਖ ਰੱਖਦੇ ਸਨ। ਆਪ ਲੋਕ-ਸੇਵਾ ਨੂੰ ਕਿਸੇ ਰੂਪ ਵਿੱਚ ਵੀ ਧਰਮ-ਪਰਚਾਰ ਦਾ ਮਾਧਿਅਮ ਬਣਾਨ ਦਾ ਜਤਨ ਨਹੀਂ ਸਨ ਕਰਦੇ।

ਸਮੁੱਚੇ ਤੌਰ ਉਤੇ ਕਿਹਾ ਜਾ ਸਕਦਾ ਹੈ ਕਿ ਈਸਾਈ ਧਰਮ ਵਿੱਚ ਲੋਕ-ਹਿਤੈਸ਼ੀ ਕਿਰਤ ਦੀ ਮਹੱਤਤਾ ਅਵੱਸ਼ ਸਵੀਕਾਰੀ ਗਈ ਹੈ, ਪਰ ਇਸ ਨੂੰ ਧਰਮ-ਪਰਚਾਰ ਦਾ ਸਾਧਨ ਬਣਾ ਕੇ ਵਰਤਿਆ ਗਿਆ ਹੈ, ਪਰ, ਗੁਰੂ ਨਾਨਕ ਦੇਵ ਜੀ ਦੇ ਗੁਰਮਤਿ ਧਰਮ ਵਿੱਚ, ਲੋਕ-ਹਿਤੈਸ਼ੀ ਕਿਰਤ ਨੂੰ ਨਿਰੋਲ ਮਨੁੱਖੀ ਕਰਤਵ ਸਮਝ ਕੇ ਅਪਣਾਇਆ ਗਿਆ ਹੈ ਅਤੇ ਇਸ ਤੋਂ ਧਰਮ ਪਰਚਾਰ ਦਾ ਕੰਮ ਲੈਣ ਦਾ ਕਿਤੇ ਵੀ ਜਤਨ ਨਹੀਂ ਕੀਤਾ ਗਿਆ; ਇਸ ਲਈ, ਗੁਰੂ ਨਾਨਕ ਦੇਵ ਜੀ ਦਾ ਕਿਰਤ ਸੰਬੰਧੀ ਲੋਕ-ਹਿਤੈਸ਼ੀ ਸੰਕਲਪ ਈਸਾਈ ਧਰਮ ਦੇ ਇਹੋ ਜਿਹੇ ਸੰਕਲਪ ਨਾਲੋਂ ਵਧੇਰੇ ਵਿਸ਼ਾਲ, ਨਿਸ਼ਕਾਮ ਅਤੇ ਪਰਸੁਆਰਥੀ ਹੈ।

## 5 - ਇਸਲਾਮ ਧਰਮ ਵਿੱਚ ਕਿਰਤ-ਸੰਕਲਪ

ਗੁਰੂ ਨਾਨਕ ਦੇਵ ਦੇ ਸਮੇਂ ਇਸਲਾਮ ਧਰਮ ਦਾ ਪਰਭਾਵ ਸਾਰੇ ਭਾਰਤ ਦੇਸ਼ ਉਤੇ ਛਾਇਆ ਹੋਇਆ ਸੀ, ਕਿਉਂਕਿ ਇਹ ਉਸ ਸਮੇਂ ਦਾ ਰਾਜ-ਧਰਮ ਸੀ ਅਤੇ ਇਸ ਨੂੰ ਹਰ ਤਰ੍ਹਾਂ ਦੀ ਰਾਜਸੀ ਸਹਾਇਤਾ ਪ੍ਰਾਪਤ ਸੀ। ਇਸ ਦੇ ਨਾਲ ਹੀ ਇਸ ਦੇਸ਼ ਵਿੱਚ ਮੁਸਲਮਾਨ ਪੀਰਾਂ, ਫ਼ਕੀਰਾਂ, ਸੂਫ਼ੀਆਂ ਅਤੇ ਦਰਵੇਸ਼ਾਂ ਦੀ ਗਿਣਤੀ ਇੰਨੀ ਵਧ ਚੁੱਕੀ ਸੀ ਕਿ ਸਭ ਲੋਕਾਂ ਉਤੇ ਉਨ੍ਹਾਂ ਦੇ ਵਿਚਾਰਾਂ ਦਾ ਪਰਭਾਵ ਪੈਣਾ ਸੁਭਾਵਕ ਗੱਲ ਬਣ ਗਈ ਸੀ। ਇਸ ਲਈ, ਗੁਰੂ ਨਾਨਕ ਦੇਵ ਜੀ ਦੇ ਕਿਰਤ-ਸੰਕਲਪ ਨੂੰ ਚੰਗੀ ਤਰ੍ਹਾਂ ਸਮਝਣ ਲਈ, ਇਸਲਾਮ ਵਿਚਲੇ ਕਿਰਤ-ਸੰਕਲਪ ਦਾ ਤੁਲਨਾਤਮਕ ਅਧਿਐਨ ਕਰਨਾ ਬੜਾ ਜ਼ਰੂਰੀ ਹੈ।

## ਸਮਾਜੀ ਪਧਰ ਤੇ ਨੇਕ ਕੰਮ

ਇਸਲਾਮ ਵਿੱਚ ਨੇਕ ਅਮਲਾਂ ਨੂੰ ਬੜਾ ਉਚਾ ਦਰਜਾ ਦਿੱਤਾ ਗਿਆ ਹੈ। ਕੁਰਾਨ ਵਿੱਚ ਇਸ ਗੱਲ ਨੂੰ ਫਿਰ ਫਿਰ ਦੁਹਰਾਇਆ ਗਿਆ ਹੈ ਕਿ ਨੇਕ ਅਮਲਾਂ ਤੋਂ ਬਿਨਾਂ ਇਨਸਾਨ ਦੀ ਰੱਬੀ ਦਰਬਾਰ ਵਿੱਚ ਕੋਈ ਸੁਣਵਾਈ ਨਹੀਂ ਹੋ ਸਕਦੀ। ਇਸ ਵਿੱਚ ਮਨੁੱਖ ਨੂੰ ਇਹ ਭਰੋਸਾ ਦਿਵਾਇਆ ਗਿਆ ਹੈ ਕਿ :

> "ਜਿਹੜਾ ਮਨੁੱਖ ਅੱਲਾਹ ਵਿੱਚ ਵਿਸ਼ਵਾਸ਼ ਰੱਖਦਾ ਹੈ ਅਤੇ ਚੰਗੇ ਕਰਮ ਕਰਦਾ ਹੈ, ਅੱਲਾਹ ਉਸ ਨੂੰ [illegible] ਉਨ੍ਹਾਂ ਕਰਮਾਂ ਦਾ ਇਨਾਮ ਦਿੰਦਾ ਹੈ।"[36]

ਇਸਲਾਮ ਅਨੁਸਾਰ, ਮਨੁੱਖ ਇਸ ਜੀਵਨ ਵਿੱਚ ਅਮਲ ਕਮਾਉਂਦਾ ਹੈ ਅਤੇ ਰੱਬੀ ਦਰਬਾਰ ਵਿੱਚ ਉਨ੍ਹਾਂ ਬਾਰੇ ਨਿਆਂ ਚੁਕਾਂਦਾ ਹੈ। ਇਸ ਲਈ, ਕੁਰਾਨ ਵਿੱਚ ਲਿਖਿਆ ਹੈ:-

> "ਮਨੁੱਖ ਦੀ ਮੌਤ ਮਗਰੋਂ ਉਸ ਦੇ ਕਰਮਾਂ ਦਾ ਹਿਸਾਬ ਹੋਵੇਗਾ ਅਤੇ ਜਿਨ੍ਹਾਂ ਦੇ ਚੰਗੇ ਕਰਮਾਂ ਦਾ ਵਜ਼ਨ ਭਾਰੀ ਹੋਵੇਗਾ, ਉਨ੍ਹਾਂ ਨੂੰ ਕਾਮਯਾਬ ਸਮਝਿਆ ਜਾਵੇਗਾ ਅਤੇ ਜਿਨ੍ਹਾਂ ਦੇ ਕਰਮਾਂ ਦਾ ਵਜ਼ਨ ਹੌਲਾ ਨਿਕਲੇਗਾ, ਉਨ੍ਹਾਂ ਦੀਆਂ ਰੂਹਾਂ ਨੂੰ ਨੁਕਸਾਨ ਭੁਗਤਣਾ ਪਵੇਗਾ।"[37]

ਇਸਲਾਮ ਵਿੱਚ ਨੇਕ ਅਮਲਾਂ ਉਤੇ ਜ਼ੋਰ ਅਵੱਸ਼ ਦਿੱਤਾ ਗਇਆ ਹੈ, ਪਰ ਇਸ ਵਿੱਚ ਨੇਕੀ ਦਾ ਮਾਪ ਸਮਾਜੀ ਪਧਰ ਤੱਕ ਸੀਮਤ ਰੱਖਿਆ ਗਿਆ ਹੈ। ਇਸ ਮਾਪ ਅਨੁਸਾਰ ਕੇਵਲ ਉਹੀ ਕੰਮ ਨੇਕ ਸਮਝਿਆ ਜਾ ਸਕਦਾ ਹੈ, ਜਿਹੜਾ ਮੁਸਲਿਮ ਸਮਾਜ ਦੀ ਭਲਾਈ ਖਾਤਰ ਕੀਤਾ ਜਾਏ। ਇਸਲਾਮ ਵਿਚ ਨੇਕ ਅਮਲਾਂ ਨੂੰ ਸਮਾਜੀ ਪਧਰ ਤੱਕ ਸੀਮਤ ਰੱਖਣ ਲਈ ਹਰੇਕ ਮੁਸਲਮਾਨ ਨੂੰ ਕੁਰਾਨ ਵਿੱਚ ਦਿੱਤੀ ਹੋਈ ਸੂਚੀ ਅਨੁਸਾਰ ਹੀ ਅਮਲਾਂ ਦੀ ਚੋਣ ਕਰਨ ਦੀ ਆਗਿਆ ਦਿੱਤੀ ਹੋਈ ਹੈ। ਕੁਰਾਨ ਅਨੁਸਾਰ ਨੇਕ ਅਮਲ ਉਹ ਹਨ, ਜਿਹੜੇ ਅੱਲਾਹ ਵਿੱਚ ਯਕੀਨ ਰੱਖਣ ਵਾਲੇ ਮੋਮਨਾਂ ਦੀ ਹਰ ਤਰ੍ਹਾਂ ਭਲਾਈ ਕਰਦੇ ਹਨ। ਇਸ ਗੱਲ ਨੂੰ ਮੁੱਖ ਰੱਖ ਕੇ ਕੁਰਾਨ ਵਿੱਚ ਇਨਸਾਨ ਦੇ ਅਮਲਾਂ ਨੂੰ ਉਪਯੋਗੀ ਹੋਣ ਵਾਲੇ ਗੁਣ ਅਨੁਸਾਰ ਪੰਜ ਦਰਜਿਆਂ ਵਿਚ ਵੰਡਿਆ ਗਿਆ ਹੈ, ਅਰਥਾਤ - - ਅਮਲਿ ਫ਼ਰਜ਼

36. 'ਕੁਰਾਨ'- 2;62; ਤਰਜਮਾ ਅਤੇ ਅਨੁਵਾਦ ਸ੍ਰੋਤ; 'ਨਾਨਕ ਪ੍ਰਕਾਸ਼ ਪੱਤ੍ਰਕਾ', ਜੂਨ 1973, ਪੰਨਾ 152-153.
37. 'ਕੁਰਾਨ -7;8;9 ਤਰਜਮਾ ਸ ਅਤੇ ਅਨੁਵਾਦ ਸ੍ਰੋਤ: ਉਹੀ- , ਪੰਨਾ 153.

( Obligatory actions ), ਆਮਲਿ ਮੁਸਤਾਹਾਬ (Commendable actions); ਆਮਲਿ ਮੁਬਾਹ ( Permissible actions ); ਆਮਲਿ ਮਕਰੂਹ ( Undesirable actions ) ਅਤੇ ਆਮਲਿ ਹਰਾਮ ( Forbidden actions )। ਕੁਰਾਨ ਵਿੱਚ ਦਰਸਾਇਆ ਗਇਆ ਹੈ ਕਿ ਨੇਕ ਅਮਲਾਂ ਵਿੱਚੋਂ ਉਚੇ ਦਰਜੇ ਦੇ ਅਮਲਾਂ ਨੂੰ 'ਆਮਲਿ ਸਾਲਿਹ' ( Salih actions ) ਕਿਹਾ ਜਾਂਦਾ ਹੈ, ਪਰ ਇਸ ਵਿੱਚ ਇਹ ਵੀ ਦਰਸਾਇਆ ਗਇਆ ਹੈ ਕਿ ਸਿਰਫ ਮੋਮਨ ਬਣ ਕੇ ਅਤੇ 'ਅਲਾਹ' ਵਿੱਚ ਯਕੀਨ ਰੱਖ ਕੇ ਹੀ 'ਆਮਲਿ ਸਾਲਿਹ' ਕਮਾਏ ਜਾ ਸਕਦੇ ਹਨ:-

> "ਇਹ (ਨੇਕ ਅਮਲ) ਅਲਾਹ ਨੂੰ ਖੁਸ਼ ਕਰਨ ਲਈ ਕਮਾਇਆ ਜਾਣਾ ਚਾਹੀਦਾ ਹੈ। ਇਸ ਲਈ (ਇਸਲਾਮ ਵਿੱਚ) ਯਕੀਨ 'ਆਮਲਿ ਸਾਲਿਹ' ਲਈ ਇਕ ਜ਼ਰੂਰੀ ਸ਼ਰਤ ਬਣ ਜਾਂਦਾ ਹੈ। ਇਸ ਯਕੀਨ ਤੋਂ ਬਿਨਾਂ ਇਕ ਅਮਲ ਠੀਕ ਤਾਂ ਆਖਿਆ ਸਕਦਾ ਹੈ, ਪਰ 'ਸਾਲਿਹ' ਨਹੀਂ ਆਖਿਆ ਸਕਦਾ।"[38]

ਇਸ ਤੋਂ ਸਿੱਧ ਹੁੰਦਾ ਹੈ ਕਿ ਕੁਰਾਨ ਅਨੁਸਾਰ ਇਨਸਾਨ ਵੱਲੋਂ ਕਮਾਏ ਹੋਏ ਉਹੀ ਅਮਲ ਅਲਾਹ ਨੂੰ ਖੁਸ਼ ਕਰ ਸਕਦੇ ਹਨ, ਜਿਹੜੇ ਉਸ ਵਿਚ ਯਕੀਨ ਰੱਖਣ ਵਾਲੇ ਮੁਸਲਮਾਨਾਂ ਵੱਲੋਂ ਸਮਾਜੀ ਭਲਾਈ ਖਾਤਰ ਕੀਤੇ ਜਾਣ। ਇਸ ਦੇ ਵਿਪਰੀਤ, ਗੁਰੂ ਨਾਨਕ ਦੇਵ ਉਨ੍ਹਾਂ ਸਭ ਅਮਲਾਂ ਨੂੰ ਨੇਕ ਅਤੇ ਉਚੇ ਮੰਨਦੇ ਹਨ, ਜਿਹੜੇ ਸਭ ਲੋਕਾਂ ਦੇ ਭਲੇ ਖਾਤਰ ਕਮਾਏ ਜਾਣ। ਗੁਰੂ ਨਾਨਕ ਦੇਵ ਜੀ ਇਸ ਗੱਲ ਵਿਚ ਵਿਸ਼ਵਾਸ ਰੱਖਦੇ ਹਨ ਕਿ ਪਰਮਾਤਮਾ ਨੂੰ ਸਭ ਮਨੁੱਖ ਇਕੋ ਜਿਹੇ ਪਿਆਰੇ ਹਨ, ਕਿਉਂਕਿ ਉਹ ਸਭ ਉਸ ਦੇ ਸਾਜੇ ਹੋਏ ਹਨ। ਇਸ ਲਈ, ਸਭ ਮਨੁੱਖਾਂ ਦੇ ਪਿਆਰ ਵਿਚੋਂ ਉਪਜੇ ਹੋਏ ਕਾਰਜ ਹੀ ਉਚ-ਪਦਵੀ ਦੇ ਨਿਆਇਕ ਹੋ ਸਕਦੇ ਹਨ।

<u>ਸਮਾਜੀ ਪਧਰ ਦੀ ਨੇਕੀ ਨਿਆਂਕਾਰੀ</u>

ਇਸਲਾਮ ਵਿਚ ਜਿਵੇਂ ਮਨੁੱਖੀ ਕਾਰਜਾਂ ਨੂੰ ਸਮਾਜੀ ਪਧਰ ਤੱਕ ਸੀਮਤ ਕੀਤਾ ਗਿਆ ਹੈ, ਉਵੇਂ ਨੇਕੀ ਨਿਆਂਕਾਰੀ ਨੂੰ ਵੀ ਇਸੇ ਪਧਰ ਤੱਕ ਸੀਮਤ ਕਰ ਦਿੱਤਾ ਗਿਆ ਹੈ। ਇਸਲਾਮ

38. "It (good action) should be done with a view to pleasing God. Faith is, therefore, an essential condition for a 'salih act.' Devoid of that an act may be right, but not salih." As Translated and quoted in "Islam' P-24 (Patiala, Punjabi University), 1969.

ਅਨੁਸਾਰ, ਅਲਾਹ ਦੀ ਅਦਾਲਤ ਵਿੱਚ ਨਿਆਂ ਕਰਨ ਲਈ ਵੱਖ ਵੱਖ ਮਨੁੱਖਾਂ ਦੇ ਅਪਰਾਧੀਆਂ ਲਈ ਵੱਧ ਵੱਧਰੀ ਦੰਡ-ਨੀਯਮਾਵਲੀ ਮਿਥੀ ਗਈ ਹੈ। ਇਸ ਅਦਾਲਤ ਵਿੱਚ ਅਪਰਾਧੀ ਮੋਮਨਾਂ ਨੂੰ ਅਪਰਾਧੀ ਕਾਫ਼ਰਾਂ ਨਾਲੋਂ ਥੋੜੇ ਨਰਮ ਸਜ਼ਾਵਾਂ ਮਿਲਦੀਆਂ ਹਨ। ਇਸ ਦੇ ਨਾਲ ਹੀ ਇਸ ਅਦਾਲਤ ਵਿੱਚ, ਗੁਨਾਹਗਾਰ ਮੁਸਲਮਾਨਾਂ ਨੂੰ ਹਜ਼ਰਤ ਮੁਹੰਮਦ ਦੀ ਵਿਸ਼ੇਸ਼ ਸਫ਼ਾਰਸ਼ ਨਾਲ, ਸਜ਼ਾ ਪਾਣ ਤੋਂ ਮੁਆਫ਼ੀ ਮਿਲਣ ਦੀ ਆਸ ਵੀ ਦਿਵਾਈ ਗਈ ਹੈ। ਪਰ ਕਾਫ਼ਰਾਂ ਲਈ ਇਹੋ ਜਿਹੀ ਮੁਆਫ਼ੀ ਦੀ ਕੋਈ ਆਸ ਨਹੀਂ ਦਿਤੀ ਗਈ। ਕੁਰਾਨ ਅਨੁਸਾਰ, ਅਲਾਹ ਨੂੰ ਜਿਥੇ 'ਆਦਲ' ਮੰਨਿਆ ਗਿਆ ਹੈ, ਉਥੇ ਉਸ ਵਿਚ ਈਮਾਨ ਰੱਖਣ ਵਾਲੇ ਮੋਮਨਾਂ ਲਈ 'ਰਹੀਮ' ਵੀ ਮੰਨਿਆ ਗਿਆ ਹੈ। ਇਸ ਲਈ, ਸਭ ਮੁਸਲਮਾਨ ਇਸਲਾਮ ਵਿਚ ਈਮਾਨ ਦੀ ਪਰਪੱਕਤਾ ਨੂੰ ਚੰਗੀ ਕਰਮ ਦਾ ਆਧਾਰ ਮੰਨਦੇ ਹਨ ਅਤੇ ਇਸਲਾਮ ਵਿਚ ਪਰਪੱਕਤਾ ਨੂੰ ਰੱਬੀ ਅਦਾਲਤ ਵਿਚ ਮੁਆਫ਼ੀ-ਨਾਮੇ ਦੀ ਪੱਕੀ ਸਨਦ ਸਮਝਦੇ ਹਨ। ਕੁਰਾਨ ਵਿੱਚ ਲਿਖਿਆ ਹੋਇਆ ਹੈ ਕਿ ਅਲਾਹ ਇਨਸਾਨ ਦੀ 'ਸ਼ੁਕਰਗੁਜ਼ਾਰੀ ਅਤੇ ਈਮਾਨ' ਉਤੇ ਖੁਸ਼ ਹੁੰਦਾ ਹੈ ਅਤੇ ਇਸ ਖੁਸ਼ੀ ਵਿੱਚ ਹੀ ਉਨ੍ਹਾਂ ਨਾਲ ਨਿਆਂ ਕਰਦਾ ਹੈ, ਪਰ ਉਹ 'ਕੁਫ਼ਰ ਅਤੇ ਈਮਾਨ' ਤੋਂ ਖਾਲੀ ਬੰਦਿਆਂ ਨੂੰ ਕਦੀ ਪਰਵਾਨ ਨਹੀਂ ਕਰਦਾ:-

> 'ਜੇ ਤੁਸੀਂ ਨਾਸ਼ੁਕਰੇ ਕਾਫ਼ਰ ਹੋ ਤਾਂ ਯਾਦ ਰੱਖੋ ਕਿ ਅਲਾਹ ਨੂੰ ਤੁਹਾਡੀ ਕੋਈ ਲੋੜ ਨਹੀਂ ਹੈ। ਉਹ 'ਈਮਾਨ' ਨਾ ਰੱਖਣ ਵਾਲੇ ਮਨੁੱਖਾਂ ਉਤੇ ਕਦੀ ਖੁਸ਼ ਨਹੀਂ ਹੁੰਦਾ। ਪਰ ਜੇ ਤੁਸੀਂ ਸ਼ੁਕਰਗੁਜ਼ਾਰ ਮੋਮਨ ਹੋ, ਤਾਂ ਉਹ ਤੁਹਾਡੇ ਉਤੇ ਬੜਾ ਖੁਸ਼ ਹੈ।'[39]

ਇਸ ਤੋਂ ਸਿੱਧ ਹੁੰਦਾ ਹੈ ਕਿ ਇਸਲਾਮ ਵਿੱਚ ਖੁਦਾ ਨੂੰ ਨਿਆਂਕਾਰ ਮੰਨ ਕੇ ਉਸ ਵਿੱਚ 'ਈਮਾਨ' ਰੱਖਣ ਵਾਲੇ ਮੁਸਲਮਾਨਾਂ ਲਈ ਕਿਰਪਾਲੂ ਜਾਂ 'ਰਹੀਮ' ਮੰਨਿਆ ਗਿਆ ਹੈ।

ਗੁਰੂ ਨਾਨਕ ਦੇਵ ਜੀ ਵੀ ਪਰਮਾਤਮਾ ਨੂੰ ਨਿਆਂਕਾਰ ਅਤੇ ਕਿਰਪਾਲੂ ਮੰਨਦੇ ਹਨ। ਪਰ ਆਪ ਉਸ ਨੂੰ ਹਰੇਕ ਮਜ਼੍ਹਬ ਦੇ ਮਨੁੱਖਾਂ ਲਈ ਇਕੋ ਜਿਹਾ ਨਿਆਂਕਾਰ ਅਤੇ ਕਿਰਪਾਲੂ ਮੰਨਦੇ ਹਨ। ਆਪਜੀ ਦੇ ਵਿਚਾਰ ਅਨੁਸਾਰ, ਮਨੁੱਖ ਦੇ ਆਪਣੇ ਨੇਕ ਅਮਲ ਨਾਕਿ ਕਿਸੇ

39. "If you are ungrateful, behold, Allah has no need of you; and He finds no pleasure in the unbelief of his servants; but if you are grateful, He is pleased with you"-'Quran'39:9; as Translated and quoted in 'Islam', P.37.

ਵਿਸ਼ੇਸ਼ ਧਰਮ ਵਿੱਚ ਸ਼ਾਮਿਲ ਉਸ ਨੂੰ ਰੱਬੀ ਕਿਰਪਾਲਤਾ ਦਾ ਪਾਤਰ ਬਣਾਏਗਾ।

<u>ਇਨਸਾਨ ਲਈ ਖ਼ਲੀਫ਼ੇ ਦੀ ਪਦਵੀ</u>

ਇਸਲਾਮ ਵਿਚ ਇਨਸਾਨ ਨੂੰ ਜ਼ਮੀਨ ਉਤੇ ਖ਼ੁਦਾ ਦਾ ਖ਼ਲੀਫ਼ਾ ਜਾਂ ਪ੍ਰਤਿਨਿਧ ਮੰਨਿਆ ਗਿਆ ਹੈ। ਕੁਰਾਨ ਵਿਚ ਲਿਖਿਆ ਹੈ ਕਿ ਖ਼ੁਦਾ ਨੇ ਇਨਸਾਨ ਨੂੰ ਜ਼ਮੀਨ ਉਤੇ ਭੇਜਣ ਤੋਂ ਪਹਿਲੇ ਸਭ ਫ਼ਰਿਸ਼ਤਿਆਂ ਨੂੰ ਬੁਲਾ ਕੇ ਕਿਹਾ:-

> "ਵੇਖੋ, ਮੈਂ ਜ਼ਮੀਨ ਉਤੇ ਆਪਣਾ ਖ਼ਲੀਫ਼ਾ ਕਾਇਮ ਕਰਨ ਲੱਗਾ ਹਾਂ।"[40]

ਕੁਰਾਨ ਦੀ ਲਿਖਤ ਅਨੁਸਾਰ ਖ਼ੁਦਾ ਨੇ ਇਨਸਾਨ ਨੂੰ ਬੜੀਆਂ ਆਸਾਂ ਨਾਲ ਆਪਣਾ ਖ਼ਲੀਫ਼ਾ ਬਣਾ ਕੇ ਜ਼ਮੀਨ ਉਤੇ ਭੇਜਿਆ। ਇਸ ਲਈ ਉਹ ਉਸ ਤੋਂ ਪੂਰੀ ਆਸ ਕਰਦਾ ਹੈ ਕਿ ਉਹ ਦੁਨੀਆਂ ਵਿੱਚ ਰਹਿੰਦਿਆਂ ਉਸ ਦਾ ਪੂਰਾ ਵਫ਼ਾਦਾਰ ਬਣ ਕੇ ਰਹੇਗਾ ਅਤੇ ਅਜਿਹੇ ਅਮਲ ਕਮਾਏਗਾ, ਜਿਹੜੇ ਉਸ ਦੀ ਉਚੀ ਪਦਵੀ ਅਨੁਸਾਰ ਹੋਣਗੇ। ਇਸ ਦੇ ਨਾਲ ਹੀ ਖ਼ੁਦਾ ਇਹ ਚਾਹੁੰਦਾ ਹੈ ਕਿ ਉਸ ਦਾ ਭੇਜਿਆ ਹੋਇਆ ਖ਼ਲੀਫ਼ਾ ਦੁਨੀਆਂ ਵਿੱਚ ਰਹਿੰਦਿਆਂ ਜੀਵਨ ਦੇ ਸਭ ਕੰਮਾਂ ਕਾਰਾਂ ਨੂੰ ਦਿਲ ਲਗਾ ਕੇ ਕਰੇ। ਇਸ ਲਈ, ਇਸਲਾਮ ਵਿੱਚ ਦੁਨੀਆਂ ਤੋਂ ਤਿਆਗ ਲਈ ਕੋਈ ਸਥਾਨ ਨਹੀਂ ਹੈ। ਇਸ ਵਿਚ ਇਨਸਾਨ ਨੂੰ ਆਪਣੇ ਸਭ ਦੁਨਿਆਵੀ ਫ਼ਰਜ਼ ਨਿਭਾਉਂਦਿਆਂ ਆਪਣੀ ਸ਼ਖ਼ਸੀਅਤ ਤਾਈਂ ਕਮਾਲ ਦਰਜੇ ਤੱਕ ਪਹੁੰਚਾਣ ਦਾ ਆਦੇਸ਼ ਦਿੱਤਾ ਹੋਇਆ ਹੈ। ਕੁਰਾਨ ਵਿਚ ਸ਼ਖ਼ਸੀਅਤ ਦੇ ਇਸ ਕਮਾਲ ਨੂੰ 'ਤਜ਼ਕੀਆ' ਕਿਹਾ ਗਿਆ ਹੈ। ਇਸ ਅਨੁਸਾਰ ਮੁਮਿਨ ਇਨਸਾਨ ਨੂੰ, ਅਰਥਾਤ ਇਨਸਾਨ ਦੇ ਜਿਸਮ ਅਤੇ ਰੂਹ ਨੂੰ, ਵਿਕਾਸ ਰਾਹੀਂ, ਕਮਾਲ ਦਰਜੇ ਤੱਕ ਪਹੁੰਚਣ ਦਾ ਆਦੇਸ਼ ਦਿੱਤਾ ਹੋਇਆ ਹੈ। ਇਸਲਾਮ ਵਿੱਚ ਜਿਸਮ ਅਤੇ ਰੂਹ ਨੂੰ ਦੋ ਵੱਖ ਵੱਖ ਚੀਜ਼ਾਂ ਨਹੀਂ, ਸਗੋਂ ਇਕੋ ਸ਼ਖ਼ਸੀਅਤ ਦੇ ਦੋ ਅੰਗ ਮੰਨਿਆ ਗਿਆ ਹੈ। ਇਸ ਲਈ, [illegible] ਇਨਸਾਨੀ ਸ਼ਖ਼ਸੀਅਤ ਦੇ ਇਨ੍ਹਾਂ ਦੋਹਾਂ ਅੰਗਾਂ ਦੇ ਮੁਕੰਮਲ ਵਿਕਾਸ ਨੂੰ ਹੀ ਤਜ਼ਕੀਆ ਦਾ ਨਾਂ ਦਿੱਤਾ ਗਿਆ ਹੈ। ਡਾ: ਮੁਹੰਮਦ ਅਬਦੁਲ ਹੱਕ ਅਨਸਾਰੀ ਨੇ ਇਸ ਬਾਰੇ ਦਰਸਾਇਆ ਹੈ:-

> "ਬਦਕਿਸਮਤੀ ਨਾਲ 'ਤਜ਼ਕੀਆ' ਦਾ ਭਾਵ ਬਹੁਤ ਤੰਗ ਅਤੇ ਉਲਟਾ ਲਿਆ ਜਾਂਦਾ ਹੈ। ਇਸ ਨੂੰ ਰੂਹ ਦੀ ਗੁਨਾਹਾਂ ਤੋਂ ਛੁਟਕਾਰਾ

---

40. "Lo ! I am about to place a Viceroy on earth."
'Quran,''; 39 As translated and quoted in Islam' P.19.

ਵਿਚਾਰ ਦੇ ਅਰਥਾਂ ਵਿੱਚ ਲਿਆ ਗਿਆ ਹੈ। ਪਰ ਕੁਰਾਨ ਅਨੁਸਾਰ ਤਜ਼ਕੀਆ ਕੇਵਲ ਰੂਹ ਦਾ ਮਾਮਲਾ ਨਹੀਂ ਹੈ, ਸਗੋਂ ਇਨਸਾਨ ਦੀ ਮੁਕੰਮਲ ਹਸਤੀ ਜਾਂ ਸ਼ਖ਼ਸੀਅਤ ਦਾ ਮਾਮਲਾ ਹੈ।"[41]

ਇਸ ਤੋਂ ਸਿੱਧ ਹੁੰਦਾ ਹੈ ਕਿ ਇਸਲਾਮੀ ਅਕੀਦੇ ਅਨੁਸਾਰ, ਖ਼ੁਦਾ ਵੱਲੋਂ ਕਾਇਮ ਕੀਤੇ ਤੋਰੇ ਹੋਏ ਅਕੀਦੇ ਤੋਂ ਮੁਕੰਮਲ ਸ਼ਖ਼ਸੀਅਤ ਜਾਂ ਤਜ਼ਕੀਆ ਪ੍ਰਾਪਤ ਕਰਨ ਦੀ ਆਸ ਰੱਖੀ ਗਈ ਹੈ। ਕੁਰਾਨ ਵਿੱਚ ਲਿਖਿਆ ਮਿਲਦਾ ਹੈ ਕਿ ਸਭ ਫਰਿਸ਼ਤੇ ਇਨਸਾਨ ਦੀ ਇਸ ਸ਼ਖ਼ਸੀਅਤ ਉਤੇ ਬੜੇ ਖ਼ੁਸ਼ ਸਨ, ਪਰ, ਇਕ ਸ਼ੈਤਾਨ ਉਸ ਦੀ ਵਡਿਆਈ ਦੇਖ ਕੇ ਈਰਖਾ ਕਰਦਾ ਹੈ ਅਤੇ ਉਸ ਨੂੰ ਕੁਰਾਹੇ ਪਾ ਕੇ ਗੁਨਾਹ ਵਾਲੇ ਰਾਹ ਉਤੇ ਤੋਰਨ ਦਾ ਜਤਨ ਕਰਦਾ ਹੈ। ਕੁਰਾਨ ਅਨੁਸਾਰ, ਕਾਫਰ ਬੰਦੇ ਸ਼ੈਤਾਨ ਦੇ ਝਾਂਸੇ ਵਿੱਚ ਆ ਕੇ ਸਦਾ ਗੁਨਾਹ ਵਾਲੇ ਰਾਹ ਉਤੇ ਚਲਦੇ ਰਹਿੰਦੇ ਹਨ, ਪਰ ਮੁਸਲਮਾਨ ਉਸ ਦੇ ਝਾਂਸਿਆਂ ਤੋਂ ਬਚੇ ਰਹਿੰਦੇ ਹਨ ਅਤੇ ਗੁਨਾਹ ਵਾਲੇ ਰਾਹ ਦੇ ਨੇੜੇ ਤੇੜੇ ਨਹੀਂ ਜਾਂਦੇ। ਇਸ ਲਈ, ਕੁਰਾਨ ਅਨੁਸਾਰ, ਕੇਵਲ ਮੁਸਲਮਾਨ ਹੀ ਰੱਬ ਦੇ ਸੱਚੇ ਅਕੀਦੇ ਹਨ, ਪਰ ਜੇ ਕੋਈ ਮੁਸਲਮਾਨ ਬੰਦਾ ਵੀ ਸ਼ੈਤਾਨ ਦੇ ਵਰਗਲਾਣ ਉਤੇ ਗੁਨਾਹ ਵਾਲਾ ਰਾਹ ਅਪਣਾਉਂਦਾ ਹੈ ਤਾਂ, ਇਸਲਾਮੀ ਸ਼ਰ੍ਹਾ ਅਨੁਸਾਰ, ਉਹ ਵੀ ਸਜ਼ਾ ਪਾਣ ਦਾ ਅਧਿਕਾਰੀ ਹੈ। ਸ਼ਰ੍ਹਾ ਦੇ ਕਾਨੂੰਨ ਅਨੁਸਾਰ ਚੋਰ ਦੇ ਹੱਥ ਵੱਢ ਦੇਣ ਅਤੇ ਵਿਭਚਾਰੀ ਨੂੰ ਸਭ ਲੋਕਾਂ ਸਾਹਮਣੇ ਕੋਰੜੇ ਮਾਰਨ ਦੀ ਸਜ਼ਾ ਦੇਣਾ ਇਕ ਸਾਧਾਰਣ ਸਜ਼ਾ ਸਮਝੀ ਗਈ ਹੈ। ਇਹੋ ਜਿਹੀ ਸਜ਼ਾ ਇਸ ਅਸੂਲ ਉਤੇ ਆਧਾਰਿਤ ਹੈ ਕਿ ਗੁਨਾਹਗਾਰ ਨੂੰ ਹਰ ਤਰ੍ਹਾਂ ਨਾਲ ਜ਼ਲੀਲ ਕੀਤਾ ਜਾਏ। ਜੋ ਖ਼ੁਦਾ ਦਾ ਅਕੀਦਾ ਛਡ ਕੇ ਵੀ ਇਨਸਾਨ ਸ਼ੈਤਾਨੀ ਕੰਮ ਕਰਦਾ ਹੈ ਤਾਂ ਉਸ ਨੂੰ ਸਭ ਦੇ ਸਾਹਮਣੇ ਜ਼ਲੀਲ ਕਰਨਾ ਹੀ ਵਾਜਬ ਹੈ।

ਗੁਰੂ ਨਾਨਕ ਦੇਵ ਜੀ ਦਾ ਗੁਰਮਤਿ ਸਿਧਾਂਤ ਇਸਲਾਮ ਦੇ ਇਸ ਅਕੀਦੇ ਤੋਂ ਕਈ ਪੱਖਾਂ ਵਿੱਚ ਮਤਭੇਦ ਰੱਖਦਾ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਗੁਰਮਤਿ ਵਿੱਚ ਸਭ ਮਨੁੱਖਾਂ ਨੂੰ, ਭਾਵੇਂ ਉਹ ਕਿਸੇ ਧਰਮ ਨਾਲ ਸੰਬੰਧ ਰੱਖਦੇ ਹੋਣ, ਪਰਮਾਤਮਾ ਦੇ ਇਕੋ ਜਿਹੇ ਪ੍ਰਤਿਨਿਧ ਮੰਨਿਆ ਗਿਆ ਹੈ ਅਤੇ ਕਿਸੇ ਇਕ ਧਰਮ ਦੇ ਅਨੁਯਾਈਆਂ ਨੂੰ ਉਸ ਦੇ ਵਿਸ਼ੇਸ਼

41. 'Unfortunately 'Taskiya' has been interpreted in a limited and negative sense. It has been construed as a purification of the soul from vice. But taskiya in the Quran is not a matter of the soul (ruh), alone, but of the entire self (nafs) or the personality of man.'--As [illegible] quoted in Islam, P.18.

ਅਣਡਿੱਠੇ ਨਹੀਂ ਮੰਨਿਆ ਗਿਆ। ਦੂਜੀ ਗੱਲ ਇਹ ਹੈ ਕਿ ਜੇ ਕੋਈ ਮਨੁੱਖ ਗੁਨਾਹ ਜਾਂ ਪਾਪ ਕਰ ਬੈਠਦਾ ਹੈ ਤਾਂ ਗੁਰੂ ਨਾਨਕ ਦੇਵ ਦੇ ਗੁਰਮਤਿ ਅਨੁਸਾਰ, ਉਸ ਨੂੰ ਸੁਧਾਰਨ ਦੀ ਲੋੜ ਹੈ ਨਾ ਕਿ ਸਭ ਦੇ ਸਾਹਮਣੇ ਜ਼ਲੀਲ ਕਰਨ ਦੀ। ਜ਼ਲੀਲ ਕਰਨ ਵਿੱਚ ਘਿਰਣਾ ਦੀ ਭਾਵਨਾ ਵਿਚ ਆਉਂਦੀ ਹੈ। ਗੁਰੂ ਨਾਨਕ ਦੇਵ ਪਾਪ ਨੂੰ ਬੁਰਾ ਸਮਝਦੇ ਹਨ, ਪਰ ਆਪ ਕਿਸੇ ਪਾਪੀ ਨੂੰ ਘਿਰਣਾ ਨਹੀਂ ਕਰਦੇ, ਕਿਉਂਕਿ ਆਪ ਜਾਣਦੇ ਹਨ ਕਿ ਉਸ ਦੇ ਹਿਰਦੇ ਵਿਚ ਇਕ ਕਮਾਣ ਦੇ ਬੀਜ ਵਿਦਮਾਨ ਹਨ। ਇਸ ਲਈ, ਆਪ ਪਾਪੀ ਮਨੁੱਖ ਨੂੰ ਪਿਆਰ ਕਰ ਕੇ ਕਿਰਤ ਵਾਲੇ ਪਾਸੇ ਲਗਾ ਕੇ ਸੁਧਾਰਨ ਦਾ ਜਤਨ ਕਰਦੇ ਹਨ। ਆਪ ਉਸ ਨੂੰ ਹਰ ਵੇਲੇ ਕਿਰਤ ਵਿਚ ਰੁਝਿਆਂ ਰੱਖ ਕੇ ਪਾਪ ਵਾਲੇ ਪਾਸੇ ਜਾਣ ਤੋਂ ਬਚਾਈ ਰੱਖਦੇ ਹਨ। ਇਸ ਦੇ ਨਾਲ ਹੀ ਆਪ ਅਪਰਾਧੀ ਮਨੁੱਖ ਨੂੰ ਗੁਰੂ ਦੀ ਸ਼ਰਨ ਵਿਚ ਆਣ ਅਤੇ ਆਪਣਾ ਅਪਰਾਧ ਮੰਨ ਕੇ ਔਖੇ ਤੋਂ ਸੁਧਰ ਜਾਣ ਦਾ ਰਾਹ ਵਿਖਾ ਦਿੰਦੇ ਹਨ।"[42]

ਸਮੁੱਚੇ ਤੌਰ ਉਤੇ ਕਿਹਾ ਜਾ ਸਕਦਾ ਹੈ ਕਿ ਇਸਲਾਮ ਵਿੱਚ ਨੇਕ ਕਾਮਾਂ ਦਾ ਪਰਚਾਰ ਸ਼ਰੱਈ ਕਾਨੂੰਨ ਦੇ ਜ਼ੋਰ ਨਾਲ, ਪਰ ਗੁਰੂ ਨਾਨਕ ਦੇਵ ਜੀ ਦੇ ਗੁਰਮਤਿ ਧਰਮ ਵਿੱਚ ਪਿਆਰ ਦੇ ਜ਼ੋਰ ਨਾਲ ਕੀਤਾ ਜਾਂਦਾ ਹੈ। ਇਨ੍ਹਾਂ ਦੋਹਾਂ ਧਰਮਾਂ ਦੇ ਕਿਰਤ-ਸੰਕਲਪ ਵਿੱਚ ਇਹ ਅੰਤਰ ਹੈ ਕਿ ਇਸਲਾਮ ਵਿਚ ਕਿਰਤ ਨੂੰ ਸ਼ਰ੍ਹਾ ਦੇ ਦਬਾਉ ਹੇਠ ਰੱਖ ਕੇ ਇਸਲਾਮ ਦੀ ਉਨਤੀ ਕਰਨ ਲਈ ਵਰਤਿਆ ਜਾਂਦਾ ਹੈ, ਪਰ ਗੁਰੂ ਨਾਨਕ ਦੇਵ ਦੇ ਗੁਰਮਤਿ ਵਿਚ ਕਿਰਤ ਨੂੰ ਕਿਸੇ ਪ੍ਰਕਾਰ ਦੇ ਦਬਾਉ ਹੇਠ ਨਹੀਂ ਰੱਖਿਆ ਜਾਂਦਾ ਅਤੇ ਸਰਬ ਮਨੁੱਖਤਾ ਦੀ ਉਨਤੀ ਲਈ ਵਰਤਿਆ ਜਾਂਦਾ ਹੈ।

(ਖ) <u>ਸਮੁੱਚੀ ਵਿਲੱਖਣਤਾ</u>

ਗੁਰੂ ਨਾਨਕ ਦੇਵ ਜੀ ਦੇ ਕਿਰਤ-ਸੰਕਲਪ ਦੀ ਸਮੁੱਚੀ ਵਿਲੱਖਣਤਾ ਇਸ ਗੱਲ ਤੋਂ ਪਰਗਟ ਹੁੰਦੀ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਇਸ ਨੂੰ ਮਨੁੱਖੀ ਜੀਵਨ ਦੇ ਸਦਾਚਾਰ, ਧਰਮ ਅਤੇ ਸਭਿਆਚਾਰ ਦਾ ਅਨੁਸਾਰੀ ਅੰਗ ਮੰਨਿਆ ਹੈ। ਵਾਸਤਵ ਵਿਚ, ਕਿਸੇ ਹੋਰ ਧਰਮ ਦੇ ਸੰਚਾਲਕ ਨੇ ਕਿਰਤ ਦੀ ਇਤਨੀ ਉਚੀ ਪਦਵੀ ਨਹੀਂ ਪਰਵਾਨੀ, ਜਿਤਨੀ ਗੁਰੂ ਜੀ ਨੇ ਪਰਵਾਨੀ ਹੈ।

<u>ਆਰਥਕ ਅਤੇ ਪਰਮਾਰਥਕ ਉਨਤੀ ਦਾ ਆਧਾਰ</u>

ਗੁਰੂ ਨਾਨਕ ਦੇਵ ਜੀ ਨੇ ਕਿਰਤ ਨੂੰ ਸਵੈ-ਨਿਰਭਰਤਾ ਦਾ ਸਾਧਨ ਦਰਸਾ ਕੇ

---

42. ਕਰਿ ਅਪਰਾਧੁ ਸਰਣਿ ਹਮ ਆਇਆ ॥
ਗੁਰ ਹਰਿ ਭੇਟੇ ਪੂਰਬਿ ਕਮਾਇਆ ॥
ਰਾਗੁ ਰਾਮਕਲੀ ਮ:1, ਆਦਿ ਗ੍ਰੰਥ, ਪੰਨਾ 904.

ਜਿਵੇਂ ਮਨੁੱਖੀ ਜੀਵਨ ਦੀ ਆਰਥਕ ਉਨਤੀ ਦਾ ਆਧਾਰ ਮੰਨਿਆ ਹੈ, ਉਵੇਂ ਇਸ ਨੂੰ ਪਰਮਾਰਥਕ ਉਨਤੀ ਦਾ ਆਧਾਰ ਵੀ ਮੰਨਿਆ ਹੈ। ਆਪਜੀ ਨੇ 'ਕਰਣੀ' ਨੂੰ 'ਕਾਗਦ' ਅਤੇ 'ਸੁਕ੍ਰਿਤ' ਨੂੰ 'ਤੁਲਸੀ ਮਾਲਾ' ਕਹਿ ਕੇ ਕਿਰਤ ਨੂੰ ਪਵਿਤਰ ਪੂਜਾ ਵਾਲੀ ਸਰਵੋਚ ਪਦਵੀ ਪ੍ਰਦਾਨ ਕੀਤੀ ਹੈ ਅਤੇ ਇਸ ਨੂੰ ਧਾਰਮਕ ਕਰਤਵ ਨਿਭਾਣ ਦੇ ਤੁਲ ਮੰਨਿਆ ਹੈ। ਕਿਸੇ ਹੋਰ ਧਰਮ ਵਿੱਚ ਕਿਰਤ ਅਤੇ ਧਾਰਮਕ ਕਾਰਜਾਂ ਨੂੰ ਇਕ ਸਮਾਨ ਨਹੀਂ ਮੰਨਿਆ ਗਿਆ। ਇਹੀ ਗੁਰੂ ਜੀ ਦੇ ਕਿਰਤ ਸੰਕਲਪ ਦੀ ਵਿਸ਼ੇਸ਼ ਵਿਲੱਖਣਤਾ ਹੈ।

<u>ਕਿਰਤੀ ਹੀ 'ਆਦਰਸ਼ਕ ਮਨੁੱਖ'</u>

ਗੁਰੂ ਨਾਨਕ ਦੇਵ ਜੀ ਨੇ ਕਿਰਤੀ ਨੂੰ ਹੀ 'ਆਦਰਸ਼ਕ ਮਨੁੱਖ' ਮੰਨਿਆ ਹੈ। ਆਪਜੀ ਨੇ ਇਹੋ ਜਿਹੇ ਮਨੁੱਖ ਦਾ ਸੰਕਲਪ ਚਿਤਵਦਿਆਂ ਉਸ ਨੂੰ 'ਗੁਰਮੁਖ' ਦੇ ਰੂਪ ਵਿੱਚ ਵੇਖਿਆ ਅਤੇ 'ਗੁਰਮੁਖ' ਨੂੰ ਕਿਰਤੀ ਦੇ ਰੂਪ ਵਿੱਚ ਪਛਾਣਿਆ ਹੈ। ਆਪ ਹਰ ਪ੍ਰਕਾਰ ਦੀ ਕਿਰਤ ਨੂੰ ਇਕੋ ਜਿਹਾ ਉਚਾ ਮੰਨਦੇ ਹਨ। ਇਸ ਲਈ ਹਰੇਕ ਕਿਰਤੀ ਨੂੰ 'ਆਦਰਸ਼ਕ ਮਨੁੱਖ' ਸਵੀਕਾਰ ਕਰਦੇ ਹਨ। ਕਿਸੇ ਹੋਰ ਧਰਮ ਵਿੱਚ ਇਕ ਸਾਧਾਰਣ ਕਿਰਤੀ ਨੂੰ 'ਆਦਰਸ਼ਕ ਮਨੁੱਖ' ਨਹੀਂ ਮੰਨਿਆ ਗਿਆ। ਇਸ ਲਈ ਇਹ ਵੀ ਗੁਰੂ ਨਾਨਕ ਦੇਵ ਜੀ ਦੇ ਕਿਰਤ-ਸੰਕਲਪ ਦੀ ਵਿਸ਼ੇਸ਼ ਵਿਲੱਖਣਤਾ ਦਾ ਰੂਪ ਹੈ।

ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਇਕ ਅਜਿਹਾ ਗੁਰਮਤਿ ਧਰਮ ਸੰਚਾਲਿਤ ਕੀਤਾ, ਜਿਸ ਵਿਚ ਕਿਰਤ ਨੂੰ ਮਹਾਨ ਉਚ-ਪਦਵੀ ਪ੍ਰਾਪਤ ਹੈ। ਭਾਈ ਸਾਹਿਬ ਭਾਈ ਰਣਧੀਰ ਸਿੰਘ ਨੇ ਇਸ ਗੁਰਮਤਿ ਧਰਮ ਦੀ ਸਭ ਧਰਮਾਂ ਨਾਲ ਤੁਲਨਾ ਕਰ ਕੇ ਇਹ ਸਿੱਟਾ ਕੱਢਿਆ ਹੈ।-

"ਗੁਰਮਤਿ ਧਰਮ ਧਾਰਨ ਕਰ ਕੇ ਹੀ 'ਸੁਕ੍ਰਿਤ ਕਰਨੀ ਸਾਰੁ ਜਪੁ ਮਾਲੀ' ਵਾਲੀ ਪੂਰਨ ਆਨ ਬਾਣਿ ਪੈਂਦੀ ਹੈ ਅਤੇ ਗੁਰਮਤਿ ਮਤ ਧਾਰਨ ਕੀਤੇ ਹੀ ਮੋਖ ਦੁਆਰ ਦੀ ਪਦਵੀ ਪ੍ਰਾਪਤ ਹੁੰਦੀ ਹੈ ਅਤੇ ਗੁਰਮਤਿ ਧਰਮ ਦਾ ਪੂਰਨ ਧਾਰਨੀ ਹੋਣ ਕਰ 'ਪਰਵਾਰੈ ਸਾਧਾਰ' ਵਾਲੀ ਪੁਨੀਤ ਪਦਵੀ ਪ੍ਰਾਪਤ ਹੁੰਦੀ ਹੈ।"[43]

43. 'ਗੁਰਮਤਿ ਨਾਮ ਅਭਿਆਸ ਕਮਾਈ', ਪੰਨਾ 79 (ਲੁਧਿਆਣਾ, ਭਾਈ ਸਾਹਿਬ ਭਾਈ ਰਣਧੀਰ ਸਿੰਘ ਪਬਲਿਸ਼ਿੰਗ ਹਾਊਸ), 1976.

ਸਾਰੰਸ਼

ਕਿਰਤ ਉਪਜਾਊ ਕਮਾਈ ਦਾ ਨਾਂ ਹੈ ਅਤੇ ਮਨੁੱਖੀ ਉੱਨਤੀ ਦਾ ਪ੍ਰਤੀਕ ਹੈ। ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਕਿਰਤ-ਸੰਕਲਪ ਦੇ ਅਧਿਐਨ ਦਾ ਸਾਰੰਸ਼ ਇਹ ਨਿਕਲਦਾ ਕਿ ਗੁਰੂ ਜੀ ਨੇ ਮਨੁੱਖ ਨੂੰ ਕਿਰਤ ਰਾਹੀਂ ਜੀਵਨ ਦੇ ਹਰ ਖੇਤਰ ਵਿੱਚ ਉੱਨਤੀ ਕਰਨ ਦਾ ਸਫਲ ਮਾਰਗ ਵਿਖਾਇਆ ਹੈ।

ਗੁਰੂ ਨਾਨਕ ਜੀ ਨੇ ਹੱਥਾਂ ਨਾਲ ਦੀ ਕਿਰਤ ਕਰਨ ਨੂੰ ਮਹਾਨ ਪਵਿੱਤਰ ਕਾਰਜ ਮੰਨ ਕੇ ਕਿਰਤੀ ਦੀ ਵਡਿਆਈ ਕੀਤੀ ਹੈ ਅਤੇ ਇਸ ਨੂੰ ਮਨੁੱਖ ਦੇ ਸਰੀਰਕ ਅਤੇ ਆਤਮਕ-ਵਿਕਾਸ ਲਈ ਅਤਿਅੰਤ ਜ਼ਰੂਰੀ ਸਿੱਧ ਕਰ ਕੇ ਵਿਖਾਇਆ ਹੈ।

ਗੁਰੂ ਜੀ ਦੀ ਬਾਣੀ ਵਿੱਚ ਕਿਰਤ ਨੂੰ ਗ੍ਰਿਹਸਤ-ਜੀਵਨ ਦਾ ਅਨਿੱਖੜ ਅੰਗ ਮੰਨਿਆ ਗਿਆ ਹੈ। ਗ੍ਰਿਹਸਤ-ਮਾਰਗ ਨੂੰ ਪ੍ਰਕ੍ਰਿਤਕ ਨੇਮਾਂ ਦੇ ਅਨੁਕੂਲ ਸਮਝ ਕੇ ਬੜਾ ਸਨਮਾਨਿਆ ਗਿਆ। ਇਸ ਦੇ ਨਾਲ ਹੀ ਮਨੁੱਖ ਨੂੰ ਗ੍ਰਿਹਸਤ-ਜੀਵਨ ਦੀ ਮੋਹ-ਮਾਇਆ ਵਿੱਚ ਬਹੁਤ ਅਧਿਕ ਖੁੱਭਣ ਤੋਂ ਵਰਜਿਆ ਗਿਆ ਹੈ। ਇਸ ਤਰ੍ਹਾਂ, ਕਿਰਤ ਦੇ ਗੁਣਾਂ ਰਾਹੀਂ ਪ੍ਰਵਿਰਤੀ ਅਤੇ ਨਿਵਿਰਤੀ ਜੀਵਨ-ਮਾਰਗਾਂ ਦਾ ਸੁਮੇਲ ਕਰ ਕੇ ਵਿਖਾਇਆ ਗਿਆ।

ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿੱਚ ਮਨੁੱਖ ਨੂੰ ਕਿਰਤ ਰਾਹੀਂ ਚੰਗੀ ਕਮਾਈ ਦੀ ਪੂਰੀ ਪ੍ਰੇਰਣਾ ਪ੍ਰਦਾਨ ਕੀਤੀ ਗਈ ਹੈ, ਪਰ ਲੋੜ ਤੋਂ ਵੱਧ ਧਨ ਇਕੱਠਾ ਕਰਨ ਦੀ ਮਨਾਹੀ ਕੀਤੀ ਗਈ ਹੈ, ਕਿਉਂਕਿ ਪਾਪਾਂ ਬਾਝੋਂ ਬਹੁਤਾ ਧਨ ਇਕੱਠਾ ਨਹੀਂ ਕੀਤਾ ਜਾ ਸਕਦਾ। ਮਨੁੱਖ ਨੂੰ ਆਪਣੀਆਂ ਜੀਵਨ ਲੋੜਾਂ ਥੋੜ੍ਹੀਆਂ ਰੱਖਣੀਆਂ ਚਾਹੀਦੀਆਂ ਹਨ ਤਾਂ ਜੁ ਉਹ ਥੋੜ੍ਹੀ ਕਮਾਈ ਕਰ ਕੇ ਵੀ ਆਪਣੀਆਂ ਸਭ ਲੋੜਾਂ ਪੂਰੀਆਂ ਕਰ ਸਕੇ। ਗੁਰੂ ਜੀ ਇਹ ਵੀ ਚਾਹੁੰਦੇ ਹਨ ਕਿ ਮਨੁੱਖ ਆਪਣੀ ਕਮਾਈ ਵਿੱਚੋਂ ਲੋੜਵੰਦਾਂ ਦੀ ਸਹਾਇਤਾ ਕਰਨ ਦਾ ਪਰਉਪਕਾਰ ਵੀ ਕਮਾ ਕੇ ਵਿਖਾਏ।

ਗੁਰੂ ਜੀ ਦੀ ਬਾਣੀ ਵਿੱਚ ਹਰ ਪ੍ਰਕਾਰ ਦੇ ਕਿਰਤੀਆਂ ਦੀ ਭਰਪੂਰ ਉਸਤਤ ਕੀਤੀ ਗਈ ਹੈ ਅਤੇ ਕਿਰਤ-ਚੋਰ ਮਨੁੱਖਾਂ ਅਤੇ ਭੇਖੀ ਪਾਖੰਡੀਆਂ ਦੀ ਬੜੀ ਨਿਖੇਧੀ ਕੀਤੀ ਗਈ ਹੈ। ਇਸ ਤਰ੍ਹਾਂ, ਭਰਮਾਂ ਅਤੇ ਵਹਿਮਾਂ ਵਿੱਚ ਡੁੱਬੇ ਹੋਏ ਕਿਰਤ-ਚੋਰ ਮਨੁੱਖਾਂ ਨੂੰ ਭਰਮ-ਜਾਲ ਵਿੱਚੋਂ ਕੱਢ ਕੇ ਜੀਵਨ ਦੀ ਵਾਸਤਵਿਕਤਾ ਦਾ ਪੂਰਾ ਟਾਕਰਾ

ਕਰਨ ਲਈ ਤਿਆਰ ਕ ਗਿਆ ਹੈ।

ਗੁਰੂ ਨਾਨਕ ਜੀ ਦੀ ਬਾਣੀ ਵਿੱਚ ਹਰੇਕ ਮਨੁੱਖ ਨੂੰ ਕਿਰਤ ਕਰਨ ਦੇ ਇਕੋ ਜਿਹੇ ਅਧਿਕਾਰ ਸੌਂਪੇ ਗਏ ਅਤੇ ਕਿਸੇ ਮਨੁੱਖ ਨੂੰ ਕਿਰਤ ਕਰਨ ਤੋਂ ਉਚਾ ਨਹੀਂ ਸਮਝਿਆ ਗਿਆ। ਇਸ ਦੇ ਨਾਲ, ਕਿਰਤ-ਖੇਤਰ ਵਿੱਚ ਜ਼ਾਤ, ਧਰਮ ਜਾਂ ਪਦਵੀ ਦੇ ਕੋਈ ਵਿਤਕਰੇ ਨਹੀਂ ਪਛਾਣੇ। ਨਾ ਹੀ, ਕਿਰਤ ਕਰਨ ਸੰਬੰਧੀ, ਇਸਤਰੀ ਜਾਂ ਪੁਰਸ਼ ਵਿੱਚ ਕੋਈ ਵਿਤਕਰਾ ਅਪਣਾਇਆ ਗਿਆ ਹੈ।

ਗੁਰੂ ਨਾਨਕ ਜੀ ਦੀ ਬਾਣੀ ਵਿਚ ਕਿਰਤੀ ਮਨੁੱਖ ਨੂੰ ਲੋਕਾਂ ਦਾ ਸੱਚਾ ਮਦਦਗਾਰ ਮੰਨਿਆ ਗਿਆ ਹੈ ਅਤੇ ਉਸ ਨੂੰ ਆਦਰਸ਼ਕ ਮਨੁੱਖ ਸਮਝ ਕੇ ਜੀਵਨ ਦੇ ਹਰ ਖੇਤਰ ਵਿੱਚ ਲੋਕਾਂ ਉਚਿਤ ਅਗਵਾਈ ਕਰਨ ਦੇ ਯੋਗ ਮੰਨਿਆ ਗਿਆ ਹੈ। ਇਸ ਵਿੱਚ ਕਿਰਤੀ ਮਨੁੱਖ ਨੂੰ ਗੁਰਮੁਖ ਮੰਨਿਆ ਗਿਆ ਹੈ, ਕਿਉਂਕਿ ਉਹ ਕਿਰਤ ਵਿੱਚ ਨਾਮ-ਸਿਮਰਨ ਦਾ ਸੁਮੇਲ ਕਰ ਕੇ ਉਚ-ਆਚਰਣ ਦਾ ਧਾਰਨੀ ਬਣਦਾ ਹੈ ਅਤੇ ਕਿਰਤ ਨੂੰ ਕੇਵਲ 'ਨਿਜ-ਮੁਕਤੀ' ਹੀ ਨਹੀਂ, ਸਗੋਂ 'ਲੋਕ ਭਲਾਈ' ਨਾਲ ਦਾ ਵੀ ਸਾਧਨ ਬਣਾ ਦਿਖਾਉਂਦਾ ਹੈ।

## ਸਹਾਇਕ ਪੁਸਤਕ ਸੂਚੀ

### (ਪੰਜਾਬੀ)


| ਕ੍ਰਮ ਨੰ: | ਲੇਖਕ | ਪੁਸਤਕ ਦਾ ਨਾਂ ਅਤੇ ਪ੍ਰਕਾਸ਼ਕ |
|---|---|---|
| 1. | | 'ਆਦਿ ਗ੍ਰੰਥ ਸਾਹਿਬ', (ਅੰਮ੍ਰਿਤਸਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ). |
| 2. | ਸੰਤੋਖ (ਸਿੰ) | 'ਸ੍ਰੀ ਗੁਰੂ ਨਾਨਕ ਪ੍ਰਕਾਸ਼-ਉਤਰਾਰਧ', (ਅੰਮ੍ਰਿਤਸਰ, ਖਾਲਸਾ ਸਮਾਚਾਰ, 1962). |
| 3. | ਸਾਹਿਬ ) | 'ਗੁਰਮਤਿ ਤੇ ਸਦਾਚਾਰ', (ਅੰਮ੍ਰਿਤਸਰ, ਖਾਲਸਾ ਕਾਲਜ, 1951). |
| 4. | ਕੁਲਦੀਪ ) | 'ਗੁਰੂ ਨਾਨਕ ਤੇ ਸਿੱਖਿਆ', (ਪੰਜਾਬ ਜਰਨਲ ਆਫ ਐਜੂਕੇਸ਼ਨ, ਅੰਕ:1, ਨੰ:3 ਦਾ ਪੰਜਾਬੀ ਪੁਸਤਕ-ਰੂਪ, 1969). |
| 5. | ਕੁਲਦੀਪ ) | 'ਭਾਈ ਸੁਰਤ ਸਿੰਘ ਦੀ ਸੁਧਾਰਾਤਮਕ ਲਹਿਰ', (ਪੀ.ਐਚ.ਡੀ. ਲਈ ਅਣਛਪਿਆ ਸ਼ੋਧ-ਪ੍ਰਬੰਧ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1975). |
| 6. | ਕਸੇਲ, ਕਿ:ਸਿੰਘ(ਪ੍ਰੋ:) | 'ਇਤਿ ਪਰਹੁ', (ਜਲੰਧਰ, ਨਿਊ ਬੁੱਕ ਕੰਪਨੀ, 1965). |
| 7. | ਗੁਰਬਖਸ਼ | 'ਪਰਮ ਮਨੁੱਖ', (ਅੰਮ੍ਰਿਤਸਰ, ਪ੍ਰੀਤ ਨਗਰ ਸ਼ਾਪ, 1976). |
| 8. | ਗੁਪਤਾ, ਹਰਿ | 'ਭਾਰਤੀ ਦਰਸ਼ਨ', (ਚੰਡੀਗੜ੍ਹ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, 1974). |
| 9. | ਸੋਹਿੰਦਰ(ਪ੍ਰੋ:) | 'ਗੁਰੂ ਨਾਨਕ ਦਾ ਸਰੂਪ', (ਨਵੀਂ ਦਿੱਲੀ, ਪ੍ਰੀਤ ਪ੍ਰਕਾਸ਼ਨ, 1969). |
| 10. | ਜਸਬੀਰ ) | 'ਗੁਰੂ ਨਾਨਕ ਬਾਣੀ ਵਿੱਚ ਨੈਤਿਕਤਾ ਦਾ ਸੰਕਲਪ', (ਪਟਿਆਲਾ, ਭਾਸ਼ਾ ਵਿਭਾਗ, ਪੰਜਾਬ, 1975). |

11. ਤਾਰਨ ਸਿੰਘ — 'ਗੁਰੂ ਨਾਨਕ-ਚਿੰਤਨ ਤੇ ਕਲਾ', (ਅੰਮ੍ਰਿਤਸਰ, ਕਸਤੂਰੀ ਲਾਲ ਐਂਡ ਸਨਜ਼, 1963).

12. ਤਿਰਲੋਚਨ ਸਿੰਘ(ਡਾ:) — 'ਕ੍ਰਾਂਤੀਕਾਰੀ ਗੁਰੂ ਨਾਨਕ', (ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, 1969).

13. ਤਿਰਲੋਚਨ ਸਿੰਘ(ਡਾ:) — 'ਨਾ ਕੋ ਹਿੰਦੂ ਨਾ ਮੁਸਲਮਾਨ', (ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ, ਪਬਲੀਕੇਸ਼ਨ ਬਿਊਰੋ, 1971).

14. ਤ੍ਰਿਲੋਚਨ ਸਿੰਘ) — 'ਗੁਰੂ ਨਾਨਕ ਦਾ ਸਿੱਖ ਧਰਮ-ਸਭ ਧਰਮਾਂ ਦਾ ਤੁਲਨਾਤਮਕ ਅਧਿਐਨ', (ਦਿੱਲੀ, ਨਵਯੁਗ ਪਬਲਿਸ਼ਰਜ਼, 1968).

15. ਦੀਵਾਨ ਸਿੰਘ) — 'ਗੁਰੂ ਨਾਨਕ ਦੀ ਸਾਹਿਤਕ ਪ੍ਰਤਿਭਾ ਤੇ ਹੋਰ ਲੇਖ', (ਅੰਮ੍ਰਿਤਸਰ, ਨਵਚੇਤਨ ਪਬਲਿਸ਼ਰਜ਼, 1970).

16. ਪੂਰਨ ਸਿੰਘ — 'ਖੁੱਲ੍ਹੇ ਲੇਖ', (ਲੁਧਿਆਣਾ, ਲੋਕ ਗੀਤ ਪ੍ਰਕਾਸ਼ਨ, 1971).

17. ਪ੍ਰੇਮ ਪ੍ਰਕਾਸ਼(ਡਾ:) — 'ਗੁਰੂ ਨਾਨਕ ਤੇ ਨਿਰਗੁਣ ਧਾਰਾ', (ਪਟਿਆਲਾ, ਭਾਸ਼ਾ ਵਿਭਾਗ, ਪੰਜਾਬ, 1973).

18. ਬੇਦੀ, ਜੀ (ਡਾ:) — 'ਗੁਰੂ ਨਾਨਕ ਦਰਸ਼ਨ', (ਦਿੱਲੀ, ਪੰਜਾਬੀ ਪ੍ਰਕਾਸ਼ਕ, 1965).

19. ਬਾਵਰਾ ਰਾਮ(ਡਾ:) — 'ਸਾਹਿਤ ਸੋਮੇ', (ਜਲੰਧਰ, ਹਿੰਦ ਪਬਲਿਸ਼ਰਜ਼, 1966).

20. ਰਣਧੀਰ ਸਿੰਘ (ਭਾਈ ਸਾਹਿਬ) — 'ਗੁਰਮਤਿ ਨਾਮ ਅਭਿਆਸ ਕਮਾਈ', (ਲੁਧਿਆਣਾ, ਭਾਈ ਸਾਹਿਬ ਭਾਈ ਰਣਧੀਰ ਸਿੰਘ ਪਬਲਿਸ਼ਿੰਗ ਹਾਊਸ, 1976).

21. ਵੀਰ ਸਿੰਘ ਭਾਈ ਸਾਹਿਬ(ਡਾ:) — 'ਸ੍ਰੀ ਗੁਰੂ ਨਾਨਕ ਚਮਤਕਾਰ-ਪੂਰਬਾਰਧ', (ਅੰਮ੍ਰਿਤਸਰ, ਖਾਲਸਾ ਸਮਾਚਾਰ, 1957).

22. ਵੀਰ ਸਿੰਘ (ਭਾ:) 'ਸ੍ਰੀ ਗੁਰੂ ਨਾਨਕ ਚਮਤਕਾਰ-ਉੱਤਰਾਰਧ', (ਅੰਮ੍ਰਿਤਸਰ, ਖਾਲਸਾ ਸਮਾਚਾਰ, 1938).

23. ਵੀਰ ਸਿੰਘ (ਭਾ:) 'ਸਭ ਤੋਂ ਵੱਡਾ ਸਤਿਗੁਰੂ ਨਾਨਕ', (ਨਵੀਂ ਦਿੱਲੀ, ਭਾਈ ਸਾਹਿਬ ਭਾਈ ਵੀਰ ਸਿੰਘ ਸਟੱਡੀ ਸਰਕਲ, 1969).

24.

<u>ਕ੍ਰਿਤ ਅਤੇ ਸੰਪਾਦਿਤ</u>

1. ਕਾਨ੍ਹ ਸਿੰਘ (ਭਾਈ) 'ਗੁਰ ਸ਼ਬਦ ਰਤਨ ਪ੍ਰਕਾਸ਼', (ਪਟਿਆਲਾ, ਭਾਸ਼ਾ ਵਿਭਾਗ, ਪੰਜਾਬ, 1970).

2. ਕਾਨ੍ਹ ਸਿੰਘ (ਭਾਈ) 'ਗੁਰ ਸ਼ਬਦ ਰਤਨਾਕਰ-ਮਹਾਨਕੋਸ਼', (ਪਟਿਆਲਾ, ਭਾਸ਼ਾ ਵਿਭਾਗ, ਪੰਜਾਬ, 1974).

3. ਗੁਰਮੁਖ ਸਿੰਘ 'ਗੁਰੂ ਨਾਨਕ-ਜੀਵਨ, ਯੁੱਗ ਤੇ ਉਪਦੇਸ਼', (ਦਿੱਲੀ, ਨਵਯੁੱਗ ਪਬਲਿਸ਼ਰਜ਼, 1969).

4. ਪ੍ਰੀਤਮ [illegible] 'ਸਿੱਖ ਫਲਸਫੇ ਦੀ ਰੂਪ ਰੇਖਾ', (ਅੰਮ੍ਰਿਤਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, 1974).

5. ਭਾਸ਼ਾ ਵਿਭਾਗ 'ਮੁਬਾਰਕ ਬਾਣੀ ਗੁਰੂ ਨਾਨਕ ਦੇਵ ਜੀ', (ਪਟਿਆਲਾ, ਭਾਸ਼ਾ ਵਿਭਾਗ, ਪੰਜਾਬ, 1970).

6. ਰਣਧੀਰ 'ਪ੍ਰੇਮ ਸੁਮਾਰਗ ਗ੍ਰੰਥ', (ਜਲੰਧਰ, ਨਿਊ ਬੁਕ ਕੰਪਨੀ, 1953).

7. ਵੀਰ ਸਿੰਘ (ਭਾ:) 'ਸ੍ਰੀ ਗੁਰੂ ਗ੍ਰੰਥ ਕੋਸ਼', (ਅੰਮ੍ਰਿਤਸਰ, ਖਾਲਸਾ ਟ੍ਰੈਕਟ ਸੁਸਾਇਟੀ, 1927).

8. ਵੀਰ ਸਿੰਘ (ਭਾ:) 'ਪੁਰਾਤਨ ਜਨਮ ਸਾਖੀ', (ਅੰਮ੍ਰਿਤਸਰ, ਖਾਲਸਾ ਸਮਾਚਾਰ, 1971).

9. ਵੀਰ ਸਿੰਘ (ਭਾ:) 'ਵਾਰਾਂ ਭਾਈ ਗੁਰਦਾਸ', (ਅੰਮ੍ਰਿਤਸਰ, ਖਾਲਸਾ ਸਮਾਚਾਰ, 1938).

## ਅਨੁਵਾਦਿਤ

1. ਗੁਰਬਚਨ
ਮੂਲ ਲੇਖਕ ਨਾਰੰਗ — 'ਸਿੱਖ ਮਤ ਦਾ ਪਰਿਵਰਤਨ' (ਪਟਿਆਲਾ, ਪੰਜਾਬੀ ਯੂਨੀਵਰਸਿਟੀ, 1975).

## ਪੱਤਰ-ਪੱਤ੍ਰਿਕਾਵਾਂ

1. ਆਲੋਚਨਾ (ਗੁਰੂ ਨਾਨਕ ਅੰਕ) — ਲੁਧਿਆਣਾ, ਪੰਜਾਬੀ ਸਾਹਿਤ ਅਕਾਦਮੀ, ਜਨਵਰੀ-ਦਸੰਬਰ, 1969.
2. ਗੁਰਮਤਿ — ਸ੍ਰੀ ਅੰਮ੍ਰਿਤਸਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਪ੍ਰੈਲ, 1974.
3. ਖੋਜ ਪ (ਗੁਰੂ ਨਾਨਕ ਅੰਕ) — ਪਟਿਆਲਾ, ਪੰਜਾਬੀ ਯੂਨੀਵਰਸਿਟੀ, ਨਵੰਬਰ, 1969.
4. ਨਾਨਕ ਪ੍ਰਕਾਸ਼ ਪਤ੍ਰਿਕਾ (ਗੁਰੂ ਨਾਨਕ ਅੰਕ) — ਪਟਿਆਲਾ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਜੂਨ, 1973.
5. ਪੰਜਾਬੀ ਦੁਨੀਆ (ਗੁਰੂ ਨਾਨਕ ਅੰਕ), ਭਾਗ — ਪਟਿਆਲਾ, ਭਾਸ਼ਾ ਵਿਭਾਗ, ਪੰਜਾਬ, ਨਵੰਬਰ-ਦਸੰਬਰ, 1969.

1. Bannerje... ...nder. 'Guru Nanak and His Times', (Patiala, Punjabi University, 1971).

2. Dewan Si... 'Guru Nanak's Message in Japji', (Amritsar, Faqir Singh & Sons 1970).

3. Dewan Si... 'Mysticism of Guru Nanak', (Unpublished Thesis for Ph.D., Punjab University, Chandigarh, 1973).

4. Daljit ...ja) 'Guru Nanak- The Great Humanist', (Patiala, Languages Department, Punjab, 1970).

5. Gupta, ...) 'Shri Garib Das- Haryana's Saint of Humanity', (New Delhi, Impex India, 1976).

6. Kohli, ...r Singh (Dr.) 'Philosophy of Guru Nanak', (Chandigarh, Punjab University, 1969).

7. Macaul...A. 'The Sikh Religion' (New Delhi, S.Chand & Co., 1978, Reprint).

8. Puran (Prof.) 'The Ten Masters', (Amritsar, Chief Khalsa Diwan, 1975).

9. Scott, ...d. 'The Psychology of Work', (London, Gerald Duckworth & Co., 1972).

10. Sikka, ... Singh 'Facets of Guru Nanak's Thought', (Ludhiana, Bee Kay Publications, 1972).

11. Teja...h (Principal) 'Sikhism', (Amritsar, Khalsa Brothers, 1978).

Edited & Annotated

1. Chid... Nanda (Swami) 'The Bhagvad Gita', (Tiruppa Raitturai, Shri Rama Krishna Tapovanam, 1977).

2. Guru ... of Reli ... Sing Department Studies. 'Buddhism', (Patiala, Punjabi University, 1969).

3. Guru ... of ... Sing Department Studies. 'Christianity', (Patiala, Punjabi University, 1969).

4. Guru ... of Reli ... Sing Department Studies. 'Islam', (Patiala, Punjabi University, 1969).

5. Guru Go... of Reli ... Sing Department Studies. 'Sikhism', (Patiala, Punjabi University, 1969).


<u>Reference Books</u>


1. Hastings, James (Editor). 'Encyclopaedia of Religion and Ethics Vol. 11th', (Edinburgh, T. &T. Clark; New York, Charles Scribuer's Sons, 1934).

2. Webster's Dictonary. 'Webster's New Twentieth Century Dictionary of the English Language', (Collins, World Series, 1977).


<u>[illegible]</u>


1. [illegible], [illegible] (ਡਾ.) '[illegible] ਸਾਹਿਤ-ਏਕ ਸਾਂਸਕ੍ਰਿਤਕ [illegible]', ([illegible], [illegible] [illegible], [illegible], 1971)

2. [illegible] [illegible] ਚਤੁਰਵੇਦੀ (ਅਚਾਰੀਆ) 'ਸੰਤ ਸਾਹਿਤ ਕੇ ਪ੍ਰੇਰਨਾ ਸ੍ਰੋਤ', (ਦਿੱਲੀ, ਰਾਜਪਾਲ ਐਂਡ ਸੰਨਜ਼, 1975).